# ਡਾ. ਰਤਨ ਸਿੰਘ ਜੱਗੀ ਦੀ ਗੁਰਮਤਿ ਸਾਹਿਤ ਸੰਬੰਧੀ ਖੋਜ: ਇਕ ਅਧਿਐਨ

*ਪੰਜਾਬੀ ਯੂਨੀਵਰਸਟੀ, ਪਟਿਆਲਾ ਦੀ*

*ਸੋਸ਼ਲ ਸਾਇੰਸਿਜ਼ ਫੈਕਲਟੀ ਅਧੀਨ ਧਰਮ ਅਧਿਐਨ ਵਿਭਾਗ ਵਿਚ*

*ਪੀਐਚ.ਡੀ ਦੀ ਉਪਾਧੀ ਲਈ ਪ੍ਰਸਤੁਤ*

**ਖੋਜ-ਪ੍ਰਬੰਧ**

**2016**


**ਨਿਗਰਾਨ**

ਡਾ. ਅਬਨੀਸ਼ ਕੌਰ

ਅਸਿਸਟੈਂਟ ਪ੍ਰੋਫੈਸਰ

ਡਿਸਟੈਂਸ ਐਜੂਕੇਸ਼ਨ ਵਿਭਾਗ

ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਖੋਜਾਰਥੀ**

ਬਲਵਿੰਦਰ ਸਿੰਘ



**ਸ੍ਰੀ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਬਲਵਿੰਦਰ ਸਿੰਘ ਨੇ *ਡਾ. ਰਤਨ ਸਿੰਘ ਜੱਗੀ ਦੀ ਗੁਰਮਤਿ ਸੰਬੰਧੀ ਖੋਜ: ਇਕ ਅਧਿਐਨ* ਵਿਸ਼ੇ ਉਤੇ ਪੀਐਚ.ਡੀ. ਦਾ ਖੋਜ-ਪ੍ਰਬੰਧ ਮੇਰੀ ਨਿਗਰਾਨੀ ਹੇਠ ਪੂਰਾ ਕੀਤਾ ਹੈ। ਇਹ ਖੋਜਾਰਥੀ ਦੀ ਮੌਲਿਕ ਰਚਨਾ ਤੇ ਉਸਦੀ ਮਿਹਨਤ ਦਾ ਫਲ ਹੈ। ਮੈਂ ਇਸ ਕਾਰਜ ਨੂੰ ਪੀਐਚ.ਡੀ. ਦੀ ਉਪਾਧੀ ਲਈ ਪੂਰੀ ਤਰ੍ਹਾਂ ਯੋਗ ਸਮਝਦੀ ਹੋਈ ਮੁਲੰਕਣ ਲਈ ਪੇਸ਼ ਕਰਨ ਦੀ ਸਿਫ਼ਾਰਸ਼ ਕਰਦੀ ਹਾਂ।

ਅਪ੍ਰੈਲ, 2016


ਡਾ. ਅਬਨੀਸ਼ ਕੌਰ

ਨਿਗਰਾਨ

ਅਸਿਸਟੈਂਟ ਪ੍ਰੋਫ਼ੈਸਰ

ਡਿਸਟੈਂਸ ਐਜੂਕੇਸ਼ਨ ਵਿਭਾਗ,

ਪੰਜਾਬੀ ਯੂਨੀਵਰਸਿਟੀ, ਪਟਿਆਲਾ।

## ਅਧਿਆਇ ਪਹਿਲਾ

# ਜੀਵਨ ਤੇ ਰਚਨਾ

ਆਦਿ ਕਾਲ ਤੋਂ ਸਾਹਿਤ ਕਿਸੇ ਨਾ ਕਿਸੇ ਰੂਪ ਵਿਚ ਮਨੁਖਤਾ ਦਾ ਹਾਣੀ ਰਿਹਾ ਹੈ। ਕਰਤੇ ਨੇ ਜਿਵੇਂ ਹੀ ਕੁਦਰਤ ਦੀ ਸਿਰਜਣਾ ਕੀਤੀ ਤਾਂ ਸਾਹਿਤ ਦੀ ਅਰੰਭਤਾ ਵੀ ਨਾਲ ਹੀ ਹੋ ਗਈ ਸੀ। ਇਸ ਦੀ ਪ੍ਰੋੜ੍ਹਤਾ ਗੁਰਬਾਣੀ ਦੇ ਇਸ ਕਥਨ ਤੋਂ ਹੁੰਦੀ ਹੈ:

*ਆਪੇ ਪਟੀ ਕਲਮ ਆਪਿ ਆਪਿ ਲਿਖਣਹਾਰਾ ਹੋਆ॥* [1]

ਜਿਵੇਂ-ਜਿਵੇਂ ਮਨੁਖਤਾ ਦਾ ਵਿਕਾਸ ਹੁੰਦਾ ਗਿਆ ਤਾਂ ਸਾਹਿਤ ਦਾ ਵੀ ਨਿਕਾਸ ਹੋਇਆ ਅਤੇ ਸ੍ਰੇਸ਼ਟ ਜਿਊੜਿਆਂ ਨੇ ਸਾਹਿਤ ਦੀ ਸਿਰਜਣਾ ਕੀਤੀ। ਕਿਸੇ ਵੀ ਦੇਸ਼ ਦੀ ਸੱਭਿਅਤਾ ਅਤੇ ਸੰਸਕ੍ਰਿਤੀ ਨੂੰ ਲੰਮੇਰੇ ਸਮੇਂ ਤੱਕ ਸੁਰੱਖਿਅਤ ਰੱਖਣ ਵਿਚ ਸਮਰੱਥ ਸਾਹਿਤਕਾਰ ਦੀ ਸਿਰਜਾਨਤਮਕ ਸ਼ਕਤੀ ਹੀ ਹੈ। ਸਰਵੋਤਮ ਸਾਹਿਤਕਾਰਾਂ ਦੁਆਰਾ ਰਚੇ ਸਾਹਿਤ ਨੇ ਇਨਸਾਨੀਅਤ ਦੀ ਘਾੜਤ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ। ਸਰਵੋਤਮ ਸਾਹਿਤ ਦੁਆਰਾ ਮਨੁੱਖ ਦੀ ਬਦਲੀ ਸੋਚ ਨੇ ਮਨੁੱਖੀ ਜੀਵਨ ਦਾ ਰੰਗ-ਢੰਗ ਹੀ ਬਦਲ ਕੇ ਰੱਖ ਦਿੱਤਾ। ਇਹ ਵੀ ਸੱਚਾਈ ਹੈ ਕਿ ਜੇ ਸਾਡੇ ਕੋਲ ਗੁਰਬਾਣੀ/ਗੁਰਮਤਿ ਸਾਹਿਤ ਦਾ ਮਹਾਨ ਖ਼ਜਾਨਾ ਨਾ ਹੁੰਦਾ ਤਾਂ ਇਸ ਦੇਸ਼ ਦਾ ਹੀ ਨਹੀਂ ਬਲਕਿ ਪੂਰੀ ਦੁਨੀਆਂ ਦਾ ਰੂਪ ਕੁਝ ਹੋਰ ਹੁੰਦਾ। ਸਾਹਿਤ ਦੀ ਵਡਿਆਈ ਉਦੋਂ ਹੋਰ ਵਧ ਜਾਂਦੀ ਹੈ, ਜਦੋਂ ਅਸੀਂ ਦੇਖਦੇ ਹਾਂ ਕਿ ਇੰਨੇ ਲੋਕਾਂ ਨੂੰ ਔਰੰਗਜ਼ੇਬ ਦੀ ਜ਼ੁਲਮੀ ਤਲਵਾਰ ਨੇ ਮੁਸਲਮਾਨ ਨਹੀਂ ਬਣਾਇਆ, ਜਿਤਨਾ ਸ਼ੱਕਰਗੰਜ ਸ਼ੇਖ ਫਰੀਦ ਜੀ ਦੇ

---

[1] *ਸ਼ਬਦਾਰਥ*, ਸ੍ਰੀ ਗੁਰੂ ਗ੍ਰੰਥ ਸਾਹਿਬ, (ਜਿ. ਦੂਜੀ), ਪੰ.-968.

ਅਮਿਉਂ ਮਿੱਠੇ ਬੋਲਾਂ ਨੇ ਲੋਕਾਈ ਨੂੰ ਪ੍ਰਭਾਵਿਤ ਕੀਤਾ ਹੈ।

ਗੁਰੂ ਸਾਹਿਬਾਨ ਦੀ ਵਿਚਾਰਧਾਰਾ ਨੂੰ ਆਮ ਲੋਕਾਈ ਤਕ ਪਹੁੰਚਾਉਣ ਲਈ ਸਾਹਿਤਕਾਰਾਂ ਜਾਂ ਲੇਖਕਾਂ ਦੁਆਰਾ ਬਹੁਤ ਸਾਰਾ ਸਾਹਿਤ/ਗੁਰਮਤਿ ਸਾਹਿਤ ਰਚਿਆ ਗਿਆ। ਜਿਸ ਤਹਿਤ ਵੱਖ-ਵੱਖ ਵਿਸ਼ਿਆਂ, ਸੰਦਰਭਾਂ ਨੂੰ ਲੈ ਕੇ ਗੁਰਬਾਣੀ ਨੂੰ ਸਮਝਣ/ਸਮਝਾਉਣ ਦਾ ਕੰਮ ਸ਼ੁਰੂ ਹੋਇਆ। ਗੁਰੂ-ਕਾਲ ਤੋਂ ਲੈ ਕੇ ਵਰਤਮਾਨ ਸਮੇਂ ਤਕ ਗੁਰਮਤਿ ਸਾਹਿਤ ਵਿਚ ਯੋਗਦਾਨ ਪਾਉਣ ਵਾਲੇ ਅਨੇਕਾਂ ਸਾਹਿਤਕਾਰਾਂ ਨੇ ਇਸ ਲਾਸਾਨੀ ਸਾਹਿਤ ਨੂੰ ਜੀਵਨ ਵਿਚ ਢਾਲਿਆ, ਰਚਿਆ ਅਤੇ ਵਿਆਖਿਆਤਮਕ ਰੂਪ ਵਿਚ ਪੇਸ਼ ਕੀਤਾ ਹੈ। ਵੀਹਵੀਂ ਸਦੀ ਦੇ ਗੁਰਮਤਿ ਸਾਹਿਤ ਦੇ ਖੇਤਰ ਵਿਚ ਬਹੁਤ ਵੀ ਸਾਰੇ ਵਿਦਵਾਨਾਂ ਨੇ ਆਪਣਾ ਵਡਮੁੱਲਾ ਯੋਗਦਾਨ ਪਾਇਆ ਹੈ। ਇਸ  ਸਦੀ ਦੇ ਸਾਹਿਤਕਾਰਾਂ ਵਿਚੋਂ ਇਕ ਨਾਮ ਡਾ. ਰਤਨ ਸਿੰਘ ਜੱਗੀ ਦਾ ਆਉਂਦਾ ਹੈ। ਉਹ ਗੁਰਮਤਿ ਸਾਹਿਤ ਦੇ ਖੇਤਰ ਵਿਚ ਕਰੀਬ ਸੱਤ ਦਹਾਕਿਆਂ ਤੋਂ ਨਿਰੰਤਰ ਕਾਰਜਸ਼ੀਲ ਹਨ। ਉਨ੍ਹਾਂ ਨੇ ਗੁਰਮਤਿ ਅਤੇ ਪੰਜਾਬੀ ਸਾਹਿਤ ਸੰਬੰਧੀ ਦੋ ਸੌ ਦੇ ਕਰੀਬ ਪੁਸਤਕਾਂ ਦੀ ਰਚਨਾ ਕਰਕੇ ਇਕ ਵੱਡਾ ਹੰਭਲਾ ਮਾਰਿਆ ਹੈ।

ਇਕ ਵਿਲੱਖਣ ਪ੍ਰਤਿਭਾ ਦੇ ਮਾਲਕ ਡਾ. ਰਤਨ ਸਿੰਘ ਜੱਗੀ ਨੇ ਗੁਰਬਾਣੀ ਦਾ ਅਤਿ ਡੂੰਘਾ ਤੇ ਵਿਆਪਕ ਅਧਿਐਨ ਕਰਕੇ ਗੁਰਮਤਿ ਸਾਹਿਤਕ ਪਿੜ ਵਿਚ ਕਾਫ਼ੀ ਨਾਮਨਾ ਖੱਟਿਆ ਹੈ। ਉਨ੍ਹਾਂ ਨੇ ਡੂੰਘੀ ਲਗਨ, ਨਿਸ਼ਠਾ ਅਤੇ ਪੂਰਣ ਸਮਰਪਣ ਨਾਲ ਗੁਰਮਤਿ ਸਾਹਿਤ ਦੀ ਸੇਵਾ ਨਿਭਾ ਕੇ ਸਿੱਖ ਅਕਾਦਮਿਕਤਾ ਜਗਤ ਵਿਚ ਆਪਣੀ ਵਿਸ਼ੇਸ਼ ਅਤੇ ਸਦੀਵੀ ਥਾਂ ਬਣਾਈ ਹੈ।

---

ਉਨ੍ਹਾਂ ਦਾ ਨਾਂ ਸੁਨਿਹਰੀ ਅੱਖਰਾਂ ਵਿਚ ਲਿਖੇ ਜਾਣ ਯੋਗ ਹੈ। ਉਨ੍ਹਾਂ ਨੇ ਇਕ ਸਾਹਿਤਕਾਰ ਦੇ ਰੂਪ ਵਿਚ ਸੁਯੋਗ ਅਧਿਆਪਕ, ਕੁਸ਼ਲ ਪ੍ਰਬੰਧਕ, ਇਮਾਨਦਾਰ ਸਖ਼ਸ਼ੀਅਤ ਵਜੋਂ ਅਣਥੱਕ ਮਿਹਨਤ ਨਾਲ ਆਪਣੀ ਮੰਜ਼ਿਲ ਨੂੰ ਸਰ ਕਰਦਿਆਂ ਸਾਹਿਤਕ ਖੇਤਰ ਵਿਚ ਕਾਫ਼ੀ ਲੰਮੇਰੇ ਪੰਧ ਨੂੰ ਤੈਅ ਕੀਤਾ ਹੈ। ਉਨ੍ਹਾਂ ਦਾ ਜੀਵਨ ਆਮ ਸਾਹਿਤਕਾਰਾਂ ਨਾਲੋਂ ਵੱਖਰਾ ਪ੍ਰਤੀਤ ਹੁੰਦਾ ਹੈ। ਕਿਉਂਕਿ ਉਨ੍ਹਾਂ ਦਾ ਬਚਪਨ, ਜਵਾਨੀ, ਮੁੱਢਲੀ ਪੜ੍ਹਾਈ, ਅਕਾਦਮਿਕ ਪ੍ਰਾਪਤੀਆਂ ਅਤੇ ਗ੍ਰਹਿਸਥੀ ਜੀਵਨ ਦੇ ਨਾਲ-ਨਾਲ ਹਮੇਸ਼ਾ ਦ੍ਰਿੜ੍ਹ ਨਿਸ਼ਚੇ ਤੇ ਸਮਰਪਣ ਭਾਵਨਾ ਨਾਲ ਸੇਵਾ ਨਿਯਮਾਂ ਦੀ ਪਾਲਣਾ ਕਰਨਾ ਅਤੇ ਆਪਣੇ ਵਲੋਂ ਮਿੱਥੇ ਨਿਸ਼ਾਨੇ ’ਤੇ ਪਹੁੰਚਣਾ ਅਸਲੋਂ ਹੀ ਨਿਵੇਕਲੇ ਕਾਰਜ ਹਨ।

ਆਮ ਤੌਰ ’ਤੇ ਸਮਾਜ ਵਿਚ ਵੱਖ-ਵੱਖ ਖੇਤਰਾਂ ਵਿਚ ਪ੍ਰਵਾਨ ਚੜ੍ਹੇ ਲਗਭਗ ਹਰੇਕ ਇਨਸਾਨ ਨੂੰ ਉਸ ਦੇ ਮਾਤਾ-ਪਿਤਾ ਦੁਆਰਾ ਪੂਰਨ ਵਿਉਂਤਬੱਧ ਯਤਨਾਂ ਨਾਲ ਪੜ੍ਹਾਇਆ ਜਾਂਦਾ ਹੈ। ਉਸਦੇ ਅਕਾਦਮਿਕ ਪੱਧਰ ਨੂੰ ਨਿਸ਼ਚਿਤ ਸਮੇਂ ਅਤੇ ਸੀਮਾ ਅੰਦਰ ਨੇਪਰੇ ਚਾੜ੍ਹ ਕੇ ਉਚਾਈਆਂ ਭਰੀ ਜਿੰਦਗੀ ਲਈ ਤਿਆਰ ਕਰ ਲਿਆ ਜਾਂਦਾ ਹੈ। ਇਹ ਤਾਂ ਇਕ ਸਿੱਧੀ ਵਿਉਂਤਬੱਧ ਯੋਜਨਾ ਹੁੰਦੀ ਹੈ, ਜਿਸ ਵਿਚ ਰੁਕਾਵਟਾਂ ਦਾ ਕੋਈ ਅੰਸ਼ ਮਾਤਰ ਵੀ ਨਹੀਂ ਹੁੰਦਾ। ਪਰ ਇਸ ਸਮਾਜ ਵਿਚ ਉਸ ਸੋਹਣੀ, ਸੁਚੱਜੀ ਅਤੇ ਹੁਨਰਮੰਦ ਲਿਆਕਤ ਵਾਲੀ ਸਖਸ਼ੀਅਤ ਦੇ ਦਰਸ਼ਨ ਕਰਨ ਯੋਗ ਹੁੰਦੇ ਹਨ, ਜਿਸਨੇ ਆਪਣੇ ਆਪ ਨੂੰ ਦੁੱਖਾਂ ਦੀ ਕੁਠਾਲੀ ਵਿਚ ਪਾ ਕੇ ਉਚ-ਪ੍ਰਾਪਤੀਆਂ ਦਾ ਮਨ ਬਣਾ ਲਿਆ ਹੋਵੇ। ਹਰੇਕ ਪ੍ਰਭਾਵਸ਼ਾਲੀ ਲੇਖਕ ਦਾ ਜੀਵਨ ਉਸਦੇ ਆਲੇ-ਦੁਆਲੇ ਦੀਆਂ ਪਰਸਥਿਤੀਆਂ ਅਤੇ ਘਰੋਗੀ ਵਾਤਾਵਰਣ ਤੋਂ ਪ੍ਰਭਾਵਿਤ ਹੁੰਦਾ ਹੈ। ਉਨ੍ਹਾਂ

ਦੇ ਜੀਵਨ ਵੱਲ ਵੇਖ ਕੇ ਕਿਹਾ ਜਾ ਸਕਦਾ ਹੈ ਕਿ ਜੇ ਇਨਸਾਨ ਅੰਦਰ ਪ੍ਰਤਿਭਾ ਹੋਵੇ ਤਾਂ ਪ੍ਰਤਿਕੂਲ ਹਾਲਾਤਾਂ ਵਿਚ ਵੀ ਬੰਦਾ ਅੱਗੇ ਲੰਘ ਜਾਂਦਾ ਹੈ। ਪਰ ਜੇ ਪ੍ਰਤਿਭਾ ਅਤੇ ਸਿਖਲਾਈ ਰਲ ਜਾਣ ਤਾਂ ਸੋਨੇ 'ਤੇ ਸੋਹਾਗੇ ਵਾਲੀ ਗੱਲ ਬਣਦੀ ਹੈ। ਅਸੀਂ ਵੇਖਦੇ ਹਾਂ ਕਿ ਇਕ ਅਜਿਹਾ ਵਿਅਕਤੀ ਜਿਸਦੇ ਜੀਵਨ ਦੀ ਕੋਈ ਪ੍ਰਪੱਕ ਵਿਉਂਤਬੰਦੀ ਹੀ ਨਹੀਂ, ਉਹ ਆਪਣੇ ਅੰਦਰ ਇੱਕ ਉਚਾ-ਸੁਚਾ ਸੁਪਨਾ ਪਾਲ ਰਿਹਾ ਹੋਵੇ ਅਤੇ ਸੁਪਨਿਆਂ ਦੀ ਪੂਰਤੀ ਕਰਦਾ ਹੋਇਆ, ਜਦੋਂ ਸਾਹਿਤ ਦਾ ਇਕ ਸਿਰ-ਕੱਢ ਵਿਅਕਤੀ ਬਣਦਾ ਹੈ, ਉਸ ਸਮੇਂ ਉਹ ਆਪਣੇ ਅੰਦਰੋਂ ਹੀ ਇਕ ਅਕਹਿ ਅਨੰਦ, ਸ਼ਾਂਤੀ ਅਤੇ ਸੰਤੁਸ਼ਟੀ ਨਾਲ ਭਰ ਜਾਂਦਾ ਹੈ। ਫਿਰ ਸਮਕਾਲੀ ਸਮਾਜ ਦੇ ਅਤਿ ਉਚੇ ਸਾਹਿਤ ਚਿੰਤਕ ਵੀ ਉਸ ਦੀਆਂ ਰਚਨਾਵਾਂ ਅਤੇ ਪ੍ਰਾਪਤੀਆਂ ਨੂੰ ਨਿਹਾਰਦੇ ਹੋਏ ਸਿਜਦਾ ਕਰਦੇ ਹਨ।

ਡਾ. ਜੱਗੀ ਦੀ ਮੁਢਲੀ ਪੜ੍ਹਾਈ, ਮੁਢਲਾ ਜੀਵਨ, ਦੇਸ਼ ਵੰਡ ਦਾ ਦੁਖਾਂਤ ਭੋਗਣਾ, ਗ੍ਰਹਿਸਥੀ ਜੀਵਨ, ਘਰੇਲੂ ਮਜ਼ਬੂਰੀਆਂ ਅਤੇ ਔਕੜਾਂ, ਅਕਾਦਮਿਕ ਪ੍ਰਾਪਤੀਆਂ ਲਈ ਸੰਘਰਸ਼ ਕਰਨਾ, ਆਮ ਹਾਲਤਾਂ ਨਹੀਂ ਹਨ। ਪਰ ਲਗਨ ਅਤੇ ਮਿਹਨਤ ਦੇ ਸਾਹਮਣੇ ਔਕੜਾਂ ਬੌਣੀਆਂ ਹੁੰਦੀਆਂ ਰਹੀਆਂ, ਜਿਨ੍ਹਾਂ ਨੂੰ ਉਨ੍ਹਾਂ ਨੇ ਦ੍ਰਿੜ੍ਹਤਾ, ਵਿਸ਼ਵਾਸ ਅਤੇ ਸੁਚੱਜੀ ਲਿਆਕਤ ਨਾਲ ਸਰ ਕੀਤਾ। ਉਹ ਸੰਘਰਸ਼ ਵਿਚ ਪਲੇ ਹਨ ਅਤੇ ਉਨ੍ਹਾਂ ਦਾ ਜਨਮ ਵੀ ਸੰਘਰਸ਼ਮਈ ਸਮੇਂ ਵਿਚ ਹੋਇਆ ਹੈ। ਇੰਝ ਲਗਦਾ ਹੈ ਕਿ ਜਿਵੇਂ ਸੰਸਾਰ ਦੇ ਵੱਡੇ ਦੁੱਖ ਉਨ੍ਹਾਂ ਦੇ ਆਪਣੇ ਹੀ ਹਿੱਸੇ ਆ ਗਏ ਹੋਣ। ਜਿਵੇਂ ਦਰਦਨਾਕ ਵਹਿਸ਼ੀ ਦ੍ਰਿਸ਼ਾਂ ਨੂੰ ਵੇਖਣਾ ਉਨ੍ਹਾਂ ਦੀ ਕਿਸਮਤ ਵਿਚ ਲਿਖਿਆ ਹੋਵੇ। ਭਾਰਤ-ਪਾਕਿਸਤਾਨ ਵੰਡ ਦੀਆਂ ਫਿਰਕੂ ਲਾਟਾਂ ਵਿਚ ਮਚਦੇ ਲੋਕ ਇੱਧਰ-ਉੱਧਰ ਭਜਦੇ,

ਉਨ੍ਹਾਂ ਨੇ ਬੜੇ ਨੇੜੇ ਹੋ ਕੇ ਵੇਖੇ ਹਨ। ਦੇਸ਼ ਦੇ ਸੁਤੰਤਰ ਹੋ ਜਾਣ ਨਾਲ ਵੀ ਉਨ੍ਹਾਂ ਦੇ ਜੀਵਨ ਵਿਚ ਸੰਘਰਸ਼ਾਂ ਦਾ ਅੰਤ ਨਹੀਂ ਹੋਇਆ। ਉਨ੍ਹਾਂ ਦੀ ਖੋਜ, ਜੀਵਨ ਅਤੇ ਰਚਨਾਵਾਂ ਨਾਲੋ-ਨਾਲ ਚਲਦੀਆਂ ਹਨ। ਡਾ. ਜੱਗੀ ਅਜੋਕੇ ਸਮੇਂ ਵਿਚ ਕਿਸੇ ਜਾਣ-ਪਛਾਣ ਦੇ ਮੁਹਤਾਜ ਨਹੀਂ ਹਨ। ਵਰਤਮਾਨ ਸਮੇਂ ਅੰਦਰ ਪ੍ਰਵਾਨ ਚੜ੍ਹੇ ਡਾ. ਜੱਗੀ ਨੇ ਆਪਣੀ ਖਾਸ ਪ੍ਰਭੂ-ਬਖਸ਼ੀ ਬਹੁਪੱਖੀ ਪ੍ਰਤਿਭਾ ਨਾਲ ਵਿਸਮਾਦੀ ਗੁਰਮਤਿ ਸਾਹਿਤ ਦੀ ਸਿਰਜਣਾ ਕਰਦਿਆਂ ਪਾਠਕਾਂ, ਖੋਜਕਾਰਾਂ ਅਤੇ ਵਿਦਿਆਰਥੀਆਂ ਨੂੰ ਵਿਸ਼ੇਸ ਰੂਪ ਵਿਚ ਪ੍ਰਭਾਵਿਤ ਕੀਤਾ ਹੈ। ਉਨ੍ਹਾਂ ਦੀ ਬਹੁਪੱਖੀ ਸਖਸ਼ੀਅਤ ਦੀ ਤਰ੍ਹਾਂ ਉਨ੍ਹਾਂ ਦੀ ਸਾਹਿਤ ਰਚਨਾ ਦੇ ਵੀ ਅਨੇਕ ਪੱਖ ਹਨ, ਜਿਨ੍ਹਾਂ ਦਾ ਵਿਸ਼ਲੇਸ਼ਣ ਕੀਤਿਆਂ ਉਨ੍ਹਾਂ ਦੇ ਜੀਵਨ ਅਨੁਭਵ ਦੇ ਬਹੁ-ਪਾਸਾਰੀ ਹੋਣ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ। ਡਾ. ਜੱਗੀ ਦੇ ਜੀਵਨ ਵਿਚ ਕੁਝ ਭੇਦ ਵਾਲੀਆਂ ਗੱਲਾਂ ਹਨ। ਭਾਵੇਂ ਅਜਿਹੀਆਂ ਗੱਲਾਂ ਤਰਕ ਦੀ ਕਸਵੱਟੀ 'ਤੇ ਤਿੜਕ ਜਾਣ ਵਾਲੀਆਂ ਹੁੰਦੀਆਂ ਹਨ ਪਰ ਹਨ ਸੱਚਾਈ, ਜਿਨ੍ਹਾਂ ਦਾ ਬਿਆਨ ਅਤੇ ਪ੍ਰਮਾਣ ਉਨ੍ਹਾਂ ਦਾ ਜੀਵਨ ਅਤੇ ਪ੍ਰਾਪਤੀਆਂ ਹਨ।

ਜਦੋਂ 1947 ਈ. ਦੀ ਵੰਡ ਸਮੇਂ ਪਾਕਿਸਤਾਨ ਵਿਚੋਂ ਆਪਣਾ ਘਰ ਛੱਡ, ਉਜੜ ਕੇ ਹਿੰਦੋਸਤਾਨ ਆ ਰਹੇ ਸੀ, ਤਾਂ 'ਲਾਰੀ' ਵਿਚ ਇਨ੍ਹਾਂ ਦੇ ਸਾਹਮਣੇ ਵਾਲੀ ਸੀਟ 'ਤੇ ਇਕ ਬਜ਼ੁਰਗ ਬੈਠਾ ਸੀ। ਇਨ੍ਹਾਂ ਦੀ ਸੱਜੀ ਬਾਂਹ ਦੀ ਕੂੰਹਣੀ ਬਾਰੀ 'ਤੇ ਟਿਕੀ ਹੋਣ ਕਰਕੇ ਹਥੇਲੀ ਉਸ ਵਲ ਸੀ। ਕੁਝ ਦੇਰ ਬਾਅਦ ਉਸ ਬਜ਼ੁਰਗ ਨੇ ਇਨ੍ਹਾਂ ਦੇ ਖਾਨਦਾਨ ਅਤੇ ਪੜ੍ਹਾਈ ਬਾਰੇ ਪੁਛਿਆ। ਡਾ. ਜੱਗੀ ਨੇ ਆਪਣੇ ਪਰਿਵਾਰ ਦਾ ਵੇਰਵਾ ਦੇ ਕੇ ਆਪਣੇ ਆਪ ਨੂੰ ਦਸਵੀਂ ਪਾਸ ਦੱਸਿਆ। ਉਸ ਨੇ ਬੜੇ ਵਿਸਵਾਸ਼ ਨਾਲ ਕਿਹਾ ਕਿ ਤੇਰੇ ਹੱਥ ਦੀਆਂ ਲਕੀਰਾਂ ਦੱਸਦੀਆਂ ਹਨ

ਕਿ ਤੂੰ ਬਹੁਤ ਪੜ੍ਹੇਂਗਾ ਅਤੇ ਪੜ੍ਹਾਈ ਦੇ ਖੇਤਰ ਵਿਚ ਤੇਰਾ ਨਾਮ ਹੋਵੇਗਾ।[2]

ਦੂਜੀ ਗੱਲ ਜਦੋਂ ਉਹ ਬੀ.ਏ, ਅੰਗਰੇਜ਼ੀ ਅਤੇ ਅਰਥ ਸਾਸ਼ਤਰ ਨਾਲ ਕਰ ਰਹੇ ਸੀ ਤਾਂ ਇਨ੍ਹਾਂ ਦਾ ਮੇਲ ਨੰਦਗੁਪਾਲ ਨਾਲ ਹੋਇਆ, ਜੋ ਉਸ ਸਮੇਂ ਐਮ.ਏ. ਹਿੰਦੀ ਕਰਨ ਦੇ ਨਾਲ-ਨਾਲ ਜੋਤਿਸ਼ ਵੀ ਜਾਣਦਾ ਸੀ। ਨੰਦਗੁਪਾਲ ਨੇ ਵੀ ਡਾ. ਜੱਗੀ ਦਾ ਹੱਥ ਵੇਖ ਕੇ ਨੋਟਿਸ 'ਤੇ ਲਿਖਿਆ ਸੀ ਕਿ ਇਕ ਦਿਨ ਵਿਦਿਆ ਦੇ ਖੇਤਰ ਵਿਚ ਤੇਰਾ ਨਾਂ ਹੋਵੇਗਾ।[3]

ਡਾ. ਜੱਗੀ ਸਾਡੇ ਸਨਮੁਖ ਹਨ, ਹਾਜ਼ਰ ਹਨ। ਜਿਨ੍ਹਾਂ ਦੇ ਜੀਵਨ ਵਿਚ ਉਪਰੋਕਤ ਸਭ ਕੁਝ ਸੱਚ ਹੋਇਆ ਹੈ। ਅਚਾਨਕ ਵਾਪਰੀਆਂ ਘਟਨਾਵਾਂ ਅਤੇ ਗੱਲਾਂ ਨੇ ਵੀ ਉਨ੍ਹਾਂ ਨੂੰ ਪ੍ਰਭਾਵਿਤ ਕੀਤਾ ਹੈ। ਇਕ ਵਾਰ ਦੀ ਘਟਨਾ ਹੈ ਕਿ ਡਾ. ਜੱਗੀ ਨੂੰ ਇਕ ਫ਼ਕੀਰ ਮਿਲਿਆ ਜਿਸ ਨੇ ਮਨ ਵਿਚ ਤਿੰਨ ਗੱਲਾਂ ਰੱਖਣ ਲਈ ਕਿਹਾ। ਫ਼ਕੀਰ ਨੇ ਕਾਗਜ਼ ਮੰਗ ਕੇ ਤਿੰਨੇ ਗੱਲਾਂ ਲਿਖ ਦਿਤੀਆਂ ਅਤੇ ਕਿਹਾ ਇਸ ਤਰੀਕ ਨੂੰ ਤੇਰੇ ਕੋਲ ਨੌਕਰੀ ਦੀ ਤਾਰ ਆਵੇਗੀ ਪ੍ਰੰਤੂ ਤੂੰ ਜਾਣਾ ਨਹੀਂ। ਜਦੋਂ ਸ਼ਾਮ ਦੇ ਪੰਜ ਵੱਜ ਗਏ ਉਸ ਫ਼ਕੀਰ ਦੇ ਕਥਨ ਨੂੰ ਯਾਦ ਕਰਦਿਆਂ ਉਹ ਸਾਇਕਲ 'ਤੇ ਜਾ ਰਹੇ ਸੀ। ਉਸ ਸਮੇਂ ਗੇਟ ਦੇ ਬਾਹਰ ਡਾਕੀਆ ਮਿਲਿਆ ਜਿਸ ਦੇ ਹੱਥ ਵਿਚ ਕਲਰਕ ਦੀ ਅਸਾਮੀ ਲਈ ਤਾਰ ਸੀ, ਜਿਸਦਾ ਇਮਤਿਹਾਨ ਉਨ੍ਹਾਂ ਨੇ ਛੇ ਕੁ ਮਹੀਨੇ ਪਹਿਲਾਂ ਦਿੱਤਾ ਸੀ। ਇਸ ਲਈ ਉਨ੍ਹਾਂ ਨੇ ਹੁਸ਼ਿਆਰਪੁਰ ਟ੍ਰੇਨਿੰਗ ਲਈ ਪਹੁੰਚਣਾ ਸੀ। ਪ੍ਰੰਤੂ ਉਨ੍ਹਾਂ 'ਤੇ ਪੜ੍ਹਨ ਦੀ ਧੁਨ ਸਵਾਰ ਸੀ, ਇਸ ਕਰਕੇ ਉਥੇ ਨਾ ਗਏ।

---

[2] *ਅਮਲ ਜੇ ਕੀਤੇ ਦੁਨੀ ਵਿਚਿ,* ਪੰ. 35.

[3] *ਪੂਰਵ ਅੰਕਿਤ,* ਪੰ.35.

ਅਸੀਂ ਇਸ ਨੂੰ ਕੀ ਮੰਨੀਏ। ਕੀ ਉਨ੍ਹਾਂ ਦੀ ਪੂਰਵ ਯੋਜਨਾ ਨੂੰ ਫ਼ਕੀਰ ਨੇ ਬੁੱਝ ਲਿਆ ਸੀ ਜਾਂ ਚਿਹਨ-ਚੱਕਰ ਵੇਖ ਕੇ ਅੰਦਾਜ਼ਾ ਲਾ ਲਿਆ ਸੀ। ਪਰ ਜੋ ਕਿਹਾ ਗਿਆ, ਉਹ ਸੱਚ ਹੋ ਕੇ ਵਾਪਰਿਆ। ਗੁਰੂ ਨਾਨਕ ਸਾਹਿਬ ਜੀ ਨੇ ਵੀ ਐਮਨਾਬਾਦ ਨਿਵਾਸੀਆਂ ਵੱਲ ਵੇਖ ਕੇ ਭਵਿੱਖ ਬਚਨ ਕੀਤੇ ਸਨ:

*ਆਵਨਿ ਅਠਤਰੈ ਜਾਨਿ ਸਤਾਨਵੈ ਹੋਰ ਭੀ ਉਠਸੀ ਮਰਦ ਕਾ ਚੇਲਾ॥*

*ਸਚਿ ਕੀ ਬਾਣੀ ਨਾਨਕ ਆਖੈ ਸਚ ਸੁਣਾਇਸੀ ਸਚ ਕੀ ਬੇਲਾ॥* [4]

ਕੀ ਇਹ ਕੋਈ ਅਜਿਹੀ ਵਿਦਿਆ ਜਾਂ ਗਿਆਨ ਹੈ ਜਿਸ ਨੂੰ ਪ੍ਰਮਾਤਮਾ ਦੇ ਰੰਗ ਵਿਚ ਇਕਮਿਕ ਹੋ ਚੁੱਕੇ ਅਨੁਭਵੀ ਸੰਤ ਪੁਰਸ਼ ਜਾਂ ਫ਼ਕੀਰ ਸਹਿਜ ਸੁਭਾਅ ਬਿਆਨ ਕਰ ਜਾਂਦੇ ਹਨ।

ਡਾ. ਰਤਨ ਸਿੰਘ ਜੱਗੀ ਦਾ ਜਨਮ 19 ਜੁਲਾਈ 1927 ਈ. ਨੂੰ ਪਿਤਾ ਲੋੜੀਂਦਾ ਮੱਲ ਜੱਗੀ ਅਤੇ ਮਾਤਾ ਨਾਨਕੀ ਦੇਵੀ ਦੇ ਘਰ ਸ਼ਨੀਵਾਰ, ਦਿਨ ਦੇ ਤੀਜੇ ਪਹਿਰ ਪਿੰਡੀਘੇਬ (ਪਾਕਿਸਤਾਨ) ਵਿਚ ਹੋਇਆ। ਉਹ ਪੰਜ ਭੈਣਾਂ ਅਤੇ ਛੇ ਭਰਾਵਾਂ ਵਿਚੋਂ ਚੌਥੇ ਨੰਬਰ 'ਤੇ ਹਨ। ਪਿੰਡੀਘੇਬ 'ਘੇਬਾ' ਕਬੀਲੇ ਦਾ ਵਸਾਇਆ ਮੰਨਿਆ ਜਾਂਦਾ ਹੈ, ਜੋ ਇਕ ਬਰਸਾਤੀ ਦਰਿਆ 'ਸੀਲ' ਦੇ ਕੰਢੇ 'ਤੇ ਵਸਿਆ ਹੋਇਆ ਸੀ। ਰਾਇ ਸ਼ੰਕਰ ਪਵਾਰ ਦੇ ਤਿੰਨ ਪੁਤਰਾਂ ਸੇਨੋ, ਟੇਨੋ ਅਤੇ ਘਿਉ ਵਿਚੋਂ ਇਸਦਾ ਸੰਬੰਧ 'ਘਿਉ' ਨਾਲ ਜੋੜਿਆ ਜਾਂਦਾ ਹੈ। ਸੇਨੋ ਤੋਂ 'ਸਿਆਲ' ਅਤੇ ਟੇਨੋ ਤੋਂ 'ਟਿਵਾਣਾ' ਕਬੀਲੇ ਚੱਲੇ, ਜੋ ਪੰਜਾਬ ਵਿਚ ਆ ਕੇ ਵਸੇ। ਸੰਨ 1927 ਵਿਚ ਪਿੰਡੀਘੇਬ ਜਿਲ੍ਹਾ ਅਟਕ ਵਿਚ ਸੀ, ਪਰ ਵਰਤਮਾਨ ਸਮੇਂ ਵਿਚ ਇਹ ਕੈਂਬਲਪੁਰ ਵਿਚ ਹੈ।

---

[4] *ਸ਼ਬਦਾਰਥ,* ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ.-488.

ਉਨ੍ਹਾਂ ਦਾ ਨਾਮ ਪਰਿਵਾਰ ਦੇ ਧਾਰਮਿਕ ਸੰਸਕਾਰਾਂ ਨੂੰ ਮੁੱਖ ਰੱਖ ਕੇ ਰੱਖਿਆ ਗਿਆ। ਪਿੰਡੀਘੇਬ ਨਗਰ ਵਿਚ ਨਿਰਮਲ ਸੰਪਰਦਾਇ ਦੇ ਮਹਾਂਪੁਰਖ ਬਾਬਾ ਸੁੱਚਾ ਸਿੰਘ ਰਹਿੰਦੇ ਸਨ। ਜਿਨ੍ਹਾਂ ਦੀ ਸਖ਼ਸ਼ੀਅਤ ਦਾ ਪ੍ਰਭਾਵ ਆਲੇ-ਦੁਆਲੇ ਦੇ ਇਲਾਕੇ ਵਿਚ ਕਾਫ਼ੀ ਦੂਰ ਤਕ ਮੰਨਿਆ ਜਾਂਦਾ ਸੀ। ਜਦੋਂ ਪਿਤਾ ਜੀ ਇਨ੍ਹਾਂ ਨੂੰ ਨਾਂਮਕਰਨ ਵਾਸਤੇ ਸੰਤ ਜੀ ਦੇ ਡੇਰੇ ਲੈ ਕੇ ਗਏ ਤਾਂ ਬਾਬਾ ਸੁੱਚਾ ਸਿੰਘ ਨੇ 'ਮੁਖਵਾਕ' ਦੇ 'ਰ' ਅੱਖਰ ਤੋਂ ਇਨ੍ਹਾਂ ਦਾ ਨਾਂ 'ਰਤਨ ਸਿੰਘ' ਰੱਖਿਆ। ਅਜੋਕੇ ਸਮੇਂ ਵਿਚ ਇਨ੍ਹਾਂ ਦਾ ਨਾਂ ਵੀ ਹਰੇਕ ਨੂੰ ਪ੍ਰਭਾਵਿਤ ਕਰਦਾ ਹੈ, ਜਦੋਂ ਇਨ੍ਹਾਂ ਦਾ ਨਾਂ 'ਰਤਨ ਸਿੰਘ' ਰੱਖਿਆ ਗਿਆ ਤਾਂ ਇਨ੍ਹਾਂ ਦੇ ਪਿਤਾ ਜੀ ਨੇ ਸੰਤ ਸੁੱਚਾ ਸਿੰਘ ਨੂੰ ਪੁੱਛਿਆ 'ਮਹਾਰਾਜ ਇਹ ਕੇਵਲ ਨਾਂ ਦਾ ਹੀ ਰਤਨ ਹੈ ਕਿ ਕੁਝ ਚਮਕੇਗਾ ਵੀ। ਸੰਤ ਜੀ ਨੇ ਮੁਸਕਰਾ ਕੇ ਕਿਹਾ 'ਲੋੜੀਂਦਾ ਮੱਲ ਜੀ, ਇਹ ਸਮਾਂ ਹੀ ਦੱਸੇਗਾ।'[5] ਮਹਾਂਪੁਰਸ਼ਾਂ ਦੀ ਸੰਗਤ ਜੀਵਨ ਪਲਟ ਦਿੰਦੀ ਹੈ, ਫਿਰ ਉਹ ਬਖਸੇ ਮਨੁੱਖ ਸਮਾਜ ਦਾ ਅਤਿ ਗੁਣਕਾਰੀ ਅੰਸ਼ ਬਣ ਜਾਂਦੇ ਹਨ। ਜਾਪਦਾ ਹੈ ਕਿ ਉਸ ਮਹਾਤਮਾ ਦੀ ਸੰਗਤ ਨੇ ਇਨ੍ਹਾਂ ਅੰਦਰਲੀਆਂ ਸ਼ਕਤੀਆਂ ਨੂੰ ਜ਼ਰੂਰ ਟੁੰਬਿਆ ਹੋਵੇਗਾ, ਜੋ ਫਿਰ ਇਕ ਦਰਿਆ ਦਾ ਵਹਿਣ ਬਣ ਕੇ ਚਲਦੀਆਂ ਹਨ। ਆਮ ਦੁਨੀਆਂ ਵਿਚ ਬੰਦੇ ਦਾ ਆਪਣੇ ਨਾਂ ਵਰਗਾ ਹੋਣਾ ਬੜਾ ਔਖਾ ਹੈ, ਪ੍ਰੰਤੂ ਉਹ ਆਪਣੇ ਜੀਵਨ-ਕਰਮ ਤੋਂ ਆਪਣੇ ਨਾਮ ਵਰਗੇ ਹੀ ਜਾਪਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਨੇ 'ਰਤਨ' ਸ਼ਬਦ ਦੇ ਚਾਰ ਅਰਥ ਕੀਤੇ ਹਨ -ਮਾਇਕ, ਉਤਮ ਪਦਾਰਥ, ਅੱਖ ਦੀ ਪੁਤਲੀ ਅਤੇ ਪੁਰਾਣ ਕਥਾ ਅਨੁਸਾਰ

[5] *ਅਮਲ ਜਿ ਕੀਤੇ ਦੁਨੀ ਵਿਚਿ,* ਪੰ.-5.

ਖੀਰ ਸਮੁੰਦਰ ਨੂੰ ਰਿੜਕ ਕੇ ਕੱਢੇ ਹੋਏ ਪਦਾਰਥ।[6] ਇਸ ਤੋਂ ਇਲਾਵਾ ਭਾਰਤੀ ਸਾਹਿਤ ਵਿਚ ਅਕਬਰ ਦੇ ਨੌਂ ਦਰਬਾਰੀ ਰਤਨਾਂ ਦਾ ਜ਼ਿਕਰ ਵੀ ਆਉਂਦਾ ਹੈ, ਜੋ ਵੱਖ-ਵੱਖ ਖੇਤਰਾਂ ਵਿਚ ਪ੍ਰਸਿੱਧ ਸਨ। ਜਿਵੇਂ- ਅਬੁੱਲ ਫਜ਼ਲ, ਫੈਜ਼ੀ, ਟੋਡਰਮਲ, ਬੀਰਬਲ, ਰਾਜਾ ਮਾਨ ਸਿੰਘ, ਤਾਨਸੈਨ, ਮੁਲਾਂ ਦੋ ਪਿਆਜਾਂ, ਅਬਦੁਲ ਰਹੀਮ ਖਾਨ ਅਤੇ ਹਕੀਮ ਅੱਲਾ ਫਤਹ।[7] ਪ੍ਰੰਤੂ ਇਥੇ ਅਸੀਂ ਗੁਰਮਤਿ ਸਾਹਿਤ ਦੇ ਰਤਨ ਦੀ ਗੱਲ ਕਰ ਰਹੇ ਹਾਂ, ਜਿਨ੍ਹਾਂ ਨੇ ਗੁਰਮਤਿ ਸਾਹਿਤ ਦੀ ਝੋਲੀ ਵਿਚ ਵਡਮੁੱਲੀਆਂ ਸਾਹਿਤਿਕ ਕਿਰਤਾਂ ਪਾਈਆਂ ਹਨ। ਜਦੋਂ ਮਾਪਿਆਂ ਨੇ ਇਨ੍ਹਾਂ ਦਾ ਨਾਂ 'ਰਤਨ' ਸੁਣਿਆ ਹੋਵੇਗਾ, ਤਾਂ ਹੋ ਸਕਦਾ ਹੈ ਕਿ ਉਨ੍ਹਾਂ ਨੇ ਆਪਣੇ ਪੁੱਤਰ ਦੇ ਵਿਅਕਤਿਤਵ ਦੇ ਗੁਣਾਂ ਵਿਚ ਇਹ ਖੁਸ਼ਬੂ ਨਾ ਵੀਚਾਰੀ ਹੋਵੇ, ਪ੍ਰੰਤੂ ਇਹ ਨਾਮ ਡਾ. ਜੱਗੀ 'ਤੇ ਪੂਰਾ ਢੁਕਦਾ ਹੈ।

ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਖੇਤਰ ਵਿਚ ਵਿਚਰਨ ਵਾਲੇ ਮਨੁੱਖ ਆਪਣੇ ਨਾਮ ਨਾਲ ਤਖੱਲਸ/ਉਪਨਾਮ ਜੋੜਦੇ ਆਏ ਹਨ, ਜਿਸ ਨਾਲ ਵਿਅਕਤੀ ਦੀ ਪਹਿਚਾਣ ਜਲਦੀ ਹੋ ਜਾਂਦੀ ਹੈ। ਇਹ ਉਪਨਾਮ ਗੁਣ, ਸੁਭਾਅ, ਗੋਤਰ, ਜਾਂ ਪਿੰਡ/ਸ਼ਹਿਰ ਕਰਕੇ ਜੋੜਿਆ ਜਾਂਦਾ ਰਿਹਾ ਹੈ ਅਤੇ ਕਈ ਵਾਰੀ ਬੰਦੇ ਦਾ ਉਪਨਾਮ ਜਿਆਦਾ ਪ੍ਰਸਿੱਧ ਹੋ ਜਾਂਦਾ ਹੈ। ਇਨ੍ਹਾਂ ਦੇ ਨਾਮ ਨਾਲ ਜੁੜਿਆ 'ਜੱਗੀ' ਸ਼ਬਦ ਵੀ ਇਸੇ ਤਰ੍ਹਾਂ ਦੀ ਪ੍ਰਸਿੱਧੀ ਹਾਸਿਲ ਕਰ ਚੁੱਕਾ ਹੈ। ਸ਼ੰਕਰ ਪੰਵਾਰ ਦੇ ਪੁੱਤਰ 'ਘੇਨੋ' ਤੋਂ ਚਲੇ 'ਘੇਬਾ' ਕਬੀਲੇ ਵਿਚ ਸਮਾਂ ਪੈਣ 'ਤੇ ਵੰਡੀਆਂ ਪੈ ਗਈਆਂ ਸਨ, ਜੋ ਦੋ ਰੂਪਾਂ ਵਿਚ ਵੰਡਿਆ ਗਿਆ। ਉਨ੍ਹਾਂ ਵਿਚੋਂ ਜਿਨ੍ਹਾਂ ਨੇ ਇਸਲਾਮ ਧਰਮ ਕਬੂਲ ਲਿਆ,

---

[6] *ਮਹਾਨ ਕੋਸ਼*, ਪੰ.-35

[7] *ਸੰਖਿਆ ਕੋਸ਼,* (ਸੰਪਾ.), ਗੁਰਬਖਸ਼ ਸਿੰਘ ਕੇਸਰੀ, ਪੰ. 141-43

ਉਹ 'ਜੋਦੜੇ' ਅਖਵਾਏ ਅਤੇ ਜਿਨ੍ਹਾਂ ਨੇ ਅਜਿਹਾ ਨਾ ਕੀਤਾ, ਉਹ ਅੱਗੇ ਕਈ ਕਬੀਲਿਆਂ ਵਿਚ ਵੰਡੇ ਗਏ ਜਿਨ੍ਹਾਂ ਵਿਚੋਂ 'ਜੱਗੀ' ਕਬੀਲਾ ਪ੍ਰਮੁੱਖ ਸੀ।[8] ਇਨ੍ਹਾਂ ਦੇ ਪਿਤਾ ਸ੍ਰੀ ਲੋੜੀਂਦਾ ਮੱਲ ਨਗਰ ਦੇ ਮੁਖੀਆਂ ਵਿਚੋਂ ਸਨ, ਜੋ ਗੁਰਮਤਿ ਸੰਸਕਾਰਾਂ ਵਿਚ ਪ੍ਰੋਤੇ ਹੋਏ ਸਨ। ਜਿਨ੍ਹਾਂ ਨੇ ਨਿੱਤ ਗੁਰਦੁਆਰੇ ਜਾਣਾ, ਮੁਖਵਾਕ ਲੈਣਾ, ਪਾਠ ਕਰਨਾ, ਲੰਗਰ ਵਿਚ ਸੇਵਾ ਕਰਨੀ ਅਤੇ ਸਤ-ਪੁਰਸ਼ਾਂ ਦੀ ਸੰਗਤ ਕਰਨ ਤੋਂ ਇਲਾਵਾ ਕਦੇ-ਕਦੇ ਗੁਰੂ ਘਰ ਵਿਚ ਗੁਰਮਤਿ ਵਿਚਾਰਾਂ ਵੀ ਕਰਿਆ ਕਰਦੇ ਸਨ। ਜਾਪਦਾ ਹੈ ਇਨ੍ਹਾਂ ਨੂੰ ਧਾਰਮਿਕ ਸੰਸਕਾਰਾਂ ਦੀ ਗੁੜ੍ਹਤੀ ਪਿਤਾ ਜੀ ਤੋਂ ਹੀ ਪ੍ਰਾਪਤ ਹੋਈ।

ਉਸ ਸਮੇਂ ਇੰਨ੍ਹਾਂ ਦੇ ਪਿੰਡ ਵਿਚ ਰੁਜ਼ਗਾਰ ਅਤੇ ਆਵਾਜਾਈ ਦੇ ਸਾਧਨਾਂ ਦੀ ਘਾਟ ਕਾਰਨ ਲੋਕਾਂ ਦੀ ਆਰਥਿਕ ਹਾਲਤ ਜਿਆਦਾ ਵਧੀਆ ਨਹੀਂ ਸੀ। ਸਮੇਂ ਦੀ ਸਰਕਾਰ ਵਲੋਂ 'ਜੋਦੜਿਆਂ' ਨੂੰ ਜਿਥੇ ਮਾਨ-ਸਤਿਕਾਰ ਦਿੱਤਾ ਜਾਂਦਾ, ਉਥੇ 'ਜੱਗੀ' ਕਬੀਲਾ ਘੋਰ-ਗੁਰਬਤ ਭਰੀ ਜਿੰਦਗੀ ਬਤੀਤ ਕਰਦਾ ਸੀ। ਇਉਂ ਕਬੀਲੇ ਦੇ ਲੋਕ ਕਾਰ-ਵਪਾਰ ਦੀ ਘਾਟ ਕਾਰਨ ਖੋਤਿਆਂ, ਘੋੜਿਆਂ ਅਤੇ ਖੱਚਰਾਂ ਦੁਆਰਾ ਢੋਆ-ਢੋਆਈ ਕਰਕੇ ਹੀ ਗੁਜਾਰਾ ਕਰਦੇ ਸੀ। ਅੰਗਰੇਜ਼ ਸਰਕਾਰ ਦੇ ਸਮੇਂ 'ਜੱਗੀ' ਕਬੀਲੇ ਦੇ ਲੋਕ ਵਣਜ-ਵਪਾਰ ਅਤੇ ਹੋਰ ਕਈ ਤਰ੍ਹਾਂ ਦੇ ਕਾਰੋਬਾਰ ਕਰਨ ਲੱਗੇ। ਪਿੰਡੀਘੇਬ ਵਿਚ ਹਿੰਦੂ, ਸਿੱਖ ਅਤੇ ਇਸਲਾਮ ਧਰਮ ਦੇ ਲੋਕ ਵਸਦੇ ਸਨ। ਭਾਵੇਂ ਸਿੱਖ ਰਾਜ ਕਾਇਮ ਹੋਣ ਤੋਂ ਪਹਿਲਾਂ ਇਥੇ ਸਿੱਖਾਂ ਦਾ ਕੋਈ ਘਰ ਨਹੀਂ ਸੀ, ਪਰ ਸਰਦਾਰ ਫਤਹਿ ਸਿੰਘ ਨੇ 'ਛਾਛੀ' ਨਾਂ ਦੇ ਇਲਾਕੇ ਨੂੰ ਜਿੱਤ ਕੇ ਸਿੱਖ ਰਾਜ ਦੇ ਅਧੀਨ

---

[8] *ਅਮਲ ਜਿ ਕੀਤੇ ਦੁਨੀ ਵਿਚਿ*, ਪੰ.-1.

ਲਿਆਂਦਾ। ਜਿਸ ਵਿਚ ਸਰਦਾਰ ਕਾਹਨ ਸਿੰਘ ਅਤੇ ਸਰਦਾਰ ਗੌਹਰ ਸਿੰਘ ਵਲੋਂ ਵੀ ਕਾਫ਼ੀ ਯੋਗਦਾਨ ਪਾਇਆ ਗਿਆ। ਪਿੰਡੀਘੇਬ ਦੇ ਇਲਾਕੇ ਵਿਚ ਬਾਬਾ ਖੇਮ ਸਿੰਘ ਬੇਦੀ, ਬਾਬਾ ਗੁਰਬਖਸ਼ ਸਿੰਘ ਅਤੇ ਨਿਰਮਲੇ ਸਾਧੂ ਬਾਬਾ ਸੁੱਚਾ ਸਿੰਘ ਗੁਰਮਤਿ ਪ੍ਰਚਾਰ ਕਰਦੇ ਸਨ। ਜਿਸ ਦੇ ਪ੍ਰਭਾਵ ਸਦਕਾ ਕਈ ਹਿੰਦੂ ਪਰਿਵਾਰ ਸਿੱਖ ਧਰਮ ਵਿਚ ਸ਼ਾਮਿਲ ਹੋ ਚੁੱਕੇ ਸਨ।

ਇਨ੍ਹਾਂ ਨੂੰ ਬਚਪਨ ਵਿਚ ਵਿਦਿਆ ਪ੍ਰਾਪਤੀ ਦਾ ਕੋਈ ਜਿਆਦਾ ਵਧੀਆ ਮਾਹੌਲ ਪ੍ਰਾਪਤ ਨਹੀਂ ਹੋ ਸਕਿਆ। ਉਸ ਸਮੇਂ ਇਕ ਤਾਂ ਸਕੂਲ ਜਿਆਦਾ ਦੂਰ ਹੁੰਦੇ ਸੀ ਅਤੇ ਦੂਜਾ ਪਰਿਵਾਰ ਨੂੰ ਵਿਦਿਅਕ ਖੇਤਰ ਨਾਲ ਕੋਈ ਜਿਆਦਾ ਲਗਾਅ ਵੀ ਨਹੀਂ ਸੀ। ਇਨ੍ਹਾਂ ਨੇ ਅੱਠਵੀਂ ਤਕ ਦੀ ਪੜ੍ਹਾਈ ਪਿੰਡ ਵਿਚ ਹੀ ਕੀਤੀ। ਇਨ੍ਹਾਂ ਨੂੰ ਮਾਸਟਰ ਸ੍ਰੀ ਨਿਰੰਜਨ ਦਾਸ, ਸ੍ਰੀ ਭਗਵਾਨ ਦਾਸ, ਸ੍ਰੀ ਪਰਮਾਨੰਦ ਸੇਠੀ, ਸ੍ਰੀ ਦੀਵਾਨ ਚੰਦ, ਸ੍ਰੀ ਬਿਸ਼ਨ ਦਾਸ ਅਤੇ ਸ੍ਰੀ ਰਾਮ ਝਾਮ ਆਦਿ ਤੋਂ ਪੜ੍ਹਨ ਦਾ ਮੌਕਾ ਮਿਲਿਆ। ਇਹ ਭਾਵੇਂ ਗਣਿਤ ਵਿਸ਼ੇ ਵਿਚ ਕਮਜੋਰ ਸਨ ਪਰ ਧਾਰਮਿਕ ਵਿਸ਼ਾ ਬੜੀ ਰੁਚੀ ਨਾਲ ਪੜ੍ਹਦੇ ਸਨ। ਅੱਠਵੀਂ ਕਲਾਸ ਤੋਂ ਬਾਅਦ ਇੰਨ੍ਹਾਂ ਨੂੰ ਪੜ੍ਹਨ ਤੋਂ ਹਟਾ ਲਿਆ ਗਿਆ ਕਿਉਂਕਿ ਨਾਨੀ ਦਾ ਖਿਆਲ ਸੀ ਕਿ ਪੜ੍ਹਨ ਵਾਲੇ ਬੱਚੇ ਸਰੀਰਕ ਤੌਰ ‘ਤੇ ਕਮਜੋਰ ਰਹਿ ਜਾਂਦੇ ਹਨ। ਨਾਨੀ ਦੀ ਇਸ ਮਨੌਤ ਕਰਕੇ ਇਨ੍ਹਾਂ ਦੇ ਵੱਡੇ ਭਰਾ ਵੀ ਵਿਦਿਆ ਨਹੀਂ ਪ੍ਰਾਪਤ ਕਰ ਸਕੇ, ਪਰ ਇਨ੍ਹਾਂ ਦਾ ਮਨ ਅੱਗੇ ਪੜ੍ਹਾਈ ਕਰਨ ਵਿਚ ਸੀ। ਇਸ ਕੰਮ ਲਈ ਇਨ੍ਹਾਂ ਦੀ ਸਹਾਇਤਾ ਸ੍ਰ. ਨਾਨਕ ਸਿੰਘ ਥਾਪਰ ਨੇ ਕੀਤੀ, ਜਿਨ੍ਹਾਂ ਦਾ ਨਾਨੀ ’ਤੇ ਕਾਫ਼ੀ ਪ੍ਰਭਾਵ ਸੀ। ਲਗਪਗ ਹਰੇਕ ਸ੍ਰੇਸ਼ਟ ਵਿਅਕਤੀ ਦੇ ਜੀਵਨ ਇਹ ਸਾਂਝੀ ਸਚਾਈ ਹੈ ਕਿ ਉਸਦੇ ਪਰਿਵਾਰਕ ਜੀਅ ਉਸਨੂੰ ਆਪਣੇ ਪਰਵਾਰਿਕ ਮਾਹੌਲ ਅਨੁਸਾਰ ਹੀ ਵਿਚਰਦਿਆਂ ਲੋਚਦੇ ਹਨ। ਮਾਪੇ ਨੂੰ

ਆਪਣੇ ਬੱਚੇ ਨੂੰ ਅਗਾਂਹਵਧੂ ਭਾਵਨਾ ਦਾ ਹਾਣੀ ਬਨਣ ਲਈ ਪ੍ਰੇਰਦੇ ਹਨ, ਪਰ ਇਨ੍ਹਾਂ ਨੂੰ ਪਰਵਾਰ ਵਲੋਂ ਅਜਿਹੀ ਪ੍ਰੇਰਨਾ ਨਾ ਮਿਲ ਸਕੀ। ਸ੍ਰ. ਨਾਨਕ ਸਿੰਘ ਥਾਪਰ ਵਲੋਂ ਮਿਲੀ ਮਦਦ ਅਤੇ ਹੌਂਸਲੇ ਸਦਕਾ ਇਹ ਮਿਹਨਤ ਅਤੇ ਲਗਨ ਨਾਲ ਅੱਗੇ ਕਦਮ ਪੁਟਦੇ ਗਏ। ਭਾਵੇਂ ਡਾ. ਜੱਗੀ ਨੂੰ ਦਸਵੀਂ ਪਾਸ ਕਰਨ ਤੋਂ ਬਾਅਦ ਇਕ ਵਾਰ ਫਿਰ ਪੜ੍ਹਨ ਤੋਂ ਹਟਾ ਲਿਆ ਗਿਆ, ਪਰ ਸ੍ਰ. ਤਰਲੋਕ ਸਿੰਘ ਨੇ ਇੰਨ੍ਹਾਂ ਨੂੰ ਹੋਰ ਪੜ੍ਹਨ ਲਈ ਪ੍ਰੇਰਿਤ ਕੀਤਾ। ਦਾਦਾ ਜੀ ਦੇ ਸਰੀਰ ਛੱਡਣ ਤੋਂ ਬਾਅਦ ਇਹ ਟਾਈਪ ਸਿੱਖਣ ਲਈ ਰਾਵਲਪਿੰਡੀ ਆਪਣੀ ਭੈਣ ਕੋਲ ਚਲੇ ਗਏ।

ਡਾ. ਜੱਗੀ ਦੇ ਬਚਪਨ ਦੀਆਂ ਘਟਨਾਵਾਂ ਵੀ ਬੜੀਆਂ ਦਿਲਚਸਪ ਹਨ, ਜੋ ਇਨ੍ਹਾਂ ਦੀ ਚੰਚਲ ਬਿਰਤੀ, ਨਿਰਭੈਪਣ, ਨਿਡਰਤਾ, ਗੰਭੀਰ ਸੋਚਣੀ ਅਤੇ ਬਿਬੇਕ-ਬੁੱਧ ਦੇ ਭਾਵ ਨੂੰ ਪ੍ਰਗਟ ਕਰਦੀਆਂ ਹਨ। ਇਮਤਿਹਾਨਾਂ ਦੇ ਦਿਨਾਂ ਵਿਚ ਕਾਫ਼ੀ ਬੱਚੇ ਪਾਸ ਹੋਣ ਲਈ ਬਾਬਾ ਸੁੱਚਾ ਸਿੰਘ ਕੋਲੋਂ ਕਲਮਾਂ ਘੜਵਾਉਣ ਲਈ ਜਾਂਦੇ ਸਨ। ਜਦੋਂ ਪਰਿਵਾਰ ਵਲੋਂ ਇੰਨ੍ਹਾਂ ਨੂੰ ਵੀ ਅਜਿਹਾ ਕਰਨ ਲਈ ਕਿਹਾ ਜਾਂਦਾ ਤਾਂ ਇੰਨ੍ਹਾਂ ਦਾ ਜਵਾਬ ਹੁੰਦਾ ਸੀ ਕਿ ਜੇ ਬਚਪਨ ਵਿਚ ਲਾਏ ਕਾਲੇ ਰੰਗ ਦੇ ਟਿੱਕੇ ਮੇਰੇ ਗੋਰੇ ਰੰਗ ਨੂੰ ਨਹੀਂ ਬਚਾਅ ਸਕੇ, ਤਾਂ ਘੜਵਾਈਆਂ ਕਲਮਾਂ ਵੀ ਪਾਸ ਨਹੀਂ ਕਰਾ ਸਕਦੀਆਂ।[9] ਪਿੰਡੀਘੇਬ ਵਿਚ ਕੱਲਰ ਵਾਲੇ ਬਾਬੇ ਜੋ ਕਾਫ਼ੀ ਸ਼ਾਹੀ ਠਾਠ ਨਾਲ ਜੀਵਨ ਗੁਜਾਰਦੇ, ਉਨ੍ਹਾਂ ਦੇ ਦੁਆਲੇ ਦਰਸ਼ਨਾਂ ਵਾਸਤੇ ਸ਼ਰਧਾਲੂਆਂ ਦਾ ਕਾਫ਼ੀ ਤਾਂਤਾ ਲੱਗਾ ਰਹਿੰਦਾ ਸੀ। ਪਰ ਡਾ. ਜੱਗੀ ਦਾ ਮਨ ਅਜਿਹਾ ਕਰਨ ਲਈ ਤਿਆਰ ਨਹੀਂ ਸੀ, ਕਿਉਂਕਿ ਇਨ੍ਹਾਂ ਦਾ ਖਿਆਲ ਸੀ ਕਿ ਰੱਬੀ ਪਿਆਰਿਆਂ ਨੂੰ ਐਸੋ-ਇਸ਼ਰਤ ਵਾਲਾ ਜੀਵਨ ਸੋਭਾ ਨਹੀਂ ਦਿੰਦਾ। ਇਕ

---

[9] *ਪੂਰਵ ਅੰਕਿਤ*, ਪੰ.-6.

ਵਾਰ ਬਾਬਾ ਗੁਰਚਰਨ ਸਿੰਘ ਬੇਦੀ ਘੋੜੇ 'ਤੇ ਸਵਾਰ ਹੋ ਕੇ ਉਨ੍ਹਾਂ ਦੇ ਪਿੰਡ ਵਿਚ ਆਏ। ਜਿਨ੍ਹਾਂ ਨੇ ਨੀਲ ਦਰਿਆ ਪਾਰ ਕਰਕੇ 'ਦੰਦੀ' ਨਾਂ ਦੇ ਇਕ ਪਿੰਡ ਵਿਚ ਜਾਣਾ ਸੀ। ਉਨ੍ਹਾਂ ਦੇ ਅੱਗੇ-ਪਿੱਛੇ ਕਾਫ਼ੀ ਲੋਕ ਨੱਚਦੇ-ਟੱਪਦੇ ਜਾ ਰਹੇ ਸਨ। ਇਸ ਕੰਮ ਨੂੰ ਇਕ ਧਾਰਮਿਕ ਕਰਮ ਮੰਨਿਆ ਜਾਂਦਾ ਸੀ। ਇਨ੍ਹਾਂ ਦੀ ਸੋਚ ਸੀ ਕਿ ਜੇ ਬਾਕੀ ਲੋਕ ਤੁਰ ਕੇ ਜਾ ਸਕਦੇ ਹਨ ਤਾਂ ਬਾਬਾ ਜੀ ਕਿਉਂ ਨਹੀਂ। ਇਉਂ ਸੋਚਦਿਆਂ ਇਨ੍ਹਾਂ ਨੇ ਘੋੜੇ ਦੇ ਪਿਛਲੇ ਪਾਸੇ ਤੋਂ ਛਮਕ ਮਾਰੀ ਅਤੇ ਘੋੜਾ ਦਲਦਲ ਵਾਲੀ ਥਾਂ 'ਤੇ ਧਸਣ ਲੱਗਿਆ। ਫਿਰ ਬਾਬਾ ਗੁਰਚਰਨ ਸਿੰਘ ਨੂੰ ਤੁਰ ਕੇ ਜਾਣਾ ਪਿਆ। ਉਹ ਬਚਪਨ ਵਿਚ  ਹਾਕੀ, ਫੁੱਟਬਾਲ, ਗੁੱਲੀ-ਡੰਡਾ ਅਤੇ ਕਬੱਡੀ ਖੇਡਦੇ ਸਨ।

ਡਾ. ਜੱਗੀ ਦੇ ਪਿਤਾ ਜੀ ਨੇ ਆਟਾ-ਦਾਣਾ, ਮਨਿਆਰੀ, ਕਰਿਆਨੇ ਦੀ ਹੱਟੀ, ਵਾਣ-ਚਟਾਈਆਂ ਅਤੇ ਖੇਤੀ ਆਦਿ ਕਈ ਕਾਰੋਬਾਰ ਕੀਤੇ, ਜਿਨ੍ਹਾਂ ਵਿਚ ਇਹ ਵੀ ਯਥਾਯੋਗ ਸਹਾਇਤਾ ਕਰਦੇ ਰਹੇ। ਇਨ੍ਹਾਂ ਦੇ ਦਾਦਾ ਸ੍ਰੀ ਮੂਲ ਰਾਜ ਉਚੇ-ਲੰਮੇ, ਦ੍ਰਿੜ੍ਹ ਵਿਸ਼ਵਾਸੀ, ਤਾਕਤਵਰ, ਦਲੇਰ, ਨਿਡਰ ਹੋਣ ਦੇ ਨਾਲ-ਨਾਲ ਵਧੀਆ ਹਕੀਮ ਵੀ ਸਨ। ਪੰਸਾਰੀ ਦੀ ਦੁਕਾਨ ਤੋਂ ਜੜ੍ਹੀਆਂ-ਬੂਟੀਆਂ ਲਿਆਉਣਾ, ਮਰੀਜਾਂ ਨੂੰ ਦਵਾਈ ਦੀਆਂ ਪੁੜੀਆਂ ਤਿਆਰ ਕਰਕੇ ਦੇਣੀਆਂ ਵੀ ਇਨ੍ਹਾਂ ਦੇ ਹਿੱਸੇ ਦੇ ਕੰਮ ਸਨ। ਇਸ ਦੌਰਾਨ ਡਾ. ਜੱਗੀ ਨੇ ਦਾਦਾ ਜੀ ਤੋਂ ਹਿਕਮਤ ਦੇ ਕਈ ਗੁਰ ਵੀ ਸਿੱਖ ਲਏ ਸੀ। ਸੰਨ 1944 ਵਿਚ ਵੱਡੇ ਭਰਾ ਦੇ ਕਹਿਣ ਤੇ ਪਰਿਵਾਰ ਨੇ ਸ਼ਰਾਬ ਦਾ ਠੇਕਾ ਲੈ ਲਿਆ। ਜਿਸ ਵਿਚ ਇਨ੍ਹਾਂ ਨੂੰ ਵੀ ਮਜਬੂਰੀ ਵਸ ਸਾਥ ਦੇਣਾ ਪਿਆ। ਪਰ ਇਨ੍ਹਾਂ ਨੂੰ ਬੇ-ਇਜ਼ਤਦਾਰ ਕਿਰਤ, ਲੋਕਾਂ ਦੀ ਲੁੱਟ-ਖਸੁੱਟ ਅਤੇ ਪੈਸੇ ਕਾਰਨ ਸ਼ਰਾਬ ਵਿਚ ਹੁੰਦੀ ਮਿਲਾਵਟ ਤੋਂ ਨਫ਼ਰਤ ਸੀ। ਸੰਨ 1945 ਵਿਚ ਪਰਿਵਾਰ ਨੂੰ ਘਾਟਾ ਖਾ ਕੇ ਇਹ ਕੰਮ ਛੱਡਣਾ

ਪਿਆ। ਬਚਪਨ ਵਿਚ ਹਰ ਰੋਜ ਪਿਤਾ ਜੀ ਨਾਲ ਸੈਰ ਕਰਨ ਜਾਣਾ, ਨਿਰਮਲ ਸੰਪਰਦਾਇ ਦੇ ਅਸਥਾਨ 'ਸੰਤਪੁਰਾ' 'ਤੇ ਮੱਥਾ ਟੇਕਣਾ, ਘਰੇਲੂ ਕੰਮ ਕਰਨੇ, ਘੋਲ ਕਰਨਾ ਅਤੇ ਮਾਲਿਸ਼ ਕਰਨਾ ਆਦਿ ਕੰਮਾਂ ਨੂੰ ਕਰਦੇ ਸਨ।

ਡਾ. ਜੱਗੀ ਦੇ ਜੀਵਨ ਵਿਚ ਸੰਨ 1947 ਦੀ ਵੰਡ ਵੇਲੇ ਦੀ ਵਿਥਿਆ ਬੜੀ ਦਰਦਮਈ ਅਤੇ ਤ੍ਰਾਸਦਿਕ ਹੈ। ਪਾਕਿਸਤਾਨ ਵਿਚ ਸਮੂੰਹ ਪਰਿਵਾਰ ਦਾ ਗੁਜ਼ਾਰਾ ਬਹੁਤ ਵਧੀਆ ਚਲ ਰਿਹਾ ਸੀ ਪਰ ਅਚਾਨਕ ਹੀ ਸੰਪਰਦਾਈ ਝਗੜੇ ਸ਼ੁਰੂ ਹੋ ਗਏ। ਜਾਤੀਵਾਦ, ਫ਼ਿਰਕਾਪ੍ਰਸਤੀ ਅਤੇ ਸੰਪਰਦਾਇਕ ਬਿਰਤੀ ਕਾਰਨ ਲੋਕਾਈ ਆਪਸ ਵਿਚ ਹੀ ਲੜ ਕੇ ਖ਼ੂਨ ਵਹਾਉਣ ਲੱਗੀ। ਕੋਈ ਵੀ ਲੋਕਾਂ ਦੀ ਜਾਨ-ਮਾਲ ਦਾ ਰਾਖਾ ਨਹੀਂ ਸੀ। ਰੱਬੀ ਖ਼ਲਕਤ ਆਪਸੀ ਭਾਈਚਾਰਕ ਸਾਂਝ, ਮਿਲਵਰਤਨ, ਇਕਜੁਟਤਾ ਭੁਲਦੀ ਹੋਈ, ਇਨਸਾਨੀਅਤ ਨੂੰ ਕਲੰਕਤ ਕਰਨ ਲੱਗੀ। ਉਸ ਸਮੇਂ ਅੱਗਾਂ ਲੱਗਣੀਆਂ, ਨੌਜਵਾਨ ਲੜਕੀਆਂ ਦੀ ਬੇਪੱਤੀ, ਲੁੱਟ-ਮਾਰ, ਬੇਕਸੂਰ ਲੋਕਾਂ ਨੂੰ ਜਾਨੋ ਮਾਰ ਦੇਣਾ ਆਮ ਜਿਹੀ ਗੱਲ ਹੋ ਗਈ ਸੀ। ਅਣਖ ਨਾਲ ਜਿਊਣ ਵਾਲੇ ਲੋਕ ਕਿਸੇ ਕੀਮਤ 'ਤੇ ਵੀ ਧੀਆਂ-ਭੈਣਾਂ ਦੀ ਬੇਪੱਤੀ ਨਹੀਂ ਦੇਖ ਸਕਦੇ ਸਨ। ਅਜਿਹੇ ਕਈ ਕਾਰਨਾਂ ਕਰਕੇ 8 ਅਗਸਤ ਸੰਨ 1947 ਨੂੰ ਸਾਰਾ ਪਰਿਵਾਰ ਘਰ-ਜਾਇਦਾਦ ਨੂੰ ਛੱਡ ਕੇ ਪੰਜਾਬ (ਭਾਰਤ) ਆ ਗਿਆ। ਅਜਿਹਾ ਅਕਹਿ ਅਤੇ ਅਸਹਿ, ਭਿਆਨਕ, ਦਰਿੰਦਗੀ ਭਰਿਆ ਵਕਤ ਆਮ ਆਦਮੀ ਦੀ ਕਿਆਸ ਤੋਂ ਪਰੇ ਹੈ। ਪਰ ਡਾ. ਜੱਗੀ ਨੂੰ ਪਰਿਵਾਰ ਸਮੇਤ ਆਪਣੇ ਤਨ 'ਤੇ ਸਭ ਕੁਝ ਹੰਢਾਉਣਾ ਪਿਆ। ਸਾਰਾ ਪਰਿਵਾਰ ਅਖੰਡ ਕੀਰਤਨੀ ਜਥੇ ਦੇ ਮੁਖੀ ਭਾਈ ਰਣਧੀਰ ਸਿੰਘ ਦੇ ਘਰ ਨਾਰੰਗਵਾਲ (ਲੁਧਿਆਣਾ) ਪਹੁੰਚ ਗਿਆ। ਨਾਰੰਗਵਾਲ ਕੁਝ ਦਿਨ ਰਿਹਾਇਸ਼ ਤੋਂ ਬਾਅਦ

ਸਾਰਾ ਪਰਿਵਾਰ ਇਕ ਡਾਕਟਰ ਦੇ ਬੁਲਾਉਣ ’ਤੇ ਟੀ.ਬੀ. ਹਸਪਤਾਲ ਪਟਿਆਲਾ ਦੇ ਨੇੜੇ ਉਸਦੇ ਨੌਕਰਾਂ ਵਾਲੇ ਕਮਰੇ ਵਿਚ ਰਹਿਣ ਲੱਗੇ। ਪ੍ਰੰਤੂ ਇਥੇ ਵੀ ਜਿਆਦਾ ਦੇਰ ਪਰਿਵਾਰ ਦੀ ਠਹਿਰ ਨਾ ਹੋ ਸਕੀ। ਫਿਰ ਸਾਰਾ ਪਰਿਵਾਰ ਭਾਈ ਮੱਲਾ ਸਿੰਘ ਕੋਲ ਤਪਾ ਮੰਡੀ ਚਲਾ ਗਿਆ, ਜਿਥੇ ਉਨ੍ਹਾਂ ਨੇ ਮਕਾਨ ਲਿਆ ਹੋਇਆ ਸੀ। ਪਰ ਤਪਾ ਮੰਡੀ ਵੀ ਇਨਸਾਨੀਅਤ ਲੀਰੋ-ਲੀਰ ਹੋ ਰਹੀ ਸੀ। ਜਿਸ ਦਾ ਜਿਕਰ ਇੰਨ੍ਹਾਂ ਦੀ ਕਲਮ ਨੇ ਬੜੇ ਦਰਦਨਾਕ ਢੰਗ ਨਾਲ ਕੀਤਾ ਹੈ ਜਿਵੇਂ ‘ਇਕ ਮੁਸਲਮਾਨੀ ਭਜਦੀ ਹੋਈ ਸਾਡੇ ਘਰ ਦੇ ਸਾਹਮਣਿਓ ਲੰਘੀ। ਮੈਂ ਦਰਵਾਜੇ ਦੀ ਝੀਖ ਵਿਚੋਂ ਦੇਖ ਰਿਹਾ ਸਾਂ। ਇਕ ਨੀਲੇ ਬਸਤ੍ਰਾਂ ਵਾਲਾ ਸਿੰਘ, ਉਸਨੂੰ ਪਰ੍ਹੇ ਲੈ ਗਿਆ ਕ੍ਰਿਪਾਨ ਕੱਢੀ ਤੇ ਉਸ ਖੜੋਤੀ ਦਾ ਸਿਰ ਲਾਹ ਸੁਟਿਆ, ਅਜੀਬ ਦ੍ਰਿਸ਼ ਸੀ। ਪਾਸ਼ਵਤਾ ਵੀ ਤ੍ਰਾਹ ਰਹੀ ਸੀ। ਇਕ ਗੱਲ ਤਾਂ ਚੰਗੀ ਹੋਈ ਕਿ ਉਹ ਤੁਰੰਤ ਮਾਰੀ ਗਈ, ਨਾ ਤਸੀਹੇ ਝਲਣੇ ਪਏ, ਨਾ ਕਿਸੇ ਕਾਮੁਕ ਖਿਲਵਾੜ ਦੀ ਸ਼ਿਕਾਰ ਹੋਈ। ਮਾਨਵ ਜਨਮ ਦੀ ਦੁਰਲੱਭਤਾ ਮੇਰੇ ਸਾਹਮਣੇ ਪ੍ਰਸ਼ਨ ਚਿੰਨ ਸੀ।’[10]

ਇਸ ਤਰ੍ਹਾਂ ਦੇ ਤਨਾਅਪੂਰਣ ਮਾਹੌਲ ਨੂੰ ਦੇਖਦਿਆਂ ਇੰਨ੍ਹਾਂ ਦਾ ਪਰਿਵਾਰ ਬਹੁਤਾ ਸਮਾਂ ਤਪਾ ਮੰਡੀ ਵੀ ਨਾ ਰਹਿ ਸਕਿਆ। ਇਥੋਂ ਸਾਰਾ ਪਰਿਵਾਰ ਅੰਬਾਲਾ ਜਿਲ੍ਹੇ ਦੇ ਪਿੰਡ ਲੋਟੋਂ ਵਿਚ ਆ ਗਏ, ਜਿਥੇ ਇੰਨ੍ਹਾਂ ਦੇ ਜੀਜਾ ਜੀ ਰਹਿੰਦੇ ਸਨ, ਜੋ ਤਹਿਸੀਲਦਾਰ ਦੇ ਰੀਡਰ ਸਨ। ਲੋਟੋਂ ਪਿੰਡ ਵਿਚ ਹੀ ਇਨ੍ਹਾਂ ਨੂੰ ਜ਼ਮੀਨ ਅਲਾਟ ਹੋਈ ਸੀ। ਘਰ ਦੇ ਗੁਜਾਰੇ ਵਾਸਤੇ ਸਾਰੇ ਪਰਿਵਾਰ ਨੇ ਮੁਸਲਮਾਨਾਂ ਵਲੋਂ ਬੀਜੇ ਹੋਏ ਗੰਨੇ ਦੀ ਕਟਾਈ ਕਰਕੇ ਘਲ੍ਹਾੜੀ ’ਤੇ ਪਹੁੰਚਾਉਣਾ ਹੁੰਦਾ ਸੀ।

---

[10] *ਪੂਰਵ ਅੰਕਿਤ,* ਪੰ. 36.

ਦਸੰਬਰ-ਜਨਵਰੀ ਦੇ ਮਹੀਨੇ ਵਿਚ ਇਹ ਘਲ੍ਹਾੜੀ ’ਤੇ ਬਲਦ ਚਲਾਉਂਦੇ ਅਤੇ ਠੰਡ ਲੱਗਣ ਕਰਕੇ ਗੰਨੇ ਦੇ ਛਿਲਕਿਆਂ ਵਿਚ ਲੁਕ ਜਾਂਦੇ ਸਨ। ਅਜਿਹੀ ਠੰਡ ਵਿਚ ਬੜੀ ਮਿਹਨਤ ਕਰਕੇ ਪਰਿਵਾਰ ਦੀ ਮਾਇਕ ਸਹਾਇਤਾ ਕਰਦੇ ਰਹੇ। ਲੋਟੋਂ ਪਿੰਡ ਵਿਚ ਰਹਿੰਦਿਆਂ ਇਹ ਅਖੰਡ ਕੀਰਤਨੀ ਜਥੇ ਦੇ ਸਮਾਗਮਾਂ ਵਿਚ ਪਾਉਂਟਾ ਸਾਹਿਬ, ਪੰਜੋਖਰਾ ਸਾਹਿਬ ਅਤੇ ਡੇਰਾ ਬਸੀ ਆਦਿ ਇਲਾਕਿਆਂ ਵਿਚ ਜਾਂਦੇ ਰਹੇ ਸਨ। ਪ੍ਰੰਤੂ ਅਖੰਡ ਕੀਰਤਨੀ ਜਥੇ ਦੇ ਸਖਤ ਅਸੂਲਾਂ ਨੂੰ ਇਹ ਜਿਆਦਾ ਦੇਰ ਨਾ ਨਿਭਾ ਸਕੇ। ਇਸੇ ਪਿੰਡ ਵਿਚ ਹੀ ਇਨ੍ਹਾਂ ਦੇ ਜੀਜਾ ਦਾ ਦੇਹਾਂਤ ਹੋ ਗਿਆ। ਇਸ ਕਰਕੇ ਭੈਣ ਦੇ ਸਾਰੇ ਪਰਿਵਾਰ ਦਾ ਖਰਚ ਵੀ ਇੰਨ੍ਹਾਂ ਦੇ ਪਰਿਵਾਰ ਉਪਰ ਆ ਗਿਆ। ਇੰਨ੍ਹਾਂ ਦਾ ਭਰਾ ਪਤਨੀ ਸਮੇਤ ਰੁਜ਼ਗਾਰ ਦੀ ਭਾਲ ਵਿਚ ਲੁਧਿਆਣੇ ਚਲਾ ਗਿਆ। ਫਿਰ ਅਲਾਟ ਕੀਤੀ ਜ਼ਮੀਨ ਵੀ ਨਾ ਰਹੀ ਅਤੇ ਇੰਨ੍ਹਾਂ ਦੇ ਜੀਜਾ ਜੀ ਦੀ ਅਲਾਟ ਕੀਤੀ ਜ਼ਮੀਨ ਵੀ ਵੱਡੇ ਭਰਾ ਨੇ ਆਪਣਾ ਹੱਕ ਜਤਾ ਕੇ ਪ੍ਰਾਪਤ ਕਰ ਲਈ। ਇਸ ਤਰ੍ਹਾਂ ਪਰਿਵਾਰ ਦੀ ਆਰਥਿਕ ਹਾਲਤ ਨੂੰ ਦੇਖਦਿਆਂ ਇਹ ਕਿਸੇ ਕੰਮ ਦੀ ਭਾਲ ਕਰਨ ਲੱਗੇ। ਅਜਿਹੇ ਹਾਲਾਤਾਂ ਵਿਚ ਉਨ੍ਹਾਂ ਨੂੰ ਸੰਸਾਰ ਨੂੰ ਵਿਹਾਰਕ ਰੂਪ ਵਿਚ ਵੇਖਣ ਦਾ ਮੌਕਾ ਜਵਾਨੀ ਵਿਚ ਪੈਰ ਧਰਦਿਆਂ ਹੀ ਮਿਲ ਗਿਆ। ਇਨ੍ਹਾਂ ਦੇ ਜੀਵਨ ਵਿਚ ਸ੍ਵੈ-ਨਿਰਭਰਤਾ ਅਤੇ ਸ੍ਵੈ-ਭਰੋਸੇ ਦਾ ਜਜ਼ਬਾ, ਇਨ੍ਹਾਂ ਪਰਸਥਿਤੀਆਂ ਦੀ ਹੀ ਦੇਣ ਜਾਪਦਾ ਹੈ।

ਡਾ. ਜੱਗੀ ਘਰ ਦੀ ਆਰਥਿਕ ਤੰਗੀ ਨੂੰ ਦੇਖਦਿਆਂ ਦੁਬਾਰਾ ਟਾਈਪ ਸਿੱਖਣ ਵਾਸਤੇ ਸ੍ਰ. ਕਰਤਾਰ ਸਿੰਘ ਕੋਲ ਲੁਧਿਆਣੇ ਚਲੇ ਗਏ। ਇਨ੍ਹਾਂ ਦੇ ਭਰਾ ਦੇ ਸਹੁਰਾ ਸ੍ਰ. ਮਾਣਕ ਸਿੰਘ ਕੋਲ ਅੰਬਾਲਾ ਛਾਉਣੀ ਵਿਚ ਫੌਜੀ ਹੈੱਡ-ਕੁਆਟਰ ਵਿਚ ਐਡੀਟਰ ਸਨ। ਉਨ੍ਹਾਂ ਨੇ ਇੰਨ੍ਹਾਂ ਨੂੰ 7

ਜਨਵਰੀ ਸੰਨ 1949 ਨੂੰ ਫੀਲਡ ਕੈਸ਼ੀਅਰ ਦੇ ਸਿਵਲੀਅਨ ਕਲਰਕ ਵਜੋਂ ਨਿਯੁਕਤ ਕਰਵਾ ਦਿੱਤਾ। ਡਾ. ਜੱਗੀ ਨੂੰ ਇਸ ਨੌਕਰੀ ਦੌਰਾਨ ਵੀ ਜਿੰਦਗੀ ਦੀ ਕੋਈ ਸੁਖੈਨ ਘੜੀ ਨਸੀਬ ਨਾ ਹੋ ਸਕੀ। ਇਨ੍ਹਾਂ ਨੇ ਸਵੇਰੇ ਉਠਣਾ, ਰੇਲਵੇ ਸਟੇਸ਼ਨ ਜਾਣਾ, ਸੰਜਮ ਨਾਲ ਭੋਜਨ ਕਰਨਾ, ਦਿਨ ਭਰ ਚਾਹ ਤੱਕ ਵੀ ਨਾ ਪੀਣੀ, ਬਿਲਕੁਲ ਸਾਦਾ ਪਹਿਰਾਵਾ ਅਤੇ ਪੈਰੀਂ ਪੁਰਾਣੀ ਜੁੱਤੀ ਹੋਣੀ, ਅਜਿਹੀ ਆਰਥਿਕ ਤੰਗੀ ਵਿਚ ਸਮਾਂ ਲੰਘਾਇਆ। ਇਹ ਨੌਕਰੀ 7 ਜਨਵਰੀ ਸੰਨ 1949 ਤੋਂ 10 ਅਕਤੂਬਰ ਸੰਨ 1950 ਤੱਕ ਹੀ ਚੱਲੀ। ਨੌਕਰੀ ਛੱਡਣ ਕਰਕੇ ਆਰਥਿਕ ਤੰਗੀ ਦਿਨੋ-ਦਿਨ ਵਧਦੀ ਗਈ। ਹੁਣ ਸਮੁੱਚਾ ਪਰਿਵਾਰ ਅੰਬਾਲੇ ਆ ਗਿਆ, ਜਿਸ ਵਿਚ ਇਨ੍ਹਾਂ ਦੇ ਮਾਤਾ-ਪਿਤਾ, ਦੋ ਭੈਣਾਂ ਅਤੇ ਚਾਰ ਭਰਾ ਸਨ। ਵੱਡਾ ਭਰਾ ਕਦੇ-ਕਦਾਈਂ ਇਥੇ ਆ ਜਾਂਦਾ ਸੀ। ਪਰਿਵਾਰ ਨੇ ਵੀਹ ਰੁਪਏ ਵਿਚ ਕਿਰਾਏ ‘ਤੇ ਦੋ ਕਮਰੇ ਲੈ ਲਏ। ਇਥੇ ਹੀ ਇਕ ਭੈਣ ਦਾ ਵਿਆਹ ਕੀਤਾ। ਭਰਾ ਦੀ ਤਨਖ਼ਾਹ ਕੇਵਲ ਇਕ ਸੌ ਸੱਤ ਰੁਪਏ ਸੀ, ਜੋ ਕਿ ਵੱਡੇ ਪਰਿਵਾਰ ਦੇ ਖਰਚੇ ਲਈ ਬਹੁਤ ਥੋੜ੍ਹੀ ਸੀ। ਇਨ੍ਹਾਂ ਦੇ ਅੰਦਰਲੀ ਪ੍ਰਤਿਭਾ ਗਰੀਬੀ, ਦੁੱਖਾਂ ਅਤੇ ਬੇਵਸੀਆਂ ਵਿਚ ਗਵਾਚੀ ਨਹੀਂ ਸਗੋਂ ਅਜਿਹੇ ਹਾਲਾਤਾਂ ਨੇ ਉਨ੍ਹਾਂ ਨੂੰ ਕਠਿਨ ਘਾਲਣਾ ਲਈ ਤਿਆਰ ਕਰ ਦਿਤਾ। ਅੰਬਾਲੇ ਵਿਚ ਹੀ ਇੰਨ੍ਹਾਂ ਨੇ ਐਫ.ਏ. ਅੰਗਰੇਜ਼ੀ ਪਾਸ ਕਰਕੇ ਫੋਰਥ ਇਨਫੈਂਟਰੀ ਡਵੀਜ਼ਨ ਦੇ ਵਿਭਾਗ ਵਿਚ ਨੌਕਰੀ ਸ਼ੁਰੂ ਕੀਤੀ। ਪਰ ਇਹ ਨੌਕਰੀ ਵੀ ਬਹੁਤੀ ਦੇਰ ਨਾ ਚੱਲੀ ਫਿਰ ਇਹ ਪੁਲਿਸ ਫਾਈਡ ਦਫ਼ਤਰੀ ਅਮਲੇ ਵਿਚ ਭਰਤੀ ਹੋ ਗਏ। ਹੁਣ ਅੰਬਾਲੇ ਤੋਂ ਸਾਰਾ ਪਰਿਵਾਰ ਦਿੱਲੀ ਆ ਗਿਆ, ਜਿਥੇ ਰੌਸ਼ਨਆਰਾ ਰੋਡ ’ਤੇ ‘ਪਹਾੜ ਘਰ’ ਨਾਂ ਦੀ ਗਲੀ ਵਿਚ ਇਕ ਛੋਟੇ ਜਿਹੇ ਕਮਰੇ ਵਿਚ ਹੀ ਸਾਰਾ ਪਰਿਵਾਰ ਰਹਿਣ ਲੱਗਾ। ਇਹ ਸਮਾਂ ਵੀ ਇੰਨ੍ਹਾਂ ਦੀ

ਜਿੰਦਗੀ ਵਿਚ ਅਤਿ ਕਠਿਨਾਈ ਵਾਲਾ ਰਿਹਾ। ਪ੍ਰੰਤੂ ਇੰਨ੍ਹਾਂ ਨੇ ਇਹ ਨੌਕਰੀ ਪ੍ਰਾਪਤ ਕਰਕੇ ਮਿਹਨਤ ਕਰਨੀ ਨਾ ਛੱਡੀ। ਇਨ੍ਹਾਂ ਦੇ ਜੀਵਨ ਵਿਚ ਕੁਝ ਅਜਿਹਾ ਸਮਾਂ ਵੀ ਆਇਆ ਜਿਸ ਨੇ ਉਨ੍ਹਾਂ ਦੇ ਜੀਵਨ ਮਨੋਰਥ ਨੂੰ ਹੋਰ ਦ੍ਰਿੜ੍ਹ ਕਰ ਦਿੱਤਾ। ਇਹ ਪੁਲਿਸ ਲਾਈਨ ਪੈਦਲ ਜਾਂਦੇ ਅਤੇ ਡਿਊਟੀ ਤੋਂ ਵਾਪਿਸ ਆ ਕੇ ਰਾਤ ਨੂੰ ਕਮਰੇ ਦੇ ਬਾਹਰ ਲੈਂਪ ਲਾ ਕੇ ਪੜ੍ਹਦੇ। ਭਾਵੇਂ ਲੈਂਪ ਦੀ ਰੌਸ਼ਨੀ ’ਤੇ ਕਾਫ਼ੀ ਪਤੰਗੇ ਵੀ ਆਉਂਦੇ ਪਰ ਇਨ੍ਹਾਂ ਦੀ ਵਿਦਿਆ ਪ੍ਰਤਿ ਲਗਨ ਵਿਚ ਉਹ ਰੁਕਾਵਟ ਨਾ ਬਣ ਸਕੇ। ਇਉਂ ਮਿਹਨਤ ਕਰਦਿਆਂ ਸੰਨ 1952 ਵਿਚ ਪੱਤਰਕਾਰਤਾ ਦਾ ਡਿਪਲੋਮਾ ਅਤੇ ਬੀ.ਏ. ਪਾਸ ਕਰ ਲਈ। ਹਾਲਾਂਕਿ ਉਨ੍ਹਾਂ ਦੇ ਮਨ ਵਿਚ ਵਕੀਲ ਬਨਣ ਦੀ ਚਾਹਤ ਸੀ ਪਰ ਫ਼ੀਸ ਦਾ ਪ੍ਰਬੰਧ ਨਾ ਹੋਣ ਕਰਕੇ ਇਹ ਚਾਹਤ ਪੂਰੀ ਨਾ ਹੋ ਸਕੀ।

ਪੁਲਿਸ ਵਿਭਾਗ ਵਿਚ ਹਿੰਦੀ ਭਾਸ਼ਾ ਜ਼ਰੂਰੀ ਸੀ, ਪਰ ਇਹ ਇਸ ਭਾਸ਼ਾ ਤੋਂ ਅਨਜਾਣ ਸਨ। ਜਦੋਂ ਇੰਨ੍ਹਾਂ ਨੇ ਵਿਭਾਗ ਦੇ ਇੰਚਾਰਜ਼ ਸ੍ਰੀ ਓਮ ਪ੍ਰਕਾਸ਼ ਮਹਿਤਾਨੀ ਤੋਂ ਜਾਣਕਾਰੀ ਲਈ ਪੁਛਿਆ ਤਾਂ ਉਨ੍ਹਾਂ ਨੇ ਕਟਾਖਸ ਸ਼ਬਦਾਂ ਵਿਚ ਕਿਹਾ ਕਿ ਤੂੰ ਹਿੰਦੀ ਨਹੀਂ ਪੜ੍ਹ ਸਕਦਾ। ਕਈ ਵਾਰੀ ਕਿਸੇ ਦੁਆਰਾ ਕਿਹਾ ਕੋਈ ਸ਼ਬਦ, ਮਨੁੱਖ ਦੀ ਜਿੰਦਗੀ ਦਾ ਰੁਖ ਬਦਲ ਦਿੰਦਾ ਹੈ। ਡਾ. ਜੱਗੀ ਨੇ ਇਨ੍ਹਾਂ ਬੋਲਾਂ ਨੂੰ ਦਿਲ ’ਤੇ ਲਾ ਕੇ ਇਸ ਭਾਸ਼ਾ ਵਿਚ ਵੀ ਮੁਹਾਰਤ ਹਾਸਿਲ ਕੀਤੀ। ਅਜਿਹਾ ਸਮਾਂ ਹੀ ਇੰਨ੍ਹਾਂ ਦੇ ਜੀਵਨ ਵਿਚ ਉਦੋਂ ਆਇਆ ਜਦੋਂ ਇਨ੍ਹਾਂ ਨੇ ਪੰਜਾਬੀ ਐਮ.ਏ. ਦੀ ਪੜ੍ਹਾਈ ਕੀਤੀ। ਇਨ੍ਹਾਂ ਦੇ ਅਧਿਆਪਕ ਪ੍ਰੋ. ਦਿਲਜੀਤ ਸਿੰਘ ਨੇ ਵਿਦਿਆਰਥੀਆਂ ਨੂੰ ‘ਸਾਹਿਤ ਵਿਚ ਨਗਨਵਾਦ’ ਵਿਸ਼ੇ ’ਤੇ ਲੇਖ ਲਿਖਣ ਲਈ ਕਿਹਾ। ਉਦੋਂ ਡਾ. ਜੱਗੀ ਦਾ ਲਿਖਿਆ ਲੇਖ ਪੜ੍ਹ ਕੇ ਪ੍ਰੋ. ਦਿਲਜੀਤ ਸਿੰਘ ਨੇ ਕਿਹਾ ਸੀ ਕਿ ਤੂੰ ਦਸ ਜਨਮ ਧਾਰ ਕੇ ਵੀ ਐਮ.ਏ. ਪਾਸ ਨਹੀਂ ਕਰ

ਸਕਦਾ। ਪ੍ਰੰਤੂ ਇਨ੍ਹਾਂ ਦੀ ਮਿਹਨਤ ਅਤੇ ਸਿਰੜ ਅੱਗੇ ਪ੍ਰੋ. ਦਿਲਜੀਤ ਸਿੰਘ ਦੇ ਇਹ ਬੋਲ ਵੀ ਛੋਟੇ ਪੈ ਗਏ। ਉਹੀ ਡਾ. ਜੱਗੀ ਮੰਜਿਲਾਂ ਸਰ ਕਰਦੇ 'ਪੰਜਾਬੀ ਸਾਹਿਤ ਸ਼੍ਰੋਮਣੀ' ਬਣ ਗਏ।

ਪੁਲਿਸ ਮਹਿਕਮੇ ਵਿਚ ਡਿਊਟੀ ਕਰਦਿਆਂ ਵੀ ਇਨ੍ਹਾਂ ਨੂੰ ਹੋਰ ਕਈ ਔਕੜਾਂ ਦਾ ਸਾਹਮਣਾ ਕਰਨਾ ਪਿਆ, ਜਿਵੇਂ ਕਿ ਨਿੱਤ ਡਿਊਟੀ ਪੈਦਲ ਜਾਣਾ, ਸਮੇਂ ਦੀ ਘਾਟ ਕਾਰਨ ਪੜ੍ਹਨ ਲਈ ਸਮਾਂ ਨਾ ਮਿਲਣਾ, ਪੜ੍ਹਾਈ ਲਈ ਕੋਈ ਚੰਗੀ ਸੁਵਿਧਾ ਵੀ ਨਾ ਹੋਣੀ, ਪੜ੍ਹਨ ਲਈ ਪੂਰੀਆਂ ਕਿਤਾਬਾਂ ਦਾ ਵੀ ਨਾ ਹੋਣਾ। ਅਜਿਹਾ ਸਮਾਂ ਵੀ ਇਨ੍ਹਾਂ ਦੀ ਜਿੰਦਗੀ ਵਿਚ ਆਇਆ ਪਰ ਉਨ੍ਹਾਂ ਦੇ ਹੌਂਸਲੇ ਅੱਗੇ ਸਭ ਕੁਝ ਫ਼ਿਕਾ ਪੈ ਗਿਆ। ਇਸੇ ਤਰ੍ਹਾਂ ਹੀ ਇੰਨ੍ਹਾਂ ਨੇ ਐਮ.ਏ. ਪੰਜਾਬੀ ਕਰਨ ਤੋਂ ਬਾਅਦ ਸੁਖੈਨ ਰੂਪ ਵਿਚ ਨੌਕਰੀ ਪ੍ਰਾਪਤ ਕਰਨ ਵਾਸਤੇ ਪ੍ਰੋ. ਰਾਮ ਸਿੰਘ ਦੇ ਕਹਿਣ 'ਤੇ ਦੋ ਪਰਚੇ 'ਪੁਰਾਤਨ ਜਨਮਸਾਖੀ ਦੀ ਸਾਹਿਤਕ ਵਿਸ਼ੇਸ਼ਤਾ' ਅਤੇ 'ਆਈ.ਸੀ. ਨੰਦਾ ਦੀ ਨਾਟਕ ਕਲਾ' ਪੜਿਆ। ਪ੍ਰੋ. ਰਾਮ ਸਿੰਘ ਤੋਂ ਸਰਟੀਫਿਕੇਟ ਦੀ ਮੰਗ ਕੀਤੀ ਤਾਂ ਉਨ੍ਹਾਂ ਕਿਹਾ ਕਿ ਸੈਕਿੰਡ ਕਲਾਸ ਪਾਸ ਨੂੰ ਨੌਕਰੀ ਲਈ ਕੌਣ ਪੁੱਛਦਾ ਹੈ। ਇਹ ਬੜੀ ਹੈਰਾਨੀ ਜਨਕ ਗੱਲ ਹੈ ਕਿ ਇਨ੍ਹਾਂ ਨੂੰ ਜੀਵਨ ਵਿਚ ਹੌਂਸਲਾ ਦੇਣ ਵਾਲੇ ਬਹੁਤ ਘੱਟ, ਪਰ ਨਿਸ਼ਾਨੇ ਤੋਂ ਡੁਲਾਉਣ ਵਾਲੇ ਜਿਆਦਾ ਮਿਲੇ ਹਨ। ਇਹ ਸਾਰੇ ਕਹੇ ਹੋਏ ਸ਼ਬਦ ਇਨ੍ਹਾਂ ਦੀ ਜ਼ਿੰਦਗੀ ਵਿਚ ਉਚ-ਮਿਆਰੀ ਬਨਣ ਵਾਲੀ ਸਖ਼ਸ਼ੀਅਤ ਲਈ ਵੰਗਾਰ ਹੀ ਪ੍ਰਵਾਨ ਕੀਤੇ ਸਕਦੇ ਹਨ। ਇਹ ਉਹ ਘਟਨਾਵਾਂ ਹਨ ਜਿਨ੍ਹਾਂ ਨੇ ਇੰਨ੍ਹਾਂ ਨੂੰ ਸਖ਼ਤ ਮਿਹਨਤ ਲਈ ਤਿਆਰ ਕਰਕੇ ਜੀਵਨ ਦੀਆਂ ਬੁਲੰਦੀਆਂ 'ਤੇ ਪਹੁੰਚਾ ਦਿੱਤਾ। ਡਾ. ਨਰਿੰਦਰ ਸਿੰਘ ਕਪੂਰ ਕਹਿੰਦੇ ਹਨ ਕਿ 'ਉਖੜੇ ਹੋਏ ਝੰਡੇ ਜਾਂ ਡਿੱਗੇ ਹੋਏ ਤੰਬੂ ਜਾਂ ਬੁਝੇ ਹੋਏ ਚੁੱਲ੍ਹੇ ਜਾਂ ਹਾਰੀਆਂ ਹੋਈਆਂ ਫ਼ੌਜਾਂ ਕਿਸੇ ਦੀ ਧਰਵਾਸ ਨਹੀਂ ਬਣਦੀਆਂ। ਹਾਰੀਆਂ ਹੋਈਆਂ

ਹਿੰਮਤਾਂ, ਸਰੀਰ ਵਿਚੋਂ ਜੀਵਨ-ਰਸ ਅਤੇ ਜੀਵਨ-ਤਾਂਘ ਚੂਸ ਲੈਂਦੀਆਂ ਹਨ।'[11] ਹਰ ਕੰਮ ਦੀ ਗਹਿਰਾਈ ਤੱਕ ਜਾਣ ਦੀ ਲਗਨ ਅਤੇ ਆਪਣੇ ਕਾਰਜ ਪ੍ਰਤੀ ਸਮਰਪਿਤ ਭਾਵਨਾ ਨੇ ਇੰਨ੍ਹਾਂ ਨੂੰ ਪਿੱਛੇ ਨਾ ਹਟਣ ਦਿਤਾ। ਸੰਨ 1957 ਵਿਚ ਚੰਗੇ ਨੰਬਰਾਂ ਨਾਲ ਐਮ. ਏ. ਹਿੰਦੀ ਵੀ ਪਾਸ ਕਰ ਲਈ।

ਇੰਨ੍ਹਾਂ ਨੂੰ ਐਮ. ਏ. ਕਰਨ ਉਪਰੰਤ ਸਬ-ਇੰਸਪੈਕਟਰ ਬਨਣ ਲਈ ਵਿਭਾਗ ਵਲੋਂ ਰਿਪੋਰਟ ਦਾ ਕੋਰਸ ਕਰਨ ਵਾਸਤੇ ਫਿਲੌਰ ਭੇਜਿਆ ਜਾਣਾ ਸੀ। ਪ੍ਰੰਤੂ ਡਾ. ਜੱਗੀ ਹੁਣ ਇਹ ਮਹਿਕਮਾ ਤਿਆਗ ਕੇ ਅਧਿਐਨ ਅਤੇ ਅਧਿਆਪਨ ਦੇ ਖੇਤਰ ਵਿਚ ਜਾਣਾ ਚਾਹੁੰਦੇ ਸਨ। ਇੰਨ੍ਹਾਂ ਨੂੰ ਪੁਲਿਸ ਵਿਭਾਗ ਵਿਚ ਵਿਭਾਗੀ ਕਰਮਚਾਰੀਆਂ ਵਲੋਂ ਲੈਣ-ਦੇਣ ਅਤੇ ਫੋਕਾ ਰੋਹਬ-ਦਾਬ ਅਤੇ ਵਗਾਰਾਂ ਦੀ ਪੂਰਤੀ ਵੀ ਚੰਗੀ ਨਹੀਂ ਲੱਗਦੀ ਸੀ। ਇਸ ਰਿਸ਼ਵਤ ਭਰੇ ਮਾਹੌਲ ਵਿਚ ਧਾਰਮਿਕ ਕਦਰਾਂ-ਕੀਮਤਾਂ ਵਾਲੇ ਇਨਸਾਨ ਨੂੰ ਘੁਟਣ ਜਿਹੀ ਮਹਿਸੂਸ ਹੁੰਦੀ ਹੈ। ਜਿਸ ਕਰਕੇ ਇਨ੍ਹਾਂ ਨੇ 20 ਸਤੰਬਰ ਸੰਨ 1957 ਨੂੰ ਇਸ ਡਿਊਟੀ ਤੋਂ ਤਿਆਗ ਪੱਤਰ ਦੇ ਦਿਤਾ, ਇਸ ਬਦਲੇ ਭਾਵੇਂ ਇਨ੍ਹਾਂ ਨੂੰ ਆਪਣੇ ਵਿਭਾਗ ਦੇ ਸੀਨੀਅਰ ਅਫਸਰਾਂ ਦੀ ਨਰਾਜਗੀ ਵੀ ਝੱਲਣੀ ਪਈ। ਕਿਉਂਕਿ ਉਹ ਇਕ ਸੁਯੋਗ ਅਤੇ ਦ੍ਰਿੜ੍ਹ ਵਿਸ਼ਵਾਸੀ ਇਨਸਾਨ ਨੂੰ ਆਪਣੇ ਕੋਲੋਂ ਗਵਾਉਣਾ ਨਹੀਂ ਚਾਹੁੰਦੇ ਸਨ। ਡਾ. ਜੱਗੀ ਵਿਭਾਗੀ ਕਾਰਜ ਨੂੰ ਬੜੀ ਦਿਲਚਸਪੀ ਅਤੇ ਸੁਹਿਰਦਤਾ ਨਾਲ ਨਿਭਾਉਂਦੇ ਰਹੇ। ਪੁਲਿਸ ਮਹਿਕਮੇ ਵਿਚ ਰਹਿੰਦਿਆਂ ਆਪਣੇ ਆਪ ਨੂੰ ਹਰ ਪੱਖੋਂ ਬੇਦਾਗ ਰੱਖਣਾ ਇਹ ਵੀ ਇੰਨ੍ਹਾਂ ਦੀ ਨੇਕਦਿਲੀ ਅਤੇ ਇਮਾਨਦਾਰੀ ਦਾ ਹੀ ਸਬੂਤ ਹੈ। ਇਹ ਵੀ ਰੌਚਕ ਸੱਚ ਹੈ

[11] *ਰਾਹ-ਰਸਤੇ*, ਪੰ.18.

ਕਿ ਪੰਜਾਬੀ ਸਾਹਿਤ ਦੇ ਕਈ ਚਮਕਦੇ ਸਿਤਾਰਿਆਂ ਦੇ ਮੁਢਲੇ ਜੀਵਨ ਵਿਚ ਉਨ੍ਹਾਂ ਦਾ ਕਿੱਤਾ ਹੋਰ ਰਿਹਾ ਪਰ ਬਾਅਦ ਵਿਚ ਉਹ ਸਾਹਿਤਿਕ ਖੇਤਰ ਵਿਚ ਆ ਗਏ, ਜਿਵੇਂ ਪ੍ਰੋ. ਪੂਰਨ ਸਿੰਘ ਦਾ ਖੇਤਰ ਰਸਾਇਣ ਵਿਗਿਆਨ ਸੀ ਅਤੇ ਗੁਰਬਖਸ਼ ਸਿੰਘ ਪ੍ਰੀਤਲੜੀ ਕਿੱਤੇ ਵਜੋਂ ਇੰਜੀਨੀਅਰ ਸਨ। ਆਪਣੀ ਤੀਬਰ ਇੱਛਾ ਅਨੁਸਾਰ ਇੰਨ੍ਹਾਂ ਨੇ ਵੀ ਲੈਕਚਰਾਰ ਲੱਗਣ ਲਈ ਖਾਲਸਾ ਕਾਲਜ, ਅੰਮ੍ਰਿਤਸਰ ਅਤੇ ਹਿੰਦੂ ਕਾਲਜ, ਸੋਨੀਪਤ ਵਿਚ ਦਰਖਾਸਤਾਂ ਭੇਜੀਆਂ। ਇੰਟਰਵਿਊ ਪਾਸ ਕਰਨ ਉਪਰੰਤ ਉਨ੍ਹਾਂ ਨੂੰ ਸੋਨੀਪਤ ਕਾਲਜ ਵਿਚ ਹਿੰਦੀ ਅਤੇ ਪੰਜਾਬੀ ਵਿਸ਼ੇ ਲਈ ਲੈਕਚਰਾਰ ਚੁਣ ਲਿਆ ਗਿਆ।

ਸੋਨੀਪਤ ਕਾਲਜ ਵਿਚ ਇਹ ਹਿੰਦੀ ਅਤੇ ਪੰਜਾਬੀ ਦੇ ਕੁਲ 16 ਪੀਰੀਅਡ ਲਾਉਂਦੇ ਰਹੇ। ਇਥੇ ਵੀ ਇਨ੍ਹਾਂ ਦੀ ਲਿਆਕਤ, ਸੂਝ-ਬੂਝ, ਅਨੁਸ਼ਾਸ਼ਨ ਅਤੇ ਪੜ੍ਹਾਉਣ ਦੇ ਢੰਗ ਨੂੰ ਸਲਾਹਿਆ ਗਿਆ। ਡਾ. ਜੱਗੀ ਕਾਫ਼ੀ ਸਮਾਂ ਖੁਦ ਦੀ ਪੜ੍ਹਾਈ ਵਿਚ ਵੀ ਲਾਉਂਦੇ ਰਹੇ। ਇਨ੍ਹਾਂ ਦਿਨਾਂ ਵਿਚ ਹੀ ਇਨ੍ਹਾਂ ਨੇ ਸਾਹਿਤ, ਫਿਲਾਸਫ਼ੀ ਅਤੇ ਧਾਰਮਿਕ ਸਾਹਿਤ ਦਾ ਚੰਗੀ ਤਰ੍ਹਾਂ ਅਧਿਐਨ ਕੀਤਾ। ਜਿਸ ਦੇ ਫ਼ਲਸਰੂਪ ਇਹ ਅਧਿਆਪਨ ਅਤੇ ਲੇਖਨ ਦੇ ਖੇਤਰ ਵਿਚ ਅੱਗੇ ਵਧਦੇ ਗਏ।

ਇਨ੍ਹਾਂ ਹੀ ਦਿਨਾਂ ਵਿਚ 'ਪੰਜਾਬ ਪਬਲਿਕ ਸਰਵਿਸ ਕਮਿਸ਼ਨ' ਵਲੋਂ ਲੈਕਚਰਾਰਾਂ ਦੀਆਂ ਅਸਾਮੀਆਂ ਕੱਢੀਆਂ ਗਈਆਂ, ਜਿਸ ਵਿਚ ਇਨ੍ਹਾਂ ਨੇ ਵੀ ਅਰਜੀ ਦਿੱਤੀ। ਇੰਟਰਵਿਊ ਦੌਰਾਨ 'ਪ੍ਰੋ. ਮੋਹਨ ਸਿੰਘ ਦੀ ਕਵਿਤਾ ਵਿਚ ਚਿਰਜੀਵੀ ਅੰਸ਼' ਅਤੇ 'ਭਾਈ ਵੀਰ ਸਿੰਘ ਅਤੇ ਭਾਰਤੇਂਦੂ ਹਰਿਸ਼ਚੰਦਰ ਦਾ ਤੁਲਨਾਤਮਕ ਅਧਿਐਨ' ਵਿਸ਼ੇ 'ਤੇ ਪੰਜ-ਪੰਜ ਮਿੰਟ ਲੈਕਚਰ ਦਿੱਤੇ

ਅਤੇ ਗੌਰਮਿੰਟ ਕਾਲਜ ਹਿਸਾਰ ਲਈ ਚੁਣੇ ਗਏ। ਇਨ੍ਹਾਂ ਨੇ ਸੋਨੀਪਤ ਕਾਲਜ ਦੇ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਵਲੋਂ ਭਾਵ-ਭਿੰਨੀ ਵਿਦਾਇਗੀ ਪ੍ਰਾਪਤ ਕਰਕੇ 16 ਮਾਰਚ 1958 ਨੂੰ ਗੌਰਮਿੰਟ ਕਾਲਜ ਹਿਸਾਰ ਵਿਚ ਹਿੰਦੀ-ਕਮ-ਪੰਜਾਬੀ ਲੈਕਚਰਾਰ ਵਜੋਂ ਚਾਰਜ ਸੰਭਾਲ ਲਿਆ। ਇਨ੍ਹਾਂ ਦੀ ਵਚਨ-ਬੱਧਤਾ ਦਾ ਇਹ ਵੀ ਵਡੇਰਾ ਸਬੂਤ ਹੈ ਕਿ ਹਿਸਾਰ ਡਿਊਟੀ ਕਰਦਿਆਂ ਸੋਨੀਪਤ ਕਾਲਜ ਵਿਚ ਅਧੂਰਾ ਸਿਲੇਬਸ ਵਿਦਿਆਰਥੀਆਂ ਨੂੰ ਸਮਾਂ ਕੱਢ ਕੇ ਪੂਰਾ ਕਰਾ ਕੇ ਆਏ। ਉਥੇ ਹਿੰਦੀ ਪੜ੍ਹਾਉਣ ਲਈ ਬੀ. ਏ. ਸੰਸਕ੍ਰਿਤ ਕਰਨਾ ਲਾਜ਼ਮੀ ਸੀ। ਹਰ ਸਥਿਤੀ ਦਾ ਦਲੇਰੀ ਨਾਲ ਸਾਹਮਣਾ ਕਰਨ ਦੇ ਮਾਦੇ ਵਾਲੇ ਡਾ. ਜੱਗੀ ਨੇ ਇਕ ਬਿਹਾਰੀ ਪੰਡਿਤ ਕੋਲੋਂ ਸਖਤ ਮਿਹਨਤ ਕਰਕੇ ਸੰਸਕ੍ਰਿਤ ਸਿੱਖੀ ਅਤੇ ਬੇਝਿਜਕ ਹੋ ਕੇ ਆਪਣੇ ਹੀ ਵਿਦਿਆਰਥੀਆਂ ਵਿਚ ਬੈਠ ਕੇ ਇਮਤਿਹਾਨ ਦਿਤਾ। ਹਿਸਾਰ ਕਾਲਜ ਵਿਚ ਹੀ ਇੰਨ੍ਹਾਂ ਦਾ ਮਨ ਪੀਐਚ.ਡੀ. ਕਰਨ ਲਈ ਪ੍ਰੇਰਰਿਤ ਹੋਇਆ। ਇਸਦਾ ਕਾਰਨ ਪ੍ਰਿੰ. ਡਾ. ਜੈਨ ਦਾ ਰੋਜ਼ਾਨਾ ਪਹਿਨਣ ਵਾਲਾ ਵਿਸ਼ੇਸ਼ ਗਾਊਨ ਸੀ। ਉਸ ਗਾਊਨ ਨੇ ਇੰਨ੍ਹਾਂ ਨੂੰ ਬੜਾ ਪ੍ਰਭਾਵਿਤ ਕੀਤਾ ਅਤੇ ਖੋਜ ਖੇਤਰ ਵਿਚ ਲੈ ਆਇਆ। ਜਦੋਂ ਵੀ ਕਿਸੇ ਉਚ-ਇਰਾਦੇ ਵਾਲੇ ਮਨੁੱਖ ਦੇ ਵਿਚਾਰ ਮੰਡਲ ਵਿਚ ਕੋਈ ਨੇਕ ਵਿਚਾਰ ਆਵੇ, ਉਸਦੀ ਪੂਰਤੀ ਵਾਸਤੇ ਉਹ ਹਰ ਮੁਸੀਬਤ ਦਾ ਸਾਹਮਣਾ ਕਰਦਾ ਹੋਇਆ ਸੁਪਨੇ ਸਾਕਾਰ ਕਰਨ ਦਾ ਹਾਮੀ ਹੁੰਦਾ ਹੈ। ਇਹ ਵੀ ਹਕੀਕਤ ਹੈ ਕਿ ਕੋਈ ਵੀ ਇਨਸਾਨ ਉਦੋਂ ਤੱਕ ਉਚਾ ਦਰਜਾ ਪ੍ਰਾਪਤ ਨਹੀਂ ਕਰ ਸਕਦਾ ਜਿੰਨਾ ਚਿਰ ਉਹ ਆਪਣੇ ਪਹਿਲੇ ਦਰਜੇ ਨੂੰ ਹੀਣ ਨਾ ਸਮਝੇ। ਡਾ. ਜੱਗੀ ਦੀ ਖੋਜਮਈ ਬਿਰਤੀ ਤਾਂ ਪੁਲਿਸ ਮਹਿਕਮੇ ਦੀ ਡਿਊਟੀ ਦੌਰਾਨ ਹੀ ਬਣ ਗਈ ਸੀ। ਜਿਸ ਪ੍ਰਤਿ ਇਨ੍ਹਾਂ ਦਾ ਕਹਿਣਾ ਹੈ 'ਖੋਜ ਕਰਨ ਦੀ ਮੂਲ ਪ੍ਰੇਰਣਾ ਮੈਨੂੰ

ਸੀ.ਆਈ.ਡੀ ਦੇ ਦਫਤਰੋਂ ਮਿਲੀ ਸੀ। ਕਿਉਂਕਿ ਉਥੇ ਦਾ ਸਮੁੱਚਾ ਵਾਤਾਵਰਣ ਹੀ ਖੋਜਮਈ ਸੀ। ਰਾਜਨੀਤਿਕ ਆਗੂਆਂ ਦੇ ਹਿਸਟਰੀਸ਼ੀਟਸ ਮੈਨੂੰ ਤਿਆਰ ਕਰਨੇ ਪੈਂਦੇ ਸਨ। ਇਹੀ ਵਿਧੀ ਮੈਨੂੰ ਸਾਹਿਤਿਕ ਖੇਤਰ ਵਿਚ ਬਹੁਤ ਉਪਯੋਗੀ ਸਿੱਧ ਹੋਈ।'[12]

ਡਾ. ਜੱਗੀ ਨੂੰ ਡਾ.ਹਰਭਜਨ ਸਿੰਘ ਦਿੱਲੀ ਨੇ *ਦਸਮ ਗ੍ਰੰਥ* 'ਤੇ ਖੋਜ ਕਰਨ ਲਈ ਪ੍ਰੇਰਿਤ ਕੀਤਾ। ਕਾਲਜ ਦੀਆਂ ਹੋਰ ਸਭਿਆਚਾਰਕ ਗਤੀਵਿਧੀਆਂ ਤੋਂ ਕਿਨਾਰਾ ਕਰਕੇ ਦਿਨ ਰਾਤ ਇਕ ਕਰਦਿਆਂ ਖੋਜ ਕਰਨ ਵਿਚ ਜੁਟ ਗਏ। ਇਸ ਕਾਰਜ ਲਈ ਡਾ. ਜੱਗੀ ਨੇ ਪ੍ਰਮਾਣਿਕ-ਅਪ੍ਰਮਾਣਿਕ ਪੁਸਤਕਾਂ, ਪੁਛ-ਪੜਤਾਲ, ਹੱਥ ਲਿਖਤਾਂ, ਖੋਜ-ਦੌਰਿਆਂ, ਵਾਦ-ਸੰਵਾਦ ਹਰ ਸੰਭਵ ਢੰਗ ਰਾਹੀਂ ਵੱਡੇ ਪੈਮਾਨੇ 'ਤੇ ਇਤਿਹਾਸਕ ਸਮੱਗਰੀ ਨੂੰ ਇਕੱਠਾ ਕੀਤਾ। ਕਾਫ਼ੀ ਲਾਇਬ੍ਰੇਰੀਆਂ ਵਿਚ ਜਾਣ ਤੋਂ ਇਲਾਵਾ ਕਈ ਥਾਵਾਂ 'ਤੇ ਵਿਸ਼ੇਸ਼ ਕਰਕੇ ਗਏ। ਡਾ. ਗੰਡਾ ਸਿੰਘ, ਭਾਈ ਜੋਧ ਸਿੰਘ, ਡਾ. ਹਜਾਰੀ ਪ੍ਰਸਾਦ ਦਿਵੇਦੀ ਅਤੇ ਡਾ. ਬਲਦੇਵ ਉਪਾਧਿਆਇ ਆਦਿ ਵਿਦਵਾਨਾਂ ਨਾਲ ਵੀ ਸੰਵਾਦ ਕਰਦੇ ਰਹੇ। ਭਾਵੇਂ ਇਸ ਖੋਜ 'ਤੇ ਕਈ ਤਰ੍ਹਾਂ ਦੇ ਵਿਵਾਦ ਵੀ ਉਠੇ ਪਰ ਡਾ. ਜੱਗੀ ਆਪਣੀ ਚਾਲ ਚਲਦੇ ਗਏ। ਮਹਿੰਦਰਾ ਕਾਲਜ ਪਟਿਆਲਾ ਵਿਚ ਹਿੰਦੀ ਵਿਭਾਗ ਦੇ ਮੁਖੀ ਡਾ.ਕਿਰਣ ਚੰਦਰ ਸ਼ਰਮਾ ਦੀ ਨਿਗਰਾਨੀ ਵਿਚ ਡਾ. ਜੱਗੀ ਨੇ ਦਸੰਬਰ 1962 ਵਿਚ *ਦਸਮ ਗ੍ਰੰਥ ਮੇਂ ਸੰਗ੍ਰਹਿਤ ਕ੍ਰਿਤੀਆਂ ਦਾ ਵਿਵੇਚਨਾਤਮਕ ਅਧਿਐਨ* ਨਾਮਕ ਵਿਸ਼ੇ 'ਤੇ ਪੀਐਚ.ਡੀ. ਪੂਰੀ ਕੀਤੀ।

ਸੰਨ 1959 ਵਿਚ ਡਾ. ਜੱਗੀ ਦਾ ਵਿਆਹ ਦਿੱਲੀ ਸਥਿਤ 'ਸੈਨਿਕ ਸਮਾਚਾਰ' ਦੇ ਸਹਿ

---

[12] *ਪੂਰਵ ਅੰਕਿਤ,* ਪੰ.70.

ਸੰਪਾਦਕ ਗਿ. ਕੁਲਦੀਪ ਸਿੰਘ ਦੀ ਬੇਟੀ ਰਾਜਿੰਦਰ ਕੌਰ ਨਾਲ ਹੋਇਆ। ਵਿਆਹ ਤੋਂ ਬਾਅਦ 1959 ਤੋਂ ਲੈ ਕੇ 1975 ਤੱਕ ਡਾ. ਜੱਗੀ ਦੀ ਜਿੰਦਗੀ ਵਿਚ ਬੜਾ ਹੀ ਉਤਰਾਅ-ਚੜ੍ਹਾਅ ਵਾਲਾ ਸਮਾਂ ਰਿਹਾ। ਇਹ ਉਹ ਸਮਾਂ ਸੀ ਜਦੋਂ ਡਾ. ਜੱਗੀ ਸਾਹਿਤਕ ਖੇਤਰ ਵਿਚ ਅਗੇ ਵਧਦੇ ਜਾ ਰਹੇ ਸੀ। ਇਸ ਸਮੇਂ ਦੌਰਾਨ ਕਈ ਦੁਰਘਟਨਾਵਾਂ ਵਾਪਰੀਆਂ। ਡਾ. ਜੱਗੀ ਦੇ ਘਰ 16 ਦਸੰਬਰ 1960 ਨੂੰ ਪਹਿਲੇ ਬੇਟੇ ਮਾਲਵਿੰਦਰ ਸਿੰਘ ਨੇ ਜਨਮ ਲਿਆ। ਬੱਚੇ ਦੇ ਜਨਮ ਤੋਂ ਬਾਅਦ ਪਤਨੀ ਦੀ ਛਾਤੀ ਵਿਚ ਗਿਲਟੀ ਹੋ ਗਈ ਜਿਸ ਕਰਕੇ ਬੱਚੇ ਦਾ ਦੁੱਧ ਪੀਣਾ ਮਨ੍ਹਾ ਕਰ ਦਿੱਤਾ। ਡਾ. ਜੱਗੀ ਹਿਸਾਰ ਵਿਚ ਸਨ, ਪਰਿਵਾਰ ਮੇਰਠ ਵਿਚ ਸੀ ਅਤੇ ਪਤਨੀ ਦਿੱਲੀ ਬੀਮਾਰੀ ਨਾਲ ਜੂਝ ਰਹੀ ਸੀ। ਇਨ੍ਹਾਂ ਹਾਲਾਤਾਂ ਦੌਰਾਨ ਕਾਲਜ ਵਿਚ ਪੜ੍ਹਾਉਣ ਦੇ ਨਾਲ-ਨਾਲ ਮਾਨਸਿਕ ਤਣਾਅ ਝਲਦੇ ਹੋਏ ਵੀ ਆਪਣੇ ਮੂਲ ਕੰਮ ਸਾਹਿਤਕ ਖੋਜ ਵੱਲ ਵੀ ਪੂਰਾ ਧਿਆਨ ਦਿੰਦੇ ਰਹੇ। ਘਰੇਲੂ ਵਾਤਾਵਰਣ ਵੀ ਮਿਆਰੀ ਜੀਵਨ ਵਿਚ ਵਿਸ਼ੇਸ਼ ਮਹੱਤਵ ਰਖਦਾ ਹੈ ਕਿਉਂਕਿ ਅਜਿਹੇ ਸਮਿਆਂ ਦੀ ਧੁੰਦ ਵਿਚ ਗੁਆਚ ਜਾਣ ਤੋਂ ਮਿਹਨਤੀ ਅਤੇ ਦ੍ਰਿੜ੍ਹ ਇਰਾਦੇ ਵਾਲੇ ਇਨਸਾਨ ਹੀ ਬਚ ਸਕਦੇ ਹਨ। ਡਾ. ਜੱਗੀ ਦੀ ਬਦਲੀ ਹਿਸਾਰ ਤੋਂ ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਦੀ ਹੋ ਗਈ। ਪ੍ਰੰਤੂ ਇਥੇ ਜਿਆਦਾ ਸਮਾਂ ਨਾ ਠਹਿਰਦਿਆਂ 15 ਜੁਲਾਈ 1963 ਨੂੰ ਪੰਜਾਬੀ ਯੂਨੀਵਰਸਿਟੀ ਵਿਚ ਲੈਕਚਰਾਰ ਵਜੋਂ ਨਿਯੁਕਤ ਹੋ ਗਏ ਅਤੇ ਪਤਨੀ ਯੂਨੀਵਰਸਿਟੀ ਦੇ ਸਕੂਲ ਵਿਚ ਅਧਿਆਪਕ ਦੇ ਤੌਰ ਤੇ ਨਿਯੁਕਤ ਹੋ ਗਈ। ਪਟਿਆਲਾ ਵਿਚ ਹੀ ਦੂਜੇ ਬੇਟੇ ਦਾ ਜਨਮ ਹੋਇਆ ਅਤੇ 1968 ਵਿਚ ਡਾ. ਜੱਗੀ ਦਾ ਭਿਆਨਕ ਮੋਟਰਸਾਇਕਲ ਹਾਦਸਾ ਹੋ ਗਿਆ। ਜਿਸ ਕਰਕੇ ਡਾ. ਜੱਗੀ ਦੀ ਖੱਬੀ ਬਾਂਹ ਟੁੱਟ ਗਈ ਅਤੇ ਗਰਦਨ ਦੀ ਹੱਡੀ ਵਿਚ ਤ੍ਰੇੜ

ਪੈ ਗਈ ਜੋ ਬੜੀ ਹੀ ਖ਼ਤਰਨਾਕ ਸੀ। ਪਤਨੀ ਦੀਆਂ ਪਸਲੀਆਂ 'ਤੇ ਵੀ ਸੱਟਾਂ ਆਈਆਂ। ਸੰਨ 1971 ਵਿਚ ਡਾ. ਜੱਗੀ ਦੇ ਜੀਜਾ ਜੀ ਦੀ ਦਿੱਲੀ ਵਿਚ ਮੌਤ ਹੋ ਗਈ। ਸੰਨ 1974 ਵਿਚ ਪਤਨੀ ਨੂੰ ਲੰਗਸ ਫਾਈਬ੍ਰਾਸਿਸ ਹੋ ਗਿਆ, ਪ੍ਰੰਤੂ ਕਾਫ਼ੀ ਇਲਾਜ ਕਰਾਉਣ ਦੇ ਬਾਵਜੂਦ ਉਹ ਵੀ 24 ਮਾਰਚ 1975 ਨੂੰ ਪੀ.ਜੀ.ਆਈ ਵਿਚ ਸਾਥ ਛੱਡ ਗਈ। ਇਹ ਡਾ. ਜੱਗੀ ਦੇ ਜੀਵਨ ਵਿਚ ਅਤਿ ਦੇ ਦੁਖਾਂ ਦਾ ਸਮਾਂ ਸੀ। ਅਜਿਹੇ ਸਮੇਂ ਕਿਸੇ ਸਬੰਧੀ ਨੇ ਸਹਾਰਾ ਤਾਂ ਕੀ ਦੇਣਾ ਸੀ ਬਲਕਿ ਕਿਸੇ ਨੇ ਹੌਂਸਲਾ ਵੀ ਨਾ ਦਿੱਤਾ। ਇਹੋ ਜਿਹਾ ਸਮਾਂ ਵੱਡੇ-ਵੱਡੇ ਇਨਸਾਨਾਂ ਨੂੰ ਰੁਲਾ ਕੇ ਰੱਖ ਦਿੰਦਾ ਹੈ। ਅਸੀਂ ਆਮ ਵੇਖਦੇ ਹਾਂ ਕਿ ਉਦਾਸੀ ਦਾ ਆਲਮ ਕਈ ਵਾਰੀ ਮਨੁੱਖ ਨੂੰ ਆਪਣੀ ਮੰਜ਼ਿਲ ਤੋਂ ਥਿੜਕਾ ਦਿੰਦਾ ਹੈ।ਪਰ ਦ੍ਰਿੜ੍ਹ ਇਰਾਦੇ ਵਾਲਾ ਇਨਸਾਨ ਦੁੱਖਾਂ ਅਤੇ ਬੇਵਸੀਆਂ ਦੀ ਕੁਠਾਲੀ ਵਿਚ ਪੈ ਕੇ ਲਾਖ ਵਾਂਗ ਸੜ੍ਹਦਾ ਨਹੀਂ ਬਲਕਿ ਸੋਨੇ ਵਾਂਗ ਚਮਕਦਾ ਹੈ, ਜੀਵਨ ਘੋਲ ਘੁਲਦਾ ਹੈ। ਡਾ. ਜੱਗੀ ਦਿੜ੍ਹਤਾ ਨਾਲ ਜਿੰਦਗੀ ਦੇ ਅਗਲੇਰੇ ਰਾਹ ਨੂੰ ਰੁਸ਼ਨਾਉਣ ਲਈ ਤਿਆਰ ਹੋਏ। ਪ੍ਰੋ. ਹਰਬੰਸ ਸਿੰਘ ਅਤੇ ਵਾਈਸ ਚਾਂਸਲਰ ਸ੍ਰ. ਕ੍ਰਿਪਾਲ ਸਿੰਘ ਨੇ ਇਨ੍ਹਾਂ ਨੂੰ ਬੱਚਿਆਂ ਦੀ ਦੇਖ ਭਾਲ ਦਾ ਵਾਸਤਾ ਪਾ ਕੇ ਦੂਜਾ ਵਿਆਹ ਕਰਾਉਣ ਲਈ ਪ੍ਰੇਰਿਤ ਕੀਤਾ। ਜਿਸ ਸਦਕਾ ਡਾ.ਜੱਗੀ ਦਾ ਪੁਨਰ-ਵਿਆਹ, ਮਾਛੀਵਾੜਾ ਦੇ ਵਸਿੰਦੇ ਪਰਿਵਾਰ ਵਿਚ ਗੁਰਸ਼ਰਨ ਕੌਰ ਨਾਲ ਹੋਇਆ। ਉਦੋਂ ਗੁਰਸ਼ਰਨ ਕੌਰ ਨੇ ਐਮ.ਏ. (ਪੰਜਾਬੀ) ਅਤੇ ਐਮ.ਏ. (ਹਿੰਦੀ) ਪਹਿਲੇ ਭਾਗ ਦੇ ਪਰਚੇ ਦਿਤੇ ਹੋਏ ਸਨ। ਵਿਆਹ ਉਪਰੰਤ ਇਹ ਵਿਦਿਅਕ ਯੋਗਤਾ ਪੀਐਚ.ਡੀ. ਤੱਕ ਪਹੁੰਚ ਗਈ। ਉਨ੍ਹਾਂ ਨੇ *ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚਲੀ ਪ੍ਰੇਮਾ-ਭਗਤੀ ਭਾਵਨਾ* ਵਿਸ਼ੇ 'ਤੇ ਪੀਐਚ.ਡੀ. ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਨੇ ਗਿਆਨੀ, ਪ੍ਰਭਾਕਰ, ਬੀ.ਏ. ਸੰਸਕ੍ਰਿਤ ਅਤੇ

ਫ਼ਾਰਸੀ ਵੀ ਪਾਸ ਕੀਤੀ ਹੈ। ਜਿਨ੍ਹਾਂ ਨੇ ਆਪਣੇ ਪੜ੍ਹਾਉਣ ਦਾ ਸਫ਼ਰ ਜੇ.ਐਲ.ਐਨ ਗੌਰਮਿੰਟ ਕਾਲਜ ਗੋਬਿੰਦਗੜ੍ਹ ਤੋਂ ਸ਼ੁਰੂ ਕਰਕੇ ਪ੍ਰਾਧਿਆਪਕਾ, ਲੈਕਚਰਾਰ ਅਤੇ ਪ੍ਰਿੰਸੀਪਲ ਦੇ ਤੌਰ ਤੇ ਸਮਾਪਿਤ ਕੀਤਾ। ਡਾ. ਜੱਗੀ ਦੀ ਵੱਡੀ ਨੂੰਹ ਇੰਦਰਬੀਰ ਕੌਰ ਬੀ.ਏ, ਐਮ.ਐਸ ਕਰਕੇ ਪੰਜਾਬ ਸਰਕਾਰ ਦੇ ਆਯੂਰਵੈਦਿਕ ਵਿਭਾਗ ਵਿਚ ਡਾਕਟਰ ਵਜੋਂ ਨਿਯੁਕਤ ਹਨ। ਇੰਜ ਡਾ. ਜੱਗੀ ਦਾ ਸਾਰਾ ਪਰਿਵਾਰ ਹੀ ਉਚ ਅਕਾਦਮਿਕ ਯੋਗਤਾ ਵਾਲਾ ਹੈ। ਡਾ. ਜੱਗੀ ਦੇ ਇਕ ਪੋਤਰੀ ਅਤੇ ਇਕ ਪੋਤਰਾ, ਰਵਲੀਨ ਕੌਰ ਅਤੇ ਦਿਗਜੀਤ ਸਿੰਘ ਹਨ। ਭਾਵੇਂ ਡਾ. ਜੱਗੀ ਚਾਹੁੰਦੇ ਸਨ ਕਿ ਦੂਜੇ ਬੇਟੇ ਨੂੰ ਵੀ ਪੜ੍ਹਾ ਲਿਖਾ ਕੇ ਕਿਸੇ ਚੰਗੇ ਅਹੁਦੇ ‘ਤੇ ਲਵਾਇਆ ਜਾਵੇ, ਪਰ ਅਜਿਹਾ ਨਾ ਹੋ ਸਕਿਆ। ਵਰਿੰਦਰ ਸਿੰਘ ਪੜ੍ਹਾਈ ਤੋਂ ਕਿਨਾਰਾ ਕਰਦਿਆਂ, ਪਿਤਾ ਜੀ ਦੀ ਆਗਿਆ ਤੋਂ ਬਾਹਰ ਹੋ, ਅਖੀਰ ਮੌਤ ਦੇ ਮੂੰਹ ਜਾ ਪਿਆ। ਉਸਦੀ ਪਤਨੀ ਅਤੇ ਦੋ ਬੱਚਿਆਂ (ਲੜਕੇ ਅਤੇ ਲੜਕੀ) ਦੀ ਜ਼ਿੰਮੇਵਾਰੀ ਵੀ ਡਾ. ਜੱਗੀ ਨੇ ਹੀ ਸੰਭਾਲੀ। ਇਸ ਤਰ੍ਹਾਂ ਮੌਤ ਦੀ ਇਕ ਹੋਰ ਸੱਟ ਡਾ. ਜੱਗੀ ਨੂੰ ਆਪਣੇ ਜਿਸਮ ’ਤੇ ਸਹਿਣੀ ਪਈ। ਪਹਿਲਾਂ ਪਤਨੀ ਫਿਰ ਪੁੱਤਰ ਦਾ ਦੁਨੀਆਂ ਤੋਂ ਤੁਰ ਜਾਣਾ ਇਸ ਤੋਂ ਵਧ ਕੇ ਹੋਰ ਕਿਹੜਾ ਔਖਾ ਸਮਾਂ ਮਨੁੱਖ ਦੀ ਜ਼ਿੰਦਗੀ ਵਿਚ ਹੋ ਸਕਦਾ ਹੈ।

ਡਾ. ਜੱਗੀ ਨੂੰ 16 ਜੂਨ 1970 ਵਿਚ ਦੋ ਸਾਲ ਲਈ ਲੜਕਿਆਂ ਦੇ ਹੋਸਟਲ ਦਾ ਵਾਰਡਨ ਬਣਾ ਦਿਤਾ ਗਿਆ ਪਰ ਇਸ ਵਿਚ ਉਨ੍ਹਾਂ ਦੀ ਬਿਲਕੁਲ ਵੀ ਦਿਲਚਸਪੀ ਨਹੀਂ ਸੀ। ਇਸ ਸਮੇਂ ਨਕਸਲਵਾਦੀ ਲਹਿਰ ਪੂਰੇ ਜੋਰਾਂ ’ਤੇ ਸੀ, ਜਿਸਦਾ ਨੌਜਵਾਨ ਪੀੜ੍ਹੀ ’ਤੇ ਕਾਫ਼ੀ ਪ੍ਰਭਾਵ ਸੀ। ਅਜਿਹੇ ਨੌਜਵਾਨਾਂ ਨੂੰ ਸਮਝਾਉਣਾ ਅਤੇ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਕਰਨੀ ਸੌਖਾ ਕੰਮ ਨਹੀਂ ਸੀ। ਹੋਸਟਲ ਵਿਚ ਰੌਲਾ, ਲੜਾਈਆਂ, ਸ਼ਰਾਬ ਅਤੇ ਅਨੁਸ਼ਾਸ਼ਨਹੀਣਤਾ ਆਮ

ਜਿਹੀ ਗੱਲ ਬਣ ਚੁੱਕੀ ਸੀ। ਜਦੋਂ ਵੀ ਹੋਸਟਲ ਵਿਚ ਕਦੇ ਲੜਕਿਆਂ ਦੀ ਹੁਲੜਬਾਜੀ ਜਾਂ ਗੁੱਟਬੰਦੀ ਵੀ ਹੁੰਦੀ ਤਾਂ ਡਾ. ਜੱਗੀ ਬੜੀ ਦੀਰਘ ਦ੍ਰਿਸ਼ਟੀ ਨਾਲ ਹੱਲ ਕੱਢ ਲੈਂਦੇ ਸਨ। ਇਹ ਜ਼ਿੰਮੇਵਾਰੀ ਵੀ ਇਨ੍ਹਾਂ ਨੇ ਬੜੀ ਸੰਜੀਦਗੀ, ਦਲੇਰੀ ਅਤੇ ਕੁਸ਼ਲ ਪ੍ਰਬੰਧਕ ਦੇ ਤੌਰ 'ਤੇ ਨਿਭਾਈ।

ਡਾ. ਜੱਗੀ ਨੇ 1970 ਤੋਂ 1973 ਤੱਕ ਮਗਧ ਯੂਨੀਵਰਸਿਟੀ ਤੋਂ *ਗੁਰੂ ਨਾਨਕ ਜੀਵਨੀ ਅਤੇ ਵਿਅਕਤਿਤ੍ਵ, ਕ੍ਰਿਤਿਤ੍ਵ ਔਰ ਚਿੰਤਨ* ਵਿਸ਼ੇ 'ਤੇ ਡੀ.ਲਿਟ ਕੀਤੀ। ਡੀ.ਲਿਟ ਕਰਨ ਉਪਰੰਤ ਕੇਸਰ ਸਿੰਘ ਛਿੱਬਰ ਦੀ ਰਚਨਾ *ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ* ਸੰਪਾਦਿਤ ਕੀਤਾ। ਜਿਸ ਨੂੰ ਪੰਜਾਬ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਸ.ਸ. ਕੋਹਲੀ ਨੇ *ਪਰਖ* ਪਤ੍ਰਿਕਾ ਦੇ ਵਿਸ਼ੇਸ ਅੰਕ ਵਿਚ ਛਪਵਾਇਆ। ਸੰਨ 1973 ਵਿਚ ਹੀ *ਰਾਮ ਚਰਿਤ ਮਾਨਸ* ਦੀ ਚੌਥੀ ਸ਼ਤਾਬਦੀ ਰਾਸ਼ਟਰੀ ਪੱਧਰ 'ਤੇ ਮਨਾਈ ਜਾਣੀ ਸੀ, ਜਿਸ ਸੰਬੰਧੀ ਯੂਨੀਵਰਸਿਟੀ ਦੇ ਗੈਸਟ ਹਾਊਸ ਵਿਚ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦੀ ਪ੍ਰਧਾਨਗੀ ਹੇਠ ਉਚ ਪੱਧਰੀ ਕਮੇਟੀ ਦੀ ਵਿਸ਼ੇਸ਼ ਮੀਟਿੰਗ ਹੋਈ। ਪੰਜਾਬੀ ਯੂਨੀਵਰਸਿਟੀ ਨੂੰ ਗਿਆਨੀ ਜ਼ੈਲ ਸਿੰਘ ਵਲੋਂ *ਤੁਲਸੀ ਰਾਮਾਇਣ* ਦੇ ਪੰਜਾਬੀ ਭਾਸ਼ਾ ਵਿਚ ਅਨੁਵਾਦ ਦਾ ਕਾਰਜ ਸੌਂਪਿਆ ਗਿਆ, ਅਤੇ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਡਾ. ਕਿਰਪਾਲ ਸਿੰਘ ਨਾਰੰਗ ਨੇ ਡਾ. ਜੱਗੀ ਨੂੰ ਚੁਣਿਆ। ਇਸ ਰਚਨਾ ਦੇ ਅਨੁਵਾਦ ਲਈ, 16 ਅਗਸਤ 1990 ਨੂੰ ਸਾਹਿਤਯ ਅਕਾਦਮੀ, ਨਵੀਂ ਦਿੱਲੀ ਦੇ ਰਾਸ਼ਟਰੀ ਅਨੁਵਾਦ ਪੁਰਸਕਾਰ ਨਾਲ ਡਾ. ਜੱਗੀ ਨੂੰ ਸਨਮਾਨਿਤ ਕੀਤਾ ਗਿਆ। ਵਿਸ਼ੇਸ ਗੱਲ ਇਹ ਹੈ ਕਿ ਇਹ ਪੁਰਸਕਾਰ 1949 ਤੋਂ ਦਸੰਬਰ 1988 ਤੱਕ ਦੇ ਸਮੇਂ ਦੌਰਾਨ ਭਾਰਤੀ ਸੰਵਿਧਾਨ ਦੁਆਰਾ ਪ੍ਰਵਾਣਿਤ ਭਾਸ਼ਾਵਾਂ ਦੀਆਂ ਰਚਨਾਵਾਂ ਦੇ ਪੰਜਾਬੀ ਵਿਚ

ਹੋਏ ਅਨੁਵਾਦਾਂ ਵਿਚੋਂ ਸਰਬੋਤਮ ਅਨੁਵਾਦ ਨੂੰ ਦਿੱਤਾ ਗਿਆ ਸੀ।

ਡਾ. ਜੱਗੀ ਸੰਨ 1978 ਵਿਚ ਪੰਜਾਬੀ ਯੂਨੀਵਰਸਿਟੀ ਵਿਚ ਹੀ 'ਪੰਜਾਬੀ ਸਾਹਿਤ ਅਧਿਐਨ ਵਿਭਾਗ' ਵਿਚ ਪ੍ਰੋਫੈਸਰ ਅਤੇ ਮੁਖੀ ਵਜੋਂ ਨਿਯੁਕਤ ਹੋਏ। ਉਸ ਸਮੇਂ ਪੰਜਾਬੀ ਵਿਭਾਗ ਵਿਚ ਡਾ. ਅਬਿਨਾਸ਼ ਕੌਰ, ਡਾ. ਅਜਮੇਰ ਸਿੰਘ, ਸ੍ਰ. ਰਾਜਿੰਦਰ ਸਿੰਘ ਲਾਂਬਾ ਅਤੇ ਸ੍ਰ. ਮੇਵਾ ਸਿੰਘ ਸਿੱਧੂ ਜਿਹੇ ਵਿਦਵਾਨ ਸੇਵਾ ਨਿਭਾਅ ਰਹੇ ਸਨ। ਡਾ. ਜੱਗੀ ਨੇ ਵਿਭਾਗੀ ਕਾਰਜ ਨੂੰ ਬੜੀ ਸੂਝ-ਬੂਝ ਨਾਲ ਚਲਾਉਦਿਆਂ *ਖੋਜ ਪਤ੍ਰਿਕਾ* ਦੇ ਵੀਹ ਅੰਕ ਸੰਪਾਦਿਤ ਕੀਤੇ। ਇਨ੍ਹਾਂ ਵਿਸ਼ੇਸ਼ ਅੰਕਾਂ ਦੇ ਸੰਪਾਦਿਤ ਹੋਣ ਨਾਲ *ਖੋਜ ਪਤ੍ਰਿਕਾ* ਦੀ ਛਪਵਾਈ ਅਤੇ ਵਿਕਰੀ ਵਿਚ ਵੀ ਚੋਖਾ ਵਾਧਾ ਹੋਇਆ। ਇਸ ਤੋਂ ਇਲਾਵਾ ਕਈ ਪ੍ਰਮੁਖ ਪ੍ਰਾਜੈਕਟਾਂ 'ਤੇ ਯੋਜਨਾਮਈ ਤਰੀਕੇ ਨਾਲ ਕੰਮ ਕਰਨ ਤੋਂ ਇਲਾਵਾ ਡਾ. ਜੱਗੀ ਨੇ ਦੋ ਸੌ ਦੇ ਕਰੀਬ ਪੁਸਤਕਾਂ ਵਿਭਾਗ ਵਲੋਂ ਤਿਆਰ ਕਰਕੇ ਛਪਵਾਈਆਂ। *ਭਾਈ ਵੀਰ ਸਿੰਘ ਸਾਹਿਤ ਕੋਸ਼, ਪੰਜਾਬੀ ਸਾਹਿਤ ਕੋਸ਼, ਪੁਰਾਤਨ ਪੰਜਾਬੀ ਵਾਰਤਕ ਦਾ ਸਰੂਪ ਅਤੇ ਵਿਕਾਸ* ਆਦਿ ਪੁਸਤਕਾਂ ਇਸ ਸਮੇਂ ਪ੍ਰਕਾਸ਼ਿਤ ਹੋਈਆਂ। ਪਰ ਡਾ. ਜੱਗੀ ਦੀ ਕੰਮ ਪ੍ਰਤਿ ਸਮਰਪਿਤ ਭਾਵਨਾ ਦੀ ਕਦਰ ਕਰਦਿਆਂ ਸੇਵਾ ਮੁਕਤ ਹੋਣ ਤੋਂ ਬਾਅਦ ਦੋ ਸਾਲਾਂ ਲਈ ਪੁਨਰ-ਨਿਯੁਕਤ ਕੀਤਾ ਗਿਆ। ਇਸ ਸਮੇਂ ਦੌਰਾਨ ਡਾ. ਜੱਗੀ ਨੇ *ਸਾਹਿਤ ਕੋਸ਼, ਆਸਾ ਦੀ ਵਾਰ ਦਾ ਟੀਕਾ* (ਸੁਆਮੀ ਅਨੰਦਘਨ ਰਚਿਤ) ਅਤੇ *ਸਾਹਿਤ ਅਧਿਐਨ ਵਿਧੀਆਂ* ਪੁਸਤਕਾਂ ਦੀ ਰਚਨਾ ਕੀਤੀ।

ਡਾ. ਜੱਗੀ ਨੂੰ ਸੰਨ 1990 ਵਿਚ ਪੰਜਾਬੀ ਯੂਨੀਵਰਸਿਟੀ ਵਲੋਂ ਦੋ ਸਾਲਾ ਫੈਲੋਸ਼ਿਪ ਦਿਤੀ ਗਈ। ਇਸ ਦੌਰਾਨ ਡਾ. ਜੱਗੀ ਨੇ *ਪੰਜਾਬੀ ਸਾਹਿਤ ਸੰਦਰਭ ਕੋਸ਼* ਤਿਕੀਤਾ। ਸੰਨ

1993 ਵਿਚ ਉਦਾਸੀ ਸੰਪਰਦਾ ਵਲੋਂ ਬਾਬਾ ਸ੍ਰੀ ਚੰਦ ਦੀ ਪੰਜਵੀਂ ਸ਼ਤਾਬਦੀ ਵੱਡੇ ਪੱਧਰ 'ਤੇ ਮਨਾਈ ਗਈ ਸੀ। ਜਿਸ ਦੀ ਜ਼ਿੰਮੇਵਾਰੀ ਉਦਾਸੀਨ ਨਵੇਂ ਅਖਾੜੇ ਦੇ ਮੰਡਲੇਸ਼ਵਰ ਸੁਆਮੀ ਈਸ਼ਰਦਾਸ ਜਲੰਧਰ ਵਾਲਿਆਂ ਨੇ ਡਾ. ਜੱਗੀ ਨੂੰ ਸੌਂਪੀ। ਇਸ ਸ਼ਤਾਬਦੀ ਵਿਚ ਵੀ ਡਾ. ਜੱਗੀ ਨੇ ਆਪਣੀਆਂ ਵਡਮੁੱਲੀਆਂ ਸੇਵਾਵਾਂ ਦਿਤੀਆਂ। ਡਾ. ਜੱਗੀ ਦੀ ਸਾਹਿਤਿਕ ਦੇਣ ਨੂੰ ਮੁੱਖ ਰਖਦਿਆਂ 'ਪੰਜਾਬੀ ਸਾਹਿਤ ਅਕਾਡਮੀ' (ਲੁਧਿਆਣਾ) ਵਲੋਂ ਸ੍ਰ. ਕਰਤਾਰ ਸਿੰਘ ਧਾਲੀਵਾਲ ਪੁਰਸਕਾਰ ਨਾਲ ਨਿਵਾਜਿਆ ਗਿਆ। ਸੰਨ 1973 ਤੋਂ ਡਾ. ਜੱਗੀ ਨੇ *ਗੁਰੂ ਗ੍ਰੰਥ ਵਿਸ਼ਵ ਕੋਸ਼* ਤਿਆਰ ਕਰਨ ਲਈ ਇੰਦਰਾਜ਼ ਲਿਖਣੇ ਸ਼ੁਰੂ ਕੀਤੇ ਹੋਏ ਸਨ। ਉਦੋਂ ਤੋਂ ਹੋਰ ਸਾਹਿਤਿਕ ਕ੍ਰਿਤੀਆਂ ਦੀ ਰਚਨਾ ਦੇ ਨਾਲ-ਨਾਲ ਇੰਦਰਾਜ਼ ਸਾਂਭਦੇ ਗਏ, ਸੰਨ 2002 ਵਿਚ ਇਹ ਕੋਸ਼ ਪੰਜਾਬੀ ਯੂਨੀਵਰਸਿਟੀ ਵਲੋਂ ਛਾਪਿਆ ਗਿਆ।

ਪੰਜਾਬੀ ਯੂਨੀਵਰਸਿਟੀ ਵਲੋਂ ਚਲ ਰਹੇ *ਨਿਰੁਕਤ* ਦੇ ਪ੍ਰਾਜੈਕਟ ਨੂੰ ਮੁਕੰਮਲ ਕਰਨ ਲਈ ਵਾਇਸ ਚਾਂਸਲਰ ਡਾ. ਜਸਵੀਰ ਸਿੰਘ ਆਹਲੂਵਾਲੀਆ ਦੁਆਰਾ ਡਾ. ਜੱਗੀ ਨੂੰ ਇਸ ਦੀ ਜ਼ਿੰਮੇਵਾਰੀ ਦਿੱਤੀ ਗਈ। ਸੰਨ 2000 ਤੋਂ 2007 ਤਕ ਡਾ. ਜੱਗੀ ਨੇ ਇਸ ਪ੍ਰਾਜੈਕਟ ਦੇ ਡਾਇਰੈਕਟਰ ਰਹਿੰਦਿਆਂ ਬੜੀ ਮਿਹਨਤ ਨਾਲ ਪਿਛੋਕੜ ਵਾਲੇ ਸਾਰੇ ਖਰੜੇ ਨੂੰ ਸੋਧਦਿਆਂ ਸੰਪਾਦਿਤ ਕੀਤਾ। ਡਾ. ਜੱਗੀ ਦੀ ਘਾਲਣਾ ਸਦਕਾ ਸੰਨ 2004 ਤੱਕ ਪੰਜਾਬੀ ਯੂਨਵਿਰਸਿਟੀ ਵਲੋਂ *ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ* ਛਾਪਿਆ ਗਿਆ। ਇਸੇ ਸਮੇਂ ਦੌਰਾਨ ਹੀ ਡਾ. ਜੱਗੀ ਦੁਆਰਾ ਸੰਨ 2005 ਵਿਚ *ਸਿੱਖ ਪੰਥ ਵਿਸ਼ਵ ਕੋਸ਼* (ਦੋ ਭਾਗ, 2014 ਵਿਚ ਚਾਰ ਭਾਗ) ਜਿਹੀ ਵਡੇਰੀ ਰਚਨਾ ਕਰਕੇ ਪਾਠਕਾਂ ਦੇ ਸਪੁਰਦ ਕੀਤੀ। ਡਾ. ਜੱਗੀ ਉਮਰ ਦੇ ਨੌਵੇਂ ਦਹਾਕੇ ਦੇ

ਨੇੜੇ ਹਨ, ਪਰ ਇਹ ਉਮਰ ਉਨ੍ਹਾਂ ਦੀ ਲਗਨ ਅਤੇ ਦ੍ਰਿੜਤਾ ਅੱਗੇ ਬੰਨ੍ਹ ਨਹੀਂ ਬਣੀ। ਡਾ. ਜੱਗੀ ਨੂੰ ਵਿਦਵਤਾ ਭਰਪੂਰ ਕਾਰਜਾਂ ਸਦਕਾ ਹੁਣ ਤਕ ਬਹੁਤ ਸਾਰੇ ਸਨਮਾਨ/ਪੁਰਸਕਾਰ ਪ੍ਰਾਪਤ ਹੋ ਚੁੱਕੇ ਹਨ ਜਿਵੇਂ ਕਿ:

1. ਸ਼੍ਰੋਮਣੀ ਸਾਹਿਤਕਾਰ ਪੁਰਸਕਾਰ, ਭਾਈ ਮੋਹਨ ਸਿੰਘ ਵੈਦ ਸਾਹਿਤ ਕੇਂਦਰ, 1981.
2. ਅਨੁਵਾਦ ਪੁਰਸਕਾਰ (ਤੁਲਸੀ ਰਾਮਾਇਣ), ਸਾਹਿਤ ਅਕਾਦਮੀ, ਨਿਊ ਦਿੱਲੀ, 1989.
3. ਪੰਜਾਬੀ ਸਾਹਿਤ ਸ਼੍ਰੋਮਣੀ ਪੁਰਸਕਾਰ, ਪੰਜਾਬ ਸਰਕਾਰ ਭਾਸ਼ਾ ਵਿਭਾਗ, 1996.
4. ਸੌਹਾਰਦ ਪੁਰਸਕਾਰ, ਹਿੰਦੀ ਸੰਸਥਾਨ, ਲਖਨਊ ਉਤਰ ਪ੍ਰਦੇਸ਼ ਸਰਕਾਰ, 1996.
5. ਧਾਲੀਵਾਲ ਪੁਰਸਕਾਰ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, 1999.
6. ਅਸ਼ੀਰਵਾਦ ਪੁਰਸਕਾਰ (ਦਸਮ ਗ੍ਰੰਥ ਸੰਬੰਧੀ), ਨਾਮਧਾਰੀ ਦਰਬਾਰ, ਭੈਣੀ ਸਾਹਿਬ, 2000.
7. ਸਨਮਾਨ, ਗੁਰੂ ਨਾਨਕ ਖਾਲਸਾ ਕਾਲਜ ਫਾਰ ਵਿਮੈਨ, ਗੁਜਰਖ਼ਾਨ ਕੈਂਪਸ, ਮਾਡਲ ਟਾਊਨ, ਲੁਧਿਆਣਾ, 2003.
8. ਅਸ਼ੀਰਵਾਦ ਪੁਰਸਕਾਰ (ਗੁਰੂ ਗ੍ਰੰਥ ਵਿਸ਼ਵਕੋਸ਼ ਸੰਬੰਧੀ), ਨਾਮਧਾਰੀ ਦਰਬਾਰ, ਭੈਣੀ ਸਾਹਿਬ, 2004.
9. ਫੈਲੋਸ਼ਿਪ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, 2007.
10. ਸਨਮਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 2008.
11. ਪਰਮ ਸਾਹਿਤ ਸਤਕਾਰ ਸਨਮਾਨ, ਪੰਜਾਬੀ ਅਕਾਦਮੀ, ਦਿੱਲੀ ਸਰਕਾਰ, ਦਿੱਲੀ, 2010.
12. ਭਾਈ ਕਾਨ੍ਹ ਸਿੰਘ ਨਾਭਾ ਪੁਰਸਕਾਰ, ਨਾਭਾ ਸੋਸ਼ਲ ਵੈਲਫੇਅਰ ਐਂਡ ਕਲਚਰਲ ਕਲਬ, ਨਾਭਾ, 2011.
13. ਡਾ. ਲਖਾ ਸਿੰਘ ਮੈਮੋਰੀਅਲ ਅਵਾਰਡ, ਨਵੀਂ ਦਿੱਲੀ, 2011.

14. ਆਜੀਵਨ ਫੈਲੋਸ਼ਿਪ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.

15. ਸਨਮਾਨ, ਐਲੂਮੀ ਐਸੋਸੀਏਸ਼ਨ, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.

16. ਵਿਸ਼ੇਸ਼ ਸਨਮਾਨ, ਜ਼ਿਲ੍ਹਾ ਪ੍ਰਸ਼ਾਸਨ, ਪਟਿਆਲਾ, 2013.

17. ਭਾਈ ਕਾਨ੍ਹ ਸਿੰਘ ਨਾਭਾ ਪੁਰਸਕਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013.

18. ਸਨਮਾਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਸਥਾਪਨਾ ਦਿਵਸ, 2013.

19. ਸਨਮਾਨ, ਚੀਫ ਖਾਲਸਾ ਦੀਵਾਨ, ਅੰਮ੍ਰਿਤਸਰ, 2013.

ਇਨ੍ਹਾਂ ਤੋਂ ਇਲਾਵਾ ਉਨ੍ਹਾਂ ਨੂੰ ਧਾਰਮਿਕ, ਸਾਹਿਤਕ ਅਤੇ ਅਕਾਦਮਿਕ ਸੰਸਥਾਵਾਂ ਵਲੋਂ ਹੋਰ ਕਈ ਸਨਮਾਨ ਵੀ ਪ੍ਰਾਪਤ ਹੋਏ ਹਨ।

ਅਜੋਕੇ ਸਮੇਂ ਵਿਚ ਡਾ. ਜੱਗੀ ਕਈ ਸਲਾਹਕਾਰ ਬੋਰਡਾਂ ਅਤੇ ਸੰਸਥਾਵਾਂ ਦੇ ਮੈਂਬਰ ਹੋਣ ਦੇ ਨਾਲ-ਨਾਲ ਪੰਜਾਬੀ ਯੂਨੀਵਰਸਿਟੀ ਦੀ ਸਿੰਡੀਕੇਟ ਦੇ ਮੈਂਬਰ ਵੀ ਹਨ। ਖਾਲਸਾ ਵਿਰਾਸਤ ਸ੍ਰੀ ਅਨੰਦਪੁਰ ਸਾਹਿਬ, ਭਾਸ਼ਾ ਵਿਭਾਗ ਪੰਜਾਬ, ਭਾਸ਼ਾ ਵਿਭਾਗ ਹਰਿਆਣਾ, ਪੰਜਾਬੀ ਸਾਹਿਤ ਅਕਾਦਮੀ ਪੰਚਕੂਲਾ, ਨੈਸ਼ਨਲ ਬੁੱਕ ਟਰਸਟ ਇੰਡੀਆ, ਦਿੱਲੀ, ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ, ਫਤਹਿਗੜ੍ਹ ਸਾਹਿਬ ਅਤੇ ਕੁਝ ਹੋਰ ਸੰਸਥਾਵਾਂ, ਅਦਾਰਿਆਂ ਅਤੇ ਬੋਰਡਾਂ ਵਿਚ ਵੀ ਡਾ. ਜੱਗੀ ਸੇਵਾ ਨਿਭਾਅ ਰਹੇ ਹਨ।

**ਸਖ਼ਸ਼ੀਅਤ**

ਡਾ. ਜੱਗੀ ਦੀ ਸਖ਼ਸ਼ੀਅਤ ਵਿਚ ਜਿਨ੍ਹਾਂ ਕਾਰਨਾਂ, ਘਟਨਾਵਾਂ, ਵਿਅਕਤੀਆਂ ਅਤੇ ਮਾਹੌਲ ਦਾ ਜੋ ਪ੍ਰਭਾਵ ਉਸਦਾ ਸੰਖੇਪ ਜ਼ਿਕਰ ਪਿਛੇ ਹੋ ਚੁੱਕਾ ਹੈ। ਹੁਣ ਉਹੀ ਪੱਖਾਂ ਨੂੰ

ਵਿਚਾਰਿਆ ਜਾਵੇਗਾ ਜਿਹੜੇ ਉਨ੍ਹਾਂ ਦੇ ਵਿਅਕਤਿਤਵ ਵਿਚ ਸ਼ਾਮਿਲ ਹਨ। ਸਖ਼ਸ਼ੀਅਤ ਬਾਰੇ ਪ੍ਰਸਿੱਧ ਲੇਖਕ ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਵਿਚਾਰ ਹਨ 'ਮਨੁੱਖੀ ਜਿੰਦਗੀ ਦਾ ਸਹੀ ਅਤੇ ਸੁੱਚਾ ਸਿੱਕਾ ਸਖ਼ਸ਼ੀਅਤ ਹੈ। ਇਸ ਦੀ ਕੀਮਤ ਸਭ ਥਾਂ ਪੱਕੀ ਤੇ ਅਡੋਲ ਹੈ। ਇਹ ਚੰਗੇ ਅਸੂਲਾਂ ਉਤੇ ਕੀਤੇ ਚੰਗੇ ਅਮਲਾਂ ਦਾ ਫਲ ਹੁੰਦੀ ਹੈ। ਇਹ ਇਕ ਸ਼ਕਤੀ ਹੈ, ਜਿਸਦਾ ਅਸਰ ਰੋਕਿਆ ਨਹੀਂ ਜਾ ਸਕਦਾ।' ਡਾ. ਜੱਗੀ ਇਸ ਗੱਲ ਦੇ ਗਵਾਹ ਹਨ, ਕਿ ਉਨ੍ਹਾਂ ਸਾਰੀ ਉਮਰ ਦੇ ਪੰਧ ਵਿਚ, ਕੋਈ ਨਾ ਕੋਈ ਅਗਲੇਰਾ ਨਿਸ਼ਾਨਾ ਬਣਾ ਕੇ ਰੱਖਿਆ, ਉਸਦੀ ਪੂਰਤੀ ਵਾਸਤੇ ਉਨ੍ਹਾਂ ਨਿਸੰਗ ਤੇ ਅਣਥੱਕ ਤੁਰਦਿਆਂ ਜੀਵਨ ਘੋਲ ਕੀਤਾ। ਜੀਵਨ ਦੇ ਹਰ ਸੰਕਟ ਵਿਚੋਂ ਉਹ ਅੱਗੇ ਹੀ ਵਧਦੇ ਨਜ਼ਰ ਆਉਂਦੇ ਹਨ। ਜਾਪਦਾ ਹੈ ਕਿ ਹਰ ਮੁਸੀਬਤ ਉਨ੍ਹਾਂ ਵਿਚ ਕੋਈ ਨਵਾਂ ਜੋਸ਼ ਭਰਨ ਆਈ ਹੋਵੇ ਇਨ੍ਹਾਂ ਦੇ ਇਰਾਦੇ ਦੀ ਦ੍ਰਿੜ੍ਹਤਾ ਜਦੋਂ ਇਕ ਵਾਰੀ ਆਪਣਾ ਕਦਮ ਪੁੱਟ ਕੇ ਅੱਗੇ ਰਖਦੀ ਹੈ ਤਾਂ ਪਿੱਛੇ ਮੁੜ ਕੇ ਨਹੀਂ ਵੇਖਦੀ। ਉਨ੍ਹਾਂ ਜਿਸ ਖੇਤਰ ਵਿਚ ਵੀ ਪ੍ਰਵੇਸ਼ ਕੀਤਾ ਉਸ ਨੂੰ ਚੰਗੀ ਤਰ੍ਹਾਂ ਘੋਖਿਆ ਤੇ ਵੀਚਾਰਿਆ ਹੈ। ਆਪਣੇ ਜਜ਼ਬਿਆਂ ਬਾਰੇ ਚੇਤੰਨ ਹੋਣਾ ਤੇ ਉਨ੍ਹਾਂ ਦੀ ਛਾਣ-ਬੀਣ ਕਰਨੀ ਉਨ੍ਹਾਂ ਦੇ ਜੀਵਨ ਵਿਚੋਂ ਦੇਖਿਆ ਜਾ ਸਕਦਾ ਹੈ। ਕਿਸੇ ਲੇਖਕ ਦੀ ਸਖ਼ਸ਼ੀਅਤ ਨੂੰ ਸਮਝਣ ਲਈ ਉਸਦੀਆਂ ਸਿਰਜੀਆਂ ਰਚਨਾਵਾਂ ਅਤੇ ਉਸ ਦੇ ਸਮਕਾਲੀ ਲੇਖਕਾਂ, ਆਲੋਚਕਾਂ ਦੀ ਰਾਇ ਸਹਾਇਕ ਹੁੰਦੀ ਹੈ। ਡਾ. ਜੱਗੀ ਦੀ ਸਖ਼ਸ਼ੀਅਤ ਬਾਰੇ ਪ੍ਰੋ. ਸਤਿੰਦਰ ਸਿੰਘ ਲਿਖਦੇ ਹਨ 'ਕਿਸੇ ਤਪੋਬਨ ਦਾ ਰਿਸ਼ੀ-ਮੁਨੀ, ਕਿਸੇ ਵਿਦਿਆਪੀਠ ਦਾ ਕੋਈ ਪ੍ਰਕਾਂਡ ਗੁਰੂ, ਕਿਸੇ ਗੁਰੂ ਕੁਲ ਦਾ ਕੋਈ ਆਚਾਰਯ, ਕਿਸੇ ਮੱਠ ਦਾ ਕੋਈ ਮਠਾਧੀਸ਼, ਕਿਸੇ ਆਸ਼ਰਮ ਦਾ ਕੋਈ ਤਪੱਸਵੀ, ਕਿਸੇ ਅਮਰਾਵਤੀ ਦਾ ਕੋਈ ਸੁਆਮੀ, ਕਿਸੇ ਇੰਦਰਪ੍ਰਸਥ ਦਾ

ਕੋਈ ਕਰਮਯੋਗੀ, ਕਿਸੇ ਇੰਦਰਲੋਕ ਦਾ ਕੋਈ ਸਿੱਧ ਪੁਰਸ਼, ਅਜਿਹਾ ਹੀ ਹੈ ਡਾ. ਰਤਨ ਸਿੰਘ ਜੋ ਪੰਜਾਬੀ ਅਤੇ ਗੁਰਮਤਿ ਸਾਹਿਤ ਵਿਚ ਅੱਧੀ ਸਦੀ ਤੋਂ ਜ਼ਿਆਦਾ ਸਮੇਂ ਤੋਂ ਫੈਲਿਆ ਹੋਇਆ ਨਾਮ ਹੈ। ਉਨ੍ਹਾਂ ਦਾ ਜੀਵਨ ਨਿਰੰਤਰ ਸਾਧਨਾ ਧੀ ਵਿਥਿਆ ਹੈ, ਜੋ ਕਦੇ ਨਹੀਂ ਰੁਕੇਗੀ, ਕਿਉਂਕਿ ਉਨ੍ਹਾਂ ਅਨੇਕਾਂ ਵਿਦਵਾਨ, ਲੇਖਕ ਤੇ ਆਲੋਚਕ ਪੈਦਾ ਕੀਤੇ ਹਨ।'[13]

ਬਚਪਨ ਤੋਂ ਹੀ ਡਾ. ਜੱਗੀ ਦੇ ਜੀਵਨ ਵਿਚ ਉਤਰਾਅ-ਚੜ੍ਹਾਅ ਹੁੰਦੇ ਆਏ ਹਨ। ਆਰੰਭਕ ਜੀਵਨ ਵਿਚ ਗਰੀਬੀ, ਦੁੱਖ ਅਤੇ ਭੁੱਖ ਆਦਿ ਦੇ ਚਲਦਿਆਂ ਜੀਵਨ ਮਾਰਗ ਦੇ ਅਗਲੇ ਪੰਧ ਵਿਚ ਖੁਸ਼ੀਆਂ, ਸੰਕਟ, ਸਨਮਾਨ ਅਤੇ ਪਰਿਵਾਰਕ ਮੈਂਬਰਾਂ ਦੀ ਮੌਤ ਦੀਆਂ ਘਟਨਾਵਾਂ ਨਾਲ-ਨਾਲ ਚਲਦੀਆਂ ਹਨ। ਅਜਿਹੇ ਦੁੱਖਾਂ ਤੇ ਸੁੱਖਾਂ ਦੇ ਸਾਂਝੇ ਜਿਹੇ ਰਾਹਾਂ ਤੋਂ ਲੰਘਦੀ ਹੋਈ ਜੀਵਨੀ ਦਾ ਵਰਨਣ ਪੰਜਾਬੀ ਕਵੀ ਸੁੰਦਰ ਦਾਸ ਆਸੀ ਇਉਂ ਕਰਦਾ ਹੈ:

*ਰਾਤ ਜੇ ਤਾਰਿਆਂ ਭਿੰਨੀ ਏ ਤਾਂ ਕਾਲੀ ਵੀ ਏ।*

*ਕੰਡਿਆਂ ਨਾਲ ਭਰੀ ਫੁੱਲਾਂ ਦੀ ਡਾਲੀ ਵੀ ਏ।*

*ਮੇਰੀ ਹਾਲਤ ਹੈ ਅੰਗਿਆਰ ਦੇ ਵਾਂਗ ਆਸੀ।*

*ਵਿਚੋ ਵਿਚ ਸੜਦਾ ਵੀ ਆਂ ਮੂੰਹ ਤੇ ਲਾਲੀ ਵੀ ਏ।*[14]

ਡਾ. ਜੱਗੀ ਦੀ ਸਖ਼ਸ਼ੀਅਤ ਬਹੁ-ਪੱਖੀ ਹੈ। ਵਿਅਕਤੀਗਤ ਤੌਰ 'ਤੇ ਡਾ. ਜੱਗੀ ਅਡੋਲ ਬਿਰਤੀ ਅਤੇ ਸੰਜਮੀ ਸੁਭਾਅ ਦੇ ਮਾਲਕ ਹਨ। ਜੇ ਸਰੀਰਕ ਦਰਸ਼ਨ ਦੀ ਗੱਲ ਕਰੀਏ ਤਾਂ ਦਰਮਿਆਨਾ

---

[13] *ਆਲੋਚਨਾ*, ਸਨਮਾਨ ਅੰਕ, ਪੰ. 26.

[14] *ਪੰਜਾਬੀ ਕਾਵਿ ਰਤਨ*, ਪੰ.101.

ਕੱਦ, ਬੰਨੀ ਹੋਈ ਦਾੜ੍ਹੀ, ਚਿਹਰੇ ਦਾ ਰੰਗ ਸਾਂਵਲਾ, ਨੋਕਦਾਰ ਪੱਗੜੀ ਅਤੇ ਪ੍ਰਭਾਵਸ਼ਾਲੀ ਖਿੱਚ ਦੇ ਮਾਲਕ ਹਨ। ਸਰੀਰਕ ਤੇ ਦਿਮਾਗੀ ਤੌਰ 'ਤੇ ਚੁਸਤ-ਦਰੁਸਤ, ਮਿਠਾਸ ਨਾਲ ਬੋਲਣ ਵਾਲੇ, ਸਚਾਈ ਤੇ ਦਲੇਰੀ ਵਰਗੇ ਸ਼ੁਭ ਗੁਣਾਂ ਦੇ ਧਾਰਨੀ ਹੁੰਦੇ ਹੋਏ, ਉਹ ਦੰਭੀ ਵਿਚਾਰਾਂ ਅਤੇ ਕਪੋਲ ਕਲਪਨਾਵਾਂ ਤੋਂ ਪ੍ਰਹੇਜ਼ਗਾਰ ਹਨ, ਜੋ ਅਤਿ ਸਲਾਹੁਣ ਯੋਗ ਗੱਲ ਹੈ। ਕਿਉਂਕਿ ਧਾਰਮਿਕ ਪੁਸਤਕਾਂ ਪੜ੍ਹਨ, ਵਿਚਾਰਨ ਅਤੇ ਲਿਖਣ ਤੋਂ ਬਾਅਦ ਵੀ ਜੇ ਮਨੁੱਖ ਅੰਦਰ ਨਿਮਰਤਾ, ਪਵਿਤਰਤਾ ਅਤੇ ਮਿਠਾਸ ਪੈਦਾ ਨਾ ਹੋਈ ਤਾਂ ਉਹ ਉਸ ਮੁਰਗਾਬੀ ਵਰਗਾ ਹੈ ਜੋ ਪਾਣੀ ਵਿਚ ਰਹਿ ਕੇ ਵੀ ਅਭਿੱਜ ਰਹਿੰਦੀ ਹੈ।[15] ਜਿਵੇਂ ਡਾ. ਜੱਗੀ ਨੇ ਬਾਹਰੀ ਜੀਵਨ ਨੂੰ ਵਿਸ਼ੇਸ ਜੀਵਨ-ਜਾਬਤੇ ਵਿਚ ਸ਼ਿੰਗਾਰਿਆ ਹੋਇਆ ਹੈ, ਉਵੇਂ ਹੀ ਉਹ ਅੰਤਰੀਵੀ ਤਲ 'ਤੇ ਬੜੇ ਅਮੀਰ ਨਜ਼ਰ ਆਉਂਦੇ ਹਨ। ਉਨ੍ਹਾਂ ਨੇ ਆਪਣੇ ਜੀਵਨ ਵਿਚ ਅਪਣਾਏ ਅਸੂਲਾਂ ਵਿਚ ਕਦੀ ਊਣਤਾਈ ਨਹੀਂ ਆਉਣ ਦਿਤੀ। ਡਾ. ਜੱਗੀ ਭਾਵੇਂ ਪੁਲਿਸ ਵਿਭਾਗ ਵਿਚ ਡਿਊਟੀ ਕਰਦੇ ਰਹੇ ਭਾਵੇਂ ਅਧਿਐਨ/ਅਧਿਆਪਨ ਅਤੇ ਖੋਜ ਆਦਿ ਦੇ ਖੇਤਰ ਵਿਚ ਵਿਚਰੇ ਪਰ ਉਨ੍ਹਾਂ ਨੇ ਆਪਣੇ ਅਸੂਲਾਂ ਨੂੰ ਕਦੇ ਨਹੀਂ ਵਿਸਾਰਿਆ। ਉਨ੍ਹਾਂ ਕਦੇ ਵੀ ਕਿਸੇ ਲਾਲਚ ਵਿਚ ਜਾਂ ਡਰ ਅਧੀਨ ਹੋ ਕੇ ਕਿਸੇ ਨਾਲ ਸਮਝੌਤਾ ਨਹੀਂ ਕੀਤਾ, ਬਲਕਿ ਉਹ ਆਪਣੇ ਵਲੋਂ ਲਏ ਫੈਸਲੇ 'ਤੇ ਅਡੋਲ ਰਹਿੰਦੇ। ਡਾ. ਜੱਗੀ ਹਰ ਕਾਰਜ ਸਹੀ ਸਮੇਂ ਅਤੇ ਯੋਜਨਾਮਈ ਤਰੀਕੇ ਨਾਲ ਕਰਦੇ ਹਨ। ਉਨ੍ਹਾਂ ਦੇ ਜੀਵਨ ਮਾਰਗ, ਘਟਨਾਵਾਂ, ਹਾਲਾਤਾਂ ਅਤੇ ਸਾਹਿਤਿਕ ਕ੍ਰਿਤਾਂ ਦਾ ਜੇ ਲੇਖਾ-ਜੋਖਾ ਕਰੀਏ,ਤਾਂ ਇੰਝ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਉਨ੍ਹਾਂ ਨੇ ਕੋਈ ਵੀ ਦਿਨ ਵਿਹਲੇ ਬਹਿ ਕੇ ਨਹੀਂ ਗੁਜਾਰਿਆ।

[15] ਗਿਆਨੀ ਮਨੀ ਸਿੰਘ, *ਅਨਮੋਲ ਬਚਨ,* ਪੰ.-70.

ਇਤਨੀ ਵਡੇਰੀ ਉਮਰ ਵਿਚ ਵੀ ਉਹ ਆਪਣਾ ਸਮਾਂ ਕਦੇ ਅਜਾਈਂ ਨਹੀਂ ਗਵਾਉਂਦੇ।

ਡਾ. ਜੱਗੀ ਦੇ ਲੋਭ ਵਸ ਨਾ ਹੋਣ ਦੀ ਘਟਨਾ ਦਾ ਜ਼ਿਕਰ ਕਰਨਾ ਜਰੂਰੀ ਜਾਪਦਾ ਹੈ ਤਾਂ ਜੋ ਉਨ੍ਹਾਂ ਦੇ ਵਿਅਕਤਿਤਵ ਨੂੰ ਉਘਾੜਿਆ ਜਾ ਸਕੇ ਅਤੇ ਨਾਲ ਹੀ ਇਹ ਘਟਨਾ ਉਨ੍ਹਾਂ ਦੇ ਨੈਤਿਕ ਗੁਣਾਂ ਨੂੰ ਉਜਾਗਰ ਕਰਦੀ ਹੈ। ਡਾ.ਜੱਗੀ ਸੰਨ 1953 ਵਿਚ ਦਿੱਲੀ ਰੌਸ਼ਨਆਰਾ ਰੋਡ ‘ਤੇ ‘ਪਹਾੜ ਘਰ’ ਨਾਂ ਦੀ ਗਲੀ ਵਿਚ ਕਿਰਾਏ ਦੇ ਮਕਾਨ ਵਿਚ ਰਹਿ ਰਹੇ ਸਨ। ਉਸ ਸਮੇਂ ਅਤਿ ਗਰੀਬੀ ਦੇ ਦਿਨਾਂ ਦੇ ਚਲਦਿਆਂ ਡਾ. ਜੱਗੀ ਦੇ ਮਨ ਵਿਚ ਕਾਨੂੰਨ  ਦੀ ਪੜ੍ਹਾਈ ਕਰਨ ਦਾ ਵਿਚਾਰ ਉਛਾਲੇ ਮਾਰ ਰਿਹਾ ਸੀ, ਪ੍ਰੰਤੂ ਕਿਤੋਂ ਵੀ ਫੀਸ ਦਾ ਪ੍ਰਬੰਧ ਨਹੀਂ ਹੋ ਰਿਹਾ ਸੀ। ਇਕ ਸਵੇਰ ਡਾ. ਜੱਗੀ ਪੁਰਾਣੀ ਸਬਜੀ ਮੰਡੀ ਦੇ ਨੇੜੇ ਪਹਾੜੀ ਉਤੇ ਸੈਰ ਕਰਦੇ ਜਾ ਰਹੇ ਸਨ, ਰਸਤੇ ਵਿਚ ਇਨ੍ਹਾਂ ਨੂੰ ਇਕ ਸੋਨੇ ਦੀ ਚੇਨੀ ਲੱਭੀ। ਡਾ. ਜੱਗੀ ਦੇ ਮਨ ਵਿਚ ਇਕ ਪਲ ਆਇਆ ਕਿ ਫੀਸ ਦਾ ਪ੍ਰਬੰਧ ਹੋ ਗਿਆ, ਪਰ ਅਗਲੇ ਹੀ ਪਲ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਇਹ ਕਿਸੇ ਦੀ ਗਵਾਚੀ ਚੀਜ ਹੈ। ਇਹ ਵਿਚਾਰ ਆਉਂਦੇ ਸਾਰ ਹੀ ਪਹਿਲਾ ਵਿਚਾਰ ਖਤਮ ਹੋ ਗਿਆ। ਦਰਅਸਲ ਇਹ ਚੇਨੀ ਇਕ ਨਿਕੀ ਕੁੜੀ ਦੀ ਸੀ ਜੋ ਇਸਦੇ ਗਵਾਚੇ ਜਾਣ ਕਰਕੇ ਰੋ ਰਹੀ ਸੀ। ਡਾ. ਜੱਗੀ ਨੇ ਉਸਦੀ ਅਮਾਨਤ ਉਸ ਨੂੰ ਹੀ ਵਾਪਿਸ ਕਰ ਦਿਤੀ। ਡਾ. ਜੱਗੀ ਨੇ ਤੰਗੀ ਅਤੇ ਗਰੀਬੀ ਦੇ ਚਲਦਿਆਂ ਵੀ ਇਮਾਨਦਾਰੀ ਦਾ ਗੁਣ ਬਰਕਰਾਰ ਰੱਖਿਆ, ਹਾਲਾਂਕਿ ਇਸ ਨਾਲ ਉਨ੍ਹਾਂ ਦੀ ਫ਼ੀਸ ਵੀ ਭਰੀ ਜਾ ਸਕਦੀ ਸੀ। ਗਿਆਨੀ ਮਨੀ ਸਿੰਘ ਦਾ ਵਿਚਾਰ ਹੈ ਕਿ ‘ਕਿਸੇ ਵੀ ਆਲਮ ਦੀ ਪਰਖ ਉਸ ਦੇ ਗਿਆਨ ਦੀਆਂ ਚੌੜੀਆਂ ਸੀਮਾਵਾਂ ਤੋਂ ਨਹੀਂ ਲਾਈ ਜਾਣੀ ਚਾਹੀਦੀ ਸਗੋਂ ਇਹ ਦੇਖਣਾ ਚਾਹੀਦਾ ਹੈ ਕਿ ਉਹ ਗਿਆਨ ਦੀ ਆਪਣੇ ਜੀਵਨ ਵਿਚ ਕਿਥੋਂ ਤੱਕ

ਵਰਤੋਂ ਕਰਦਾ ਹੈ।'[16]

ਡਾ. ਜੱਗੀ ਦੇ ਵਿਅਕਤਿਤਵ ਵਿਚ ਮਿਹਨਤ ਵੀ ਮੁੱਖ ਰੂਪ ਵਿਚ ਹੈ। ਜਿਸ ਕੰਮ ਨੂੰ ਵੀ ਉਨ੍ਹਾਂ ਨੇ ਸ਼ੁਰੂ ਕੀਤਾ, ਪੂਰੀ ਜਿੰਦ-ਜਾਨ ਲਾ ਕੇ ਉਸ ਨੂੰ ਨੇਪਰੇ ਚਾੜ੍ਹਿਆ। ਭਾਵੇਂ ਉਨ੍ਹਾਂ ਦਾ ਮੋਟਰਸਾਇਕਲ ਐਕਸੀਡੈਂਟ ਹੋਇਆ ਜਾਂ ਹਾਰਟ ਸਰਜਰੀ ਹੋਈ, ਉਹ ਅਜਿਹੇ ਸਮੇਂ ਵਿਚ ਵੀ ਕੰਮ ਕਰਨ ਤੋਂ ਰੁਕੇ ਨਹੀਂ। ਡਾ. ਜੱਗੀ ਇਸ ਨੂੰ ਪਰਮਾਤਮਾ ਦੀ ਕਿਰਪਾ ਮੰਨਦੇ ਹਨ। ਡਾ. ਜੱਗੀ ਦੇ ਮਿਹਨਤੀ ਜੀਵਨ ਨੂੰ ਵੇਖ ਕੇ ਉਨ੍ਹਾਂ ਦੇ ਨੇੜੇ ਆਇਆ ਹਰ ਮਨੁੱਖ ਪ੍ਰਭਾਵਿਤ ਹੋਇਆ। ਪਾਕਿਸਤਾਨ (ਪਿੰਡੀਘੇਬ) ਵਿਚ ਪਰਿਵਾਰ ਕੋਲ ਕੇਵਲ ਗੁਜ਼ਾਰੇ ਜੋਗੀ ਜਮੀਨ ਹੀ ਸੀ। ਸੰਨ 1947 ਵਿਚ ਪਰਿਵਾਰ ਸਮੇਤ ਉਥੋਂ ਉੱਜੜ ਕੇ ਆਏ, ਪੁਲਿਸ ਵਿਭਾਗ ਵਿਚ ਡਿਊਟੀ ਕਰਨ ਤੋਂ ਇਲਾਵਾ ਸਾਹਿਤਿਕ ਖੇਤਰ ਵਿਚ ਕਰੜੀ ਸਾਧਨਾ ਕਰਕੇ ਇਸ ਮੁਕਾਮ 'ਤੇ ਪਹੁੰਚਣਾ, ਇਸ ਦੇ ਪਿਛੋਕੜ ਵਿਚ ਉਨ੍ਹਾਂ ਦੀ ਸਖ਼ਤ ਮਿਹਨਤ ਹੀ ਦਿਖਾਈ ਦਿੰਦੀ ਹੈ। ਉਮਰ ਦੇ ਵਧਣ ਨਾਲ ਇਹ ਗੁਣ ਗਵਾਚਿਆ ਨਹੀਂ ਸਗੋਂ ਉਹ ਹੁਣ ਵੀ ਕਈ-ਕਈ ਘੰਟੇ ਬੈਠ ਕੇ ਲਿਖਦੇ ਰਹਿੰਦੇ ਹਨ। ਡਾ. ਜੱਗੀ ਇਸ ਬਾਰੇ ਖੁਦ ਲਿਖਦੇ ਹਨ 'ਕੰਮ ਹੀ ਮੇਰਾ ਧਰਮ ਹੈ। ਲੋਕੀਂ ਕੰਮ ਕਰਨ ਤੋਂ ਭਜਦੇ ਹਨ। ਕਈ ਬਹਾਨੇ ਬਣਾ ਕੇ ਟਲਦੇ ਹਨ। ਪਰ ਕੰਮ ਕਿਸੇ ਨੂੰ ਮਾਰਦਾ ਨਹੀਂ, ਮਜ਼ਬੂਤ ਕਰਦਾ ਹੈ, ਉਤਸ਼ਾਹ ਵਧਾਉਂਦਾ ਹੈ, ਸ਼ਕਤੀ ਦਾ ਸੰਚਾਰ ਕਰਦਾ ਹੈ, ਉਨਤੀ ਦੇ ਮਾਰਗ ਉਤੇ ਅੱਗੇ ਤੋਰਦਾ ਹੈ। ਜਿਸ ਦਿਨ ਮੈਂ ਕੰਮ ਨਾ ਕਰਾਂ, ਰਾਤ ਨੂੰ ਨੀਂਦ ਨਹੀਂ ਆਉਂਦੀ, ਬੇਚੈਨੀ ਬਹੁਤ

[16] *ਉਹੀ,* ਪੰ.100.

ਰਹਿੰਦੀ ਹੈ।'[17]

ਡਾ. ਜੱਗੀ ਇਕ ਸਾਊ ਤਬੀਅਤ ਅਤੇ ਠੰਡੇ ਸੁਭਾਅ ਦੇ ਮਾਲਕ ਹਨ। ਉਹ ਇਕ ਸੂਝਵਾਨ, ਆਪਣੇ ਫਰਜ ਪ੍ਰਤਿ ਸੁਚੇਤ ਰਹਿਣ ਵਾਲੇ ਅਤੇ ਕੰਮ ਨੂੰ ਪੂਰੀ ਤਨਦੇਹੀ ਨਾਲ ਕਰਨ ਵਾਲੇ ਅਧਿਆਪਕ ਸਨ। ਜਦੋਂ ਵੀ ਉਨ੍ਹਾਂ ਵਿਦਿਆਰਥੀਆਂ ਨੂੰ ਲੈਕਚਰ ਦੇਣਾ ਹੁੰਦਾ ਤਾਂ ਘਰੋਂ ਪੂਰੀ ਤਿਆਰੀ ਨਾਲ ਜਾਂਦੇ ਸਨ। ਜੇ ਕੋਈ ਵਿਦਿਆਰਥੀ ਇਨ੍ਹਾਂ ਦੇ ਲੈਕਚਰ ਦੌਰਾਨ ਦੇਰ ਨਾਲ ਆਉਂਦਾ ਤਾਂ ਉਹ ਵਿਦਿਆਰਥੀ ਬਾਹਰ ਹੀ ਖੜ੍ਹਦਾ, ਅੰਦਰ ਨਹੀਂ ਸੀ ਆ ਸਕਦਾ। ਹਰੇਕ ਵਿਦਿਆਰਥੀ ਉਨ੍ਹਾਂ ਦੀ ਪੜ੍ਹਾਉਣ ਵਿਧੀ ਅਤੇ ਵਿਦਵਤਾ ਤੋਂ ਪ੍ਰਭਾਵਿਤ ਹੁੰਦਾ ਸੀ। ਡਾ. ਜੱਗੀ ਵਿਦਿਆਰਥੀਆਂ ਨੂੰ ਯੋਗ ਅਗਵਾਈ ਦੇਣ ਦੇ ਨਾਲ-ਨਾਲ ਕਈ ਵਿਦਿਆਰਥੀਆਂ ਦੇ ਪੀਐਚ.ਡੀ. ਨਿਗਰਾਨ ਵੀ ਰਹੇ ਹਨ। ਪੰਜਾਬੀ ਯੂਨੀਵਰਸਿਟੀ ਦਾ ਪਹਿਲਾ ਪੀਐਚ.ਡੀ. ਵਿਦਿਆਰਥੀ ਡਾ. ਰਵਿੰਦਰ ਰਵੀ ਉਨ੍ਹਾਂ ਦਾ ਹੀ ਵਿਦਿਆਰਥੀ ਸੀ। ਇਸ ਤੋਂ ਇਲਾਵਾ ਡਾ. ਸਤਿੰਦਰ ਸਿੰਘ (ਪ੍ਰੋ. ਪੰਜਾਬੀ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ), ਡਾ. ਤਰਲੋਕ ਆਨੰਦ (ਪੰਜਾਬੀ ਯੂਨੀਵਰਸਿਟੀ), ਮਰਹੂਮ ਡਾ. ਸਤਿੰਦਰ ਸਿੰਘ ਨੂਰ ਅਤੇ ਪ੍ਰੋ. ਸੁਰਜੀਤ ਪਾਤਰ (ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ) ਇਨ੍ਹਾਂ ਦੇ ਵਿਦਿਆਰਥੀ ਰਹੇ ਹਨ। ਡਾ. ਨਰਿੰਦਰ ਸਿੰਘ ਕਪੂਰ ਅਤੇ ਡਾ. ਮਨਮੋਹਨ ਕੇਸਰ ਆਦਿ ਅਜਿਹੇ ਵਿਦਵਾਨ ਸਾਹਿਤਕਾਰ ਹਨ ਜਿਨ੍ਹਾਂ ਨੇ ਡਾ. ਜੱਗੀ ਦੀ ਅਗਵਾਈ ਵਿਚ ਪੀਐਚ.ਡੀ. ਦੀਆਂ ਡਿਗਰੀਆਂ ਲਈਆਂ ਹਨ।

ਸਾਹਿਤ ਰਚਨਾ ਤੋਂ ਇਲਾਵਾ ਹੋਰ ਵੱਡੀ ਗੱਲ ਇਹ ਹੈ ਕਿ ਹੋਰਾਂ ਸਾਹਿਤਕਾਰਾਂ ਤਾਂ

---

[17] *ਅਮਲ ਜਿ ਕੀਤੇ ਦੁਨੀ ਵਿਚਿ*, ਪੰ.216.

ਸਾਹਿਤ ਦੀ ਸਿਰਜਨਾ ਕੀਤੀ ਹੈ ਪਰ ਡਾ. ਜੱਗੀ ਦੀ ਪਾਰਖੂ ਅੱਖ ਨੇ ਕਲਾਕਾਰਾਂ ਦੀ ਪਹਿਚਾਣ ਕਰਕੇ ਉਨ੍ਹਾਂ ਨੂੰ ਉਤਸ਼ਾਹ ਦੇ ਕੇ ਉਨ੍ਹਾਂ ਦੀ ਕਲਾ ਨੂੰ ਪ੍ਰਵਾਨ ਚੜ੍ਹਇਆ। ਸਾਰੀ ਉਮਰ ਉਹ ਪੜ੍ਹਾਉਣ ਤੱਕ ਹੀ ਸੀਮਿਤ ਨਾ ਰਹੇ ਬਲਕਿ ਕਈ ਸਾਹਿਤਕਾਰਾਂ ਦਾ ਨਿਰਮਾਣ ਕੀਤਾ। ਉਨ੍ਹਾਂ ਵਿਚੋਂ ਇਕ ਸ੍ਰੀ ਕ੍ਰਿਪਾਲ ਕਜ਼ਾਕ ਸਨ, ਜੋ ਪੰਜਾਬੀ ਯੂਨੀਵਰਸਿਟੀ ਵਿਚ ਰਾਜਗਿਰੀ ਦਾ ਕੰਮ ਕਰਦੇ ਸਨ, ਜੋ ਕੇਵਲ ਅੱਠਵੀਂ ਤੱਕ ਪੜ੍ਹਿਆ ਹੋਇਆ ਸੀ। ਸ੍ਰੀ ਕ੍ਰਿਪਾਲ ਕਜ਼ਾਕ ਸਿਕਲੀਗਰਾਂ ਦੇ ਜੀਵਨ ਢੰਗ ਅਤੇ ਸੱਭਿਆਚਾਰ ਦੇ ਜਾਣਕਾਰ ਹੋਣ ਦੇ ਨਾਲ-ਨਾਲ, ਕਹਾਣੀਆਂ ਲਿਖਣ ਦੇ ਵੀ ਮਾਹਿਰ ਸਨ। ਡਾ. ਜੱਗੀ ਨੇ ਉਨ੍ਹਾਂ ਦੇ ਅੰਦਰਲੀ ਪ੍ਰਤਿਭਾ ਨੂੰ ਪਹਿਚਾਣਿਆ ਅਤੇ ਹੌਂਸਲਾ ਦਿੱਤਾ। ਡਾ. ਜੱਗੀ ਨੇ ਹੀ ਵਾਈਸ ਚਾਂਸਲਰ ਡਾ. ਭਗਤ ਸਿੰਘ ਨੂੰ ਸਿਫ਼ਾਰਸ ਕਰਕੇ ਉਸ ਨੂੰ ਟੈਕਨੀਕਲ ਅਸਿਸਟੈਂਟ ਲਗਵਾਇਆ, ਜੋ ਬਾਅਦ ਵਿਚ ਪ੍ਰੋਫੈਸਰ ਬਣ ਕੇ ਸੇਵਾ ਮੁਕਤ ਹੋਏ।

ਡਾ. ਜੱਗੀ 1957 ਤੋਂ ਪੰਜਾਬੀ ਸਾਹਿਤ ਦੇ ਅਧਿਐਨ/ਅਧਿਆਪਨ ਨਾਲ ਜੁੜੇ ਹੋਏ ਹਨ। ਗੁਰਮਤਿ ਸਾਹਿਤ ਤੋਂ ਛੁਟ, ਆਪਣੀ ਕਲਮ ਦੁਆਰਾ ਪੰਜਾਬੀ ਸਾਹਿਤ ਜਗਤ ਵਿਚ ਨਿੱਗਰ ਯੋਗਦਾਨ ਪਾਉਣ ਵਾਲੇ ਡਾ. ਜੱਗੀ ਅਜਿਹੇ ਲੇਖਕ ਹਨ, ਜਿਨ੍ਹਾਂ ਹਮੇਸ਼ਾਂ ਹੀ ਪੰਜਾਬੀ ਨੂੰ ਦਿਲੋਂ ਪਿਆਰ ਕੀਤਾ ਹੈ। ਉਨ੍ਹਾਂ ਜੋ ਕੁਝ ਲਿਖਿਆਂ ਤੇ ਪ੍ਰਕਾਸ਼ਿਆ ਉਸ ਨੇ ਪੰਜਾਬੀ ਸਾਹਿਤ ਦੇ ਭੰਡਾਰ ਨੂੰ ਖ਼ੂਬ ਭਰਿਆ ਹੈ। ਸੰਨ 1978 ਤੋਂ ਲੈ ਕੇ 1987 ਤਕ ਡਾ. ਜੱਗੀ ਪੰਜਾਬੀ ਯੂਨੀਵਰਸਿਟੀ ਵਿਚ 'ਪੰਜਾਬੀ ਸਾਹਿਤ ਵਿਭਾਗ' ਵਿਚ ਪ੍ਰੋਫੈਸਰ ਅਤੇ ਮੁਖੀ ਵਜੋਂ ਸੇਵਾ ਨਿਭਾਉਂਦੇ ਰਹੇ। ਇਸ ਵਿਭਾਗ ਵਿਚ ਜੋ ਕੰਮ ਇਨ੍ਹਾਂ ਵਲੋਂ ਕੀਤਾ ਗਿਆ, ਉਹ ਆਪਣੀ ਮਿਸਾਲ ਆਪ ਹੈ। ਅਧਿਐਨ/ਅਧਿਆਪਨ ਤੋਂ ਇਲਾਵਾ ਡਾ. ਜੱਗੀ ਪੰਜਾਬੀ ਦੇ ਖ਼ੈਰ-ਖਵਾਹ ਲੇਖਕ ਵੀ

ਹਨ। ਅਜੋਕੇ ਸਮੇਂ ਵਿਚ ਪੰਜਾਬੀ ਬੋਲੀ ਦੇ ਵਿਕਾਸ ਲਈ ਸੈਮੀਨਾਰਾਂ ਦੇ ਨਾਂ ’ਤੇ ਆਈਆਂ ਗ੍ਰਾਂਟਾਂ ਨੂੰ ਵਰਤਿਆ ਜਾਂਦਾ ਹੈ, ਉਸਦੀ ਚਿੰਤਾ ਇਨ੍ਹਾਂ ਦੀ ਲਿਖਤ ਵਿਚੋਂ ਝਲਕਦੀ ਹੈ ਉਹ ਕਹਿੰਦੇ ਹਨ ਕਿ ‘ਪੰਜਾਬੀ ਦੇ ਵਿਕਾਸ ਦੀ ਗੱਲ ਤਾਂ ਕੇਵਲ ਬਹਾਨਾ ਹੁੰਦਾ ਹੈ। ਫੰਡਜ਼ ਨੂੰ ਖਰਚ ਕਰਨ ਦਾ, ਦੋਸਤਾਂ-ਮਿਤਰਾਂ ਨੂੰ ਸੈਰ ਕਰਾਉਣਾ, ਆਪਣੇ ਕਾਨਟੈਕਟ ਵਧਾਉਣਾ ਹੀ ਮੁਖ ਕੰਮ ਹੁੰਦਾ ਹੈ। ਪੰਜਾਬੀ ਦੇ ਪ੍ਰਚਾਰ ਅਤੇ ਵਿਕਾਸ ਲਈ ਸਥਾਪਿਤ ਸੰਸਥਾਵਾਂ ਦਾ ਜੇ ਦਸਵਾਂ ਅੰਸ਼ ਵੀ ਗੰਭੀਰ ਹੁੰਦਾ, ਆਪਣੇ ਫਰਜ ਪ੍ਰਤਿ ਉਤਰਦਾਈ ਹੁੰਦਾ, ਤਾਂ ਪੰਜਾਬੀ ਦੀ ਹੁਣ ਵਰਗੀ ਹਾਲਤ ਨਾ ਹੁੰਦੀ।’[18] ਉਨ੍ਹਾਂ ਨੇ ਪੰਜਾਬੀ ਸਮਕਾਲੀ ਚੇਤਨਾ ਨੂੰ ਹਲੂਣਾ ਦਿੱਤਾ ਹੈ, ਪੰਜਾਬੀ ਲੋਕ-ਮਾਨਸ ਨੂੰ ਟੁੰਬਿਆ ਅਤੇ ਮੋਹਿਆ ਹੈ। ਉਨ੍ਹਾਂ ਪੰਜਾਬੀ ਬੋਲੀ ਦੀ ਵਰਤੋਂ ਤੇ ਸ੍ਵੈ-ਮਾਨ ਪੈਦਾ ਕਰਨ ਦੇ ਉਪਰਾਲੇ ਕੀਤੇ। ਪੰਜਾਬੀ ਸਾਹਿਤ ਆਲੋਚਨਾ ਦੀ ਵਰਤਮਾਨ ਸਥਿਤੀ ਸੰਬੰਧੀ, ਇਕ ਵਾਰਤਾਲਾਪ ਵਿਚ ਉਨ੍ਹਾਂ ਦੇ ਵਿਚਾਰ ਸਨ ਕਿ ਪੰਜਾਬੀ ਵਿਚ ਸੰਤੁਲਿਤ ਆਲੋਚਨਾ ਨਹੀਂ ਹੋ ਰਹੀ, ਧੜੇਬੰਦੀਆਂ ਪ੍ਰਧਾਨ ਹਨ, ਆਲੋਚਕਾਂ ਦੀ ਪਹੁੰਚ ਵਸਤੂ-ਨਿਸ਼ਠ ਨਹੀਂ ਰਹੀ ਹੈ। ਸਭ ਪਾਸੇ ਵਪਾਰੀਕਰਨ ਹੋ ਰਿਹਾ ਹੈ। ਇਸ ਰੁਚੀ ਦਾ ਵਿਸਥਾਰ ਇਨਾਮਾਂ, ਸਨਮਾਨਾਂ ਦੀਆਂ ਸਲਾਹਕਾਰ ਕਮੇਟੀਆਂ ਤੱਕ ਪਹੁੰਚ ਚੁੱਕਾ ਹੈ। ਦਿਨੋ ਦਿਨ ਹਨੇਰਾ ਵਧਦਾ ਜਾ ਰਿਹਾ ਹੈ, ਅਜਿਹੀ ਸਥਿਤੀ ਵਿਚ ਚੰਗਾ ਸਾਹਿਤ ਪੈਦਾ ਨਹੀਂ ਹੋ ਰਿਹਾ। ਨਿਮਨ ਵਰਗ ਦਾ ਸਾਹਿਤ ਛਪ ਰਿਹਾ ਹੈ, ਉਸੇ ਨੂੰ ਸ੍ਰੇਸ਼ਠ ਸਾਹਿਤ ਕਹਿ ਕੇ ਨਿਵਾਜਿਆ ਜਾ ਰਿਹਾ ਹੈ। ਇਸੇ ਲਈ ਪੁਸਤਕਾਂ ਪੜ੍ਹਨ ਦੀ ਰੁਚੀ ਘਟਦੀ ਜਾ ਰਹੀ ਹੈ। ਲਾਇਬ੍ਰੇਰੀਆਂ, ਪੁਸਤਕਾਂ ਦੇ ਕਬਰਸਤਾਨ ਹੀ ਬਣਦੇ

---

[18] *ਪੂਰਵ ਅੰਕਿਤ*, ਪੰ.215.

ਜਾ ਰਹੇ ਹਨ। ਪਰ ਅਜੋਕੀਆਂ ਮਾਵਾਂ ਬੱਚਿਆਂ ਨੂੰ ਸਹੀ ਢੰਗ ਨਾਲ ਪ੍ਰੇਰਿਤ ਨਹੀਂ ਕਰਦੀਆਂ, ਇਸ ਕਰਕੇ ਪੰਜਾਬੀ ਬਹੁਤ ਪਿਛੇ ਪੈ ਗਈ ਹੈ। ਪੰਜਾਬੀ ਲੇਖਕਾਂ ਤੇ ਵਿਦਵਾਨਾਂ ਲਈ ਕੰਮ ਕਰਨ ਦਾ ਕਲਚਰ ਅਤੇ ਮਾਵਾਂ ਦੀ ਪ੍ਰੇਰਣਾ ਪੰਜਾਬੀ ਦੀ ਚੜ੍ਹਦੀ ਕਲਾ ਵਾਸਤੇ ਬਹੁਤ ਕੁਝ ਕਰ ਸਕਦੀ ਹੈ। ਜਲੰਧਰ ਦੇ ਰੇਡੀਓ ਅਤੇ ਟੀ.ਵੀ. ਪ੍ਰੋਗਰਾਮ ਦੁਆਰਾ ਵੀ ਡਾ. ਜੱਗੀ ਪੰਜਾਬੀ ਸਾਹਿਤ ਦੀ ਸੇਵਾ ਕਰਦੇ ਰਹੇ। ਉਨ੍ਹਾਂ ਨੇ ਬਹੁਤਾਤ ਪੰਜਾਬੀ ਵਿਚ ਲਿਖ ਕੇ ਪੰਜਾਬੀ ਨੂੰ ਮਾਣ ਦਿੱਤਾ ਹੈ। ਪੰਜਾਬੀ ਲਈ ਉਨ੍ਹਾਂ ਦਾ ਜਨਮ ਬਹੁਤ ਸੁਭਾਗਾ ਹੈ।

ਡਾ. ਜੱਗੀ ਜੀਵਨ ਦੀਆਂ ਪ੍ਰਾਪਤੀਆਂ ਨੂੰ ਪਰਮਾਤਮਾ ਦੀ ਹੀ ਕਿਰਪਾ ਮੰਨਦੇ ਹਨ। ਸਿੱਖ ਧਰਮ ਵਿਚ ਅਥਾਹ ਪਿਆਰ ਅਤੇ ਵਿਸ਼ਵਾਸ਼ ਰੱਖਦੇ ਹੋਏ ਧਰਮ ਤੋਂ ਹੱਟ ਕੇ ਕੀਤੇ ਜਾਂਦੇ ਬਿਅਰਥ ਕਰਮਕਾਂਡਾਂ, ਧਾਰਮਿਕ ਅਡੰਬਰਾਂ ਨੂੰ ਉਹ ਪਸੰਦ ਨਹੀਂ ਕਰਦੇ। ਡਾ. ਜੱਗੀ ਉਸ ਧਰਮ ਦੇ ਹਾਮੀ ਹਨ, ਜਿਸਦਾ ਮਨੋਰਥ ਪਰਮ-ਸੱਤਾ ਨਾਲ ਜੁੜਨਾ, ਇਕ ਹੋਣਾ, ਮਨੁਖਤਾ ਦੀ ਸੇਵਾ ਅਤੇ ਦੂਜਿਆਂ ਦੇ ਦੁੱਖ ਨੂੰ ਆਪਣਾ ਦੁੱਖ ਜਾਣ ਕੇ ਵੰਡਾਉਣਾ ਹੈ। ਡਾ. ਜੱਗੀ ਅਨੁਸਾਰ 'ਧਰਮ ਦਾ ਮੂਲ ਆਧਾਰ 'ਪ੍ਰੇਮ' ਹੈ, ਇਸ਼ਕ ਹੈ। ਹਰ ਪ੍ਰਕਾਰ ਦੀ ਪ੍ਰਾਪਤੀ, ਪ੍ਰੇਮ ਦੀ ਬਰਕਤ ਦਾ ਫਲ ਹੈ। ਪ੍ਰੇਮ ਕੀਤਿਆਂ ਹੀ ਪ੍ਰਭੂ ਦੀ ਪ੍ਰਾਪਤੀ ਸੰਭਵ ਹੈ।'[19] ਡਾ. ਜੱਗੀ ਨੂੰ ਸਾਹਿਤ ਖੇਤਰ ਦੀਆਂ ਉਚ ਪਦਵੀਆਂ, ਉਪਾਧੀਆਂ ਤੇ ਡਿਗਰੀਆਂ ਪ੍ਰਾਪਤ ਕਰਨ ਦੇ ਨਾਲ-ਨਾਲ ਸਾਹਿਤਕ ਸੇਵਾਵਾਂ ਬਦਲੇ ਕਈ ਸਨਮਾਨ ਅਤੇ 'ਪੰਜਾਬੀ ਸਾਹਿਤ ਰਤਨ' ਪੁਰਸਕਾਰ ਵੀ ਪ੍ਰਾਪਤ ਹੋਇਆ ਹੈ। ਪਰ ਡਾ. ਜੱਗੀ ਇਨ੍ਹਾਂ ਨੂੰ ਪ੍ਰਾਪਤ ਕਰਕੇ ਸਦਾ ਸਨਿਮਰ ਹੀ ਰਹੇ ਹਨ।

---

[19] *ਪੂਰਵ ਅੰਕਿਤ*, ਪੰ.217.

ਡਾ. ਜੱਗੀ ਨੇ ਜਿੰਦਗੀ ਵਿਚ ਸਿਰਤੋੜ ਯਤਨ ਕਰਕੇ ਆਪਣਾ ਰਾਹ ਆਪ ਬਣਾਇਆ ਹੈ। ਜਸਵੰਤ ਸਿੰਘ ਕੰਵਲ ਅਨੁਸਾਰ ਕਿ 'ਸਾਹਿਤ ਜਿੰਦਗੀ ਦੀ ਇਬਾਦਤ ਹੈ। ਇਸ ਇਬਾਦਤ ਨੂੰ ਸ਼ੁਰੂ ਤਾਂ ਬਹੁਤ ਕਰਦੇ ਹਨ, ਪਰ ਲੰਮੀ ਸਾਧਨਾ ਹੋਣ ਕਾਰਣ ਵਿਰਲੇ ਹੀ ਸਫ਼ਲ ਹੁੰਦੇ ਹਨ। ਕਈਆਂ ਨੂੰ ਘਰੋਗੀ ਤੇ ਆਰਥਿਕ ਮਜ਼ਬੂਰੀਆਂ ਲੈ ਬੈਠਦੀਆਂ ਹਨ ਤੇ ਕਈਆਂ ਦੇ ਵਿਚਾਰਾਂ ਨੂੰ ਹਾਲਾਤ ਬਦਲਾ ਦਿੰਦੇ ਹਨ। ਇਸ ਉਮਰ ਭਰ ਦੀ ਫ਼ਕੀਰੀ ਨੂੰ ਸੂਰਮੇ ਹੀ ਹੰਢਾ ਸਕਦੇ ਹਨ। ਜਿਹੜਾ ਸਾਹਿਤਕਾਰ ਸਾਧਨਾ ਤੋਂ ਭਜਦਾ ਹੈ, ਉਹ ਮੰਜ਼ਿਲ ਨੂੰ ਕਦੇ ਵੀ ਪ੍ਰਾਪਤ ਨਹੀਂ ਕਰ ਸਕੇਗਾ। ਮੰਜ਼ਿਲ ਹੈ ਭਗਤੀ ਕਰਦੇ ਜਾਣਾ ਪ੍ਰਾਪਤੀ ਲਈ ਜੂਝਦੇ ਜਾਣਾ।'[20] ਡਾ. ਜੱਗੀ ਦਾ ਮੰਨਣਾ ਹੈ ਕਿ ਵਿਅਕਤੀ ਨੂੰ ਆਪਣੇ ਪ੍ਰਤੀ, ਸਮਾਜ ਪ੍ਰਤੀ, ਚੌਗਿਰਦੇ ਪ੍ਰਤੀ ਦਿਆਨਤਦਾਰ ਹੋਣਾ ਚਾਹੀਦਾ ਹੈ। ਕੋਈ ਵੀ ਸਾਹਿਤਕਾਰ ਭਾਵੇਂ ਥੋੜ੍ਹਾ ਲਿਖੇ ਪਰ ਉਸਦੇ ਬੋਲਾਂ ਵਿਚ ਮਿਠਾਸ ਹੋਵੇ, ਵਪਾਰਕ ਬਿਰਤੀ ਨਾ ਹੋਵੇ। ਉਹ ਮਿਹਨਤ ਕਰਨ ਤੋਂ ਸੰਕੋਚ ਨਾ ਕਰੇ, ਜੀਵਨ ਨੂੰ ਚੰਗੇਰਾ ਬਣਾਵੇ, ਕੜਵਾਹਟ ਪੈਦਾ ਕਰਨ ਵਾਲਾ ਸਾਹਿਤ ਨਾ ਰਚੇ ਅਤੇ ਨਸ਼ਿਆਂ ਤੋਂ ਦੂਰ ਰਹੇ। ਡਾ. ਜੱਗੀ ਨੇ ਜਿੰਦਗੀ ਵਿਚ ਕਰੜੀ ਮਿਹਨਤ ਕਰਕੇ ਹਰ ਖੇਤਰ ਵਿਚ ਮੀਲ ਪੱਥਰ ਗੱਡੇ ਹਨ। ਉਨ੍ਹਾਂ ਦੀਆਂ ਪ੍ਰਾਪਤੀਆਂ ਨੇ ਇਹ ਪ੍ਰਮਾਣਿਤ ਕਰ ਦਿੱਤਾ ਹੈ ਕਿ ਪ੍ਰਤਿਭਾ ਜਦੋਂ ਸੱਚੀ-ਸੁੱਚੀ ਲਗਨ, ਕਰਮ ਨਿਸ਼ਚਾ ਅਤੇ ਨਿਰੰਤਰ ਪਰਿਸ਼ਰਮ ਨਾਲ ਰਲ ਜਾਂਦੀ ਹੈ ਤਾਂ ਵਿਅਕਤੀ ਸਫ਼ਲਤਾ ਦੀਆਂ ਉਚਤਮ ਸਿਖਰਾਂ ਨੂੰ ਛੂਹਣ ਵਿਚ ਸਮਰੱਥ ਹੋ ਜਾਂਦਾ ਹੈ। ਡਾ. ਜੱਗੀ ਵਰਗੇ ਅਣਥੱਕ ਕਲਮਕਾਰ ਤੋਂ ਪ੍ਰੇਰਣਾ ਲੈ ਕੇ ਕੋਈ ਵੀ ਮਨੁੱਖ ਆਪਣੀ ਮੰਜ਼ਿਲ ਵੱਲ ਵਧ ਸਕਦਾ ਹੈ

[20] *ਸਿੱਖ ਜਦੋ ਜਹਿਦ*, ਪੰ.10.

ਅਤੇ ਉਹ ਵੀ ਅਣਥੱਕ ਕਲਮ ਦਾ ਵੇਗ ਵਗਾ ਸਕਦਾ ਹੈ। ਡਾ. ਜੱਗੀ ਅਜੇ ਵੀ ਥੱਕੇ ਨਹੀਂ, ਰੁਕੇ ਨਹੀਂ ਸਗੋਂ ਲਗਾਤਾਰ ਆਪਣੀ ਕਲਮ ਨੂੰ ਚਲਾਉਂਦੇ ਜਾ ਰਹੇ ਹਨ। ਪਿਛਲੇ ਕਈ ਦਹਾਕਿਆਂ ਤੋਂ ਉਹ ਚੁੱਪ-ਚਪੀਤੇ ਪੰਜਾਬੀ ਅਤੇ ਗੁਰਮਤਿ ਸਾਹਿਤ ਦੇ ਵਿਭਿੰਨ ਭਾਗਾਂ ਦੀ ਸੇਵਾ ਹਿਤ ਕਲਮ ਚਲਾਉਂਦੇ ਆ ਰਹੇ ਹਨ। ਸ਼ਾਇਦ ਹੀ ਕਿਸੇ ਨੇ ਸੋਚਿਆ ਹੋਵੇ ਕਿ ਇਕ ਮਨੁੱਖ ਸਾਲਾਂ ਬੱਧੀ ਲਗਨ ਨਾਲ ਇੰਨਾ ਕੰਮ ਸਿਰੇ ਚੜ੍ਹਾ ਸਕਦਾ ਹੈ। ਡਾ. ਜੱਗੀ ਦੀ ਮੁਖਾਲਫ਼ਤ ਉਨ੍ਹਾਂ ਦੇ ਸਮਕਾਲੀਆਂ ਵਲੋਂ ਹੁੰਦੀ ਰਹੀ ਹੈ ਪਰ ਉਹ ਆਪਣੇ ਕੰਮ ਵਿਚ ਜੁਟੇ ਰਹੇ। ਗੁਰਮਤਿ ਦੇ ਪ੍ਰੌਢ ਵਿਦਵਾਨ ਸਾਹਿਤਕਾਰ ਹੋਣ ਦੀ ਹੈਸੀਅਤ ਵਿਚ ਉਹ ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚ ਲੈਕਚਰ ਦਿੰਦੇ ਰਹੇ ਅਤੇ ਵਰਤਮਾਨ ਸਮੇਂ ਵਿਚ ਵੀ ਉਨ੍ਹਾਂ ਦਾ ਕਿਤੇ ਭਾਸ਼ਨ ਹੁੰਦਾ ਹੈ, ਕਿਤੇ ਉਹ ਸੈਮੀਨਾਰਾਂ ਦੀ ਪ੍ਰਧਾਨਗੀ ਕਰਦੇ ਹਨ। ਆਸ ਹੈ ਕਿ ਉਹ ਆਉਂਦੇ ਵਰ੍ਹਿਆਂ ਵਿਚ ਵੀ ਇਵੇਂ ਹੀ ਕਲਮ ਚਲਾਉਂਦੇ ਰਹਿਣਗੇ ਅਤੇ ਪੰਜਾਬੀ ਅਤੇ ਗੁਰਮਤਿ ਸਾਹਿਤ ਪ੍ਰੇਮੀਆਂ ਲਈ ਪ੍ਰੇਰਨਾ ਸਰੋਤ ਬਣੇ ਰਹਿਣਗੇ।

ਹੁਣ ਵੀ ਵਿਸ਼ਵ ਵਿਦਿਆਲਿਆਂ ਦੇ ਵਿਦਿਆਰਥੀ ਡਾ. ਜੱਗੀ ਕੋਲ ਆਉਂਦੇ ਰਹਿੰਦੇ ਹਨ ਤੇ ਉਨ੍ਹਾਂ ਨਾਲ ਵਿਚਾਰ-ਵਟਾਂਦਰਾ ਹੁੰਦਾ ਰਹਿੰਦਾ ਹੈ। ਜਿਸ ਸਦਕਾ ਖੋਜਾਰਥੀਆਂ ਵਿਚੋਂ ਭਵਿੱਖ ਵਿਚ ਕੁਝ ਚੰਗੇ ਆਲੋਚਕ ਉਭਰ ਕੇ ਸਾਹਮਣੇ ਆਉਣਗੇ। ਡਾ. ਜੱਗੀ ਦੀ ਸਾਹਿਤ ਸੇਵਾ ਕਦੇ ਵੀ ਵਿਅਰਥ ਨਹੀਂ ਜਾ ਸਕਦੀ। ਉਹ ਗੁਰਮਤਿ ਅਤੇ ਪੰਜਾਬੀ ਸਾਹਿਤ ਦੇ ਮਹਾਨ ਸਾਹਿਤਕਾਰਾਂ ਵਿਚੋਂ ਇਕ ਹਨ। ਉਹ ਵਿਦਵਤਾ ਦੇ ਸਾਕਾਰ ਰੂਪ ਹਨ। ਉਹ ਇਕ ਅਜਿਹੀ ਸ਼ਖਸ਼ੀਅਤ, ਪਤ੍ਰਿਭਾ, ਖੋਜ, ਸਿਆਣਪ, ਲਗਨ ਤੇ ਲਿਆਕਤ ਆਦਿ ਦੇ ਮਾਲਕ ਹਨ, ਜੋ ਕਿਸੇ

ਕੌਮ ਨੂੰ ਕਦੀ-ਕਦਾਈਂ ਹੀ ਨਸੀਬ ਹੁੰਦੇ ਹਨ। ਉਨ੍ਹਾਂ ਦਾ ਕੰਮ ਉਨ੍ਹਾਂ ਦੇ ਕਿਰਦਾਰ ਵਾਂਗ ਹੀ ਮਹਾਨ ਹੈ। ਉਹ ਇਕ ਉਘੇ ਵਿਅਕਤੀ ਵੀ ਹਨ ਅਤੇ ਸਥਾਪਿਤ ਹੋਈ ਸੰਸਥਾ ਵੀ। ਜਿਸ ਸੰਜ਼ੀਦਗੀ ਅਤੇ ਸਥਿਰਤਾ ਨਾਲ ਉਹ ਅਪਣੇ ਜੀਵਨ ਵਿਚ ਵਿਚਰੇ ਉਹ ਬੇਮਿਸਾਲ ਹੈ। ਡਾ. ਜੱਗੀ ਵਿਦਵਾਨ ਲੇਖਕ, ਸਿੱਖ ਸਾਹਿਤ ਦਾ ਸਕਾਲਰ, ਸਿੱਖ ਕੌਮ ਦਾ ਧਾਰਮਿਕ ਸਲਾਹਕਾਰ, ਇਤਿਹਾਸਵੇਤਾ, ਪ੍ਰਾਚੀਨ ਸਾਹਿਤ ਦਾ ਗਿਆਤਾ, ਆਧੁਨਿਕ ਆਲੋਚਨਾ ਦਾ ਮੋਢੀ, ਨਵੀਆਂ ਕੀਮਤਾਂ ਦਾ ਸਿਰਜਨਹਾਰ ਲਗਪਗ 7 ਦਹਾਕਿਆਂ ਤੋਂ ਪੰਜਾਬੀ ਸਾਹਿਤ ਨੂੰ ਇਕ ਸੰਸਥਾ ਬਣ ਕੇ ਅਗਵਾਈ ਦਿੰਦੇ ਆਏ ਹਨ।

ਕਿਸੇ ਵੀ ਲੇਖਕ ਨੂੰ ਉਸ ਦੀ ਰਚਨਾ ਤੋਂ ਨਿਖੇੜਿਆ ਨਹੀਂ ਜਾ ਸਕਦਾ ਕਿਉਂਕਿ ਰਚਨਾ ਉਸ ਦਾ ਅਸਤਿਤ੍ਵ ਹੁੰਦਾ ਹੈ। ਸਾਹਿਤ ਦਾ ਸੋਮਾ ਹੀ ਮਨੁੱਖੀ ਜੀਵਨ ਹੈ। ਮਨੁੱਖ ਆਪਣੇ ਸਮਾਜ, ਆਲੇ ਦੁਆਲੇ ਅਤੇ ਆਪਣੇ ਸਮੇਂ ਜਾਂ ਆਪਣੇ ਪੂਰਬਲਿਆਂ ਦੇ ਪ੍ਰਭਾਵ ਤੋਂ ਅਭਿੱਜ ਨਹੀਂ ਰਹਿ ਸਕਦਾ । ਜਸਵੰਤ ਸਿੰਘ ਕੰਵਲ ਲਿਖਦੇ ਹਨ ਕਿ 'ਸਾਹਿਤ ਜਿੰਦਗੀ ਦਾ ਸ਼ੀਸ਼ਾ ਹੈ ਤੇ ਜ਼ਿੰਦਗੀ ਇਸ ਵਿਚੋਂ ਆਪਣਾ ਚਿਹਰਾ ਮੋਹਰਾ ਹੀ ਨਹੀਂ ਵੇਖਦੀ, ਸਗੋਂ ਸਾਰਥਕ ਜੀਵਨ ਲਈ ਸੰਕੇਤ ਤੇ ਬਲ ਵੀ ਲੈਂਦੀ ਹੈ। ਸਾਹਿਤ ਤੇ ਜ਼ਿੰਦਗੀ ਦੋਵੇਂ ਆੜੀ ਪਾ ਕੇ ਚਲਦੇ ਹਨ। ਇਹ ਤੋਰ ਹਮੇਸ਼ਾ ਇਕ ਸਾਰ ਹੀ ਨਹੀਂ ਚਲਦੀ ਸਮੇਂ ਦੀ ਹੇਰ ਫੇਰ ਵਿਚ, ਪੁਰਾਣਾ ਉਮਰ ਹੰਢਾ ਕੇ ਟੁਟਦਾ ਹੈ, ਉਸਦੀ ਥਾਂ ਨਵਾਂ ਅਕਾਰ ਵਜ਼ੂਦ ਲੈਂਦਾ ਹੈ। ਸਾਹਿਤ ਜਿੰਦਗੀ ਦਾ ਹਾਣੀ, ਉਹਦੇ ਪਿਛੇ ਪਿਛੇ ਆਉਂਦਾ ਤੇ ਦਰਦ ਵੰਡਾਉਂਦਾ ਹੈ, ਜ਼ਖਮਾਂ ਤੇ ਫਰਿਆ ਰਖਦਾ ਹੈ, ਮੁੜ ਮੁੜ ਤੁਰਨ ਲਈ ਮੋਢਾ ਦਿੰਦਾ ਹੈ। ਜਦੋਂ ਇਹਨਾਂ ਦਾ ਵਿਛੋੜਾ ਪੈਂਦਾ ਹੈ ਇਤਿਹਾਸ ਵਿਚ ਕਿਆਮਤ ਵਾਪਰਦੀ ਹੈ। ਪਰ

ਇਹਨਾਂ ਦੀ ਆੜੀ ਅਟੁੱਟ ਹੈ।'[21] ਇਸ ਲਈ ਕਿਸੇ ਵੀ ਲੇਖਕ ਦੀ ਲਿਖਤ ਬਾਰੇ ਨਿਰਣਾ ਕਰਨ ਲੱਗਿਆਂ ਇਹ ਧਿਆਨ ਰਖਣਾ ਜ਼ਰੂਰੀ ਹੈ ਕਿ ਲੇਖਕ ਦਾ ਜੀਵਨ-ਕਾਲ ਕਿਹੜਾ ਹੈ, ਅਤੇ ਉਸਦੀਆਂ ਸਮਾਜਿਕ, ਰਾਜਨੀਤਕ, ਆਰਥਿਕ, ਧਾਰਮਿਕ ਤੇ ਸਾਹਤਿਕ ਕੀਮਤਾਂ ਕਿਹੋ ਜਿਹੀਆਂ ਹਨ। ਇਸ ਵਿਚ ਕੋਈ ਅਤਿਕਥਨੀ ਨਹੀਂ ਕਿ ਦੁਨੀਆਂ ਰਹੇਗੀ ਉਨ੍ਹਾਂ ਦੁਆਰਾ ਰਚਿਆ ਸਾਹਿਤ, ਸਾਹਿਤਕ ਖੇਤਰ ਵਿਚ ਯਾਦ ਰਹੇਗਾ। ਉਨ੍ਹਾਂ ਦੁਆਰਾ ਰਚਿਆ ਸਾਹਿਤ ਸਿਰਫ਼ ਗੁਣਾਤਮਕ ਪਖੋਂ ਹੀ ਉਤਮ ਨਹੀਂ ਸਗੋਂ ਗਿਣਾਤਮਕ ਪਖੋਂ ਵੀ ਕਾਫ਼ੀ ਹੈ। ਇਕ ਲਿਸ਼ਕਦੇ ਸ਼ੀਸ਼ੇ ਵਾਂਗ ਦੀ ਤਰ੍ਹਾਂ ਉਹ ਨਵੀਆਂ ਸੋਚਾਂ ਰਚਦੇ ਤੇ ਸਾਹਿਤ ਦਰਸ਼ਨ ਕਰਾਉਂਦੇ ਵਰ੍ਹਿਆਂ ਤੋਂ ਸਾਡੇ ਸਾਹਿਤਕਾਰਾਂ ਦੇ ਅੱਗੇ ਮਾਡਲ ਬਣੇ ਹੋਏ ਹਨ ਕਿ ਪੰਜਾਬੀ ਕਿਵੇਂ ਲਿਖੀ ਜਾਵੇ। ਸਾਹਿਤ ਰਚਣ ਤੋਂ ਇਲਾਵਾ ਉਨ੍ਹਾਂ ਨੇ ਵਡਮੁੱਲੀ ਦੇਣ ਇਹ ਦਿੱਤੀ ਕਿ ਹੋਰਨਾਂ ਸਾਹਿਤਕਾਰਾਂ ਦੀ ਸਾਹਿਤ ਸਿਰਜਣਾ ਕੀਤੀ ਅਤੇ ਮਹਾਨ ਸਖਸ਼ੀਅਤਾਂ, ਸਾਹਿਤਕਾਰਾਂ ਦਾ ਨਿਰਮਾਣ ਤੇ ਕਲਾਕਾਰਾਂ ਦੀ ਪਛਾਣ ਕੀਤੀ ਤੇ ਉਨ੍ਹਾਂ ਦੀ ਕਲਾ ਨੂੰ ਪ੍ਰਵਾਣ ਚੜ੍ਹਾਇਆ। ਉਹ ਪੰਜਾਬੀ ਸਾਹਿਤਕਾਰਾਂ ਦੇ ਪ੍ਰਧਾਨ ਸਲਾਹਕਾਰ, ਦੀਖਿਆਕਾਰ ਅਤੇ ਸਾਸਤ੍ਰੀ ਕਹੇ ਜਾ ਸਕਦੇ ਹਨ। ਅਨੇਕਾਂ ਲਿਖਾਰੀਆਂ ਨੇ ਉਨ੍ਹਾ ਦੀ ਸਿਖਿਆ ਨਾਲ ਆਪਣੀਆਂ ਕ੍ਰਿਤਾਂ ਨੂੰ ਸਫਲ ਕੀਤਾ ਹੈ। ਪੰਜਾਬੀ ਭਾਸ਼ਾ ਨਾਲ ਉਨ੍ਹਾਂ ਦਾ ਵਿਸ਼ੇਸ਼ ਲਗਾਅ ਅਤੇ ਉਤਸ਼ਾਹ ਰਿਹਾ ਹੈ। ਡਾ. ਜੱਗੀ ਦੀਆਂ ਰਚਨਾਵਾਂ ਦਾ ਵਰਗੀਕਰਨ ਮੋਟੇ ਤੌਰ 'ਤੇ ਨਿਮਲਿਖਤ ਅਨੁਸਾਰ ਕੀਤਾ ਜਾ ਸਕਦਾ ਹੈ:

### (1) ਖੋਜ ਤੇ ਅਲੋਚਨਾ

[21] *ਪੂਰਵ ਅੰਕਿਤ,* ਪੰ.10.

1. *ਦਸਮ ਗ੍ਰੰਥ ਦਾ ਪੌਰਾਣਿਕ ਅਧਿਐਨ*, ਜਲੰਧਰ, 1965.
2. *ਵਿਚਾਰਧਾਰਾ*, ਪਟਿਆਲਾ, 1966.
3. *ਦਸਮ ਗ੍ਰੰਥ ਦਾ ਕਰਤ੍ਰਿਤਵ*, ਦਿੱਲੀ, 1966.
4. *ਗੁਰੂ ਗੋਬਿੰਦ ਸਿੰਘ ਦੀ ਬਾਣੀ ਵਿੱਚ ਸੁਤੰਤਰਤਾ ਦੀ ਭਾਵਨਾ*, ਚੰਡੀਗੜ੍ਹ, 1967.
5. *ਗੁਰੂ ਨਾਨਕ ਦੀ ਵਿਚਾਰਧਾਰਾ*, ਦਿੱਲੀ, 1969.
6. *ਸਾਹਿਤ ਸੌਰਭ*, ਪਟਿਆਲਾ, 1976
7. *ਪੁਰਾਤਨ ਜਨਮਸਾਖੀ ਦਾ ਵਿਸ਼ਲੇਸ਼ਣ*, ਅਧਿਐਨ, ਪਟਿਆਲਾ, 1970.
8. *ਵਿਚਾਰ ਵਿਸ਼ਲੇਸ਼ਣ*, ਪਟਿਆਲਾ, 1977.
9. *ਪੁਰਾਤਨ ਪੰਜਾਬੀ ਵਾਰਤਕ, ਸਰੂਪ ਅਤੇ ਵਿਕਾਸ*, ਚੰਡੀਗੜ੍ਹ, 1984.
10. *ਦਸਮ ਗ੍ਰੰਥ ਪਰਿਚਯ*, ਦਿੱਲੀ 1991.
11. *ਸ੍ਰੀ ਗੁਰੂ ਗ੍ਰੰਥ ਪਰਿਚਯ*, ਦਿੱਲੀ 1990.
12. *ਗੁਰ ਸੰਦੇਸ਼*, ਅੰਮ੍ਰਿਤਸਰ, 1991.
13. *ਸਾਹਿਤ ਦੇ ਰੂਪ*, ਪਟਿਆਲਾ, 1991.
14. *ਜਾਪ ਸਾਹਿਬ ਦਾ ਗੌਰਵ*, ਦਿੱਲੀ, 1999.
15. *ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ*, ਪਟਿਆਲਾ, 2008.
16. *ਗੁਰੂ ਮਾਨਿਉ ਗ੍ਰੰਥ*, ਪਟਿਆਲਾ, 2008.
17. *ਗੁਰੂ ਤੇਗ ਬਹਾਦਰ ਬਾਣੀ ਵਿਸ਼ਲੇਸ਼ਣ*, ਪਟਿਆਲਾ, 2010.

## (2) ਸਾਹਿਤ ਇਤਿਹਾਸ

1. *ਪੰਜਾਬੀ ਸਾਹਿਤ ਦਾ ਇਤਿਹਾਸ* (1701-1850), ਪਟਿਆਲਾ, 1976 ਸੋਧਿਆ

ਹੋਇਆ (1701-1900), 1992.

2. *ਪੰਜਾਬੀ ਸਾਹਿਤ ਦਾ ਸਰੋਤ ਮੂਲਕ ਇਤਿਹਾਸ*, ਭਾਗ -1, ਪਟਿਆਲਾ, 1998.
3. *ਪੰਜਾਬੀ ਸਾਹਿਤ ਦਾ ਸਰੋਤ ਮੂਲਕ ਇਤਿਹਾਸ*, ਭਾਗ -2, ਪਟਿਆਲਾ, 1999.
4. *ਪੰਜਾਬੀ ਸਾਹਿਤ ਦਾ ਸਰੋਤ ਮੂਲਕ ਇਤਿਹਾਸ*, ਭਾਗ -3, ਪਟਿਆਲਾ, 1999.
5. *ਪੰਜਾਬੀ ਸਾਹਿਤ ਦਾ ਸਰੋਤ ਮੂਲਕ ਇਤਿਹਾਸ*, ਭਾਗ -4, ਪਟਿਆਲਾ, 2001.
6. *ਪੰਜਾਬੀ ਸਾਹਿਤ ਦਾ ਸਰੋਤ ਮੂਲਕ ਇਤਿਹਾਸ*, ਭਾਗ -5, ਪਟਿਆਲਾ, 2002.

### (3) ਕੋਸ਼ਕਾਰੀ

1. *ਵਾਰਾਂ ਭਾਈ ਗੁਰਦਾਸ-ਸ਼ਬਦ ਅਨੁਕ੍ਰਮਣਿਕਾ ਅਤੇ ਕੋਸ਼*, ਪਟਿਆਲਾ, 1966.
2. *ਭਾਈ ਵੀਰ ਸਿੰਘ ਸਾਹਿਤ ਕੋਸ਼*, ਪਟਿਆਲਾ, 1988.
3. *ਸਾਹਿਤ ਕੋਸ਼*, ਪਟਿਆਲਾ, 1989.
5. *ਪੰਜਾਬੀ ਸਾਹਿਤ ਸੰਦਰਭ ਕੋਸ਼*, ਪਟਿਆਲਾ, 1994.
6. *ਗੁਰੂ ਗ੍ਰੰਥ ਵਿਸ਼ਵਕੋਸ਼*, (2 ਜਿਲਦਾਂ), ਪਟਿਆਲਾ, 2002.
7. *ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ*, ਭਾਗ-3, ਪਟਿਆਲਾ, 2003.
9. *ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ*, ਭਾਗ-4, ਪਟਿਆਲਾ, 2004.
10. *ਸਿੱਖ ਪੰਥ ਵਿਸਵਕੋਸ਼* (4 ਜਿਲਦਾਂ), 2015.

### (4) ਜੀਵਨੀ ਸਾਹਿਤ ਮੋਨੋਗ੍ਰਾਫ਼

1. *ਭਾਈ ਗੁਰਦਾਸ: ਜੀਵਨੀ ਅਤੇ ਰਚਨਾ*, ਪਟਿਆਲਾ, 1974.
2. *ਗੁਰੂ ਨਾਨਕ: ਜੀਵਨ ਤੇ ਵਿਅਕਤਿਤਵ*, ਦਿੱਲੀ, 1974.

3. *ਭਾਈ ਮਨੀ ਸਿੰਘ: ਜੀਵਨ ਤੇ ਰਚਨਾ*, ਪਟਿਆਲਾ, 1983.

## (5) ਮੌਲਿਕ

1. *ਅਮਲ ਜਿ ਕੀਤੇ ਦੁਨੀ ਵਿਚਿ* (ਸੈ-ਜੀਵਨੀ), ਪਟਿਆਲਾ, 2005.

## (6) ਟੀਕਾਕਾਰੀ

1. *ਸ੍ਰੀ ਦਸਮ ਗ੍ਰੰਥ: ਸੰਪਾਦਨ ਅਤੇ ਵਿਆਖਿਆ*, ਭਾਗ-1, ਦਿੱਲੀ, 2000.
2. *ਸ੍ਰੀ ਦਸਮ ਗ੍ਰੰਥ: ਸੰਪਾਦਨ ਅਤੇ ਵਿਆਖਿਆ*, ਭਾਗ-2, ਦਿੱਲੀ, 2001.
3. *ਸ੍ਰੀ ਦਸਮ ਗ੍ਰੰਥ: ਸੰਪਾਦਨ ਅਤੇ ਵਿਆਖਿਆ*, ਭਾਗ-3, ਦਿੱਲੀ, 2002.
4. *ਸ੍ਰੀ ਦਸਮ ਗ੍ਰੰਥ: ਸੰਪਾਦਨ ਅਤੇ ਵਿਆਖਿਆ*, ਭਾਗ-4, ਦਿੱਲੀ, 2003.
5. *ਸ੍ਰੀ ਦਸਮ ਗ੍ਰੰਥ: ਸੰਪਾਦਨ ਅਤੇ ਵਿਆਖਿਆ*, ਭਾਗ-5, ਦਿੱਲੀ, 2004.
6. *ਅਰਥ ਬੋਧ: ਸ੍ਰੀ ਗ੍ਰੰਥ ਸਾਹਿਬ ਅਤੇ ਵਿਆਖਿਆ*, (1 ਤੋਂ 5 ਭਾਗ), ਦਿੱਲੀ, 2005.
7. *ਭਾਵ ਪ੍ਰਬੋਧਨੀ ਟੀਕਾ: ਸ੍ਰੀ ਗੁਰੂ ਗ੍ਰੰਥ ਸਾਹਿਬ*, (1 ਤੋਂ 8 ਭਾਗ), ਪਟਿਆਲਾ, 2014.
8. *ਭਾਵ ਪ੍ਰਬੋਧਨੀ ਟੀਕਾ: ਸ੍ਰੀ ਗੁਰੂ ਗ੍ਰੰਥ ਸਾਹਿਬ ਅੰਤਿਕਾ*, ਪਟਿਆਲਾ, 2015.

## (7) ਸੰਪਾਦਨ

### (ੳ) ਹੱਥ ਲਿਖਤ ਸਾਹਿਤ

1. *ਗੁਰਬਾਣੀ ਟੀਕੇ: ਆਨੰਦਘਨ*, ਪਟਿਆਲਾ, 1970.
2. *ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ*, ਚੰਡੀਗੜ੍ਹ, 1972.
3. *ਪੁਰਾਤਨ ਜਨਮਸਾਖੀ: ਮੂਲ ਪਾਠ ਅਤੇ ਵਿਸ਼ਲੇਸ਼ਣ*, ਪਟਿਆਲਾ, 1984.
4. *ਆਸਾ ਦੀ ਵਾਰ ਦਾ ਟੀਕਾ (ਆਨੰਦਘਨ),* ਪਟਿਆਲਾ, 1990.
5. *ਪੁਰਾਤਨ ਜਨਮਸਾਖੀ ਅਧਿਐਨ ਅਤੇ ਸੰਪਾਦਨ*, ਪਟਿਆਲਾ, 2010.

**(ਅ) ਬਾਣੀ**

1. *ਗੁਰੂ ਨਾਨਕ ਬਾਣੀ*, ਪਟਿਆਲਾ, 1968.
2. *ਬਾਣੀ ਸ਼ੇਖ ਫਰੀਦ*, ਪਟਿਆਲਾ, 1976.
3. *ਬਾਣੀ ਗੁਰੂ ਰਵਿਦਾਸ*, ਪਟਿਆਲਾ, 1984.

**(ੲ) ਪੁਸਤਕਾਂ**

1. *ਮੋਇਆਂ ਦੀ ਜਾਗ* (ਪ੍ਰੋ. ਪੂਰਨ ਸਿੰਘ), ਭਾਗ-2 ਅਤੇ -3, ਪਟਿਆਲਾ, 1982.
2. *ਮੋਇਆ ਦੀ ਜਾਗ* (ਪ੍ਰੋ. ਪੂਰਨ ਸਿੰਘ), ਭਾਗ-1, ਪਟਿਆਲਾ, 1983.
3. *ਜੰਗਨਾਮਾ ਸਿੰਘਾਂ ਅਤੇ ਫਰੰਗੀਆਂ*, ਪਟਿਆਲਾ, 1983.
4. *ਪੰਜਾਬ ਦੇ ਪ੍ਰਮੁੱਖ ਸਾਹਿਤਕਾਰ*, ਪਟਿਆਲਾ, 1987.
5. *ਮਾਲਵੇ ਦੀ ਕਵੀਸ਼ਰੀ ਪਰੰਪਰਾ*, ਪਟਿਆਲਾ, 1988.
6. *ਸਾਹਿਤ ਅਧਿਐਨ ਵਿਧੀਆਂ,* ਪਟਿਆਲਾ, 1988.
7. *ਪੰਜਾਬ ਦੇ ਪ੍ਰਸਿੱਧ ਸਾਹਿਤਕਾਰ,* ਪਟਿਆਲਾ, 1989.
8. *ਪੁਰਾਤਨ ਕਾਵਿ ਰਮਜ਼ਾ*, ਅੰਮ੍ਰਿਤਸਰ, 1991.
9. *ਡਾ. ਮੋਹਨ ਸਿੰਘ ਕਵਿਤਾਵਲੀ,* ਪਟਿਆਲਾ, 1994.
10. *ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਪ੍ਰਤਿਨਿਧ ਲੇਖ,* ਭਾਗ-1, ਪਟਿਆਲਾ, 1996.
11. *ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਪ੍ਰਤਿਨਿਧ ਲੇਖ*, ਭਾਗ-2, ਪਟਿਆਲਾ, 1997.

**(ਸ) ਖੋਜ-ਪਤ੍ਰਿਕਾ**

ਸਾਧਾਰਨ ਅੰਕ (4) ਅਤੇ ਵਿਸ਼ੇਸ਼ ਅੰਕ (16)

1. *ਗੁਰੂ ਅਮਰਦਾਸ* ਨੰ: 14, 1979.

2. *ਮਹਾਰਾਜਾ ਰਣਜੀਤ ਸਿੰਘ* (ਸਮ੍ਰਿਤੀ), ਨੰ: 16, 1980.

3. *ਪੂਰਨ ਸਿੰਘ* ਨੰ: 17, 1981.

4. *ਭਾਈ ਮੋਹਨ ਸਿੰਘ ਵੈਦ* (ਸਮ੍ਰਿਤੀ ਅੰਕ), ਨੰ: 18, 1981.

5. *ਗਲਪ,* ਨੰ: 1982.

6. *ਭਾਈ ਜੋਧ ਸਿੰਘ* (ਸਮ੍ਰਿਤੀ ਅੰਕ), ਨੰ: 20, 1982.

7. *ਪੁਰਾਤਨ ਵਾਰਤਕ*, ਨੰ: 21, 1983.

8. *ਆਧੁਨਿਕ ਕਾਵਿ* ਨੰ: 22, 1983.

9. *ਸਾਈਂ ਬੁੱਲ੍ਹੇ ਸ਼ਾਹ*, ਨੰ: 23, 1984.

10. *ਨਾਟਕ*, ਨੰ: 26, 1985.

11. *ਗੁਰਮਤਿ ਕਾਵਿ,* ਨੰ: 26, 1985.

12. *ਕਿੱਸਾ ਕਾਵਿ,* ਨੰ: 27, 1986.

13. *ਨਿਬੰਧ,* ਨੰ: 29, 1987.

14. *ਸਾਹਿਤਕ ਵਾਦ* ਭਾਗ-1 ਨੰ: 31, 1988.

15. *ਸਾਹਿਤਕ ਵਾਦ* ਭਾਗ-2 ਨੰ: 32, 1988.

16. *ਸੂਫ਼ੀ ਕਾਵਿ,* ਨੰ: 33, 1989.

## (8) ਅਨੁਵਾਦ

1. *ਆਬੇ ਹਯਾਤ* (ਉਰਦੂ ਤੋਂ ਪੰਜਾਬੀ), ਪਟਿਆਲਾ 1965.

2. *ਰਾਜਨੀਤੀ ਵਿਗਿਆਨ ਅਤੇ ਸੰਗਠਨ ਦੇ ਸਿਧਾਂਤ* (ਅੰਗਰੇਜ਼ੀ ਤੋਂ ਪੰਜਾਬੀ),ਪਟਿਆਲਾ, 1965.

3. *ਸਿੱਖ ਇਤਿਹਾਸ ਕੀ ਝਾਕੀਆਂ*- ਭਾਗ 2 (ਅੰਗਰੇਜੀ ਤੋਂ ਹਿੰਦੀ), ਪਟਿਆਲਾ, 1976.

4. *ਪੰਜਾਬੀ ਰਾਮ ਕਾਵਿ* (ਪੰਜਾਬੀ ਤੋਂ ਹਿੰਦੀ), ਪਟਿਆਲਾ, 1977

5. *ਤੁਲਸੀ ਰਾਮਾਇਣ: ਅਧਿਐਨ, ਸੰਪਾਦਨ ਅਤੇ ਵਿਆਖਿਆ* (ਹਿੰਦੀ ਤੋਂ ਪੰਜਾਬੀ), ਪਟਿਆਲਾ, 1977.

6. *ਨਾਨਕ ਸਿੰਘ* (ਮੋਨੋਗ੍ਰਾਫ) (ਅੰਗਰੇਜ਼ੀ ਤੋਂ ਪੰਜਾਬੀ), ਦਿੱਲੀ, 1992.

7. *ਉਪਨਿਸ਼ਦਾਂ ਦੀਆਂ ਕਹਾਣੀਆਂ* (ਹਿੰਦੀ ਤੋਂ ਪੰਜਾਬੀ), ਦਿੱਲੀ, 1977.

8. *ਸ੍ਰੀ ਦਸਮ ਗ੍ਰੰਥ: ਸੰਪਾਦਨ ਅਤੇ ਵਿਆਖਿਆ*, (ਪੰਜਾਬੀ ਤੋਂ ਹਿੰਦੀ), ਭਾਗ-5, ਦਿੱਲੀ,2004.

## (9) ਹਿੰਦੀ ਰਚਨਾਵਾਂ

1. *ਦਸਮ ਗ੍ਰੰਥ ਕੀ ਪੌਰਾਣਿਕ ਪ੍ਰਿਸ਼ਠਭੂਮੀ,* ਦਿੱਲੀ, 1965.
2. *ਗੁਰੂ ਨਾਨਕ ਰਚਨਾਵਲੀ,* ਪਟਿਆਲਾ, 1970.
3. *ਪਰਾਤਨ ਜਨਮਸਾਖੀ,* ਪਟਿਆਲਾ, 1970.
4. *ਬਾਣੀ ਸ਼ੇਖ ਫਰੀਦ,* ਪਟਿਆਲਾ, 1974.
5. *ਗੁਰੂ ਨਾਨਕ: ਵਿਅਕਤਿਤ, ਕ੍ਰਿਤਿਤਵ ਔਰ ਚਿੰਤਨ,* ਪਟਿਆਲਾ, 1975.
6. *ਗੁਰੂ ਪ੍ਰਤਾਪ ਸੂਰਜ,* ਭਾਗ (7), ਪਟਿਆਲਾ, 1976.
7. *ਗੁਰੂ ਅਮਰਦਾਸ ਰਚਨਾਵਲੀ,* ਪਟਿਆਲਾ, 1982.

## (10) ਅੰਗਰੇਜ਼ੀ ਰਚਨਾਵਾਂ

1. *Perspective of Guru Amardass* (Co-ed.), Patiala, 1982.
2. *The Holy Granth* (ed.), Patiala, 1985.
3. *Essays in Sikhism* (ed.), Patiala, 1988.

## (11) ਖੋਜ ਪੱਤਰ/ਲੇਖ (ਲਗਪਗ 200)

## ਅਧਿਆਇ ਦੂਜਾ

# ਗੁਰਮਤਿ ਸਾਹਿਤ ਨਾਲ ਸੰਬੰਧਿਤ ਰਚਨਾਵਾਂ ਦੀ ਜਾਣਕਾਰੀ

ਡਾ. ਰਤਨ ਸਿੰਘ ਜੱਗੀ ਪੰਜਾਬੀ ਅਤੇ ਗੁਰਮਤਿ ਸਾਹਿਤ ਦੇ ਇਕ ਬਹੁ-ਪੱਖੀ ਪ੍ਰਤਿਭਾ ਵਾਲੇ ਲੇਖਕ ਹਨ। ਉਨ੍ਹਾਂ ਦੀ ਸਾਹਿਤਕ ਦੇਣ ਵਿਵਧ ਪ੍ਰਕਾਰ ਦੀ ਹੈ। ਇਸ ਕਰਕੇ ਕਈ ਵਾਰੀ ਇਹ ਨਿਰਣਾ ਕਰਨਾ ਵੀ ਮੁਸ਼ਕਿਲ ਹੋ ਜਾਂਦਾ ਹੈ ਕਿ ਉਨ੍ਹਾਂ ਦੀ ਵਿਸ਼ੇਸ਼ਤਾ ਕਿਹੜੇ ਖੇਤਰ ਵਿਚ ਹੈ। ਡਾ. ਜੱਗੀ ਨੇ ਮੱਧਕਾਲ ਅਤੇ ਆਧੁਨਿਕ ਕਾਲ ਦੇ ਪੰਜਾਬੀ ਸਾਹਿਤ ਅਧਿਐਨ ਦੇ ਕਈ ਖੇਤਰਾਂ ਵਿਚ ਆਪਣੀ ਕਲਮ ਚਲਾਈ ਹੈ। ਦਰਅਸਲ ਮੱਧਕਾਲੀ ਪੰਜਾਬੀ ਸਾਹਿਤ ਦੇ ਖੇਤਰ ਵਿਚ ਉਨ੍ਹਾਂ ਦੀ ਖੋਜ ਤੇ ਮੁਲਾਂਕਣ ਦਾ ਕੰਮ ਬਹੁਤ ਵਿਸ਼ੇਸ਼ਤਾ ਰਖਦਾ ਹੈ। ਡਾ. ਜੱਗੀ ਦੀ ਖੋਜ ਤੇ ਅਧਿਐਨ ਦਾ ਪ੍ਰਧਾਨ ਸੁਰ ਮੱਧਕਾਲੀ ਪੰਜਾਬੀ ਸਾਹਿਤ ਤੋਂ ਇਲਾਵਾ ਭਗਤੀ ਅੰਦੋਲਨ, ਗੁਰਬਾਣੀ, ਗੁਰਮਤਿ ਵਿਧਾਨ, ਦਸਮ ਗ੍ਰੰਥ, ਪੁਰਾਤਨ ਵਾਰਤਕ ਅਤੇ ਪੁਰਾਤਨ ਹੱਥ ਲਿਖਤਾਂ ਵੀ ਹਨ। ਇਸ ਅਧਿਆਇ ਵਿਚ ਕਾਲ-ਕ੍ਰਮ ਅਨੁਸਾਰ ਉਨ੍ਹਾਂ ਦੀਆਂ ਰਚਨਾਵਾਂ ਦਾ ਅਧਿਐਨ ਪੇਸ਼ ਕੀਤਾ ਜਾ ਰਿਹਾ ਹੈ, ਤਾਂ ਜੋ ਡਾ. ਜੱਗੀ ਦੀ ਹਰ ਰਚਨਾ ਬਾਰੇ ਜਾਣਕਾਰੀ ਪ੍ਰਾਪਤ ਹੋ ਸਕੇ। ਇਉਂ ਉਨ੍ਹਾਂ ਦੀ ਸਾਹਿਤਿਕ ਪ੍ਰਤਿਭਾ ਦੇ ਵਿਕਾਸ-ਪੜ੍ਹਾਵਾਂ ਦਾ ਗਿਆਨ ਵੀ ਪ੍ਰਾਪਤ ਹੋ ਸਕੇਗਾ। ਡਾ. ਜੱਗੀ ਨੇ ਆਪਣੀਆਂ ਰਚਨਾਵਾਂ ਵਿਚ ਸਿੱਖ ਗੁਰੂ ਸਾਹਿਬਾਨ ਦੁਆਰਾ ਪ੍ਰਸਤੁਤ ਕੀਤੇ ਗਏ ਸਿਧਾਂਤਾਂ ਦੀ ਵਿਆਖਿਆ ਕਰਦਿਆਂ ਸਿੱਖ ਧਰਮ ਦੇ ਸੰਕਲਪਾਂ ਅਤੇ ਸਾਧਨਾਤਮਕ ਪੱਖਾਂ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਹੈ। ਇਸ ਲਈ ਉਨ੍ਹਾਂ ਦੀ ਚੇਤਨਾ ਨੇ ਮੁੱਖ ਰੂਪ ਵਿਚ ਗੁਰਬਾਣੀ ਦੇ ਵਿਵਧ ਖੇਤਰਾਂ ਨੂੰ ਗੰਭੀਰ ਰੂਪ ਵਿਚ ਵਿਚਾਰਿਆ ਤੇ ਪ੍ਰਕਾਸ਼ਿਆ ਹੈ। ਜਿਸਨੂੰ

ਉਨ੍ਹਾਂ ਡਾਕਟ੍ਰੇਟ ਅਧਿਐਨ ਤੋਂ ਇਲਾਵਾ ਆਪਣੀਆਂ ਲੱਭਤਾਂ ਨੂੰ ਪੁਸਤਕਾਂ ਦੇ ਰੂਪ ਵਿਚ ਵੀ ਦਰਸਾਇਆ ਹੈ।

ਉਨ੍ਹਾਂ ਦਾ ਸਾਹਿਤਕ ਜਗਤ ਵਿਚ ਆਗਮਨ ਉਨ੍ਹਾਂ ਦੀ ਪੀਐਚ.ਡੀ. ਦੇ ਖੋਜ-ਕਾਰਜ *ਦਸਮ ਗ੍ਰੰਥ ਮੇਂ ਸੰਗ੍ਰਹਿਤ ਕ੍ਰਿਤੀਆਂ ਦਾ ਵਿਵੇਚਨਾਤਮਕ ਅਧਿਐਨ* ਲਿਖਣ ਨਾਲ ਹੋਇਆ। ਉਨ੍ਹਾਂ ਦੀ ਸਾਹਿਤਕ ਦਿਲਚਸਪੀ ਦਾ ਘੇਰਾ ਬਹੁਤ ਵਿਸ਼ਾਲ ਹੈ, ਜਿਸ ਦੇ ਅਨੇਕਾਂ ਵਿਸ਼ੇ ਹਨ। ਹਵਾਲਾ ਗ੍ਰੰਥਾਂ ਦੀ ਰਚਨਾ, ਖੋਜ, ਸੰਪਾਦਨ, ਟੀਕਾਕਾਰੀ, ਅਨੁਵਾਦ ਅਤੇ ਕੋਸ਼ਕਾਰੀ ਤੋਂ ਇਲਾਵਾ ਆਪਣੇ ਲੇਖਾਂ-ਭਾਸ਼ਾਵਾਂ ਅਤੇ ਬਿਜਲਈ ਮੀਡੀਆ ਰਾਹੀਂ ਵੀ ਉਨ੍ਹਾਂ ਨੇ ਗੁਰਮਤਿ ਸਾਹਿਤ ਦੇ ਅਨੇਕਾਂ ਪੱਖਾਂ ਨੂੰ ਉਜਾਗਰ ਕੀਤਾ ਹੈ। ਇਹ ਸਾਰੇ ਪੱਖ ਉਨ੍ਹਾਂ ਦੀ ਵਿਦਵਤਾ ਦੇ ਹੀ ਸੂਚਕ ਨਹੀਂ ਬਲਕਿ ਪੰਜਾਬੀਅਤ ਨਾਲ ਉਨ੍ਹਾਂ ਦੇ ਵਿਸ਼ੇਸ਼ ਲਗਾਉ ਨੂੰ ਵੀ ਦਰਸਾਉਂਦੇ ਹਨ। ਉਹ ਗੁਰਮਤਿ ਸਾਹਿਤ ਦੇ ਮਹਾਨ ਵਿਆਖਿਆਕਾਰ ਅਤੇ ਧਰਮ-ਸ਼ਾਸਤਰੀ ਦੇ ਤੌਰ ’ਤੇ ਸਾਹਮਣੇ ਆਏ ਹਨ।

ਡਾ. ਜੱਗੀ ਦੀਆਂ ਰਚਨਾਵਾਂ ਦੇ ਤਿੰਨ ਦੌਰ ਹਨ। (1) 1963 ਤੋਂ ਪਹਿਲਾਂ, (2) 1963 ਤੋਂ 1987 ਤੱਕ (ਪੰਜਾਬੀ ਯੂਨੀਵਰਸਿਟੀ ਵਿਚਲਾ ਅਧਿਆਪਨ ਤੇ ਅਧਿਐਨ ਦਾ ਦੌਰ) ਅਤੇ (3) 1987 ਤੋਂ ਵਰਤਮਾਨ ਸਮੇਂ ਤਕ (ਪੰਜਾਬੀ ਯੂਨੀਵਰਸਿਟੀ ਵਿਚੋਂ ਰਿਟਾਇਰ ਹੋਣ ਤੋਂ ਬਾਅਦ ਦਾ ਸਮਾਂ)। ਉਨ੍ਹਾਂ ਨੇ ਹੁਣ ਤਕ ਲਗਭਗ 200 ਪੁਸਤਕਾਂ ਦੀ ਰਚਨਾ ਕੀਤੀ ਹੈ। ਇਸ ਤੋਂ ਇਲਾਵਾ 168 ਖੋਜ ਪੱਤਰ, 68 ਸੀ.ਸੀ ਅਧਿਆਇ ਅਤੇ *ਖੋਜ-ਪਤ੍ਰਿਕਾ* ਦੇ 20 ਅੰਕ ਸ਼ਾਮਿਲ ਹਨ। ਉਨ੍ਹਾਂ ਦੇ ਸਿਰਜਨਾਤਮਕ ਕਾਰਜ ਵਿਚ ਸਾਹਿਤਿਕ, ਸਮਾਜਿਕ ਅਤੇ ਇਤਿਹਾਸਕ ਗੁਣਾਂ ਦੀ ਵਿਸ਼ੇਸ਼ਤਾ ਮੌਜੂਦ ਹੈ। ਉਨ੍ਹਾਂ ਦਾ ਸਦਾ ਇਹੀ ਯਤਨ ਰਿਹਾ ਹੈ ਕਿ ਗੁਰੂ

ਸਾਹਿਬਾਨ ਦੀ ਸਿੱਖਿਆ ਨੂੰ ਪ੍ਰਵਾਨਿਤ ਸਮਕਾਲੀ ਮੁਹਾਵਰੇ ਵਿਚ ਰੱਖ ਕੇ ਪ੍ਰਸਤੁਤ ਕੀਤਾ ਜਾਵੇ, ਤਾਂ ਕਿ ਗੁਰਬਾਣੀ ਦਾ ਸੁਨੇਹਾ ਸਹੀ ਰੂਪ ਵਿਚ ਪੇਸ਼ ਕੀਤਾ ਜਾ ਸਕੇ। ਡਾ. ਜੱਗੀ ਦੀ ਸਮੁੱਚੀ ਸਾਹਿਤ ਰਚਨਾ ਦਾ ਪ੍ਰੇਰਨਾ ਸ੍ਰੋਤ ਉਨ੍ਹਾਂ ਦੀ ਧਾਰਮਿਕ ਬਿਰਤੀ ਹੈ, ਜਿਸ ਨਾਲ ਉਨ੍ਹਾਂ ਨੇ ਪੰਜਾਬੀ ਅਤੇ ਗੁਰਮਤਿ ਸਾਹਿਤ ਦੀ ਅਮੀਰ ਵਿਰਾਸਤ ਨੂੰ ਲੋਕਾਈ ਦੇ ਸਨਮੁਖ ਬੜੀ ਖ਼ੂਬਸੂਰਤੀ ਨਾਲ ਉਘਾੜਿਆ ਹੈ। ਗੁਰਮਤਿ ਸਾਹਿਤ ਨਾਲ ਸੰਬੰਧਿਤ ਉਨ੍ਹਾਂ ਦੀਆਂ ਰਚਨਾਵਾਂ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਦੀ ਖੋਜ ਪ੍ਰਤਿ ਲਗਨ ਇੰਨੀ ਪੱਕੀ ਹੈ ਕਿ ਉਹ ਪੰਜਾਬੀ, ਹਿੰਦੀ, ਅੰਗਰੇਜ਼ੀ, ਫ਼ਾਰਸੀ ਅਤੇ ਸੰਸਕ੍ਰਿਤ ਦੇ ਗਿਆਤਾ ਹਨ। ਉਨ੍ਹਾਂ ਨੇ ਇਨ੍ਹਾਂ ਭਾਸ਼ਾਵਾਂ ਦਾ ਗਿਆਨ ਪ੍ਰਾਪਤ ਕਰਕੇ ਕਈ ਰਚਨਾਵਾਂ ਇਕ ਤੋਂ ਦੂਜੀ ਭਾਸ਼ਾ ਵਿਚ ਉਲਥਾਈਆਂ ਹਨ। ਜਿਸ ਸਦਕਾ ਡਾ. ਜੱਗੀ ਦੀ ਸੰਸਾਰ ਦੇ ਪ੍ਰਮੁੱਖ ਚਿੰਤਕਾਂ, ਵਿਦਵਾਨਾਂ ਤੇ ਸਾਹਿਤਕਾਰਾਂ ਵਲੋਂ ਸੰਜੋਏ ਗਿਆਨ-ਵਿਗਿਆਨ ਨਾਲ ਬਹੁਪੱਖੀ ਸਾਂਝ ਬਣੀ। ਉਨ੍ਹਾਂ ਦੀ ਗੰਭੀਰ ਸੋਚ ਡੂੰਘੀ ਨੀਝ ਅਤੇ ਉਦਾਰ ਦ੍ਰਿਸ਼ਟੀਕੋਣ ਦਾ ਪਰਿਚਯ ਉਨ੍ਹਾਂ ਵਲੋਂ ਰਚੇ ਸਾਹਿਤ ਤੋਂ ਮਿਲਦਾ ਹੈ। ਉਨ੍ਹਾਂ ਨੇ ਆਪਣੀ ਲੇਖਣੀ ਰਾਹੀਂ ਬੜੀ ਸਰਲ ਭਾਸ਼ਾ ਅਤੇ ਸ਼ੈਲੀ ਦੁਆਰਾ-ਅਧਿਆਤਮਿਕ ਖੇਤਰ ਨੂੰ ਬੜੇ ਸੁਖਾਲੇ ਢੰਗ ਨਾਲ ਪੇਸ਼ ਕਰਦਿਆਂ ਗੁਰਮਤਿ ਦੇ ਮਹੱਤਵਪੂਰਨ ਸੰਕਲਪਾਂ ਨੂੰ ਸਪਸ਼ਟ ਕਰਨ ਦਾ ਯਤਨ ਕੀਤਾ ਹੈ। ਡਾ. ਜੱਗੀ ਨੇ ਪ੍ਰਭਾਵਸ਼ਾਲੀ, ਸੁਖੈਨ ਤੇ ਪ੍ਰੇਰਣਾਮਈ ਰੂਪ ਵਿਚ ਕਈ ਥਾਵਾਂ ’ਤੇ ਅਤਿ ਸੰਕੇਤਕ ਅਤੇ ਸੁਝਾਉ ਰੂਪ ਵਿਚ ਆਪਣੀ ਰਾਇ ਪ੍ਰਗਟ ਕੀਤੀ ਹੈ। ਡਾ. ਜੱਗੀ ਦੀਆਂ ਰਚਨਾਵਾਂ ਦੀ ਇਹ ਵੀ ਵਿਸ਼ੇਸ਼ਤਾ ਹੈ ਕਿ ਉਹ ਤੁਲਨਾਤਮਿਕ ਅਧਿਐਨ ਵਿਧੀ ਰਾਹੀਂ ਇਕ ਰਚਨਾ ਨੂੰ ਹੋਰ ਸਾਹਿਤ ਰਚਨਾਵਾਂ ਦੇ ਟਾਕਰੇ ਵਿਚ ਰੱਖ ਕੇ ਉਸਦੇ ਸਹੀ ਹੋਣ ਦਾ ਨਿਰਣਾ ਕਰਦੇ ਹਨ।

ਡਾ. ਜੱਗੀ ਦੀਆਂ ਰਚਨਾਵਾਂ ਵਿਚੋਂ ਝਲਕਦਾ ਹੈ ਕਿ ਇਨ੍ਹਾਂ ਕੋਲ ਭਾਰਤੀ ਦਰਸ਼ਨ, ਧਰਮ ਦਰਸ਼ਨ ਸਾਹਿਤ ਦਾ ਭਰਪੂਰ ਖਜ਼ਾਨਾ ਹੈ। ਉਨ੍ਹਾਂ ਵਿਚ ਇਹ ਖੂਬੀ ਵੀ ਹੈ ਕਿ ਉਨ੍ਹਾਂ ਅੰਧ-ਵਿਸ਼ਵਾਸੀ ਧਰਮ ਭਾਵਨਾਵਾਂ ਨੂੰ ਬੁੱਧੀ ਉਪਰ ਹਾਵੀ ਨਹੀਂ ਹੋਣ ਦਿੱਤਾ। ਡਾ. ਜੱਗੀ ਜੋ ਗੱਲ ਕਹਿੰਦੇ ਹਨ ਉਹ ਦਲੀਲ, ਯੁਕਤੀ ਅਤੇ ਪ੍ਰਮਾਣ ਸਹਿਤ ਸਪੱਸ਼ਟ ਕਰਦੇ ਹਨ। ਡਾ. ਜੱਗੀ ਨੂੰ ਪ੍ਰਾਚੀਨ ਸਾਹਿਤ ਦੀ ਖੋਜ ਦੀ ਲਗਨ ਮੁੱਢ ਤੋਂ ਹੀ ਸੀ। ਜਿੱਥੇ ਵੀ ਉਨ੍ਹਾਂ ਨੂੰ ਹੱਥ-ਲਿਖਤ ਗ੍ਰੰਥਾਂ ਦਾ ਪਤਾ ਲੱਗਾ, ਉਹ ਜ਼ਰੂਰ ਪਹੁੰਚਦੇ ਸਨ। ਉਨ੍ਹਾਂ ਨੇ ਸੰਬੰਧਿਤ ਚੀਜ਼ ਨੂੰ ਚੰਗੀ ਤਰ੍ਹਾਂ ਵੇਖਿਆ, ਪਰਖਿਆ ਅਤੇ ਹਰ ਪ੍ਰਕਾਰ ਉਸਦਾ ਮੁਲਾਂਕਣ ਕੀਤਾ। ਕਿਸੇ ਵੀ ਖਰੜੇ ਬਾਰੇ ਜਾਣਕਾਰੀ ਦਿੰਦਿਆਂ ਉਹ ਉਸਦਾ ਕਰਤਾ, ਨਕਲ ਕਰਣਹਾਰ, ਰਚਨਾ-ਕਾਲ, ਲਿਖਣ ਦਾ ਸਮਾਂ, ਵਿਸ਼ਾ, ਸਥਾਨ, ਆਕਾਰ, ਕੁਲ ਪੱਤਰੇ, ਕਾਗਜ਼, ਮੌਜੂਦਾ ਹਾਲਤ ਕਿਵੇਂ ਹੈ ਅਤੇ ਸਤਰਾਂ ਆਦਿ ਦਾ ਪੂਰਾ-ਪੂਰਾ ਵੇਰਵਾ ਦਿੰਦੇ ਹਨ। ਉਨ੍ਹਾਂ ਦੇ ਬਹੁ-ਪੱਖੀ ਕਾਰਜਾਂ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਨੇ ਜੀਵਨ ਭਰ ਕਿਵੇਂ ਘਾਲਣਾ ਘਾਲੀ ਹੈ। ਜਿਸ ਸਦਕਾ ਉਹ ਅਜੇਹੀ ਸਿਰ ਖਪਾਈ ਦੇ ਕੰਮ ਸਿਰੇ ਚੜ੍ਹਾਉਂਦੇ ਰਹੇ ਹਨ। ਭਾਵੇਂ ਡਾ. ਜੱਗੀ ਦੀਆਂ ਰਚਨਾਵਾਂ ਵਿਚ ਦੁਹਰਾਅ ਦੀ ਸਥਿਤੀ ਬਣੀ ਰਹਿੰਦੀ ਹੈ, ਜਾਪਦਾ ਹੈ ਕਿ ਉਨ੍ਹਾਂ ਨੇ ਪਾਠਕ ਦੀ ਪ੍ਰਪੱਕਤਾ ਵਾਸਤੇ ਐਸਾ ਕੀਤਾ ਹੋਵੇ। ਡਾ. ਜੱਗੀ ਦੀਆਂ ਰਚਨਾਵਾਂ ਵਿਚੋਂ ਕੁਝ ਵਕਤੀ ਜਾਂ ਤਤਕਾਲੀਨ ਅਤੇ ਬਾਕੀ ਚਿਰ-ਜੀਵੀ ਹਨ। ਉਂਝ ਦੇਖਿਆ ਜਾਵੇ ਤਾਂ ਡਾ. ਜੱਗੀ ਦੀਆਂ ਤਤਕਾਲੀਨ ਜਾਂ ਵਕਤੀ ਰਚਨਾਵਾਂ ਵੀ ਸਦੀਵਤਾ ਦੇ ਅੰਸ਼ਾਂ ਤੋਂ ਖਾਲੀ ਨਹੀਂ ਹਨ। ਉਨ੍ਹਾਂ ਵਿੱਚ ਸਮੋਏ ਗਏ ਖਿਆਲਾਂ ਦੀ ਉਚਤਾ, ਲਿਖਣ ਢੰਗ ਅਤੇ ਚਰਚਾ ਆਦਿ ਕਈ ਅਜਿਹੇ ਗੁਣ ਹਨ, ਜੋ ਉਨ੍ਹਾਂ ਦੀਆਂ ਲਿਖਤਾ ਨੂੰ ਗੁਰਮਤਿ ਸਾਹਿਤ ਦਾ

ਯੋਗ ਸਰਮਾਇਆ ਬਣਾਉਂਦੇ ਹਨ। ਹੁਣ ਡਾ. ਜੱਗੀ ਦੀਆਂ ਰਚਨਾਵਾਂ ਦੀ ਜਾਣਕਾਰੀ ਦਿੱਤੀ ਜਾ ਰਹੀ ਹੈ।

***ਦਸਮ ਗ੍ਰੰਥ ਦਾ ਪੌਰਾਣਿਕ ਅਧਿਐਨ***

ਇਹ ਪੁਸਤਕ ਡਾ. ਜੱਗੀ ਦੀ ਕੀਤੀ ਮਿਹਨਤ ਦੀ ਮੂੰਹ ਬੋਲਦੀ ਤਸਵੀਰ ਹੈ। ਜਿਸ ਵਿਚ ਉਨ੍ਹਾਂ ਨੇ *ਦਸਮ ਗ੍ਰੰਥ* ਦੇ ਪੌਰਾਣਿਕ ਅਧਿਐਨ ਬਾਰੇ ਇਤਿਹਾਸਿਕ ਜਾਂ ਮਿਥਿਹਾਸਕ ਬਰੀਕੀਆਂ ਨੂੰ ਚੰਗੀ ਤਰਾਂ ਸਮਝਿਆ ਹੈ। *ਦਸਮ ਗ੍ਰੰਥ* ਦੇ ਕਰਤਾ ਨੇ ਪੌਰਾਣਿਕ ਤੇ ਮਿਥਿਹਾਸਿਕ ਕਥਾ-ਕਹਾਣੀਆਂ ਨੂੰ ਕਿਹੜੇ ਮਨੋਰਥ ਲਈ ਵਰਤਿਆ ਅਤੇ ਕਿਵੇਂ ਇਹ ਉਸ ਸਮੇਂ ਦੀ ਲੋੜ ਸੀ, ਬਾਰੇ ਦੱਸਣ ਦਾ ਯਤਨ ਕੀਤਾ ਹੈ। ਉਨ੍ਹਾਂ ਨੇ ਇਸ ਰਚਨਾ ਵਿਚ *ਦਸਮ ਗ੍ਰੰਥ* ਦੀਆਂ ਪੌਰਾਣਿਕ ਕ੍ਰਿਤੀਆਂ ਦੇ ਕਥਾਨਕਾਂ, ਪ੍ਰਵਿਰਤੀਆਂ ਅਤੇ ਸ਼ੈਲੀ ਸਬੰਧੀ ਵਿਸ਼ੇਸ਼ਤਾਵਾਂ ਦੇ ਮੂਲਧਾਰ ਸਰੋਤਾਂ ਨਾਲ ਤੁਲਨਾਤਮਕ ਅਧਿਐਨ ਕੀਤਾ ਹੈ। ਉਨ੍ਹਾਂ ਵਲੋਂ ਇਸ ਨੂੰ ਪੁਰਾਣ ਸਾਹਿਤ, ਇਤਿਹਾਸਕ ਪ੍ਰਸਥਿਤੀਆਂ, ਪੂਰਵ ਵਰਤੀ ਪੌਰਾਣਿਕ ਪਰੰਪਰਾ, ਪੌਰਾਣਿਕ ਸਰੋਤ, ਪੌਰਾਣਿਕ ਪ੍ਰਵਿਰਤੀਆਂ, ਪੌਰਾਣਿਕ ਸ਼ੈਲੀ, ਪ੍ਰਵਿਰਤੀ ਤੇ ਪੌਰਾਣਿਕ ਪਰੰਪਰਾ ਆਦਿ ਅਧਿਆਇਆਂ ਵਿਚ ਵੰਡ ਕੇ ਪੇਸ਼ ਕੀਤਾ ਗਿਆ ਹੈ।

ਭੂਮਿਕਾ ਵਿਚ ਡਾ. ਜੱਗੀ *ਦਸਮ ਗ੍ਰੰਥ* ਦੀਆਂ ਬਾਣੀਆਂ ਦਾ ਵੇਰਵਾ ਦਿੰਦੇ ਹੋਏ ਕਹਿੰਦੇ ਹਨ ਕਿ ਜਾਪੁ, ਅਕਾਲ ਉਸਤਤਿ, ਗਿਆਨ ਪ੍ਰਬੋਧ, ਸ਼ਬਦ ਹਜਾਰੇ (ਬਿਸਨ ਪਦੇ), ਸਵੈਯੇ ਅਤੇ ਖਾਲਸਾ ਮਹਿਮਾ ਦਾ ਸੰਬੰਧ ਭਗਤੀ-ਕਾਵਿ ਨਾਲ ਹੈ, ਜਦਕਿ 'ਸਸਤ੍ਰਨਾਮ ਮਾਲਾ' ਵਿਚ ਸਸਤ੍ਰਾਂ ਦੇ ਨਾਮ ਦੇ ਕੇ ਉਨ੍ਹਾਂ ਦੀ ਪ੍ਰਸੰਸਾਂ ਕੀਤੀ ਗਈ ਹੈ।'ਜ਼ਫਰਨਾਮਾ' ਔਰੰਗਜ਼ੇਬ ਨੂੰ ਲਿਖਿਆ

ਗਿਆ ਇਤਿਹਾਸਕ ਪੱਤਰ ਹੈ ਜਦਕਿ 'ਹਕਾਇਤਾਂ' ਇਸੇ ਬਾਣੀ ਦਾ ਹੀ ਅੰਗ ਮੰਨੀਆਂ ਜਾਂਦੀਆਂ ਹਨ। ਬਾਕੀ ਸਾਰੀਆਂ ਬਾਣੀਆਂ ਨੂੰ ਡਾ.ਜੱਗੀ ਵਲੋਂ ਪੌਰਾਣਿਕ ਕ੍ਰਿਤੀਆਂ ਕਿਹਾ ਗਿਆ ਹੈ।

ਭੂਮਿਕਾ ਤੋਂ ਬਾਅਦ 'ਪੁਰਾਣ ਸਾਹਿਤ' (ਪੂਰਬ ਪੀਠਿਕਾ) ਵਿਚ ਪੁਰਾਣ ਸਾਹਿਤ ਦਾ ਸਰਵੇਖਣ ਕੀਤਾ ਗਿਆ ਹੈ। ਡਾ. ਜੱਗੀ ਕਹਿੰਦੇ ਹਨ ਕਿ 'ਪੁਰਾਣ ਸਾਹਿਤ ਵਰਤਮਾਨ ਹਿੰਦੂ ਜੀਵਨ ਅਤੇ ਦਰਸ਼ਨ ਦੀ ਰੀੜ੍ਹ ਦੀ ਹੱਡੀ ਹੈ। ਪੁਰਾਤਨ ਕਾਲ ਦੀਆਂ ਘਟਨਾਵਾਂ ਦੀ ਜਾਣਕਾਰੀ ਇਨ੍ਹਾਂ ਤੋਂ ਹੀ ਮਿਲਦੀ ਹੈ। ਪ੍ਰਤੀਕਵਾਦ, ਰਹੱਸਵਾਦ, ਅਵਤਾਰਵਾਦ ਅਤੇ ਪਰੋਖਵਾਦ ਨਾਲ ਭਰਪੂਰ ਪੁਰਾਣ ਭਾਰਤ ਦੇ ਰਾਸਟਰੀ ਅਤੇ ਸਮਾਜਿਕ ਜੀਵਨ ਦੇ ਦਰਪਣ ਹਨ।'[1] ਅੱਗੇ ਉਹ ਕ੍ਰਿਤੀਆਂ ਦੇ ਸਰੋਤਾਂ, ਭਾਵਨਾਵਾਂ, ਪ੍ਰਵਿਰਤੀਆਂ ਅਤੇ ਸ਼ੈਲੀਗਤ ਵਿਸ਼ੇਸ਼ਤਾਵਾਂ ਨੂੰ ਸਪਸ਼ਟ ਕਰਨ ਲਈ ਪੁਰਾਣ ਸਾਹਿਤ ਦਾ ਵੇਰਵਾ ਦਿੰਦੇ ਹੋਏ ਪੁਰਾਣ, ਉਪ-ਪੁਰਾਣ, ਹਰਿਵੰਸ਼ ਪੁਰਾਣ ਵਿਚੋਂ ਵੀ ਜਾਣਕਾਰੀ ਦਿੰਦੇ ਹਨ। ਉਹ ਕਹਿੰਦੇ ਹਨ ਕਿ ਪੁਰਾਣ ਸ਼ਬਦ 'ਪੁਰਾਣੇ' ਦਾ ਹੀ ਸਮਾਨ ਅਰਥਕ ਹੈ। ਪੁਰਾਣਾਂ ਅਤੇ ਉਪ-ਪੁਰਾਣਾ ਦੇ ਆਕਾਰ ਅਤੇ ਸਲੋਕਾਂ ਦੀ ਗਿਣਤੀ ਬਾਰੇ ਵੀ ਅਜੇ ਤਕ ਮਤਭੇਦ ਹਨ ਪ੍ਰੰਤੂ ਇਨ੍ਹਾਂ ਵਿਚਲੇ ਪ੍ਰਤਿਪਾਦਿਤ ਵਿਸ਼ਿਆਂ ਵਿਚ ਕੋਈ ਜਿਆਦਾ ਅੰਤਰ ਨਹੀਂ ਹੈ। ਹਰਿਵੰਸ਼ ਪੁਰਾਣ ਨੂੰ ਪੁਰਾਣ ਕਹਿਣਾ ਭਾਵੇਂ ਕਠਿਨ ਹੈ ਪ੍ਰੰਤੂ ਇਹ ਰੂਪ, ਸ਼ੈਲੀ ਅਤੇ ਭਾਵਨਾ ਕਰਕੇ ਪੁਰਾਣ ਸਾਹਿਤ ਦੇ ਨੇੜੇ ਹੈ। ਪੁਰਾਣਾਂ ਦੇ ਲੇਖਕ ਬਾਰੇ ਸਪਸ਼ਟ ਰੂਪ ਵਿਚ ਕੁਝ ਕਿਹਾ ਨਹੀਂ ਜਾ ਸਕਦਾ ਪਰ ਇਨ੍ਹਾਂ ਦਾ ਸੰਬੰਧ ਵੇਦ ਵਿਆਸ ਨਾਲ ਜੋੜਿਆ ਜਾਂਦਾ ਹੈ। ਪੁਰਾਣਾਂ ਦੀ ਭਾਸ਼ਾ ਅਤਿ ਸਾਧਾਰਣ ਹੈ ਜਿਨ੍ਹਾਂ ਵਿਚ ਵਿਸ਼ਿਆਂ ਦਾ ਵੀ ਜਿਆਦਾ ਧਿਆਨ ਨਹੀਂ ਰੱਖਿਆ

---

[1] *ਦਸਮ ਗ੍ਰੰਥ ਦਾ ਪੌਰਾਣਿਕ ਅਧਿਐਨ,* ਪੰ.21.

ਗਿਆ। ਪੁਰਾਣਾਂ ਦੀ ਮਹੱਤਤਾ ਬਾਰੇ ਉਨ੍ਹਾਂ ਦਾ ਕਹਿਣਾ ਕਿ ਜੇ ਮਹਾਰਾਜਾ ਹਰਸ਼ ਤੋਂ ਬਾਅਦ ਗਿਰਾਵਟਾਂ ਵਾਲੇ ਯੁਗ ਵਿਚ ਪਏ ਭੈੜੀਆਂ ਪ੍ਰਵਿਰਤੀਆਂ ਵਾਲੇ ਰਲਾਅ ਦੂਰ ਕਰ ਦਿੱਤੇ ਜਾਣ ਤਾਂ ਇਹ ਭਾਰਤੀ ਸੰਸਕ੍ਰਿਤੀ ਦੇ ਮਹਾਨ ਗ੍ਰੰਥ ਬਣ ਸਕਦੇ ਹਨ। ਉਪਾਖਿਆਨਾਂ ਅਤੇ ਕਥਾਵਾਂ ਕਰਕੇ *ਮਹਾਂਭਾਰਤ* ਵੀ ਇਕ ਵੱਡਾ ਪੁਰਾਣ ਹੀ ਪ੍ਰਤੀਤ ਹੁੰਦਾ ਹੈ

'ਇਤਿਹਾਸਿਕ ਪਰਿਸਥਿਤੀਆਂ' ਪਹਿਲਾ ਅਧਿਆਇ ਹੈ। ਜਿਸ ਵਿਚ ਉਨ੍ਹਾਂ ਇਤਿਹਾਸਿਕ ਪਰਿਸਥਤੀਆਂ ਦਾ ਜ਼ਿਕਰ ਕੀਤਾ ਗਿਆ ਹੈ ਜੋ *ਦਸਮ ਗ੍ਰੰਥ* ਦੀ ਸਿਰਜਣਾ ਵਜੋਂ ਕਾਰਣ ਰੂਪ ਵਿਚ ਪੈਦਾ ਹੋਈਆਂ ਅਤੇ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਵਿਅਕਤਿਤਵ ਦੇ ਉਭਾਰ ਵਿਚ ਮਹੱਤਤਾ ਰਖਦੀਆਂ ਹਨ। ਡਾ. ਜੱਗੀ ਪੰਜਾਬ ਉਤੇ ਮੁਸਲਮਾਨ ਹਮਲਾਵਰਾਂ ਦੇ ਹਮਲਿਆਂ ਦਾ ਜ਼ਿਕਰ ਕਰਨ ਦੇ ਨਾਲ-ਨਾਲ, ਹਿੰਦੂ ਸਮਾਜ ਦਾ ਵੰਡਿਆ ਜਾਣਾ, ਸਿੱਖ ਧਰਮ ਦੇ ਉਥਾਨ, ਦਸ ਗੁਰੂ ਸਾਹਿਬਾਨਾਂ ਵਲੋਂ ਪਾਏ ਯੋਗਦਾਨ ਦਾ ਵੇਰਵਾ ਦਿੰਦੇ ਹਨ। ਉਹ ਕਹਿੰਦੇ ਹਨ ਕਿ ਉਸ ਸਮੇਂ ਰਾਜਨੀਤਿਕ ਸਥਿਤੀ ਬੜੀ ਖਰਾਬ ਸੀ, ਧਾਰਮਿਕ ਖੇਤਰ ਵਿਚ ਵੀ ਅਤਿ ਦਰਜੇ ਦਾ ਪਾਖੰਡਵਾਦ ਫੈਲਿਆ ਹੋਇਆ ਸੀ ਅਤੇ ਹਿੰਦੂ ਲੋਕ ਆਪਣੀ ਸੂਰਬੀਰਤਾ ਅਤੇ ਅਣਖ ਤੋਂ ਸੱਖਣੇ ਹੋ ਚੁੱਕੇ ਸਨ। ਜਿਥੇ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਹਾਲਾਤਾਂ ਦੀ ਸਮੀਖਿਆ ਕੀਤੀ ਉਥੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਵੀ ਉਨ੍ਹਾਂ ਅੰਦਰ ਇਕ ਨਵੀਂ ਚੇਤਨਾ ਪੈਦਾ ਕੀਤੀ ਸੀ। ਜਿਸ ਦੇ ਫ਼ਲਸਰੂਪ ਗੁਰੂ ਜੀ ਨੇ ਅਨੰਦਪੁਰ ਅਤੇ ਪਾਉਂਟਾ ਸਾਹਿਬ ਦੀ ਧਰਤੀ 'ਤੇ ਯੁੱਧ ਕਲਾ ਦਾ ਅਭਿਆਸ ਸ਼ੁਰੂ ਕਰਵਾਇਆ। ਸਿੱਖ ਸੈਨਿਕਾਂ ਵਿਚ ਆਤਮ-ਵਿਸ਼ਵਾਸ, ਸਾਹਸ, ਰਾਸ਼ਟਰੀ ਭਾਵਨਾ ਅਤੇ ਸਮਾਜ ਵਿਚੋਂ ਨਿਰਾਦਰੇ ਲੋਕਾਂ ਦੇ ਉਭਾਰ ਦੀ ਪ੍ਰੇਰਨਾ ਵੀ ਗੁਰੂ ਜੀ ਨੇ ਦੇਣਾ

ਕੀਤੀ। ਗੁਰੂ ਜੀ ਨੇ ਆਪਣੇ ਦਰਬਾਰ ਵਿਚ 52 ਕਵੀਆਂ ਨੂੰ ਰੱਖ ਕੇ *ਰਾਮਾਇਣ, ਮਹਾਂਭਾਰਤ* ਅਤੇ *ਪੌਰਾਣਿਕ ਕਥਾਵਾਂ* ਨੂੰ ਗੁਰਮੁਖੀ ਭਾਸ਼ਾ ਵਿਚ ਲਿਖਵਾਉਣ ਦੇ ਨਾਲ-ਨਾਲ ਵੀਰ-ਰਸੀ ਸਾਹਿਤ ਦੀ ਰਚਨਾ ਵੀ ਕਰਵਾਈ, ਜਿਸ ਸਦਕਾ ਨੀਵੀਆਂ ਜਾਤਾਂ ਦੇ ਲੋਕ ਵੀ ਸ਼ਸਤ੍ਰਧਾਰੀ ਹੋ ਕੇ ਰਣ-ਭੂਮੀ ਵਿਚ ਆ ਖੜ੍ਹੇ ਹੋਏ।

ਦੂਜਾ ਅਧਿਆਇ 'ਪੂਰਬਵਰਤੀ ਪੌਰਾਣਿਕ ਪਰੰਪਰਾ' ਹੈ। ਜਿਸ ਵਿਚ ਉਹ ਕਹਿੰਦੇ ਹਨ ਕਿ ਪੌਰਾਣਿਕ ਕ੍ਰਿਤੀਆਂ ਦੀ ਇਤਿਹਾਸ ਅਤੇ ਪੰਜਾਬ ਵਿਚ ਵਿਸੇਸ਼ ਪਰੰਪਰਾ ਰਹੀ ਹੈ। ਉਨ੍ਹਾਂ ਨੇ ਇਸ ਅਧਿਆਇ ਨੂੰ ਵਿਸ਼ਲੇਸ਼ਿਤ ਕਰਦਿਆਂ *ਹਨੂਮਾਨ ਨਾਟਕ,* ਆਦਿ ਗ੍ਰੰਥ, *ਭੱਟਾਂ ਦੀ ਬਾਣੀ, ਭਾਈ ਗੁਰਦਾਸ ਬਾਣੀ* ਅਤੇ *ਜਨਮਸਾਖੀ* ਸਾਹਿਤ ਨੂੰ ਆਧਾਰ ਬਣਾਇਆ ਹੈ। ਡਾ. ਜੱਗੀ ਦਾ ਕਹਿਣਾ ਹੈ ਕਿ *ਹਨੂਮਾਨ ਨਾਟਕ, ਦਸਮ ਗ੍ਰੰਥ* ਵਿਚਲੀਆਂ ਪੌਰਾਣਿਕ ਰਚਨਾਵਾਂ ਦਾ ਪਥ ਪ੍ਰਦਰਸ਼ਕ ਹੈ। *ਹਨੂਮਾਨ ਨਾਟਕ* ਵਿਚ ਜਿਥੇ ਚਰਿਤ੍ਰ-ਨਾਇਕ ਵਿਚ ਸ਼ਰਧਾ ਰਖੀ ਗਈ ਹੈ ਉਥੇ *ਦਸਮ ਗ੍ਰੰਥ* ਵਿਚ ਚਰਿਤ੍ਰ-ਨਾਇਕਾਂ ਦੀ ਕੀਤੀ ਗਈ ਆਲੋਚਨਾ ਵੀ ਵੇਖਣ ਨੂੰ ਮਿਲਦੀ ਹੈ। ਗੁਰਬਾਣੀ ਵਿਚ ਭਾਵੇਂ ਬੀਜ ਰੂਪ ਵਿਚ ਪੌਰਾਣਿਕ ਕਥਾਵਾਂ (ਜਿਵੇਂ ਬ੍ਰਹਮਾ-ਨਾਭਿ ਕਮਲ, ਬ੍ਰਹਮਾ-ਵੇਦ, ਕਾਨ੍ਹ-ਗੋਪੀ ਆਦਿ), ਪੌਰਾਣਿਕ ਸੰਕੇਤ (ਜਿਵੇਂ ਪ੍ਰਹਲਾਦ-ਹਿਰਣਯਕਸ਼ਿਪ, ਜਾਹਰਨਵੀ-ਭਗੀਰਥ ਵ੍ਰਿੰਦਾਵਨ-ਕ੍ਰਿਸ਼ਨ ਆਦਿ), ਪੌਰਾਣਿਕ ਸ਼ਬਦਾਵਲੀ (ਜਿਵੇਂ ਅਸੁਰ, ਅਠਸਠਿ ਤੀਰਥ, ਅਵਤਾਰ, ਅਜਾਮਿਲ, ਇੰਦ੍ਰ, ਕੁਵਲੀਆ ਪੀੜ ਆਦਿ) ਅਤੇ ਪੌਰਾਣਿਕ ਭਾਵਨਾ (ਜਿਵੇਂ ਕਿ ਮੂਰਤੀ ਪੂਜਾ, ਜਾਤ-ਪਾਤ ਅਤੇ ਕਰਮ-ਕਾਂਡ ਆਦਿ) ਦਾ ਜ਼ਿਕਰ ਹੈ। ਪਰ ਬਹੁਤਾਤ ਰੂਪ ਵਿਚ ਪੌਰਾਣਿਕ ਪ੍ਰਵਿਰਤੀਆਂ ਦਾ ਖੰਡਨ ਹੀ ਕੀਤਾ ਗਿਆ ਹੈ। *ਮਹਾਂਭਾਰਤ,*

*ਰਾਮਾਇਣ* ਅਤੇ *ਸਹੰਸ੍ਰਨਾਮਾ ਸੁਖਮਨਾ* ਵਿਚ ਅਵਤਾਰਾਂ ਦੀਆਂ ਕਥਾਵਾਂ ਦਾ ਅਤੇ ਪੌਰਾਣਿਕ ਪ੍ਰਸੰਗਾਂ ਦਾ ਭਾਵਨਾ ਸਹਿਤ ਵਰਨਣ ਕੀਤਾ ਗਿਆ ਹੈ। ਭੱਟ ਬਾਣੀ ਬਾਰੇ ਵਿਚਾਰ ਕਰਦਿਆਂ ਉਨ੍ਹਾਂ ਦਾ ਕਹਿਣਾ ਹੈ ਕਿ ਭੱਟ ਜਨ ਹਿੰਦੂ ਅਤੇ ਕ੍ਰਿਸ਼ਨ ਭਗਤ ਸਨ, ਜਿਨ੍ਹਾਂ ਦੇ ਸਵੈਯਾਂ ਵਿਚ ਅਵਤਾਰਵਾਦ ਦੀ ਪੌਰਾਣਿਕ ਪ੍ਰਵਿਰਤੀ ਪ੍ਰਧਾਨ ਹੈ ਅਤੇ ਉਨ੍ਹਾਂ ਨੇ ਗੁਰੂ ਸਾਹਿਬਾਨਾਂ ਨੂੰ ਵਿਸ਼ਨੂੰ ਦੇ ਅਵਤਾਰ ਕਿਹਾ ਹੈ। ਇਸ ਬਾਰੇ ਉਹ ਹੋਰ ਵੀ ਜ਼ਿਕਰ ਕਰਦੇ ਹਨ ਕਿ 'ਵਿਸ਼ਨੂੰ ਦੀ ਅਵਤਾਰ-ਪਰੰਪਰਾ ਤੋਂ ਇਥੇ ਵਿਸ਼ੇਸ਼ਤਾ ਇਹ ਹੈ ਕਿ ਸਿੱਖ ਗੁਰੂ ਜਿੱਥੇ ਇਕ ਪਾਸੇ ਵਿਸ਼ਨੂੰ ਦੇ ਅਵਤਾਰ ਹਨ ਦੂਜੇ ਪਾਸੇ ਹਰ ਇਕ ਗੁਰੂ, ਗੁਰੂ ਨਾਨਕ ਜੀ ਦਾ ਵੀ ਉਤਰੋਤਰ ਅਵਤਾਰ ਹੈ।'[2] ਭਾਈ ਗੁਰਦਾਸ ਜੀ ਦੀ ਬਾਣੀ ਦਾ ਅਧਿਐਨ ਕਰਦਿਆਂ ਉਹ ਕਹਿੰਦੇ ਹਨ ਕਿ ਭਾਈ ਸਾਹਿਬ ਦੀ ਰਚਨਾ ਵਿਚ ਪੌਰਾਣਿਕ ਕਥਾਵਾਂ ਦੀ ਭਰਪੂਰ ਵਰਤੋਂ ਹੋਈ ਹੈ ਪ੍ਰੰਤੂ ਉਨ੍ਹਾਂ ਨੇ ਆਪਣੀਆਂ ਰਚਨਾਵਾਂ ਵਿਚ ਗੁਰੂ ਸਾਹਿਬਾਨਾਂ ਨੂੰ ਸਿੱਧੇ ਪਰਮਾਤਮਾ ਦਾ ਅਵਤਾਰ ਕਿਹਾ ਹੈ। *ਜਨਮਸਾਖੀਆਂ* ਵਿਚ ਵੀ ਪੌਰਾਣਿਕ ਭਾਵਨਾ ਦਾ ਸਰੂਪ ਇਤਿਹਾਸ 'ਪੁਰਸ਼' ਨੂੰ 'ਪੁਰਾਣ ਪੁਰਸ਼' ਦੇ ਸਰੂਪ ਵਜੋਂ ਹੀ ਚਿਤਰਿਆ ਗਿਆ ਹੈ। ਡਾ. ਜੱਗੀ ਕਹਿੰਦੇ ਹਨ ਕਿ *ਦਸਮ ਗ੍ਰੰਥ* ਤੋਂ ਪਹਿਲਾਂ ਪੰਜਾਬ ਵਿਚ ਪੌਰਾਣਿਕ ਪਰੰਪਰਾ ਰਹੀ ਹੈ। ਤੀਜਾ ਅਧਿਆਇ 'ਪੌਰਾਣਿਕ ਸਰੋਤ' ਹੈ। ਜਿਸ ਵਿਚ *ਦਸਮ ਗ੍ਰੰਥ* ਵਿਚਲੀਆਂ ਪੌਰਾਣਿਕ ਕ੍ਰਿਤੀਆਂ ਦੇ ਮੂਲ ਸਰੋਤਾਂ ਨਾਲ ਇਨ੍ਹਾਂ ਦੀ ਸਮਾਨਤਾ ਅਤੇ ਅਸਮਾਨਤਾ ਬਾਰੇ ਦੱਸਿਆ ਗਿਆ ਹੈ। ਉਨ੍ਹਾਂ ਵਲੋਂ *ਦਸਮ ਗ੍ਰੰਥ* ਦੀਆਂ ਸਿਰਫ਼ ਮਿਥਿਹਾਸਿਕ ਪ੍ਰਵਿਰਤੀਆਂ ਵਾਲੀਆਂ ਤੇ ਪ੍ਰਕਥਾਨਮਕ ਰਚਨਾਵਾਂ ਦਾ ਵਰਗੀਕਰਣ ਇਸ ਪ੍ਰਕਾਰ ਕੀਤਾ ਹੈ:

---

[2] *ਪੂਰਵ ਅੰਕਿਤ,* ਪੰ.52

1. ਵੱਡੀਆਂ ਪ੍ਰਕਥਨਾਤਮਕ ਕ੍ਰਿਤੀਆਂ

2. ਨਿੱਕੀਆਂ ਪ੍ਰਕਥਨਾਤਮਕ ਕ੍ਰਿਤੀਆਂ ਅਤੇ

3. ਉਪਾਖਿਆਨ

ਵੱਡੀਆਂ ਪ੍ਰਕਥਾਨਤਮਕ ਕ੍ਰਿਤੀਆਂ ਅਜਿਹੀਆਂ ਕ੍ਰਿਤੀਆਂ ਹਨ, ਜਿਨ੍ਹਾਂ ਵਿਚ ਚਰਿੱਤਰ-ਨਾਇਕ ਦੇ ਜੀਵਨ ਦਾ ਸੰਪੂਰਣ ਵਿਵਰਣ ਦਿੱਤਾ ਗਿਆ ਹੈ। ਜਿਵੇਂ ਕਿ ਕ੍ਰਿਸ਼ਨਾਵਤਾਰ ਅਤੇ ਰਾਮਾਵਤਾਰ (ਚਉਬੀਸ ਅਵਤਾਰ ਪ੍ਰਸੰਗ ਵਿਚੋਂ)। ਉਨ੍ਹਾਂ ਦਾ ਕਹਿਣਾ ਹੈ ਕਿ ਇਨ੍ਹਾਂ ਕ੍ਰਿਤੀਆਂ ਵਿਚ ਪ੍ਰਧਾਨ ਭਾਵਨਾ ਵੀਰ-ਰਸੀ ਹੈ ਅਤੇ ਮਨੋਵਿਗਿਆਨਕ ਪ੍ਰਸੰਗਾਂ ਦੀ ਯੋਜਨਾ ਘੱਟ ਹੈ। ਕ੍ਰਿਸ਼ਨਾਵਤਾਰ ਦੇ ਕਵੀ ਨੇ ਭਾਗਵਤ ਦੀਆਂ ਸਿਰਫ਼ ਪ੍ਰਧਾਨ ਘਟਨਾਵਾਂ ਨੂੰ ਹੀ ਗ੍ਰਹਿਣ ਕੀਤਾ ਹੈ। ਇਹ ਕ੍ਰਿਸ਼ਨ ਨੂੰ ਆਪਣੇ ਪਰੰਪਰਾਗਤ ਰੂਪ ਤੋਂ ਭਿੰਨ ਇਕ ਵੱਡੇ ਯੋਧੇ ਦੇ ਰੂਪ ਵਿਚ ਪੇਸ਼ ਕਰਦਾ ਹੈ। ਬਾਲਮੀਕੀ ਰਾਮਾਇਣ ਅਵਤਾਰ-ਕਥਾ ਦਾ ਸਰੋਤ ਹੈ ਜਿਸ ਦੇ ਮੁਕਾਬਲੇ 'ਰਾਮਾਵਤਾਰ' ਵਿਚ ਕਥਾ ਅਤਿ ਸੰਖੇਪ ਰੂਪ ਵਿਚ ਹੈ।

ਨਿਕੀਆਂ ਪ੍ਰਕਥਾਨਤਮਕ ਕ੍ਰਿਤੀਆਂ ਵਿਚ ਚਰਿਤ੍ਰ ਨਾਇਕ ਜਾਂ ਚਰਿਤ੍ਰ ਨਾਇਕਾਂ ਦਾ ਸੰਪੂਰਣ ਜੀਵਨ ਵਿਵਰਣ ਨਾ ਹੋ ਕੇ ਉਸ ਦੇ ਜੀਵਨ ਦੇ ਕੇਵਲ ਇਕ ਪੱਖ ਦਾ ਹੀ ਚਿੱਤਰ ਹੈ। *ਦਸਮ ਗ੍ਰੰਥ* ਵਿਚ ਇਸ ਪ੍ਰਕਾਰ ਦੀਆਂ ਛੇ ਕ੍ਰਿਤੀਆਂ ਹਨ:

(ੳ) ਚੰਡੀ ਚਰਿਤ੍ਰ (ਉਕਤ ਬਿਲਾਸ) (ਅ) ਚੰਡੀ ਚਰਿਤ੍ਰ (ਦੂਜਾ) (ੲ) ਵਾਰ ਦੁਰਗਾ ਕੀ (ਸ) ਨਿਹਕਲੰਕੀ ਅਵਤਾਰ (ਚਉਬੀਸ ਅਵਤਾਰ ਪ੍ਰਸੰਗ ਵਿਚੋਂ) (ਹ) ਦਤਾ ਅਵਤਾਰ (ਰੁਦ੍ਰ ਅਵਤਾਰ ਵਿਚੋਂ) ਅਤੇ (ਕ) ਪਾਰਸਨਾਥ ਅਵਤਾਰ (ਰੁਦ੍ਰ ਅਵਤਾਰ ਵਿਚੋਂ)। ਇਨ੍ਹਾਂ

ਰਚਨਾਵਾਂ ਬਾਰੇ ਅਧਿਐਨ ਕਰਦਿਆਂ ਡਾ. ਜੱਗੀ ਦਾ ਕਹਿਣਾ ਹੈ ਕਿ ਚੰਡੀ ਚਰਿਤ੍ਰ (ਉਕਤ ਬਿਲਾਸ), ਚੰਡੀ ਚਰਿਤ੍ਰ (ਦੂਜਾ) ਅਤੇ ਵਾਰ ਦੁਰਗਾ ਕੀ ਦਾ ਸਰੋਤ ਮਾਰਕੰਡੇ ਪੁਰਾਣ ਦੀ ਦੁਰਗਾ-ਸਪਤਸ਼ਤੀ ਹੈ। ਦੋਵੇਂ ਚੰਡੀ ਚਰਿਤ੍ਰਾਂ ਵਿਚ ਯੁੱਧ-ਪ੍ਰਣਾਲੀ ਸਜੀਵ ਅਤੇ ਪ੍ਰਭਾਵਸ਼ਾਲੀ ਰਹੀ ਹੈ। ਵਾਰ ਦੁਰਗਾ ਕੀ ਵਿਚੋਂ ਮਹਿਖਾਸੁਰ ਤੋਂ ਇੰਦਰ ਦਾ ਹਾਰਨਾ, ਇੰਦਰ ਦਾ ਦੁਰਗਾ ਕੋਲ ਸਹਾਇਤਾ ਲਈ ਜਾਣਾ, ਮਹਿਖਾਸੁਰ ਦਾ ਮਰਨਾ, ਸ਼ੁੰਭ-ਨਿਸ਼ੁੰਭ ਨਾਲ ਦੇਵੀ ਦਾ ਯੁੱਧ, ਲੋਚਨ ਦਾ ਦੇਵੀ ਨਾਲ ਯੁੱਧ, ਦੈਤਾਂ ਦਾ ਹਾਰਨਾ ਅਤੇ ਦੇਵਤਿਆਂ ਵਲੋਂ ਦੁਰਗਾ ਦਾ ਧੰਨਵਾਦ ਕਰਨਾ ਆਦਿ ਕਥਾਵਾਂ ਲਈਆਂ ਗਈਆਂ ਹਨ। ਜਿਥੇ ਕਲਕੀ ਪੁਰਾਣ ਵਿਚ ਕਲਕੀ ਅਵਤਾਰ ਦੀ ਕਥਾ ਕੇਵਲ ਸੰਕੇਤ ਮਾਤਰ ਹੈ ਉਥੇ *ਦਸਮ ਗ੍ਰੰਥ* ਵਿਚ ਵਿਸਥਾਰ ਪੂਰਵਕ ਹੈ। ਦੱਤਾ ਅਵਤਾਰ ਦੀ ਕਥਾ ਮਾਰਕੰਡੇ ਪੁਰਾਣ 'ਤੇ ਆਧਾਰਿਤ ਹੀ ਸਿਰਜੀ ਗਈ ਹੈ ਪ੍ਰੰਤੂ ਪਾਰਸਨਾਥ ਦੀ ਕਥਾ ਦਾ ਵੇਰਵਾ ਪੁਰਾਣ ਸਾਹਿਤ ਵਿਚ ਨਹੀਂ ਮਿਲਦਾ ਇਹ ਕਿਸੇ ਪ੍ਰਾਚੀਨ ਪ੍ਰਸੰਗ ਆਧਾਰਿਤ ਸਿਰਜੀ ਗਈ ਹੈ।

ਉਪਖਿਆਨਾਂ ਦੇ ਸਰੋਤਾਂ ਬਾਰੇ ਵੇਰਵਾ ਦਿੰਦਿਆਂ ਚਰਿਤ੍ਰ ਨਾਇਕ ਜਾਂ ਚਰਿਤ੍ਰ ਨਾਇਕਾਂ ਦੇ ਜੀਵਨ ਦੀ ਕਿਸੇ ਵਿਸ਼ੇਸ ਘਟਨਾ ਦਾ ਵਿਵਰਣ ਪੇਸ਼ ਕੀਤਾ ਗਿਆ ਹੈ। ਇਨ੍ਹਾਂ ਨੂੰ ਸੁਵਿਧਾ ਲਈ ਤਿੰਨ ਭਾਗਾਂ ਵਿਚ ਵੰਡਿਆ ਹੈ:

(ੳ) ਚੌਬੀਸ ਅਵਤਾਰ ਵਿਚੋਂ ਮਛ, ਕਛ, ਨਰ-ਨਾਰਾਇਣ, ਮਹਾ ਮੋਹਨੀ, ਬੈਰਾਹ, ਨਰ ਸਿੰਘ, ਬਾਵਨ, ਪਰਸ ਰਾਮ, ਬ੍ਰਹਮਾ ਰੁਦ੍ਰ, ਜਲੰਧਰ, ਅਦਿਤੀ ਪੁਤਰ, ਸ਼ਸ਼ਮਈ, ਅਰਹੰਤ ਦੇਵ, ਮਨੂ ਰਾਜਾ, ਧੰਨਵੰਤਰੀ, ਸੂਰਜ, ਚੰਦ੍ਰ, ਨਰ ਬੋਧ ਅਤੇ ਮੀਰ ਮਹਿੰਦੀ।

(ਅ) ਚਰਿਤ੍ਰੋਪਾਖਿਆਨ ਵਿਚੋਂ ਕ੍ਰਿਸ਼ਨ ਰਾਧਕਾ (ਚਰਿਤ੍ਰ ਅੰਕ 12), ਕ੍ਰਿਸ਼ਨ ਰਾਧਾ (80), ਕੈਕਈ-ਦਸ਼ਰਥ (102), ਗੌਤਮ -ਅਹਿਲਿਆ (115), ਸੰਦਉਪਸੁੰਦ ਦਿਲੋਤਮਾ (116) ਸਚੀ-ਜੁਜਾਤੀ (117), ਵਿੰਦਾ-ਜਲੰਧਰ-ਵਿਸ਼ਨੂੰ (120), ਮੋਹਿਨੀ ਦੈਂਤ (123), ਰਾਮ-ਰਾਵਣ-ਇੰਦ੍ਰਮਤੀ (125), ਅਰਜਨ ਦ੍ਰੋਪਦੀ (137), ਪਾਰਬਤੀ-ਤਸਮਾਂਗਦ-ਸ਼ਿਵ (141), ਉਸ਼ਾ-ਅਨਿਰੁਧ (142), ਲਛਮੀ-ਵਿਸ਼ਨੂੰ-ਜੁਭਾਸੁਰ (152), ਨਲ-ਦਮਯੰਤੀ (157), ਦ੍ਰੋਪਦ-ਪਾਂਡਵ-ਕੀਚਕ (184), ਨਰਕਾਸੁਰ-ਰਾਨੀ-ਕ੍ਰਿਸ਼ਨ (203), ਬ੍ਰਹਮਾ-ਸੁਨਿਸਪਤਨੀ (319), ਕ੍ਰਿਸ਼ਨ-ਰੁਕਮਣੀ (320) ਅਤੇ ਮਹਾਕਾਲ-ਦੀਰਘ-ਦਾੜ (405) ਇਸ ਤਰ੍ਹਾਂ ਡਾ. ਜੱਗੀ ਨੇ ਚੌਬੀਸ ਅਵਤਾਰ, ਬ੍ਰਹਮਾਵਤਾਰ, ਰੁਦ੍ਰਾਵਾਤਾਰ, ਚੰਡੀ ਚਰਿਤ੍ਰ ਪਹਿਲਾ ਅਤੇ ਦੂਜਾ, ਵਾਰ ਦੁਰਗਾ ਕੀ ਤੋਂ ਇਲਾਵਾ ਚਰਿਤ੍ਰੋ ਪਾਖਿਆਨ ਦੇ ਕੁਝ ਚਰਿਤਰਾਂ ਨੂੰ ਵੀ ਅਧਿਐਨ ਦਾ ਆਧਾਰ ਬਣਾਇਆ ਹੈ। ਉਨ੍ਹਾਂ ਨੇ ਰਚਨਾਵਾਂ ਦੇ ਸਰੋਤ ਲੱਭਣ ਲਈ ਪ੍ਰਸਿੱਧ ਪੁਰਾਣਾਂ ਤੋਂ ਇਲਾਵਾ *ਭਗਵਤ ਪੁਰਾਣ, ਵਾਯੂਪੁਰਾਣ, ਹਰਿਵੰਸ਼ ਪੁਰਾਣ, ਮਹਾਂਭਾਰਤ, ਰਾਮਾਇਣ* ਅਤੇ *ਕਲਕੀ ਪੁਰਾਣ* ਨੂੰ ਵੀ ਆਪਣੀ ਅਧਿਐਨ ਦ੍ਰਿਸ਼ਟੀ ਵਿਚ ਰੱਖਿਆ ਹੈ। ਡਾ. ਜੱਗੀ ਅਨੁਸਾਰ ਉਪਖਿਆਨਾਂ ਦੇ ਜਿਆਦਾਤਰ ਸਰੋਤ ਪੁਰਾਣਾਂ ਵਿਚ ਦਰਜ ਹਨ ਅਤੇ ਇਨ੍ਹਾਂ ਕਥਾਵਾਂ ਦਾ ਸਰੂਪ ਪੁਰਾਤਨ ਲੀਹਾਂ ’ਤੇ ਹੀ ਉਸਰਿਆ ਹੈ। ਇਨ੍ਹਾਂ ਕਥਾਵਾਂ ਵਿਚੋਂ ਕੇਵਲ ਪ੍ਰਧਾਨ ਕਥਾਵਾਂ ਨੂੰ ਹੀ ਲਿਆ ਗਿਆ ਹੈ ਅਤੇ ਕਈ ਥਾਵਾਂ ‘ਤੇ ਕਾਲਪਨਿਕ ਪ੍ਰਸੰਗ ਵੀ ਲਿਖੇ ਗਏ ਹਨ। ਇਨ੍ਹਾਂ ਰਚਨਾਵਾਂ ਵਿਚ ਯੁੱਧ ਵਰਨਣ ਦੀ ਪ੍ਰਧਾਨਤਾ ਹੈ ਅਤੇ ਚਰਿਤ੍ਰ-ਨਾਇਕਾ ਸੰਬੰਧੀ ਇਸ਼ਟ-ਭਾਵਨਾ ਨਹੀਂ ਹੈ।

‘ਪੌਰਾਣਿਕ ਪ੍ਰਵਿਰਤੀਆਂ’ ਚੌਥਾ ਅਧਿਆਇ ਹੈ। ਜਿਸ ਵਿਚ ਪੌਰਾਣਿਕ ਪ੍ਰਵਿਰਤੀਆਂ ਦਾ

11 ਸਿਰਲੇਖਾਂ (ਪੰਜ ਲੱਛਣ, ਆਸਿਤਕਤਾ, ਅਵਤਾਰਵਾਦ, ਸੰਪ੍ਰਦਾਇਕਤਾ, ਸਮਨਵੈ ਭਾਵਨਾ, ਚਰਿਤ੍ਰ ਚਿਤ੍ਰਣਗਤ ਰੂਪਕਾਤਮਕਤਾ, ਚਮਤਕਾਰਵਾਦ ਅਤੇ ਚਰਿਤ੍ਰ-ਵਿਚਿਤ੍ਰਤਾ, ਵਰਣ ਅਤੇ ਆਸ਼੍ਰਮ ਵਿਧਾਨ, ਕਰਮਕਾਂਡ ਅਤੇ ਪੂਜਾ ਵਿਧੀਆਂ, ਉਪਦੇਸ਼ਾਤਮਕਤਾ ਅਤੇ ਧਰਮ ਸੰਕਟ ਮੀਮਾਂਸਾ) ਦਾ ਮੂਲ ਭਾਵਨਾ ਅਧੀਨ ਪੁਰਾਣਾਂ ਨਾਲ ਤੁਲਨਾਤਮਕ ਅਧਿਐਨ ਕੀਤਾ ਹੈ। ਇਨ੍ਹਾਂ ਕ੍ਰਿਤੀਆਂ ਦੀ ਪੁਰਾਣਾਂ ਅਤੇ ਸਿੱਖ ਧਰਮ ਦੇ ਸਿੱਧਾਂਤਕ ਗ੍ਰੰਥਾਂ ਨਾਲ ਆਪਸੀ ਸਮਾਨਤਾ ਅਤੇ ਅਸਮਾਨਤਾ ਦਰਸਾਉਣ ਲਈ  ਆਦਿ ਗ੍ਰੰਥ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਦਾ ਵੀ ਵੇਰਵਾ ਦਿੱਤਾ ਗਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪੁਰਾਣਾਂ ਵਿਚ ਜੋ ਪੰਜ ਲੱਛਣਾਂ ਦੀ ਭਰਪੂਰ ਪਾਲਨਾ ਹੋਈ ਹੈ ਉਹ ਉਸੇ ਰੂਪ ਵਿਚ *ਦਸਮ ਗ੍ਰੰਥ* ਵਿਚ ਭਾਵੇਂ ਨਾ ਹੋਈ ਹੋਵੇ ਪਰ ਇਨ੍ਹਾਂ ਨੂੰ ਗ੍ਰਹਿਣ ਜ਼ਰੂਰ ਕੀਤਾ ਗਿਆ ਹੈ। *ਦਸਮ ਗ੍ਰੰਥ* ਦੀ ਆਸਤਿਕਤਾ ਆਦਿ ਗ੍ਰੰਥ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਤੋਂ ਭਿੰਨ ਪੁਰਾਣ ਸਾਹਿਤ ਨਾਲ ਮਿਲਦੀ-ਜੁਲਦੀ ਹੈ, ਕਿਉਂਕਿ ਆਦਿ ਗ੍ਰੰਥ ਦੀ ਉਪਾਸਨਾ ਦਾ ਮੂਲ ਆਧਾਰ ਨਿਰਗੁਣਵਾਦ ਹੈ ਅਤੇ ਭਾਈ ਗੁਰਦਾਸ ਦੀ ਰਚਨਾ ਵਿਚ ਪ੍ਰਭੂ-ਭਗਤੀ ਦੇ ਨਾਲ ਨਾਲ ਗੁਰੂ-ਭਗਤੀ ਤੇ ਵੀ ਜ਼ੋਰ ਦਿੱਤਾ ਗਿਆ ਹੈ। *ਦਸਮ ਗ੍ਰੰਥ* ਵਿਚ ਪੌਰਾਣਿਕ ਅਵਤਾਰਵਾਦ ਨੂੰ ਪ੍ਰਵਾਨ ਕੀਤਾ ਗਿਆ ਹੈ ਪਰ ਆਦਿ ਗ੍ਰੰਥ ਵਿਚ ਅਵਤਾਰਵਾਦ ਨੂੰ ਮੰਨਿਆ ਨਹੀਂ ਗਿਆ। ਭਾਈ ਗੁਰਦਾਸ ਦੀ ਬਾਣੀ ਵਿਚ ਗੁਰੂ ਸਾਹਿਬਾਨ ਨੂੰ ਅਵਤਾਰ ਮੰਨਣ ਦੀ ਪ੍ਰਵਿਰਤੀ ਸਮੇਂ ਦੀ ਲੋੜ ਅਨੁਸਾਰ ਹੀ ਹੈ। ਸੰਪ੍ਰਦਾਇਕਤਾ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ *ਦਸਮ ਗ੍ਰੰਥ* ਦੀਆਂ ਪੌਰਾਣਿਕ ਕ੍ਰਿਤੀਆਂ ਦੀ ਸੰਪਰਦਾਇਕਤਾ ਪੁਰਾਣਾਂ ਦੇ ਅਨਕੂਲ ਹੈ ਜਦਕਿ ਆਦਿ ਗ੍ਰੰਥ ਦੀ ਸੰਪਾਦਨਾ ਸੰਪ੍ਰਦਾਇਕਤਾ ਤੋਂ ਉਪਰ ਉਠ ਕੇ ਹੋਈ ਹੈ। *ਦਸਮ ਗ੍ਰੰਥ*  ਵਿਚ

ਸਮਨਵੈ ਦੀ ਪ੍ਰਵਿਰਤੀ ਪੁਰਾਣਾਂ ਤੋਂ ਵਧੇਰੇ ਉਦਾਰਤਾ ਸਾਹਿਤ ਅਪਣਾਈ ਗਈ ਹੈ ਪ੍ਰੰਤੂ ਆਦਿ ਗ੍ਰੰਥ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਵਿਚ ਇਸਦੀ ਸਮਾਨਤਾ ਨਹੀਂ ਹੈ। ਉਹ ਕਹਿੰਦੇ ਹਨ ਕਿ *ਦਸਮ ਗ੍ਰੰਥ* ਦੀਆਂ ਪੌਰਾਣਿਕ ਕ੍ਰਿਤੀਆਂ ਵਿਚ 'ਚਰਿਤ੍ਰ-ਚਿਤ੍ਰਣ' ਅਤੇ 'ਚਰਿਤ੍ਰ ਸੰਬੰਧੀ ਚਮਤਕਾਰਤਾ ਅਤੇ ਵਿਚਿਤ੍ਰਤਾ' ਪੁਰਾਣਾਂ ਦੀ ਰੂਪਕਾਮਤਾ ਅਨੁਸਾਰ ਹੀ ਹੈ ਜਦਕਿ ਆਦਿ ਗ੍ਰੰਥ ਅਤੇ ਭਾਈ ਗੁਰਦਾਸ ਦੀ ਰਚਨਾ ਤੋਂ ਇਹਨਾਂ ਦੀ ਭਿੰਨਤਾ ਹੈ। ਵਰਣ ਅਤੇ ਆਸ਼੍ਰਮ-ਵਿਧਾਨ ਸੰਬੰਧੀ ਉਨ੍ਹਾਂ ਦਾ ਕਹਿਣਾ ਹੈ ਕਿ *ਦਸਮ ਗ੍ਰੰਥ* ਵਿਚ ਕਿਤੇ ਵੀ ਬ੍ਰਾਹਮਣਾਂ ਦੀ ਪਰੰਪਰਾਮਈ ਉੱਚਤਾ ਦੇ ਪ੍ਰਤਿ ਕੋਈ ਸੰਦੇਹ ਪ੍ਰਾਪਤ ਨਹੀਂ ਹੁੰਦਾ ਜਦਕਿ ਆਦਿ ਗ੍ਰੰਥ ਵਿਚ ਇਸ ਪ੍ਰਥਾਇ ਚੋਟ ਕੀਤੀ ਗਈ ਹੈ। ਕਰਮਕਾਂਡ ਅਤੇ ਪੂਜਾ-ਵਿਧੀਆਂ ਸੰਬੰਧੀ ਉਨ੍ਹਾਂ ਦਾ ਕਹਿਣਾ ਹੈ ਕਿ *ਦਸਮ ਗ੍ਰੰਥ* ਵਿਚ ਕਰਮਕਾਂਡ ਅਤੇ ਪੂਜਾ ਵਿਧੀਆਂ ਦੀ ਪ੍ਰਵਿਰਤੀ ਪੁਰਾਣਾਂ ਤੋਂ ਬਿਲਕੁਲ ਭਿੰਨ ਹੈ। ਇਹ ਆਦਿ ਗ੍ਰੰਥ ਦੇ ਜਿਆਦਾ ਨੇੜੇ ਹੈ। ਉਪਦੇਸ਼ਾਤਮਕਤਾ: ਧਰਮ-ਸੰਕਟ ਮੀਮਾਂਸਾ ਦੇ ਪ੍ਰਤਿ ਉਹ ਕਹਿੰਦੇ ਹਨ ਕਿ *ਦਸਮ ਗ੍ਰੰਥ* ਵਿਚ ਪੁਰਾਣਾਂ ਦੀ ਕਥਾ-ਜਨਕ, ਆਦਿ ਗ੍ਰੰਥ ਦੀ ਅਨਭੂਤੀ ਜਨਕ ਅਤੇ ਭਾਈ ਗੁਰਦਾਸ ਦੀ ਪ੍ਰਚਾਰਮਈ ਉਪਦੇਸ਼ਾਤਮਕਤਾ ਦੇ ਦਰਸ਼ਨ ਹੁੰਦੇ ਹਨ। *ਦਸਮ ਗ੍ਰੰਥ* ਦੀਆਂ ਪੌਰਾਣਿਕ ਕ੍ਰਿਤੀਆਂ ਦੀ ਭਾਵਨਾ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਇਨ੍ਹਾਂ ਦਾ ਸਰੂਪ ਲੌਕਿਕ ਅਤੇ ਬੀਰ-ਰਸੀ ਹੈ। ਲੌਕਿਕ ਤੋਂ ਭਾਵ ਇਨ੍ਹਾਂ ਦੀ ਰਚਨਾ ਲੋਕਾਂ ਦਾ ਗਿਆਨ ਵਧਾਉਣ ਵਾਸਤੇ ਹੋਈ ਅਤੇ ਇਨ੍ਹਾਂ ਵਿਚ ਲਗਭਗ 75 ਫ਼ੀਸਦੀ ਭਿਆਨਕ ਯੁੱਧ ਵਰਨਣ ਦਾ ਹੋਣਾ, ਕਵੀ ਦਾ ਆਪਣੇ ਆਪ ਨੂੰ ਖਤਰੀਆਂ ਦੀ ਔਲਾਦ ਕਹਿਣਾ ਅਤੇ ਕਵੀ ਨੇ ਆਪਣੇ ਇਸ਼ਟ-ਦੇਵ ਤੋਂ ਰਣ-ਭੂਮੀ ਵਿਚ ਜੂਝ ਮਰਨ ਦਾ ਵਰ ਮੰਗਣਾ ਆਦਿ ਕਾਰਣਾਂ ਕਰਕੇ ਇਹ ਵੀਰਤਾਮਈ ਹੈ।

ਇਨ੍ਹਾਂ ਕ੍ਰਿਤੀਆਂ ਤੋਂ ਪ੍ਰਭਾਵਿਤ ਹੋ ਕੇ ਹੀ ਜ਼ੁਲਮ ਦਾ ਟਾਕਰਾ ਕਰਨ ਲਈ ਸਿੱਖ ਸ਼ਸਤ੍ਰਧਾਰੀ ਹੋ ਗਏ ਅਤੇ ਸਿੱਖਾਂ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਮੁਗਲ ਰਾਜ ਦੀ ਸਮਾਪਤੀ ਕਰਕੇ ਸਿੱਖ-ਰਾਜ ਦੀ ਸਥਾਪਨਾ ਕੀਤੀ।

***ਵਿਚਾਰਧਾਰਾ***

ਇਸ ਪੁਸਤਕ ਵਿਚ ਡਾ. ਜੱਗੀ ਦੇ ਸੰਨ 1955 ਤੋਂ ਲੈ ਕੇ 1965 ਈ. ਤੱਕ ਦੇ ਵੱਖੋ ਵੱਖ ਸਮੇਂ ਤੇ ਲਿਖੇ 14 ਖੋਜ ਪੱਤਰ ਹਨ। ਉਨ੍ਹਾਂ ਨੇ ਇਸ ਪੁਸਤਕ ਨੂੰ ਅਧਿਆਤਮਿਕ ਵਿਚਾਰਧਾਰਾ, ਲੌਕਿਕ ਵਿਚਾਰਧਾਰਾ ਅਤੇ ਆਧੁਨਿਕ ਵਿਚਾਰਧਾਰਾ (ਤਿੰਨ ਭਾਗਾਂ) ਵਿਚ ਵੰਡਿਆ ਹੈ। ਪੁਸਤਕ ਵਿਚ 10 ਲੇਖ ਗੁਰਮਤਿ ਸਾਹਿਤ ਨਾਲ ਸੰਬੰਧਿਤ ਹਨ। ਜਿਨ੍ਹਾਂ ਨੂੰ ਇਥੇ ਵਿਚਾਰਿਆ ਜਾ ਰਿਹਾ ਹੈ।

ਪੁਸਤਕ ਦਾ ਪਹਿਲਾ ਲੇਖ ‘ਪੁਰਾਤਨ ਜਨਮਸਾਖੀ ਦਾ ਸਾਹਿਤਕ ਮਹੱਤਵ’ ਹੈ। ਸ਼ੁਰੂ ਵਿਚ ਡਾ. ਜੱਗੀ ਇਸ ਰਚਨਾ ਦੇ ਲੇਖਕ ਅਤੇ ਰਚਨਾ-ਕਾਲ ਦੀ ਅਣਹੋਂਦ ਕਾਰਨ ਇਸ ਨੂੰ ਅਪ੍ਰਮਾਣਿਕ ਰਚਨਾ ਦਸਦੇ ਹਨ। *ਜਨਮਸਾਖੀ* ਵਿਚਲੀ ਆਰੰਭ ਵਾਲੀ ਬੋਲੀ ਦੀ ਪ੍ਰਾਚੀਨਤਾ, ਉਚਤਾ ਤੇ ਪਰਪੱਕਤਾ ਦੇ ਖਿਆਲ ਨਾਲ ਡਾ. ਜੱਗੀ ਉਸ ਨੂੰ ਪੰਜਾਬੀ ਵਾਰਤਕ ਦਾ ਮੀਲ ਪੱਥਰ ਕਹਿੰਦੇ ਹਨ। ਭਾਸ਼ਾ ਦੀ ਦ੍ਰਿਸ਼ਟੀ ਤੋਂ ਪਰਖਦਿਆਂ ਇਸ ਵਿਚ ਵਰਤੇ ਫ਼ਾਰਸੀ, ਸੰਸਕ੍ਰਿਤ, ਹਿੰਦੀ ਅਤੇ ਮਲਵਈ ਭਾਸ਼ਾ ਦੇ ਸਬਦਾਂ ਦੀ ਸੰਖੇਪ ਸੂਚੀ ਦਿੰਦਿਆਂ ਸਾਖੀਕਾਰ ਨੂੰ ਕਿਤੇ ਇਸਲਾਮੀ ਇਲਾਕੇ ਦਾ ਵਸਿੰਦਾ ਦੱਸਿਆ ਹੈ। ਉਹ ਕਹਿੰਦੇ ਹਨ ਕਿ ਇਸ ਵਿਚ ਫ਼ਾਰਸੀ ਦਾ ਜਿਆਦਾ ਪ੍ਰਭਾਵ ਹੈ। ਡਾ. ਜੱਗੀ ਅਨੁਸਾਰ ਸਾਖੀਕਾਰ ਵਿਗਿਆਨਕ ਦ੍ਰਿਸ਼ਟੀ ਤੋਂ ਦੂਰ ਹੈ। ਜਿਸ

ਨੇ ਸ਼ਰਧਾ-ਮਈ ਭਾਵਨਾ ਨਾਲ ਅਤੇ ਮਹਾਤਮਾ ਬੁੱਧ, ਹਜ਼ਰਤ ਮੁਹੰਮਦ ਸਾਹਿਬ, ਹਜ਼ਰਤ ਇਬਰਾਹਿਮ, ਜੋਗੀ, ਸਿਧਾਂ ਅਤੇ ਹੋਰ ਫਕੀਰਾਂ ਆਦਿ ਦੀਆਂ ਪ੍ਰਚਲਿਤ ਕਰਾਮਾਤੀ ਕਥਾਵਾਂ ਤੋਂ ਪ੍ਰਭਾਵਿਤ ਹੋ ਕੇ ਸਾਖੀਆਂ ਲਿਖੀਆਂ ਹਨ। ਜਿਵੇਂ ਕਿ ਦਿੱਲੀ ਵਿਚ ਮੋਏ ਹਾਥੀ ਨੂੰ ਜੀਵਤ ਕਰਨਾ ਅਤੇ ਵੇਈ ਪ੍ਰਵੇਸ਼ ਵਾਲੀ ਸਾਖੀ ਆਦਿ।

ਦੂਜਾ ਲੇਖ 'ਪੁਰਾਤਨ ਜਨਮਸਾਖੀ ਦਾ ਰਚਨਾ ਕਾਲ' ਨਾਲ ਸੰਬੰਧਿਤ ਹੈ। ਮਿ. ਕੌਲ ਬਰੁਕ ਦੇ ਨਾਂ ਨਾਲ ਜਾਣੀ ਜਾਂਦੀ 'ਪੁਰਾਤਨ ਜਨਮਸਾਖੀ' ਨੂੰ ਅਧਾਰ ਬਣਾ ਕੇ ਡਾ. ਜੱਗੀ ਨੇ ਇਸ ਨੂੰ ਗੁਰੂ ਅਰਜਨ ਦੇਵ ਜੀ ਦੇ ਸਮੇਂ ਦੀ ਰਚਨਾ ਸਿੱਧ ਕੀਤਾ ਹੈ। ਉਹ ਕਹਿੰਦੇ ਹਨ ਕਿ 'ਪੁਰਾਤਨ ਜਨਮਸਾਖੀ' ਵਿਚ ਬਹੁਤਾਤ ਸ਼ਬਦ ਗੁਰੂ ਅਰਜਨ ਦੇਵ ਜੀ ਦੇ ਹੋਣੇ, ਇਸ ਵਿਚਲਾ ਰਚਨਾ ਸੰਮਤ (1588) ਹੋਣਾ, ਵਰਤੀ ਭਾਸ਼ਾ ਦਾ ਗੁਰੂ ਅਰਜਨ ਦੇਵ ਜੀ ਦੇ ਸਮਕਾਲੀ ਭਗਤ ਛੱਜੂ ਦੀ ਰਚਨਾ 'ਗੀਤਾ ਮਹਾਤਮ' ਨਾਲ ਮਿਲਦੇ ਹੋਣਾ, ਗੁਰੂ ਹਰਿ ਰਾਇ ਦੀ ਪੁੱਤਰੀ ਬੀਬੀ ਰੂਪ ਕੌਰ ਵਲੋਂ ਨਕਲ ਕੀਤੀਆਂ 33 ਸਾਖੀਆਂ ਦਾ ਜਨਮਸਾਖੀ ਵਿਚਲੀਆਂ ਸਾਖੀਆਂ ਨਾਲ ਮੇਲ ਖਾਣਾ, ਸਾਖੀ ਨੰਬਰ 3 ਅਤੇ 12 ਵਿਚ 'ਤੋਰਕੀ ਪੜ੍ਹਨ' ਅਤੇ 'ਸੱਚੇ ਪਾਤਸ਼ਾਹ' ਵਰਗੇ ਸ਼ਬਦਾਂ ਦਾ ਹੋਣਾ, ਜੋ ਗੁਰੂ ਅਮਰਦਾਸ ਅਤੇ ਗੁਰੂ ਰਾਮਦਾਸ ਜੀ ਵੇਲੇ ਪ੍ਰਚਲਿਤ ਹੋਏ ਅਤੇ ਜਨਮਸਾਖੀ ਵਿਚ 'ਵਾਹਿਗੁਰੂ' ਸ਼ਬਦ ਦਾ ਹੋਣਾ ਜੋ ਗੁਰੂ ਅਰਜਨ ਦੇਵ ਜੀ ਦੇ ਸਮਕਾਲੀ ਭੱਟਾਂ ਵਲੋਂ ਉਚਾਰਣ ਕੀਤਾ ਗਿਆ ਸੀ, ਨੂੰ ਮੁੱਖ ਰੱਖ ਕੇ ਕਿਹਾ ਜਾ ਸਕਦਾ ਹੈ ਕਿ ਗੁਰੂ ਅਰਜਨ ਦੇਵ ਦੇ ਸਮੇਂ ਦੀ ਪ੍ਰਵਾਨ ਕਰਦੇ ਹਨ।

ਤੀਜਾ ਲੇਖ 'ਜਪੁਜੀ ਦਾ ਸਾਹਿਤਕ ਮੁਲਾਂਕਣ' ਵਿਚ ਡਾ. ਜੱਗੀ ਜਪੁਜੀ ਬਾਰੇ ਮੂਲ

ਜਾਣਕਾਰੀ ਦਿੰਦੇ ਹੋਏ ਇਸ ਬਾਣੀ ਨੂੰ ਕਰਤਾਰਪੁਰ ਰਚੇ ਜਾਣ ਦੀ ਗੱਲ ਨੂੰ ਹੀ ਵਜ਼ਨਦਾਰ ਸਾਬਿਤ ਕਰਦੇ ਹਨ। ਪੁਰਾਤਨ ਸਰੂਪਾਂ ਵਿਚ ਜਪੁਜੀ ਤੋਂ ਪਹਿਲਾਂ ਦਰਜ ਜਪੁ ਨੀਸਾਣ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਗੁਰੂ ਅਰਜਨ ਦੇਵ ਜੀ ਨੇ ਬਾਣੀ ਦਾ ਸੰਪਾਦਨ ਕਰਵਾਇਆ ਤਾਂ ਇਹ ਉਹ ਪੋਥੀ ਸੀ ਜਿਸ ਉਤੇ ਗੁਰੂ ਰਾਮਦਾਸ ਦੇ ਨਿਸ਼ਾਨ (ਮੂਲ ਮੰਤ੍ਰ ਵਜੋਂ) ਸਨ। ਮੂਲ-ਮੰਤ੍ਰ ਦੀ ਵਿਆਖਿਆ ਬੜੇ ਸੁਚੱਜੇ ਢੰਗ ਨਾਲ ਕਰਦੇ ਹੋਏ ਜਪੁਜੀ ਨੂੰ ਨਿਬੰਧ-ਕਾਵਿ ਵਾਲੀ ਮੰਨੀ ਜਾਂਦੀ ਧਾਰਨਾ ਨੂੰ ਨਕਾਰਦੇ ਹਨ। ਡਾ. ਜੱਗੀ ਦਾ ਵਿਚਾਰ ਹੈ ਕਿ ਪ੍ਰਬੰਧ-ਕਾਵਿ ਦੀਆਂ ਕੁਝ ਸੀਮਾਵਾਂ ਹੁੰਦੀਆ ਹਨ। ਇਸਦਾ ਕਥਾਨਕ ਸਾਧਨਾ ਮਾਰਗ ਵਾਲਾ ਹੈ ਅਤੇ ਸਾਰੀ ਰਚਨਾ ਛੰਦ-ਬੰਧ ਹੁੰਦੀ ਹੋਈ ਪਿੰਗਲ ਦੇ ਨਿਯਮਾਂ ਤੋਂ ਸਤੁੰਤਰ ਹੈ। ਅੱਗੇ ਹਰ ਪਉੜੀ ਨੂੰ ਵਿਸ਼ੇ-ਪੱਖ ਅਤੇ ਸ਼ੈਲੀ-ਪੱਖ ਤੋਂ ਵੀ ਵਿਚਾਰਿਆ ਗਿਆ ਹੈ। ਇਸ ਰਚਨਾ ਨੂੰ ਭਾਸ਼ਾ ਦੇ ਪ੍ਰਸੰਗ ਵਿਚ ਗੰਭੀਰਤਾ ਨਾਲ ਵਾਚਦਿਆਂ ਕਹਿੰਦੇ ਹਨ ਕਿ ਵਿਸ਼ੇ ਅਨੁਕੂਲ ਭਾਸ਼ਾ ਦੇ ਰੂਪ ਬਣਦੇ ਹਨ ਤਾਂ ਜੋ ਸਥਿਤੀ ਅਤੇ ਭਾਵ ਨੂੰ ਸਹਿਜਮਈ ਢੰਗ ਨਾਲ ਗ੍ਰਹਿਣ ਕੀਤਾ ਜਾ ਸਕੇ। ਜਿਵੇਂ ਕਿ 'ਪੰਡਤ-ਪੁਰਾਣ' ਪ੍ਰਸੰਗ ਵਿਚ 'ਵੇਲ' ਸ਼ਬਦ ਜੋ ਭਾਰਤੀ ਪਰੰਪਰਾ ਦਾ ਹੈ ਅਤੇ 'ਕਾਜੀ-ਕੁਰਾਨ' ਪ੍ਰਸੰਗ ਲਈ 'ਵਖਤ' ਸ਼ਬਦ ਵਰਤਿਆ, ਜੋ ਸਾਮੀ ਪਰੰਪਰਾ ਦਾ ਹੈ ਆਦਿ। ਡਾ. ਜੱਗੀ ਦਾ ਕਹਿਣਾ ਹੈ ਕਿ 'ਜਪੁਜੀ' ਦੀ ਭਾਸ਼ਾ ਗੁਰੂ ਨਾਨਕ ਜੀ ਦੇ ਅਨੁਭਵ ਨੂੰ ਪਰਕਾਸ਼ਿਤ ਕਰਨ ਵਿਚ ਪੂਰੀ ਤਰ੍ਹਾਂ ਸਫਲ ਤੇ ਨਿਪੁੰਨ ਹੈ।[3]

ਚੌਥਾ ਲੇਖ 'ਦਸਮ ਗ੍ਰੰਥ ਦੀ ਵੀਰ-ਬਾਣੀ' ਵਿਚ ਉਨ੍ਹਾਂ ਦਾ ਕਹਿਣਾ ਹੈ ਕਿ ਜਿਥੇ ਆਦਿ

[3] *ਵਿਚਾਰਧਾਰਾ*, ਪੰ.68.

ਗ੍ਰੰਥ ਵਿਚ ਨਿਰਗੁਣਵਾਦੀ ਪ੍ਰੇਮਾ ਭਗਤੀ ਤੇ ਜ਼ੋਰ ਦਿੱਤਾ ਗਿਆ ਹੈ, ਉਥੇ *ਦਸਮ ਗ੍ਰੰਥ* ਨੇ ਧਰਮਯੁੱਧ ਲਈ ਰਾਸ਼ਟਰੀ ਭਾਵਨਾ ਦੀ ਗੱਲ ਕੀਤੀ ਹੈ। ਲੇਖ ਦੇ ਸਿਰਲੇਖ ਮੁਤਾਬਿਕ ਡਾ. ਜੱਗੀ ਨੇ ਉਹ ਨੁਕਤੇ ਵੀ ਪੇਸ਼ ਕੀਤੇ ਜਦੋਂ ਰਾਜਸੀ ਸਥਿਤੀ ਕਰਕੇ ਸਮਾਜਿਕ ਸੰਤੁਲਿਨ ਵਿਗੜਿਆ। ਉਹ ਕਹਿੰਦੇ ਹਨ ਕਿ ਜਦੋਂ ਕਰਮਕਾਂਡਾਂ, ਅਡੰਬਰਾਂ, ਅੰਧਵਿਸਵਾਸ਼ਾਂ ਦਾ ਬੋਲਬਾਲਾ ਹੋਇਆ ਅਤੇ ਸ਼ਾਸਕ ਤੇ ਸਾਮੰਤ ਵੀ ਅਣਖ ਗਵਾ ਬੈਠੇ ਉਦੋਂ ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ ਤੋਂ ਹੀ ਵੀਰ-ਬਾਣੀ ਦਾ ਪ੍ਰਭਾਵ ਵੇਖਣ ਨੂੰ ਮਿਲਿਆ। ਇਸ ਖੇਤਰ ਵਿਚ ਬਾਕੀ ਦੇ ਗੱਦੀਦਾਰਾਂ ਵੱਲੋਂ ਪਾਏ ਯੋਗਦਾਨ ਦੀ ਚਰਚਾ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਜਬਰ ਤੇ ਜ਼ੁਲਮ ਨੂੰ ਖਤਮ ਕਰਨ ਅਤੇ ਖਾਲਸਾ ਸਾਜਨ ਦੇ ਸਮੇਂ ਨੂੰ ਵੀ ਸੁੰਦਰ ਸਬਦਾਂ ਵਿਚ ਬਿਆਨ ਕੀਤਾ ਗਿਆ ਹੈ। ਗੁਰੂ ਗੋਬਿੰਦ ਸਿੰਘ ਜੀ ਵਲੋਂ ਪਾਏ ਯੋਗਦਾਨ ਅਤੇ ਉਨ੍ਹਾਂ ਦੁਆਰਾ ਰਚਿਤ 'ਵੀਰ ਬਾਣੀ' ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ 'ਕ੍ਰਿਪਾਨ ਨੂੰ ਉਨ੍ਹਾਂ ਨੇ ਚਿਰ ਸੰਗਣੀ ਬਣਾ ਲਿਆ ਅਤੇ ਦਸਮ ਗੁਰੂ ਤੋਂ ਬਾਦ ਪੰਜਾਬ ਵਿਚ ਰਾਖਸ਼-ਵ੍ਰਿਤੀ ਵਾਲੇ ਰਾਜ ਦੀ ਸਮਾਪਤੀ ਕਰਕੇ ਖਾਲਸਾ ਰਾਜ ਦੀ ਸਥਾਪਨਾ ਹੋਈ। ਇਸ ਗ੍ਰੰਥ ਦਾ ਇਤਨਾ ਅਮਿਟ ਪ੍ਰਭਾਵ ਸੀ ਕਿ ਸਿੱਖ ਜਾਤੀ ਦਾ ਸੁਭਾ ਹੀ ਯੁਧ-ਮਈ ਹੋ ਗਿਆ।...ਜਦ ਵੀ ਦੇਸ਼ ਉਪਰ ਸੰਕਟ ਆਇਆ, ਇਸ ਵਾਣੀ ਦੀ ਗੁੜ੍ਹਤੀ ਲੈ ਕੇ ਜੁਆਨ ਹੋਏ ਪੰਜਾਬੀ ਪਹਿਲੀ ਕਤਾਰ ਵਿਚ ਦੇਸ਼ ਰਖਿਆ ਲਈ ਖੜੇ ਹੋ ਗਏ।'[4] *ਦਸਮ ਗ੍ਰੰਥ* ਵਿਚੋਂ ਸੂਰਬੀਰਾਂ ਵਿਚ ਬਦਲੇ ਦੀ ਭਾਵਨਾ, ਸਸ਼ਤ੍ਰਾਂ ਦੇ ਪ੍ਰਹਾਰ, ਵੀਰਾਂ ਦੀ ਉਨਤੀ, ਰਣਭੂਮੀ ਦੇ ਦ੍ਰਿਸ਼ਾਂ ਅਤੇ ਵੀਰਾਂ ਯੋਧਿਆਂ ਦੁਆਰਾ ਰਣ-ਭੂਮੀ ਵਿਚ ਜਾਣ ਬਾਰੇ

---

[4] *ਪੂਰਵ ਅੰਕਿਤ,* ਪੰ.91.

ਜਾਣਕਾਰੀ ਵੀ ਪੇਸ਼ ਕੀਤੀ ਗਈ ਹੈ।

'ਅਨੰਦ ਸਾਹਿਬ: ਵਿਸਲੇਣਾਤਮਕ ਅਧਿਐਨ' ਪੰਜਵਾਂ ਲੇਖ ਹੈ। ਜਿਸਦੇ ਸ਼ੁਰੂ ਵਿਚ ਗੁਰੂ ਅਮਰਦਾਸ ਜੀ ਵਲੋਂ ਆਪਣੇ ਪੋਤਰੇ (ਆਨੰਦ) ਦੇ ਜਨਮ ਦਿਨ (1554 ਈ: ) ਦੇ ਅਵਸਰ 'ਤੇ ਆਤਮਾ ਅਤੇ ਪਰਮਾਤਮਾ ਦੇ ਆਪਸੀ ਰਿਸ਼ਤੇ ਨੂੰ ਅਧਾਰ ਬਣਾਕੇ ਰਚੀ ਅਨੰਦ ਦੀ ਬਾਣੀ ਨਾਲ ਸਹਿਮਤੀ ਦਿਤੀ ਹੈ। ਪਿਛਲੀ ਚਲੀ ਆ ਰਹੀ ਰਵਾਇਤ ਦੇ ਖਿਆਲ ਨਾਲ ਅਨੰਦ ਦੀਆਂ ਪਉੜੀਆਂ ਵਿਚ 38ਵੀਂ ਪਉੜੀ ਤੱਕ ਗੁਰੂ ਅਮਰਦਾਸ ਜੀ, 39ਵੀਂ ਪਉੜੀ ਗੁਰੂ ਰਾਮਦਾਸ ਜੀ ਅਤੇ 40ਵੀਂ ਪਉੜੀ (ਮਹਾਤਮ ਵਾਲੀ) ਗੁਰੂ ਅਰਜਨ ਦੇਵ ਜੀ ਵਲੋਂ ਰਚਿਤ ਕਹੀ ਗਈ ਹੈ। ਅੱਗੇ ਹਰੇਕ ਪਉੜੀ ਦਾ ਵਿਸ਼ਾ-ਵਸਤੂ ਦਿਤਾ ਗਿਆ ਹੈ। ਪ੍ਰਾਚੀਨ ਸਮੇਂ ਤੋਂ ਉਪਨਿਸ਼ਦਾਂ ਅਤੇ ਬ੍ਰਹਮਣ ਗ੍ਰੰਥਾਂ ਵਿਚ ਆਏ 'ਅਨੰਦਵਾਦ' ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ 'ਭਾਰਤੀ ਸਾਹਿਤ ਦਾ ਹਰ ਅੰਗ ਇਸ ਆਨੰਦ ਤੋਂ ਚੰਗੀ ਤਰ੍ਹਾਂ ਪ੍ਰਭਾਵਿਤ ਹੈ। 'ਆਨੰਦ' ਭਾਰਤੀ ਜਨ-ਜੀਵਨ ਅਤੇ ਸਾਹਿਤ ਦੀ ਆਦਿ ਅਨੁਭੂਤੀ ਹੈ। ਭਾਰਤੀ ਜੀਵਨ ਸੁਖਵਾਦੀ ਹੈ, ਭਾਰਤੀਆਂ ਅਨੁਸਾਰ ਦੁਖ ਦੀ ਹੋਂਦ ਸੁਖ ਨੂੰ ਪ੍ਰਕਾਸ਼ਿਤ ਕਰਨ ਵਾਸਤੇ ਹੁੰਦੀ ਹੈ। ਸੁਖ ਦਾ ਵਾਸਤਵਿਕ ਗਿਆਨ, ਅਨੁਭਵ ਅਥਵਾ ਰਸਾਸੁਆਦਨ ਬਿਨਾ ਦੁਖ ਦੇ ਨਹੀਂ ਹੋ ਸਕਦਾ ਅਤੇ ਪੂਰਣ ਸੁਖ ਦੀ ਅਵਸਥਾ ਤੋਂ ਬਿਨਾ ਆਨੰਦ ਦੀ ਪ੍ਰਾਪਤੀ ਅਸੰਭਵ ਹੈ। 'ਪੂਰਣ ਸੁਖ' ਦਾ ਹੀ ਦੂਜਾ ਨਾਂ ਆਨੰਦ ਹੈ।'[5] ਇਤਿਹਾਸਕ ਪੱਖ ਨੂੰ ਮੁੱਖ ਰਖਦਿਆਂ ਡਾ. ਜੱਗੀ ਕਹਿੰਦੇ ਹਨ ਕਿ ਇਹ ਅਨੰਦ 'ਬ੍ਰਹਮ' ਵਾਚਕ ਹੈ। ਗੁਰੂ ਅਮਰਦਾਸ ਜੀ ਦਾ ਆਨੰਦ ਇਸੇ ਆਨੰਦਵਾਦ ਦੀ ਪ੍ਰਾਚੀਨ ਪਰੰਪਰਾ ਦੀ ਆਧਾਰ-

---

[5] *ਪੂਰਵ ਅੰਕਿਤ*, ਪੰ.94-5.

ਭੂਮੀ ਤੇ ਉਸਰਦਾ ਹੈ। ਗੁਰੂ ਜੀ ਅਨੁਸਾਰ ਸਤਗੁਰੂ ਦੀ ਪ੍ਰਾਪਤੀ ਹੀ ਆਨੰਦ ਦੀ ਅਵਸਥਾ ਹੈ। 'ਅਨੰਦ' ਦੇ 'ਰਹੱਸਵਾਦ' ਦੀਆਂ 14 ਵਿਸ਼ੇਸਤਾਵਾਂ ਦਾ ਜ਼ਿਕਰ ਕਰਦਿਆਂ ਅਗਲੇ ਪੰਨਿਆਂ ਵਿਚ ਅਨੰਦ ਬਾਣੀ ਨੂੰ ਭਾਸ਼ਾ ਪੱਖ ਤੋਂ ਵਿਚਾਰਦਿਆਂ ਕਹਿੰਦੇ ਹਨ ਕਿ ਇਸ ਬਾਣੀ ਵਿਚਲੀ ਭਾਸ਼ਾ ਦੀ ਸਰਲਤਾ, ਸਪਸ਼ਟਤਾ, ਰਾਗਾਤਮਕਤਾ ਅਤੇ ਪ੍ਰਸੰਗ ਅਨੁਕੂਲਤਾ ਕਾਰਣ ਇਹ ਬਾਣੀ ਸਿੱਖ ਸਮਾਜ ਵਿਚ ਜਿਆਦਾ ਪ੍ਰਚਲਿਤ ਹੈ।

ਛੇਵੇਂ ਲੇਖ 'ਅਵਤਾਰਵਾਦ ਅਤੇ ਭਾਈ ਗੁਰਦਾਸ' ਵਿਚ ਭਾਰਤੀ ਅਧਿਆਤਮਵਾਦ ਵਿਚ ਅਵਤਾਰਵਾਦ ਦੀ ਸ਼ੁਰੂਆਤ ਵੈਦਿਕ ਸਾਹਿਤ ਤੋਂ ਦਸਦੇ ਹਨ। ਪ੍ਰਾਚੀਨ ਪੁਰਾਨ ਸਾਹਿਤ ਦਾ ਵੇਰਵਾ ਦਿੰਦਿਆ ਡਾ. ਜੱਗੀ ਨੇ ਤ੍ਰੈ ਦੇਵ (ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼) ਦੇ ਅਵਤਾਰ ਦਾ ਜ਼ਿਕਰ ਕਰਦਿਆਂ ਦੱਸਿਆ ਹੈ ਕਿ ਜਦੋਂ ਵੀ ਧਰਮ ਦੀ ਹਾਨੀ ਹੋਈ ਉਦੋਂ ਅਵਤਾਰ ਆਏ। ਡਾ. ਜੱਗੀ ਨੇ ਇਹ ਵੀ ਦੱਸਣ ਦਾ ਯਤਨ ਕੀਤਾ ਹੈ ਕਿ ਭਗਤੀ ਕਾਵਿ ਦੇ ਸਰਗੁਣ ਕਵੀਆਂ ਨੇ ਜਿਥੇ ਅਵਤਾਰਾਂ ਦੀ ਪ੍ਰਗਟ ਲੀਲਾਵਾਂ ਦਾ ਚਿਤ੍ਰਣ ਕੀਤਾ ਉਥੇ ਨਿਰਗੁਣਵਾਦੀ ਸੰਤ ਕਵੀਆਂ ਨੇ ਅਵਤਾਰਵਾਦ ਦਾ ਖੰਡਨ ਕੀਤਾ ਹੈ। ਇਸ ਤੋਂ ਅੱਗੇ ਆਦਿ ਗ੍ਰੰਥ ਅਤੇ ਭਾਈ ਗੁਰਦਾਸ ਦੀ ਰਚਨਾ ਵਿਚ ਜਿਵੇਂ ਅਵਤਾਰਵਾਦ ਦਾ ਖੰਡਨ ਮਿਲਦਾ ਹੈ ਉਸ ਪ੍ਰਤੀ ਢੁਕਵੀਆਂ ਤੁਕਾਂ ਦਿੱਤੀਆਂ ਹਨ। ਉਨ੍ਹਾਂ ਨੇ ਇਹ ਵੀ ਜ਼ਿਕਰ ਕੀਤਾ ਕਿ ਜਿਥੇ ਭਾਈ ਗੁਰਦਾਸ ਅਵਤਾਰਵਾਦ ਦਾ ਖੰਡਨ ਕਰਦੇ ਹਨ ਉਥੇ ਉਨ੍ਹਾਂ ਨੇ ਇਤਿਹਾਸਿਕ ਪਾਤਰਾਂ ਨੂੰ ਅਵਤਾਰਾਂ ਦੇ ਰੂਪ ਵਿਚ ਮੰਨ ਕੇ ਅਵਤਾਰਵਾਦ ਦੀ ਨਵੀਨ ਵਿਆਖਿਆ ਕੀਤੀ ਹੈ। ਡਾ. ਜੱਗੀ ਅਨੁਸਾਰ 'ਜਿਥੇ ਗੁਰਮਤਿ ਵਿਚ ਅਵਤਾਰ-ਪਰੰਪਰਾ ਸਿਧੀ ਪ੍ਰਭੂ ਨਾਲ ਸੰਬੰਧ ਰੱਖਦੀ ਹੈ ਉਥੇ ਇਸ ਦੀ ਹੋਰ ਮਹੱਤਵ-ਪੂਰਣ

ਵਿਸ਼ੇਸ਼ਤਾ ਹੈ ਕਿ ਦਸ ਅਵਤਾਰ ਵਖ ਵਖ ਯੁਗਾਂ ਵਿਚ ਨਹੀਂ ਹੁੰਦੇ, ਸਗੋਂ ਇਕ ਯੁਗ ਵਿਚ ਪ੍ਰਗਟ ਹੁੰਦੇ ਹਨ।'[6]

ਸੱਤਵਾਂ ਲੇਖ 'ਸਿਧ ਗੋਸਟਿ ਅਤੇ ਯੋਗਮਤ' ਹੈ। ਸ਼ੁਰੂ ਵਿਚ ਉਨ੍ਹਾਂ ਨੇ ਸਿਧ ਗੋਸਟਿ ਬਾਣੀ ਨਾਲ ਜੁੜੇ ਦੋ ਅਹਿਮ ਸਵਾਲ, ਰਚਨਾ ਸਥਾਨ ਅਤੇ ਰਚਨਾ ਦਾ ਪ੍ਰਕਰਣ 'ਤੇ ਚਾਨਣਾ ਪਾਇਆ ਹੈ। ਜਨਮਸਾਖੀਆਂ ਦੀ ਤਰਕਸੰਗਤ ਪਹੁੰਚ ਤੋਂ ਉਪਰੰਤ ਭਾਈ ਗੁਰਦਾਸ ਦੀ ਪਹਿਲੀ ਵਾਰ ਵਿਚਲੀਆਂ ਪਉੜੀਆਂ ਦਾ ਵੇਰਵਾ ਦਿੰਦਿਆਂ ਇਸ ਦਾ ਰਚਨਾ ਸਥਾਨ ਅਚਲ ਵਟਾਲਾ ਹੀ ਕਹਿੰਦੇ ਹਨ। ਸਿੱਧ ਗੋਸਟਿ ਬਾਣੀ ਵਿਚ ਆਏ ਚਰਪਟ ਅਤੇ ਲੋਹਾਰੀਪਾ ਯੋਗੀਆਂ ਦੇ ਨਾਵਾਂ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਇਹ ਗੁਰੂ ਜੀ ਦੇ ਸਮਕਾਲੀ ਨਹੀਂ ਸਨ ਬਲਕਿ ਇਹ ਦਸਵੀਂ ਜਾਂ ਗਿਆਰਵੀਂ ਸਦੀ ਵਿਚ ਹੋਏ ਹਨ। ਉਹ ਸੰਭਾਵਨਾ ਜਤਾਉਂਦੇ ਕਹਿੰਦੇ ਹਨ ਕਿ ਇਹ ਵੀ ਹੋ ਸਕਦਾ ਹੈ ਇਨ੍ਹਾਂ ਦੇ ਨਾਮ ਆਪਣੇ ਪੂਰਵਜਾਂ ਵਾਂਗ ਹੀ ਰੱਖੇ ਹੋਣ ਕਿਉਂਕਿ ਅਜਿਹੀ ਪ੍ਰਥਾ ਯੋਗੀਆਂ ਵਿਚ ਪ੍ਰਚਲਿਤ ਸੀ। ਰਚਨਾ ਸਥਾਨ ਬਾਰੇ ਗੱਲ ਕਰਦਿਆ ਉਹ ਇਸ ਬਾਣੀ ਨੂੰ ਕਰਤਾਰਪੁਰ ਲਿਖੇ ਜਾਣ ਦੀ ਸੰਭਾਵਨਾ ਪ੍ਰਗਟਾਉਂਦੇ ਹਨ। ਸਿਧ-ਨਾਥ ਪਰੰਪਰਾ ਦਾ ਜ਼ਿਕਰ ਕਰਦਿਆਂ ਯੋਗ ਦੇ ਅੱਠ ਅੰਗਾਂ, ਕੁੰਡਲਨੀ, ਖਟ ਚੱਕਰਾਂ ਦਾ ਵੀ ਵਿਸਲੇਸ਼ਣ ਕੀਤਾ ਗਿਆ ਹੈ। ਯੋਗੀਆਂ ਵੱਲੋਂ ਕੀਤੇ ਪ੍ਰਸ਼ਨਾਂ ਨੂੰ ਵਿਚਾਰਦਿਆਂ ਅਤੇ ਇਸ ਰਚਨਾ ਦੇ ਕਾਵਿ-ਕਲਾ ਨੂੰ ਨਿਹਾਰਦੇ ਹੋਏ ਡਾ. ਜੱਗੀ ਕਹਿੰਦੇ ਹਨ ਕਿ 'ਇਹ ਰਚਨਾ ਜਨ-ਸਾਧਾਰਣ ਦੇ ਪੱਧਰ ਦੀ ਨਹੀਂ, ਇਹ ਉਸ ਵਕਤ ਦੇ ਧਾਰਮਿਕ ਆਗੂਆਂ ਅਤੇ ਵਿਸ਼ੇਸ਼ ਕਰਕੇ ਯੋਗੀਆਂ ਨੂੰ ਸਮਝਾਉਣ ਲਈ ਲਿਖੀ ਗਈ

[6] *ਪੂਰਵ ਅੰਕਿਤ*, ਪੰ.120.

ਹੈ। ਇਸ ਲਈ ਇਸ ਦੀ ਭਾਸ਼ਾ ਵਿਚ ਅਨੇਕ ਪ੍ਰਕਾਰ ਦੀ ਪਰਿਭਾਸ਼ਿਕ ਸ਼ਬਦਾਵਲੀ ਦਿਸ ਪੈਂਦੀ ਹੈ।'[7] ਇਸ ਰਚਨਾ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਜਿਥੇ ਇਸ ਰਚਨਾ ਵਿਚ ਜੋਗੀਆਂ ਦੀ ਪਰਿਭਾਸ਼ਿਕ ਸ਼ਬਦਾਵਲੀ ਦੁਆਰਾ ਯੋਗਮਤ ਦਾ ਵਰਤਾਰਾ ਸਾਹਮਣੇ ਆਉਂਦਾ ਹੈ, ਦੂਜੇ ਪਾਸੇ ਗੁਰਮਿਤ ਵਿਚਾਰਧਾਰਾ ਹੁਕਮ, ਹਉਮੈ, ਗੁਰਮੁਖ ਅਤੇ ਨਾਮ ਆਦਿ ਦੁਆਰਾ ਗੁਰਮਤਿ ਦ੍ਰਿੜ੍ਹ ਕਰਵਾਈ ਹੈ।

ਵਰਣਿਤ ਪੁਸਤਕ ਦਾ ਅੱਠਵਾਂ ਲੇਖ 'ਆਸਾ ਦੀ ਵਾਰ-ਚਿੰਤਨ ਅਤੇ ਕਲਾ' ਨਾਲ ਸੰਬੰਧਿਤ ਹੈ। ਆਰੰਭ ਵਿਚ ਇਸ ਦੀ ਰਚਨਾ ਸੰਬੰਧੀ ਚਾਨਣਾ ਪਾਉਂਦੇ ਦਸਦੇ ਹਨ ਕਿ ਗੁਰੂ ਨਾਨਕ ਦੇਵ ਜੀ ਅਤੇ ਸ਼ੇਖ ਬ੍ਰਹਮ ਦੀ ਆਪਸੀ ਗੋਸ਼ਟੀ, ਇਕ ਈਸ਼ਵਰਵਾਦ ਦੇ ਸਿਧਾਂਤ ਨੂੰ ਮੁੱਖ ਰੱਖਕੇ ਹੋਈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਰਚਨਾ ਪਹਿਲਾਂ ਮੂਲ ਰੂਪ ਵਿਚ ਪਉੜੀਆਂ ਦੇ ਅੰਤਰਗਤ ਹੀ ਸੀ ਪਰ ਗੁਰੂ ਅਰਜਨ ਦੇਵ ਜੀ ਨੇ ਬੀੜ ਸੰਪਾਦਨ ਕਰਨ ਵੇਲੇ ਇਸ ਵਿਚ ਸਲੋਕ ਮੇਲ ਕੇ ਲਿਖੇ। ਉਹ ਬਾਰੀਕਬੀਨੀ ਢੰਗ ਨਾਲ ਰਚਨਾ ਦੇ ਅੰਤਰਗਤ ਆਏ ਧਾਰਮਿਕ ਬਹੁਦੇਵਵਾਦ, ਕਰਮਕਾਂਡ, ਜਾਤੀ ਤੇ ਧਾਰਮਿਕ ਹਉਮੈਂ, ਧਾਰਮਿਕ ਖੇਤਰ ਵਿਚ ਪਖੰਡ ਅਤੇ ਸੂਤਕ-ਪਾਤਕ ਆਦਿ ਵਿਸ਼ਿਆਂ ਨੂੰ ਨਿਹਾਰਦੇ ਹੋਏ ਕਹਿੰਦੇ ਹਨ ਇਨ੍ਹਾਂ ਦੇ ਤਿਆਗ ਤੋਂ ਬਿਨਾ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ। ਡਾ. ਜੱਗੀ ਨੇ ਅਧਿਆਤਿਮਕ ਵਿਚਾਰਧਾਰਾ ਦੇ ਅੰਤਰਗਤ ਪ੍ਰਮਾਤਮਾ, ਸ੍ਰਿਸ਼ਟੀ, ਸਰੀਰ, ਗੁਰੂ ਅਤੇ ਭਗਤੀ ਦੇ ਪਹਿਲੂਆਂ 'ਤੇ ਵਿਚਾਰ ਵੀ ਕੀਤੀ ਹੈ। ਉਹ ਅੱਗੇ ਕਹਿੰਦੇ ਹਨ ਕਿ ਇਸ ਬਾਣੀ ਦੇ ਸਲੋਕਾਂ ਦੀਆਂ ਮਾਤ੍ਰਾਵਾਂ ਵਿਚ ਭਿੰਨਤਾ ਹੈ

---

[7] *ਪੂਰਵ ਅੰਕਿਤ*, ਪੰ.134-35.

ਕਿਉਂਕਿ ਸ਼ੈਲੀ ਦੇ ਪੱਖ ਤੋਂ ਇਸ ਰਚਨਾ ਵਿਚ ਛੰਦ-ਨਿਯਮ ਦੀ ਥਾਂ ਤੇ ਲੈਅ, ਤਾਲ, ਸੁਰ, ਰਾਗ ਅਤੇ ਭਾਵ ਦਾ ਧਿਆਨ ਰਖਿਆ ਗਿਆ ਹੈ।

ਭਾਗ-2 'ਲੋਕਿਕ ਵਿਚਾਰਧਾਰਾ' ਦੇ ਅਧੀਨ ਅਗਲਾ ਲੇਖ 'ਪੰਜਾਬੀ ਵਾਰ: ਸਰੂਪ ਅਤੇ ਵਿਕਾਸ' ਹੈ। ਨਾਮਕਰਣ ਤੋਂ ਇਹ ਲੇਖ ਭਾਵੇਂ ਪੰਜਾਬੀ ਸਾਹਿਤ ਨਾਲ ਸੰਬੰਧਿਤ ਜਾਪਦਾ ਹੈ ਪਰ ਇਸ ਵਿਚ ਵੀ ਗੁਰਮਿਤ ਸਾਹਿਤ ਨੂੰ ਲੈ ਕੇ ਹੀ ਡਾ. ਜੱਗੀ ਆਪਣੀ ਗੱਲ ਕਹਿਣ ਦਾ ਯਤਨ ਕਰ ਰਹੇ ਹਨ। 'ਵਾਰ' ਸ਼ਬਦ ਨੂੰ ਪ੍ਰੀਭਾਸ਼ਤ ਕਰਦੇ ਹੋਏ ਕਹਿੰਦੇ ਹਨ ਕਿ 'ਉਹ ਵਾਰਤਾ ਜੋ ਆਪਣੇ ਵਿਚ ਕਿਸੇ ਹਲੇ ਜਾਂ ਟੱਕਰ ਦਾ ਜ਼ਿਕਰ ਕਰਦੀ ਹੋਵੇ ਅਤੇ ਪਾਠਕਾਂ ਜਾਂ ਸਰੋਤਿਆਂ ਨੂੰ ਉਤਸਾਹਿਤ ਕਰੇ, ਪੰਜਾਬੀ ਕਾਵਿ-ਰੂਪ ਵਾਰ ਹੈ।'[8] ਵਸਤੂ-ਵਿਧਾਨ ਜਸ, ਕਾਵਿ-ਨਿਆਂ, ਛੰਦ, ਭਾਸ਼ਾ, ਅਲੰਕਾਰ ਅਤੇ ਰਸ ਸਰੂਪ ਵਜੋਂ ਇਸਦੇ ਜਰੂਰੀ ਤੱਤ ਹਨ। ਪੰਜਾਬੀ ਵਾਰ ਦੇ ਵਿਕਾਸ ਦੇ ਅੰਤਰਗਤ ਨਾਨਕ ਕਾਲ, ਪਿਛਲਾ ਮੁਗਲਈ ਕਾਲ, ਰਣਜੀਤ ਕਾਲ ਅਤੇ ਆਧੁਨਿਕ ਕਾਲ ਦੀ ਵਿਚਾਰ ਕਰਦਿਆਂ ਡਾ. ਜੱਗੀ ਨੇ ਦਰਸਾਇਆ ਕਿ 'ਵਾਰ' ਦਾ ਜਨਮ ਬਾਬਾ ਫ਼ਰੀਦ ਦੀ ਬਾਣੀ ਦੁਆਰਾ ਤੇਰਵੀਂ ਸਦੀ ਵਿਚ ਹੋ ਚੁੱਕਾ ਸੀ ਜੋ ਬਾਅਦ ਵਿਚ ਗੁਰੂ ਅਰਜਨ ਦੇਵ ਜੀ ਨੇ ਬਾਣੀ ਸੰਪਾਦਿਤ ਕਰਦਿਆਂ 22 ਵਾਰਾਂ ਦਰਜ ਕੀਤੀਆਂ। ਡਾ. ਜੱਗੀ ਨੇ ਇਹ ਵੀ ਕਹਿਣ ਦਾ ਯਤਨ ਕੀਤਾ ਕਿ ਭਾਵੇਂ ਅਜੋਕੇ ਸਮੇਂ ਵਿਚ ਵਿਸ਼ੇ ਦੇ ਪੱਖ ਤੋਂ ਤਬਦੀਲੀ ਆਈ ਹੈ। ਅਖੀਰ ਉਹ ਬੜੇ ਭਾਵਪੂਰਤ ਸ਼ਬਦ ਕਹਿੰਦੇ ਹਨ ਕਿ 'ਵਾਰ ਦਾ ਮੁੱਦਾ ਆਪਣੇ ਹੱਕਾਂ ਦੀ ਪ੍ਰਾਪਤੀ ਜਾਂ ਵਿਸਤਾਰ ਲਈ ਉਤਸ਼ਾਹ ਦੇਣਾ ਹੈ। ਪਰ ਯੁੱਧ-ਭੂਮੀ ਬਦਲ ਗਈ ਹੈ। ਅਜ ਪੇਟ ਪੂਰਤੀ ਲਈ,

---

[8] *ਪੂਰਵ ਅੰਕਿਤ*, ਪੰ.174.

ਆਪਣੇ ਹੱਕਾਂ ਦੀ ਪ੍ਰਾਪਤੀ ਲਈ ਲੜਨਾ ਹੈ। ਅੱਜ ਦੇ ਕਵੀਆਂ ਨੂੰ ਚਾਹੀਦਾ ਹੈ ਕਿ ਸ਼੍ਰੇਣੀਆਂ, ਕੌਮਾਂ ਅਤੇ ਸਮਾਜਾਂ ਨੂੰ ਵਾਰ ਦਾ ਨਾਇਕ ਬਣਾਉਣ।'[9]

ਗੁਰਮਤਿ ਸਾਹਿਤ ਨਾਲ ਸੰਬੰਧਿਤ ਪੁਸਤਕ ਦਾ ਅਖੀਰਲਾ ਲੇਖ 'ਚੰਡੀ ਦੀ ਵਾਰ ਦਾ ਇਤਿਹਾਸਕ ਪਿਛੋਕੜ' ਹੈ। ਜਿਸ ਵਿਚ ਡਾ. ਜੱਗੀ ਇਸਦੇ ਰਚਨਾ ਕਾਲ ਤੇ ਚਾਨਣਾ ਪਾਉਂਦੇ ਹੋਏ ਕਹਿੰਦੇ ਹਨ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਵੀਰਤਾ ਪੈਦਾ ਕਰਨ ਵਾਲੀ ਇਹ ਵਾਰ ਰਚੀ ਉਦੋਂ ਰਾਜਨੀਤਿਕ, ਸਮਾਜਿਕ, ਧਾਰਮਿਕ ਪ੍ਰਸਥਿਤੀ ਡਗਮਗਾ ਚੁਕੀ ਸੀ, ਨੂੰ ਉਭਾਰਨ ਲਈ ਇਸਦੀ ਰਚਨਾ ਹੋਈ ਹੈ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਬਾਕੀ ਗੁਰੂ ਸਾਹਿਬਾਨਾਂ ਦੁਆਰਾ ਪਾਏ ਯੋਗਦਾਨ ਦਾ ਚਿਤ੍ਰਣ ਬਾਖੂਬੀ ਕਰਦਿਆਂ, ਜਿਵੇਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੈਨਿਕ ਸਿਖਲਾਈ ਦਿਤੀ ਗਈ ਅਤੇ ਲੋਕਾਂ ਦਾ ਮਾਨਸਿਕ ਪੱਧਰ ਉਚਾ ਚੁੱਕਿਆ ਗਿਆ, ਦਾ ਵਿਵਰਣ ਵੀ ਪੇਸ਼ ਕੀਤਾ ਹੈ। ਗੁਰੂ ਗੋਬਿੰਦ ਸਿੰਘ ਜੀ ਬਾਰੇ ਉਹ ਕਹਿੰਦੇ ਹਨ ਕਿ 'ਸਿੱਖ ਗੁਰੂਆਂ ਤੋਂ ਪਹਿਲਾਂ ਕਿਸੇ ਸੈਨਾਪਤੀ ਨੂੰ ਅਛੂਤ ਜਾਤੀਆਂ ਵਿਚੋਂ ਸੈਨਾ ਦਾ ਨਿਰਮਾਣ ਦੀ ਗੱਲ ਨਹੀਂ ਸੀ ਸੁਝੀ। ਨੀਵਿਆਂ ਨੂੰ ਨਾ ਕੇਵਲ ਉਚਾ ਚੁੱਕਣ, ਸਗੋਂ ਉਨ੍ਹਾਂ 'ਚਿੜੀਆਂ ਨੂੰ ਬਾਜਾਂ ਨਾਲ ਲੜਾਉਣ' ਦਾ ਸਿਹਰਾ ਦਸਵੇਂ ਗੁਰੂ ਦੇ ਸਿਰ ਅਤੇ ਲੋਕਾਂ ਦੀਆਂ ਨਸਾਂ ਅੰਦਰ ਉਤਸਾਹ ਤੇ ਸਾਹਸ ਦੁਆਰਾ ਗਰਮ ਰਕਤ ਪ੍ਰਵਾਹਿਤ ਕਰਨ ਦਾ ਸਿਹਰਾ ਦਸਵੇਂ ਗੁਰੂ ਦੀ ਆਪਣੀ ਬਾਣੀ ਉਨ੍ਹਾਂ ਦੀ ਅਧੀਨਗੀ ਵਿਚ ਰਚੇ ਗਏ ਸਾਹਿਤ ਦੇ ਸਿਰ ਹੈ।'[10]

---

[9] *ਪੂਰਵ ਅੰਕਿਤ*, ਪੰ.185.

[10] *ਉਹੀ*, ਪੰ.192-93.

ਸਮੁੱਚੇ ਰੂਪ ਵਿਚ 'ਵਿਚਾਰਧਾਰਾ' ਪੁਸਤਕ ਵੱਖ-ਵੱਖ ਲੇਖਾਂ ਦਾ ਸੁਮੇਲ। ਜਿਸ ਵਿਚ ਉਨ੍ਹਾਂ ਵਲੋਂ ਜਪੁਜੀ, ਅਨੰਦ ਸਾਹਿਬ ਅਤੇ ਆਸਾ ਦੀ ਵਾਰ ਉਤੇ ਬੜੇ ਸੁਚੱਜੇ ਢੰਗ ਦੁਆਰਾ ਚਾਨਣਾ ਪਾਇਆ ਗਿਆ ਹੈ।

### *ਦਸਮ ਗ੍ਰੰਥ ਦਾ ਕਰਤ੍ਰਿਤਵ*

*ਦਸਮ ਗ੍ਰੰਥ* ਸਿੱਖ ਜਗਤ ਦਾ ਬੜਾ ਮਹੱਤਵਪੂਰਣ ਤੇ ਸਤਿਕਾਰਤ ਗ੍ਰੰਥ ਹੈ ਪਰ ਪਿਛਲੇ ਕਾਫ਼ੀ ਸਮੇਂ ਤੋਂ ਇਸ ਗ੍ਰੰਥ ਪ੍ਰਤਿ ਵਾਦ-ਵਿਵਾਦ ਚਲਦਾ ਆ ਰਿਹਾ ਹੈ। ਹੁਣ ਤਕ ਜਿੰਨੀਆਂ ਵੀ ਪੁਸਤਕਾਂ *ਦਸਮ ਗ੍ਰੰਥ* ਨਾਲ ਸੰਬੰਧਿਤ ਲਿਖੀਆਂ ਗਈਆਂ ਹਨ, ਉਨ੍ਹਾਂ ਦੇ ਮੁਢਲੇ ਪੰਨਿਆਂ 'ਤੇ ਇਸ ਗ੍ਰੰਥ ਦੇ ਕਰਤ੍ਰਿਤਵ ਸੰਬੰਧੀ ਚਰਚਾ ਹੋਈ ਮਿਲਦੀ ਹੈ। *ਦਸਮ ਗ੍ਰੰਥ* ਦੇ ਕਰਤਿਤਵ ਸੰਬੰਧੀ ਤਿੰਨ ਤਰ੍ਹਾਂ ਦੇ ਵਿਚਾਰ ਸਥਾਪਿਤ ਹਨ। ਕੁਝ ਵਿਦਵਾਨ ਸਮੁੱਚੇ *ਦਸਮ ਗ੍ਰੰਥ* ਨੂੰ ਹੀ ਗੁਰੂ-ਕ੍ਰਿਤ ਮੰਨਦੇ ਹਨ। ਦੂਜੇ ਸਿਰਫ਼ ਭਗਤੀ ਭਾਵਨਾ ਵਾਲੀਆਂ ਰਚਨਾਵਾਂ ਨੂੰ ਹੀ ਗੁਰੂ-ਰਚਿਤ ਪ੍ਰਵਾਨ ਕਰਦੇ ਹਨ। ਤੀਜਾ ਪੱਖ ਉਨ੍ਹਾਂ ਦਾ ਹੈ ਜੋ ਸਮੁੱਚੇ *ਦਸਮ ਗ੍ਰੰਥ* ਨੂੰ ਗੁਰੂ-ਕ੍ਰਿਤ ਪ੍ਰਵਾਨ ਨਹੀਂ ਕਰਦੇ। ਸੰਨ 1962 ਵਿਚ ਪੰਜਾਬ ਯੂਨੀਵਰਸਿਟੀ ਤੋਂ ਡਾ. ਜੱਗੀ ਨੇ *ਦਸਮ ਗ੍ਰੰਥ ਮੇਂ ਸੰਗ੍ਰਹੀਤ ਪੌਰਾਣਿਕ ਕ੍ਰਿਤੀਆਂ ਦਾ ਵਿਵੇਚਨਾਤਮਕ ਅਧਿਐਨ* ਨਾਮਕ 'ਖੋਜ-ਪ੍ਰਬੰਧ' 'ਤੇ ਪੀਐਚ.ਡੀ. ਦੀ ਉਪਾਧੀ ਪ੍ਰਾਪਤ ਕੀਤੀ। *ਦਸਮ ਗ੍ਰੰਥ* ਦੇ ਕਰਤਿਤਵ ਸੰਬੰਧੀ ਅਧਿਐਨ ਵਿਚੋਂ ਡਾ. ਰਤਨ ਸਿੰਘ ਜੱਗੀ ਦਾ ਅਧਿਐਨ ਹੀ ਸਭ ਤੋਂ ਸ੍ਰੇਸ਼ਟ ਮੰਨਿਆ ਜਾਂਦਾ ਹੈ।[11]

ਅਧਿਐਨ ਵਾਸਤੇ ਡਾ. ਜੱਗੀ ਨੇ ਇਸਦੇ ਅੱਠ ਅਧਿਆਇ ਬਣਾਏ ਹਨ। ਪਹਿਲਾ

---

[11] ਡਾ. ਮਨਮੋਹਨ ਸਿੰਘ, *ਦਸਮ ਗ੍ਰੰਥ ਵਿਚ ਮਿਥ ਰੂਪਾਂਤਰਣ*, ਪੰ.25.

ਅਧਿਆਇ 'ਕਰਤ੍ਰਿਤਵ ਦਾ ਇਤਿਹਾਸ' ਹੈ। ਇਸ ਵਿਚ ਵਿਦਵਾਨਾਂ ਵਲੋਂ ਇਸ ਗ੍ਰੰਥ ਪ੍ਰਤਿ ਸਥਾਪਿਤ ਕੀਤੇ ਹਾਂ ਅਤੇ ਨਾਂਹ ਪੱਖੀ ਮਤਾਂ ਦਾ ਜ਼ਿਕਰ ਕੀਤਾ ਗਿਆ ਹੈ। ਡਾ. ਜੱਗੀ ਸ਼ੁਰੂ ਵਿਚ ਸਿੱਖ ਇਤਿਹਾਸ ਨੂੰ ਆਧਾਰ ਬਣਾ ਕੇ ਇਹ ਕਹਿੰਦੇ ਹਨ ਕਿ ਜਦੋਂ ਗੁਰੂ ਜੀ ਨੇ ਅਨੰਦਪੁਰ ਸਾਹਿਬ ਛੱਡਿਆ ਤਾਂ ਸਮੁੱਚਾ ਸਾਹਿਤ ਖਜ਼ਾਨਾ ਸਰਸਾ ਨਦੀ ਵਿਚ ਰੁੜ੍ਹ ਗਿਆ। ਇਸ ਸਾਹਿਤ ਦੇ ਉਤਾਰੇ ਜਿਨ੍ਹਾਂ ਵੀ ਸ਼ਰਧਾਲੂ ਸਿੱਖਾਂ ਕੋਲ ਸੰਭਾਲੇ ਹੋਏ ਸਨ ਉਨ੍ਹਾਂ ਤੋਂ ਭਾਈ ਮਨੀ ਸਿੰਘ ਨੇ ਇਕੱਠਾ ਕਰਕੇ ਇਕ ਬੀੜ ਬਣਾਈ। ਭਾਈ ਸੁੱਖਾ ਸਿੰਘ ਅਤੇ ਬਾਬਾ ਦੀਪ ਸਿੰਘ ਆਦਿ ਗੁਰਸਿੱਖਾਂ ਨੇ ਬਾਅਦ ਵਿਚ ਪ੍ਰਾਪਤ ਹੋਈਆਂ ਰਚਨਾਵਾਂ ਨੂੰ ਸ਼ਾਮਿਲ ਕਰਕੇ ਭਿੰਨ-ਭਿੰਨ ਬੀੜਾਂ ਤਿਆਰ ਕੀਤੀਆਂ। ਉਸ ਸਮੇਂ ਇਸ ਗ੍ਰੰਥ ਨੂੰ *ਬਚਿਤ੍ਰ ਨਾਟਕ* ਬਾਅਦ ਵਿਚ *ਦਸਵੇਂ ਪਾਤਿਸ਼ਾਹ ਦਾ ਗ੍ਰੰਥ* ਅਤੇ ਫਿਰ *ਦਸਮ ਗ੍ਰੰਥ* ਕਿਹਾ ਜਾਣ ਲੱਗਾ। *ਦਸਮ ਗ੍ਰੰਥ* ਦਾ ਪਹਿਲਾ ਸੰਕਲਨ ਗੁਰੂ ਗੋਬਿੰਦ ਸਿੰਘ ਜੀ ਦੇ ਸਰੀਰਕ ਕਿਰਿਆ ਤਿਆਗਣ ਤੋਂ ਬਾਅਦ ਹੋਇਆ। ਇਸਦੇ ਸੰਕਲਨ ਤੋਂ ਇਸਦੇ ਕਰਤਿਤ੍ਵ ਸੰਬੰਧੀ ਵਿਵਾਦ ਚਲਦਾ ਆ ਰਿਹਾ ਹੈ। ਜਿਸਨੂੰ ਉਨ੍ਹਾਂ ਨੇ ਤਿੰਨ ਹਿੱਸਿਆ ਵਿਚ ਵੰਡ ਕੇ ਪੇਸ਼ ਕੀਤਾ।(1) ਸਿੰਘ ਸਭਾ ਲਹਿਰ ਤੋਂ ਪਹਿਲਾਂ, (2) ਸਿੰਘ ਸਭਾ ਲਹਿਰ ਤੋਂ ਸੰਨ 1947 ਤਕ, ਅਤੇ (3) ਸੰਨ 1947 ਤੋਂ ਬਾਅਦ ਦਾ ਸਮਾਂ। *ਦਸਮ ਗ੍ਰੰਥ* ਦੇ ਸੰਕਲਨ ਕਾਲ ਤੋਂ ਹੁਣ ਤਕ ਵਿਦਵਾਨਾਂ ਵਲੋਂ ਕੀਤੇ ਸਾਹਿਤਕ ਕਾਰਜਾਂ ਦਾ ਵੇਰਵਾ ਦੇਣ ਦਾ ਯਤਨ ਕਰਦਿਆਂ ਡਾ. ਜੱਗੀ ਨੇ ਪ੍ਰੋ. ਗੁਰਮੁੱਖ ਸਿੰਘ, ਬਾਬੂ ਤੇਜਾ ਸਿੰਘ ਭਸੌੜ, ਗਿਆਨੀ ਸਰਦੂਲ ਸਿੰਘ, ਭਾਈ ਬਿਸ਼ਨ ਸਿੰਘ, ਡਾ. ਰਣ ਸਿੰਘ, ਗਿਆਨੀ ਲਾਲ ਸਿੰਘ, ਡਾ. ਜਸਵੰਤ ਸਿੰਘ (ਲਖਨਊ), ਭਾਈ ਸ਼ੇਰ ਸਿੰਘ (ਕਸ਼ਮੀਰ ਵਾਲੇ), ਸ਼. ਸ਼ਮਸ਼ੇਰ ਸਿੰਘ ਅਸ਼ੋਕ, ਡਾ. ਤ੍ਰਿਲੋਚਨ

ਸਿੰਘ, ਭਾਈ ਰਣਧੀਰ ਸਿੰਘ, ਡਾ. ਧਰਮ ਪਾਲ ਆਸ਼ਟਾ, ਡਾ. ਹਰਭਜਨ ਸਿੰਘ, ਗਿਆਨੀ ਹਰਨਾਮ ਸਿੰਘ ਬੱਲਭ, ਸ੍ਰ. ਅਮਰ ਸਿੰਘ, ਸ੍ਰ ਕਰਤਾਰ ਸਿੰਘ ਹਿਤਕਾਰੀ, ਡਾ. ਮਹੀਪ ਸਿੰਘ ਅਤੇ ਮੋਹਨ ਸਿੰਘ ਦੀਵਾਨਾਂ ਆਦਿ ਵਿਦਵਾਨਾਂ ਦਾ ਮਤ ਸ਼ਪਸਟ ਕੀਤਾ ਹੈ।

ਡਾ. ਜੱਗੀ ਨੇ ਸਾਹਿਤਕ ਕ੍ਰਿਤਾਂ ਦੇ ਅਧਾਰ ’ਤੇ ਵਿਦਵਾਨਾਂ ਦੀਆਂ ਦੋ ਸ੍ਰੇਣੀਆਂ ਬਣਾਈਆਂ ਹਨ ‘ਪੂਰਬ ਪੱਖ’ ਅਤੇ ਦੂਜੀ ‘ਉੱਤਰ ਪੱਖ’। ‘ਪੂਰਬ ਪੱਖ’ ਵਿਚ ਉਹ ਵਿਦਵਾਨ ਹਨ ਜਿਨ੍ਹਾਂ ਨੇ ਸੰਪੂਰਣ *ਦਸਮ ਗ੍ਰੰਥ* ਨੂੰ ਗੁਰੂ ਕ੍ਰਿਤ ਪ੍ਰਵਾਨ ਕੀਤਾ ਹੈ ਜਿਵੇਂ ਕਿ ਡਾ. ਤ੍ਰਿਲੋਚਨ ਸਿੰਘ, ਡਾ. ਧਰਮਪਾਲ ਆਸ਼ਟਾ, ਭਾਈ ਰਣਧੀਰ ਸਿੰਘ ਅਤੇ ਡਾ: ਹਰਭਜਨ ਸਿੰਘ ਆਦਿ। ‘ਉਤਰ ਪੱਖ’ ਵਿਚ ਜੋ ਵਿਦਵਾਨ ‘ਭਗਤੀ ਭਾਵਨਾ-ਵਾਲੀਆਂ ਬਾਣੀਆਂ’ ਅਤੇ ‘ਜ਼ਫਰਨਾਮੇ’ ਆਦਿ ਨੂੰ ਛੱਡ ਕੇ ਬਾਕੀ ਰਚਨਾਵਾਂ ਨੂੰ ਗੁਰੂ-ਕ੍ਰਿਤ ਨਹੀਂ ਮੰਨਦੇ, ਉਨ੍ਹਾਂ ਵਿਚ ਤੇਜਾ ਸਿੰਘ, ਸ੍ਰ. ਸਮਸ਼ੇਰ ਸਿੰਘ ਅਸ਼ੋਕ ਅਤੇ ਗਿਆਨੀ ਹਰਨਾਮ ਸਿੰਘ ਬੱਲਭ ਆਦਿ ਨੂੰ ਰੱਖਿਆ ਗਿਆ ਹੈ।

‘ਪੂਰਬ-ਪੱਖ’ ਪੁਸਤਕ ਦਾ ਦੂਜਾ ਅਧਿਆਇ ਹੈ। ਇਸ ਵਿਚ ਉਨ੍ਹਾਂ ਨੇ ‘ਪੂਰਬ ਪੱਖ’ ਵਾਲੇ ਵਿਦਵਾਨਾਂ ਵਲੋਂ ਦਿੱਤੇ ਗਏ ਗਿਆਰਾਂ ਤਰਕਾਂ ਅਤੇ ਉਨ੍ਹਾਂ ਦੀ ਅਸਲੀਅਤ ਦਾ ਵੇਰਵਾ ਦੇਣ ਦਾ ਯਤਨ ਕੀਤਾ ਗਿਆ ਹੈ। ਡਾ. ਜੱਗੀ ਦਾ ਮੰਨਣਾ ਹੈ ਕਿ ਕੇਸਰ ਸਿੰਘ ਛਿੱਬਰ ਰਚਿਤ *ਬੰਸ਼ਾਵਲੀਨਾਮਾ* ਵਿਚ ਦਿਤੇ ਸੰਮਤ ਸਿੱਖ ਇਤਿਹਾਸ ਨਾਲ ਮੇਲ ਨਹੀਂ ਖਾਂਦੇ। ਉਹ ਕਹਿੰਦੇ ਹਨ ਕਿ *ਦਸਮ ਗ੍ਰੰਥ* ਦੀ ਸਮਾਪਤੀ ਸੰਮਤ 1755 ਈ. ਨੂੰ ਨਹੀਂ ਹੋਈ ਬਲਕਿ ਕੁਝ ਰਚਨਾਵਾਂ ਦੀ ਰਚਨਾਂ ਬਾਅਦ ਵਿਚ ਵੀ ਹੋਈ। ਕੇਸਰ ਸਿੰਘ ਛਿੱਬਰ ਅਨੁਸਾਰ ‘ਛੋਟੇ ਗ੍ਰੰਥ’ ਦਾ ਅਰਥ ਵਰਤਮਾਨ *ਦਸਮ ਗ੍ਰੰਥ* ਨਹੀਂ ਬਲਕਿ ਇਸਦਾ ਅਰਥ ‘ਅਵਤਾਰ ਲੀਲਾ’ ਹੈ। *ਦਸਮ ਗ੍ਰੰਥ*

ਸੰਬੰਧੀ ਬਣੀ ਸੋਧਕ ਕਮੇਟੀ (1897) ਦੀ ਰਿਪੋਰਟ ਕਿ *ਦਸਮ ਗ੍ਰੰਥ* (ਬਚਿਤ੍ਰ ਨਾਟਕ, ਚੰਡੀ ਚਰਿਤ੍ਰ-ਵੱਡਾ ਤੇ ਛੋਟਾ, ਵਾਰ, ਗਿਆਨ ਪ੍ਰਬੋਧ ਆਦਿ) ਅਨੰਦਪੁਰ ਸੰਪੂਰਣ ਕੀਤਾ, ਦੇ ਜਵਾਬ ਵਿਚ ਉਨ੍ਹਾਂ ਦਾ ਕਹਿਣਾ ਹੈ ਕਿ *ਦਸਮ ਗ੍ਰੰਥ* ਦੇ ਅਨੰਦਪੁਰ ਵਿਚ ਸੰਪੂਰਣ ਹੋਣ ਕਰਕੇ ਇਹ ਨਹੀਂ ਮੰਨਿਆ ਜਾ ਸਕਦਾ ਕਿ ਇਨ੍ਹਾਂ ਰਚਨਾਵਾਂ ਦੇ ਰਚਣਹਾਰ ਗੁਰੂ ਜੀ ਹੀ ਸਨ। ਕਿਉਂਕਿ ਦਰਬਾਰੀ ਕਵੀ ਗੁਰੂ ਜੀ ਕੋਲ ਮੌਜੂਦ ਸਨ। ਭਾਈ ਮਨੀ ਸਿੰਘ ਦੀ ਚਿੱਠੀ ਵਿਚ ਪਦ-ਛੇਦ ਅਖਰਾਂ ਦਾ ਹੋਣਾ ਅਤੇ ਮਾਤ੍ਰਾਵਾਂ ਦੇ ਸਰੂਪ ਨਵੇਂ ਹੋਣੇ, ਚਿੱਠੀ ਵਿਚ 303 ਚਰਿਤਰਾਂ ਦਾ ਜ਼ਿਕਰ ਹੋਣਾ ਆਦਿ ਕਾਰਨਾਂ ਨੂੰ ਮੁੱਖ ਰੱਖਕੇ ਇਸ ਚਿੱਠੀ ਨੂੰ ਜਾਅਲੀ ਸਿੱਧ ਕਰਦੇ ਹਨ। ਡਾ. ਜੱਗੀ ਕਹਿੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਦੀ ਰਚਨਾ ਦੇ ਆਰੰਭ ਵਿਚ ਸ੍ਰੀ ਮੁਖਵਾਕ ਪਾਤਸ਼ਾਹੀ ੧੦ ਜਾਂ 'ਪਾਤਸ਼ਾਹੀ' ਦਾ ਹੋਣਾ ਕਵੀਆਂ ਦੀ ਦੇਣ ਹੈ। ਇਸ ਗ੍ਰੰਥ ਦੀ ਬਾਣੀ ਵਿਚ ਰਾਮ, ਸਿਆਮ, ਕਾਲ ਆਦਿ 'ਪੂਰਬ-ਪੱਖ' ਦੇ ਵਿਦਵਾਨਾਂ ਵਲੋਂ ਗੁਰੂ ਜੀ ਨਾਲ ਜੋੜੇ ਗਏ ਸ਼ਬਦਾਂ ਨੂੰ ਵੀ ਕਵੀ ਛਾਪ ਪ੍ਰਵਾਨ ਕਰਦੇ ਹਨ। *ਦਸਮ ਗ੍ਰੰਥ* ਵਿਚਲੀਆਂ ਬਾਣੀਆਂ ਦੀ ਸ਼ੈਲੀ ਸਮਾਨਤਾ ਦੇ ਸੰਬੰਧ ਵਿਚ ਦਿੱਤੇ ਪ੍ਰਮਾਣ ਵੀ ਨਿਰਾਧਾਰ ਸਾਬਿਤ ਕਰਦੇ ਹਨ। ਡਾ. ਜੱਗੀ ਦਾ ਮੰਨਣਾ ਹੈ ਕਿ ਵਿਦਵਾਨਾਂ ਨੇ ਵਿਸ਼ੇਸ਼ ਪ੍ਰਸੰਗਾਂ ਵਿਚੋਂ ਹੀ ਕੁਝ ਅੰਸ਼ ਕੱਢ ਕੇ ਪ੍ਰਮਾਣ ਪੇਸ਼ ਕੀਤੇ ਹਨ।

'ਉੱਤਰ-ਪੱਖ' ਤੀਜੇ ਅਧਿਆਏ ਵਿਚ *ਦਸਮ ਗ੍ਰੰਥ* ਨੂੰ ਗੁਰੂ-ਕ੍ਰਿਤ ਪ੍ਰਵਾਨ ਨਾ ਕਰਨ ਵਾਲਿਆਂ ਵਿਚ ਭਸੌੜੀਏ ਵਿਦਵਾਨ ਡਾ. ਰਣ ਸਿੰਘ, ਗਿਆਨੀ ਲਾਲ ਸਿੰਘ, ਮਾਸਟਰ ਨਿਰੰਜਨ ਸਿੰਘ ਜਰਨਲਿਸਟ, ਸ੍ਰ. ਸਮਸ਼ੇਰ ਸਿੰਘ ਅਸ਼ੋਕ ਅਤੇ ਗਿ. ਹਰਨਾਮ ਸਿੰਘ ਬੱਲਭ ਆਦਿ ਵਿਦਵਾਨਾਂ ਦੇ ਕੱਢੇ ਸਿੱਟਿਆਂ ਦੀ ਛਾਣਬੀਣ ਕੀਤੀ ਹੈ। ਜਿਸ ਵਿਚ ਡਾ. ਜੱਗੀ ਭਸੌੜੀਏ

ਵਿਦਵਾਨਾਂ ਦੇ ਸਿੱਟਿਆਂ ਨੂੰ ਅਨੁਮਾਨਿਤ ਅਤੇ ਖਿਚ-ਤਾਣ ਵਾਲੇ ਮੰਨਦੇ ਹਨ। ਜਿਥੇ-ਜਿਥੇ ਇਨ੍ਹਾਂ ਵਿਦਵਾਨਾਂ ਦੀ ਖੋਜ ਵਿਚ ਭ੍ਰਾਂਤੀ ਹੋਈ ਉਸਦੀ ਨਿਸ਼ਾਨ ਦੇਹੀ ਵੀ ਕੀਤੀ ਹੈ।

ਚੌਥੇ ਅਧਿਆਇ 'ਪ੍ਰਾਚੀਨ ਬੀੜਾਂ' (ੳ) ਭਾਈ ਮਨੀ ਸਿੰਘ ਵਾਲੀ (ਅ) ਮੋਤੀ ਬਾਗ ਗੁਰਦੁਆਰਾ ਵਾਲੀ (ੲ) ਸੰਗਰੂਰ ਦੀਵਾਨ ਖਾਨੇ ਵਾਲੀ ਅਤੇ (ਸ) ਪਟਨੇ ਵਾਲੀ। ਇਨ੍ਹਾਂ ਚਾਰ ਬੀੜਾਂ ਦਾ ਤੁਲਨਾਤਮਿਕ ਅਧਿਐਨ ਕੀਤਾ ਹੈ। ਕਿਉਂਕਿ ਇਨ੍ਹਾਂ ਬੀੜਾਂ ਦੇ ਬਾਣੀ-ਕ੍ਰਮ, ਬਾਣੀ-ਸੰਖਿਆ ਅਤੇ ਛੰਦ-ਸੰਖਿਆਂ ਵਿਚ ਵਖਰੇਵਾਂ ਪਾਇਆ ਜਾਂਦਾ ਹੈ। ਤੁਲਨਾਮਿਕ ਅਧਿਐਨ ਤੋਂ ਪਹਿਲਾਂ ਡਾ. ਜੱਗੀ ਨੇ ਇਨ੍ਹਾਂ ਬੀੜਾਂ ਦੇ ਇਤਿਹਾਸ ਦਾ ਜ਼ਿਕਰ ਕੀਤਾ, ਉਪਰੰਤ ਇਨ੍ਹਾਂ ਚਾਰ ਬੀੜਾਂ ਵਿਚਲੇ ਆਪਸੀ -ਭੇਦਾਂ ਦੇ ਵਿਸ਼ਲੇਸਣ ਕਰਦਿਆਂ ਕਹਿੰਦੇ ਹਨ ਕਿ ਇਹ ਬਾਣੀਆਂ ਗੁਰੂ ਕ੍ਰਿਤ ਪ੍ਰਵਾਣ ਨਹੀਂ ਕੀਤੀਆਂ ਜਾ ਸਕਦੀਆਂ ਕਿਉਂਕਿ ਗੁਰੂ ਜੀ ਦੇ ਨਿਕਟ ਵਰਤੀ ਲਿਖਾਰੀ ਐਸੀ ਭਿੰਨਤਾ ਨਹੀਂ ਪਾ ਸਕਦੇ ਸਨ।

ਪੰਜਵੇਂ ਅਧਿਅਇ 'ਖਾਸ ਦਸਖ਼ਤੀ ਪੱਤਰ' ਵਿਚ ਗੁਰੂ ਗੋਬਿੰਦ ਸਿੰਘ ਦੇ ਸ੍ਵੈ-ਹੱਥ ਲਿਖਤੀ ਮੰਨੇ ਜਾਣ ਵਾਲੇ ਪੱਤਰਾਂ ਵਿਚ ਜਿਨ੍ਹਾਂ ਵਿਚ *ਦਸਮ ਗ੍ਰੰਥ* ਦੀਆਂ ਰਚਨਾਵਾਂ ਦੇ ਕੁਝ ਅੰਸ਼ ਸ਼ਾਮਿਲ ਹਨ, ਦੀ ਪ੍ਰਮਾਣਿਕਤਾ ਸੰਬੰਧੀ ਚਰਚਾ ਕੀਤੀ ਗਈ ਹੈ। ਇਨ੍ਹਾਂ ਪੱਤਰਾਂ ਵਿਚ ਵਰਤੀ ਖਾਸ ਲਿਪੀ ਬਾਰੇ ਡਾ. ਜੱਗੀ ਦਾ ਵਿਚਾਰ ਹੈ ਕਿ ਉਸ ਸਮੇਂ ਭਾਰਤ ਵਿਚ ਪੁਰਤਗਾਲੀ ਨਿਬ ਪਹੁੰਚ ਚੁੱਕੀ ਸੀ ਜਿਸ ਨਾਲ ਇਹ ਲਿਖੀ ਪ੍ਰਤੀਤ ਹੁੰਦੀ ਹੈ। ਖਾਸ-ਲਿਪੀ ਵਿਚ ਪ੍ਰਾਪਤ ਸਮਗਰੀ ਦਾ ਅਧਿਐਨ ਕਰਦਿਆ ਕਹਿੰਦੇ ਹਨ ਕਿ ਖਾਸ ਪੱਤਰਾਂ ਵਿਚ ਅਨੇਕ ਪਾਠਾਂ ਦਾ ਅਸਲੀ ਰੂਪ ਸਪਸ਼ਟ ਨਹੀਂ ਹੁੰਦਾ ਅਤੇ ਇਨ੍ਹਾਂ ਵਿਚਲੇ ਛੰਦਾਂ ਦੇ ਨਿਯਮ ਵੀ ਸਹੀ ਨਹੀਂ ਹਨ।

ਕਿਉਂਕਿ ਇਨ੍ਹਾਂ ਪੱਤਰਾਂ ਨੂੰ ਕਵੀਆਂ ਨੇ ਲਿਖਤ ਵਿਚ ਨਹੀਂ ਲਿਆਦਾ ਤਾਂ ਕਰਕੇ ਇਸ ਵਿਚ ਤੱਥਾਂ, ਪਾਠਾਂ ਅਤੇ ਕ੍ਰਮ ਸੰਬੰਧੀ ਤਰੁਟੀਆਂ ਹਨ।

'ੳ' ਤੇ 'ਅ' ਬੀੜਾਂ ਵਿਚ ਲੰਮੇ ਖਾਸ ਪੱਤਰਾਂ ਦੀਆਂ ਤਰੁਟੀਆਂ ਬਾਰੇ ਵੀ ਚਾਨਣਾ ਪਿਆ ਗਿਆ ਹੈ। ਇਕ ਹੀ ਪਾਠ ਦੇ ਇਕ ਤੋਂ ਜਿਆਦਾ ਖਾਸ ਪੱਤਰਾਂ ਦਾ ਵਖਰੀਆਂ-ਵਖਰੀਆਂ ਥਾਵਾਂ 'ਤੇ ਹੋਣ ਕਰਕੇ ਇਨ੍ਹਾਂ ਦਾ ਸਰੂਪ ਸ਼ੱਕੀ ਮੰਨਦੇ ਹਨ। ਡਾ. ਜੱਗੀ ਕਹਿੰਦੇ ਹਨ ਕਿ ਲੋਭੀ ਲੋਕਾਂ ਨੇ ਅਨੇਕ ਖਾਸ ਪੱਤਰਾਂ, ਹੁਕਮਨਾਮੇ ਅਤੇ ਹੋਰ ਲਿਖਤਾਂ ਤਿਆਰ ਕਰਕੇ ਵੱਧ ਕੀਮਤ ਤੇ ਵੇਚਿਆ। ਡਾ. ਜੱਗੀ ਅਨੁਸਾਰ *ਮੋਤੀ ਬਾਗ ਵਾਲੀ ਬੀੜ, ਪਟਨਾ ਵਾਲੀ ਬੀੜ* ਵਿਚ ਸੰਕਲਿਤ ਖਾਸ-ਪੱਤਰ ਚੜ੍ਹਤ ਸਿੰਘ ਦੇ ਲਿਖੇ ਸਿੱਧ ਹੁੰਦੇ ਹਨ। ਜਿਸ ਪ੍ਰਤਿ ਇਨਾਂ ਦੀ ਦਲੀਲ ਹੈ ਕਿ ਪਟਨੇ ਵਾਲਾ ਹੁਕਮਨਾਮਾ ਅਤੇ *ਮਨੀ ਸਿੰਘ ਵਾਲੀ ਬੀੜ* ਦੇ ਖਾਸ-ਪੱਤਰ, *ਮੋਤੀ ਬਾਗ ਵਾਲੀ ਬੀੜ* ਨਾਲ ਮਿਲਦੇ ਨਹੀਂ ਇਸ ਕਰਕੇ ਇਨ੍ਹਾਂ ਦਾ ਲਿਖਾਰੀ ਚੜ੍ਹਤ ਸਿੰਘ ਹੀ ਸਿੱਧ ਹੁੰਦਾ ਹੈ। ਇਨ੍ਹਾਂ ਹੱਥ ਲੇਖਾਂ ਦੀ ਸਮਾਨਤਾ ਵੀ ਭਿੰਨ-ਭਿੰਨ ਹੈ। ਇਸ ਕਰਕੇ ਡਾ. ਜੱਗੀ ਅਨੁਸਾਰ ਇਹ ਖਾਸ ਪੱਤਰ ਸਹੀ ਸਿਧ ਨਹੀਂ ਹੁੰਦੇ।

'ਅੰਦਰਲੇ ਪ੍ਰਮਾਣ' ਪੁਸਤਕ ਦਾ ਛੇਵਾਂ ਅਧਿਅਇ ਹੈ। ਇਸ ਵਿਚ *ਦਸਮ ਗ੍ਰੰਥ* ਦੀਆਂ ਪੌਰਾਇਕ ਰਚਨਾਵਾਂ ਵਿਚੋਂ ਪ੍ਰਮਾਣ ਦਿੱਤੇ ਹਨ ਜੋ ਕਰਤ੍ਰਿਤਵ ਸੰਬੰਧੀ ਨਿਰਣਾ ਕਰਨ ਵਿਚ ਸਹਾਇਕ ਸਿੱਧ ਹੁੰਦੇ ਹਨ। ਇਨ੍ਹਾਂ ਪ੍ਰਮਾਣਾਂ ਨੂੰ ਪੂਰਬ-ਵਰਤੀ ਵਿਦਵਾਨਾਂ ਨੇ ਉਹਲੇ ਕੀਤਾ ਹੈ। ਇਨ੍ਹਾਂ ਪ੍ਰਮਾਣਾਂ ਨੂੰ ਡਾ. ਜੱਗੀ ਨੇ ਦੋ ਹਿੱਸਿਆਂ (1) ਪੌਰਾਇਕ ਰਚਨਾਵਾਂ ਅਤੇ (2) ਦੂਜੀਆਂ ਰਚਨਾਵਾਂ, ਬਣਾ ਕੇ ਵਿਸ਼ਲੇਸਿਤ ਕੀਤਾ ਹੈ। ਪੌਰਾਇਕ ਰਚਨਾਵਾਂ ਵਿਚ ਬਚਿਤ੍ਰ ਨਾਟਕ, ਚੰਡੀ

ਚਰਿਤ੍ਰ ਵਾਰ ਦੁਰਗਾ ਕੀ, ਕ੍ਰਿਸ਼ਨਾਵਤਾਰ, ਚੰਡੀ ਚਰਿਤ੍ਰ (2) ਚੌਬੀਸ ਅਵਤਾਰ, ਬ੍ਰਹਮ-ਅਵਤਾਰ, ਰੁਦ੍ਰਾਵਤਾਰ ਅਤੇ ਚਰਿਤ੍ਰੋਪਾਖਿਆਨ ਦੀ ਪਰਖ ਪੜਚੋਲ ਕੀਤੀ ਹੈ। ਡਾ. ਜੱਗੀ ਦਾ ਕਹਿਣਾ ਹੈ ਕਿ ਇਹ ਰਚਨਾਵਾਂ ਦਰਬਾਰੀ ਕਵੀਆਂ ਦੀਆਂ ਹਨ। ਇਨ੍ਹਾਂ ਵਿਚ ਸੰਪਾਦਕਾਂ ਦੁਆਰਾ ਹੇਰ-ਫੇਰ ਕੀਤੀ ਗਈ ਹੈ। ਇਨ੍ਹਾਂ ਰਚਨਾਵਾਂ ਦਾ ਕਵੀ ਇਕ ਨਹੀਂ ਬਲਕਿ ਕਈ ਹਨ ਜਿਨ੍ਹਾਂ ਵਿਚ ਕਾਵਿ-ਦੋਸ਼ ਦੇਖਣ ਨੂੰ ਮਿਲਦੇ ਹਨ। ਇਹ ਕਵੀ, ਰਾਜਿਆਂ ਅਤੇ ਮੰਤਰੀਆਂ ਨੂੰ ਖੁਸ਼ ਕਰਕੇ ਧਨ ਪ੍ਰਾਪਤੀ ਲਈ ਐਸਾ ਕਰਦੇ ਸੀ। ਇਨ੍ਹਾਂ ਸਮੁਚੀਆਂ ਰਚਨਾਵਾਂ ਨੂੰ ਡਾ. ਜੱਗੀ ਗੁਰੂ-ਕ੍ਰਿਤ ਨਹੀਂ ਮੰਨਦੇ ਹਨ। 'ਦੂਜੀਆਂ ਰਚਨਾਵਾਂ' ਸਿਰਲੇਖ ਅਧੀਨ ਜਾਪੁ, ਅਕਾਲ ਉਸਤਤਿ (201 ਤੋਂ 30 ਤੱਕ ਛੱਡ ਕੇ) ਸਵੈਯੇ, ਜਫ਼ਰਨਾਮੇ ਆਦਿ ਨੂੰ ਗੁਰੂ-ਕ੍ਰਿਤ ਸਿੱਧ ਕੀਤਾ ਹੈ। ਖਾਲਸਾ ਮਹਿਮਾ, ਗਿਆਨ ਪ੍ਰਬੋਧ ਅਤੇ ਸ਼ਬਦ ਹਜਾਰੇ ਦਾ ਸਰੂਪ ਦੁਬਿਧਾ ਵਾਲਾ ਮੰਨਿਆ ਹੈ। ਸਸ਼ਤ੍ਰਨਾਮ-ਮਾਲਾ ਦਾ ਕਰਤ੍ਰਿਤਵ ਪੌਰਾਣਿਕ ਕ੍ਰਿਤੀਆਂ ਨਾਲ ਜੋੜਿਆ ਹੈ।

ਸਤਵੇਂ ਅਧਿਆਇ 'ਬਾਹਰਲੇ ਪ੍ਰਮਾਣ' ਵਿਚ ਉਹ ਪ੍ਰਮਾਣ ਦਿੱਤੇ ਗਏ ਹਨ ਜਿਨ੍ਹਾਂ ਦੀ ਖੋਜ ਪੁਰਾਣੇ ਵਿਦਵਾਨਾਂ ਨੇ ਨਹੀਂ ਕੀਤੀ। ਇਹ ਪ੍ਰਮਾਣ ਵੀ ਸਬੰਧਿਤ ਵਿਸ਼ੇ 'ਤੇ ਕਾਫ਼ੀ ਚਾਨਣਾ ਪਾਉਣ ਵਾਲੇ ਹਨ। ਇਸ ਅਧਿਆਇ ਵਿਚ *ਮਹਿਮਾ ਪ੍ਰਕਾਸ਼, ਗੁਰ ਪ੍ਰਤਾਪ ਸੂਰਜ ਗ੍ਰੰਥ* ਅਤੇ *ਗੁਰ ਪਦ ਪ੍ਰੇਮ ਪ੍ਰਕਾਸ਼* ਆਦਿ ਦਾ ਵਿਸ਼ਲੇਸ਼ਣ ਕਰਦਿਆ ਦੱਸਿਆ ਹੈ ਕਿ ਗਰੂ ਜੀ ਦੇ ਦਰਬਾਰ ਵਿਚ ਰਾਮ, ਸਿਆਮ ਆਦਿ ਕਵੀ ਮੌਜੂਦ ਸਨ। 'ਬਚਿਤ੍ਰ ਨਾਟਕ', 'ਚੌਬੀਸ ਅਵਤਾਰ', 'ਚਰਿਤ੍ਰੋਪਾਖਿਆਨ' ਅਤੇ ਹੋਰ ਰਚਨਾਵਾਂ ਇਨ੍ਹਾਂ ਦੀਆਂ ਹੀ ਹਨ। ਇਨ੍ਹਾਂ ਨੂੰ ਗੁਰੂ ਜੀ ਨੇ ਕੇਵਲ ਆਪਣੀ ਮਾਨਤਾ ਦਿੱਤੀ ਸੀ। ਸਾਹਿਬ ਸਿੰਘ ਗੁਰੂ ਜੀ ਦਾ ਦਰਬਾਰੀ ਲਿਖਾਰੀ ਸੀ ਜੋ

ਕਥਾਵਾਂ ਸੁਣ ਕੇ ਉਪਰੰਤ ਉਨ੍ਹਾਂ ਵਿਚ ਸੁਧਾਰ ਕਰਕੇ ਸਿੱਖਾਂ ਲਈ ਲਿਖਿਆ ਕਰਦਾ ਸੀ। ਰਾਮ ਨਾਂ ਦੀ ਛਾਪ ਵਾਲਾ ਕਵੀ ਵੀ ਗੁਰੂ ਜੀ ਦਾ ਦਰਵਾਰੀ ਕਵੀ ਸੀ ਜੋ ਕਿ ਕੇਸਵ ਦਾ ਪੁੱਤਰ ਜਾਤ ਦਾ ਤ੍ਰਿਖਾ ਬ੍ਰਾਹਮਣ ਅਤੇ ਰੋਪੜ ਦਾ ਨਿਵਾਸੀ ਸੀ ਜਿਸ ਦਾ ਪੂਰਾ ਨਾਮ ਸੀਤਾ ਰਾਮ ਸੀ।

ਡਾ. ਜੱਗੀ ਦੀ ਇਕ ਹੋਰ ਦਲੀਲ ਵੀ ਮਹੱਤਵਪੂਰਨ ਹੈ ਕਿ 'ਜੇਕਰ ਦਸਮ ਗੁਰੂ ਦੇ ਬਹੁਤ ਰੁਝੇਵੇਂ ਭਰਪੂਰ ਅਤੇ ਅਤਿ ਸੰਖਿਪਤ ਜੀਵਨ (42 ਵਰ੍ਹੇ) ਵਿਚੋਂ ਉਨ੍ਹਾਂ ਦਾ ਬਚਪਨ, ਵਿਦਿਆ ਪ੍ਰਾਪਤੀ ਦਾ ਸਮਾਂ, ਯੁੱਧ-ਕਾਲ ਅਤੇ ਅਨੰਦਪੁਰ ਤਿਆਗਣ ਤੋਂ ਬਾਦ ਦਾ ਸਮਾਂ ਕੱਢ ਦੇਈਏ ਅਤੇ ਉਨ੍ਹਾਂ ਦੇ ਕਵਿਤਾ-ਕਾਲ ਦੀਆਂ ਹੱਦਾਂ ਵਿਗਿਆਨਕ ਅਤੇ ਮਨੁੱਖੀ ਪੱਧਰ ਤੇ ਨਿਸ਼ਚਿਤ ਕਰੀਏ ਤਾਂ ਇਨ੍ਹਾਂ ਦੀਆਂ ਰਚਨਾਵਾਂ ਦਾ ਉਨ੍ਹਾਂ ਦੁਆਰਾ ਲਿਖਿਆ ਜਾਣਾ ਅਸੰਭਵ ਪ੍ਰਤੀਤ ਹੁੰਦਾ ਹੈ।'[12]

ਅੱਠਵਾਂ ਅਧਿਆਇ 'ਇਸ਼ਟ-ਭਾਵਨਾ' ਹੈ। ਇਸ ਅਧਿਆਇ ਵਿਚ ਪੌਰਾਣਿਕ ਰਚਨਾਵਾਂ ਦੀ ਇਸ਼ਟ-ਭਾਵਨਾ ਦੀ ਪਰਖ ਪੜਚੋਲ ਕੀਤੀ ਹੈ। ਉਨ੍ਹਾਂ ਦੁਆਰਾ ਰਚਨਾਵਾਂ ਦੇ ਉਸ ਸਰੂਪ ਦੀ ਨਿਸ਼ਾਨਦੇਹੀ ਕੀਤੀ ਹੈ ਜੋ 'ਸ੍ਰੀ ਗੁਰੂ ਗ੍ਰੰਥ ਸਾਹਿਬ' ਅਤੇ ਸਿਖ ਸਿਧਾਂਤਿਕ ਪਰੰਪਰਾਵਾਂ ਨਾਲ ਮੇਲ ਨਹੀ ਖਾਂਦੇ । ਉਨ੍ਹਾਂ ਦਾ ਕਹਿਣਾ ਹੈ ਕਿ *ਦਸਮ ਗ੍ਰੰਥ* ਦੀਆਂ ਪੌਰਾਣਿਕ ਕ੍ਰਿਤੀਆਂ ਦੇ ਇਸ਼ਟ ਦੇਵ ਮਹਾਂ-ਕਾਲ ਅਤੇ 'ਕਾਲਿਕਾ' ਹਨ। ਇਹ ਦੋਵੇਂ ਸਰੂਪ, ਸਮਰਥਾ, ਨਾਮ ਅਤੇ ਥਾਂ ਕਰਕੇ 'ਮਹਾਂ ਕਾਲ ਸੰਹਿਤ' ਅਤੇ 'ਕਾਲੀ ਤੰਤ੍ਰ' ਦੇ ਨਾਲ ਮਿਲਦੇ-ਜੁਲਦੇ ਹਨ। ਇਹ ਵਾਮ-ਮਾਰਗੀਆਂ, ਸ਼ਾਕਤਾਂ ਅਤੇ ਤ੍ਰਾਤਿਕਾਂ ਨਾਲ ਮਿਲਦੇ ਹਨ। 'ਅਕਾਲ -ਉਸਤਤਿ' ਦੇ 20 ਦੀਰਘ

---

[12] *ਦਸਮ ਗ੍ਰੰਥ ਦਾ ਕਰਤ੍ਰਿਤਵ,* ਪੰ.125.

ਤ੍ਰਿਭੰਗੀ ਛੰਦਾਂ (211-230) ਅਤੇ ਸ਼ਸਤ੍ਰ ਨਾਮ ਮਾਲਾ ਵਿਚ ਵੀ ਦੇਵੀ ਪੂਜਾ ਅਤੇ ਸ਼ਾਸਤ੍ਰ ਪੂਜਾ ਦਾ ਸਰੂਪ ਦੇਖਣ ਨੂੰ ਮਿਲਦਾ ਹੈ। ਬਾਕੀ ਰਚਨਾਵਾਂ ਦਾ ਇਸ਼ਟ ਦੇਵ ਦਾ ਸਰੂਪ ਇਹਨਾਂ ਰਚਨਾਵਾਂ ਤੋਂ ਵੱਖਰਾ ਅਤੇ ਸਿੱਖ-ਸਿਧਾਤਾਂ ਨਾਲ ਮੇਲ ਖਾਣ ਵਾਲਾ ਹੈ। ਪੁਸਤਕ ਦੇ ਅਖੀਰ ਵਿੱਚ ਕੇਸਰ ਸਿੰਘ ਛਿੱਬਰ ਰਚਿਤ *ਬੰਸਾਵਾਲੀਨਾਮਾ* ਨਾਲ ਸੰਮਤਾਂ ਦੀ ਤੁਲਨਾਤਮਕ ਤਾਲਿਕਾ, 'ਕ੍ਰਿਸ਼ਨ' ਅਤੇ 'ਚਰਿਤ੍ਰ' ਸ਼ਬਦਾਂ ਦੇ ਜੋੜਾਂ ਦਾ ਉਤਰੋਤਰ ਸਰੂਪ, *ਦਸਮ ਗ੍ਰੰਥ* ਵਿਚ ਕਵੀ ਛਾਪਾਂ ਦੀ ਵਰਤੋਂ ਦੀ ਪ੍ਰਣਾਲੀ, *ਦਸਮ ਗ੍ਰੰਥ* ਦੀਆਂ ਪ੍ਰਾਚੀਨ ਬੀੜਾਂ ਦੇ ਬਾਣੀ-ਕ੍ਰਮ ਦੀ ਤੁਲਨਾਤਮਕ ਤਾਲਿਕਾ ਵੀ ਦਿੱਤਾ ਗਿਆ ਹੈ। ਪੁਸਤਕ ਦੇ ਅਰੰਭ ਵਿਚ 'ਪੁਰਾਤਨ ਬੀੜਾਂ', 'ਭਾਈ ਮਨੀ ਸਿੰਘ ਵਾਲੀ ਚਿੱਠੀ', 'ਹੁਕਮਨਾਮਾ ਬੰਦਾ ਬਹਾਦਰ', 'ਮਾਛੀਵਾੜਾ ਵਾਲਾ ਹੁਕਮਨਾਮਾ' ਅਤੇ ਗੁਰੂ ਗੋਬਿੰਦ ਸਿੰਘ ਦੀਆਂ 'ਹੱਥ-ਲਿਖਤਾਂ' ਨਾਲ ਸੰਬੰਧਿਤ ਚਿੱਤਰ ਵੀ ਦਿੱਤੇ ਹਨ। ਡਾ. ਜੱਗੀ ਅਨੁਸਾਰ 'ਸੰਪੂਰਨ ਦਸਮ ਗ੍ਰੰਥ ਦਾ ਅਸ਼ੇਸ ਰੂਪ ਵਿਚ ਕਰਤ੍ਰਿਤਵ ਦਸਮ ਗੁਰੂ ਨਾਲ ਨਹੀਂ ਜੁੜਦਾ, ਇਸ ਵਿਚ ਕਵੀ ਕ੍ਰਿਤੀਆਂ ਵੀ ਹਨ। ਗੁਰੂ ਜੀ ਦੀਆਂ ਇਸ ਗ੍ਰੰਥ ਵਿੱਚ ਪ੍ਰਮਾਣਿਤ ਰਚਨਾਵਾਂ ਹਨ-ਜਾਪੁ ਸਾਹਿਬ, ਅਕਾਲ ਉਸਤਤਿ, (201 ਤੋਂ 230 ਤਕ ਦੇ ਭਾਗ ਨੂੰ ਛੱਡ ਕੇ), ਸਵੈਯੇ, ਜ਼ਫ਼ਰਨਾਮਾ ਆਦਿ।'[13]

## ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਸਤੁੰਤ੍ਰਤਾ ਦੀ ਭਾਵਨਾ

ਇਸ ਪੁਸਤਕ ਵਿਚ ਡਾ. ਜੱਗੀ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਭਾਵਸ਼ਾਲੀ ਵਿਲੱਖਣ ਸਖਸ਼ੀਅਤ ਦਾ ਵਰਨਣ ਕਰਦਿਆਂ ਉਨ੍ਹਾਂ ਦੇ ਰਾਸ਼ਟਰੀਅਤਾ ਪ੍ਰਤੀ ਪਿਆਰ, ਸਦੀਆਂ ਤੋਂ

13

ਗੁਲਾਮ ਸੋਚ ਨੂੰ ਸਤੁੰਤ੍ਰਤਾ ਦਾ ਪਾਠ ਪੜ੍ਹਾਉਣਾ, ਜਬਰ-ਜ਼ੁਲਮ ਦਾ ਟਾਕਰਾ ਕਰਨ ਅਤੇ ਰਾਸ਼ਟਰ ਦੀ ਉਸਾਰੀ ਕਰਨ ਲਈ ਸਿੱਖ ਨੂੰ ਸਵੈ-ਮਾਣ ਸਹਿਤ ਅਨੁਸ਼ਾਸਿਤ ਸੈਨਾਨੀ ਬਣਾਉਣਾ ਆਦਿ ਵਿਸ਼ਿਆਂ ਨੂੰ ਪ੍ਰਗਟਾਇਆ ਹੈ। ਇਸ ਪੁਸਤਕ ਦੇ ਛੇ ਅਧਿਆਇ ਹਨ। ਪੁਸਤਕ ਦੇ ਸ਼ੁਰੂਆਤੀ ਪੰਨਿਆਂ ਵਿਚ ਰਾਜਨੀਤੀ ਸਾਸ਼ਤ੍ਰ ਦੇ ਵਿਸ਼ੇ ਤੋਂ ਜਾਣੂ ਕਰਾਉਦਿਆਂ 'ਪੂਰਵ-ਪਾਠਿਕਾ' ਦੇ ਅਧੀਨ 'ਰਾਸ਼ਟਰੀਅਤਾ ਸਰੂਪ ਅਤੇ ਤੱਤਵ' ਵਿਚ ਹੋਰਨਾਂ ਵਿਦਵਾਨਾਂ ਦੀਆਂ ਪ੍ਰੀਭਾਸ਼ਾਵਾਂ ਨੂੰ ਅੰਕਿਤ ਕਰਦਿਆਂ ਅਤੇ ਆਪਣੇ ਵਿਚਾਰ ਦਿੰਦਿਆਂ ਕਹਿੰਦੇ ਹਨ ਕਿ 'ਕਿਸੇ ਇਲਾਕੇ ਵਿਚ ਰਹਿੰਦੇ ਲੋਕ ਜਦੋਂ ਕਿਸੇ ਖਾਸ ਬੋਲੀ ਵਿਚ ਵਿਚਾਰ ਵਟਾਂਦਰਾ ਕਰਦੇ ਹਨ ਉਹ ਭੂ-ਭਾਗ ਰਾਸ਼ਟਰ ਕਹਾਉਂਦਾ ਹੈ, ਇਸ ਸ਼ਬਦ ਦੀ ਵਰਤੋਂ ਸਮਾਜ, ਪ੍ਰਜਾ ਅਤੇ ਰਾਜ ਸਭਾ ਲਈ ਕੀਤੀ ਜਾ ਸਕਦੀ ਹੈ। ਰਾਸ਼ਟਰੀਆ ਦੀ ਭਾਵਨਾ ਇਕ ਖਾਸ ਕਿਸਮ ਦੀ ਚੇਤਨਾ ਦਾ ਵਿਸ਼ਾ ਹੈ। ਇਸਦਾ ਮੂਲ ਅਧਾਰ ਅਨੁਭਵ ਹੈ। ਇਹ ਅਨੁਭਵ ਅਗੋਂ ਮੋਹ ਜਾਂ ਮਮਤਾ 'ਤੇ ਨਿਰਭਰ ਹੁੰਦਾ ਹੈ।'[14] ਉਨ੍ਹਾਂ ਦਾ ਕਹਿਣਾ ਹੈ ਕਿ ਜੇ ਇਹ ਭਾਵਨਾ ਦੇਖਣੀ ਹੋਵੇ ਤਾਂ ਜੰਗਲ ਵਿਚ ਝੁੰਡ ਬਣਾਕੇ ਰਹਿਣ ਵਾਲੇ ਪਸ਼ੂਆਂ ਅਤੇ ਕਿਸੇ ਦੇਸ਼ ਉਪਰ ਜਦੋਂ ਕੋਈ ਦੂਜਾ ਦੇਸ਼ ਹਮਲਾ ਕਰਦਾ ਹੈ ਤਾਂ ਉਥੋਂ ਦੀ ਜਨਤਾ ਵਿਚ ਦਿਖਾਈ ਦਿੰਦੀ ਹੈ। ਰਾਸ਼ਟਰੀ ਏਕਤਾ ਨੂੰ ਵਿਆਖਿਆਤਮਕ ਰੂਪ ਦੇ ਕੇ ਇਸ ਨੂੰ ਭੂ-ਭਾਗ, ਜਾਤੀ, ਸੰਸਕ੍ਰਿਤੀ, ਇਤਿਹਾਸ, ਧਰਮ, ਆਰਥਿਕ ਅਤੇ ਰਾਜਨੀਤਿਕ ਰੂਪ ਵਿਚ ਵੰਡ ਕੇ ਪੇਸ਼ ਕੀਤਾ ਗਿਆ ਹੈ।

ਪੁਸਤਕ ਦੇ ਪਹਿਲੇ ਅਧਿਆਇ 'ਪੂਰਵ-ਵਰਤੀ ਰਾਸ਼ਟਰੀ ਭਾਵਨਾ ਦਾ ਸਰੂਪ' ਵਿਚ

---

[14] *ਗੁਰੂ ਗੋਬਿੰਦ ਸਿੰਘ ਦੀ ਬਾਣੀ ਵਿਚ ਸੁਤੰਤਰਤਾ ਦੀ ਭਾਵਨਾ*, ਪੰ.15.

ਡਾ. ਜੱਗੀ ਦਾ ਕਹਿਣਾ ਹੈ ਕਿ ਭਾਰਤ ਵਿਚ ਹਰਸ਼ਵਰਧਨ ਤੋਂ ਉਪਰੰਤ ਰਾਸ਼ਟਰ ਸਤੁੰਤਰਤਾ ਦੀ ਭਾਵਨਾ ਕਮਜ਼ੋਰ ਹੁੰਦੀ ਗਈ ਅਤੇ ਭਾਰਤ ਵਿਚ ਫੁੱਟ ਦਿਨੋ-ਦਿਨ ਵਧਦੀ ਗਈ। ਉਤਰੀ ਅਤੇ ਮੱਧਵਰਤੀ ਭਾਰਤ ਖਾਸ ਕਰ ਕਈ ਹਿੱਸਿਆਂ ਵਿਚ ਵੰਡਿਆ ਗਿਆ। ਪ੍ਰਿਥਵੀਰਾਜ ਚੌਹਾਨ ਤੋਂ ਬਾਅਦ ਰਾਜਪੂਤ ਸਾਮੰਤ, ਸਾਹਿਤਕਾਰ ਅਤੇ ਕਵੀਆਂ ਦੇ ਜੀਵਨ ਦੀ ਰੁਚੀ ਲਗਭਗ ਭੋਗ-ਵਿਲਾਸ ਦੁਆਲੇ ਹੀ ਹੋ ਗਈ ਸੀ। ਉਪਰੰਤ ਭਗਤੀ ਕਾਲ ਦੇ ਮਹਾਂਪੁਰਸ਼ ਕਬੀਰ, ਸੂਰਦਾਸ, ਭੂਸ਼ਣ, ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਗੱਦੀਦਾਰਾਂ ਨੇ ਰਾਸ਼ਟਰੀ ਭਾਵਨਾ ’ਤੇ ਜ਼ੋਰ ਦਿੱਤਾ।

‘ਗੁਰੂ ਗੋਬਿੰਦ ਸਿੰਘ ਜੀਵਨ ਅਤੇ ਵਿਅਕਤਿਤਵ’ ਦੂਜਾ ਅਧਿਆਇ ਹੈ। ਗੁਰੂ ਜੀ ਦੇ ਸਮੁੱਚੇ ਜੀਵਨ ਨੂੰ ਬੜੇ ਸੰਖੇਪ ਅਤੇ ਭਾਵਪੂਰਤ ਸ਼ਬਦਾਂ ਵਿਚ ਚਿਤਰਦਿਆਂ ਡਾ. ਜੱਗੀ ਕਹਿੰਦੇ ਹਨ ਕਿ ਗੁਰੂ ਨੇ ਦੱਬੇ-ਕੁਚਲੇ ਲੋਕਾਂ ਨੂੰ ਉਪਰ ਉਠਾਇਆ, ਜਨ-ਸਾਧਾਰਣ ਤੋਂ ਬਹਾਦਰ ਸੂਰਮੇ ਬਣਾਇਆ, ਗੁਰੂ ਜੀ ਵਲੋਂ ਅਪਣਾ ਆਪ ਅਤੇ ਪਰਿਵਾਰ ਵਾਰ ਕੇ ਰਾਸ਼ਟਰੀਅਤਾ ਦੀ ਬੁਝੀ ਜੋਤ ਨੂੰ ਪ੍ਰਚੰਡ ਕੀਤਾ ਗਿਆ।

‘ਸਾਹਿਤ ਰਚਨਾ ਦਾ ਉਦੇਸ਼’ ਤੀਜੇ ਅਧਿਆਇ ਵਿਚ ਸਾਹਿਤ ਦੀ ਸ਼ਕਤੀ ਨੂੰ ਬਿਆਨ ਕੀਤਾ ਗਿਆ ਹੈ। ਜਿਸ ਵਿਚ ਸਾਹਿਤ ਨੂੰ ਅਸੀਮ ਸ਼ਕਤੀ ਕਿਹਾ ਗਿਆ ਹੈ। ਜੋ ਕੁਝ ਤਲਵਾਰ, ਬੰਦੂਕ ਜਾਂ ਐਟਮ ਬੰਬ ਵੀ ਨਹੀਂ ਕਰ ਸਕਦੇ ਉਹ ਸਾਹਿਤ ਕਰ ਜਾਂਦਾ ਹੈ। ਇਹ ਮਨੁੱਖ ਨੂੰ ਲੰਮੇਰੇ ਸਮੇਂ ਤਕ ਚੇਤੰਨਤਾ ਅਤੇ ਸਾਵਧਾਨਤਾ ਪ੍ਰਦਾਨ ਕਰਦਾ ਹੈ। ਮਨੁੱਖਤਾ ਅੰਦਰ ਰਾਸ਼ਟਰੀਅਤਾ ਦੀ ਭਾਵਨਾ ਪ੍ਰਪੱਕ ਕਰਨ ਲਈ ਹੀ ਗੁਰੂ ਜੀ ਨੇ ਕਵੀਆਂ, ਵਿਦਵਾਨਾਂ ਅਤੇ ਪੰਡਿਤਾਂ ਆਦਿ ਤੋਂ ਸਾਹਿਤ ਦੀ ਰਚਨਾ ਕਰਵਾਈ।

ਚੌਥੇ ਅਧਿਅਇ 'ਜਨ ਜਾਗਰਿਤੀ ਲਈ ਪੌਰਾਣਿਕ ਕਥਾਵਾਂ' ਦੇ ਅਧੀਨ ਪੌਰਾਣਿਕ ਕਥਾਵਾਂ ਜਿਵੇਂ ਕਿ ਕ੍ਰਿਸ਼ਨਾਅਵਤਾਰ, ਰਾਮਾਵਤਾਰ, ਚੰਡੀ ਚਰਿਤ੍ਰ (ਉਕਤ ਬਿਲਾਸ), ਚੰਡੀ ਚਰਿਤ੍ਰ-ਦੂਜਾ, ਨਿਹਕਲੰਕੀ ਅਵਤਾਰ, ਪਾਰਸਨਾਥ ਅਵਤਾਰ, ਬ੍ਰਹਮ ਅਵਤਾਰ, ਚਰਿਤ੍ਰੋਰ ਪਖਿਆਨ ਆਦਿ ਰਚਨਾਵਾਂ ਦਾ ਜ਼ਿਕਰ ਕੀਤਾ ਹੈ। ਡਾ. ਜੱਗੀ ਦਾ ਵਿਚਾਰ ਹੈ ਇਨ੍ਹਾਂ ਕਥਾਵਾਂ ਦੇ ਰਚਨ ਦਾ ਮੂਲ ਆਧਾਰ ਮਨੁੱਖਤਾ ਅੰਦਰ ਬੀਰਤਾ ਅਤੇ ਸਵੈਮਾਨ ਉਜਾਗਰ ਕਰਨਾ ਹੀ ਸੀ।

ਪੁਸਤਕ ਦਾ ਪੰਜਵਾਂ ਅਧਿਆਇ 'ਵੀਰ ਭਾਵਨਾ' ਹੈ। ਡਾ. ਜੱਗੀ ਕਹਿੰਦੇ ਹਨ ਕਿ 'ਵੀਰ ਰਸ' ਹੀ ਸਾਰੇ ਰਸਾਂ ਦਾ ਮੂਲ ਰਸ ਮੰਨਿਆ ਗਿਆ ਹੈ। ਗੁਰੂ ਜੀ ਦੀ ਵੀਰ ਭਾਵਨਾ ਬਾਰੇ ਪ੍ਰਕਾਸ਼ ਪਾਉਂਦਿਆਂ ਵੀਰ ਰਸ ਅਤੇ ਯੁੱਧ ਸੰਬੰਧੀ ਜੋ ਨਵੀਨ ਦ੍ਰਿਸ਼ਟੀਕੋਨ ਪੇਸ਼ ਹੋਏ ਹਨ, ਉਸ ਦਾ ਵਿਸ਼ਲੇਸਣ ਕੀਤਾ ਹੈ। ਵੀਰਾਂ ਦਾ ਸਤਿਕਾਰ, ਵੀਰਤਾ ਦਾ ਸੰਤੁਲਿਤ ਚਿਤ੍ਰਣ, ਵੀਰ ਰਸ ਦੇ ਸਹਾਇਕ ਰੋਦਰ ਅਤੇ ਵੀਭਤਸ ਨੂੰ ਵੀ ਵਿਆਖਤਮਿਕ ਰੂਪ ਦਿੱਤਾ ਗਿਆ ਹੈ।

'ਯੁੱਧ ਵਰਣਨ' ਅੰਤਿਮ ਅਧਿਆਇ ਹੈ। 'ਯੁੱਧ' ਬਾਰੇ ਵਿਚਾਰ ਕਰਦਿਆਂ ਡਾ. ਜੱਗੀ ਨੇ ਯੁੱਧ ਵਰਣਨ ਕਰਨ ਵਾਲੀਆਂ ਦੋ ਸ਼ੈਲੀਆਂ, ਪ੍ਰਕ੍ਰਿਤ ਸ਼ੈਲੀ (ਯੁੱਧ ਦੀ ਮੱਧਮ, ਤੇਜ ਚਾਲ ਪੇਸ਼ ਕਰਨ ਲਈ ਛੰਦ ਵਿਵਿਧਤਾ) ਅਤੇ ਆਪ੍ਰਕ੍ਰਿਤ ਸ਼ੈਲੀ (ਰੂਪਕ, ਉਪਮਾ, ਉਤਪ੍ਰੇਖਿਆ) ਬਾਰੇ ਪ੍ਰਕਾਸ਼ ਪਾ ਕੇ ਯੁੱਧ ਤੇ ਸ਼ੰਕਾ ਪੱਖ ਤੋਂ ਸਮਾਧਾਨ ਪੱਖ ਦੇ ਅੰਸ਼, ਪ੍ਰਤਿ ਅੰਸ਼ ਬਾਰੇ ਜਾਣੂੰ ਕਰਵਾਇਆ ਹੈ। ਬਚਿੱਤ੍ਰ ਨਾਟਕ (ਆਪਣੀ ਕਥਾ, ਚੰਡੀ ਚਰਿਤ੍ਰ, ਚੰਡੀ ਚਰਿਤ੍ਰ 2, ਚੌਬੀਸ ਅਵਤਾਰ, ਤੇ ਉਪ ਅਵਤਾਰ) ਅਤੇ ਚੰਡੀ ਦੀ ਵਾਰ ਦਾ ਮੁੱਖ ਵਿਸ਼ਾ ਯੁੱਧ ਵਰਣਨ ਦੱਸਦਿਆਂ ਸੰਘਰਸ਼ ਪੱਖ ਵਿਚਾਰਦਿਆਂ ਆਕ੍ਰਮਣ, ਸ਼ਾਸਤਰ ਪ੍ਰਹਾਰ, ਯੁੱਧ ਲਈ ਉਕਸਾਹਟ, ਰਣ-ਭੂਮੀ

ਦੇ ਦ੍ਰਿਸ਼, ਯੋਧਿਆਂ ਦੇ ਵਿਅਕਤਿਤਵ ਬਾਰੇ ਵੀ ਸੁੰਦਰ ਸ਼ਬਦ ਲਿਖੇ ਹਨ।

'ਅੰਤਿਕਾ' ਵਿਚ ਪੁਸਤਕ ਦਾ ਨਿਚੋੜ ਦਿੰਦਿਆਂ ਸਦੀਆਂ ਤੋਂ ਸੁੱਤੀ ਪਈ ਅਣਖ ਨੂੰ ਜਗਾਉਣ ਵਾਲੇ ਗੁਰੂ ਗੋਬਿੰਦ ਸਿੰਘ ਪ੍ਰਤਿ ਅੰਤਿਮ ਸ਼ਬਦ ਬੜੇ ਭਾਵਪੂਰਤ ਹਨ ਕਿ 'ਧੰਨ ਉਹ ਜਣਨੀ, ਧੰਨ ਉਹ ਪਿਤਾ, ਧੰਨ ਉਹ ਦੇਸ਼ ਜਿਸ ਨੇ ਗੁਰੂ ਗੋਬਿੰਦ ਸਿੰਘ ਵਰਗੇ ਰਣ- ਬਾਂਕਰੇ ਨੂੰ ਜਨਮ ਦਿੱਤਾ।'[15] ਇਹ ਪੁਸਤਕ ਬਾਰੇ ਸਾਡੇ ਜੀਵਨ ਵਿਚ ਅਣਖ, ਬੀਰਤਾ ਅਤੇ ਸਵੈਮਾਨ ਦਾ ਸੰਚਾਰ ਕਰਨ ਵਿਚ ਸਹਾਇਕ ਸਿਧ ਹੁੰਦੀ ਹੈ।

***ਗੁਰੂ ਨਾਨਕ ਦੀ ਵਿਚਾਰਧਾਰਾ***

'ਸ੍ਰੀ ਗੁਰੂ ਗ੍ਰੰਥ ਸਾਹਿਬ' ਪੰਜਾਬੀ ਅਤੇ ਗੁਰਮਤਿ ਸਾਹਿਤ ਦੀ ਗੌਰਵਮਈ ਵਿਰਾਸਤ ਹੈ। 'ਸ੍ਰੀ ਗੁਰੂ ਗ੍ਰੰਥ ਸਾਹਿਬ' ਕੇਵਲ ਦਾਰਸ਼ਨਿਕ ਵਿਚਾਰਧਾਰਾ ਦਾ ਹੀ ਪ੍ਰਤੀਕ ਨਹੀਂ ਬਲਕਿ ਇਸ ਵਿਚ ਭਾਈਚਾਰਕ, ਆਚਰਣਿਕ, ਸਮਾਜਿਕ, ਆਰਥਿਕ, ਸਭਿਆਚਾਰਕ ਅਤੇ ਅਧਿਆਤਮਕ ਵਿਸ਼ਿਆਂ ਵਿਚ ਅਗਵਾਈ ਕੀਤੀ ਹੈ। ਗੁਰੂ ਨਾਨਕ ਦੇਵ ਜੀ ਨੂੰ ਗੁਰਮਤਿ ਵਿਚਾਰਧਾਰਾ ਦੇ ਮੋਢੀ ਵਜੋਂ ਪ੍ਰਵਾਨ ਕੀਤਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਲੌਕਿਕ ਸਰੋਕਾਰਾਂ ਨੂੰ ਰੂਹਾਨੀ ਦ੍ਰਿਸ਼ਟੀ ਤੋਂ ਪੁਨਰ-ਪਰਿਭਾਸ਼ਿਤ ਕਰਦਿਆਂ ਸੰਤੁਲਿਤ ਜੀਵਨ ਜਾਂਚ ਦਾ ਸੰਦੇਸ਼ ਸੰਚਾਲਿਤ ਕੀਤਾ। ਪਿਛਲੇ ਕੁਝ ਸਮੇਂ ਤੋਂ ਸਾਹਿਤ ਅਤੇ ਚਿੰਤਨ ਦੇ ਖੇਤਰ ਵਿਚ ਗੁਰੂ ਨਾਨਕ ਵਿਚਾਰਧਾਰਾ ਨੂੰ ਵਿਚਾਰਿਆ ਜਾ ਰਿਹਾ ਹੈ। ਜਿਸ ਪ੍ਰਤਿ ਡਾ. ਜੱਗੀ ਨੇ ਵੀ ਵਰਣਿਤ ਪੁਸਤਕ ਦੀ ਰਚਨਾ ਕਰਕੇ ਯੋਗਦਾਨ ਪਾਇਆ । ਇਹ ਪੁਸਤਕ ਗੁਰੂ ਨਾਨਕ ਦੇਵ ਜੀ ਦੀ

---

[15] *ਪੂਰਵ ਅੰਕਿਤ*, ਪੰ.173.

ਪੰਚਮ ਸ਼ਤਾਬਦੀ ਵਾਲੇ ਵਰ੍ਹੇ 1969 ਨੂੰ ਮੁੱਖ ਰਖਦਿਆਂ ਰਚੀ ਗਈ, ਜਿਸ ਵਿਚ ਪੂਰੀ ਮਿਹਨਤ ਨਾਲ ਇਸ ਕ੍ਰਿਤ ਨਾਲ ਸੰਬੰਧਿਤ ਆਧਾਰ ਸਮਗਰੀ ਨੂੰ ਬਾਰੀਕਬੀਨੀ ਨਾਲ ਘੋਖਿਆ ਅਤੇ ਵਿਸ਼ੇ ਨੂੰ ਵਿਸਥਾਰਪੂਰਵਕ ਵਰਣਨ ਕੀਤਾ ਹੈ। ਜੋ ਡਾ.ਜੱਗੀ ਦੀ ਸਮਾਜਿਕ, ਧਾਰਮਿਕ ਅਤੇ ਇਤਿਹਾਸਕ ਵਿਸ਼ਿਆਂ ਵਿਚ ਖੋਜ ਪ੍ਰਬੀਨਤਾ ਦੀ ਤਰਜਮਾਨੀ ਕਰਦਾ ਹੈ। ਇਸ ਨਾਲ ਡਾ. ਜੱਗੀ ਗੁਰੂ ਨਾਨਕ ਦੀ ਵਿਚਾਰਧਾਰਾ ਦੇ ਸਿਧਾਂਤ ਨੂੰ ਵਸਤੂ, ਵਿਚਾਰ ਅਤੇ ਭਾਵ ਦੀ ਤਿਕੋਣ ਨੂੰ ਸਿਰਜਣ ਦੇ ਸਮਰੱਥ ਹੁੰਦੇ ਹਨ।ਵਰਣਿਤ ਪੁਸਤਕ ਦੇ ਚਾਰ ਅਧਿਆਇ ਬਣਾਏ ਗਏ ਹਨ:

1. ਵਿਚਾਰਧਾਰਾ ਵਿਸ਼ਲੇਸ਼ਣ ਅਧਾਰ ਸਾਮਗ੍ਰੀ।
2. ਅਧਿਆਤਮਿਕ ਵਿਚਾਰਧਾਰਾ।
3. ਸਾਧਨਾਤਮਿਕ ਵਿਚਾਰਧਾਰਾ ਅਤੇ
4. ਫੁਟਕਲ ਵਿਚਾਰਧਾਰਾ।

ਪਹਿਲੇ ਅਧਿਆਇ ਵਿਚ ਡਾ. ਜੱਗੀ ਦਾ ਕਹਿਣਾ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਕੋਈ ਵੀ ਸ੍ਵੈ-ਹਥ ਲਿਖਤ ਪੋਥੀ ਨਹੀਂ ਮਿਲਦੀ ਜਿਸ ਤੋਂ ਉਨ੍ਹਾਂ ਦੀ ਬਾਣੀ ਦੇ ਮੂਲ ਪ੍ਰਮਾਣਿਕ ਸਰੂਪ ਦਾ ਪਤਾ ਲੱਗ ਸਕੇ। ਗੁਰੂ ਨਾਨਕ ਦੀ ਰਚਿਤ ਬਾਣੀ ਆਸਾ ਰਾਗ ਦੀ 'ਪੱਟੀ' ਦੇ ਆਧਾਰਿਤ ਉਨ੍ਹਾਂ ਦਾ ਕਹਿਣਾ ਹੈ ਕਿ ਗੁਰੂ ਜੀ ਵਰਤਮਾਨ ਗੁਰਮੁਖੀ ਵਰਣਮਾਲਾ ਦੇ ਅੱਖਰਾਂ ਦੇ ਉਚਾਰਣ ਤੋਂ ਜਾਣੂੰ ਸਨ। ਜਿਨ੍ਹਾਂ ਕੇਵਲ ਪੱਟੀ ਉਚਾਰੀ ਹੀ ਨਹੀਂ ਬਲਕਿ ਉਨ੍ਹਾਂ ਦੇ ਸ਼ਰਧਾਲੂ ਸੇਵਕ ਸੈਦੋ, ਘੇਹੋ, ਹਸੂ ਲੁਹਾਰ, ਸੀਹਾ ਛੀਂਬਾ, ਝਾੜੂ ਕਲਾਲ ਅਤੇ ਮਨਸੁਖ ਆਦਿ ਬਾਣੀ ਲਿਖਣ ਦੇ ਨਾਲ-ਨਾਲ ਸੰਭਾਲਦੇ ਵੀ ਰਹੇ ਸਨ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਉਨ੍ਹਾਂ ਦੇ ਸ਼ਰਧਾਲੂ ਸਿੱਖਾਂ

ਦੁਆਰਾ ਸੰਚਾਲਿਤ ਹੋਣੀ ਸ਼ੁਰੂ ਹੋਈ। ਗੁਰੂ ਨਾਨਕ ਦੀ ਬਾਣੀ ਗੁਰਤਾਗੱਦੀ ਦੇ ਨਾਲ ਹੀ ਅੱਗੇ ਚਲਦੀ ਰਹੀ। ਗੁਰੂ ਅੰਗਦ ਦੇਵ ਜੀ ਤੋਂ ਗੁਰੂ ਅਮਰਦਾਸ ਅਤੇ ਗੁਰੂ ਅਮਰਦਾਸ ਤੋਂ ਬਾਬਾ ਮੋਹਨ ਪਾਸ ਇਹ ਬਾਣੀ ਆਈ ਜਿਨ੍ਹਾਂ ਤੋਂ ਗੁਰੂ ਅਰਜਨ ਦੇਵ ਜੀ ਨੇ ਪ੍ਰਾਪਤ ਕਰਕੇ ਬਾਣੀ ਦਾ ਸੰਪਾਦਨ ਕੀਤਾ।

ਡਾ. ਜੱਗੀ, ਪ੍ਰੋ. ਸਾਹਿਬ ਸਿੰਘ ਦੀ ਉਸ ਦਲੀਲ ਦੇ ਹਾਮੀ ਨਹੀਂ ਹਨ ਜੋ ਉਨ੍ਹਾਂ ਕਿਹਾ ਕਿ ਗੁਰੂ ਅਮਰਦਾਸ ਤੋ ਬਾਣੀ ਗੁਰੂ ਰਾਮਦਾਸ ਜੀ ਪਾਸ ਆਈ ਅਤੇ ਉਨ੍ਹਾਂ ਨੇ ਗੁਰੂ ਰਾਮਦਾਸ ਜੀ ਦੀ ਪਹਿਲੇ ਗੁਰੂਆਂ ਦੀ ਬਾਣੀ ਨਾਲ ਨੇੜਤਾ ਦੇ ਕਈ ਪ੍ਰਮਾਣ ਵੀ ਦਿਤੇ ਹਨ। ਪਰ ਇਸ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ 'ਗੁਰੂ ਰਾਮਦਾਸ ਦੀ ਬਾਣੀ ਵਿਚ ਤੱਥ ਸਬੰਧੀ ਅਨੁਕੂਲਤਾ ਇਤਨੀ ਨਹੀਂ ਜਿਤਨੀ ਪਹਿਲੇ ਤਿੰਨ ਗੁਰੂਆਂ ਦੀ ਬਾਣੀਆਂ ਦੇ ਉਚਾਰਣ ਵਿਚ ਹੈ। ਨਾ ਹੀ ਗੁਰੂ ਰਾਮਦਾਸ ਨੇ ਕੇਵਲ ਉਹੀ ਰਾਗ ਅਪਣਾਏ ਹਨ ਜਿਨ੍ਹਾਂ ਨੂੰ ਪੂਰਬਵਰਤੀ ਗੁਰੂ ਅਪਣਾ ਚੁਕੇ ਸਨ। ਉਦਾਹਰਣ ਵਜੋਂ ਗੁਰੂ ਰਾਮਦਾਸ ਨੇ ਪਹਿਲੇ ਗੁਰੂਆਂ ਤੋਂ ਇਲਾਵਾ ਦੇਵ ਗੰਧਾਰੀ, ਜੈਤਸਿਰੀ, ਟੋਡੀ, ਬੈਰਾੜੀ, ਨਟ-ਨਾਰਾਇਣ, ਮਾਲੀ ਗਉੜਾ, ਗੌਂਡ, ਕਾਨੜਾ, ਕਲਿਆਣ ਆਦਿ ਰਾਗ ਅਧਿਕ ਵਰਤੇ ਹਨ। ਅਜਿਹੇ ਤੱਥਾਂ ਦੇ ਪ੍ਰਕਾਸ਼ ਵਿਚ ਗੁਰੂ ਪਾਸ ਪੂਰਬਵਰਤੀ ਤਿੰਨ ਗੁਰੂਆਂ ਦੀ ਬਾਣੀ ਦੇ ਨ ਉਪਲਬਧ ਹੋਣ ਦੀ ਗਲ ਸਥਾਪਿਤ ਹੁੰਦੀ ਹੈ।'[16] ਡਾ. ਜੱਗੀ ਦਾ ਕਹਿਣਾ ਹੈ ਕਿ ਬਾਬੇ ਮੋਹਣ ਵਾਲੀਆਂ ਪੋਥੀਆਂ ਵਿਚ ਗੁਰੂ ਨਾਨਕ ਅਤੇ ਗੁਰੂ ਅਮਰਦਾਸ ਦੀਆਂ ਵਾਰਾਂ ਦਰਜ ਨਹੀਂ ਹਨ। ਉਹ ਦੋ ਦੀ ਜਗ੍ਹਾ ਜਿਆਦਾ ਪੋਥੀਆਂ ਹੋਣ ਬਾਰੇ ਵੀ ਆਸਾ ਪ੍ਰਗਟ ਕਰਦੇ ਹਨ।

---

[16] *ਗੁਰੂ ਨਾਨਕ ਦੀ ਵਿਚਾਰਧਾਰਾ,* ਪੰ.23.

ਕਾਵਿ-ਰਚਨਾ ਦਾ ਸੰਗ੍ਰਹਿ ਅਤੇ ਵੇਰਵਾ ਦਿੰਦਿਆਂ ਉਨ੍ਹਾਂ ਨੇ *ਭਾਈ ਬੰਨੋ ਵਾਲੀ ਬੀੜ* ਅਤੇ *ਭਾਈ ਮਨੀ ਸਿੰਘ ਵਾਲੀ ਬੀੜ* ਵਿਚ ਦਰਜ ਬਾਣੀ ਦਾ ਅੰਤਰ ਵੀ ਸਪਸ਼ਟ ਕੀਤਾ ਹੈ। ਇਸ ਤੋਂ ਅੱਗੇ ਗੁਰੂ ਨਾਨਕ ਦੇਵ ਜੀ ਦੀ ਕਾਵਿ-ਰਚਨਾ ਦਾ ਸਹੀ ਵੇਰਵਾ ਦਿਤਾ ਗਿਆ ਹੈ। ਵੇਰਵਾ ਦੇਣ ਸਮੇਂ ਡਾ. ਜੱਗੀ ਨੇ ਗੁਰੂ ਜੀ ਦੀ ਉਸ ਬਾਣੀ ਨੂੰ ਦੁਬਾਰਾ ਨਹੀਂ ਗਿਣਤੀ ਵਿਚ ਨਹੀਂ ਲਿਆਂ ਜੋ ਇਕ ਵਾਰੀ ਪਹਿਲੀ ਆ ਚੁੱਕੀ ਹੈ।

ਪ੍ਰਮਾਣਿਕ ਕਾਵਿ-ਰਚਨਾ ਦਾ ਅਲੋਚਨਾਤਮਕ ਪਰਿਚਯ ਦਿੰਦੇ ਹੋਏ ਜਪ, ਸਿਧ ਗੋਸਟਿ, ਓਅੰਕਾਰ, ਪਟੀ, ਬਾਰਹਮਾਹਾ, ਥਿਤੀ, ਪਹਰੇ, ਸੋਦਰ, ਅਲਾਹਣੀਆ, ਆਰਤੀ, ਕੁਚਜੀ, ਸੁਚਜੀ, ਵਾਰਾਂ (ਆਸਾ ਦੀ ਵਾਰ, ਮਾਝ ਦੀ ਵਾਰ ਮਲਾਰ ਦੀ ਵਾਰ), ਪਦੇ, ਸ਼ਬਦ ਅਤੇ ਸਲੋਕ ਆਦਿ ਇਨ੍ਹਾਂ ਦੀ ਵਿਚਾਰਧਾਰਾ, ਕਲਾਤਮਕਾ, ਬੋਲੀ, ਸ਼ੈਲੀ ਅਤੇ ਭਾਸ਼ਾ ਪੱਖ ਤੋਂ ਵਿਚਾਰ ਕੀਤੀ ਗਈ ਹੈ।

ਗੁਰੂ ਨਾਨਕ ਦੇਵ ਜੀ ਦੇ ਨਾਮ ਨਾਲ ਸੰਬੰਧਿਤ ਅਪ੍ਰਮਾਣਿਕ ਕਾਵਿ-ਰਚਨਾ ਬਾਰੇ ਗੱਲ ਕਰਦਿਆਂ ਡਾ. ਜੱਗੀ ਨੇ ਇਸਦੇ ਤਿੰਨ ਕਾਰਨ ਮੰਨੇ ਹਨ। (1) ਪ੍ਰਾਚੀਨ ਸਾਹਿਤਕਾਰ ਸੰਕੋਚਸ਼ੀਲ ਹੁੰਦੇ ਸਨ ਜੋ ਰਚਨਾ ਦੇ ਨਾਲ ਆਪਣਾ ਨਾਮ ਦੇਣਾ ਪਸੰਦ ਨਹੀਂ ਕਰਦੇ ਸਨ। (2) ਪੁਰਾਤਨ ਸਾਧਕ ਲੋਕ ਸਾਹਿਤ ਰਚਕੇ ਅਪਣੇ ਗੁਰੂ ਨੂੰ ਸਮਰਪਣ ਕਰਦੇ ਸਨ। (3) ਕੁਝ ਲੋਕ ਪ੍ਰਸਿੱਧ ਅਤੇ ਸਤਿਕਾਰਤ ਵਿਅਕਤੀਆਂ ਦੀਆਂ ਰਚਨਾਵਾਂ ਨੂੰ ਗੰਧਲਾ ਕਰਨ ਲਈ ਐਸਾ ਕਰਦੇ ਸਨ। ਡਾ. ਜੱਗੀ ਦਾ ਕਹਿਣਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਨਾਮ ਨਾਲ ਬਹੁਤੀ ਬਾਣੀ ਤੀਜੇ ਕਾਰਨ ਕਰਕੇ ਪ੍ਰਚਲਿਤ ਹੋਈ ਹੈ। ਇਸ ਅਧਿਆਇ ਵਿਚ *ਪ੍ਰਾਣ ਸੰਗਲੀ, ਖਾਰੀ ਬੀੜ* ਵਿਚ

ਸੰਕਲਿਤ ਵਾਧੂ ਬਾਣੀ ਅਤੇ *ਨਾਮਾ ਸਾਹਿਤ* ਬਾਰੇ ਚਰਚਾ ਕੀਤੀ ਗਈ ਹੈ। *ਗੁਰ ਪ੍ਰਤਾਪ ਸੂਰਜ ਗ੍ਰੰਥ* 'ਤੇ ਆਧਾਰਿਤ *ਪ੍ਰਾਣ ਸੰਗਲੀ* ਦੀ ਅਪ੍ਰਮਾਣਿਕਤਾ ਬਾਰੇ ਦਸਦੇ ਹਨ ਕਿ ਜਦੋਂ ਗੁਰੂ ਅਰਜਨ ਦੇਵ ਜੀ ਨੇ ਬਾਣੀ ਦਾ ਸੰਪਾਦਨ ਕਰਵਾਇਆ ਤਾਂ ਭਾਈ ਪੈੜੇ ਤੋਂ ਇਹ ਪੋਥੀ ਸੰਗਲਾਦੀਪ ਤੋਂ ਮੰਗਵਾਈ। ਗੁਰੂ ਜੀ ਨੇ ਇਸ ਨੂੰ ਚੰਗੀ ਤਰ੍ਹਾਂ ਘੋਖ ਕੇ, ਇਸਦਾ ਜਲ ਪ੍ਰਵਾਹ ਕਰਵਾਇਆ। ਜੇ ਗੁਰੂ ਜੀ ਇਸ ਨੂੰ ਪ੍ਰਵਾਣ ਕਰਦੇ ਤਾਂ ਜਲਪ੍ਰਵਾਹ ਨਾ ਕਰਵਾਉਂਦੇ। ਗੁਰੂ ਗ੍ਰੰਥ ਵਿਚ ਦਰਜ ਵਾਰਾਂ ਦੀਆਂ ਪਉੜੀਆਂ ਨਾਲ ਜੋੜੇ ਸਲੋਕਾਂ ਦੀ ਗਿਣਤੀ 2 ਤੋਂ ਲੈ ਕੇ 7 ਤੱਕ ਹੈ ਪਰ *ਪ੍ਰਾਣ ਸੰਗਲੀ* ਵਿਚ ਇਕ-ਇਕ ਸਲੋਕ ਹੈ। ਇਸ ਦੀ ਤਕਨੀਕ ਵੀ ਠੀਕ ਨਹੀਂ ਬੈਠਦੀ। ਇਸ ਤੋਂ ਇਲਾਵਾ *ਪ੍ਰਾਣ ਸੰਗਲੀ* ਅਧਿਆਵਾਂ ਵਿਚ ਵੰਡੀ ਰਚਨਾ ਹੈ। ਇਸ ਸ਼੍ਰੇਣੀ ਨਾਲ ਮਿਲਦੀ ਕੋਈ ਰਚਨਾ 'ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਨਹੀਂ। ਇਸ ਵਿਚ ਉਥਾਨਿਕਾ, ਵਚਨਿਕਾ, ਅਤੇ ਅੰਤਿਕਾ ਦਾ ਹੋਣਾ ਇਸ ਨੂੰ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਪਹਿਲਾਂ ਦੀ ਸਿਧ ਨਹੀਂ ਕਰਦਾ। ਡਾ. ਜੱਗੀ ਕਹਿੰਦੇ ਹਨ ਕਿ ਇਸ ਦਾ ਆਰੰਭ ਉਦੋਂ ਹੋਇਆ ਜਦੋਂ ਸੰਸਕ੍ਰਿਤ ਗ੍ਰੰਥਾਂ ਦਾ ਉਲੱਥਾ ਪੰਜਾਬੀ ਵਿਚ ਹੋਣ ਲੱਗਾ ਸੀ। *ਪ੍ਰਾਣ ਸੰਗਲੀ* ਦਾ ਭਾਈ ਗੁਰਦਾਸ ਦੀ ਰਚਨਾ ਅਤੇ *ਸੋਢੀ ਮਿਹਰਬਾਨ ਦੀ ਜਨਮਸਾਖੀ* ਵਿਚ ਜ਼ਿਕਰ ਨਾ ਹੋਣਾ ਆਦਿ ਦਾ ਹਵਾਲਾ ਦਿੰਦਿਆਂ ਇਸਨੂੰ ਗੁਰੂ ਹਰਗੋਬਿੰਦ ਅਤੇ ਗੁਰੂ ਹਰਿਰਾਇ ਦੇ ਸਮੇਂ ਦੀ ਰਚਨਾ ਹੀ ਪ੍ਰਵਾਣ ਕਰਦੇ ਹਨ। *ਖਾਰੀ ਬੀੜ* ਵਿਚ ਨਾਨਕ ਛਾਪ ਹੇਠ ਦਰਜ ਬਾਣੀ 'ਸਲੋਕ : ਜਿਤੁ ਦਰਿ ਲਖ ਮੁਹੰਮਦਾ', 'ਮਲਿਆਗਰ ਨਾਲ ਗੋਸਟਿ' ਅਤੇ 'ਰਾਮਕਲੀ ਰਤਨ ਮਾਲਾ' ਦੀਆਂ ਵੰਨਗੀਆਂ ਪੇਸ਼ ਕਰਕੇ ਦੱਸਦੇ ਹਨ ਕਿ ਇਹ 'ਆਦਿ ਗ੍ਰੰਥ' ਦੇ ਸੰਪਾਦਨ ਤੋਂ ਬਾਅਦ ਬੰਨੋ ਵਾਲੀ ਬੀੜ ਵਿਚ ਚੜ੍ਹਾਈਆਂ

ਗਈਆਂ। ਜੇ ਉਸ ਵਕਤ ਇਹ ਬਾਣੀ ਮੌਜੂਦ ਹੁੰਦੀ ਤਾਂ ਗੁਰੂ ਅਰਜਨ ਦੇਵ ਇਸਨੂੰ 'ਆਦਿ ਗ੍ਰੰਥ' ਵਿਚ ਜ਼ਰੂਰ ਦਰਜ ਕਰਦੇ। *ਨਾਮਾ ਸਾਹਿਤ* ਵਿਚ *ਨਸੀਹਤਨਾਮਾ, ਹਾਜ਼ਰਨਾਮਾ* ਅਤੇ *ਪਾਕਨਾਮਾ* ਆਦਿ ਦੀਆਂ ਵੰਨਗੀਆਂ ਪੇਸ਼ ਕਰਦੇ ਕਹਿੰਦੇ ਹਨ ਕਿ ਇਨ੍ਹਾਂ ਤਿੰਨਾਂ ਵਿਚ ਔਰੰਗਜ਼ੇਬ ਬਾਦਸ਼ਾਹ ਅਤੇ ਖਾਲਸੇ ਦਾ ਜ਼ਿਕਰ ਕੀਤਾ ਗਿਆ ਹੈ, ਜੋ ਇਸਨੂੰ ਗੁਰੂ ਜੀ ਦੀ ਰਚਨਾ ਸਿਧ ਨਹੀਂ ਕਰਦਾ। ਭਾਸ਼ਾ ਅਤੇ ਸ਼ੈਲੀ ਕਰਕੇ ਵੀ ਇਸਨੂੰ ਗੁਰੂ ਜੀ ਦੀ ਰਚਨਾ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਡਾ. ਜੱਗੀ ਦਾ ਕਹਿਣਾ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਉਹੀ ਰਚਨਾ ਪ੍ਰਮਾਣਿਕ ਮੰਨੀ ਜਾ ਸਕਦੀ ਹੈ ਜੋ ਆਦਿ ਗ੍ਰੰਥ ਵਿਚ ਦਰਜ ਹੈ।

ਦੂਜਾ ਅਧਿਆਇ 'ਅਧਿਆਤਮਿਕ ਵਿਚਾਰਧਾਰਾ' ਵਿਚ ਬ੍ਰਹਮ, ਜੀਵਾਤਮਾ, ਜਗਤ, ਮੁਕਤੀ ਅਤੇ ਮਨ ਆਦਿ ਦੇ ਹਰੇਕ ਸੰਕਲਪ ਨੂੰ ਚੰਗੀ ਤਰ੍ਹਾਂ ਵਿਖਿਆਤਮਿਕ ਰੂਪ ਦਿੰਦਿਆਂ ਉਪਨਿਸ਼ਦਾਂ, ਸ੍ਰੀ ਮਦ ਭਗਵਤ ਗੀਤਾ, ਬੋਧ ਧਰਮ, ਨਿਆਇ, ਵੈਸ਼ੇਖਿਕ, ਮੀਮਾਸਾ, ਸਾਂਖ ਦਰਸ਼ਨ, ਇਸਲਾਮ, ਯੋਗ ਦਰਸ਼ਨ, ਵੇਦਾਂਤ ਅਤੇ ਵਿਸ਼ਿਸ਼ਟ ਅਦਵੈਤਵਾਦੀਆਂ ਦੇ ਵਿਚਾਰਾਂ ਨੂੰ ਪੇਸ਼ ਕੀਤਾ ਹੈ ਤਾਂ ਜੋ ਗੁਰੂ ਨਾਨਕ ਦੇਵ ਜੀ ਦਾ ਮੱਤ ਸਪਸ਼ਟ ਹੋ ਸਕੇ। ਡਾ. ਜੱਗੀ ਦਾ ਕਹਿਣਾ ਹੈ ਕਿ 'ਗੁਰੂ ਨਾਨਕ ਦਰਸ਼ਨ ਦੇ ਕਿਸੇ ਨਵੇਂ ਸਕੂਲ ਨੂੰ ਜਨਮ ਨਹੀਂ ਦਿੰਦੇ। ਪੁਰਾਤਨਤਾ ਵਿਚੋਂ ਹੀ ਯੁਗ ਦੀਆਂ ਪਰਿਸਥਤੀਆਂ ਅਨੁਕੂਲ ਅਜਿਹੀ ਨਵੀਨਤਾ ਨੂੰ ਜਨਮ ਦਿੰਦੇ ਹਨ, ਜੋ ਕੋਰਾ ਦਰਸ਼ਨ ਜਾਂ ਤਰਕ-ਵਿਤਰਕ ਨਹੀਂ, ਸਗੋਂ ਮਨੁੱਖੀ ਜੀਵਨ ਨੂੰ ਵਿਵਸਥਿਤ ਅਤੇ ਧਾਰਮਿਕ ਬਣਾਉਣ ਵਾਲਾ ਕ੍ਰਿਆਸ਼ੀਲ ਜੀਵਨ ਦਰਸ਼ਨ ਹੈ।'[17]

---

[17] *ਪੂਰਵ ਅੰਕਿਤ,* ਪੰ.113.

'ਬ੍ਰਹਮ ਨਿਰੂਪਣ' ਕਰਦਿਆਂ ਬ੍ਰਹਮ ਨੂੰ ਅਵਿਅਕਤੀ ਅਤੇ ਅਵਿਅਕਤ ਸਗੁਣ ਰੂਪ ਦੋ ਰੂਪਾਂ ਵਿਚ ਵੰਡ ਕੇ ਵਿਆਖਿਆ ਕੀਤੀ ਹੈ। ਬ੍ਰਹਮ ਦੇ ਨਿਰਗੁਣ ਸਰੂਪ ਦੀ ਵਿਆਖਿਆ ਕਰਦਿਆਂ ਸਬਦ, ਓਅੰਕਾਰ, ਸੁੰਨ, ਨਿਰੰਜਨ ਆਦਿ ਰੂਪਾਂ ਬਾਰੇ ਚਾਨਣਾ ਪਾਇਆ ਹੈ ਅਤੇ ਸਰਗੁਣ ਸਰੂਪ ਵਿਚ ੧, ਸਤਿਨਾਮ, ਜੋਤਿ ਸਰੂਪ, ਸੈਭੰ ਆਦਿ ਦੀ ਵਿਆਖਿਆ ਕੀਤੀ ਹੈ। ਅਵਿਅਕਤ ਰੂਪ ਵਿਚ-ਭਾਵਨਾਮਈ ਦੈਵੀ ਰੂਪ, ਵਿਰਾਟ ਰੂਪ, ਕਰਤਾ ਪੁਰਖ, ਸੁਲਤਾਨ ਰੂਪ ਆਦਿ ਬਾਰੇ ਵੀ ਚਾਨਣਾ ਪਾਇਆ ਹੈ। ਡਾ. ਜੱਗੀ ਕਹਿੰਦੇ ਹਨ 'ਗੁਰੂ ਨਾਨਕ ਨੇ ਇਨਾ ਦੋਹਾਂ ਵਿਚੋਂ ਮੂਲ ਰੂਪ ਵਿਚ ਪਰਮਾਤਮਾ ਦੇ ਅਵਿਅਕਤ ਅਥਵਾ ਨਿਰਗੁਣ ਸਰੂਪ ਦਾ ਪ੍ਰਤਿਪਾਦਨ ਕੀਤਾ, ਕਿਉਂਕਿ ਗੁਰੂ ਜੀ ਦਾ ਸੁਭਾ, ਸੰਸਕਾਰ ਅਤੇ ਯੁਗ ਦੀਆਂ ਪਰਿਸਥਤੀਆਂ ਅਵਤਾਰ-ਵਾਦ ਜਾਂ ਸਗੁਣ ਬ੍ਰਹਮ ਨਾਲ ਸਮਝੌਤਾ ਨਾ ਕਰ ਸਕੀਆਂ।'[18] 'ਜੀਵਾਤਮਾ' ਦੀ ਨਾਨਕ ਬਾਣੀ ਵਿਚੋਂ ਵਿਆਖਿਆ ਕਰਦੇ ਕਹਿੰਦੇ ਹਨ ਕਿ 'ਜੀਵ ਅਮਰ ਹੈ ਨਾ ਡੁਬਦਾ ਹੈ ਨਾ ਤਰਦਾ ਹੈ, ਇਸਦਾ ਕਾਰਨ ਇਹ ਹੈ ਕਿ ਜੀਵ ਸਤਿ ਅਮਰ ਪਰਮਾਤਮਾ ਤੋਂ ਪੈਦਾ ਹੁੰਦਾ ਹੈ, ਇਸ ਲਈ ਇਹ ਅਮਰ ਹੈ। ਸਰੀਰ ਦੇ ਅੰਦਰ ਨਾਮ ਰੂਪ ਪਰਮਾਤਮਾ ਨਿਵਾਸ ਕਰਦਾ ਹੈ ਅਤੇ ਅਵਿਨਾਸ਼ੀ ਪਰਮਾਤਮਾ ਆਪ ਹੀ ਇਸਦਾ ਰਚੈਤਾ ਹੈ।'[19] 'ਜਗਤ ਦਾ ਚਿਤ੍ਰਣ' ਕਰਦਿਆਂ ਸ੍ਰਿਸਟੀ ਦੀ ਉਤਪਤੀ, ਅਨੰਤਤਾ ਅਤੇ ਸਰੂਪ ਆਦਿ ਪੱਖ ਉਜਾਗਰ ਕੀਤੇ ਗਏ ਹਨ। ਡਾ. ਜੱਗੀ ਦਾ ਕਹਿਣਾ ਹੈ ਕਿ 'ਗੁਰੂ ਨਾਨਕ ਨੇ ਜਗਤ ਨੂੰ ਸਤਿ ਅਤੇ ਅਸਤਿ ਦੋਵੇਂ ਮੰਨਿਆ ਹੈ। ਇਸ ਜਗਤ ਦਾ ਮੂਲਾਧਾਰ

[18] *ਪੂਰਵ ਅੰਕਿਤ,* ਪੰ.179.

[19] *ਉਹੀ,* ਪੰ.194.

ਤੱਤ ਪਰਮਾਤਮਾ ਚੂੰਕਿ ਸੱਚਾ ਹੈ ਇਸ ਲਈ ਇਹ ਜਗਤ ਵੀ ਸੱਚਾ ਹੈ ਪਰ ਇਹ ਸਤਿਅਤਾ ਪਰਮਾਰਥਿਕ ਸਤਿਅਤਾ ਨਹੀਂ ਵਿਵਹਾਰਿਕ ਸਤਿਅਤਾ ਹੈ। ਪਰਮਾਰਥਿਕ ਸਤਿ ਤਾਂ ਕੇਵਲ ਪ੍ਰਮਾਤਮਾ ਹੈ। ਉਂਜ ਸੰਸਾਰ ਨਾਸ਼ਵੰਤ, ਮਿਥਿਆ, ਥੁੜ-ਚਿਰਾ ਤੇ ਬਾਜੀਗਰ ਦੀ ਬਾਜੀ ਵਾਂਗ ਹੈ।'[20] ਮੁਕਤੀ ਪ੍ਰਾਪਤ ਦੇ ਸਾਧਨ ਅਤੇ ਜੀਵਨ ਮੁਕਤੀ ਬਾਰੇ ਗੁਰੂ ਨਾਨਕ ਦੀ ਵਿਚਾਰਧਾਰਾ ਨੂੰ ਸਪਸ਼ਟ ਕਰਦਿਆਂ ਕਹਿੰਦੇ ਹਨ ਕਿ ਮੁਕਤੀ ਪ੍ਰਾਪਤ ਕਰਨ ਲਈ ਕਿਸੇ ਕਰਮਕਾਂਡ ਦੀ ਲੋੜ ਨਹੀਂ ਬਲਕਿ ਪਰਮਾਤਮਾ ਦੀ ਰਜਾ ਵਿਚ ਚਲਦਿਆਂ ਗੁਰੂ ਦਾ ਸ਼ਬਦ, ਗੁਰ ਸੇਵਾ, ਭਾਉ ਭਗਤੀ ਆਦਿ ਨਾਲ ਇਸ ਦੀ ਪ੍ਰਾਪਤੀ ਹੋ ਸਕਦੀ ਹੈ। ਗੁਰਮਤਿ ਵਿਚ ਕੇਵਲ ਸਰੀਰ ਦੇ ਅੰਤ ਹੋਣ ਤੋਂ ਬਾਅਦ ਪ੍ਰਾਪਤ ਮੁਕਤੀ ਨੂੰ ਪ੍ਰਵਾਣ ਨਹੀਂ ਕੀਤਾ ਗਿਆ ਬਲਕਿ ਜੀਵਨ-ਮੁਕਤੀ ਦਾ ਉਤਮ ਦਰਜਾ ਹੈ। ਅਜਿਹੇ ਜੀਵਨ-ਮੁਕਤ ਵਿਅਕਤੀ ਲਈ ਉਨ੍ਹਾਂ ਦਾ ਕਹਿਣਾ ਹੈ ਕਿ 'ਜੀਵਨ-ਮੁਕਤ ਵਿਅਕਤੀ ਮਨੁੱਖਤਾ ਦੇ ਕਲਿਆਣ ਲਈ ਬਹੁਤ ਉਪਯੋਗੀ ਹੈ। ਅਜਿਹੀ ਧਾਰਨਾ ਗੁਰੂ ਨਾਨਕ ਦੀ ਮੁਕਤੀ ਪਰੰਪਰਾ ਨੂੰ ਮੌਲਿਕ ਦੇਣ ਹੈ।'[21]

ਤੀਸਰਾ ਅਧਿਆਇ 'ਸਾਧਨਾਤਮਕ ਵਿਚਾਰਧਾਰਾ' ਵੀ ਦੋ ਹਿਸਿਆਂ ਸਾਧਨਾ ਤੱਤਵ (ਗੁਰੂ, ਪ੍ਰਸਾਦ ਅਥਵਾ ਕ੍ਰਿਪਾ-ਨਾਮ ਸਾਧਨਾ) ਅਤੇ ਸਾਧਨਾ ਮਾਰਗ (ਗਿਆਨ ਮਾਰਗ, ਕਰਮ ਮਾਰਗ, ਯੋਗ ਮਾਰਗ, ਭਗਤੀ ਮਾਰਗ ਅਤੇ ਸਹਿਜ ਸਾਧਨਾ) ਵਿਚ ਵੰਡਿਆ ਹੋਇਆ ਹੈ। ਇਸ ਵਿਚ ਦੂਜੇ ਅਧਿਆਇ ਦੀ ਤਰ੍ਹਾਂ ਹਰੇਕ ਸੰਕਲਪ ਨੂੰ ਵਿਖਿਆਤਮਕ ਰੂਪ ਦਿੰਦਿਆਂ ਪੁਰਾਤਨ

---

[20] *ਪੂਰਵ ਅੰਕਿਤ,* ਪੰ.305.

[21] *ਉਹੀ,* ਪੰ.317.

ਗ੍ਰੰਥਾਂ ਵਿਚੋਂ ਪ੍ਰਾਚੀਨ ਪਰੰਪਰਾ ਦੇ ਹਵਾਲੇ ਦੇ ਕੇ ਅਖੀਰ ਗੁਰੂ ਨਾਨਕ ਦੀ ਵਿਚਾਰਧਾਰਾ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ। ਡਾ. ਜੱਗੀ ਦਾ ਕਹਿਣਾ ਹੈ ਕਿ ਮੁਕਤੀ ਅਤੇ ਪਰਮਾਤਮਾ ਦੀ ਪ੍ਰਾਪਤੀ ਲਈ ਗੁਰੂ ਦਾ ਹੋਣਾ ਬਹੁਤ ਜ਼ਰੂਰੀ ਹੈ। ਪਰਮਾਤਮਾ ਦੀ ਕ੍ਰਿਪਾ ਨਾਲ ਹੀ ਗੁਰੂ ਦੀ ਪ੍ਰਾਪਤੀ ਹੁੰਦੀ ਹੈ। ਸਾਰੀਆਂ ਸਾਧਨਾਵਾਂ ਵਿਚੋਂ ਨਾਮ ਦੀ ਸਾਧਨਾ ਸ੍ਰੇਸਟ ਹੈ। ਪਰਮਾਤਮਾ ਦੇ ਨਾਮ ਬਾਰੇ ਡਾ. ਜੱਗੀ ਬੜੇ ਸੁੰਦਰ ਸ਼ਬਦ ਲਿਖਦੇ ਹਨ ਕਿ 'ਨਾਮ ਸਰਬ ਵਿਆਪਕ ਸ਼ਕਤੀ ਦਾ ਸੂਚਕ ਹੈ, ਇਹ ਪਰਮ ਤੱਤਵ ਦੀਆਂ ਸੰਪੂਰਣ ਸਮਰਥਾਵਾਂ ਦਾ ਘਣੀਭੂਤ ਰੂਪ ਹੈ, ਇਹ ਨਾਮੀ ਦਾ ਪ੍ਰਤੀਕ ਹੈ ਅਤੇ ਇਸ ਤੇ ਨਾਮੀ ਵਿਚ ਕੋਈ ਅੰਤਰ ਨਹੀਂ ਹੈ।'[22] ਸਾਧਨਾ ਮਾਰਗ ਵਿਚ ਗਿਆਨ, ਕਰਮ, ਯੋਗ ਅਤੇ ਭਗਤੀ ਬਾਰੇ ਵਿਸਥਾਰਿਤ ਗੱਲ ਕਰਦਿਆਂ ਕਹਿੰਦੇ ਹਨ ਕਿ ਗੁਰੂ ਨਾਨਕ ਕਿਸੇ ਮਾਰਗ ਦੇ ਵਿਰੋਧੀ ਨਹੀਂ ਸਨ ਸਗੋਂ ਉਹ ਅਡੰਬਰਾਂ, ਪਾਖੰਡਾਂ, ਅਤੇ ਰੂੜ੍ਹ-ਰੂਪਾਂ ਦੇ ਵਿਰੋਧੀ ਸਨ। ਗੁਰੂ ਨਾਨਕ ਕੇਵਲ ਸਹਿਜ ਸਾਧਨਾ ਨੂੰ ਪ੍ਰਵਾਨ ਕਰਦੇ ਹਨ। ਸਹਿਜ ਸਾਧਨਾਂ ਤੋਂ ਬਿਨ੍ਹਾਂ ਹਰੇਕ ਕਰਮ ਪਖੰਡ ਬਣ ਜਾਂਦਾ ਹੈ।

ਚੌਥਾ ਅਧਿਆਇ 'ਫੁਟਕਲ ਵਿਚਾਰਧਾਰਾ' ਦਾ ਹੈ। ਜਿਸ ਵਿਚ ਰਾਜਨੀਤਕ ਖੇਤਰ, ਇਸਲਾਮ ਧਰਮ, ਜੈਨਮਤ, ਬ੍ਰਹਮਣਾਂ ਅਤੇ ਪੰਡਿਤਾਂ, ਪਾਖੰਡੀ ਸਾਧਕਾਂ, ਸਦਾਚਾਰ, ਪੜ੍ਹਾਈ, ਸੰਸਾਰਿਕ ਬੰਧਨਾਂ, ਸ੍ਰਾਧ, ਸੂਤਕ ਅਤੇ ਮਾਸ ਸੰਬੰਧੀ ਗੁਰੂ ਜੀ ਦੀ ਬਾਣੀ ਦੁਆਰਾ ਚਾਨਣਾ ਪਾਇਆ ਗਿਆ ਹੈ। ਜਿਸ ਵਿਚ ਉਨ੍ਹਾਂ ਦਾ ਕਹਿਣਾ ਹੈ ਕਿ ਗੁਰੂ ਜੀ ਨੇ ਹਰ ਖੇਤਰ ਸਬੰਧੀ ਬੜੀ ਸਪਸ਼ਟ ਅਤੇ ਕਲਿਆਣਕਾਰੀ ਸੋਚ ਦਿੱਤੀ ਹੈ। ਗੁਰੂ ਜੀ ਅਜਿਹੀ ਕਿਸੇ ਵੀ ਗੱਲ ਨੂੰ ਪ੍ਰਵਾਨਗੀ

[22] *ਪੂਰਵ ਅੰਕਿਤ,* ਪੰ.370.

ਨਹੀਂ ਦਿੰਦੇ ਜੋ ਸਮਾਜਿਕ ਖੇਤਰ ਅਤੇ ਮਨੁੱਖ ਦੇ ਅਧਿਆਤਮਕ ਜੀਵਨ ਲਈ ਹਾਨੀਕਾਰਕ ਹੋਵੇ।

ਇਹ ਪੁਸਤਕ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਉਪਰ ਬੜਾ ਮਹੱਤਵਪੂਰਨ ਚਾਨਣਾ ਪਾਉਂਦੀ ਹੈ।

***ਸਾਹਿੱਤ ਸੌਰਭ***

ਇਹ ਪੁਸਤਕ ਗੁਰਮਤਿ ਅਤੇ ਪੰਜਾਬੀ ਸਾਹਿਤ ਦੇ ਅਧਿਐਨ ਲਈ ਰਚੇ ਅਤਿ ਮਹੱਤਵਪੂਰਣ, ਉਪਯੋਗੀ ਅਤੇ ਲਾਭਦਾਇਕ ਲੇਖਾਂ ਦਾ ਸੰਗ੍ਰਹਿ ਹੈ। ਇਸ ਵਿਚ ਦਸ ਲੇਖ ਹਨ, ਜੋ ਗੁਰਮਤਿ ਸਾਹਿਤ ਨਾਲ ਸੰਬੰਧਿਤ ਹਨ।

ਪਹਿਲਾ ਲੇਖ 'ਭਾਈ ਵੀਰ ਸਿੰਘ ਦੀ ਕਵਿਤਾ ਵਿਚ ਰਹੱਸਵਾਦ' ਹੈ। ਇਸ ਵਿਚ ਭਾਈ ਵੀਰ ਸਿੰਘ ਦੇ ਵਿਅਕਤਿਤਵ, ਰਹੱਸਵਾਦ ਦੇ ਸਰੂਪ, ਭਾਈ ਵੀਰ ਸਿੰਘ ਦੀ ਰਹੱਸ ਅਨੁਭੂਤੀ ਦੀ ਵਿਸ਼ੇਸ਼ਤਾ ਅਤੇ ਉਨ੍ਹਾਂ ਦੇ ਖੇੜਾ ਸਿੱਧਾਂਤ ਉਤੇ ਭਰਪੂਰ ਪ੍ਰਕਾਸ਼ ਪਾਇਆ ਗਿਆ ਹੈ। ਡਾ. ਜੱਗੀ ਇਸ ਨਾਲ ਸਹਿਮਤ ਹਨ ਕਿ ਮਹਾਨ ਕਵਿਤਾ ਆਮ ਕਰਕੇ ਸੁਝਾਉ ਹੁੰਦੀ ਹੈ ਜਦ ਕਿ ਵਾਰਤਕ ਦਾ ਮੁੱਖ ਲੱਛਣ ਸਪਸ਼ਟਤਾ ਹੁੰਦਾ ਹੈ। ਰਹੱਸਵਾਦੀ ਕਵੀ ਜੀਵਨ ਦੇ ਗੁਝੇ ਭੇਦਾਂ ਨੂੰ ਕਿਸੇ ਰਮਜ਼ ਰਾਹੀਂ ਸਮਝਾਉਂਦਾ ਹੈ। ਰਹੱਸਵਾਦੀ ਕਵੀ ਸਪਸ਼ਟ ਤੌਰ ਤੇ ਬਹੁਤਾ ਕੁਝ ਨਹੀਂ ਆਖਦਾ ਸਗੋਂ ਅਸਿਧੇ, ਅਸਪਸ਼ਟ, ਜਟਿਲ ਤੇ ਗੁੰਝਲਦਾਰ ਢੰਗ ਰਾਹੀਂ ਆਪਣੀ ਗੱਲ ਆਖਦਾ ਹੈ। ਪਰ ਭਾਈ ਵੀਰ ਸਿੰਘ ਕਦੇ ਭਾਰਤੀ ਸੰਤ ਸਾਹਿਤ ਤੇ ਗੁਰਬਾਣੀ ਦੇ ਡੂੰਘੇ ਸਾਗਰਾਂ ਵਿਚ ਤਾਰੀਆਂ ਲਾਉਂਦੇ ਹਨ ਤੇ ਕਦੀ ਡੂੰਘੇ ਪਾਣੀਆਂ ਵਿਚੋਂ ਉਹ ਮੋਤੀ ਲੱਭ ਕੇ ਲਿਆਉਂਦੇ ਹਨ ਜਿਨ੍ਹਾਂ

ਦੀ ਚਮਕ ਕਦੇ ਮੱਧਮ ਨਹੀਂ ਪੈ ਸਕਦੀ। ਡਾ. ਜੱਗੀ ਅੱਗੇ ਕਹਿੰਦੇ ਹਨ ਕਿ ਜਿਸ ਰਹੱਸਵਾਦੀ ਪ੍ਰਵ੍ਰਿਤੀ ਨੂੰ ਬਾਬਾ ਫ਼ਰੀਦ ਜੀ ਨੇ ਆਪਣੀ ਬਾਣੀ ਵਿਚ ਕਿਹਾ, ਉਸੇ ਦੇ ਦਰਸ਼ਨ ਗੁਰੂ ਸਾਹਿਬਾਨ ਦੀ ਬਾਣੀ ਵਿਚ ਵੀ ਹੁੰਦੇ ਹਨ। 'ਰਹੱਸਵਾਦ' ਨੂੰ ਸ਼ਾਹ ਹੁਸੈਨ ਅਤੇ ਬੁਲ੍ਹੇ ਸ਼ਾਹ ਨੇ ਵੀ ਅਪਣਾਇਆ ਹੈ। ਭਾਈ ਵੀਰ ਸਿੰਘ ਨੇ ਵੀ ਆਪਣੀ ਰਚਨਾ ਵਿਚ ਰਹੱਸਵਾਦ ਦੀ ਪ੍ਰਵ੍ਰਿਤੀ ਨੂੰ ਵਰਤ ਕੇ ਮਿਠੀ ਬੋਲੀ ਅਤੇ ਨਵੀਨ ਸ਼ੈਲੀ ਵਿਚ ਪੇਸ਼ ਕਰਕੇ ਲੋਕ-ਬੁੱਧੀ ਦੇ ਸਮਝਣ ਗੋਚਰੇ ਕੀਤਾ ਹੈ। ਉਹ ਕਹਿੰਦੇ ਹਨ ਕਿ ਭਾਈ ਵੀਰ ਸਿੰਘ ਦਾ ਕਾਵਿ, ਰਹੱਸਵਾਦ ਬਾਰੇ ਬੜੀ ਸਫਲਤਾ ਨਾਲ ਚਾਨਣਾ ਪਾਉਂਦਾ ਹੈ ਇਉਂ ਭਾਈ ਵੀਰ ਸਿੰਘ ਦੀ ਪੰਜਾਬੀ ਜਗਤ ਨੂੰ ਮਹਾਨ ਦੇਣ ਦਾ ਪਤਾ ਲਗਦਾ ਹੈ।

'ਬਾਣੀ ਸ਼ੇਖ ਫ਼ਰੀਦ ਦਾ ਕਰਤ੍ਰਿਤਵ' ਦੂਜਾ ਲੇਖ ਹੈ। ਜਿਸ ਵਿਚ ਸ਼ੇਖ ਫ਼ਰੀਦ ਦੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੇ ਕਰਤ੍ਰਿਤਵ ਦਾ ਨਿਰਣਾ ਸੰਦਿਗਧਤਾ ਦੇ ਇਤਿਹਾਸ ਦੇ ਪ੍ਰਕਰਣ ਵਿਚ ਬੜੀ ਗੰਭੀਰਤਾ ਦੁਆਰਾ ਪੇਸ਼ ਕੀਤਾ ਗਿਆ ਹੈ। ਡਾ. ਜੱਗੀ ਕਹਿੰਦੇ ਹਨ ਕਿ ਬਾਬਾ ਫ਼ਰੀਦ ਜੀ ਦੀ ਬਾਣੀ ਦੀ ਸੰਦਿਗਧਤਾ ਦਾ ਮਸਲਾ ਸੰਨ 1909 ਈ. ਵਿਚ ਐਮ. ਏ. ਮੈਕਾਲਿਫ ਦੀ ਪੁਸਤਕ 'ਦਿ ਸਿੱਖ ਰਿਲੀਜਨ' (ਭਾਗ 6) ਨਾਲ ਸ਼ੁਰੂ ਹੁੰਦਾ ਹੈ। ਜਿਸ ਵਿਚ ਸਪਸ਼ਟ ਤੌਰ 'ਤੇ ਕਿਹਾ ਗਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਬਾ ਫ਼ਰੀਦ ਜੀ ਦੀ ਬਾਣੀ ਸ਼ੇਖ ਬ੍ਰਹਮ ਜਾਂ ਇਬਰਾਹੀਮ ਦੀ ਹੈ। ਕਿਉਂਕਿ ਉਸ ਨੇ 'ਪੁਰਾਤਨ ਜਨਮ ਸਾਖੀ' (ਸਾਖੀ 28) ਅਤੇ 'ਸਾਖੀ ਸ਼ੇਖ ਬ੍ਰਹਮ' (ਸਾਖੀ 32) ਨੂੰ ਆਧਾਰ ਬਣਾ ਕੇ ਤੱਥ ਪੇਸ਼ ਕੀਤਾ ਸੀ ਕਿ ਗੁਰੂ ਨਾਨਕ ਜੀ ਅਤੇ ਸ਼ੇਖ ਬ੍ਰਹਮ ਦੀ ਗੋਸ਼ਟੀ ਹੋਈ ਸੀ। ਪਰ ਡਾ. ਜੱਗੀ ਦਾ ਉਤਰ ਪੱਖ ਵਿਚ

ਕਹਿਣਾ ਹੈ ਕਿ ਜਨਮਸਾਖੀਆਂ ਵਿਚ ਬਹੁਤ ਤੱਥ ਮਿਥਿਹਾਸਕ ਹਨ। ਜਿਨ੍ਹਾਂ ਵਿਚ ਬਹੁਤ ਹਿੱਸਾ ਕੇਵਲ ਚਮਤਕਾਰਾਂ ਨਾਲ ਸੰਬੰਧਿਤ ਹੈ। ਡਾ. ਜੱਗੀ ਬਾਬਾ ਫ਼ਰੀਦ ਜੀ ਦੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਦਾ ਅਧਿਐਨ ਪੇਸ਼ ਕਰਦਿਆਂ ਕਹਿੰਦੇ ਹਨ ਕਿ ਬਾਬਾ ਫ਼ਰੀਦ ਜੀ ਦੀ ਬਾਣੀ ਗੁਰੂ ਸਾਹਿਬਾਨ ਦੀ ਬਾਣੀ ਨਾਲ ਬਹੁਤ ਨੇੜਤਾ ਰਖਦੀ ਹੈ। ਉਨ੍ਹਾਂ ਦੀ ਬਾਣੀ ਵਿਚ ਨਾ ਹੀ ਸੂਫ਼ੀ ਸਾਧਨਾ ਦੀ ਉਚੇਚੀ ਪਰਛਾਈ ਨਹੀਂ ਹੈ ਅਤੇ ਨਾ ਹੀ ਲਹਿੰਦੀ ਉਪਭਾਸ਼ਾ ਦੀ ਪ੍ਰਭੁਤਾ।[23] ਬਾਬਾ ਫ਼ਰੀਦ ਜੀ ਬਾਣੀ ਵਿਚ 'ਭਗਤ' ਸ਼ਬਦ ਦੀ ਵਰਤੋਂ ਹੋਈ ਹੈ, ਜੋ ਕਿ ਭਗਤੀ ਲਹਿਰ ਚਲਣ ਤੋਂ ਬਾਦ ਵਰਤਿਆ ਗਿਆ। ਡਾ. ਜੱਗੀ ਕਹਿੰਦੇ ਹਨ ਕਿ ਬਾਬਾ ਫ਼ਰੀਦ ਜੀ ਦੀ 'ਗੁਰੂ ਗ੍ਰੰਥ ਸਾਹਿਬ' ਵਿਚ ਸੰਕਿਲਤ ਬਾਣੀ ਵਿਅਕਤਿਤਵ ਅਤੇ ਭਾਸ਼ਾ ਦੇ ਆਧਾਰਿਤ ਬਾਬਾ ਫ਼ਰੀਦ ਜੀ ਦੀ ਸਿੱਧ ਹੁੰਦੀ ਹੈ ਨਾ ਕਿ ਸ਼ੇਖ ਬ੍ਰਹਮ ਦੀ।

ਤੀਜਾ ਲੇਖ 'ਭਾਈ ਵੀਰ ਸਿੰਘ ਦੀ ਵਾਰਤਕ' ਵਿਚ ਡਾ. ਜੱਗੀ ਨੇ ਭਾਈ ਵੀਰ ਸਿੰਘ ਵਲੋਂ ਲਿਖੇ ਤਿੰਨ ਚਮਤਕਾਰਾਂ (ਗੁਰੂ ਨਾਨਕ ਚਮਤਕਾਰ, ਅਸ਼ਟਗੁਰ ਚਮਤਕਾਰ ਅਤੇ ਕਲਗੀਧਰ ਚਮਤਕਾਰ) ਦੀ ਵਾਰਤਕ ਦੇ ਸਰੂਪ ਅਤੇ ਤਕਨੀਕ ਦਾ ਵਿਸ਼ਲੇਸ਼ਣ ਪੇਸ਼ ਕੀਤਾ ਹੈ। ਡਾ. ਜੱਗੀ ਕਹਿੰਦੇ ਹਨ ਕਿ ਭਾਈ ਸਾਹਿਬ ਨੇ ਚਮਤਕਾਰ ਭਾਵੇਂ ਸਿੱਖੀ ਦੇ ਪ੍ਰਚਾਰ ਲਈ ਲਿਖੇ ਸੀ ਪਰ, ਭਾਈ ਸਾਹਿਬ ਦੇ ਵਿਅਕਤਿਤਵ ਦੇ ਪ੍ਰਭਾਵ ਕਰਕੇ ਉਨ੍ਹਾਂ ਦੀਆਂ ਰਚਨਾਵਾਂ ਵਿਚ ਕੁਝ ਅਜਿਹੇ ਗੁਣ ਘਰ ਕਰ ਗਏ, ਜਿਨ੍ਹਾਂ ਕਰਕੇ ਇਹ ਪੰਜਾਬੀ ਸਾਹਿਤ ਦੀਆਂ ਕਲਾਸੀਕਲ ਰਚਨਵਾਂ ਬਣ ਗਈਆਂ। ਜਿਥੇ ਭਾਈ ਸਾਹਿਬ ਦੀਆਂ ਰਚਨਾਵਾਂ ਵਿਚੋਂ ਜਿਥੇ

[23] *ਸਾਹਿਤ ਸੌਰਭ*, ਪੰ.40.

ਪੁਰਾਤਨਤਾ ਦੀ ਝਲਕ ਪੈਂਦੀ ਹੈ, ਉਥੇ ਉਨ੍ਹਾਂ ਵਿਚ ਆਧੁਨਿਕ ਪੰਜਾਬੀ ਵਾਰਤਕ ਦੇ ਵਿਕਾਸ ਦੀਆਂ ਆਧਾਰ ਸ਼ਿਲਾਵਾਂ ਹਨ, ਜੋ ਅਜੋਕੀ ਵਾਰਤਕ ਦੀ ਠੁਕ ਬੰਨ੍ਹਦੀਆਂ ਹਨ। ਆਧੁਨਿਕ ਪੰਜਾਬੀ ਦੀਆਂ ਵਿਧਾਵਾਂ ਜੀਵਨੀ, ਨਿਬੰਧ, ਵਿਆਖਿਆਕਾਰੀ, ਦਾਰਸ਼ਨਿਕਤਾ ਦੇ ਤੱਥ ਉਨ੍ਹਾਂ ਦੀ ਰਚਨਾ ਵਿਚੋਂ ਵੇਖੇ ਜਾ ਸਕਦੇ ਹਨ। ਡਾ. ਜੱਗੀ ਕਹਿੰਦੇ ਹਨ ਕਿ 'ਵਿਸ਼ੇ ਪੱਖ ਤੋਂ ਲੇਖਕ ਨੇ ਸਿੱਖ ਗੁਰੂਆਂ ਦੀਆਂ ਇਤਿਹਾਸ ਆਧਾਰਿਤ ਜੀਵਨੀਆਂ ਚਿਤਰੀਆਂ ਹਨ, ਪਰ ਕਲਪਨਾ ਦੇ ਵਿਲਾਸ ਵਿਚ ਅਨੇਕ ਕਥਾ-ਵਾਰਤਾਵਾਂ ਵੀ ਇਨ੍ਹਾਂ ਵਿਚ ਸ਼ਾਮਲ ਹੋ ਗਈਆਂ ਹਨ, ਜਿਨ੍ਹਾਂ ਨੇ ਇਨ੍ਹਾਂ ਨੂੰ ਕਥਾ-ਸਰੋਵਰ ਵਿਚ ਬਦਲ ਦਿੱਤਾ ਹੈ ਅਤੇ ਦਾਰਸ਼ਨਿਕ ਤੱਥਾਂ ਦੇ ਬੌਧਿਕ ਅਤੇ ਅਨੁਭੂਤੀਜਨਿਤ ਗੰਭੀਰ ਵਿਸ਼ਲੇਸ਼ਣ ਨੇ ਇਨ੍ਹਾਂ ਨੂੰ ਗਿਆਨ-ਕੋਸ਼ ਬਣਾ ਦਿੱਤਾ ਹੈ। ਇਹੀ ਕਾਰਣ ਹੈ ਕਿ ਪ੍ਰਚਾਰ ਸਾਹਿੱਤ ਹੋਣ ਦੇ ਬਾਵਜੂਦ ਵੀ ਇਹ ਪੰਜਾਬੀ ਸਾਹਿੱਤ ਦੀਆਂ ਗੌਰਵ ਕ੍ਰਿਤੀਆਂ ਹਨ।'[24]

ਚੌਥਾ ਲੇਖ 'ਪੁਰਾਤਨ ਪੰਜਾਬੀ ਵਾਰਤਕ' ਹੈ। ਜਿਸ ਵਿਚ 17ਵੀਂ ਸਦੀ ਦੀ ਪੁਰਾਤਨ ਪੰਜਾਬੀ ਵਾਰਤਕ ਦਾ ਇਤਿਹਾਸਿਕ ਸਰਵੇਖਣ ਅਤੇ ਆਲੋਚਨਾਤਮਕ ਵਿਵੇਚਨ ਕੀਤਾ ਗਿਆ ਹੈ। ਇਸ ਵਿਚ 'ਜਨਮਸਾਖੀ ਸਾਹਿੱਤ' ਅਤੇ 'ਸੋਢੀ ਮਿਹਰਬਾਨ' ਅਤੇ ਉਸ ਦੀ ਸੰਤਾਨ ਦੁਆਰਾ ਲਿਖੀਆਂ ਵਾਰਤਕ ਰਚਨਾਵਾਂ ਬਾਰੇ ਉਚੇਚੀ ਜਾਣਕਾਰੀ ਦਿੱਤੀ ਗਈ ਹੈ। ਡਾ. ਜੱਗੀ ਦਾ ਕਹਿਣਾ ਹੈ ਕਿ *ਜਨਮਸਾਖੀਆਂ* ਪੁਰਾਤਨ ਪੰਜਾਬੀ ਵਾਰਤਕ ਦਾ ਸਭ ਤੋਂ ਪ੍ਰਮੁੱਖ ਰੂਪ ਹਨ। ਇਨ੍ਹਾਂ ਤੋਂ ਹੀ ਅੱਗੇ ਟੀਕੇ, ਗੋਸ਼ਟਾਂ ਅਤੇ ਬਚਨ ਲਿਖਣ ਦੀ ਪਿਰਤ ਪਈ ਹੈ। ਪੁਰਾਤਨ ਪੰਜਾਬੀ

[24] *ਪੂਰਵ ਅੰਕਿਤ,* ਪੰ.57.

ਵਾਰਤਕ ਵਿਚ ਮਿਹਰਬਾਨ ਅਤੇ ਉਸ ਦੀ ਸੰਤਾਨ ਦੀ ਮਹੱਤਵਪੂਰਣ ਦੇਣ ਹੈ, ਜਿਨ੍ਹਾਂ ਨੇ ਪੁਰਾਤਨ ਵਾਰਤਕ ਦੇ ਹਰ ਇਕ ਰੂਪ ਬਾਰੇ ਰਚਨਾ ਕੀਤੀ ਹੈ। ਡਾ. ਜੱਗੀ ਕਹਿੰਦੇ ਹਨ ਕਿ 17ਵੀਂ ਸਦੀ ਵਿਚ ਲਿਖੀਆਂ *ਜਨਮਸਾਖੀਆਂ* ਆਪਣੇ ਆਪ ਵਿਚ ਪੂਰਣ ਸਾਹਿਤ ਹਨ, ਜਿਨ੍ਹਾਂ ਵਿਚ ਗੁਰੂ ਨਾਨਕ ਸਹਿਬ ਜੀ ਦਾ ਵਿਅਕਤਿਤਵ, ਵਿਚਾਰਧਾਰਾ ਅਤੇ ਆਧਿਆਤਮਿਕ ਸਾਧਨਾ ਨੂੰ ਵਿਸਥਾਰ ਸਾਹਿਤ ਵਰਨਣ ਕੀਤਾ ਗਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ *ਜਨਮਸਾਖੀਆਂ* ਦੁਆਰਾ ਅਨੇਕ ਸਾਹਿਤ ਰੂਪਾਂ ਦਾ ਵਿਕਾਸ ਹੋਇਆ ਹੈ। ਉਹ ਕਹਿੰਦੇ ਹਨ ਕਿ 'ਇਤਿਹਾਸਿਕ ਦ੍ਰਿਸ਼ਟੀ ਤੋਂ ਇਨ੍ਹਾਂ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਜੀਵਨ-ਘਟਨਾਵਾਂ ਦਾ ਸੰਕਲਨ, ਆਧਿਆਤਮਿਕ ਪੱਖ ਤੋਂ ਗੁਰਮਤਿ, ਵੇਦਾਂਤ ਅਤੇ ਸੂਫ਼ੀ ਸਾਧਨਾ ਦੇ ਸਿਧਾਂਤਾਂ ਦਾ ਸੰਗ੍ਰਹਿ, ਧਾਰਮਿਕ ਦ੍ਰਿਸ਼ਟੀਕੋਣ ਤੋਂ ਗੁਰੂ ਨਾਨਕ ਬਾਣੀ ਦੇ ਪਰਮਾਰਥ ਅਤੇ ਸਾਧਨਾ ਮਾਰਗ ਦਾ ਵਿਸ਼ਲੇਸ਼ਣ ਅਤੇ ਸਾਹਿੱਤਕ ਪੱਖ ਤੋਂ ਗਦ, ਪਦ, ਗੋਸ਼ਟਿ, ਜੀਵਨੀ, ਟੀਕਾਕਾਰੀ ਆਦਿ ਕਈ ਸਾਹਿਤ-ਰੂਪਾਂ ਦਾ ਸੁੰਦਰ ਵਿਕਾਸ ਹੋਇਆ ਹੈ।'[25] ਪੁਰਾਤਨ ਪੰਜਾਬੀ ਵਾਰਤਕ *ਜਨਮਸਾਖੀਆਂ* ਦੇ ਰੂਪ ਵਿਚ ਸਾਹਮਣੇ ਆਈ, ਜੋ ਇਕ ਮਾਨਸਰੋਵਰ ਦੀ ਤਰ੍ਹਾਂ ਹੈ, ਜਿਸ ਤੋਂ ਵਾਰਤਕ ਵਿਧਾਵਾਂ ਪੈਦਾ ਹੋ ਕੇ ਸਤੁੰਤਰ ਹੋਂਦ ਦੀ ਦੱਸ ਪਾਉਂਦੀਆਂ ਹਨ।

ਪੁਸਤਕ ਦਾ ਪੰਜਵਾਂ ਲੇਖ 'ਮੱਧਕਾਲੀਨ ਪੰਜਾਬੀ ਵਾਰਤਕ' ਹੈ। ਜਿਸ ਵਿਚ 18ਵੀਂ ਸਦੀ ਅਤੇ 19ਵੀਂ ਸਦੀ ਦੇ ਪੂਰਬ ਅੱਧ ਦੇ ਡੇਢ ਸੌ ਸਾਲਾਂ ਦੀ ਪੰਜਾਬੀ ਵਾਰਤਕ ਦੇ ਵਿਸ਼ਲੇਸ਼ਣ ਨੂੰ ਸੱਤ ਵਰਗਾਂ (ਜਨਮਸਾਖੀਆਂ, ਸਾਖੀਆਂ, ਟੀਕੇ, ਉਥਾਨਿਕਾ, ਰਹਤਨਾਮੇ, ਹੁਕਮਨਾਮੇ ਅਤੇ

[25] *ਪੂਰਵ ਅੰਕਿਤ*, ਪੰ.71.

ਅਨੁਵਾਦ) ਅਧੀਨ ਪ੍ਰਸਤੁਤ ਵਾਲਾ ਇਤਿਹਾਸਿਕ ਆਲੋਚਨਾ ਦਾ ਸੁੰਦਰ ਨਮੂਨਾ ਪੇਸ਼ ਕੀਤਾ ਹੈ। ਡਾ. ਜੱਗੀ ਕਹਿੰਦੇ ਹਨ ਕਿ ਇਸ ਸਾਰੇ ਵਾਰਤਕ ਸਾਹਿਤ ਦਾ ਸੰਬੰਧ ਗੁਰੂ ਸਾਹਿਬਾਨ ਦੀ ਬਾਣੀ ਅਤੇ ਸਖਸ਼ੀਅਤ ਨਾਲ ਹੈ। ਉਹ ਕਹਿੰਦੇ ਹਨ ਕਿ 18ਵੀਂ ਸਦੀ ਦੀ ਵਾਰਤਕ, ਸੰਪਰਦਾਈ (ਉਦਾਸੀ, ਸੇਵਾ ਪੰਥੀ, ਨਿਰਮਲੇ ਅਤੇ ਗਿਆਨੀ ਆਦਿ) ਸਾਧੂਆਂ ਦੀ ਦੇਣ ਹੈ। ਇਸ ਵਾਰਤਕ ਦਾ ਸੰਬੰਧ ਮੁੱਖ ਤੌਰ ਤੇ ਆਧਿਆਤਮਵਾਦ ਨਾਲ ਹੈ। ਇਹ ਸਾਰੇ ਵਾਰਤਕ ਰੂਪ ਲਗਭਗ ਇਕ ਦੂਜੇ ਨਾਲ ਮਿਲੇ ਹੋਏ ਹੀ ਹਨ। ਜਿਨ੍ਹਾਂ ਵਿਚ ਬ੍ਰਿਤਾਂਤਕ ਅਤੇ ਵਿਆਖਿਆ ਸ਼ੈਲੀ ਪ੍ਰਧਾਨ ਹੈ। ਇਨ੍ਹਾਂ ਵਿਚਲੀ ਬੋਲੀ ਠੇਠ ਪੰਜਾਬੀ, ਬ੍ਰਜ ਭਾਸ਼ਾ ਤੋਂ ਪ੍ਰਭਾਵਿਤ ਹੈ, ਜਿਸ ਵਿਚ ਅਰਬੀ ਅਤੇ ਫ਼ਾਰਸੀ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਉਹ ਕਹਿੰਦੇ ਹਨ ਕਿ ਇਸ ਸਦੀ ਦਾ ਪੰਜਾਬੀ ਵਾਰਤਕ ਦੇ ਵਿਕਾਸ ਵਿਚ ਮਹੱਤਵਪੂਰਣ ਯੋਗਦਾਨ ਹੈ। ਉਨੀਵੀਂ ਸਦੀ ਦੇ ਪੂਰਬ ਅੱਧ ਦੀ ਵਾਰਤਕ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਇਨ੍ਹਾਂ 50 ਵਰ੍ਹਿਆਂ ਵਿਚ ਵਾਰਤਕ ਦੀ ਕੋਈ ਮਹੱਤਵਪੂਰਣ ਰਚਨਾ ਨਹੀਂ ਹੋਈ। ਪਰ ਬਾਅਦ ਵਿਚ ਸੁਧਾਰਵਾਦੀ ਲਹਿਰਾਂ ਨੇ ਵਾਰਤਕ ਨੂੰ ਨਵੀਆਂ ਲੀਹਾਂ ਉਤੇ ਉਸਾਰਿਆ ਹੈ। ਜਿਸ ਵਿਚ ਕਿੱਸਿਆਂ, ਵਾਰਾਂ ਅਤੇ ਜੰਗਨਾਮਿਆਂ ਦੀ ਹੀ ਜਿਆਦਾਤਰ ਰਚਨਾ ਹੋਈ ਹੈ।

ਛੇਵੇਂ ਲੇਖ ਵਿਚ 'ਉਦਾਸੀ, ਸੇਵਾਪੰਥੀ ਅਤੇ ਨਿਰਮਲ ਸੰਪ੍ਰਦਾਵਾਂ ਦੀ ਦੇਣ' ਦਾ ਵਰਨਣ ਕਰਦਿਆਂ ਇਨ੍ਹਾਂ ਸੰਪਰਦਾਵਾਂ ਦੁਆਰਾ ਪੰਜਾਬੀ ਸਾਹਿੱਤ ਅਤੇ ਸਿੱਖ ਧਰਮ ਵਿਚ ਪਾਏ ਯੋਗਦਾਨ ਦਾ ਤੁਲਨਾਤਮਕ ਅਧਿਐਨ ਕੀਤਾ ਗਿਆ ਹੈ। ਡਾ. ਜੱਗੀ ਕਹਿੰਦੇ ਹਨ ਕਿ ਇਨ੍ਹਾਂ ਸੰਪਰਦਾਵਾਂ ਨੇ ਗੁਰਮਤਿ ਦੇ ਪ੍ਰਚਾਰ ਹਿਤ ਗੁਰਮੁਖੀ ਨੂੰ ਅਪਣਾਇਆ ਹੈ। ਇਨ੍ਹਾਂ ਨੇ ਆਪਣੇ

ਡੇਰਿਆਂ ਵਿਚ ਗੁਰਬਾਣੀ ਪੜ੍ਹਾਉਣ, ਪੋਥੀਆਂ ਲਿਖਣ ਅਤੇ ਕਥਾ ਵਾਰਤਾ ਦਾ ਕਾਰਜ ਸ਼ੁਰੂ ਕੀਤਾ ਸੀ। ਉਹ ਕਹਿੰਦੇ ਹਨ ਕਿ ਉਦਾਸੀ ਸਾਧੂ ਵੱਖ-ਵੱਖ ਸੱਭਿਆਚਾਰਾਂ ਅਤੇ ਪ੍ਰਦੇਸ਼ਾਂ ਨਾਲ ਸੰਬੰਧਿਤ ਸਨ, ਜਿਨ੍ਹਾਂ ਨੇ ਵੇਦਾਂਤ ਚਿੰਤਨ ਪੱਧਤੀ ਦੀ ਪੁਨਰ ਸਥਾਪਨਾ ਕੀਤੀ ਹੈ। ਉਨ੍ਹਾਂ ਨੇ ਗੁਰਬਾਣੀ ਵਿਆਖਿਆ ਸਰਗੁਣਵਾਦ, ਅਵਤਾਰਵਾਦ ਅਤੇ ਬ੍ਰਹਮਣਵਾਦ ਦੇ ਸੰਯੁਕਤ ਕੀਤੀ ਹੈ। ਨਿਰਮਲੇ ਸਾਧੂਆਂ ਨੇ ਗੁਰਮਤਿ ਪ੍ਰਚਾਰ ਨੂੰ ਵਿਆਪਕ ਧਰਾਤਲ ਅਤੇ ਤੁਲਨਾਤਮਕ ਵਿਧੀ ਦੁਆਰਾ ਕੀਤਾ। ਇਸ ਸੰਪਰਦਾ ਦੇ ਸਾਧੂ ਹਿੰਦੂ ਧਰਮ ਦੇ ਧਾਰਮਿਕ ਸਥਾਨਾਂ ਤੇ ਪ੍ਰਚਾਰ ਲਈ ਜਾਂਦੇ ਰਹੇ, ਜਿਥੋਂ ਉਨ੍ਹਾਂ ਨੇ ਹਿੰਦੂ ਧਰਮ ਦੀਆਂ ਧਾਰਮਿਕ ਪ੍ਰਵਿਰਤੀਆਂ ਦੇ ਪ੍ਰਭਾਵ ਨੂੰ ਗ੍ਰਹਿਣ ਕਰਕੇ ਸਿੱਖ ਧਰਮ ਦੇ ਪ੍ਰਚਾਰ ਵਿਚ ਵੈਸ਼ਣਵ ਰੁਚੀਆਂ ਨੂੰ ਸੰਮਿਲਤ ਕੀਤਾ। ਸੇਵਾਪੰਥੀ ਸੰਪਰਦਾ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਇਨ੍ਹਾਂ ਸਾਧੂਆਂ ਨੇ ਕੋਈ ਨਿਸਚਿਤ ਸਿੱਧਾਂਤ ਨੂੰ ਨਹੀਂ ਅਪਣਾਇਆ। ਇਨ੍ਹਾਂ ਸਾਧੂਆਂ ਨੇ ਨਿਸ਼ਕਾਮ ਸੇਵਾ ਰਾਹੀਂ ਜਾਤ, ਧਰਮ ਦੀਆਂ ਸੀਮਾਵਾਂ ਤੋਂ ਉਪਰ ਉਠ ਕੇ ਮਨੁੱਖਤਾ ਦਾ ਸੱਚਾ ਸਾਥੀ ਬਨਣ ਦਾ ਸੁਨੇਹਾ ਦਿੱਤਾ।

ਸੱਤਵਾਂ ਲੇਖ 'ਆਦਿ ਗ੍ਰੰਥ: ਚਿੰਤਨ ਅਤੇ ਕਲਾ' ਨਾਲ ਸੰਬੰਧਿਤ ਹੈ। ਜਿਸ ਵਿਚ 'ਆਦਿ ਗ੍ਰੰਥ' ਦੇ ਚਿੰਤਨ ਅਤੇ ਕਲਾ ਬਾਰੇ ਗੱਲ ਕਰਦਿਆਂ ਗੁਰੂ ਗ੍ਰੰਥ ਸਾਹਿਬ ਦੀ ਦਾਰਸ਼ਨਿਕਤਾ, ਸਾਹਿਤਕਤਾ ਦਾ ਮਹੱਤਵ ਅਤੇ ਸਰੂਪ ਨੂੰ ਵਰਨਣ ਕੀਤਾ ਗਿਆ ਹੈ। ਡਾ. ਜੱਗੀ ਕਹਿੰਦੇ ਹਨ ਕਿ ਆਦਿ ਗ੍ਰੰਥ ਇਕ ਅਜਿਹਾ ਪ੍ਰਾਮਾਣਿਕ ਗ੍ਰੰਥ ਹੈ ਜਿਸ ਦੀ ਬਾਣੀ ਨੂੰ ਗੁਰੂ ਸਾਹਿਬਾਨਾਂ ਵਲੋਂ ਇਕੱਠਾ ਕੀਤਾ ਗਿਆ। ਇਸ ਕਰਕੇ ਇਹ ਬਾਣੀ ਰਲਾਅ ਅਤੇ ਸ਼ੰਕਿਆਂ ਤੋਂ ਮੁਕਤ ਹੈ। ਇਸ ਪਾਵਨ ਗ੍ਰੰਥ ਦੀ ਬਾਣੀ ਵਿਚ ਮਨੁੱਖਤਾ ਦੇ ਕਲਿਆਣ ਹਿੱਤ ਸਰਬ ਸਾਂਝਾ ਉਪਦੇਸ਼ ਦਰਜ ਹੈ,

ਜੋ ਮਨੁੱਖ ਨੂੰ ਆਨੰਦ ਦੀ ਪ੍ਰਾਪਤੀ ਲਈ ਪ੍ਰੇਰਨਾ ਦਿੰਦਾ ਹੈ। ਉਹ ਕਹਿੰਦੇ ਹਨ ਕਿ ਆਦਿ ਗ੍ਰੰਥ ਦੀ ਸਾਹਿਤ ਸੰਸਾਰ ਨੂੰ ਵਡਮੁੱਲੀ ਦੇਣ ਹੈ।

ਅੱਠਵਾਂ ਲੇਖ 'ਪੁਰਾਤਨ ਹੱਥ-ਲਿਖਤਾਂ ਦੀ ਖੋਜ ਅਤੇ ਸੰਪਾਦਨ' ਹੈ। ਇਸ ਵਿਚ ਹੱਥ-ਲਿਖਤਾਂ ਦੇ ਸੰਪਾਦਨ ਦੀ ਤਕਨੀਕ ਨੂੰ ਪ੍ਰਸਤੁਤ ਕਰਨ ਵਾਲਾ ਸਿਧਾਂਤ ਪ੍ਰਧਾਨ ਆਲੋਚਨਾ ਦਾ ਨਮੂਨਾ ਪੇਸ਼ ਕੀਤਾ ਗਿਆ ਹੈ। ਡਾ. ਜੱਗੀ ਕਹਿੰਦੇ ਹਨ ਕਿ ਪੰਜਾਬੀ ਹੱਥ-ਲਿਖਤਾਂ ਨੂੰ ਲੱਭਣਾ ਦਿਨੋ-ਦਿਨ ਕਠਿਨ ਹੁੰਦਾ ਜਾ ਰਿਹਾ ਹੈ, ਕਿਉਂਕਿ ਇਨ੍ਹਾਂ ਲਿਖਤਾਂ ਨੂੰ ਪੁਸਤਕਾਲਿਆਂ ਵਿਚ ਸੁਰੱਖਿਅਤ ਕਰ ਦਿੱਤਾ ਗਿਆ ਹੈ, ਇਉਂ ਵਿਅਕਤੀਗਤ ਅਧਿਕਾਰ ਖੇਤਰ ਵਿਚ ਆ ਜਾਣ ਕਾਰਨ ਇਨ੍ਹਾਂ ਨੂੰ ਪ੍ਰਾਪਤ ਕਰਨਾ ਕਠਿਨ ਹੈ। ਉਹ ਕਹਿੰਦੇ ਹਨ ਕਿ ਹੱਥ-ਲਿਖਤਾਂ ਨੂੰ ਕਿਸੇ ਇਕ ਯੂਨੀਵਰਸਿਟੀ ਵਿਚ ਹੀ ਉਪਲਬਧ ਕਰ ਦੇਣਾ ਚਾਹੀਦਾ ਹੈ। ਇਨਾਂ ਹੱਥ-ਲਿਖਤਾਂ ਦੀ ਸੰਪਾਦਨ ਬਾਰੇ ਉਹ ਕਹਿੰਦੇ ਹਨ ਕਿ ਪਾਠ-ਖੋਜ ਦੇ ਸੰਪਾਦਨ ਲਈ ਪਹਿਲਾਂ ਵੱਖ-ਵੱਖ ਹੱਥ ਲਿਖਤਾਂ ਦੀ ਸਾਮਗ੍ਰੀ ਇੱਕਠੀ ਕਰਨੀ ਚਾਹੀਦੀ ਹੈ। ਫਿਰ ਇਹ ਦੇਖਣਾ ਹੁੰਦਾ ਹੈ ਕਿ ਇਨ੍ਹਾਂ ਲਿਖਤਾਂ ਦਾ ਆਪਣੇ ਥਾਂ ਤੇ ਕੀ ਮਹੱਤਵ ਹੈ। ਇਹ ਕਿੰਨੀ ਪ੍ਰਾਚੀਨ ਹੈ ਅਤੇ ਮੂਲ ਰਚਨਾ ਦੇ ਕਿੰਨਾ ਕੁ ਨੇੜੇ ਹੈ। ਕਈਆਂ ਲਿਖਤਾਂ ਵਿਚ ਲਿਖੀ ਤਾਰੀਖ ਹੁੰਦੀ ਹੈ ਜਿਸਨੂੰ ਸਹੀ ਸਿੱਧ ਕਰਨਾ ਵੀ ਜਰੂਰੀ ਹੁੰਦਾ ਹੈ। ਉਹ ਕਹਿੰਦੇ ਹਨ ਕਿ ਸੰਪਾਦਨ ਸਮੇਂ ਸ਼ਬਦ ਜੋੜਾਂ ਵਿਚ ਇਕਸਾਰਤਾ ਲਿਆਉਣ ਲਈ ਪ੍ਰਾਚੀਨ ਹੱਥ-ਲਿਖਤਾਂ ਵਿਚ ਲਿਖੇ ਸਰੂਪ ਨੂੰ ਉਸੇ ਤਰ੍ਹਾਂ ਹੀ ਗ੍ਰਹਿਣ ਕਰਨਾ ਚਾਹੀਦਾ ਹੈ। ਡਾ. ਜੱਗੀ ਦਾ ਹੱਥ ਲਿਖਤਾਂ ਦੀ 'ਭੂਮਿਕਾ' ਬਾਰੇ ਕਹਿਣਾ ਹੈ ਕਿ ਰਚਨਾ ਦੇ ਸਰੂਪ ਅਤੇ ਮਹੱਤਵ 'ਤੇ ਹੀ 'ਭੂਮਿਕਾ' ਦਾ ਆਕਾਰ ਨਿਰਭਰ ਕਰਦਾ ਹੈ। ਭੂਮਿਕਾ ਵਿਚ ਲੇਖਕ ਦਾ ਪਰਿਚਯ, ਪ੍ਰੇਰਨਾ

ਸਰੋਤ, ਆਧਾਰ ਗ੍ਰੰਥਾਂ ਦਾ ਵਿਵੇਚਨ, ਰਚਨਾ ਦਾ ਵਿਸ਼ਾ, ਤਕਨੀਕ ਆਦਿ ਦਾ ਵਿਸ਼ਲੇਸ਼ਣ ਗੰਭੀਰ ਅਤੇ ਪ੍ਰਮਾਣਾਂ ਸਾਹਿਤ ਕਰਨਾ ਚਾਹੀਦਾ ਹੈ। ਸੰਪਾਦਕ ਲਈ ਜ਼ਰੂਰੀ ਹੈ ਕਿ ਉਹ ਵਾਸਤਵਿਕਤਾ ਨੂੰ ਸਾਹਮਣੇ ਲਿਆਵੇ। ਸ਼੍ਰੇਸਟ ਸੰਪਾਦਨ ਤੋਂ ਬਿਨ੍ਹਾਂ ਪ੍ਰਾਚੀਨ ਸਾਹਿੱਤ ਦਾ ਉੱਚ ਦਰਜੇ ਦਾ ਅਧਿਐਨ ਨਹੀਂ ਹੋ ਸਕਦਾ। ਡਾ. ਜੱਗੀ ਕਹਿੰਦੇ ਹਨ ਕਿ ਯੂਨੀਵਰਸਿਟੀਆਂ ਨੂੰ ਇਸ ਅਤਿ-ਮਹੱਤਵਪੂਰਣ ਕਾਰਜ ਲਈ ਸੰਪਾਦਨ ਵਿਭਾਗਾਂ ਦੀ ਸਥਾਪਨਾ ਕਰਨੀ ਚਾਹੀਦੀ ਹੈ।

ਨੌਵੇਂ ਲੇਖ 'ਜਪੁਜੀ ਦੀ ਕਲਾਤਮਕ ਵਿਸ਼ਿਸ਼ਟਤਾ' ਵਿਚ ਇਸ ਬਾਣੀ ਦੀ ਕਲਾਤਮਕ ਵਿਸ਼ਿਸ਼ਟਤਾ ਨੂੰ ਉਜਾਗਰ ਕਰਦਿਆਂ ਇਸ ਦੇ ਸਾਹਿਤਕ ਮਹੱਤਵ ਨੂੰ ਉਜਾਗਰ ਕੀਤਾ ਗਿਆ ਹੈ। ਡਾ. ਜੱਗੀ ਕਹਿੰਦੇ ਹਨ ਕਿ ਇਹ ਬਾਣੀ ਗੁਰੂ ਨਾਨਕ ਦੇਵ ਜੀ ਦੀ ਪ੍ਰਮੁਖ ਰਚਨਾ ਹੈ, ਜਿਸ ਵਿਚ ਸਾਰੇ ਗੁਰੂ ਗ੍ਰੰਥ ਸਾਹਿਬ ਦਾ ਨਿਚੋੜ ਵਰਨਣ ਕੀਤਾ ਗਿਆ ਹੈ। ਪਰ ਇਸ ਬਾਣੀ ਨੂੰ ਪ੍ਰਬੰਧ-ਕਾਵਿ ਨਹੀਂ ਕਹਿਣਾ ਚਾਹੀਦਾ, ਅਜਿਹਾ ਕਹਿਣਾ ਇਕ ਸਿਧਾਂਤਿਕ ਭੁਲ ਹੈ। ਉਨ੍ਹਾਂ ਦਾ ਕਹਿਣਾ ਹੈ ਕਿ 'ਭਾਰਤੀ ਆਚਾਰਯਾਂ ਨੇ ਆਪਣੇ ਸਿੱਧਾਂਤ ਸ਼ਾਸਤ੍ਰਾਂ ਵਿਚ ਪ੍ਰਬੰਧ ਕਾਵਿ ਦੀਆਂ ਸੀਮਾਵਾਂ ਨਿਸਚਿਤ ਕੀਤੀਆਂ ਹਨ ਅਤੇ ਉਨ੍ਹਾਂ ਦਾ ਪਾਲਣ ਵਧ ਤੋਂ ਵਧ ਹੋਣਾ ਆਵੱਸ਼ਕ ਮੰਨਿਆ ਹੈ। ਇਸ ਪਾਲਣਾ ਦੀ ਅਣਹੋਂਦ ਵਿਚ ਪ੍ਰਬੰਧਾਤਮਕ ਕ੍ਰਿਤੀ ਅਨਰਗਲ ਜਿਹੀ ਰਹਿ ਜਾਂਦੀ ਹੈ। ਇਸ ਤਰ੍ਹਾਂ ਪ੍ਰਬੰਧ-ਕਾਵਿ ਇਕ ਰੂੜ੍ਹ ਸ਼ਬਦ ਹੈ ਅਤੇ ਜਪੁਜੀ ਨੂੰ ਪ੍ਰਬੰਧ ਕਾਵਿ ਕਹਿਣਾ ਜਾਂ ਇਸ ਦੀ ਪ੍ਰਬੰਧਤਮਕਤਾ ਨੂੰ ਪਰਖਣਾ ਪ੍ਰਸਿੱਧ ਕਾਵਿ ਰੂੜ੍ਹੀ ਦਾ ਉਲੰਘਣ ਕਰਨਾ ਹੈ ਅਤੇ ਨ ਹੀ ਗੁਰੂ ਨਾਨਕ ਨੇ ਪ੍ਰਬੰਧ ਕਾਵਿ ਦੀ ਰੂੜ੍ਹੀ ਨੂੰ ਇਕ ਪ੍ਰਤਿਸ਼ਤ ਵੀ ਅਪਣਾਉਣ ਦੀ ਕੋਈ ਚੇਸ਼ਟਾ ਕੀਤੀ ਹੈ। ਸਾਰਾ ਜਪੁਜੀ ਪ੍ਰਬੰਧ ਕਾਵਿ ਦੀਆਂ ਸੀਮਾਵਾਂ ਤੋਂ ਮੁਕਤ ਅਤੇ ਆਪਣੀ ਸਤੁੰਤਰ ਯੋਜਨਾ

ਅਨੁਸਾਰ ਸਿਰਜਿਆ ਗਿਆ ਹੈ।'[26] ਉਹ ਕਹਿੰਦੇ ਹਨ ਕਿ ਇਹ ਬਾਣੀ ਨਿਜ ਪ੍ਰਤਿ ਸੰਬੋਧਨਾਤਮਕ ਹੈ ਅਤੇ ਇਸ ਬਾਣੀ ਦੀ ਸ਼ੈਲੀ, ਸੂਤ੍ਰਿਕ ਹੈ। ਗੁਰੂ ਨਾਨਕ ਦੇ ਜੀ ਨੇ ਲੋਕਾਈ ਦੇ ਅਗੇ ਨਵੇਂ ਵਿਚਾਰ ਪੇਸ਼ ਕਰਕੇ ਰੂੜ੍ਹੀਵਾਦੀ ਪ੍ਰੰਪਰਾਵਾਂ ਨੂੰ ਤੋੜਿਆ ਹੈ। ਗੁਰੂ ਜੀ ਕਿਸੇ ਗੱਲ ਨੂੰ ਸਮਝਾਉਣ ਲਈ ਕਈ ਵਾਰ ਦਲੀਲ ਦਾ ਸਹਾਰਾ ਲੈਂਦੇ ਹਨ ਜੋ ਇਸ ਰਚਨਾ ਦੀ ਤਾਰਕਿਕਤਾ ਦੀ ਵਿਸ਼ੇਸ਼ਤਾ ਦੀ ਦੱਸ ਪਾਉਂਦੀ ਹੈ। ਇਸ ਵਿਚ ਸ਼ਬਦ ਅਲੰਕਾਰਾਂ ਦੀ ਵੀ ਵਰਤੋਂ ਹੋਈ ਹੈ ਅਤੇ ਇਸ ਬਾਣੀ ਦੀ ਭਾਸ਼ਾ ਪ੍ਰਸੰਗ ਦੇ ਅਨੁਕੂਲ ਹੈ।

ਇਸ ਪੁਸਤਕ ਦਾ ਦਸਵਾਂ ਲੇਖ 'ਚੰਡੀ ਦੀ ਵਾਰ' ਦੀ ਅਲੰਕਾਰ ਯੋਜਨਾ ਨਾਲ ਸੰਬੰਧਿਤ ਹੈ। ਇਸ ਵਿਚ ਚੰਡੀ ਦੀ ਵਾਰ ਦੇ ਅਲੰਕਾਰਾਂ ਦੇ ਸ਼ਾਸਤ੍ਰੀ ਵਿਵੇਚਨ ਤੋਂ ਇਲਾਵਾ ਉਨ੍ਹਾਂ ਦੇ ਉਪਮਾਨ ਖੇਤਰ, ਕਰਤੱਵ ਪੂਰਤੀ ਆਦਿ ਪੱਖਾਂ ਬਾਰੇ ਸਿੱਧਾਂਤਿਕ ਦ੍ਰਿਸ਼ਟੀ ਤੋਂ ਪ੍ਰਕਾਸ਼ ਪਾਇਆ ਗਿਆ ਹੈ। ਉਹ ਕਹਿੰਦੇ ਹਨ 'ਕਿ ਕਾਵਿ ਵਿਚ ਅਲੰਕਾਰ ਇਕ ਨਿਸ਼ਚਿਤ ਸ਼ੈਲੀਗਤ ਯੋਜਨਾ ਹੈ ਜਿਸ ਰਾਹੀਂ ਭਾਵ ਸਪਸ਼ਟ ਹੋ ਕੇ ਮਾਨਵ ਹਿਰਦੇ ਨੂੰ ਇਕ ਅਲੋਕਿਕ ਆਨੰਦ ਪ੍ਰਦਾਨ ਕਰਦੇ ਹਨ ਅਤੇ ਕਾਵਿ ਵਿਚ ਰਸਮਈ ਵਾਤਾਵਰਣ ਦੀ ਸ੍ਰਿਸ਼ਟੀ ਕਰਦੇ ਹਨ।'[27] ਉਨ੍ਹਾਂ ਦਾ ਕਹਿਣਾ ਹੈ ਕਿ ਸ਼ਬਦ ਅਲੰਕਾਰਾਂ ਵਿਚ ਵਿਸ਼ੇਸ਼ ਸ਼ਬਦਾਂ ਦੀ ਯੋਜਨਾ ਕੀਤੀ ਜਾਂਦੀ ਹੈ। ਇਸ ਤੋਂ ਅੱਗੇ ਡਾ. ਜੱਗੀ ਨੇ ਇਸ ਵਾਰ ਵਿਚ ਵਰਤੇ ਅਨੁਪ੍ਰਾਸ (ਛੇਕਾਨੁਪ੍ਰਾਸ, ਵ੍ਰਿਤਯਾਨੁਪ੍ਰਾਸ, ਲਾਟਾਨੁਪ੍ਰਾਸ) ਵੇਰਵਾ ਦਿੱਤਾ ਹੈ। ਫਿਰ ਉਹ ਇਸ ਵਾਰ ਵਿਚ ਆਏ ਯਮਕ ਅਲੰਕਾਰ, ਪੁਨਰੁਕਤੀ ਅਲੰਕਾਰ,

---

[26] *ਪੂਰਵ ਅੰਕਿਤ,* ਪੰ.169.

[27] *ਪੂਰਵ ਅੰਕਿਤ,* ਪੰ.181.

ਵੀਪਸਾ ਅਲੰਕਾਰ, ਅਰਥ ਅਲੰਕਾਰ, ਉਪਮਾ ਅਲੰਕਾਰ, ਉਤਪ੍ਰੇਕਸ਼ਾ ਅਲੰਕਾਰ, ਰੂਪਕ ਅਲੰਕਾਰ, ਪਰਤਿਵਸਤੂ ਉਪਮਾ ਅਲੰਕਾਰ, ਅਤਿਕਥਨੀ ਜਾਂ ਅਤਿਉਕਤੀ ਅਲੰਕਾਰ, ਅਸੰਭਵ ਅਲੰਕਾਰ, ਭ੍ਰਾਂਤਿਮਾਨ ਅਲੰਕਾਰ, ਪ੍ਰਤਿਗਿਆ ਅਲੰਕਾਰ, ਉੱਲੇਖ ਅਲੰਕਾਰ, ਸਮਰਣ ਅਲੰਕਾਰ, ਲੋਕੋਕਤੀ ਅਲੰਕਾਰ, ਵਿਸ਼ੇਸ਼ ਅਲੰਕਾਰ ਦਾ ਜ਼ਿਕਰ ਕਰਦੇ ਹਨ। ਉਹ ਕਹਿੰਦੇ ਹਨ ਕਿ 'ਚੰਡੀ ਦੀ ਵਾਰ' ਵਿਚ ਅਲੰਕਾਰ ਬਹੁਤ ਸਫਲ ਸਿੱਧ ਹੁੰਦੇ ਹਨ ਅਤੇ ਇਸ ਵਾਰ ਦਾ ਹਰ ਅਲੰਕਾਰ ਭਾਵ ਵਿਸ਼ੇਸ਼ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦਾ ਹੈ। ਇਸ ਵਾਰ ਵਿਚ ਵਰਤੇ ਗਏ ਉਪਮਾਨਾਂ (ਸੁਖਦ ਵਾਤਾਵਰਣ ਨਾਲ ਸੰਬੰਧਿਤ ਉਪਮਾਨ, ਜਨ ਜੀਵਨ ਨਾਲ ਸੰਬੰਧਿਤ ਉਪਮਾਨ, ਪ੍ਰਕ੍ਰਿਤੀ ਨਾਲ ਸੰਬੰਧਿਤ ਉਪਮਾਨ, ਪੌਰਾਣਿਕ ਸੰਦਰਭਾਂ ਨਾਲ ਸੰਬੰਧਿਤ ਉਪਮਾਨ ਅਤੇ ਭਿਆਨਕ ਵਾਤਾਵਰਣ ਨਾਲ ਸੰਬੰਧਿਤ ਉਪਮਾਨ) ਦਾ ਜ਼ਿਕਰ ਕਰਦਿਆਂ ਕਹਿੰਦੇ ਹਨ ਕਿ 'ਚੰਡੀ ਦੀ ਵਾਰ' ਦੇ ਉਪਮਾਨਾਂ ਦੀ ਚੋਣ ਕਿਸੇ ਘਿਸੀ ਪਿਟੀ ਲਕੀਰ ਦੀ ਫ਼ਕੀਰੀ ਤੇ ਆਧਾਰਿਤ ਨਹੀਂ, ਸਗੋਂ ਉਦੇਸ਼ ਸਿੱਧੀ ਲਈ ਨਵੇਂ ਨਵੇਂ ਖੇਤਰਾਂ ਨੂੰ ਘੋਖ ਕੇ ਉਨ੍ਹਾਂ ਤੋਂ ਲਾਭਦਾਇਕ ਸਾਮਗ੍ਰੀ ਦੀ ਉਪਲਬਧੀ ਤੇ ਅਵਲੰਬਿਤ ਹੈ।'[28]

### *ਪੰਜਾਬੀ ਸਾਹਿੱਤ ਦਾ ਸਰੋਤ-ਮੂਲਕ ਇਤਿਹਾਸ (ਭਾਗ ਪਹਿਲਾ)*

ਕਿਸੇ ਵੀ ਵਿਕਸਿਤ ਭਾਸ਼ਾ ਤੇ ਸਾਹਿਤ ਨੂੰ ਚੰਗੀ ਤਰ੍ਹਾਂ ਸਮਝਣ ਲਈ ਸਭ ਤੋਂ ਉੱਤਮ ਤਰੀਕਾ ਉਸ ਦੇ ਸਾਹਿੱਤ ਦਾ ਇਤਿਹਾਸ ਹੈ। ਪੰਜਾਬੀ ਸਾਹਿਤ ਦੇ ਵੱਖਰੇ-ਵੱਖਰੇ ਵਿਦਵਾਨਾਂ ਵਲੋਂ ਇਤਿਹਾਸ ਲਿਖੇ ਗਏ ਇਨ੍ਹਾਂ ਵਿਦਵਾਨਾਂ ਨੇ ਕਈ ਤਰ੍ਹਾਂ ਦੀ ਕਾਲ-ਵੰਡ ਕਰਕੇ ਇਸ ਕਾਰਜ

---

[28] *ਪੂਰਵ ਅੰਕਿਤ,* ਪੰ.192.

ਨੂੰ ਨੇਪਰੇ ਚਾੜ੍ਹਿਆ। ਪ੍ਰੰਤੂ ਸਭਿਆਚਾਰਕ ਸੰਦਰਭ ਵਿਚ ਸਰੋਤ ਆਧਾਰਿਤ ਪੰਜਾਬੀ ਸਾਹਿੱਤ ਦੇ ਇਤਿਹਾਸ ਦੀ ਘਾਟ ਨੂੰ ਪੂਰਾ ਕਰਨਾ, ਪਿਛਲੇ ਦਹਾਕਿਆਂ ਵਿਚ ਕਈ ਪ੍ਰਕਾਰ ਦੀ ਖੋਜ ਸਾਮਗ੍ਰੀ ਦਾ ਸਾਹਮਣੇ ਆਉਣਾ, ਕੁਝ ਨਵੇਂ ਤੱਥਾਂ ਦਾ ਉਘੜਣਾ ਅਤੇ ਸਾਹਿਤ ਸੰਬੰਧੀ ਚੇਤਨਾ ਵਿਚ ਨਿਰੰਤਰ ਵਿਕਾਸ ਦਾ ਹੋਣਾ ਆਦਿ ਕੁਝ ਕੁ ਕਾਰਣਾਂ ਨੂੰ ਲੈ ਕੇ ਡਾ. ਜੱਗੀ ਵਲੋਂ ਇਹ ਉਦਮ ਕੀਤਾ ਗਿਆ। ਡਾ. ਜੱਗੀ ਨੇ ਵੀ ਪੰਜਾਬੀ ਸਾਹਿਤ ਦੇ ਇਤਿਹਾਸ ਸੁਖੈਨ ਰੂਪ ਵਿਚ ਲਿਖਣ ਲਈ ਤਿੰਨ ਮੁੱਖ ਕਾਲਾਂ ਵਿਚ ਵੰਡਿਆ ਹੈ- ਆਦਿ ਕਾਲ (ਸੰਨ 1000-1500 ਈ.), ਮੱਧਕਾਲ (1500-1870 ਈ.) ਅਤੇ ਆਧੁਨਿਕ ਕਾਲ (1870-2000 ਈ.)। ਉਨ੍ਹਾਂ ਨੇ ਇਤਿਹਾਸ ਲਿਖਦਿਆਂ ਵਿਚਾਰਧਾਰਕ ਸਰੋਤਾਂ ਅਤੇ ਧਾਰਮਿਕ ਪਰੰਪਰਾਵਾਂ ਦੇ ਸੰਦਰਭ ਵਿਚ ਸਾਹਿਤਕਾਰਾਂ ਤੇ ਉਨ੍ਹਾਂ ਦੀਆਂ ਕ੍ਰਿਤੀਆਂ ਨੂੰ ਵਿਚਾਰਨ ਦਾ ਯਤਨ ਕੀਤਾ ਹੈ। ਪਹਿਲੇ ਭਾਗ ਵਿਚ ਸੰਨ 1500 ਈ. ਤੱਕ ਦੇ ਤਕ ਦੇ ਪੰਜਾਬੀ ਸਾਹਿੱਤ ਦੀ ਗਤਿਵਿਧੀ ਉਤੇ ਗੰਭੀਰ ਝਾਤ ਪਾਈ ਗਈ ਹੈ। ਇਸ ਭਾਗ ਵਿਚ 'ਵਿਸ਼ੇ ਪ੍ਰਵੇਸ਼', 'ਪੰਜਾਬੀ ਸਾਹਿੱਤ ਦੇ ਭਾਰਤੀ ਸਰੋਤ', 'ਭਗਤੀ ਅੰਦੋਲਨ', 'ਨਿਰਗੁਣ ਭਗਤੀ', 'ਸਿੱਧ ਅਤੇ ਨਾਥ ਮਤ', 'ਪੰਜਾਬੀ ਸਾਹਿੱਤ ਦੇ ਅਭਾਰਤੀ ਸਰੋਤ', 'ਪੰਜਾਬੀ ਸੂਫ਼ੀ ਕਾਵਿ-ਪਰੰਪਰਾ' ਅਤੇ 'ਫੁਟਕਲ ਸਾਹਿੱਤ' ਦੀ ਜਾਣਕਾਰੀ ਦਿੱਤੀ ਗਈ ਹੈ।

'ਵਿਸ਼ੇ-ਪ੍ਰਵੇਸ਼' ਬਾਰੇ ਗੱਲ ਕਰਦਿਆਂ ਪੰਜਾਬ ਦੇ ਭਾਸ਼ਾਈ, ਸੱਭਿਆਚਾਰਕ ਅਤੇ ਇਤਿਹਾਸਕ ਪਿਛੋਕੜ ਬਾਰੇ ਸੰਖੇਪ ਚਾਨਣਾ ਪਾਇਆ ਗਿਆ ਹੈ। ਡਾ. ਜੱਗੀ ਦਾ ਕਹਿਣਾ ਹੈ ਕਿ ਭਾਵੇਂ ਪੰਜਾਬੀ ਭਾਸ਼ਾ ਦੇ ਸ਼ੁਰੂਆਤੀ ਕਈ ਨਾਮ ਰਹੇ ਹਨ ਪਰ 17ਵੀਂ ਸਦੀ ਦੇ ਪਹਿਲੇ ਅੱਧ

ਵਿਚ ਇਸ ਭਾਸ਼ਾ ਦਾ ਨਾਮ 'ਪੰਜਾਬੀ' ਵਰਤਿਆ ਜਾਣ ਲੱਗਿਆ। ਪੰਜਾਬ ਬਹੁ-ਨਸਲੀ ਸੱਭਿਆਚਾਰ ਦਾ ਦੇਸ਼ ਹੈ ਜਿਸ ਵਿਚ ਵੱਖਰੇ-ਵੱਖਰੇ ਧਰਮ ਅਤੇ ਵਿਚਾਰਧਾਰਾ ਦੇ ਲੋਕ ਰਹਿੰਦੇ ਹਨ। ਸਮੇਂ-ਸਮੇਂ ਅਨੁਸਾਰ ਬਦਲਦੀਆਂ ਪ੍ਰਸਥਿਤੀਆਂ ਵਿਚ ਵੀ ਪੰਜਾਬੀ ਜਨ-ਜੀਵਨ ਬਰਕਰਾਰ ਰਿਹਾ। ਪੰਜਾਬੀ ਸਾਹਿੱਤ ਵਿਚ ਲਗਪਗ ਸਾਰੇ ਸਮਾਜਿਕ ਵਰਗਾਂ, ਸਭਿਆਚਾਰ ਅਤੇ ਧਾਰਮਿਕ ਮਾਨਤਾਵਾਂ ਦੀ ਪ੍ਰਤਿਨਿਧਤਾ ਹੋਈ ਮਿਲਦੀ ਹੈ।

'ਪੰਜਾਬੀ ਸਾਹਿਤ ਦੇ ਭਾਰਤੀ ਸਰੋਤ' ਬਾਰੇ ਚਰਚਾ ਕਰਦਿਆਂ ਭਾਰਤੀ ਅਤੇ ਅਭਾਰਤੀ ਧਰਮਾਂ ਦੇ ਵੱਖ-ਵੱਖ ਪੱਖਾਂ ਅਤੇ ਮੂਲ ਮੁੱਦਿਆਂ ਨੂੰ ਵਿਚਾਰਿਆ ਗਿਆ ਹੈ ਜਿਨ੍ਹਾਂ ਦੀ ਵਿਚਾਰਧਾਰਾ ਨੇ ਪੰਜਾਬੀ ਸਾਹਿੱਤ ਦੇ ਨਿਰਮਾਣ ਵਿਚ ਵੱਖਰੇ ਵੱਖਰੇ ਰੂਪਾਂ ਵਿਚ ਯੋਗਦਾਨ ਪਾਇਆ ਹੈ। ਡਾ. ਜੱਗੀ ਨੇ ਵੈਦਿਕ ਸਾਹਿਤ (ਵੇਦ, ਬ੍ਰਾਹਮਣ ਅਤੇ ਆਰਣਯਕ), ਵੇਦ ਨੂੰ ਪ੍ਰਮਾਣ-ਵਾਕ ਨਾ ਮੰਨਣ ਵਾਲੇ ਮਤ (ਚਾਰ-ਵਾਕ ਦਰਸ਼ਨ, ਜੈਨ-ਮਤ ਅਤੇ ਬੁੱਧ ਧਰਮ), ਵੇਦ ਨੂੰ ਪ੍ਰਮਾਣ ਮੰਨਣ ਵਾਲੇ ਮਤ (ਛੇ ਦਰਸ਼ਨ-ਨਿਆਇ ਦਰਸ਼ਨ, ਵੈਸ਼ੇਸਿਕ ਦਰਸ਼ਨ, ਸਾਂਖ ਦਰਸ਼ਨ, ਯੋਗ ਦਰਸ਼ਨ, ਪੂਰਵ-ਮੀਮਾਂਸਾ ਅਤੇ ਵੇਦਾਂਤ ਦਰਸ਼ਨ), ਰਾਮਾਇਣ, ਮਹਾਂਭਾਰਤ, ਗੀਤਾ, ਪੌਰਾਣਿਕ ਸਾਹਿਤ, ਵੈਸ਼ਣਵ ਧਰਮ, ਸਮਾਰਤ ਧਰਮ, ਅਵਤਾਰਵਾਦ, ਦੇਵਤਾ ਅਤੇ ਦੈਂਤ, ਸ਼ੈਵ-ਮਤ ਅਤੇ ਸ਼ਾਕਤ-ਮਤ ਆਦਿ ਦੀ ਵਿਚਾਰ ਕੀਤੀ ਹੈ, ਜਿਨ੍ਹਾਂ ਵਿਚੋਂ ਪੰਜਾਬੀ ਸਾਹਿਤ ਦੇ ਹਵਾਲੇ ਮਿਲ ਜਾਂਦੇ ਹਨ। ਡਾ. ਜੱਗੀ ਦਾ ਕਹਿਣਾ ਹੈ ਕਿ ਭਾਰਤ ਅਧਿਆਤਮਕ ਰੁਚੀਆਂ ਵਾਲਾ ਦੇਸ਼ ਹੈ ਜਿਸ ਵਿਚ ਅਨੇਕ ਧਾਰਮਿਕ ਰਹੁ-ਰੀਤਾਂ ਦਾ ਪ੍ਰਸਾਰ ਹੋਇਆ। ਵੈਦਿਕ ਧਰਮ ਵਿਚ ਦੇਵਤਿਆਂ ਦੀ ਪੂਜਾ ਸ਼ਰਧਾ ਨਾਲ ਕੀਤੀ ਜਾਂਦੀ ਰਹੀ ਹੈ। ਬ੍ਰਾਹਮਣ ਯੁਗ ਵਿਚ

ਕਰਮਕਾਂਡਾਂ ਦੀ ਪ੍ਰਧਾਨਤਾ ਰਹੀ ਹੈ। ਉਪਨਿਸ਼ਦ-ਯੁਗ ਵਿਚ ਸ਼ੁੱਧ ਚਿੰਤਨ ਭਾਵ ਕਿ ਵਿਚਾਰਾਂ ਦਾ ਵਿਕਾਸ ਹੋਇਆ, ਸੰਹਿਤਾ-ਯੁਗ ਵਿਚ ਵਿਸ਼ਵਾਸਾਂ ਦਾ ਸਮਾਂ ਰਿਹਾ ਹੈ। ਬੁਧ ਧਰਮ ਅਤੇ ਜੈਨ ਧਰਮ ਨੇ ਜਨ-ਸਾਧਾਰਣ ਵਿਚ ਨਵੀਂ ਚੇਤਨਾ ਪੈਦਾ ਕੀਤੀ ਹੈ।ਇਨ੍ਹਾਂ ਮੱਤਾਂ ਦੇ ਹਵਾਲੇ ਵੀ ਪੰਜਾਬੀ ਸਾਹਿਤ ਵਿਚ ਆਮ ਮਿਲਦੇ ਹਨ। ਨਿਰਗੁਣ ਸੰਤਾਂ ਦੀ ਵਿਚਾਰਧਾਰਾ ਉਪਨਿਸ਼ਦ ਸਾਹਿਤ ਦੀ ਵਿਚਾਰਧਾਰਾ ਨਾਲ ਬਹੁਤ ਨੇੜੇ ਹੋ ਕੇ ਵਿਚਰੀ ਹੈ। '*ਮਹਾਂਭਾਰਤ*' ਗ੍ਰੰਥ ਦੇ ਹਵਾਲੇ ਅਤੇ ਤੱਥ ਆਦਿ, ਪੰਜਾਬੀ ਸਾਹਿਤ ਦੇ ਮੱਧ-ਕਾਲ ਤੋਂ ਹੀ ਪੰਜਾਬੀ ਸਾਹਿਤ ਵਿਚ ਵਰਤੇ ਜਾਣ ਲੱਗੇ ਸਨ। ਪੰਜਾਬ ਦੇ ਸਭਿਆਚਾਰ ਨੂੰ *ਪੁਰਾਣਾਂ, ਗੀਤਾ* ਅਤੇ *ਰਾਮਾਇਣ* ਆਦਿ ਨੇ ਵੀ ਬਹੁਤ ਪ੍ਰਭਾਵਿਤ ਕੀਤਾ।

'ਭਗਤੀ ਅੰਦੋਲਨ' ਬਾਰੇ ਗੱਲ ਕਰਦਿਆਂ ਭਗਤੀ ਦਾ ਸਰੂਪ, ਭਗਤੀ ਦੇ ਭੇਦ, ਭਗਤੀ ਦੀ ਪਰੰਪਰਾ, ਦੱਖਣ ਵਿਚ ਭਗਤੀ ਅਤੇ ਭਗਤੀ ਦਾ ਵਿਸਤਾਰ ਆਦਿ ਉਤੇ ਚਾਨਣਾ ਪਾਉਣ ਦਾ ਯਤਨ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਭਾਰਤੀ ਭਾਸ਼ਾਵਾਂ ਵਿਚ ਮੱਧ-ਯੁਗ ਵਿਚ ਸਾਹਿਤ ਦੀ ਰਚਨਾ ਹੋਈ ਹੈ ਉਹ ਭਗਤੀ ਅੰਦੋਲਨ ਦੀ ਵਿਸ਼ੇਸ਼ ਦੇਣ ਹੈ। ਇਸ ਅੰਦੋਲਨ ਨੇ ਹੀ ਸਾਰੇ ਭਾਰਤ ਨੂੰ ਏਕਤਾ ਦਾ ਰਾਹ ਵਿਖਾਇਆ ਅਤੇ ਇਸ ਦੇ ਪ੍ਰਭਾਵ ਕਰਕੇ ਹੀ ਮਨੁੱਖਤਾ ਇਕ ਦੂਜੇ ਦੇ ਨੇੜੇ ਆਉਂਦੀ ਗਈ। ਦੱਖਣ ਦੀ ਭਗਤੀ-ਭਾਵਨਾ ਉੱਤਰੀ ਭਾਰਤ ਤੱਕ ਪਹੁੰਚੀ ਫਿਰ ਪੰਜਾਬ ਵਿਚ ਇਸਦਾ ਪ੍ਰਚਲਨ ਹੋਇਆ। ਉਤਰੀ ਭਾਰਤ ਵਿਚ ਭਗਤੀ ਅੰਦੋਲਨ ਦੇ ਚਲਣ ਤੋਂ ਪਹਿਲਾਂ ਦੱਖਣ ਵਿਚ ਖਾਸ ਕਰਕੇ ਤਾਮਿਲ ਪ੍ਰਦੇਸ਼ ਵਿਚ ਭਗਤਾਂ ਨੇ ਵੈਸ਼ਣਵ ਭਗਤੀ ਦੀ ਅੰਮ੍ਰਿਤ-ਧਾਰਾ ਨਾਲ ਸਾਰੇ ਜਨ-ਮਾਨਸ ਨੂੰ ਪ੍ਰਭਾਵਿਤ ਕੀਤਾ। ਉਪਰੰਤ ਪੰਜਾਬੀ ਸਾਹਿਤ ਦੇ

ਮਹਾਂ ਸਰੋਤ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਵੀ ਪ੍ਰੇਮਾ-ਭਗਤੀ ਦਾ ਸਰੂਪ ਉਘੜਿਆ ਹੈ। ਗੁਰੂ ਸਾਹਿਬਾਨ ਦੁਆਰਾ ਭਗਤੀ ਅੰਦੋਲਨ ਰਾਹੀਂ ਪੰਜਾਬ ਦੀ ਜਨਤਾ ਸਾਹਮਣੇ ਯੁਗ ਦੀ ਲੋੜ ਅਨੁਸਾਰ ਇਕ ਨਵਾਂ ਸਭਿਆਚਾਰ ਪੇਸ਼ ਕੀਤਾ। ਇਸ ਪਾਵਨ ਗ੍ਰੰਥ ਵਿਚ ਭਗਤੀ ਦੇ ਪ੍ਰੇਰਕ ਸਾਧਕ ਵੀ ਦਰਜ ਹਨ ਜਿਵੇਂ ਕਿ ਗੁਰੂ, ਗੁਰੂ ਦੀ ਕ੍ਰਿਪਾ, ਜਗਤ ਦੀ ਨਾਸ਼ਮਾਨਤਾ ਦਾ ਬੋਧ, ਸਤਿਸੰਗਤ, ਕੀਰਤਨ, ਸ੍ਰਵਣ, ਮਨਨ ਅਤੇ ਨਾਮ ਸਿਮਰਨ ਆਦਿ।

'ਨਿਰਗੁਣ ਭਗਤੀ' ਬਾਰੇ ਚਰਚਾ ਕਰਦਿਆਂ ਡਾ. ਜੱਗੀ ਦਾ ਕਹਿਣਾ ਹੈ ਕਿ ਨਿਰਗੁਣ ਭਗਤੀ ਦੇ ਮੁੱਖ ਸਰੋਤ ਭਾਰਤੀ ਸੰਸਕ੍ਰਿਤੀ, ਧਰਮ ਅਤੇ ਦਰਸ਼ਨ ਹਨ, ਜਿਨ੍ਹਾਂ ਨੂੰ ਪੁਰਾਤਨ ਭਾਰਤੀ ਸਾਹਿਤ ਵਿਚ ਆਸਾਨੀ ਨਾਲ ਲੱਭਿਆ ਜਾ ਸਕਦਾ ਹੈ। ਵਿਸ਼ੇ ਦੀ ਸਪਸ਼ਟਤਾ ਵਾਸਤੇ ਭਗਤ ਜੈਦੇਵ, ਨਾਮਦੇਵ, ਤ੍ਰਿਲੋਚਨ, ਸੈਣ, ਸਧਨਾ, ਪੀਪਾ, ਰਾਮਾਨੰਦ, ਰਵਿਦਾਸ ਅਤੇ ਕਬੀਰ ਸਾਹਿਬ ਦੀ ਬਾਣੀ ਵਿਚੋਂ ਟੂਕਾਂ ਦੇ ਕੇ ਨਿਰਗੁਣ ਭਗਤੀ ਦਾ ਸਰੂਪ ਦ੍ਰਿਸ਼ਟੀਗੋਚਰ ਕੀਤਾ ਹੈ।

'ਸਿੱਧ ਅਤੇ ਨਾਥ ਮਤ' ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਸਿੱਧ-ਮਤ ਇਕ ਨਵੀਂ ਵਿਚਾਰ-ਪੱਧਤੀ ਨੂੰ ਲੈ ਕੇ ਧਰਮ-ਜਗਤ ਵਿਚ ਪ੍ਰਵੇਸ਼ ਕਰਦਾ ਹੈ ਇਸ ਮਤ ਵਾਲਿਆਂ ਨੇ ਪਹਿਲੀ ਵਾਰ ਲੋਕ-ਭਾਸ਼ਾ ਨੂੰ ਕਾਵਿ-ਭਾਸ਼ਾ ਬਣਾਇਆ ਅਤੇ ਉਨ੍ਹਾਂ ਨੇ ਲੋਕ-ਪ੍ਰਚਲਿਤ ਛੰਦਾਂ ਨੂੰ ਵਰਤ ਕੇ ਧਰਮ ਦੀ ਸਾਧਨਾ-ਪ੍ਰਣਾਲੀ ਨੂੰ ਲੋਕਾਂ ਨਾਲ ਜੋੜਿਆ ਅਤੇ ਉਸ ਵਿਚ ਸਰਲਤਾ ਅਤੇ ਸਹਿਜ ਸੁਭਾਵਿਕਤਾ ਲਿਆਂਦੀ। ਡਾ. ਜੱਗੀ ਦਾ ਕਹਿਣਾ ਹੈ ਕਿ 'ਨਾਥ ਮਤ ਦੁਆਰਾ ਅਪਣਾਏ ਅਨੇਕ ਕਾਵਿ-ਰੂਪਾਂ, ਪਰਿਭਾਸ਼ਿਕ ਸ਼ਬਦਾਵਲੀ, ਪ੍ਰਤੀਕਾਂ, ਉਪਮਾਨਾਂ ਅਤੇ ਉਲਟਬਾਂਸੀਆਂ ਨੂੰ ਪੰਜਾਬੀ ਸਾਹਿੱਤ ਵਿਚ ਖੁੱਲ੍ਹ ਕੇ ਵਰਤਿਆ ਗਿਆ ਹੈ। ਸੱਚ ਤਾਂ ਇਹ ਹੈ ਕਿ ਯੋਗਮਤ ਤੋਂ ਅਨੇਕ

ਪ੍ਰਕਾਰ ਦੀ ਸਾਮਗ੍ਰੀ ਲੈ ਕੇ ਪਰਵਰਤੀ ਪੰਜਾਬੀ ਸਾਹਿੱਤ ਆਪਣਾ ਸ਼ਿੰਗਾਰ ਕਰਦਾ ਹੈ।'[29]

'ਪੰਜਾਬੀ ਸਾਹਿੱਤ ਦੇ ਅਭਾਰਤੀ ਸਰੋਤ' ਵਿਚ ਇਸਲਾਮ ਧਰਮ ਦੇ ਸੰਸਥਾਪਕ ਹਜ਼ਰਤ ਮੁਹੰਮਦ ਸਾਹਿਬ ਦੇ ਜੀਵਨ, ਕੁਰਾਨ ਮਜੀਦ, ਪੰਜ ਰੁਕਨ (ਕਲਮਾ, ਨਮਾਜ਼, ਜ਼ਕਾਤ, ਰੋਜ਼ਾ ਅਤੇ ਹਜ) ਅਤੇ ਸੂਫ਼ੀਮਤ ਬਾਰੇ ਖੁੱਲ੍ਹ ਕੇ ਵਿਚਾਰ ਕੀਤੀ ਗਈ ਹੈ। ਡਾ. ਜੱਗੀ ਦਾ ਕਹਿਣਾ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਦਾ ਵਿਅਕਤਿਤਵ ਕਾਫ਼ੀ ਪ੍ਰਭਾਵਸ਼ਾਲੀ ਸੀ, ਜਿਨ੍ਹਾਂ ਨੇ ਇਕ ਅਜਿਹਾ ਧਾਰਮਿਕ ਗ੍ਰੰਥ ਦਿਤਾ ਜਿਸ ਪ੍ਰਤਿ ਸੰਸਾਰ ਦੀ ਆਬਾਦੀ ਦਾ ਅੱਠਵਾਂ ਹਿੱਸਾ ਆਦਰ-ਭਾਵ ਪ੍ਰਗਟ ਕਰਦਾ ਹੈ।

'ਪੰਜਾਬੀ ਸੂਫ਼ੀ ਕਾਵਿ-ਪਰੰਪਰਾ' ਵਿਚ ਬਾਬਾ ਫ਼ਰੀਦ ਜੀ ਦਾ ਜੀਵਨ ਅਤੇ ਰਚਨਾਵਾਂ ਨੂੰ ਵਿਸ਼ਾ ਬਣਾਇਆ ਹੈ। ਬਾਬਾ ਫ਼ਰੀਦ ਜੀ ਦੀ ਰਚਨਾ ਦੇ ਮੁੱਖ ਪਹਿਲੂਆਂ ਬਾਰੇ ਵਿਚਾਰ ਕਰਦਿਆਂ ਕਹਿੰਦੇ ਹਨ ਕਿ ਬਾਬਾ ਫ਼ਰੀਦ ਜੀ ਨੇ ਪੰਜਾਬੀ ਭਾਸ਼ਾ ਨੂੰ ਆਪਣੀ ਰਚਨਾ ਰਾਹੀਂ ਸਾਹਿਤਿਕ ਮੁਹਾਂਦਰਾ ਦਿੱਤਾ ਹੈ, ਜਿਨ੍ਹਾਂ ਦੀ ਰਚਨਾ ਕਾਵਿ-ਕਲਾ ਦੇ ਸਾਰੇ ਗੁਣਾਂ ਨਾਲ ਭਰਪੂਰ ਹੈ। ਇਉਂ ਬਾਬਾ ਫ਼ਰੀਦ ਜੀ ਨੇ ਲਹਿੰਦੀ ਪੰਜਾਬੀ ਵਿਚ ਬਾਣੀ ਰਚ ਕੇ ਪੰਜਾਬੀ ਸਾਹਿਤਕਾਰਾਂ ਦੀ ਭਾਸ਼ਾਈ ਯਾਤ੍ਰਾ ਦਾ ਮਾਰਗ ਮੋਕਲਾ ਕੀਤਾ ਹੈ।

'ਫੁਟਕਲ ਸਾਹਿਤ' ਵਿਚ ਕਵੀ ਅੱਦਰਮਾਣ ਦੀਆਂ ਰਚਨਾਵਾਂ, 11ਵੀਂ ਸਦੀ ਦੀ ਪ੍ਰਸਿੱਧ ਰਚਨਾ ਰਾਉਲਵੇਲ, ਅਮੀਰ ਖੁਸਰੋ (ਅਬੁੱਲ ਹਸਨ ਯਾਮੀਨੁੱਦੀਨ) ਦੀਆਂ ਰਚਨਾਵਾਂ, ਵਾਰ-ਕਾਵਿ, ਵਾਰਤਕ, ਫ਼ਰੀਦ ਜੀ ਕਾ ਪਦਿਤਨਾਮਾ (ਪੱਧਤੀ-ਨਾਮਾ) ਅਤੇ ਗੋਰਖ ਉਪਨਿਸ਼ਦ

[29] *ਪੰਜਾਬੀ ਸਾਹਿਤ ਦਾ ਸਰੋਤ ਮੂਲਕ ਇਤਿਹਾਸ,* (ਭਾਗ ਪਹਿਲਾ),ਪੰ.199.

ਰਚਨਾਵਾਂ ਬਾਰੇ ਚਰਚਾ ਕਰਦਿਆਂ ਕਹਿੰਦੇ ਹਨ ਕਿ ਆਦਿ-ਕਾਲ ਵਿਚ ਕਿਸੇ ਪ੍ਰਮਾਣਿਕ ਵਾਰਤਕ ਰਚਨਾਂ ਦੀ ਹੁਣ ਤਕ ਉਪਲਬਧੀ ਨਹੀਂ ਹੋਈ। ਕੁਝ ਕੁ ਸਾਹਿਤ-ਇਤਿਹਾਸਕਾਰਾਂ ਨੇ ਜੋ ਕੁਝ ਨਮੂਨੇ ਦਿੱਤੇ ਹਨ ਉਹ ਕਿਸੇ ਪੱਖੋਂ ਵੀ ਪ੍ਰਮਾਣਿਕ ਨਹੀਂ ਮੰਨੇ ਜਾ ਸਕਦੇ।

***ਪੰਜਾਬੀ ਸਾਹਿਤ ਦਾ ਸਰੋਤ-ਮੂਲਕ ਇਤਿਹਾਸ (ਭਾਗ ਦੂਜਾ)***

ਇਸ ਪੁਸਤਕ ਵਿਚ ਪੰਜਾਬ ਦੀ ਨਿਰਗੁਣ ਭਗਤੀ ਲਹਿਰ ਤੋਂ ਪੈਦਾ ਹੋਏ ਸਾਹਿਤ ਦਾ ਵਿਸਤਾਰ ਸਹਿਤ ਸਰਵੇਖਣ ਕੀਤਾ ਗਿਆ ਹੈ। ਇਸ ਸਾਹਿਤ ਦੁਆਰਾ ਪੈਦਾ ਹੋਈ ਜਨ-ਚੇਤਨਾ ਅਤੇ ਭਾਵਨਾਤਮਕ ਏਕਤਾ ਦੀ ਅੰਤਰ-ਧਾਰਾ ਨੂੰ ਸਪਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ। ਡਾ. ਜੱਗੀ ਨੇ ਇਸ ਸੈਂਚੀ ਵਿਚ ਨਿਰਗੁਣ ਭਗਤੀ ਲਹਿਰ ਤੋਂ ਪੈਦਾ ਹੋਏ ਸਾਹਿਤ ਦਾ ਵਿਸਤਾਰ ਨਾਲ ਸਰਵੇਖਣ ਕਰਦਿਆਂ ਗੁਰੂ ਨਾਨਕ  ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤਕ ਦੇ ਜੀਵਨ-ਇਤਿਹਾਸ, ਵਿਅਕਤਿਤਵ, ਬਾਣੀ-ਪਰਿਚਯ, ਵਿਚਾਰਧਾਰਾ ਅਤੇ ਸਾਹਿਤਿਕਤਾ ਆਦਿ ਨੂੰ ਵਿਚਾਰਿਆ ਗਿਆ ਹੈ। ਜਿਸ ਵਿਚ ਇਹ ਦੱਸਣ ਦਾ ਯਤਨ ਕੀਤਾ ਗਿਆ ਹੈ ਕਿ ਗੁਰੂ ਨਾਨਕ ਦੇਵ ਜੀ ਵਲੋਂ ਭਗਤੀ ਅੰਦੋਲਨ ਨੂੰ ਪੰਜਾਬ ਵਿਚ ਵਿਕਸਿਤ ਕੀਤਾ ਗਿਆ। ਇਸਦੇ ਫਲਸਰੂਪ ਸਮਾਜ ਵਿਚ ਮਿਲਵਰਤਨ ਭਾਵਨਾ ਦਾ ਵਾਧਾ ਹੋਣ ਦੇ ਨਾਲ-ਨਾਲ ਰਾਜਨੀਤਿਕ, ਧਾਰਮਿਕ, ਸਮਾਜਿਕ ਅਤੇ ਸੱਭਿਆਚਾਰ ਵਿਚ ਵੀ ਚੇਤਨਤਾ ਦਾ ਵਾਧਾ ਹੋਇਆ। ਅਧਿਆਤਮਿਕਤਾ ਨਾਲ ਭਰਪੂਰ ਇਸ ਸਾਹਿਤ ਵਿਚ ਇਜ਼ਤ ਨੂੰ ਬਚਾਉਣ ਅਤੇ ਜ਼ੁਲਮ ਦੇ ਵਿਰੁੱਧ ਡਟ ਕੇ ਖਲੋਣ ਦਾ ਸੁਨੇਹਾ ਹੈ। ਜਿਸਦਾ ਅਸਰ ਇਹ ਹੋਇਆ ਕਿ ਗੁਰੂ ਜੀ ਦੇ ਜੋਤੀ-ਜੋਤ ਸਮਾਉਣ ਵੇਲੇ ਧਰਮ ਅਤੇ ਸਮਾਜ ਦੀ ਦਸ਼ਾ ਵਿਚ ਕਾਫ਼ੀ ਸੁਧਾਰ ਹੋ ਚੁੱਕਾ ਸੀ। ਗੁਰੂ

ਨਾਨਕ ਦੇਵ ਜੀ ਦੁਆਰਾ ਚਲਾਏ ਇਸ ਅੰਦੋਲਨ ਨੂੰ ਵਿਕਸਿਤ ਕਰਨ ਵਿਚ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਦੁਆਰਾ ਵੀ ਭਰਪੂਰ ਯੋਗਦਾਨ ਪਾਇਆ ਗਿਆ। ਗੁਰੂ ਅਰਜਨ ਦੇਵ ਜੀ ਨੇ ਵੀ ਇਸ ਅੰਦੋਲਨ ਵਿਚ ਵਾਧਾ ਕਰਦਿਆਂ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ ਕਰਾਉਣ ਦੇ ਨਾਲ ਨਾਲ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਇਸ ਅੰਦੋਲਨ ਦੇ ਪ੍ਰਚਾਰ ਵਾਸਤੇ ਕੇਂਦਰੀ ਸਥਾਨ ਬਣਾਇਆ। ਗੁਰੂ ਅਰਜਨ ਦੇਵ ਜੀ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਭਾਰਤ ਦੇ ਨਿਰਗੁਣਵਾਦੀ ਸਾਧਕਾਂ ਦੀ ਬਾਣੀ ਨੂੰ ਦਰਜ ਕਰਕੇ ਜਾਤ-ਪਾਤ, ਧਰਮ, ਨਸਲ, ਤੰਗਦਿਲੀ ਆਦਿ ਤੋਂ ਉਪਰ ਉਠ ਕੇ ਇਕ ਹੋਣ ਦਾ ਸੁਨੇਹਾ ਦਿੱਤਾ। ਭਾਈ ਗੁਰਦਾਸ ਜੀ ਨੇ ਵੀ ਇਸ ਅੰਦੋਲਨ ਵਿਚ ਕਾਫ਼ੀ ਯੋਗਦਾਨ ਪਾਇਆ। ਗੁਰੂ ਤੇਗ ਬਹਾਦਰ ਜੀ ਨੇ ਭਗਤੀ, ਗਿਆਨ ਅਤੇ ਵੈਰਾਗ ਦੁਆਰਾ ਦੁਖ-ਸੁਖ ਤੋਂ ਨਿਰਲੇਪ ਰਹਿਣ ਲਈ ਪ੍ਰੇਰਿਆ। ਗੁਰੂ ਗੋਬਿੰਦ ਸਿੰਘ ਜੀ ਨੇ ਬੀਰ-ਰਸ ਰਾਹੀਂ ਨਾਲ ਜੋ ਪਰਿਵਰਤਨ ਲਿਆਂਦਾ ਉਸਦਾ ਵੇਰਵਾ ਉਨ੍ਹਾਂ ਦੁਆਰਾ ਰਚੇ ਸਾਹਿਤ ਵਿਚ ਦਰਜ ਹੈ। ਇਸ ਤਰ੍ਹਾਂ ਦੇ ਸਾਹਿਤ ਨਾਲ ਸਿੱਖ ਧਰਮ ਵਿਚ ਸ਼ਾਸਤ੍ਰ ਅਤੇ ਸ਼ਸਤ੍ਰ, ਭਗਤੀ ਅਤੇ ਸ਼ਕਤੀ, ਸੰਤ ਅਤੇ ਸਿਪਾਹੀ ਦਾ ਸੁਮੇਲ ਹੋਇਆ। *ਦਸਮ ਗ੍ਰੰਥ* ਵਰਗੀ ਰਚਨਾ ਵਿਚ ਅਜਿਹਾ ਸਰੂਪ ਦੇਖਿਆ ਜਾ ਸਕਦਾ ਹੈ। ਇਸ ਕਾਵਿ-ਰਚਨਾ ਨੇ ਪੰਜਾਬੀਆਂ ਦੀ ਸੋਚ ਅਤੇ ਸੁਭਾਅ ਵਿਚ ਭਾਵਨਾਤਮਕ ਏਕਤਾ ਦੇ ਨਾਲ ਨਾਲ ਨਿਰਜੀਵਤਾ ਨੂੰ ਸਜੀਵਤਾ ਵਿਚ ਬਦਲਣ ਦਾ ਕੰਮ ਕੀਤਾ। ਇਸ ਕਾਲ ਵਿਚ ਸਿੱਖ-ਭਗਤੀ ਕਾਵਿ ਨੇ ਲੋਕਾਈ ਨੂੰ ਬਹੁਤ ਜਿਆਦਾ ਪ੍ਰਭਾਵਿਤ ਕੀਤਾ।

***ਪੰਜਾਬੀ ਸਾਹਿਤ ਦਾ ਸਰੋਤ-ਮੂਲਕ ਇਤਿਹਾਸ (ਭਾਗ ਤੀਜਾ)***

ਇਸ ਪੁਸਤਕ ਵਿਚ ਸੰਨ 1500 ਈ. ਤੋਂ 1700 ਈ.ਤਕ ਦੀਆਂ ਦੋ ਸਦੀਆਂ ਵਿਚ ਗੁਰਮਤਿ ਸਾਹਿੱਤ ਤੋਂ ਭਿੰਨ ਭਗਤੀ ਕਾਵਿ, ਸੂਫ਼ੀ ਕਾਵਿ, ਕਿੱਸਾ ਕਾਵਿ ਅਤੇ ਵੀਰ ਕਾਵਿ ਦਾ ਸਰਵੇਖਣ ਅਤੇ ਵਿਸ਼ਲੇਸ਼ਣ ਕੀਤਾ ਗਿਆ। ਇਸ ਪੁਸਤਕ ਦੇ ਅੱਠ ਅਧਿਆਇ ਬਣਾਏ ਗਏ ਹਨ। ਪਹਿਲੇ ਅਧਿਆਇ ਵਿਚ 'ਕਚੀ-ਬਾਣੀ' ਦੇ ਇਤਿਹਾਸ ਬਾਰੇ ਚਾਨਣਾ ਪਾਉਦਿਆਂ *ਗੋਸਟਾਂ ਮਿਹਰਬਾਨ ਜੀ ਕੀਆਂ, ਜਨਮਸਾਖੀ ਭਗਤ ਕਬੀਰ ਜੀ ਕੀ, ਜਨਮਸਾਖੀ ਗੁਰੂ ਨਾਨਕ ਦੇਵ ਜੀ, ਗੋਸਟਾਂ ਗੁਰੂ ਅਮਰਦਾਸ ਜੀ ਕੀਆਂ,* ਸੋਢੀ ਹਰਿਜੀ ਦੀਆਂ ਤਿੰਨ ਰਚਨਾਵਾਂ-*ਸੁਖਮਨੀ ਸਹੰਸ੍ਰਨਾਮਾ ਪਰਮਾਰਥ, ਸਿੰਘਾਸਨ ਬਤੀਸੀ* ਅਤੇ *ਗੋਸਟਾਂ ਮਿਹਰਬਾਨ ਜੀ ਕੀਆਂ* ਬਾਰੇ ਵਿਚਾਰ ਕੀਤੀ ਹੈ। ਡਾ. ਜੱਗੀ ਦਾ ਕਹਿਣਾ ਹੈ ਕਿ ਸਿੱਖ ਜਗਤ ਵਿਚ ਵਿਚਾਰਧਾਰਕ ਰਲਗੱਡ ਕਰਨ ਲਈ ਗੁਰਬਾਣੀ ਸ਼ੈਲੀ ਵਿਚ ਰਚਿਤ ਬਾਣੀ 'ਕੱਚੀ ਬਾਣੀ' ਦੇ ਨਾਂ ਨਾਲ ਜਾਣੀ ਜਾਣ ਲੱਗੀ। ਕੁਝ 'ਕੱਚੀ ਬਾਣੀ' ਦਾ ਸੰਗ੍ਰਹਿ ਉਹ ਹੈ ਜੋ ਗੁਰੂ ਅਰਜਨ ਦੇਵ ਜੀ ਤੋਂ ਪਹਿਲਾਂ ਰਚਿਆ ਗਿਆ ਅਤੇ ਕੁਝ 'ਕੱਚੀ ਬਾਣੀ' ਦਾ ਸੰਗ੍ਰਹਿ ਅਪ੍ਰਮਾਣਿਕ ਗੁਰੂ ਪਰੰਪਰਾ (ਮੀਣਾ ਸੰਪ੍ਰਦਾਇ) ਵਲੋਂ ਯੋਜਨਾਮਈ ਤਰੀਕੇ ਨਾਲ ਤਿਆਰ ਕੀਤਾ ਗਿਆ। 'ਕੱਚੀ ਬਾਣੀ' ਵਿਚ ਜਿਥੇ ਹਿੰਦੂ ਧਰਮ ਦੇ ਪੌਰਾਣਿਕ ਤੱਤਾਂ ਅਤੇ ਅਵਤਾਰਵਾਦ ਦੀ ਪੁਨਰ-ਸਥਾਪਨਾ ਹੁੰਦੀ ਹੈ ਉਥੇ ਪੰਜਾਬ ਦੇ ਸਭਿਆਚਾਰ ਨੂੰ ਮੁੜ ਅੰਧ-ਵਿਸ਼ਵਾਸ ਵਲ ਰੁਚਿਤ ਕਰਨ ਦਾ ਯਤਨ ਕੀਤਾ ਗਿਆ। ਇਉਂ ਇਸ ਨਾਲ ਸਰਗੁਣਵਾਦੀ ਭਗਤੀ ਦੀ ਸਮਾਂਨਾਤਰ ਪਰੰਪਰਾ ਦਾ ਵੀ ਵਿਕਾਸ ਹੋਣ ਲੱਗਿਆ।

ਦੂਜੇ ਅਧਿਆਇ ਵਿਚ ਪੰਜਾਬ ਦੇ ਧਾਰਮਿਕ ਸਾਧਕਾਂ ਵਲੋਂ ਰਚਿਤ ਸਾਹਿਤ 'ਨਿਰਗੁਣ ਭਗਤੀ-ਕਾਵਿ ਪਰੰਪਰਾ' ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਇਸ ਅਧਿਆਇ ਵਿਚ ਦੱਸਿਆ

ਗਿਆ ਹੈ ਕਿ ਬਾਬਾ ਸਿਰੀ ਚੰਦ, ਬਾਬਾ ਹੰਦਾਲ, ਭਗਤ ਕਾਨ੍ਹਾ, ਭਗਤ ਛੱਜੂ, ਭਗਤ ਪੀਲੂ, ਬਾਬਾ ਵਜੀਦ, ਸੁਥਰਾ ਸ਼ਾਹ, ਜਲ੍ਹਣ ਜਟ, ਭਗਤ ਵਲੀਰਾਮ ਅਤੇ ਨਨੂਆ ਭਗਤ ਦੁਆਰਾ ਰਚਿਤ ਸਾਹਿੱਤ ਨੂੰ ਗੁਰਮਤਿ ਅਨੁਸਾਰੀ ਨਾ ਹੋਣ ਕਰਕੇ 'ਗੁਰੂ ਗ੍ਰੰਥ ਸਾਹਿਬ' ਵਿਚ ਥਾਂ ਨਹੀਂ ਮਿਲ ਸਕੀ। ਪਰ ਇਨ੍ਹਾਂ ਸਾਧਕਾਂ ਦੁਆਰਾ ਰਚਿਤ ਬਾਣੀ ਦੀ ਨੁਹਾਰ, ਰਚਨਾ-ਵਿਧੀ ਅਤੇ ਭਾਸ਼ਾ-ਸ਼ੈਲੀ ਗੁਰਬਾਣੀ ਨਾਲ ਕਾਫ਼ੀ ਹੱਦ ਤਕ ਸਮਾਨਤਾ ਰਖਦੀ ਹੈ। ਇਨ੍ਹਾਂ ਭਗਤਾਂ ਅਤੇ ਸੰਤਾਂ ਦੀਆਂ ਰਚਨਾਵਾਂ ਦਾ ਜਿਥੇ ਆਕਾਰ ਛੋਟਾ ਹੈ ਉਥੇ ਇਨ੍ਹਾਂ ਭਗਤਾਂ ਅਤੇ ਸੰਤਾਂ ਦਾ ਪ੍ਰਭਾਵ ਗੁਰੂ ਸਾਹਿਬਾਨ ਦੇ ਬਰਾਬਰ ਕਾਫ਼ੀ ਘੱਟ ਸੀ।

ਤੀਜੇ ਅਧਿਆਇ 'ਨਿਰਗੁਣ-ਸਗੁਣ ਮਿਸ਼ਰਿਤ ਭਗਤੀ-ਕਾਵਿ ਪਰੰਪਰਾ' ਵਿਚ ਧਾਰਮਿਕ ਪੁਰਸ਼ਾਂ ਬਾਬਾ ਸਾਧੂ-ਜਨ, ਬਾਬਾ ਹਰੀਆ ਅਤੇ ਬਾਬਾ ਸਾਈਂ ਦਾਸ ਆਦਿ ਦੇ ਜੀਵਨ ਅਤੇ ਵਿਅਕਤਿਤਵ ਤੋਂ ਇਲਾਵਾ ਰਚਨਾਵਾਂ ਦਾ  ਜਿਕਰ ਹੈ, ਜਿਨ੍ਹਾਂ ਨੇ ਨਿਰਗੁਣ ਭਗਤੀ ਦੇ ਨਾਲ ਨਾਲ ਸਰਗੁਣ ਭਗਤੀ ਨੂੰ ਅਪਣਾਇਆ ਹੈ। ਸਾਧੂ-ਜਨ ਦੀਆਂ ਰਚਨਾਵਾਂ ਵਿਚ ਜਪੁ, ਸਹੰਸ੍ਰਨਾਮਾ, ਲੀਲਾ ਲਾਡਲੀ ਜੀ ਸਾਧ ਪਚੀਸੀ, ਰਾਗ ਆਸਾ ਦੇ ਸ਼ਬਦ ਆਦਿ ਅਤੇ ਬਾਬਾ ਹਰੀਆ ਦੇ ਨਾਮ ਨਾਲ ਜੁੜੀਆਂ ਵੱਖਰੇ ਵੱਖਰੇ ਸਿਰਲੇਖਾਂ ਅਧੀਨ 73 ਬਾਣੀਆਂ ਦੀ ਸੰਖੇਪ ਵਿਚਾਰ ਕੀਤੀ ਗਈ ਹੈ। ਉਹ ਕਹਿੰਦੇ ਹਨ ਕਿ ਬਾਬਾ ਸਾਈਂ ਦਾਸ ਮੁਖ ਰੂਪ ਵਿਚ ਨਿਰਗੁਣਵਾਦੀ ਸਾਧਕ ਹੈ, ਜਿਸ ਨੇ ਆਪਣੀਆਂ ਲਿਖਤਾਂ ਵਿਚ ਨਿਰੰਜਨ, ਨਿਰੰਕਾਰ, ਅਬਚਲ, ਅਭੇਵ, ਅਨੂਪ ਆਦਿ ਸ਼ਬਦਾਂ ਨੂੰ ਵਰਤਿਆ ਹੈ। ਪਰ ਨਾਲ-ਨਾਲ ਉਨ੍ਹਾਂ ਦੀਆਂ ਰਚਨਾਵਾਂ ਵਿਚ ਸਰਗੁਣਵਾਦੀ ਵਿਸ਼ੇਸ਼ਣਾਂ ਦੀ ਵਰਤੋਂ ਹੋਈ  ਵੀ ਮਿਲਦੀ ਹੈ। ਬਾਬਾ ਹਰੀਆ ਵੀ

ਸਤਾਰਵੀਂ ਸਦੀ ਦੇ ਅਧਿਆਤਮਿਕ ਸਾਧਕ ਹੋਏ ਹਨ ਜਿਨ੍ਹਾਂ ਨੇ ਆਪਣੀਆਂ ਰਚਨਾਵਾਂ ਵਿਚ ਭਾਈ ਬਾਲਾ ਜੀ ਨੂੰ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਮੰਨਿਆ ਹੈ। ਬਾਬਾ ਹਰੀਆ ਜੀ ਨਾਲ ਸਬੰਧਿਤ 73 ਸਿਰਲੇਖਾਂ ਅਧੀਨ ਦਰਜ ਬਾਣੀਆਂ ਦਾ ਵੇਰਵਾ ਦਿੱਤਾ ਗਿਆ ਹੈ। ਡਾ. ਜੱਗੀ ਕਹਿੰਦੇ ਹਨ ਕਿ ਬਾਬਾ ਹਰੀਆ ਜੀ ਨੇ ਨਾਮ ਸਾਧਨਾ ਉਤੇ ਬਲ ਦਿੱਤਾ ਹੈ ਅਤੇ ਉਨ੍ਹਾਂ ਦੀ ਬਾਣੀ ਦਾ ਮੁੱਖ ਸਰੂਪ ਸਰਗੁਣ ਭਗਤੀ ਵਾਲਾ ਹੈ।ਉਨ੍ਹਾਂ ਜਿਥੇ ਵੀ ਨਿਰਗੁਣ ਬ੍ਰਹਮ ਬਾਰੇ ਗਲ ਕੀਤੀ ਹੈ ਉਹ ਗੁਰਬਾਣੀ ਦਾ ਅਨੁਕਰਣ ਹੀ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਆਪਣੀਆਂ ਰਚਨਾਵਾਂ ਵਿਚ ਸੂਫ਼ੀ-ਕਾਵਿ, ਕਿੱਸਾ-ਕਾਵਿ ਦੇ ਸੁਭਾ ਨੂੰ ਵੀ ਗ੍ਰਹਿਣ ਕੀਤਾ ਹੈ। ਬਾਬਾ ਸਾਂਈ ਦਾਸ ਦੀ ਰਚਨਾ ਵਿਚ ਵੀ ਗੁਰਬਾਣੀ ਵਿਚਾਰਧਾਰਾ ਦਾ ਪ੍ਰਭਾਵ ਵੇਖਣ ਨੂੰ ਮਿਲਦਾ ਹੈ ਅਤੇ ਉਨ੍ਹਾਂ ਦੀ ਨਿਰਗੁਣਵਾਦੀ ਭਾਵਨਾ ਗੁਰਬਾਣੀ ਤੋਂ ਪ੍ਰਭਾਵਿਤ ਹੈ। ਇਉਂ ਡਾ. ਜੱਗੀ ਦਾ ਕਹਿਣਾ ਹੈ ਕਿ ਇਸ ਕਾਵਿ-ਪਰੰਪਰਾ ਦੇ ਲਿਖਾਰੀਆਂ ਨੇ ਆਪਣੀ ਆਸਥਾ ਦਾ ਕੇਂਦਰ ਨਿਰਗੁਣ ਭਗਤੀ ਰਖਿਆ ਹੈ ਪਰ ਨਾਲ-ਨਾਲ ਇਨ੍ਹਾਂ ਦੀ ਸਰਗੁਣ ਭਗਤੀ ਸ੍ਰੀ ਕ੍ਰਿਸ਼ਣ ਨੂੰ ਇਸ਼ਟ ਦੇਵ ਦੇ ਰੂਪ ਵਿਚ ਗ੍ਰਹਿਣ ਕਰਦੀ ਹੈ।

ਚੌਥਾ ਅਧਿਆਇ 'ਸਗੁਣ ਭਗਤੀ-ਕਾਵਿ ਪਰੰਪਰਾ' ਨਾਲ ਸੰਬੰਧਿਤ ਹੈ। ਜਿਸ ਵਿਚ ਪੰਜਾਬੀ ਸਾਹਿੱਤ ਵਿਚਲੀ ਸਰਗੁਣ ਭਗਤੀ ਦਾ ਮੁਲਾਂਕਣ ਕਰਦੇ ਕਹਿੰਦੇ ਹਨ ਕਿ 17ਵੀਂ ਸਦੀ ਤਕ ਸਰਗੁਣ ਭਗਤੀ ਨਾਲ ਸੰਬੰਧਿਤ ਕੇਵਲ ਕੁਝ ਕੁ ਕਥਾ-ਅੰਸ਼ਾਂ, ਸੰਕੇਤਾਂ, ਆਖਿਆਨਾਂ, ਅਵਤਾਰ-ਪ੍ਰਸੰਗਾਂ ਆਦਿ ਦਾ ਚਿਤਰਣ ਕੀਤਾ ਗਿਆ ਹੈ। ਅਧਿਆਇ ਦੇ ਸ਼ੁਰੂ ਵਿਚ ਭਾਈ ਗੁਰਦਾਸ ਜੀ ਦੀ ਰਚਨਾ ਵਿਚ ਆਏ ਸਰਗੁਣ ਭਗਤੀ ਭਾਵ ਦਾ ਵਿਸ਼ਲੇਸ਼ਣ ਕਰਦੇ ਡਾ. ਜੱਗੀ

ਕਹਿੰਦੇ ਹਨ ਕਿ ਹੋ ਸਕਦਾ ਹੈ ਭਾਈ ਗੁਰਦਾਸ ਜੀ ਨੇ ਅਵਤਾਰਵਾਦ ਦੀ ਕਲਪਨਾ ਭੱਟ-ਬਾਣੀ ਦੇ ਪ੍ਰਭਾਵ ਅਧੀਨ ਕੀਤੀ ਹੋਵੇ। ਭਾਈ ਗੁਰਾਦਸ ਜੀ ਵਲੋਂ ਜਿਥੇ ਪੌਰਾਣਿਕ ਅਥਵਾ ਅਵਤਾਰਵਾਦੀ ਪਰੰਪਰਾ ਦਾ ਖੰਡਨ ਕੀਤਾ ਗਿਆ ਹੈ ਉਥੇ ਪੌਰਾਣਿਕ ਸਾਮਗਰੀ ਨੂੰ ਵਰਤ ਕੇ ਇਕ ਨਵੀਂ ਅਵਤਾਰ-ਪਰੰਪਰਾ ਦੀ ਕਲਪਨਾ ਕਰਦੇ ਹਨ। ਪੰਜਾਬ ਵਿਚ ਰਾਮ ਅਤੇ ਕ੍ਰਿਸ਼ਣ ਭਗਤੀ ਦੇ ਵਿਕਾਸ ਨੂੰ ਦਰਸਾਉਂਦਿਆਂ ਕਹਿੰਦੇ ਹਨ ਕਿ 17ਵੀਂ ਸਦੀ ਤਕ ਪੰਜਾਬੀ ਸਭਿਆਚਾਰ ਵਿਚ ਸ੍ਰੀ ਰਾਮ ਅਤੇ ਸ੍ਰੀ ਕ੍ਰਿਸ਼ਣ ਦੇ ਸਰੂਪ, ਭਗਤੀ, ਲੀਲਾਵਾਂ, ਕੌਤਕਾਂ ਆਦਿ ਦਾ ਕਾਫ਼ੀ ਅੰਸ਼ ਆ ਮਿਲਿਆ। ਇਨ੍ਹਾਂ ਬ੍ਰਿਤਾਤਾਂ ਨੇ ਹੀ 18ਵੀਂ, 19ਵੀਂ ਅਤੇ 20ਵੀਂ ਸਦੀ ਵਿਚ ਰਾਮ ਅਤੇ ਕ੍ਰਿਸ਼ਣ ਕਾਵਿ ਨੂੰ ਵਿਕਸਿਤ ਕਰਨ ਵਿਚ ਭੂਮਿਕਾ ਨਿਭਾਈ। ਕਵੀ ਕਿਸ਼ਣ ਲਾਲ ਅਤੇ ਕਵੀ ਗੁਆਲ ਦਾਸ ਦੀਆਂ ਰਚਨਾਵਾਂ ਦੇ ਇਤਿਹਾਸਕ-ਕ੍ਰਮ ਦਾ ਵਿਸ਼ਲੇਸ਼ਣ ਕਰਦਿਆਂ ਕਹਿੰਦੇ ਹਨ ਕਿ ਦੋਵੇਂ ਲਿਖਾਰੀ ਕ੍ਰਿਸ਼ਣ ਭਗਤੀ ਵਿਚ ਪੂਰੀ ਤਰ੍ਹਾਂ ਮਗਨ ਹਨ, ਜਿਨ੍ਹਾਂ ਦੀਆਂ ਰਚਨਾਵਾਂ ਵਿਚ ਕ੍ਰਿਸ਼ਣ ਭਗਤੀ ਦਾ ਚਿਤਰਣ ਬਹੁਤਾਤ ਰੂਪ ਵਿਚ ਹੋਇਆ ਹੈ। ਸ਼ੈਵ-ਸ਼ਾਕਤ ਉਪਾਸਨਾ ਦਾ ਵਿਸ਼ਲੇਸ਼ਣ ਕਰਦਿਆਂ ਦੱਸਦੇ ਹਨ ਕਿ ਇਹ ਕਾਵਿ-ਪ੍ਰਵਿਰਤੀ ਕੇਵਲ *ਦਸਮ ਗ੍ਰੰਥ* ਵਿਚ ਮਿਲਦੀ ਹੈ ਅਤੇ ਸ਼ੈਵ-ਸ਼ਾਕਤ ਅਧਿਆਤਮਕ ਪਰੰਪਰਾਵਾਂ ਦਾ ਵਿਸਤਾਰ ਕਰਦੀ ਹੈ। ਮਹਾਕਾਲ-ਕਾਲਿਕਾ ਦੇ ਚਰਿਤ੍ਰਾਂ ਤੋਂ ਪ੍ਰਭਾਵਿਤ ਸ਼ੈਵ-ਸ਼ਾਕਤ ਉਪਾਸਨਾ ਦਾ *ਦਸਮ-ਗ੍ਰੰਥ* ਦੁਆਰਾ ਪੰਜਾਬ ਵਿਚ ਵੀਰ-ਭਾਵਨਾ ਦੇ ਸੰਚਾਰ ਲਈ ਵਿਕਾਸ ਹੁੰਦਾ ਹੈ।

'ਅਵਤਾਰਵਾਦੀ ਪ੍ਰਬੰਧ-ਕਾਵਿ ਪਰੰਪਰਾ' ਪੁਸਤਕ ਦਾ ਪੰਜਵਾਂ ਅਧਿਆਇ ਹੈ। ਜਿਸ ਵਿਚ ਅਵਤਾਰਵਾਦੀ ਪ੍ਰਬੰਧ-ਕਾਵਿ ਦੇ ਵਿਕਾਸ ਉਤੇ ਵਿਚਾਰ ਕਰਦਿਆਂ ਪੌਰਾਣਿਕ ਕਥਾ-

ਪ੍ਰਸੰਗਾਂ ਨੂੰ ਵਿਸ਼ਾ ਬਣਾਇਆ ਗਿਆ ਹੈ। ਇਨ੍ਹਾਂ ਰਚਨਾਵਾਂ ਵਿਚ ਹਿਰਦੇਰਾਮ ਭੱਲਾ ਕ੍ਰਿਤ *ਹਨੂਮਾਨ ਨਾਟਕ, ਦਸਮ ਗ੍ਰੰਥ* ਵਿਚਲੇ 'ਚੌਬੀਸ ਅਵਤਾਰ' ਅਤੇ 'ਉਪ-ਅਵਤਾਰ' ਪ੍ਰਸੰਗ ਅਤੇ *ਸਰਬ-ਲੋਹ ਗ੍ਰੰਥ* ਨੂੰ ਆਧਾਰ ਬਣਾਇਆ ਗਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ *ਹਨੂਮਾਨ ਨਾਟਕ* ਵਿਚ ਯੁੱਧ ਵਰਨਣ ਬਹੁਤ ਰੁਚੀ ਨਾਲ ਕੀਤਾ ਗਿਆ ਹੈ ਅਤੇ ਬਨ-ਗਮਨ, ਬਿਰਹੋ-ਵਰਨਣ, ਪ੍ਰਕ੍ਰਿਤੀ-ਚਿਤ੍ਰਣ ਦਾ ਉਲੇਖ ਵੀ ਦਿਲਚਸਪੀ ਨਾਲ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਹ ਨਾਟਕ ਪੰਜਾਬ ਵਿਚ ਸਰਗੁਣ ਭਗਤੀ ਦੇ ਬੀਜ ਬੀਜਦਾ ਹੈ। 'ਚੌਬੀਸ ਅਵਤਾਰ' ਰਚਨਾ ਵਿਚ ਵਿਸ਼ਣੂ ਦੇ ਚੌਬੀਸ ਅਵਤਾਰਾਂ ਦਾ ਵਰਨਣ ਪੇਸ਼ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਰਚਨਾ ਦਾ ਪਿਛੋਕੜ ਅਵਤਾਰਵਾਦ ਹੈ ਜੋ ਕਿ ਪੁਰਾਣ-ਸਾਹਿਤ ਦੀ ਰੀੜ੍ਹ ਦੀ ਹੱਡੀ ਕਹੀ ਜਾ ਸਕਦੀ ਹੈ। ਰਾਮਾ ਅਵਤਾਰ, ਕ੍ਰਿਸ਼ਣਾਵਤਾਰ ਅਤੇ ਕਲਕੀ-ਅਵਤਾਰ ਆਦਿ ਦੇ ਪ੍ਰਸੰਗਾਂ ਦਾ ਵਰਨਣ ਕਰਦਿਆਂ ਕਹਿੰਦੇ ਹਨ ਕਿ ਕਵੀ *ਦਸਮ ਗ੍ਰੰਥ* ਵਿਚਲੀਆਂ ਅਵਤਾਰ ਕਥਾਵਾਂ ਵਿਚ ਅਵਤਾਰਵਾਦ ਦੇ ਸਿਧਾਂਤ ਨੂੰ ਸਵੀਕਾਰਦਾ ਹੋਇਆ ਪੌਰਾਣਿਕ ਸੋਚ ਤੋਂ ਸਤੁੰਤਰ ਹੈ। ਕਿਉਂਕਿ ਅਵਤਾਰਵਾਦ ਵਿਚ ਸਰਗੁਣ ਭਗਤੀ ਨੂੰ ਵਿਕਸਿਤ ਕਰਨ ਦਾ ਕਵੀ ਦਾ ਉਦੇਸ ਨਹੀਂ ਹੈ। ਉਪ-ਅਵਤਾਰਾਂ-ਬ੍ਰਹਮਾ ਅਤੇ ਰੁਦ੍ਰ ਦਾ ਵਰਨਣ ਕਰਦਿਆਂ ਉਨ੍ਹਾਂ ਦਾ ਕਹਿਣਾ ਹੈ ਕਿ ਬ੍ਰਹਮਾ ਅਤੇ ਰੁਦ੍ਰ ਨੂੰ ਸਤੁੰਤਰ ਦੇਵ-ਸੱਤਾ ਨਾ ਮੰਨਦਿਆਂ ਵਿਸ਼ਣੂ ਅਧੀਨ ਹੀ ਪ੍ਰਵਾਨ ਕੀਤਾ ਗਿਆ ਹੈ। *ਸਰਬਲੋਹ ਗ੍ਰੰਥ* ਵਿਚ ਵਰਣਿਤ ਸਰਬਲੋਹ-ਅਵਤਾਰ ਦਾ ਇਤਿਹਾਸਿਕ ਪਰਿਚਯ ਦਿੱਤਾ ਗਿਆ ਹੈ। ਉਹ ਕਹਿੰਦੇ ਹਨ ਕਿ ਇਹ ਇਕ ਪ੍ਰਕਾਰ ਦਾ ਭਾਸ਼ਾ ਪੁਰਾਣ ਹੈ ਜਿਸ ਵਿਚ ਅਵਤਾਰਵਾਦੀ ਭਾਵਨਾ ਤੋਂ ਇਲਾਵਾ ਗੁਰੂ ਨਾਨਕ ਦੀ ਭਗਤੀ ਲਹਿਰ ਦੀ ਸ਼ਾਲਾਘਾ ਵੀ ਕੀਤੀ

ਗਈ ਹੈ।

ਛੇਵੇਂ ਅਧਿਆਇ ਵਿਚ ਸੂਫ਼ੀ ਸਾਧਕਾਂ ਦੀਆਂ ਰਚਨਾਵਾਂ ਦਾ ਵਿਸ਼ਲੇਸ਼ਣ ਕਰਕੇ ਉਨ੍ਹਾਂ ਦੇ ਕਾਵਿ ਦੇ ਇਤਿਹਾਸ ਉਪਰ ਚਾਨਣਾ ਪਾਉਂਦੇ ਕਹਿੰਦੇ ਹਨ ਕਿ ਸੂਫ਼ੀ-ਕਾਵਿ ਪਰੰਪਰਾ ਦਾ ਆਰੰਭ ਪੰਜਾਬੀ ਸਾਹਿਤ ਦੇ ਆਦਿ ਕਾਲ ਵਿਚ ਹੋ ਗਿਆ ਸੀ। ਜਦੋਂ ਮੁਸਲਮਾਨ ਸਾਸ਼ਕ ਪੰਜਾਬ ਤੇ ਹਮਲਾ ਕਰਨ ਆਏ ਤਾਂ ਉਨ੍ਹਾਂ ਨੇ ਆਪਣਾ ਸਭਿਆਚਾਰ ਵੀ ਨਾਲ ਲਿਆਂਦਾ। ਸ਼ਾਹ ਹੁਸੈਨ, ਸੁਲਤਾਨ ਬਾਹੂ, ਸ਼ਾਹ ਸ਼ਰਫ਼ ਅਤੇ ਸ਼ਾਹ ਮੁਰਾਦ ਦੇ ਜੀਵਨ, ਰਚਨਾ ਅਤੇ ਵਿਚਾਰਧਾਰਾ ਆਦਿ ਬਾਰੇ ਚਾਨਣਾ ਪਾਇਆ ਗਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਨ੍ਹਾਂ ਕਵੀਆਂ ਨੇ ਸ਼ਰ੍ਹਾ ਤੋਂ ਉਪਰ ਉਠ ਕੇ ਸੱਚੀ ਸਾਧਨਾ ਨੂੰ ਆਦਰ ਦਿਤਾ ਅਤੇ ਆਦਿ-ਕਾਲ ਤੋਂ ਚਲੀ ਆ ਰਹੇ ਸੂਫ਼ੀ-ਕਾਵਿ ਪਰੰਪਰਾ ਨੂੰ ਅੱਗੇ ਵਧਾਇਆ। ਇਨ੍ਹਾਂ ਦੁਆਰਾ ਆਪਣੀਆਂ ਰਚਨਾਵਾਂ ਵਿਚ ਵਰਤੇ ਢੁਕਵੇਂ ਪ੍ਰਤੀਕਾਂ, ਬਿੰਬਾਂ ਅਤੇ ਉਪਮਾਨਾਂ ਦੁਆਰਾ ਸੂਫ਼ੀ ਕਾਵਿ ਦੀ ਗੌਰਵਤਾ ਨੂੰ ਵਧਾਇਆ ਗਿਆ ਹੈ। ਇਸ ਤੋਂ ਇਲਾਵਾ ਕਾਫ਼ੀ, ਸੀਹਰਫ਼ੀ, ਗ਼ਜ਼ਲ ਆਦਿ ਵਿਚ ਰਚਨਾ ਕਰਕੇ ਇਨ੍ਹਾਂ ਵਿਧਾਵਾਂ ਨੂੰ ਵੀ ਪੰਜਾਬੀ ਸਾਹਿਤ ਵਿਚ ਪ੍ਰਚਲਿਤ ਕੀਤਾ।

ਸੱਤਵੇਂ ਅਧਿਆਇ 'ਕਿੱਸਾ-ਕਾਵਿ ਪਰੰਪਰਾ' ਵਿਚ ਕਿੱਸਾ-ਕਾਵਿ ਦੇ ਇਤਿਹਾਸਕ ਵਿਕਾਸ ਨੂੰ ਲਿਆ ਗਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਪਰੰਪਰਾ ਪਿਛਲੇ ਚਾਰ ਸੌ ਸਾਲ ਤੋਂ ਚਲੀ ਆ ਰਹੀ ਹੈ। ਇਸ ਪਰੰਪਰਾ ਤੋਂ ਪੰਜਾਬੀ ਸਾਹਿਤ ਵਿਚ ਗਲਪ ਅਤੇ ਦੁਖਾਂਤ ਸਾਹਿਤ ਦੀਆਂ ਪਰੰਪਰਾਵਾਂ ਹੋਂਦ ਵਿਚ ਆਈਆਂ। ਇਸ ਨਾਲ ਪੰਜਾਬੀ ਸਾਹਿੱਤ ਦੀਆਂ ਸੀਮਾਵਾਂ ਦਾ ਵਿਸਤਾਰ ਹੁੰਦਾ ਹੈ।

ਅੱਠਵਾਂ ਅਧਿਆਇ 'ਵੀਰ-ਕਾਵਿ ਪਰੰਪਰਾ' ਨਾਲ ਸਬੰਧਿਤ ਹੈ। ਇਸ ਵਿਚ ਵੀਰ-ਕਾਵਿ ਦੇ ਇਤਿਹਾਸ ਬਾਰੇ ਜਾਣਕਾਰੀ ਦਿੰਦਿਆਂ ਕਹਿੰਦੇ ਹਨ ਕਿ ਪੰਜਾਬੀ ਵਿਚ ਵੀਰ-ਭਾਵਨਾ ਦੇ ਪ੍ਰਗਟਾਵੇ ਲਈ 'ਵਾਰ' ਕਾਵਿ ਰੂਪ ਵਿਚ ਵਰਤਿਆ ਗਿਆ ਹੈ। ਡਾ. ਜੱਗੀ ਦਾ ਕਹਿਣਾ ਹੈ ਕਿ ਵਾਰ-ਕਾਵਿ ਵਿਧਾ ਵਿਚ ਵੀਰ-ਕਾਵਿ ਦੀ ਰਚਨਾ 'ਚੰਡੀ ਦੀ ਵਾਰ' ਹੈ ਜਿਸ ਵਿਚ ਦੇਵੀ ਸਬੰਧੀ ਪੁਰਾਤਨ ਵਾਰਤਾ ਕਹੀ ਗਈ ਹੈ। ਇਸ ਰਚਨਾ ਦਾ ਭਾਵ ਮਨੁੱਖਤਾ ਲਈ ਆਤਮ-ਗੌਰਵਤਾ ਪ੍ਰਾਪਤ ਕਰਨਾ ਹੈ। ਇਸ ਤੋਂ ਇਲਾਵਾ ਇਸ ਸਮੇਂ ਦੌਰਾਨ *ਜੰਗਨਾਮਾ ਕਰਬਲਾ* ਅਤੇ *ਜੰਗਨਾਮਾ ਗੁਰੂ ਗੋਬਿੰਦ ਸਿੰਘ* ਆਦਿ 'ਕਾਵਿ-ਵਿਧਾਂ' ਪ੍ਰਾਪਤ ਹੁੰਦੀਆਂ ਹਨ। ਜਿਨ੍ਹਾਂ ਤੋਂ ਕਵੀ ਸੈਨਾਪਤਿ ਅਤੇ ਭਾਈ ਜੈਤਾ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਯੁੱਧ ਕਰਨ ਦੇ ਤਰੀਕਿਆਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਹੈ। ਇਹ ਰਚਨਾਵਾਂ ਦਾ ਮਨੋਰਥ ਰਾਸ਼ਟਰ ਦੀ ਰਖਿਆ ਲਈ ਚੇਤਨਾ ਪੈਦਾ ਕਰਨਾ ਹੈ। ਚਰਿਤ-ਕਾਵਿ ਦੇ ਰੂਪ ਵਿਚ *ਸ੍ਰੀ ਗੁਰ-ਸੋਭਾ* ਅਤੇ *ਸ੍ਰੀ ਗੁਰ-ਕਥਾ* ਜਿਹੀਆਂ ਰਚਨਾਵਾਂ ਸਾਹਮਣੇ ਆਈਆਂ ਜਿਨ੍ਹਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਯੁੱਧਾਂ ਦਾ ਵੇਰਵਾ ਦੇਣ ਦੇ ਨਾਲ-ਨਾਲ ਗੁਰੂ ਜੀ ਦੇ ਵਿਅਕਤਿਤਵ ਦੇ ਗੁਣਾਂ ਨੂੰ ਵੀ ਪੇਸ਼ ਕੀਤਾ ਗਿਆ ਹੈ।

***ਪੰਜਾਬੀ ਸਾਹਿਤ ਦਾ ਸਰੋਤ ਮੂਲਕ-ਇਤਿਹਾਸ (ਭਾਗ ਚੌਥਾ)***

ਇਸ ਭਾਗ ਵਿਚ 1500 ਤੋਂ 1700 ਈ. ਤੱਕ ਦੇ ਪੁਰਾਤਨ ਗਦ ਅਤੇ ਉਤਰਾਰਧ ਵਿਚ ਸੰਨ 1701 ਤੋਂ 1870 ਈ. ਤੱਕ ਦੇ ਗੱਦ ਨੂੰ ਵਿਸ਼ਲੇਸ਼ਣ ਦਾ ਆਧਾਰ ਬਣਇਆ ਗਿਆ ਹੈ।

ਪਹਿਲਾ ਅਧਿਆਇ 'ਪੰਜਾਬੀ ਗੱਦ ਦਾ ਆਰੰਭ' ਹੈ। ਜਿਸ ਵਿਚ ਉਨ੍ਹਾਂ ਦਾ ਕਹਿਣਾ ਹੈ ਕਿ *ਪੁਰਾਤਨ ਜਨਮਸਾਖੀ* ਦਾ 1588 ਈ. ਵਿਚ ਲਿਖਿਆ ਜਾਣਾ ਇਹ ਸਿੱਧ ਕਰਦਾ ਹੈ ਕਿ

ਪੰਜਾਬੀ ਸਾਹਿਤ ਵਿਚ ਕਾਫ਼ੀ ਪਹਿਲਾਂ ਗਦ ਦਾ ਆਰੰਭ ਹੋ ਚੁੱਕਾ ਸੀ ਪਰ ਇਸ ਵਿਧਾ ਦਾ ਸਹੀ ਵਿਕਾਸ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੋਇਆ। *ਪੁਰਾਤਨ ਜਨਮਸਾਖੀ* ਗਦ ਵਿਧਾ ਦਾ ਆਧਾਰ ਹੈ ਜਿਸ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਨੂੰ ਬੜੀ ਭਾਵਨਾ ਨਾਲ ਚਿਤਰਿਆ ਗਿਆ ਹੈ। *ਜਨਮਸਾਖੀ* ਸਾਹਿਤ ਤੋਂ ਹੀ ਅੱਗੇ ਸਾਖੀ, ਗੋਸ਼ਟਿ, ਪਰਮਾਰਥ, ਬਚਨ, ਜੀਵਨੀ ਅਤੇ ਟੀਕਾਕਾਰੀ ਆਦਿ ਵਿਧਾਵਾਂ ਦਾ ਵਿਕਾਸ ਹੁੰਦਾ ਹੈ।

ਦੂਜੇ ਅਧਿਆਇ 'ਮੁੱਢਲੀ ਜਨਮਸਾਖੀ' ਵਿਚ *ਪੁਰਾਤਨ ਜਨਮਸਾਖੀ* ਨੂੰ ਭਾਸ਼ਾ, ਸ਼ੈਲੀ, ਸਾਹਿੱਤਿਕ ਪੱਖ ਅਤੇ ਵਿਚਾਰਧਾਰਾ ਆਦਿ ਦੇ ਪੱਖੋਂ ਪਰਖਦਿਆਂ ਕਹਿੰਦੇ ਹਨ ਕਿ *ਪੁਰਾਤਨ ਜਨਮਸਾਖੀ* ਪੰਜਾਬੀ ਗਦ ਦੀ ਮੁੱਢਲੀ ਅਤੇ ਸਰਵੋਤਮ ਰਚਨਾ ਹੈ। ਇਸੇ 'ਜਨਮਸਾਖੀ' ਦੇ ਤੱਥਾਂ ਆਦਿ ਨੂੰ ਲੈ ਕੇ ਹੀ ਇਸ ਵਿਧਾ ਨੂੰ ਅੱਗੇ ਤੋਰਿਆ ਹੈ। ਇਉਂ ਇਸ 'ਜਨਮਸਾਖੀ' ਦੇ ਆਧਾਰਿਤ ਹੀ ਗਦ ਵਿਧਾ ਦਾ ਮਹਿਲ ਉਸਰਦਾ ਹੈ।

ਤੀਜਾ ਅਧਿਆਇ 'ਮਿਹਰਬਾਨ ਸੰਪਰਦਾਇ ਦੀ ਦੇਣ-1' ਵਿਚ ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬੀ ਗੱਦ ਵਿਚ ਮਿਹਰਬਾਨ ਸੰਪਰਦਾਇ ਦੀ ਮਹੱਤਵਪੂਰਣ ਦੇਣ ਹੈ। ਸੋਢੀ-ਮਿਹਰਬਾਨ ਨਾਲ ਸੰਬੰਧਿਤ ਰਚਨਾ *ਜਨਮਸਾਖੀ ਗੁਰੂ ਨਾਨਕ ਦੇਵ ਜੀ* ਉਸਦੇ ਪੁੱਤਰ ਹਰਿ ਜੀ ਦੀਆਂ ਰਚਨਾਵਾਂ *ਗੋਸ਼ਟਾਂ ਮਿਹਰਬਾਨ ਜੀ ਕੀਆਂ* ਅਤੇ *ਸੁਖਮਨੀ ਸਹੰਸ੍ਰਨਾਮ ਪਰਮਾਰਥ* ਬਾਰੇ ਚਰਚਾ ਕੀਤੀ ਗਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ *ਜਨਮਸਾਖੀ ਗੁਰੂ ਨਾਨਕ ਦੇਵ ਜੀ* ਨੂੰ ਪੰਜਾਬੀ ਗੱਦ ਵਿਚ ਮਹੱਤਵਪੂਰਣ ਸਥਾਨ ਪ੍ਰਾਪਤ ਹੈ ਕਿਉਂਕਿ ਇਸ ਤੋਂ ਵੱਡੇ ਆਕਾਰ ਦੀ ਕੋਈ ਵੀ ਰਚਨਾ ਇਸ ਤੋਂ ਪਹਿਲਾਂ ਨਹੀਂ ਮਿਲਦੀ। ਇਸ 'ਜਨਮਸਾਖੀ' ਦੀ ਸ਼ਬਦਾਵਲੀ ਬੜੀ ਅਮੀਰ ਹੈ ਅਤੇ

ਇਸ ਵਿਚੋਂ ਅਨੇਕਾਂ ਭਾਸ਼ਾਵਾਂ ਦੇ ਦਰਸ਼ਨ ਹੋ ਜਾਂਦੇ ਹਨ। ਪ੍ਰੰਤੂ ਇਸ 'ਜਨਮਸਾਖੀ' ਵਿਚ *ਪੁਰਾਤਨ ਜਨਮਸਾਖੀ* ਨਾਲੋਂ ਪੰਜਾਬੀ-ਪਨ ਘੱਟ ਦੇਖਣ ਨੂੰ ਮਿਲਦਾ ਹੈ। ਮਿਹਰਬਾਨ ਨੇ *ਗੋਸ਼ਟਾਂ* ਵਿਚ ਟੀਕਾ ਵਿਧੀ ਦੀ ਵਰਤੋਂ ਕੀਤੀ ਹੈ। ਗੁਰਮਤਿ ਸਾਹਿਤ ਵਿਚ ਮਿਹਰਬਾਨ ਇਸ ਵਿਧੀ ਦੇ ਪਹਿਲੇ ਲਿਖਾਰੀ ਵਜੋਂ ਸਾਹਮਣੇ ਆਉਂਦਾ ਹੈ।

ਚੌਥਾ ਅਧਿਆਇ 'ਮਿਹਰਬਾਨ ਸੰਪਰਦਾਇ ਦੀ ਦੇਣ-2' ਹੈ ਜਿਸ ਵਿਚ ਸੋਢੀ ਹਰਿ ਜੀ ਦਾ ਜੀਵਨ ਬ੍ਰਿਤਾਂਤ, ਸਾਹਿਤ ਸਾਧਨਾ ਅਤੇ 'ਗੋਸ਼ਟਾਂ ਮਿਹਰਬਾਨ ਜੀ ਕੀਆਂ', 'ਸੁਖਮਨੀ ਸਹੰਸ੍ਰਨਾਮ ਪਰਮਾਰਥ' ਅਤੇ 'ਸਿੰਘਾਸਨ ਬਤੀਸੀ' ਦਾ ਵਿਸ਼ਾ ਵਸਤੂ,ਵਸਤੂ ਵਿਧਾਨ,ਚਰਿਤ੍ਰ-ਨਾਇਕ ਦਾ ਸਰੂਪ ਅਤੇ ਭਾਸ਼ਾ ਸ਼ੈਲੀ ਪੱਖੋਂ ਵਿਚਾਰ ਕੀਤੀ ਗਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਹਰਿ ਜੀ ਨਾਲ ਭਾਵੇਂ ਕਈ ਰਚਨਾਵਾਂ ਸੰਬੰਧਿਤ ਹਨ ਪਰ *ਸੁਖਮਨੀ ਸਹੰਸ੍ਰਨਾਮ* ਅਤੇ *ਗੋਸ਼ਟਾਂ ਮਿਹਰਬਾਨ ਜੀ ਕੀਆਂ* ਰਚਨਾਵਾਂ ਹੀ ਪਰਮਾਣਕ ਮੰਨੀਆਂ ਜਾ ਸਕਦੀਆਂ ਹਨ। *ਸਿਘਾਸਨ ਬਤੀਸੀ* ਦਾ ਸਰੂਪ ਸੰਦਿਗਧ ਹੈ, ਜਿਸ ਵਿਚ ਹਿੰਦੀ, ਪੰਜਾਬੀ (ਲਹਿੰਦੀ), ਸੰਸਕ੍ਰਿਤ ਅਤੇ ਫ਼ਾਰਸੀ ਸ਼ਬਦਾਵਲੀ ਦੀ ਵਰਤੋਂ ਹੋਈ ਹੈ। ਪੰਜਾਬੀ ਗਦ ਦੇ ਵਿਕਾਸ ਵਿਚ ਇਸ ਰਚਨਾ ਦਾ ਮਹੱਤਵ ਘੱਟ ਮੰਨਿਆ ਜਾਂਦਾ ਹੈ।

'ਪਰਮਾਰਥ/ਟੀਕਾ ਵਿਧਾ ਅਤੇ ਮਿਹਰਬਾਨ ਸੰਪਰਦਾਇ' ਪੰਜਵਾਂ ਅਧਿਆਇ ਹੈ। ਜਿਸ ਵਿਚ ਪੰਜਾਬੀ ਟੀਕਿਆਂ ਦੇ ਆਰੰਭ ਬਾਰੇ ਗੱਲ ਕਰਦਿਆਂ ਕਹਿੰਦੇ ਹਨ ਕਿ ਪੰਜਾਬੀ ਸਾਹਿਤ ਵਿਚ ਗੁਰੂ ਨਾਨਕ ਦੇਵ ਜੀ ਬਾਣੀ ਦੀ ਵਿਆਖਿਆ ਨਾਲ ਇਸਦਾ ਮੁੱਢ ਬੱਝਦਾ ਹੈ। ਗੁਰਬਾਣੀ ਦੇ ਗਦ ਪ੍ਰਧਾਨ ਪਰਮਾਰਥ/ਟੀਕਿਆਂ ਬਾਰੇ ਚਾਨਣਾ ਪਾਉਂਦਿਆਂ ਕਹਿੰਦੇ ਹਨ ਕਿ

*ਪੁਰਾਤਨ ਜਨਮਸਾਖੀ* (ਰਚਨਾ-ਕਾਲ 1588 ਈ.) ਤੋਂ ਪੰਜਾਬੀ ਵਿਚ ਗਦ ਪ੍ਰਧਾਨ ਟੀਕਾਕਾਰੀ ਦਾ ਆਰੰਭ ਹੁੰਦਾ ਹੈ। ਸੋਢੀ ਮਿਹਰਬਾਨ ਦੀ ਟੀਕਾਕਾਰੀ, ਹਰਿਜੀ ਅਤੇ ਚਤੁਰਭੁਜ ਦੀ ਦੋਵੇਂ ਟੀਕਾਕਾਰ ਬੜੀ ਸਾਵਧਾਨੀ ਨਾਲ ਟੀਕਾ ਕਰਦੇ ਹੋਏ ਗੁਰਬਾਣੀ ਦਾ ਵਾਸਤਵਿਕ ਬੋਧ ਕਰਾਉਣ ਦਾ ਯਤਨ ਕਰਦੇ ਹਨ। ਜਿਨ੍ਹਾਂ ਦੀ ਟੀਕਾਕਾਰੀ ਵਿਚ ਭਾਰਤੀ ਦਰਸ਼ਨ ਅਤੇ ਧਾਰਮਿਕ ਪਰੰਪਰਾਵਾਂ ਦਾ ਸਰੂਪ ਵੇਖਣ ਨੂੰ ਮਿਲਦਾ ਹੈ। ਉਹ ਟੀਕਾਕਾਰੀ ਕਰਦਿਆਂ ਗੂੜ੍ਹ ਅਧਿਆਤਮਿਕ ਵਿਸ਼ਿਆਂ ਨੂੰ ਰੋਚਕ ਢੰਗ ਨਾਲ ਪੇਸ਼ ਕਰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪੂਰੀਆਂ ਬਾਣੀਆਂ ਦਾ ਟੀਕਾ ਕਰਨ ਵਿਚ ਮਿਹਰਬਾਨ ਸ਼ਾਖਾ ਨੇ ਪਹਿਲ ਕੀਤੀ ਹੈ।

ਛੇਵਾਂ ਅਧਿਆਇ 'ਭਾਈ ਬਾਲੇ ਵਾਲੀ ਜਨਮਸਾਖੀ' ਨਾਲ ਸੰਬੰਧਿਤ ਹੈ, ਜਿਸ ਵਿਚ ਉਨ੍ਹਾਂ ਦਾ ਕਹਿਣਾ ਹੈ ਕਿ ਇਸਦਾ ਸਰੂਪ ਸੰਕਾਮਈ ਹੈ। ਇਸ *ਜਨਮਸਾਖੀ* ਵਿੱਚ ਜਿਥੇ ਵਾਕ ਨਿੱਕੇ ਨਿੱਕੇ ਹਨ ਉਥੇ ਅਰਬੀ ਫ਼ਾਰਸੀ ਦੀ ਭਰਪੂਰ ਵਰਤੋਂ ਕੀਤੀ ਗਈ ਹੈ। ਇਸ ਵਿਚ ਰੌਚਕਤਾ ਬਹੁਤ ਘੱਟ ਵੇਖਣ ਨੂੰ ਮਿਲਦੀ ਹੈ। 'ਜਨਮਸਾਖੀ' ਪਰੰਪਰਾ ਦੇ ਵਿਕਾਸ ਦੇ ਇਤਿਹਾਸਿਕ ਕ੍ਰਮ ਵਿਚ ਇਹ ਰਚਨਾ ਤੀਜੇ ਪੜ੍ਹਾਅ 'ਤੇ ਖੜੀ ਹੈ।

ਸੱਤਵੇਂ ਅਧਿਆਇ ਵਿਚ ਜਨਮਸਾਖੀਆਂ ਵਿਚ ਹੋਈ ਰਲਗਡ ਦਾ ਜਿਕਰ ਕੀਤਾ ਗਿਆ ਹੈ। ਇਸ ਅਧਿਆਇ ਵਿਚ ਆਦਿ ਸਾਖੀਆਂ *ਸੰਭੂਨਾਥ ਵਾਲੀ ਜਨਮਪਤ੍ਰੀ ਬਾਬੇ ਨਾਨਕ ਜੀ ਕੀ, ਪੁਰਾਤਨ ਜਨਮਸਾਖੀ ਗੁਰੂ ਨਾਨਕ ਦੇਵ ਜੀ ਕੀ, ਪ੍ਰਾਚੀਨ ਜਨਮਸਾਖੀ* ਅਤੇ *ਜਨਮਸਾਖੀ ਗੁਰੂ ਨਾਨਕ ਦੇਵ ਜੀ* ਦਾ ਅਧਿਐਨ ਪੇਸ਼ ਕੀਤਾ ਗਿਆ ਹੈ। ਇਨ੍ਹਾਂ ਸਾਖੀਆਂ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਇਹ ਚਾਰੇ ਜਨਮਸਾਖੀਆਂ ਨਿਰ ਆਧਾਰ ਤੱਤਾਂ ਦਾ ਸੁਮੇਲ ਹਨ। 'ਜਨਮਸਾਖੀ' ਸਾਹਿਤ

ਵਿਚ ਇਤਿਹਾਸਕ ਅਤੇ ਸਾਹਿਤਕ ਦ੍ਰਿਸ਼ਟੀ ਤੋਂ ਇਨ੍ਹਾਂ ਚਾਰੇ 'ਜਨਮਸਾਖੀਆਂ' ਦਾ ਸਥਾਨ ਬਹੁਤ ਬਾਅਦ ਵਿਚ ਆਉਂਦਾ ਹੈ

ਅੱਠਵਾਂ ਅਧਿਆਇ 'ਫੁਟਕਲ ਰਚਨਾਵਾਂ' ਵਿਚ ਸੰਨ 1978 ਵਿਚ ਡਾ. ਨਰਿੰਦਰ ਕੌਰ ਭਾਟੀਆ ਦੁਆਰਾ ਸੰਪਾਦਿਤ ਕੀਤੀਆਂ 38 ਸਾਖੀਆਂ ਬਾਰੇ ਅਤਿ ਸੰਖੇਪ ਅਤੇ ਮਹੱਤਵਪੂਰਣ ਜਾਣਕਾਰੀ ਦਿੱਤੀ ਗਈ ਹੈ। ਡਾ. ਜੱਗੀ ਦਾ ਕਹਿਣਾ ਹੈ ਕਿ ਇਨ੍ਹਾਂ ਸਾਖੀਆਂ ਦਾ ਕਰਤਿਤਵ ਅਤੇ ਰਚਨਾ-ਕਾਲ ਸ਼ੰਕਾ ਵਾਲਾ ਹੈ। ਇਨ੍ਹਾਂ ਜਨਮਸਾਖੀਆਂ ਵਿਚ ਗੁਰੂ ਸਾਹਿਬਾਨ ਵਲੋਂ ਸਮੇਂ-ਸਮੇਂ 'ਤੇ ਦਿਤੇ ਉਪਦੇਸ਼ਾਂ/ਆਦੇਸ਼ਾਂ ਨੂੰ ਲਿਪੀ-ਬੱਧ ਕੀਤਾ ਗਿਆ ਹੈ ਪ੍ਰੰਤੂ ਇਨ੍ਹਾਂ ਰਚਨਾਵਾਂ ਦੇ ਲੇਖਕ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ। ਇਨ੍ਹਾਂ ਵਿਚਲੀ ਵਸਤੂ ਵੀ ਇਕ ਸਮਾਨ ਨਹੀਂ ਹੈ।ਜਿਆਦਾਤਰ ਇਨ੍ਹਾਂ ਸਾਖੀਆਂ ਵਿਚ ਗੁਰੂ ਦਾ ਮਹੱਤਵ, ਗੁਰੂ ਅਤੇ ਪਰਮਾਤਮਾ ਦੀ ਅਭੇਦਤਾ, ਗੁਰੂ ਅਤੇ ਸਿੱਖ ਦਾ ਸੰਬੰਧ, ਗੁਰੂ ਦੀ ਸਮਰੱਥਾ ਅਤੇ ਗੁਰੂ ਪ੍ਰਤਿ ਸਿੱਖ ਦਾ ਕਰਤੱਵ ਆਦਿ ਵਿਸ਼ਿਆਂ ਨੂੰ ਲਿਆ ਗਿਆ ਹੈ। ਇਨ੍ਹਾਂ ਵਿਚ ਮਹਾਂਪੁਰਸ਼ਾਂ ਦੇ ਬੋਲਾਂ ਨੂੰ ਆਮ ਭਾਸ਼ਾ ਦੁਆਰਾ ਲਿਖਤ ਵਿਚ ਲਿਆਂਦਾ ਗਿਆ ਹੈ।

ਇਸ ਪੁਸਤਕ ਦੇ ਉਤਰਾਰਧ ਭਾਗ ਵਿਚ 1701 ਤੋਂ 1870 ਈ. ਦੇ ਗੱਦ ਬਾਰੇ ਵਿਚਾਰ ਕਰਦਿਆਂ ਸਿੱਖ ਸੰਪਰਦਾਵਾਂ (ਗਿਆਨੀ ਸੰਪ੍ਰਦਾਇ, ਸੇਵਾਪੰਥੀ ਸੰਪ੍ਰਦਾਇ, ਉਦਾਸੀ ਸੰਪ੍ਰਦਾਇ ਅਤੇ ਨਿਰਮਲਾ ਸੰਪ੍ਰਦਾਇ) ਵਲੋਂ ਇਸ ਖੇਤਰ ਵਿਚ ਯੋਗਦਾਨ ਦਾ ਜ਼ਿਕਰ ਕੀਤਾ ਗਿਆ ਹੈ। ਡਾ. ਜੱਗੀ ਨੇ *ਭਾਈ ਮਨੀ ਸਿੰਘ ਵਾਲੀ ਜਨਮਸਾਖੀ, ਸਿੱਖਾਂ ਦੀ ਭਗਤ ਮਾਲਾ, ਪਰਚੀ ਭਾਈ ਕਨ੍ਹਈਆ ਜੀ, ਸਾਖੀਆਂ ਭਾਈ ਅੱਡਣ ਸ਼ਾਹ ਜੀ, ਪੋਥੀ ਆਸਾਵਰੀਆਂ, ਪਾਰਸਭਾਗ, ਮਨਸਵੀ*

*ਮੌਲਾਨਾ ਰੂਮੀ, ਜਪੁ ਪਰਮਾਰਥ, ਬਬੇਕ ਸਾਰ, ਸ੍ਰੀ ਸੰਤ ਰਤਨ ਮਾਲ੍ਹਾ, ਪਰਚੀ ਪਾਤਸ਼ਾਹੀ ਦਸਵੀਂ ਕੀ, ਸੁਆਮੀ ਆਨੰਦਘਨ ਦੇ ਟੀਕੇ, ਭਾਈ ਸੰਤੋਖ ਸਿੰਘ ਦੀਆਂ ਪ੍ਰਮੁੱਖ ਰਚਨਾਵਾਂ, ਬਾਬਾ ਹੰਦਾਲ ਦੇ ਅਨੁਯਾਈਆਂ ਦੀ ਦੇਣ ਅਤੇ ਵਿਵਿਧ ਗੱਦ ਰੂਪਾਕਾਰ (ਸਾਖੀਆਂ/ਪਰਚੀਆਂ, ਗੋਸ਼ਟਾਂ, ਬਚਨ ਅਤੇ ਸੁਖਨ, ਬਚਨ ਗੋਬਿੰਦ ਲੋਕਾਂ ਕੇ, ਅਨੁਵਾਦ, ਉਥਾਨਿਕਾਵਾਂ, ਰਹਿਤਨਾਮੇ, ਪ੍ਰੇਮ ਸੁਮਾਰਗ ਗ੍ਰੰਥ, ਮਸਲੇ ਅਤੇ ਪ੍ਰਾਣਸੰਗਲੀ)* ਦਾ ਅਧਿਐਨ ਪੇਸ਼ ਕੀਤਾ ਹੈ। ਡਾ. ਜੱਗੀ ਦਾ ਕਹਿਣਾ ਹੈ ਕਿ ਪੁਰਾਤਨ ਪੰਜਾਬੀ ਗਦ ਸਿੱਖ ਸੰਪ੍ਰਦਾਵਾਂ ਦੀ ਪ੍ਰਮੁੱਖ ਦੇਣ ਹੈ। ਇਨ੍ਹਾਂ ਸੰਪਰਦਾਵਾਂ ਵਲੋਂ ਧਰਮ ਪ੍ਰਚਾਰ ਲਈ ਪਾਇਆ ਯੋਗਦਾਨ ਪੰਜਾਬੀ ਗੱਦ ਦੇ ਰੂਪ ਵਿਚ ਸੰਭਾਲਿਆ ਗਿਆ। ਇਨ੍ਹਾਂ ਸੰਪ੍ਰਦਾਵਾਂ ਤੋਂ ਪ੍ਰੇਰਿਤ ਹੋ ਕੇ ਹੀ ਕਈ ਲਿਖਾਰੀਆਂ ਨੇ ਭਾਰਤੀ ਅਤੇ ਸਾਮੀ ਗ੍ਰੰਥਾਂ ਨੂੰ ਪੰਜਾਬੀ ਗੱਦ ਦੇ ਰੂਪ ਵਿਚ ਉਲਥਾਇਆ ਹੈ। *ਰਹਿਤਨਾਮੇ, ਹੁਕਮਨਾਮੇ, ਉਥਾਨਿਕਾਵਾਂ ਅਤੇ ਪ੍ਰਾਣਸੰਗਲੀ* ਦੇ ਰੂਪ ਵਿਚ ਰਚਿਆ ਗੱਦ ਵੀ ਸਿੱਖ ਧਰਮ ਦੁਆਰਾ ਚਲਾਏ ਜਨ-ਮੁਕਤੀ-ਅੰਦੋਲਨ ਵਿਚ ਭਰਪੂਰ ਯੋਗਦਾਨ ਪਾਉਂਦਾ ਹੈ। ਭਾਵੇਂ ਪੁਰਾਤਨ ਗੱਦ ਦੀਆਂ ਜਿਆਦਾਤਰ ਰਚਨਾਵਾਂ ਕਰਤ੍ਰਿਤਵ ਅਤੇ ਰਚਨਾ-ਕਾਲ ਕਰਕੇ ਸੰਕਾਮਈ ਹਨ, ਜਿਨ੍ਹਾਂ ਵਿਚ ਰੂਪਾਕਾਰ ਸ਼ਾਸਤ੍ਰ ਵਿਧਾਨ ਵੀ ਨਹੀਂ ਹੈ ਪ੍ਰੰਤੂ ਅਧਿਆਤਮਕ ਵਿਸ਼ਿਆਂ ਅਤੇ ਧਰਮ ਸਾਧਕਾਂ ਦੇ ਕੌਤਕਾਂ ਨਾਲ ਭਰਪੂਰ ਹੋਣ ਕਰਕੇ ਮਹੱਤਵਪੂਰਣ ਸਥਾਨ ਰਖਦੀਆਂ ਹਨ।

### *ਪੰਜਾਬੀ ਸਾਹਿਤ ਦਾ ਸਰੋਤ-ਮੂਲਕ ਇਤਿਹਾਸ (ਭਾਗ ਪੰਜਵਾਂ)*

ਇਸ ਭਾਗ ਵਿਚ ਕੇਵਲ 1701 ਤੋਂ 1870 ਤੱਕ ਦੀਆਂ ਵੱਖ-ਵੱਖ ਕਾਵਿ ਅਧਿਐਨ ਪਰੰਪਰਾਵਾਂ ਨੂੰ ਲਿਆ ਗਿਆ ਹੈ, ਕਿਉਂਕਿ ਇਸ ਕਾਲ ਦੇ ਗੱਦ ਦਾ ਵਿਸ਼ਲੇਸ਼ਣ ਚੌਥੇ ਭਾਗ ਦੇ

ਉਤਰਾਰਧ ਵਿਚ ਕੀਤਾ ਗਿਆ ਹੈ। ਇਸ ਅਧਿਆਇ ਨੂੰ ਵਿਸ਼ਲੇਸ਼ਿਤ ਕਰਦਿਆਂ ਕਿੱਸਾ ਕਾਵਿ-ਪਰੰਪਰਾ, ਵੀਰ ਕਾਵਿ-ਪਰੰਪਰਾ, ਸੂਫ਼ੀ ਕਾਵਿ-ਪਰੰਪਰਾ, ਧਾਰਮਿਕ ਕਾਵਿ-ਪਰੰਪਰਾ ਅਤੇ ਸੰਪ੍ਰਦਾਵਾਂ ਦੀ ਕਾਵਿ-ਸਾਧਨਾ ਨੂੰ ਲਿਆ ਗਿਆ ਹੈ। ਜਿਥੇ ਇਸ ਭਾਗ ਵਿਚ ਉਨ੍ਹਾਂ ਵਲੋਂ 1701 ਈ. ਤੋਂ 1870 ਈ. ਤੱਕ ਦੀਆਂ ਸਾਰੀਆਂ ਪ੍ਰਮੁੱਖ ਪ੍ਰਵਿਰਤੀਆਂ ਦਾ ਅਧਿਐਨ ਪੇਸ਼ ਕੀਤਾ ਹੈ, ਉਥੇ ਵਾਰ, ਸੀਹਰਫ਼ੀ, ਬਾਰਹਮਾਹਾ, ਕਾਫ਼ੀ ਆਦਿ ਕਾਵਿ-ਭੇਦਾਂ ਦਾ ਜ਼ਿਕਰ ਵੀ ਕੀਤਾ ਗਿਆ ਹੈ।

ਪਹਿਲਾ ਅਧਿਆਇ 'ਕਿੱਸਾ-ਕਾਵਿ ਪਰੰਪਰਾ' ਹੈ। ਡਾ. ਜੱਗੀ ਦਾ ਕਹਿਣਾ ਹੈ ਕਿ ਕਿੱਸਾਕਾਰੀ ਦਾ ਆਰੰਭ ਆਦਿ-ਕਾਲ ਵਿਚ ਹੋਇਆ ਪ੍ਰੰਤੂ ਇਸਦਾ ਵਿਕਾਸ ਅਠਾਰ੍ਹਵੀਂ ਸਦੀ ਵਿਚ ਹੋਇਆ। ਕਿੱਸਾਕਾਰੀ ਦੇ ਖੇਤਰ ਵਿਚ ਵੱਖਰੇ-ਵੱਖਰੇ ਵਿਦਵਾਨਾਂ ਵਲੋਂ ਪਾਏ ਯੋਗਦਾਨ ਦਾ ਜ਼ਿਕਰ ਕਰਦਿਆਂ ਕਹਿੰਦੇ ਹਨ ਕਿ ਇਸ ਸਮੇਂ ਦੌਰਾਨ ਕਿੱਸਿਆਂ ਦੀ ਬਹੁਤਾਤ ਰਚਨਾ ਹੋਈ ਹੈ। ਸ਼ੁਰੂਆਤ ਵਿਚ ਜਿਆਦਾਤਰ ਕਿੱਸਾਕਾਰ ਮੁਸਲਮਾਨ (ਮੁਕਬਲ, ਵਾਰਿਸ, ਹਾਮਦ, ਚਿਰਾਗ ਲਾਲੀ, ਅਹਿਮਦਯਾਰ, ਅਬਦੁਲ ਹਕੀਮ, ਆਡਤ ਕਵੀ ਅਤੇ ਮੀਆਂ ਜਾਨ ਮੁਹੰਮਦ ਆਦਿ ) ਹੋਏ ਹਨ ਅਤੇ ਇਸ ਖੇਤਰ ਵਿਚ ਹਿੰਦੂ ਲੇਖਕਾਂ (ਸੁੰਦਰਦਾਸ ਆਰਾਮ, ਚੰਦਰ ਬਦਨ ਤੇ ਮਈਆਰ ਅਤੇ ਕਾਦਰਯਾਰ ਆਦਿ) ਨੇ ਵੀ ਯੋਗਦਾਨ ਪਾਇਆ ਹੈ। ਪ੍ਰੰਤੂ ਬਾਅਦ ਵਿਚ ਇਸ ਖੇਤਰ ਅੰਦਰ ਸਿੱਖ ਲੇਖਕਾਂ (ਵੀਰ ਸਿੰਘ ਬੱਲ, ਜੋਗਾ ਸਿੰਘ, ਕਵੀ ਸੌਧਾ, ਗੁਰਬਖ਼ਸ਼ ਸਿੰਘ ਅਤੇ ਕਿਸ਼ਨ ਸਿੰਘ ਆਰਿਫ਼ ਆਦਿ) ਨੇ ਵੀ ਆਪਣੀ ਕਲਮ ਚਲਾਈ ਹੈ। ਇਸ ਸਮੇਂ ਵਿਚ ਹੀ ਕਿੱਸਾਕਾਰੀ ਇਸ਼ਕ ਮਜਾਜ਼ੀ ਤੋਂ ਉਪਰ ਉਠ ਕੇ ਇਸ਼ਕ ਹਕੀਕੀ ਵਿਚ ਰਚੀ ਜਾਣ ਲੱਗੀ।

ਉਪਰੰਤ ਮਾਲਵੇ ਦੇ ਇਲਾਕੇ ਵਿਚ ਕਵੀਸ਼ਰੀ ਕਾਫ਼ੀ ਪ੍ਰਸਿੱਧ ਹੋਈ। ਕਿੱਸਾਕਾਰੀ ਦੇ ਖੇਤਰ ਵਿਚ ਹਾਸ਼ਮ, ਦਮੋਦਰ ਅਤੇ ਵਾਰਿਸ ਦਾ ਕਾਫ਼ੀ ਵੱਡਾ ਯੋਗਦਾਨ ਰਿਹਾ ਹੈ।

ਦੂਜਾ ਅਧਿਆਇ 'ਵੀਰ-ਕਾਵਿ ਪਰੰਪਰਾ' ਨਾਲ ਸੰਬੰਧਿਤ ਹੈ। ਆਰੰਭ ਵਿਚ ਹੀ ਉਹ ਬੜੇ ਸੋਹਣੇ ਸ਼ਬਦ ਕਹਿੰਦੇ ਹਨ ਕਿ 'ਵੀਰ-ਕਾਵਿ ਪੰਜਾਬ ਵਾਸੀਆਂ ਦੀ ਭਖਦੀ ਜਵਾਨੀ ਨੂੰ ਸ਼ਬਦਾਂ ਵਿਚ ਰੂਪਾਇਤ ਕਰਨ ਦਾ ਇਕ ਉਜਲਾ ਸਾਧਨ ਹੈ। ਯੁੱਧ ਵਿਚ ਨਿਤਰ ਕੇ ਉਨ੍ਹਾਂ ਨੂੰ ਕੋਈ ਗੁੱਝੀ ਖੁਸ਼ੀ ਪ੍ਰਾਪਤ ਹੁੰਦੀ ਹੈ।'[30] ਮੁਸਲਮਾਨ ਹਮਲਾਵਰਾਂ ਨੇ ਪੰਜਾਬੀਆਂ ਦੇ ਜੀਵਨ 'ਤੇ ਕਾਫ਼ੀ ਪ੍ਰਭਾਵ ਪਾਇਆ ਜਿਸ ਸਦਕਾ ਉਹ ਮੁਸੀਬਤਾਂ ਨੂੰ ਹੱਸ ਕੇ ਸਹਾਰਨ ਦੇ ਆਦੀ ਹੋ ਗਏ। ਜਿਥੇ ਗੁਰੂ ਗੋਬਿੰਦ ਸਿੰਘ ਜੀ ਦੀ 'ਚੰਡੀ ਦੀ ਵਾਰ' ਨੇ ਵੀਰ ਭਾਵਨਾ ਨੂੰ ਉਜਾਗਰ ਕੀਤਾ ਉਥੇ ਬਾਬਾ ਬੰਦਾ ਸਿੰਘ ਬਹਾਦਰ ਵਲੋਂ ਅਠਾਰ੍ਹਵੀਂ ਸਦੀ ਵਿਚ ਜੁਲਮ ਵਿਰੁੱਧ ਡਟਣ ਨਾਲ ਸਿੱਖ ਸੈਨਿਕ ਪੰਜਾਬ ਦੇ ਮੈਦਾਨਾਂ ਵਿਚ ਚੜ੍ਹਦੀ ਕਲਾ ਨਾਲ ਆ ਨਿਤਰੇ। ਵੀਰ ਰਸੀ 'ਵੀਰ-ਕਾਵਿ' ਵਿਚ (ਵਾਰ ਭੇੜੇ ਕੀ ਪਾਤਸ਼ਾਹੀ 10, ਲਵ-ਕੁਸ਼ ਦੀ ਵਾਰ, ਕਾਨ੍ਹ ਭਗਵਾਨ ਦੀ ਵਾਰ, ਵਾਰ ਪਾਤਿਸ਼ਾਹੀ ਦਸਵੀਂ ਕੀ, ਗੁਰੂ ਗੋਬਿੰਦ ਸਿੰਘ ਜੀ ਦੀ ਵਾਰ, ਸਰਬਲੋਹ ਦੀ ਵਾਰ, ਵਾਰ ਨਾਦਰ ਸ਼ਾਹ, ਚਠਿਆਂ ਦੀ ਵਾਰ, ਚੌਧਰੀਆਂ ਦੀ ਵਾਰ, ਵਾਰ ਹਕੀਕਤ ਰਾਇ, ਵਾਰ ਸ੍ਰੀ ਰਾਮ ਚੰਦਰ ਜੀ ਕੀ, ਵਾਰ ਰਾਜਾ ਅਮਰ ਸਿੰਘ ਕੀ, ਜੰਗਨਾਮਾ (ਮੁਕਬਲ ਰਚਿਤ), ਜੰਗਨਾਮਾ (ਹਾਮਦ ਰਚਿਤ), ਸੋਢੀਆਂ ਦੀ ਵਾਰ, ਮੁਲਤਾਨ ਦੀ ਵਾਰ, ਸੀਹਰਫ਼ੀ ਗੁਰੂ੍ ਖਾਲਸੇ ਸ਼ਾਹ ਕੀ, ਜੰਗਨਾਮਾ ਸਰਦਾਰ ਹਰੀ ਸਿੰਘ, ਵਾਰ ਸਰਦਾਰ ਹਰੀ ਸਿੰਘ ਨਲਵਾ ਅਤੇ ਜੰਗਨਾਮਾ ਸਿੰਘਾਂ

[30] *ਪੂਰਵ ਅੰਕਿਤ,* (ਭਾਗ ਪੰਜਵਾਂ),ਪੰ.82.

ਅਤੇ ਫ਼ਰੰਗੀਆਂ ਆਦਿ) ਦਾ ਜ਼ਿਕਰ ਕੀਤਾ ਗਿਆ ਹੈ। ਡਾ. ਜੱਗੀ ਦਾ ਕਹਿਣਾ ਹੈ ਕਿ ਇਸ ਕਾਲ ਦਾ ਵੀਰ-ਕਾਵਿ ਅਸਲ ਵਿਚ ਸਿੱਖ ਸਰਦਾਰਾਂ ਦੀ ਉਸਤਤ, ਹਾਰ ਅਤੇ ਬਹਾਦਰੀ ਨਾਲ ਸੰਬੰਧਿਤ ਹੈ। ਇਸ ਸਮੇਂ ਵਿਚ ਜੋ 'ਜੰਗਨਾਮੇ' ਅਤੇ 'ਵਾਰਾਂ' ਰਚੀਆਂ ਗਈਆਂ ਉਨ੍ਹਾਂ ਵਿਚ ਮਹਾਰਾਜਾ ਰਣਜੀਤ ਸਿੰਘ ਦੀਆਂ ਜਿੱਤਾਂ, ਸਿੱਖ ਜਰਨੈਲਾਂ ਦੀ ਵੀਰਤਾ ਅਤੇ ਅੰਗਰੇਜ਼ਾਂ ਨਾਲ ਹੋਏ ਰੌਚਕ ਯੁੱਧਾਂ ਦਾ ਵੇਰਵਾ ਵੀ ਵੇਖਣ ਨੂੰ ਮਿਲਦਾ ਹੈ। ਲਗਭਗ ਇਕ ਦਰਜਨ 'ਵਾਰਾਂ' ਅਤੇ ਕੁਝ 'ਜੰਗਨਾਮੇ' ਇਸ ਸਮੇਂ ਵਿਚ ਵੀਰ-ਰਸ ਨਾਲ ਭਰਪੂਰ ਹੋਣ ਦੇ ਨਾਲ-ਨਾਲ ਕਾਵਿ-ਗੁਣਾਂ ਨਾਲ ਭਰਪੂਰ ਹਨ। ਇਨ੍ਹਾਂ ਵਿਚੋਂ ਸ਼ਾਹ ਮੁਹੰਮਦ ਦਾ ਜੰਗਨਾਮਾ ਸ੍ਰੋਮਣੀ ਕਿਹਾ ਜਾ ਸਕਦਾ ਹੈ, ਜਿਸ ਵਿਚ ਸੱਚੀ ਵੀਰਤਾ ਦਾ ਜਸ ਗਾਇਆ ਗਿਆ ਹੈ।

ਅਧਿਆਇ ਤੀਜਾ 'ਸੂਫ਼ੀ-ਕਾਵਿ ਪਰੰਪਰਾ' ਸਬੰਧੀ ਹੈ। ਜਿਸ ਵਿਚ ਉਨ੍ਹਾਂ ਦਾ ਕਹਿਣਾ ਹੈ ਕਿ ਸੂਫ਼ੀ-ਕਾਵਿ ਪਰੰਪਰਾ ਦਾ ਆਰੰਭ ਬਾਬਾ ਫ਼ਰੀਦ ਤੋਂ ਹੋਇਆ ਜੋ ਅਠਾਰ੍ਹਵੀਂ ਸਦੀ ਤੱਕ ਨਿਰੰਤਰ ਚਲਦੀ ਰਹੀ। ਬਾਬਾ ਫ਼ਰੀਦ ਜੀ ਧਾਰਮਿਕ ਕੱਟੜਤਾ ਤੋਂ ਰਹਿਤ ਮਨੁੱਖਤਾ ਨੂੰ ਪਿਆਰ ਕਰਨ ਵਾਲੇ ਸਨ। ਇਸ ਅਧਿਆਇ ਵਿਚ ਉਨ੍ਹਾਂ ਵਲੋਂ ਪ੍ਰਮੁੱਖ ਸੂਫ਼ੀ-ਕਵੀਆਂ (ਅਲੀ ਹੈਦਰ, ਬੁਲੇ ਸ਼ਾਹ, ਸੱਯਦ ਗ਼ੁਲਾਮ ਕਦਿਰ ਸ਼ਾਹ, ਫ਼ਰਦ ਫ਼ਕੀਰ, ਗੁਲਾਮ ਜੀਲਾਨੀ ਰੋਹਤਕੀ, ਮੀਰਾ ਸ਼ਾਹ ਜਲੰਧਰੀ ਅਤੇ ਖਾਜਾ ਗ਼ੁਲਾਮ ਫ਼ਰੀਦ) ਦੀਆਂ ਰਚਨਾਵਾਂ ਦਾ ਅਧਿਐਨ ਪੇਸ਼ ਕੀਤਾ ਗਿਆ ਹੈ। ਡਾ. ਜੱਗੀ ਦਾ ਕਹਿਣਾ ਹੈ ਕਿ ਫ਼ਰੀਦ, ਸ਼ਾਹ ਹੁਸੈਨ ਅਤੇ ਬੁਲ੍ਹੇ ਸ਼ਾਹ ਤੋਂ ਇਲਾਵਾ ਕੋਈ ਕਵੀ ਇਤਨੀ ਪ੍ਰਸਿੱਧੀ ਅਤੇ ਪ੍ਰਵਾਨਗੀ ਪ੍ਰਾਪਤ ਨਹੀਂ ਕਰ ਸਕਿਆ ਕਿਉਂਕਿ ਇਨ੍ਹਾਂ ਕਵੀਆਂ ਵਿਚੋਂ ਕਿਸੇ ਨੇ ਵੀ ਸੂਫ਼ੀ ਰਹੱਸਵਾਦੀ ਅਨੁਭਵ ਦਾ ਡੂੰਘਾ ਪ੍ਰਗਟਾਵਾ ਨਹੀਂ ਕੀਤਾ।

ਹਾਸਮ ਦੇ ਕਾਵਿ ਵਿਚ ਕੁਝ ਕੁ ਸੂਫ਼ੀ ਰੰਗ ਦੇਖਣ ਨੂੰ ਜ਼ਰੂਰ ਮਿਲਦਾ ਹੈ ਪਰ ਮੁੱਖ ਰੂਪ ਵਿਚ ਉਹ ਵੀ ਇਕ ਕਿੱਸਾਕਾਰ ਹੀ ਹੋਇਆ ਹੈ। ਇਸ ਸਮੇਂ ਦੌਰਾਨ ਸੂਫ਼ੀ-ਕਾਵਿ ਦੀ ਜਿਆਦਾ ਰਚਨਾ ਨਹੀਂ ਹੋਈ, ਰਾਜ ਬਦਲਣ ਨਾਲ ਧਰਮ ਪ੍ਰਤਿ ਲੋਕਾਂ ਦਾ ਨਜ਼ਰੀਆ ਵੀ ਬਦਲ ਗਿਆ, ਸੂਫ਼ੀ ਡੇਰਿਆਂ ਦੀ ਰੌਣਕ ਘਟਣੀ ਸ਼ੁਰੂ ਹੋ ਗਈ, ਸੂਫ਼ੀਆਂ ਕੋਲ ਉਚਾ ਆਚਰਣ ਨਾ ਰਹਿ ਕੇ ਕੇਵਲ ਬਾਣਾ ਰਹਿ ਗਿਆ ਜਿਸ ਸਦਕਾ ਸੂਫ਼ੀ-ਕਾਵਿ ਵਿਚ ਇਕ ਖੜੋਤ ਜਿਹੀ ਆ ਗਈ। ਡਾ. ਜੱਗੀ ਕਹਿੰਦੇ ਹਨ ਕਿ ਗੁਲਾਮ ਫ਼ਰੀਦ ਹੀ ਉਨੀਵੀਂ ਸਦੀ ਉਤਰਾਰਧ ਦੇ ਸੂਫ਼ੀ ਕਾਵਿ-ਧਾਰਾ ਦੇ ਮਹੱਤਵਪੂਰਣ ਅਤੇ ਅੰਤਿਮ ਕਵੀ ਹੋਏ ਹਨ। ਉਨ੍ਹਾਂ ਤੋਂ ਉਪਰੰਤ ਸੂਫ਼ੀ-ਕਾਵਿ ਧਾਰਾ ਦਾ ਕੋਈ ਵੀ ਉੱਘਾ ਕਵੀ ਨਹੀਂ ਹੋਇਆ।

'ਧਾਰਮਿਕ-ਕਾਵਿ ਪਰੰਪਰਾ' ਚੌਥਾ ਅਧਿਆਇ ਹੈ। ਇਸ ਅਧਿਆਇ ਵਿਚ ਡਾ. ਜੱਗੀ ਕਹਿੰਦੇ ਹਨ ਕਿ ਗੁਰੂ ਸਾਹਿਬਾਨਾਂ ਵਲੋਂ ਚਲਾਈ ਭਗਤੀ ਲਹਿਰ ਅਠਾਰ੍ਹਵੀਂ ਸਦੀ ਦੇ ਸ਼ੁਰੂ ਵਿਚ ਆ ਕੇ ਆਪਣਾ ਰੁਖ ਬਦਲਦੀ ਹੈ। ਹੁਣ ਕਵੀਆਂ ਦੁਆਰਾ ਪਰਸਪਰ ਵਿਰੋਧੀ ਭਾਵ ਵਾਲਾ ਧਾਰਮਿਕ-ਕਾਵਿ ਰਚਿਆ ਜਾਣ ਲੱਗਾ। ਉਨ੍ਹਾਂ ਨੇ ਸਮੁਚੇ ਧਾਰਮਿਕ-ਕਾਵਿ ਨੂੰ ਇਸਲਾਮੀ ਕਾਵਿ, ਹਿੰਦੂ ਕਾਵਿ, ਸਿੱਖ ਕਾਵਿ ਅਤੇ ਭਗਤੀ ਕਾਵਿ ਅਧੀਨ ਰੱਖ ਕੇ ਪੇਸ਼ ਕੀਤਾ ਹੈ। ਉਹ ਕਹਿੰਦੇ ਹਨ ਕਿ ਇਸ ਸਮੇਂ ਵਿਚ ਜਿਆਦਾਤਰ ਇਸਲਾਮੀ ਕਾਵਿ ਰਚਿਆ ਗਿਆ ਪਰ ਇਹ ਕਾਵਿ ਗੁਣਾਂ ਤੋਂ ਰਹਿਤ ਧਾਰਮਿਕ ਰੁਚੀ ਦੀ ਪ੍ਰਬਲਤਾ ਵਾਲਾ ਸੀ। ਹਿੰਦੂ ਧਰਮ ਨਾਲ ਸੰਬੰਧਿਤ ਰਚੀਆਂ ਕਾਵਿ ਰਚਨਾਵਾਂ ਵਿਚੋਂ ਰਾਮ-ਕਥਾ ਨੂੰ ਆਧਾਰ ਬਣਾ ਕੇ ਲਿਖੇ ਗਏ 'ਬਿਸਨ ਪਦੇ ਰਾਮਾਇਣ' ਵਰਨਣਯੋਗ ਹਨ। ਕ੍ਰਿਸਨ-ਕਾਵਿ ਬਾਰੇ ਲਿਖੇ ਬਾਰਾਮਾਹੇ, ਮਿੱਠੜੇ ਅਤੇ ਲੀਲਾ ਪ੍ਰਸੰਗਾਂ ਵਿਚ

ਕ੍ਰਿਸ਼ਨ ਗੋਪੀਆਂ ਦੀ ਵਿਯੋਗ ਭਾਵਨਾ, ਗਿਲੇ ਅਤੇ ਵਿਅੰਗ ਆਦਿ ਨੂੰ ਹੀ ਚਿਤਰਿਆ ਗਿਆ ਹੈ। ਸਿੱਖ ਧਰਮ ਨਾਲ ਸੰਬੰਧਿਤ ਰਚਿਆ ਕਾਵਿ ਸਾਹਿਤ ਪੰਜਾਬੀ ਪ੍ਰਭਾਵਿਤ ਬ੍ਰਜ ਭਾਸ਼ਾ ਵਿਚ ਲਿਖਿਆ ਗਿਆ ਹੈ, ਜਿਸਦਾ ਸਰੂਪ ਚਰਿਤ-ਕਾਵਿ ਵਾਲਾ ਸੀ, ਜਿਸ ਸਦਕਾ ਪੰਜਾਬੀ ਧਾਰਮਿਕ ਕਾਵਿ ਦਾ ਵਿਸਤਾਰ ਨਹੀਂ ਹੋਇਆ। ਗੁਰੂ ਨਾਨਕ ਕਾਲ ਵਿਚ ਜੋ ਭਗਤੀ ਕਾਵਿ ਦਾ ਵਿਕਾਸ ਹੋਇਆ ਉਹ ਇਸ ਸਮੇਂ ਵਿਚ ਦੇਖਣ ਨੂੰ ਨਹੀਂ ਮਿਲਦਾ।

ਪੰਜਵੇ ਅਧਿਆਇ 'ਸੰਪ੍ਰਦਾਵਾਂ ਦੀ ਕਾਵਿ-ਸਾਧਨਾ' ਵਿਚ ਉਨ੍ਹੀਵੀਂ ਸਦੀ ਵਿਚ ਰਚਿਆ ਕਾਵਿ ਹੈ। ਜਿਸ ਵਿਚ ਉਦਾਸੀ ਸੰਪ੍ਰਦਾਇ, ਸੇਵਾ ਪੰਥੀ ਸੰਪ੍ਰਦਾਇ ਅਤੇ ਗੁਲਾਬਦਾਸੀ ਸੰਪ੍ਰਦਾਇ ਦੁਆਰਾ ਯੋਗਦਾਨ ਪਾਇਆ ਗਿਆ, ਦਾ ਜ਼ਿਕਰ ਕੀਤਾ ਗਿਆ ਹੈ। ਡਾ. ਜੱਗੀ ਕਹਿੰਦੇ ਹਨ ਕਿ ਉਦਾਸੀ ਸੰਪ੍ਰਦਾਇ ਦੇ ਸੰਤ ਰੇਣ *ਗੁਰੂ ਨਾਨਕ ਵਿਜੈ* ਵਡ ਆਕਾਰੀ ਗ੍ਰੰਥ ਵਿਚ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਨੂੰ ਚਿਤਰਦਿਆਂ ਭਾਰਤੀ ਸੰਸਕ੍ਰਿਤੀ ਅਤੇ ਪੰਜਾਬੀ ਸੱਭਿਆਚਾਰ ਦੀ ਪੁਨਰ-ਸਿਰਜਣਾ ਕਰਨ ਦਾ ਯਤਨ ਕਰਦੇ ਹਨ। ਸੇਵਾਪੰਥੀ ਸੰਪ੍ਰਦਾਇ ਦੇ ਲਿਖਾਰੀਆਂ ਨੇ ਭਗਤੀ ਪ੍ਰਧਾਨ ਰਚਨਾਵਾਂ *ਆਸਾਵਰੀਆਂ* ਅਤੇ *ਪਰਚੀਆਂ* ਦੀ ਰਚਨਾ ਕਰਕੇ ਸਾਧਾਂ ਦੇ ਚਰਿਤ੍ਰ ਦੇ ਲੋਕ-ਕਲਿਆਣਕਾਰੀ ਪੱਖ ਨੂੰ ਚਿਤਰਿਆ ਹੈ। ਗੁਲਾਬਦਾਸੀ ਸੰਪ੍ਰਦਾਇ ਦੇ ਮੁਖੀ ਗੁਲਾਬਦਾਸ ਵਲੋਂ ਆਪਣੀ ਸਾਧਨਾਂ ਪ੍ਰਣਾਲੀ ਦਾ ਹੀ ਪ੍ਰਚਾਰ ਕੀਤਾ ਗਿਆ ਜੋ ਲੋਕ ਪ੍ਰਿਅ ਨਾ ਹੋ ਸਕੀ। ਡਾ. ਜੱਗੀ ਵਲੋਂ ਪੰਜਾਬ ਵਿਚ ਇਸਾਈ ਮਿਸ਼ਨਰੀਆਂ ਦੇ ਆਉਣ ਨਾਲ ਚਲੀਆਂ ਲਹਿਰਾਂ (ਨਿਰੰਕਾਰੀ ਲਹਿਰ, ਨਾਮਧਾਰੀ ਲਹਿਰ ਅਤੇ ਸਿੰਘ ਸਭਾ ਲਹਿਰ) ਵਲੋਂ ਰਚੇ ਸਾਹਿਤ ਦਾ ਵੀ ਜ਼ਿਕਰ ਕੀਤਾ ਗਿਆ ਹੈ। ਉਹ ਕਹਿੰਦੇ ਹਨ ਕਿ 'ਇਸ ਸਾਹਿਤ ਨੇ ਆਧੁਨਿਕ ਕਾਲ ਦੇ ਸਾਹਿਤ ਨੂੰ

ਪੁਰਾਤਨਤਾ ਨਾਲੋਂ ਨਿਖੇੜ ਕੇ ਆਪਣੀ ਨਿਵੇਕਲੀ ਪਛਾਣ ਕਰਾਉਣ ਲਈ ਤਿਆਰ ਕੀਤਾ।'[31]

***ਵਿਚਾਰ ਵਿਸ਼ਲੇਸ਼ਣ***

ਇਸ ਪੁਸਤਕ ਦੇ ਕਈ ਲੇਖ *ਵਿਚਾਰਧਾਰਾ* ਪੁਸਤਕ ਵਿਚ ਆ ਚੁਕੇ ਹਨ। ਇਥੇ ਉਨ੍ਹਾਂ 3 ਲੇਖਾਂ ਦਾ ਹੀ ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ ਜੋ *ਵਿਚਾਰਧਾਰਾ* ਪੁਸਤਕ ਵਿਚ ਸ਼ਾਮਿਲ ਨਹੀਂ।

ਪਹਿਲੇ ਲੇਖ 'ਅਧਿਆਤਮਿਕ ਵਾਰਾਂ ਦੀਆਂ ਪ੍ਰਵ੍ਰਿਤੀਆਂ' ਵਿਚ ਡਾ. ਜੱਗੀ ਦੱਸਦੇ ਹਨ ਕਿ ਗੁਰੂ ਜੀ ਨੇ 'ਵਾਰ' ਨੂੰ ਵੀਰ ਰਸ ਸਾਹਿਤ ਖੇਤਰ ਵਿਚੋਂ ਕੱਢ ਕੇ ਅਧਿਆਤਮ ਦੇ ਸ਼ਾਂਤ ਵਾਤਾਵਰਣ ਵਿਚ ਪ੍ਰਵੇਸ਼ ਕਰਵਾਇਆ। ਇਸ ਲਈ ਅਧਿਆਤਮਕ ਵਾਰਾਂ ਦਾ ਆਰੰਭ ਗੁਰੂ ਨਾਨਕ ਦੇਵ ਜੀ ਤੋਂ ਮੰਨਿਆ ਜਾਂਦਾ ਹੈ। ਰਜਵਾੜੇ, ਕਵਾਲ, ਜਾਗੀਰਦਾਰਾਂ ਦੇ ਦਰਬਾਰੀ ਭੱਟ, ਚਾਰਣ, ਢਾਡੀ ਜਾਂ ਮਰਾਸੀ ਯੁੱਧ ਲਈ ਉਤਸ਼ਾਹ ਵਧਾਉਣ ਵਾਸਤੇ 'ਵਾਰਾਂ' ਦਾ ਗਾਇਨ ਕਰਦੇ ਸਨ। ਇਹ 'ਵਾਰਾਂ' ਜ਼ੁਬਾਨੀ ਹੀ ਚਲੀਆਂ ਆ ਰਹੀਆਂ ਸਨ। ਗੁਰੂ ਅਰਜਨ ਦੇਵ ਜੀ ਨੇ ਬਾਣੀ ਸੰਪਾਦਨ ਵੇਲੇ ਵੀਰ-ਰਸੀ ਵਾਰਾਂ ਨੂੰ ਆਧਾਰ ਬਣਾ ਕੇ ਹੀ ਅਧਿਆਤਮਿਕ ਵਾਰਾਂ ਦੇ ਗਾਉਣ ਲਈ ਤਰਜਾਂ ਦਾ ਰੂਪ ਨਿਸ਼ਚਿਤ ਕੀਤਾ। ਜਿਥੇ ਡਾ. ਜੱਗੀ ਨੇ 'ਗੁਰੂ ਗ੍ਰੰਥ ਸਾਹਿਬ' ਵਿਚ ਧੁਨੀਆਂ ਸਮੇਤ ਦਰਜ 9 ਵਾਰਾਂ ਦਾ ਜ਼ਿਕਰ ਕੀਤਾ ਹੈ, ਉਥੇ ਗੁਰੂ ਜੀ ਵਲੋਂ ਅਧਿਆਤਮਿਕ ਵਾਰਾਂ ਦੁਆਰਾ ਭਗਤੀ, ਪ੍ਰੇਮ ਅਤੇ ਮੁਕਤੀ ਪ੍ਰਾਪਤ ਕਰਨ ਦੇ ਵਿਸ਼ੇ ਨੂੰ ਵੀ ਦ੍ਰਿਸ਼ਟੀਗੋਚਰ ਕੀਤਾ ਹੈ।

[31] *ਪੂਰਵ ਅੰਕਿਤ,* ਪੰ.245.

ਦੂਜੇ ਲੇਖ 'ਗੁਰੂ ਤੇਗ ਬਹਾਦਰ ਜੀ ਦਾ ਜਗਤ ਸਬੰਧੀ ਦ੍ਰਿਸ਼ਟੀ ਕੋਣ' ਵਿਚ ਗੁਰੂ ਤੇਗ ਬਹਾਦਾਰ ਜੀ ਦੀ ਬਾਣੀ ਸੰਸਾਰੀ ਪਦਾਰਥਾਂ, ਵਿਕਾਰਾਂ ਅਤੇ ਮੋਹ-ਮਮਤਾ ਦੇ ਜਾਲ ਵਿਚ ਫਸੇ ਮਨੁਖ ਨੂੰ ਸੁਰਤ ਉਚੀ ਚੁਕਣਾ ਆਦਿ ਦਾ ਵਿਸਸ਼ਲੇਸ਼ਣ ਬੜੇ ਸਚੁੱਜੇ ਰੂਪ ਵਿਚ ਕੀਤਾ ਹੈ। ਡਾ. ਜੱਗੀ ਦਾ ਕਹਿਣਾ ਹੈ ਕਿ ਗੁਰੂ ਜੀ ਦਾ ਸੰਸਾਰ ਪ੍ਰਤਿ ਦ੍ਰਿਸ਼ਟੀ-ਕੋਣ ਦਾਰਸ਼ਨਿਕ ਤਰਕ ਵਾਲਾ ਨਹੀਂ ਸਗੋਂ ਨਿਜੀ ਅਨੁਭਵ ਹੈ। ਜੋ ਮਨੁੱਖ ਨੂੰ ਜੀਵਨ-ਜੁਗਤ ਸਿਖਾਉਂਦਾ ਹੈ। ਗੁਰੂ ਜੀ ਦੁਆਰਾ ਰਚਿਤ ਬਾਣੀ ਵਿਚ ਜੋ ਸੰਸਾਰ ਪ੍ਰਤਿ ਉਪਮਾਨ ਵਰਤੇ ਉਨ੍ਹਾਂ ਦਾ ਜ਼ਿਕਰ ਵੀ ਸੰਖੇਪ ਰੂਪ ਵਿਚ ਕੀਤਾ ਗਿਆ ਹੈ।

'ਜਨਮਸਾਖੀ ਸਾਹਿਤ ਦੀ ਭੂਮਿਕਾ' ਲੇਖ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਨੂੰ ਦਰਸਾਉਂਦੀਆਂ ਪੰਜ *ਜਨਮਸਾਖੀਆਂ (ਪੁਰਾਤਨ, ਭਾਈ ਬਾਲਾ, ਭਾਈ ਬਿਧੀ ਚੰਦ, ਸੋਢੀ ਮਿਹਰਬਾਨ* ਅਤੇ *ਭਾਈ ਮਨੀ ਸਿੰਘ)* ਦਾ ਸੰਖੇਪ ਅਧਿਐਨ ਕੀਤਾ ਗਿਆ ਹੈ। ਇਨ੍ਹਾਂ *ਜਨਮਸਾਖੀਆਂ* ਬਾਰੇ ਜੋ ਕਾਰਜ ਹੋਇਆ ਉਸ ਬਾਰੇ ਵੀ ਚਾਨਣਾ ਪਾਇਆ ਗਿਆ ਹੈ। ਡਾ. ਜੱਗੀ ਕਹਿੰਦੇ ਹਨ ਕਿ ਜਿਥੇ ਇਨ੍ਹਾਂ *ਜਨਮਸਾਖੀਆਂ* ਦੀ ਰਚਨਾ ਬਾਰੇ ਸਪਸ਼ਟ ਨਹੀਂ ਕਿਹਾ ਜਾ ਸਕਦਾ, ਉਥੇ ਇਨ੍ਹਾਂ ਵਿਚਲੀ ਆਪਸੀ ਸਮਗਰੀ ਵੀ ਸੰਦੇਹਪੂਰਨ ਹੈ। ਇਨ੍ਹਾਂ ਵਿਚ ਸਾਖੀਕਾਰਾਂ ਨੇ ਮਹਾਤਮਾ ਬੁੱਧ, ਹਜ਼ਰਤ ਮਸੀਹ ਅਤੇ ਜੋਗੀਆਂ-ਸਿਧਾਂ ਬਾਰੇ ਪ੍ਰਚਲਿਤ ਕਰਾਮਾਤੀ ਸਾਖੀਆਂ ਤੋਂ ਪ੍ਰਭਾਵਿਤ ਹੋ ਕੇ ਗੁਰੂ ਜੀ ਦੇ ਜੀਵਨ ਨੂੰ ਚਿਤਰਿਆ ਹੈ।

***ਪੁਰਾਤਨ ਪੰਜਾਬੀ ਵਾਰਤਕ: ਵਿਕਾਸ ਅਤੇ ਵਿਸ਼ਲੇਸ਼ਣ***

ਇਸ ਪੁਸਤਕ ਵਿਚ ਡਾ. ਜੱਗੀ ਨੇ ਪੁਰਾਤਨ ਪੰਜਾਬੀ ਵਾਰਤਕ ਦਾ 1850 ਈ. ਤਕ

ਦਾ ਆਲੋਚਨਾਤਮਕ ਸਰਵੇਖਣ ਅਤੇ ਵਿਸ਼ਲੇਸ਼ਣ ਕੀਤਾ ਹੈ। ਪੰਜਾਬੀ ਵਾਰਤਕ ਦੇ ਅਧਿਐਨ ਵਾਸਤੇ ਉਨ੍ਹਾਂ ਨੇ ਕਈ ਵਿਦਵਾਨਾਂ ਦੀਆਂ ਰਚਨਾਵਾਂ ਤੋਂ ਯਥਾਯੋਗ ਮੱਦਦ ਲਈ ਹੈ। ਜਿਨ੍ਹਾਂ ਰਚਨਾਵਾਂ ਦਾ ਵੇਰਵਾ ਉਹ ਵਿਸ਼ਲੇਸ਼ਣ ਕਰਨ ਸਮੇਂ ਨਾਲ-ਨਾਲ ਦਿੰਦੇ ਹਨ। ਪੁਰਾਤਨ ਵਾਰਤਕ ਦੇ ਰਚਨਾ-ਕਾਲ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਇਸਦਾ ਆਰੰਭ 16ਵੀਂ ਸਦੀ ਹੀ ਮੰਨਿਆ ਜਾਵੇਗਾ। ਕਿਉਂਕਿ ਪੁਰਾਤਨ ਪੰਜਾਬੀ ਵਾਰਤਕ ਦਾ ਜਿਆਦਾਤਰ ਹਿੱਸਾ, ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਅਤੇ ਪੂਰਵਵਰਤੀ ਗੁਰੂਆਂ ਨਾਲ ਸੰਬੰਧਿਤ ਹੈ। ਪੁਰਾਤਨ ਪੰਜਾਬੀ ਵਾਰਤਕ ਗੁਰੂ ਨਾਨਕ ਦੇਵ ਜੀ ਦੀ ਹੀ ਦੇਣ ਹੈ।

ਪਹਿਲਾ ਅਧਿਆਇ 'ਜਨਮਸਾਖੀ ਪਰੰਪਰਾ-1' ਹੈ। ਜਿਸ ਵਿਚ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਸਾਖੀਆਂ (ਪੁਰਾਤਨ, ਮਿਹਰਬਾਨ, ਬਾਲਾ, ਮਨੀ ਸਿੰਘ ਜਨਮਸਾਖੀ, ਮਿਸ਼ਰਿਤ ਜਨਮਸਾਖੀਆਂ) ਦਾ ਆਲੋਚਨਾਤਮਕ ਵਿਸ਼ਲੇਸ਼ਣ ਕੀਤਾ ਗਿਆ ਹੈ। ਉਹ ਕਹਿੰਦੇ ਹਨ ਕਿ ਜਨਮਸਾਖੀਆਂ ਆਪਣੇ ਆਪ ਵਿਚ ਇਕ ਪੂਰਣ ਸਾਹਿਤ ਹਨ, ਜਿਨ੍ਹਾਂ ਨਾਲ ਅਨੇਕ ਸਾਹਿਤਿਕ ਰੂਪਾਂ ਦਾ ਮੁੱਢ ਬੱਝਦਾ ਹੈ। ਇਸਦੇ ਕਰਤਿਤਵ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਪੁਰਾਤਨ ਵਾਰਤਕ ਦਾ ਜਿਆਦਾਤਰ ਸਰੂਪ ਸੰਕਾਮਈ ਹੈ। ਜਿਸਦੇ ਤਿੰਨ ਕਾਰਣ ਹਨ-ਪਹਿਲਾ ਇਹ ਕਿ ਪੁਰਾਤਨ ਲੇਖਕ ਆਪਣੀ ਰਚਨਾ 'ਤੇ ਨਾਮ ਨਹੀਂ ਲਿਖਦੇ ਸਨ, ਉਨ੍ਹਾਂ ਦੀ ਮਨੌਤ ਸੀ ਕਿ ਇਹ ਹੰਕਾਰ ਦਾ ਸੂਚਕ ਹੈ। ਦੂਜਾ ਪਰਾਤਨ ਰਚੈਤਾ ਆਪਣੀਆਂ ਕ੍ਰਿਤਾਂ ਨੂੰ ਆਪਣੇ ਦੀਖਿਆ-ਗੁਰੂ ਜਾਂ ਪੂਜਣਯੋਗ ਪੁਰਸ਼ ਨੂੰ ਸਮਰਪਿਤ ਕਰ ਦਿੰਦੇ ਸਨ। ਤੀਜਾ ਇਹ ਕਿ ਕੁਝ ਸਾਹਿਤਕਾਰ ਆਪਣੀ ਰਚਨਾ ਦੀ ਪ੍ਰਸਿੱਧੀ ਵਾਸਤੇ ਆਪਣੀ ਰਚਨਾ ਨੂੰ ਪ੍ਰਸਿੱਧ ਵਿਅਕਤੀਆਂ ਦੇ ਨਾਮ 'ਤੇ ਪ੍ਰਚਲਿਤ

ਕਰ ਦਿੰਦੇ ਸਨ। ਜਨਮਸਾਖੀ ਦਾ ਵਿਸ਼ਲੇਸ਼ਣ ਕਰਦਿਆਂ ਉਨ੍ਹਾਂ ਦਾ ਕਹਿਣਾ ਹੈ ਕਿ 'ਸਾਖੀਕਾਰ ਨੇ ਗੁਰੂ ਨਾਨਕ ਦਾ ਚਰਿਤ੍ਰ ਇਤਨੀ ਅਧਿਕ ਸ਼ਰਧਾ ਅਤੇ ਯੁਗ ਦੀਆਂ ਪਰਿਸਥਿਤੀਆਂ ਦੀ ਪ੍ਰਚਾਰਰਤਮਕ ਵਿਵਸਥਾ ਕਾਰਣ ਅਜਿਹੀ ਅੰਧ-ਨਿਸ਼ਠਾ ਨਾਲ ਪ੍ਰਸਤੁਤ ਕੀਤਾ ਹੈ ਕਿ ਉਹ ਇਤਿਹਾਸਿਕ ਗੁਰੂ ਨਾਨਕ ਨ ਰਹਿ ਕੇ ਪੌਰਾਣਿਕ (Legendary) ਜਾਂ ਮਿਥਿਕ ਬਣ ਗਏ।'[32] ਮਿਹਰਬਾਨ ਜਨਮਸਾਖੀ ਬਾਰੇ ਡਾ. ਜੱਗੀ ਕਹਿੰਦੇ ਹਨ ਕਿ ਮਿਹਰਬਾਨ ਕਥਾ ਵਾਰਤਾ ਰਾਹੀਂ ਜੋ ਬਚਨ ਕਹਿੰਦਾ ਸੀ ਕੇਸ਼ਵ ਦਾਸ ਨਾਂ ਦਾ ਲਿਖਾਰੀ ਉਸ ਨੂੰ ਲਿਖਤ ਵਿਚ ਲੈ ਲੈਂਦਾ ਸੀ। ਹਰਿ ਜੀ ਅਤੇ ਚਤੁਰਭੁਜ ਪੋਥੀਆਂ ਮੂਲ ਰੂਪ ਵਿਚ ਮਿਹਰਬਾਨ ਦੀ ਰਚਨਾ ਹਨ। ਇਸ ਦੀ ਰਚਨਾ ਮਿਹਰਬਾਨ ਦੀ ਮੌਤ (1639 ਈ.) ਤੋਂ ਪਹਿਲਾਂ ਹੋਈ ਸੀ, ਜਿਸ ਵਿਚ ਲੇਖਕ ਨੇ ਆਪਣੇ ਨਾਇਕ ਨੂੰ ਇਸ਼ਟਦੇਵ ਵਜੋਂ ਚਿਤਰਿਆ ਹੈ। ਇਤਿਹਾਸ ਜਾਂ ਜੀਵਨੀ ਦੀ ਥਾਂ ਇਹ ਰਚਨਾ ਮਿਥਿਕ ਰੂੜ੍ਹੀਆਂ ਅਤੇ ਪੌਰਾਣਿਕ ਉਪਾਖਿਆਨਾਂ ਦਾ ਅਜਿਹਾ ਪ੍ਰਬੰਧ ਹੈ ਜੋ ਧਰਤੀ ਦੇ ਨਾਇਕ ਨੂੰ ਦਿਵਯ ਪੁਰਸ਼ ਬਣਾ ਦਿੰਦਾ ਹੈ।[33] ਉਹ ਕਹਿੰਦੇ ਹਨ ਕਿ ਪਰਮਾਰਥ ਲਿਖਣ ਦੀ ਸ਼ੈਲੀ ਦੇ ਦਰਸ਼ਨ ਇਸ ਰਚਨਾ ਵਿਚੋਂ ਹੋ ਜਾਂਦੇ ਹਨ ਅਤੇ ਪੰਜਾਬੀ ਵਾਰਤਕ ਵਿਚ ਇਸ ਜਨਮਸਾਖੀ ਦਾ ਮਹੱਤਵਪੂਰਣ ਸਥਾਨ ਹੈ। ਇਸਦੀ ਸ਼ਬਦਾਵਲੀ ਭਾਰਤੀ ਵਿਰਸੇ ਵਾਲੀ ਹੈ, ਜਿਸ ਵਿਚ ਅਰਬੀ ਅਤੇ ਫ਼ਾਰਸੀ ਵੀ ਵਰਤੀ ਗਈ ਹੈ ਇਸ ਤੋਂ ਇਲਾਵਾ ਇਸ ਵਿਚ ਪੁਰਾਤਨ ਜਨਮਸਾਖੀ ਨਾਲੋਂ ਪੰਜਾਬੀਪਨ ਘੱਟ ਹੈ।

---

[32] *ਪੁਰਾਤਨ ਪੰਜਾਬੀ ਵਾਰਤਕ ਵਿਕਾਸ ਅਤੇ ਵਿਸ਼ਲੇਸ਼ਣ*, ਪੰ.47.

[33] *ਪੂਰਵ ਅੰਕਿਤ*, ਪੰ.92.

'ਬਾਲਾ ਜਨਮਸਾਖੀ' ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਇਸ ਦੀ ਤੱਥ ਆਧਾਰਿਤ ਸਹੀ ਖੋਜ ਸਾਹਮਣੇ ਨਹੀਂ ਆ ਸਕੀ। ਇਸ ਜਨਮਸਾਖੀ ਦੀ ਸੰਦਿਗਧਾ ਬਾਰੇ ਲੰਮੀ ਵਿਚਾਰ ਕਰਨ ਤੋਂ ਉਪਰੰਤ ਉਹ ਕਹਿੰਦੇ ਹਨ ਕਿ ਬਾਲਾ ਸੰਧੂ ਗੁਰੂ ਨਾਨਕ ਦੇਵ ਜੀ ਦਾ ਸਮਕਾਲੀ ਨਹੀਂ ਸੀ। ਇਸ ਜਨਮਸਾਖੀ ਦਾ ਵਿਵਰਣ ਸੱਚ ਦੀ ਕਸਵੱਟੀ 'ਤੇ ਸਹੀ ਨਹੀਂ ਉਤਰਦਾ ਅਤੇ ਇਸ ਦੀ ਸਿਰਜਨਾ ਵਿਚ ਹੰਦਾਲੀਆਂ ਦਾ ਹੱਥ ਸੀ। ਇਸ ਤੋਂ ਇਲਾਵਾ ਪੁਰਾਤਨ, ਮਿਹਰਬਾਨ ਅਤੇ ਇਸ ਜਨਮਸਾਖੀ ਦਾ ਅੰਤਰ ਸਪਸ਼ਟ ਕਰਦਿਆਂ ਉਹ ਕਹਿੰਦੇ ਹਨ ਕਿ ਗੁਰੂ ਜੀ ਦੇ ਜਨਮ, ਵਿਆਹ, ਉਦਾਸੀਆਂ ਵੇਲੇ ਸਹਿਯਾਤ੍ਰੀਆਂ ਦੇ ਵੇਰਵੇ, ਘਟਨਾਵਾਂ ਦੀਆਂ ਤਿਥੀਆਂ, ਗੁਰੂ ਜੀ ਦੇ ਨਿਕਟਵਰਤੀ ਸੰਬੰਧੀਆਂ ਦੇ ਨਾਂ, ਸਥਾਨ, ਨਗਰਾਂ, ਬੰਦਰਗਾਹਾਂ ਅਤੇ ਦੀਪਾਂ ਆਦਿ ਨੂੰ ਲੈ ਕਰਕੇ ਪਹਿਲੀਆਂ ਦੋਵੇਂ ਜਨਮਸਾਖੀਆਂ ਨਾਲੋਂ ਬਾਲਾ ਜਨਮਸਾਖੀ ਦਾ ਵਖਰੇਵਾਂ ਹੈ।

'ਮਨੀ ਸਿੰਘ ਜਨਮਸਾਖੀ' ਬਾਰੇ ਉਹ ਕਹਿੰਦੇ ਹਨ ਕਿ ਇਹ ਅਠਾਰ੍ਹਵੀਂ ਸਦੀ ਦੇ ਪੂਰਵਾਰਧ ਦੀ ਇਕ ਮਹੱਤਵਪੂਰਣ ਰਚਨਾ ਹੈ, ਜਿਸ ਨੂੰ ਗਿਆਨ ਰਤਨਾਵਲੀ ਵਜੋਂ ਜਾਣਿਆ ਜਾਂਦਾ ਹੈ। ਜਿਸ ਦਾ ਕਰਤ੍ਰਿਤਵ ਅਤੇ ਰਚਨਾ-ਕਾਲ ਸੰਕਾਮਈ ਹੈ। ਇਸ ਵਿਚਲੀਆਂ ਸਾਖੀਆਂ ਭਾਈ ਮਨੀ ਸਿੰਘ ਸੰਗਤਾਂ ਨੂੰ ਕਥਾ ਰੂਪ ਵਿਚ ਸੁਣਾਉਂਦੇ ਰਹੇ ਪਰ ਲਿਖਤੀ ਰੂਪ ਭਾਈ ਸੂਰਤ ਸਿੰਘ ਨੇ ਦਿੱਤਾ। ਇਸ ਜਨਮਸਾਖੀ ਵਿਚ ਭਾਈ ਮਨੀ ਸਿੰਘ ਦਾ ਉਲੇਖ ਅਨਯ-ਪੁਰਸ਼ ਵਜੋਂ ਹੋਇਆ ਹੈ, ਜੇ ਇਹ ਉਨ੍ਹਾਂ ਦੀ ਰਚਨਾ ਹੁੰਦੀ ਤਾਂ ਅਜਿਹਾ ਨਾ ਹੁੰਦਾ। ਉਹ ਸੰਭਾਵਨਾ ਜਤਾਉਂਦੇ ਹੋਏ ਕਹਿੰਦੇ ਹਨ ਕਿ ਇਸ ਜਨਮਸਾਖੀ ਦੀ ਰਚਨਾ 18ਵੀਂ ਸਦੀ ਦੀ ਪਹਿਲੀ ਚੌਥਾਈ ਵਿਚ

ਲਿਖੀ ਗਈ ਹੋਵੇਗੀ।[34] ਪਰ ਇਹ ਜਨਮਸਾਖੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਵਿਚਾਰਧਾਰਾ ਨੂੰ ਪੇਸ਼ ਕਰਨ ਹਿਤ ਇਕ ਸ਼ਾਲਾਘਾ-ਯੋਗ ਕੰਮ ਹੈ, ਜੋ ਪਹਿਲੀਆਂ ਜਨਮਸਾਖੀਆਂ ਵਿਚ ਪੇਸ਼ ਕੀਤਾ ਗਿਆ ਗੁਰੂ ਨਾਨਕ ਦੇਵ ਜੀ ਦੇ ਮਿਥਿਕ ਸਰੂਪ ਨੂੰ ਹੀ ਅੱਗੇ ਤੋਰਦਾ ਹੈ।

'ਮਿਸ਼ਰਿਤ ਜਨਮਸਾਖੀਆਂ' ਵਿਚ ਉਹ ਚਾਰ ਜਨਮਸਾਖੀਆਂ, ਆਦਿ ਸਾਖੀਆਂ:-ਸੰਭੂ ਨਾਥ ਵਾਲੀ ਜਨਮਪਤ੍ਰੀ ਬਾਬੇ ਨਾਨਕ ਜੀ ਕੀ, ਪੁਰਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ, ਪ੍ਰਾਚੀਨ ਜਨਮਸਾਖੀ ਅਤੇ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ (ਬੀ-੪) ਦੀ ਵਿਚਾਰ ਕੀਤੀ ਗਈ ਹੈ। ਡਾ. ਜੱਗੀ ਸਾਰੀਆਂ ਸਾਖੀਆਂ ਦੇ ਸਿਰਜਨਾਤਮਕ ਪਹਿਲੂਆਂ ਤਕ ਪਹੁੰਚ ਕਰਦਿਆਂ, ਭੂਮਿਕਾਵਾਂ ਵਿਚੋਂ ਸ਼ਬਦਾਂ ਨੂੰ ਉਠਾਲ ਕੇ ਕਹਿੰਦੇ ਹਨ ਕਿ ਇਹ ਚਾਰੇ ਜਨਮਸਾਖੀਆਂ 'ਪੁਰਾਤਨ ਜਨਮਸਾਖੀ' ਨੂੰ ਆਧਾਰ ਬਣਾ ਕੇ ਹੀ ਚਲਦੀਆਂ ਹਨ। ਇਨ੍ਹਾਂ ਵਿਚਲਾ ਵਿਵਰਣ ਵੀ ਬੇਮੇਲ ਅਤੇ ਨਿਰਾਧਾਰ ਤੱਤਾਂ ਦਾ ਸੁਮੇਲ ਹੈ।

ਇਸ ਪੁਸਤਕ ਦਾ ਦੂਜਾ ਅਧਿਆਇ 'ਜਨਮਸਾਖੀ ਪਰੰਪਰਾ-2' ਹੈ। ਜਿਸ ਵਿਚ ਗੁਰੂ ਨਾਨਕ ਦੇਵ ਜੀ ਤੋਂ ਭਿੰਨ ਜਨਮਸਾਖੀਆਂ (ਜਨਮਸਾਖੀ ਭਗਤ ਕਬੀਰ ਜੀ, ਗੋਸ਼ਟਾਂ ਮਿਹਰਬਾਨ ਜੀ ਕੀਆਂ ਅਤੇ ਜਨਮਸਾਖੀ ਬਾਬੇ ਹੰਦਾਲ ਜੀ ਕੀ) ਬਾਰੇ ਵਿਚਾਰ ਕੀਤੀ ਗਈ ਹੈ। ਜਨਮਸਾਖੀ ਭਗਤ ਕਬੀਰ ਜੀ ਕੀ ਬਾਰੇ ਉਹ ਕਹਿੰਦੇ ਹਨ ਕਿ ਇਸ ਜਨਮਸਾਖੀ ਦੀਆਂ ਕਈ ਪੋਥੀਆਂ ਪੁਰਾਤਨ ਪੁਸਤਕਾਲਿਆਂ ਵਿਚ ਉਪਲਭਧ ਹਨ। ਸਭ ਤੋਂ ਪੁਰਾਤਨ ਪੋਥੀ ਸੈਂਟ੍ਰਲ

---

[34] *ਪੂਰਵ ਅੰਕਿਤ*, ਪੰ.143.

ਪਬਲਿਕ ਲਾਇਬ੍ਰੇਰੀ, ਪਟਿਆਲਾ 1740 ਬਿ. (1683 ਈ.) ਹੈ, ਜਿਸ ਵਿਚ 25 ਕਾਥਾਵਾਂ ਹਨ। ਸਿੱਖ ਰੈਫ਼ਰੈਂਸ ਲਾਇਬ੍ਰੇਰੀ, ਅੰਮ੍ਰਿਤਸਰ ਵਾਲੀ ਇਕ ਪੋਥੀ ਵਿਚ 98 ਅਤੇ ਦੂਜੀ ਵਿਚ 133 ਕਥਾਵਾਂ ਹਨ।[35] ਇਨ੍ਹਾਂ ਜਨਮਸਾਖੀਆਂ ਦਾ ਵਿਸ਼ਲੇਸ਼ਣ ਕਰਦਿਆਂ ਉਹ ਕਹਿੰਦੇ ਹਨ ਕਿ ਇਨ੍ਹਾਂ ਵਿਚ ਭਗਤ ਕਬੀਰ ਜੀ ਦੇ ਜੀਵਨ ਨੂੰ ਪੌਰਾਣਿਕ ਅਤੇ ਮਿਥਿਕ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਨ੍ਹਾਂ ਅਧਿਆਤਮਵਾਦ ਦੇ ਪੱਖ, ਯੋਗ ਮੱਤ, ਸੂਫ਼ੀਮਤ, ਸਿੱਧਾਂ ਨਾਥਾਂ, ਵੇਦਾਂ, ਸ਼ਾਸਤ੍ਰਾਂ ਬਾਰੇ ਵੀ ਵੇਰਵਾ ਮਿਲਦਾ ਹੈ। ਇਸ ਦੀ ਵਾਰਤਕ ਵਿਚ ਹਿੰਦੀ ਪ੍ਰਧਾਨ ਹੈ। ਭਗਤ ਜੀ ਦੀ ਬਾਣੀ ਤੋਂ ਬਿਨਾਂ ਬਾਕੀ ਸਭ ਕੁਝ ਮਿਹਰਬਾਨ ਵਾਲੀ ਜਨਮਸਾਖੀ ਵਿਚ ਵੀ ਮਿਲ ਜਾਂਦਾ ਹੈ। ਸਾਖੀਕਾਰ ਕਬੀਰ ਜੀ ਦੀਆਂ ਪਰੰਪਰਾਵਾਂ ਬਾਰੇ ਨਹੀਂ ਜਾਣਦਾ ਤਾਂ ਕਰਕੇ ਇਸ ਵਿਚਲੇ ਵੇਰਵੇ ਸਹੀ ਸਾਬਿਤ ਨਹੀਂ ਹੁੰਦੇ।

'ਗੋਸ਼ਟਾਂ ਮਿਹਰਬਾਨ ਜੀ ਕੀਆਂ' ਬਾਰੇ ਚਰਚਾ ਕਰਦਿਆਂ ਡਾ. ਜੱਗੀ ਦਾ ਕਹਿਣਾ ਹੈ ਕਿ ਇਹ ਪੰਜਾਬੀ ਵਾਰਤਕ ਦੀ ਸਤ੍ਹਾਰਵੀਂ ਸਦੀ ਦੀ ਇਕ ਮਹੱਤਵਪੂਰਣ ਰਚਨਾ ਹੈ, ਜਿਸ ਦਾ ਲੇਖਕ ਸੋਢੀ ਮਿਹਰਬਾਨ ਦਾ ਪੁੱਤਰ ਹੈ। ਇਸ ਵਿਚ ਮਿਹਰਬਾਨ ਦੇ ਜੀਵਨ ਅਤੇ ਅਧਿਆਤਮਿਕ ਪੱਖ ਬਾਰੇ ਵੇਰਵਾ ਮਿਲਦਾ ਹੈ। ਉਹ ਕਹਿੰਦੇ ਹਨ ਕਿ ਇਹ ਰਚਨਾ ਭਾਰਤੀ ਦਰਸ਼ਨ ਅਤੇ ਸਾਧਨਾ ਦੇ ਖੇਤਰ ਵਿਚ ਕੋਈ ਮਹੱਤਵਪੂਰਣ ਦੇਣ ਨਹੀਂ ਦੇ ਸਕੀ ਪਰ ਪੰਜਾਬੀ ਅਤੇ ਕੁਝ ਕੁ ਹਿੰਦੀ ਦੇ ਗੱਦ ਦੇ ਵਿਕਾਸ ਵਿਚ ਇਹ ਵਿਸ਼ੇਸ਼ ਯੋਗਦਾਨ ਪਾਉਂਦੀ ਹੈ। ਡਾ. ਜੱਗੀ ਦਾ ਕਹਿਣਾ ਹੈ ਕਿ 'ਸਚ ਤਾਂ ਇਹ ਹੈ ਕਿ ਆਧੁਨਿਕ ਵਾਰਤਕ ਦੇ ਵਿਕਾਸ ਵਿਚ ਜੋ ਦੇਣ

---

[35] *ਪੂਰਵ ਅੰਕਿਤ,* ਪੰ.171.

ਸੁਧਾਰਕ ਲਹਿਰਾਂ ਅਤੇ ਈਸਈ ਮਿਸ਼ਨਰੀਆਂ ਦੀ ਹੈ, ਉਹੀ ਦੇਣ ਪੁਰਾਤਨ ਵਾਰਤਕ ਦੇ ਵਿਕਾਸ ਵਿਚ ਮਿਹਰਬਾਨ ਸੰਪ੍ਰਦਾਇ ਦੀ ਹੈ।'[36] 'ਜਨਮਸਾਖੀ ਬਾਬੇ ਹੰਦਾਲ ਜੀ ਕੀ' ਬਾਰੇ ਕਹਿੰਦੇ ਹਨ ਕਿ ਇਹ ਜਨਮਸਾਖੀ 'ਬਾਲਾ ਜਨਮਸਾਖੀ' ਤੋਂ ਕਾਫ਼ੀ ਬਾਦ ਵਿਚ ਲਿਖੀ ਗਈ ਹੈ। ਜੰਡਿਆਲਾ ਨਿਵਾਸੀ ਬਾਬਾ ਰਾਮ ਦਾਸ ਨਿਰੰਜਨੀ ਪਾਸ ਸੁਰਿਖਅਤ 'ਜਨਮਸਾਖੀ ਬਾਬਾ ਹੰਦਾਲ ਜੀ ਕੀ' ਇਕ ਗੱਦ-ਪੱਦ ਮਿਸ਼ਰਿਤ ਦੁਰਲਭ ਹੱਥਲਿਖਿਤ ਪੋਥੀ ਹੈ।[37] ਇਸ ਦੇ ਰਚੈਤਾ ਬਾਰੇ ਨਾ ਪਤਾ ਹੋਣਾ ਵੀ ਇਸ ਪੋਥੀ ਨੂੰ ਸੰਦਿਗਧ ਸਿੱਧ ਕਰਦਾ ਹੈ ਅਤੇ ਇਸ ਜਨਮਸਾਖੀ ਵਿਚ ਬਾਲੇ ਵਾਲੀ ਜਨਮਸਾਖੀ ਦੀ ਹੀ ਹੰਦਾਲ ਦੇ ਸੰਦਰਭ ਵਿਚ ਪੁਨਰ ਸਥਾਪਨਾ ਕੀਤੀ ਗਈ ਹੈ।

'ਸਾਖੀ/ਪਰਚੀ ਪਰੰਪਰਾ' ਪੁਰਾਤਨ ਪੰਜਾਬੀ ਵਾਰਤਕ ਦੇ ਇਤਿਹਾਸ ਵਿਚ ਜਨਮਸਾਖੀ ਪਰੰਪਰਾ ਤੋਂ ਉਪਰੰਤ ਸਾਖੀ/ ਪਰਚੀ ਪਰੰਪਰਾ ਦਾ ਨਾਂ ਆਉਂਦਾ ਹੈ। ਇਸ ਦੀ ਆਰੰਭਤਾ ਬਾਰੇ ਡਾ. ਜੱਗੀ ਕਹਿੰਦੇ ਹਨ ਕਿ ਗੁਰੂ ਸਾਹਿਬਾਨ ਦੁਆਰਾ ਚਲਾਈ ਭਗਤੀ ਲਹਿਰ ਦੇ ਨਾਲ ਅਠਾਰ੍ਹਵੀਂ ਸਦੀ ਦੇ ਅਧਿਆਤਮਿਕ ਖੇਤਰ ਵਿਚ ਕਾਫ਼ੀ ਬਦਲਾਅ ਆਉਂਦਾ ਹੈ, ਜਿਸ ਨਾਲ ਉਚੇ ਕਿਰਦਾਰ ਵਾਲੇ ਸਿੱਖ ਸਾਧਕ ਹੋਏ। ਇਨ੍ਹਾਂ ਦੇ ਮਹਾਨ ਚਰਿਤ੍ਰਾਂ ਬਾਰੇ ਸਾਖੀ ਰੂਪ ਵਿਚ ਲਿਖਿਆ ਜਾਣ ਲੱਗਾ, ਜਿਸ ਨਾਲ ਕਾਫ਼ੀ ਜਿਆਦਾ ਸਾਖੀ-ਸੰਗ੍ਰਹਿ ਪ੍ਰਾਪਤ ਹੁੰਦਾ ਹੈ। 'ਸ੍ਰੀ ਸਤਿਗੁਰੂ ਜੀ ਦੇ ਮੁਹੈਂ ਦੀਆਂ ਸਾਖੀਆਂ' ਬਾਰੇ ਡਾ. ਜੱਗੀ ਕਹਿੰਦੇ ਹਨ ਕਿ ਇਹ ਸਾਖੀਆਂ ਉਦੋਂ

[36] *ਪੂਰਵ ਅੰਕਿਤ*, ਪੰ.192.

[37] *ਉਹੀ.*

ਹੋਂਦ ਵਿਚ ਆਈਆਂ ਜਦੋਂ ਗੁਰੂ ਸਾਹਿਬਾਨ ਵਲੋਂ ਸਮੇਂ ਸਮੇਂ 'ਤੇ ਦਿੱਤੇ ਉਪਦੇਸ਼ਾਂ ਨੂੰ ਪ੍ਰੇਮੀਆਂ ਵਲੋਂ ਲਿਖਿਆ ਗਿਆ, ਪਰ ਇਨ੍ਹਾਂ ਦੇ ਰਚੈਤਾ ਦਾ ਪਤਾ ਨਹੀਂ ਲੱਗਦਾ। ਇਨ੍ਹਾਂ ਸਾਖੀਆਂ ਵਿਚਲੀ ਸਮਗਰੀ ਵੀ ਇਕ ਸਮਾਨ ਨਹੀਂ ਹੈ। 'ਸਿਖਾਂ ਦੀ ਭਗਤਮਾਲਾ' ਭਾਈ ਮਨੀ ਸਿੰਘ ਦੇ ਨਾਂ ਨਾਲ ਸੰਬੰਧਿਤ ਇਸ ਰਚਨਾ ਬਾਰੇ ਕਈ ਵਿਦਵਾਨਾਂ ਦੁਆਰਾ ਇਸ ਸੰਬੰਧਿਤ ਕੀਤੇ ਕਾਰਜਾਂ ਦਾ ਵਿਵਰਣ ਪੇਸ਼ ਕਰਦਿਆਂ, ਉਨ੍ਹਾਂ ਦਾ ਕਹਿਣਾ ਹੈ ਕਿ 'ਮਨੀ ਸਿੰਘ ਜਨਮਸਾਖੀ' ਅਤੇ ਸਿੱਖਾਂ ਦੀ ਭਗਤਮਾਲਾ' ਇਕੋ ਹੀ ਕਥਾ-ਕਾਰ ਦੇ ਪ੍ਰਵਚਨ ਹਨ ਅਤੇ ਉਹ ਕਥਾਕਾਰ ਭਾਈ ਮਨੀ ਸਿੰਘ ਹੀ ਹਨ। ਇਨ੍ਹਾਂ ਨੂੰ ਲਿਖਤੀ ਰੂਪ ਦੇਣ ਵਾਲਾ ਭਾਈ ਸੂਰਤ ਸਿੰਘ ਹੈ।[38] ਭਾਈ ਸੂਰਤ ਸਿੰਘ ਵਲੋਂ ਇਸ ਰਚਨਾ ਨੂੰ 1737 ਈ. ਤੋਂ ਪਹਿਲਾਂ ਲਿਖਤੀ ਰੂਪ ਦਿੱਤਾ ਗਿਆ ਹੈ। ਲੇਖਕ ਦਾ ਮੁੱਖ ਉਦੇਸ਼ ਰਹਿਤ ਮਰਿਆਦਾ ਨੂੰ ਸਪੱਸ਼ਟ ਕਰਨਾ, ਕਈ ਤਰ੍ਹਾਂ ਦੇ ਸ਼ੰਕਿਆਂ ਦਾ ਸਮਾਧਾਨ ਕਰਨਾ, ਅੰਮ੍ਰਿਤਸਰ ਦੇ ਮਹਾਤਮ ਅਤੇ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਨੂੰ ਪੇਸ਼ ਕਰਨਾ ਸੀ। 'ਪਰਚੀ ਪਾਤਸ਼ਾਹੀ ਦਸਵੀਂ ਕੀ' ਦੀ ਰਚਨਾ ਕਾਲ ਬਾਰੇ ਸੰਭਾਵਨਾ ਜਤਾਉਦਿਆਂ ਕਹਿੰਦੇ ਹਨ ਕਿ ਇਹ ਅਠਾਰਵੀਂ ਸਦੀ ਦੀ ਪਹਿਲੀ ਚੌਥਾਈ ਵਿਚ ਲਿਖੀ ਗਈ, ਜਿਸ ਵਿਚ ਕਿਸੇ ਵਿਸ਼ੇਸ਼ ਵਿਧਾਨ ਨੂੰ ਨਹੀਂ ਅਪਣਾਇਆ ਗਿਆ। ਵਿਸ਼ੇ ਪੱਖ ਤੋਂ ਵਿਚਾਰ ਕਰਦਿਆਂ ਉਹ ਕਹਿੰਦੇ ਹਨ ਕਿ ਇਸ ਰਚਨਾ ਤੋਂ ਪਤਾ ਲਗਦਾ ਹੈ ਕਿ ਗੁਰੂ ਦਰਬਾਰ ਵਿਚ ਗੁਰੂ ਸਾਹਿਬਾਨ ਅਤੇ ਜਗਿਆਸੂਆਂ ਦੇ ਸੰਵਾਦ ਹੁੰਦਾ ਸੀ। ਇਸ ਸੰਵਾਦ ਵਿਚ ਭੌਤਿਕਤਾ ਤੋਂ ਅਧਿਆਤਮਿਕਤਾ ਵਲ ਯਾਤਰਾ, ਬਾਰੇ

[38] ਪੂਰਵ ਅੰਕਿਤ, ਪੰ.207.

ਚਰਚਾ ਹੁੰਦੀ ਸੀ।[39] 'ਪਰਚੀ ਭਾਈ ਕਨ੍ਹਈਆ ਜੀ' ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਇਹ ਸੇਵਾਪੰਥੀ ਭਾਈ ਸਹਿਜ ਰਾਮ ਦੀ ਰਚਨਾ ਹੈ। ਜਿਸ ਵਿਚ ਭਾਈ ਕਨ੍ਹਈਆ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਨੂੰ ਵਿਸ਼ੇਸ਼ ਕ੍ਰਮ ਵਿਚ ਪੇਸ਼ ਨ ਕਰਦੀ ਹੋਈ ਉਨ੍ਹਾਂ ਦੇ ਨਾਂ ਨਾਲ ਲੋਕ ਵਿਚ ਪ੍ਰਚਲਿਤ ਕਥਾਵਾਂ ਦਾ ਇਕ ਅਨਿਯੋਜਿਤ ਸੰਗ੍ਰਹਿ ਹੈ।[40] 'ਸਾਖੀਆਂ ਭਾਈ ਅੱਡਣ ਸ਼ਾਹ ਜੀ' ਬਾਰੇ ਡਾ. ਜੱਗੀ ਕਹਿੰਦੇ ਹਨ ਕਿ ਇਨ੍ਹਾਂ ਸਾਖੀਆਂ ਵਿਚਲੇ ਪ੍ਰਸੰਗ ਗੁਰੂਆਂ, ਸੰਤਾਂ, ਭਗਤਾਂ, ਅਤੇ ਮਹਾਪੁਰਸ਼ਾਂ ਨਾਲ ਸੰਬੰਧਿਤ ਹਨ, ਜਿਨ੍ਹਾਂ ਨੂੰ ਭਾਈ ਅੱਡਣ ਸ਼ਾਹ ਦੀ ਕਥਾ ਨੂੰ ਸੁਣ ਕੇ ਕਿਸੇ ਸ਼ਰਧਾਲੂ ਨੇ ਲਿਖਤ ਵਿਚ ਲਿਆਂਦਾ। 'ਸੌ ਸਾਖੀ' ਬਾਰੇ ਡਾ. ਜੱਗੀ ਦਾ ਕਹਿਣਾ ਹੈ ਕਿ ਇਸ ਦਾ ਮੂਲ ਨਾਂ 'ਗੁਰ ਰਤਨ ਮਾਲ' ਹੈ, ਪਰ ਇਸ ਦਾ ਪ੍ਰਚਲਿਤ ਨਾਮ 'ਸੌ ਸਾਖੀ' ਹੈ। ਇਸ ਰਚਨਾ ਦਾ ਅਧਿਐਨ ਕਰਦਿਆਂ ਉਹ ਕਹਿੰਦੇ ਹਨ ਕਿ ਇਸ ਵਿਚਲੇ ਪ੍ਰਸੰਗ ਗੁਰਮਤਿ ਆਸ਼ਾ ਅਤੇ ਇਤਿਹਾਸਿਕ ਤੌਰ 'ਤੇ ਠੀਕ ਨਹੀਂ ਹਨ। ਇਨ੍ਹਾਂ ਵਿਚਲੀਆਂ ਬਹੁਤਾਤ ਸਾਖੀਆਂ ਦਾ ਸੰਬੰਧ ਗੁਰੂ ਜੀ ਦੇ ਯੁਧਾਂ ਨਾਲ ਹੈ, ਜਿਨ੍ਹਾਂ ਵਿਚ ਗੁਰੂ ਜੀ ਨੂੰ ਇਕ ਯੁਧ ਨਾਇਕ ਵਜੋਂ ਪੇਸ਼ ਕੀਤਾ ਗਿਆ ਹੈ।

'ਪਰਮਾਰਥ/ਟੀਕਾ ਪਰੰਪਰਾ' ਡਾ. ਜੱਗੀ ਕਹਿੰਦੇ ਹਨ ਕਿ ਪੰਜਾਬੀ ਟੀਕਾਕਾਰੀ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੀ ਬਾਣੀ ਨਾਲ ਹੁੰਦਾ ਹੈ। ਗੁਰੂ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਉਪਰੰਤ ਪਰਮਾਰਥ ਅਤੇ ਉਥਾਨਿਕਾਵਾਂ ਪ੍ਰਚਲਿਤ ਹੋਈਆਂ। ਸੋਢੀ ਮਿਹਰਬਾਨ ਦੀ ਟੀਕਾਕਾਰੀ, ਹਰਿ ਜੀ ਅਤੇ ਚਤੁਰਭੁਜ ਦੀ ਟੀਕਾਕਾਰੀ, ਉਦਾਸੀ ਸ਼ਾਖਾ, ਗਿਆਨੀ ਸ਼ਾਖਾ,

---

[39] *ਪੂਰਵ ਅੰਕਿਤ,* ਪੰ.239.

[40] *ਉਹੀ,* ਪੰ.246.

ਨਿਰਮਲ ਸ਼ਾਖਾ,ਦੀ ਟੀਕਾਕਾਰੀ ਦਾ ਅਧਿਐਨ ਪੇਸ਼ ਕਰਦਿਆਂ ਇਨ੍ਹਾਂ ਦਾ ਟੀਕਾਕਾਰੀ ਦੇ ਖੇਤਰ ਵਿਚ ਯੋਗਦਾਨ ਬਾਰੇ ਚਾਨਣਾ ਪਾਇਆ ਹੈ। 'ਸੁਖਮਨੀ ਸਹੰਸ੍ਰਨਾਮ ਪਰਮਾਰਥ' ਬਾਰੇ ਵਿਚਾਰ ਕਰਦਿਆਂ ਉਹ ਕਹਿੰਦੇ ਹਨ ਕਿ ਇਸਦੀ ਰਚਨਾ ਮਿਹਰਬਾਨ ਦੀ ਮੌਤ ਤੋਂ ਸੱਤ ਸਾਲ ਬਾਦ ਵਿਚ ਹੋਈ, ਜਿਸ ਵਿਚ 'ਮੱਧਕਾਲ ਦਾ ਸਾਰਾ ਸਾਹਿੱਤ ਅਵਤਾਰ ਕਥਾਵਾਂ ਨਾਲ ਭਰਿਆ ਪਿਆ ਹੈ। ਲੋਕ-ਜੀਵਨ ਵਿਚ ਇਸ ਭਾਵਨਾ ਦੇ ਅਧਿਕ ਪ੍ਰਚਲਨ ਕਰਕੇ ਨਿਰਗੁਣ ਸਾਧਕਾਂ ਨੇ ਵੀ ਆਪਣਾ ਦ੍ਰਿਸ਼ਟੀਕੋਣ ਪੇਸ਼ ਕਰਦਿਆਂ ਅਵਤਾਰ ਕਥਾਵਾਂ/ਪ੍ਰਸੰਗਾਂ ਨੂੰ ਅਪਣਾਇਆ ਹੈ।'[41]

ਪੰਜਵਾਂ ਅਧਿਆਇ 'ਗੋਸ਼ਟਿ ਪਰੰਪਰਾ' ਨਾਲ ਸੰਬੰਧਿਤ ਹੈ। 'ਗੋਸ਼ਟਿ' ਸ਼ਬਦ ਬਾਰੇ ਚਾਨਣਾ ਪਾਉਂਦੇ ਹੋਏ ਡਾ. ਜੱਗੀ ਦਾ ਕਹਿਣਾ ਹੈ ਕਿ ਪਹਿਲਾਂ ਜਿਸ ਥਾਂ 'ਤੇ ਗਊਆਂ ਠਹਿਰਦੀਆਂ ਸਨ, ਉਸ ਲਈ ਇਹ ਸ਼ਬਦ ਵਰਤਿਆ ਜਾਂਦਾ ਸੀ। ਪਰ ਬਾਦ ਵਿਚ ਲੋਕਾਂ ਵਲੋਂ ਇਕੱਠੇ ਬੈਠ ਕੇ ਵਿਚਾਰ-ਚਰਚਾ ਹੋਣ ਲੱਗੀ, ਉਸ ਵਿਚਾਰ ਚਰਚਾ ਦੇ ਲਿਖਤੀ ਰੂਪ ਨੂੰ ਵੀ 'ਗੋਸ਼ਟਿ' ਕਿਹਾ ਜਾਣ ਲਗਿਆ। 'ਗੁਰੂ ਨਾਨਕ ਨਾਲ ਸੰਬੰਧਿਤ ਗੋਸ਼ਟਾਂ' ਬਾਰੇ ਉਹ ਕਹਿੰਦੇ ਹਨ ਕਿ ਇਹ ਪੰਜਾਬੀ ਦੀ ਪਹਿਲੀ ਪਦਾਤਮਕ ਗੋਸ਼ਟਿ ਹੈ, ਜਿਸ ਤੋਂ ਜਨਮਸਾਖੀ ਸਾਹਿਤ ਰਾਹੀਂ ਗੋਸ਼ਟਿ ਸਾਹਿਤ-ਵਿਧਾ ਦਾ ਵਿਕਾਸ ਹੁੰਦਾ ਹੈ।[42] ਇਸ ਵਿਚ ਸਾਖੀਕਾਰ ਨੇ ਪੰਜਾਬੀ ਵਿਚ ਗੁਰੂ ਨਾਨਕ ਸਾਹਿਬ ਜੀ ਦੀ ਪ੍ਰਭੁਤਾ ਨੂੰ ਪੇਸ਼ ਕੀਤਾ ਹੈ। 'ਗੋਸ਼ਟਿ ਮਕੇ ਮਦੀਨੇ ਕੀ' ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਇਸ ਵਿਚ ਉਪਦੇਸ਼ਤਾਮਕ ਰੂਪ ਵਿਚ ਅਧਿਆਤਮਕ ਵਿਚਾਰ ਹੈ। ਇਸ

[41] *ਪੂਰਵ ਅੰਕਿਤ,* ਪੰ.289.

[42] *ਉਹੀ,* ਪੰ.296.

ਵਿਚ ਮੁਸਲਮਾਨ ਪਾਤਰਾਂ ਵਲੋਂ ਗੁਰੂ ਨਾਨਕ ਸਾਹਿਬ ’ਤੇ ਸਵਾਲ ਕਰਵਾਏ ਹਨ। ਰਚਨਾ ‘ਬਬੇਕ ਸਾਰ’ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਇਸ ਦਾ ਸੰਬੰਧ ਸੇਵਾਪੰਥੀ ਭਾਈ ਸਹਿਜ ਰਾਮ ਨਾਲ ਜੋੜਿਆ ਜਾਂਦਾ ਹੈ, ਜਿਸ ਵਿਚ ਉਨ੍ਹਾਂ ਨੇ ਜਗਿਆਸੂਆਂ ਦੇ ਸਵਾਲਾਂ ਦੇ ਜਵਾਬ ਦਿੱਤੇ ਹਨ। ਇਸ ਵਿਚ ਉਨ੍ਹਾਂ ਨੇ ਗੁਰਬਾਣੀ ਦੀਆਂ ਪੰਕਤੀਆਂ ਅਤੇ ਪੌਰਾਣਿਕ/ਮਿਥਿਕ ਹਵਾਲੇ ਦੇ ਕੇ ਵਿਸ਼ੇ ਦਾ ਬੋਧ ਕਰਾਇਆ ਹੈ।

‘ਬਚਨ/ਸੁਖਨ ਪਰੰਪਰਾ’ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ‘ਬਚਨ’ ਦਾ ਭਾਵ ਬੋਲ ਜਾਂ ਕਥਨ ਅਤੇ ‘ਸੁਖਨ’ ਤੋਂ ਭਾਵ ਵੀ ਗੱਲਬਾਤ ਜਾਂ ਬੋਲ ਹੈ। ਗੁਰੂ ਜੀ ਦੇ ਬਚਨਾਂ ਦਾ ਸੰਗ੍ਰਹਿ ਭਾਈ ਪੈਂਦੇ ਵਾਲੀ ਬੀੜ ਵਿਚ ਦੱਸਿਆਂ ਜਾਂਦਾ ਹੈ।[43] ‘ਸੁਖਨ ਫਕੀਰਾਂ ਕੇ’ ਅਤੇ ‘ਪੋਥੀ ਆਸਾਵਰੀਆਂ’ ਦਾ ਵਿਸ਼ਲੇਸ਼ਣ ਕਰਦਿਆਂ ਡਾ. ਜੱਗੀ ਕਹਿੰਦੇ ਹਨ ਕਿ ਇਨ੍ਹਾਂ ਵਿਚ ਗੁਰਮਤਿ ਸਿਧਾਂਤਾਂ ਅਤੇ ਧਾਰਮਿਕ ਮਾਨਤਾਵਾਂ ਦਾ ਵੇਰਵਾ ਦੇਣ ਸਮੇਂ ਪੌਰਾਣਿਕ ਹਵਾਲੇ ਵਰਤੇ ਗਏ ਹਨ।

‘ਅਨੁਵਾਦ ਪਰੰਪਰਾ’ ਇਸ ਪੁਸਤਕ ਦਾ ਸੱਤਵਾਂ ਅਧਿਆਇ ਹੈ। ਜਿਸ ਵਿਚ ਪੁਰਾਤਨ ਪੰਜਾਬੀ ਵਾਰਤਕ ਦੇ ਪ੍ਰਸੰਗ ਵਿਚ ਅਨੁਵਾਦ ਪਰੰਪਰਾ ਦਾ ਅਧਿਐਨ ਕਰਦੇ ਹੋਏ ਡਾ. ਜੱਗੀ ਕਹਿੰਦੇ ਹਨ ਕਿ ਭਾਸ਼ਾ ਦੇ ਵਿਕਾਸ ਵਿਚ ਅਨੁਵਾਦ ਦਾ ਵਿਸ਼ੇਸ਼ ਸਥਾਨ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਗੁਰੂ ਸਾਹਿਬਾਨ ਵਲੋਂ ਚਲਾਏ ਭਗਤੀ ਅੰਦੋਲਨ ਦੀਆਂ ਦਾਰਸ਼ਨਿਕ ਅਤੇ ਨੈਤਿਕ ਸਿਖਿਆਵਾਂ ਪਰਿਚਿਤ ਕਰਾਉਣ ਹਿਤ ਅਤੇ ਹੋਰ ਧਰਮਾਂ ਦੀਆਂ ਪਰੰਪਰਾਵਾਂ ਨੂੰ ਜਾਨਣ ਲਈ ਸਿੱਖ ਸਾਧਕਾਂ ਵਲੋਂ ਕਈ ਰਚਨਾਵਾਂ ਦਾ ਅਨੁਵਾਦ ਕੀਤਾ ਗਿਆ। ‘ਸੰਸਕ੍ਰਿਤ ਜਾਂ ਭਾਰਤੀ

---

[43] *ਪੂਰਵ ਅਕਿਤ*, ਪੰ.306.

ਵਿਰਸੇ ਦੇ ਅਨੁਵਾਦ' ਦੇ ਅੰਤਰਗਤ 'ਸਿੰਘਾਸਨ ਬਤੀਸੀ', 'ਯੋਗ ਵਸਿਸਟ' ਅਤੇ 'ਗਿਆਨ ਪ੍ਰਬੋਧ ਉਦੇ ਚੰਦ ਨਾਟਕ' ਦਾ ਅਧਿਐਨ ਪੇਸ਼ ਕੀਤਾ ਗਿਆ ਹੈ। ਡਾ. ਜੱਗੀ ਕਹਿੰਦੇ ਹਨ ਕਿ ਇਹ ਰਚਨਾਵਾਂ ਪੰਜਾਬੀ ਵਾਰਤਕ ਦੇ ਵਿਕਾਸ ਵਿਚ ਭਾਰਤੀ ਦਰਸ਼ਨ ਦੀ ਸਮਗਰੀ ਨੂੰ, ਗੁਰਮੁਖੀ ਲਿਪੀ ਅਤੇ ਹਿੰਦੀ ਭਾਸ਼ਾ ਵਿਚ ਪਾਠਕਾਂ ਦੇ ਸਨਮੁੱਖ ਪੇਸ਼ ਕਰਦੀਆਂ ਹਨ। 'ਅਰਬੀ ਫ਼ਾਰਸੀ ਜਾਂ ਸਾਮੀ ਵਿਰਸੇ ਦੇ ਅਨੁਵਾਦ' ਦੇ ਅੰਤਰਗਤ 'ਪਾਰਸਭਾਗ', 'ਮਸਨਵੀ ਮੌਲਾਨਾ ਰੂਮੀ' 'ਸੁਨੀਤਿ ਪ੍ਰਕਾਸ਼' ਅਤੇ 'ਸੁਮਤਿ ਪ੍ਰਕਾਸ਼' ਬਾਰੇ ਜਾਣਕਾਰੀ ਦਿੰਦਿਆਂ ਕਹਿੰਦੇ ਹਨ ਇਨ੍ਹਾਂ ਅਨੁਵਾਦਾਂ ਨੇ ਪੰਜਾਬੀ ਵਾਰਤਕ ਦੇ ਵਿਕਾਸ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ।

ਪੁਸਤਕ ਦਾ ਅੱਠਵਾਂ ਅਤੇ ਅਖੀਰਲਾ ਅਧਿਆਇ 'ਫੁਟਕਲ ਵਾਰਤਕ ਵੰਨਗੀਆਂ' ਹੈ। ਜਿਸ ਵਿਚ ਉਥਾਨਿਕਾਵਾਂ, ਰਹਿਤਨਾਮੇ, ਹੁਕਮਨਾਮੇ, ਮਸਲੇ, ਪ੍ਰਾਣ ਸੰਗਲੀ ਦੀ ਵਾਰਤਕ ਅਤੇ ਬਾਈਬਲ ਦਾ ਅਨੁਵਾਦ, ਨੂੰ ਵਿਚਾਰਿਆ ਗਿਆ ਹੈ। ਡਾ. ਜੱਗੀ ਕਹਿੰਦੇ ਹਨ ਕਿ ਉਥਾਨਿਕਾਵਾਂ ਰਾਹੀਂ ਪੰਜਾਬੀ ਵਾਰਤਕ ਵਿਚ ਕਲਪਨਾ ਰਾਹੀਂ ਕਥਾ-ਸ੍ਰਿਸਟੀ ਤੋਂ ਗੁਰਬਾਣੀ ਵਿਸ਼ਲੇਸ਼ਣ ਦਾ ਵਿਕਾਸ ਹੋਇਆ ਹੈ। ਰਹਿਤਨਾਮੇ ਲਿਖਣ ਦੀ ਪਰੰਪਰਾ ਗੁਰੂ ਗੋਬਿੰਦ ਸਿੰਘ ਜੀ ਤੋਂ ਹੋਇਆ, ਜਿਨ੍ਹਾਂ ਵਿਚ ਸਿੱਖ ਦੀ ਰਹਿਣੀ ਦੀ ਰੀਤ ਦੱਸੀ ਗਈ ਹੈ। ਉਪਰੰਤ ਪ੍ਰਮੁੱਖ ਰਹਿਤਨਾਮਿਆਂ ਦਾ ਵੇਰਵਾ ਦਿੱਤਾ ਗਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਹੁਕਮਨਾਮਾ ਅਨੇਕ ਵਿਅਕਤੀਆਂ ਨੂੰ ਸੰਬੋਧਨ ਹੁੰਦਾ ਸੀ, ਜਿਸਦਾ ਇਤਿਹਾਸਿਕ ਅਤੇ ਸਾਹਿਤਿਕ ਦ੍ਰਿਸ਼ਟੀ ਤੋਂ ਖਾਸ ਮਹੱਤਵ ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਹੁਕਮਨਾਮਿਆਂ ਦੁਆਰਾ ਸਿੱਖ ਸੰਗਠਨ ਦਾ ਪਤਾ ਚਲਦਾ ਹੈ ਅਤੇ ਸਾਹਿਤਿਕ ਦ੍ਰਿਸ਼ਟੀ ਤੋਂ ਚਿੱਠੀ ਪੱਤਰ ਲਿਖਣ ਦੀ ਪੁਰਾਤਨ ਸ਼ੈਲੀ ਦਾ। ਮਸਲੇ ਇਸਲਾਮ ਦੇ

ਕੁਝ ਫ਼ਕੀਰਾਂ ਵਲੋਂ ਧਰਮ ਸੰਬੰਧੀ ਵਿਚਾਰ ਯੋਗ ਗੱਲਾਂ ਤੋਂ ਹੈ। ਪ੍ਰਾਣ ਸੰਗਲੀ ਦੀ ਵਾਰਤਕ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਇਸ ਰਚਨਾ ਵਿਚ ਹਿੰਦੀ ਦੀ ਪ੍ਰਧਾਨਤਾ ਹੈ ਪਰ ਪੰਜਾਬੀ ਅੰਸ਼ ਵੀ ਹੈ। ਜਿਸ ਦਾ ਵਾਤਾਵਰਣ ਅਧਿਆਤਮਕ ਹੈ ਅਤੇ ਇਸ ਦੀ ਭਾਸ਼ਾ ਭਾਰਤੀ ਵਿਰਸੇ ਵਾਲੀ ਹੈ। ਬਾਈਬਲ ਦੇ ਅਨੁਵਾਦ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ ਉਤੇ ਅੰਗ੍ਰੇਜ਼ਾਂ ਦਾ ਕਬਜ਼ਾ ਹੋਣ ਤੋਂ ਬਾਦ ਬਾਈਬਲ ਦੇ ਕਈ ਅਨੁਵਾਦ ਹੋਏ। ਜਿਨ੍ਹਾਂ ਵਿਚਲੀ ਪੰਜਾਬੀ ਲੋਕ ਬੋਲਚਾਲ ਦੇ ਕਾਫ਼ੀ ਨੇੜੇ ਹੈ।

***ਦਸਮ ਗ੍ਰੰਥ ਪਰਿਚਯ***

ਇਹ ਪੁਸਤਕ 'ਸਦਨ ਇੰਨਸੀਚਿਊਟ ਫਾਰ ਐਡਵਾਂਸਡ ਸਟਡੀਜ਼ ਇਨ ਕੰਪੈਰਟਿਵ ਰਿਲੀਜ਼ਨ' ਸੰਸਥਾ ਨੇ ਡਾ. ਜੱਗੀ ਤੋਂ ਤਿਆਰ ਕਰਵਾ ਕੇ ਪਹਿਲੀ ਵਾਰ ਸਤੰਬਰ 1990 ਨੂੰ ਪ੍ਰਕਾਸ਼ਿਤ ਕੀਤੀ। ਡਾ. ਜੱਗੀ ਨੇ ਇਸ ਪੁਸਤਕ ਵਿਚ *ਦਸਮ ਗ੍ਰੰਥ* ਦੀਆਂ ਪ੍ਰਾਪਤ ਬੀੜਾਂ ਦੇ ਅੰਤਰੀ ਭੇਦ, ਸਮੁੱਚੀਆਂ ਰਚਨਾਵਾ ਦੇ ਪਰਿਚਯ, ਵਿਸ਼ਾ-ਵਸਤੂ, ਕਾਵਿਕ ਰੂਪ, ਕੁਝ ਰਚਨਾਵਾਂ ਦਾ ਉਚਾਰਣ ਥਾਂ ਅਤੇ ਭਾਸ਼ਾ ਸ਼ੈਲੀ ਦਾ ਵੇਰਵਾ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਦਿੱਤਾ ਹੈ।

ਡਾ. ਜੱਗੀ ਅਰੰਭਤਾ ਵਿਚ *ਦਸਮ ਗ੍ਰੰਥ* ਦੇ ਹੋਂਦ ਵਿਚ ਆਉਣ ਬਾਰੇ ਸਵਾਲ ਉਠਾਉਂਦੇ ਕਹਿੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਦੇ 12 ਦਰਬਾਰੀ ਕਵੀ ਪ੍ਰਾਚੀਨ ਪੌਰਾਣਿਕ ਰਚਨਾਵਾਂ ਦਾ ਭਾਸ਼ਾ ਰੂਪਾਂਤਰ ਜਾਂ ਅਨੁਵਾਦ ਤਿਆਰ ਕਰਦੇ ਸਨ ਤਾਂ ਜੋ ਸੰਸਕ੍ਰਿਤ ਗ੍ਰੰਥਾਂ ਵਿਚ ਲੁਪਤ ਪਏ ਵਿਚਾਰਾਂ ਅਤੇ ਕਥਾਵਾਂ ਤੋਂ ਸਿੱਖ ਜਗਤ ਜਾਣੂੰ ਹੋ ਸਕੇ। ਸੰਮਤ 1761 ਬਿ. ਵਿਚ ਜਦੋਂ ਗੁਰੂ ਜੀ ਨੇ ਅਨੰਦਪੁਰ ਛੱਡਿਆ ਤਾਂ ਅਜਿਹਾ ਸਾਰਾ ਸਾਹਿਤ ਸਰਸਾ ਨਦੀ ਵਿਚ ਰੁੜ ਗਿਆ। ਉਪਰੋਕਤ

ਸਾਹਿਤ ਵਿਚੋਂ ਜਿਨ੍ਹਾਂ ਗ੍ਰੰਥਾਂ ਜਾਂ ਪੋਥੀਆਂ ਦੇ ਉਤਾਰੇ ਸ਼ਰਧਾਲੂਆਂ ਪਾਸ ਸੁਰਖਿਅਤ ਪਏ ਸਨ, ਉਨ੍ਹਾਂ ਨੂੰ ਗੁਰੂ ਜੀ ਦੇ ਜੋਤੀ-ਜੋਤ ਸਮਾਉਣ ਤੋਂ ਬਾਅਦ ਭਾਈ ਮਨੀ ਸਿੰਘ ਦੇ ਉਦਮ ਨਾਲ ਇਕੱਠਾ ਕੀਤਾ ਗਿਆ। ਇਸ ਵਿਚ ਦਸਮ ਗੁਰੂ ਦੀਆਂ ਨਿੱਜੀ ਬਾਣੀਆਂ ਵੀ ਦਰਜ ਸਨ। ਭਾਈ ਸੁੱਖਾ ਸਿੰਘ ਅਤੇ ਬਾਬਾ ਦੀਪ ਸਿੰਘ ਆਦਿ ਨੇ ਬਾਅਦ ਵਿਚ ਪ੍ਰਾਪਤ ਹੋਈਆਂ ਹੋਰ ਰਚਨਾਵਾਂ ਨੂੰ ਸ਼ਾਮਿਲ ਕਰਕੇ ਆਪਣੀ-ਆਪਣੀ ਰੁਚੀ ਅਨੁਸਾਰ ਭਿੰਨ-ਭਿੰਨ ਬੀੜਾਂ ਤਿਆਰ ਕੀਤੀਆਂ। ਪਹਿਲਾਂ ਇਸ ਨੂੰ *ਬਚਿੱਤ੍ਰ ਨਾਟਕ* ਦਾ ਨਾਂ ਦਿਤਾ ਗਿਆ ਬਾਦ ਵਿਚ ਇਸ ਨੂੰ ਹੀ *ਦਸਮ ਗ੍ਰੰਥ* ਕਿਹਾ ਜਾਣ ਲੱਗਿਆ।

ਵਿਸ਼ਾ ਪ੍ਰਵੇਸ਼ ਵਿਚ ਡਾ. ਜੱਗੀ ਨੇ ਅਜੋਕੇ ਸਮੇਂ ਵਿਚ ਪ੍ਰਾਪਤ ਪੁਰਾਤਨ ਬੀੜਾਂ ਨੂੰ ਤੁਲਨਾਤਮਕ ਵਿਧੀ ਅਨੁਸਾਰ ਪਰਖਦਿਆਂ *ਭਾਈ ਮਨੀ ਸਿੰਘ ਵਾਲੀ ਬੀੜ* (ਗੁਰਦੁਆਰਾ ਮੋਤੀ ਬਾਗ ਪਟਿਆਲਾ), *ਸੰਗਰੂਰ ਵਾਲੀ ਬੀੜ* ਅਤੇ *ਪਟਨੇ ਵਾਲੀ ਬੀੜ* ਤੋਂ ਪ੍ਰਾਪਤ ਬਾਣੀ ਦਾ ਵਿਵਰਣ, ਸਮੂਹ ਬੀੜਾਂ ਦੇ ਬਾਣੀ ਅਨੁਸਾਰ ਆਪਸੀ ਅੰਤਰ-ਭੇਦਾਂ ਦਾ ਜ਼ਿਕਰ ਕਰਕੇ ਰਚਨਾਵਾਂ ਦਾ ਰਚਨਾ-ਕ੍ਰਮ ਦਿਤਾ ਹੈ। *ਦਸਮ ਗ੍ਰੰਥ* ਦੀਆਂ ਸਮੁੱਚੀਆਂ ਰਚਨਾਵਾਂ ਦੇ ਵਿਸ਼ਾ-ਵਸਤੂ ਦਾ ਵਿਵਰਣ ਦਿੰਦਿਆਂ ਕਹਿੰਦੇ ਹਨ ਕਿ ਸਮੁੱਚੀ ਬਾਣੀ ਇਕ ਕਵੀ ਦੀ ਨਾ ਹੋਣ ਕਾਰਣ ਇਸ ਦੇ ਵਿਸ਼ਾ-ਵਸਤੂ ਅਤੇ ਵਿਚਾਰਧਾਰਾ ਵਿਚ ਏਕਤਾ ਨਹੀਂ ਹੈ। *ਦਸਮ ਗ੍ਰੰਥ* ਵਿਚ ਗੁਰੂ ਗੋਬਿੰਦ ਸਿੰਘ ਕ੍ਰਿਤ ਭਗਤੀ ਭਾਵਨਾ ਵਾਲੀਆਂ ਰਚਨਾਵਾਂ ਜਾਪ ਸਾਹਿਬ, ਅਕਾਲ ਉਸਤਤਿ, ਗਿਆਨ ਪ੍ਰਬੋਧ ਆਦਿ ਰਚਨਾਵਾਂ ਵਿਚ ਪਰਮਾਤਮਾ, ਆਤਮਾ, ਸੰਸਾਰ, ਮ੍ਰਿਤੂ, ਭਗਤੀ, ਪਾਖੰਡ, ਮਾਇਆ ਆਦਿ ਸੰਬੰਧੀ ਧਾਰਨਾਵਾਂ 'ਆਦਿ ਗ੍ਰੰਥ' ਵਾਲੀਆਂ ਹੀ ਹਨ। ਇਨ੍ਹਾਂ ਵਿਚ

ਜਿਆਦਾਤਰ ਪਰਮਾਤਮਾ ਦਾ ਗੁਣਗਾਣ, ਕੀਰਤਨ, ਪਾਖੰਡ ਖੰਡਨ ਅਤੇ ਪ੍ਰੇਮਾ-ਭਗਤੀ ਦਾ ਮਹੱਤਵ ਆਦਿ ਪੱਖਾਂ ਬਾਰੇ ਵਿਸਥਾਰ ਸਾਹਿਤ ਚਰਚਾ ਹੋਈ ਹੈ। ਨੀਵਿਆਂ ਨੂੰ ਉਪਰ ਚੁਕਣਾ, ਚਿੜੀਆਂ ਨੂੰ ਬਾਜਾਂ ਨਾਲ ਲੜਾਉਣਾ ਅਤੇ ਉਨ੍ਹਾਂ ਅੰਦਰ ਸਾਹਸ ਦੁਆਰਾ ਕੁਰਬਾਨੀ ਦਾ ਜ਼ਜ਼ਬਾ ਪੈਦਾ ਕਰਨ ਦਾ ਮਾਣ ਦਸਮ ਗੁਰੂ ਦੀ ਬਾਣੀ ਨੂੰ ਪ੍ਰਾਪਤ  ਹੈ। ਚੰਡੀ ਚਰਿਤ੍ਰ-1, ਚੰਡੀ ਚਰਿਤ੍ਰ-2, ਚੰਡੀ ਦੀ ਵਾਰ ਆਦਿ ਰਚਨਾਵਾਂ ਵਿਚ ਦੇਵੀ-ਦੇਵਤਿਆਂ ਰਾਕਸ਼ਾਂ ਦੇ ਆਪਸੀ ਯੁੱਧ, ਬ੍ਰਹਮਾਅਵਤਾਰ, ਰੁਦ੍ਰਅਵਤਾਰ ਵਿਚ ਅਵਤਾਰਾਂ ਦੀਆਂ ਕਥਾਵਾਂ, ਅਵਤਾਰਾਂ ਦਾ ਵਖਰੇ-ਵਖਰੇ ਰੂਪ ਵਿਚ ਪ੍ਰਗਟ ਹੋਣਾ ਆਦਿ ਦਾ ਵੇਰਵਾ ਦਿੱਤਾ ਹੈ। 'ਸਸ਼ਤ੍ਰਨਾਮ ਮਾਲਾ' ਦਾ ਵਿਸ਼ਾ-ਵਸਤੂ ਵੀਰਤਾਮਈ ਵਾਤਾਵਰਣ ਨੂੰ ਲਗਾਤਾਰ ਬਣਾਈ ਰੱਖਣ ਲਈ ਅਤੇ ਸਸ਼ਤਰਾਂ ਦੇ ਬਾਰੇ ਇਤਿਹਾਸਕ ਪਿਛੋਕੜ ਤੋਂ ਸਿੱਖ ਸੈਨਿਕਾਂ ਨੂੰ ਜਾਣੂੰ ਕਰਾਉਣ ਲਈ ਹੀ ਇਸ ਰਚਨਾ ਦਾ ਅਧਾਰ ਦਸਿਆ ਹੈ। ਜਿਥੇ 'ਚਰਿਤ੍ਰੋਪਾਖਿਆਨ' ਦਾ ਵਿਸ਼ਾ ਅਸ਼ਲੀਲਤਾ ਵਾਲਾ ਕਿਹਾ ਹੈ, ਉਥੇ 'ਜਫ਼ਰਨਾਮਾ' ਦਾ ਵਿਸ਼ਾ ਗੁਰੂ ਗੋਬਿੰਦ ਸਿੰਘ ਵਲੋਂ ਔਰੰਗਜ਼ੇਬ ਨੂੰ ਪਾਈਆਂ ਲਾਹਨਤਾਂ, ਕਿਹਾ ਹੈ। *ਦਸਮ ਗ੍ਰੰਥ* ਵਿਚ ਆਏ ਵਸਤੂ-ਵਿਧਾਨ, ਵਿਚਾਰਧਾਰਾ, ਸੰਵਾਦ, ਅਲੰਕਾਰ ਵਿਧਾਨ, ਛੰਦ ਯੋਜਨਾ, ਭਾਸ਼ਾ ਦੇ ਪੱਖ ਨੂੰ ਡਾ. ਜੱਗੀ ਨੇ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਹੈ।

### *ਸ੍ਰੀ ਗੁਰੂ ਗ੍ਰੰਥ ਪਰਿਚਯ*

*ਸ੍ਰੀ ਗੁਰੂ ਗ੍ਰੰਥ ਪਰਿਚਯ* ਪੁਸਤਕ 'ਗੋਬਿੰਦ ਸਦਨ ਇੰਨਸੀਚਿਊਟ ਫਾਰ ਐਡਵਾਂਸਡ ਸਟੱਡੀਜ਼ ਇਨ ਕੰਪੈਰਟਿਵ ਰਿਲੀਜ਼ਨ' ਨੇ ਡਾ. ਜੱਗੀ ਪਾਸੋਂ ਤਿਆਰ ਕਰਵਾ ਕੇ ਪਹਿਲੀ ਵਾਰ 1991 ਵਿਚ ਪ੍ਰਕਾਸਿਤ ਕਰਵਾਈ ਸੀ। ਇਸ ਪੁਸਤਕ ਨੂੰ ਪੰਜ ਅਧਿਆਵਾਂ ਵਿਚ ਵੰਡ ਕੇ 'ਗੁਰੂ

ਗ੍ਰੰਥ ਸਾਹਿਬ' ਦੀ ਬਾਣੀ ਦਾ ਪਰਿਚਯ ਕਰਾਉਣ ਲਈ ਇਕ ਸਫਲ ਯਤਨ ਕੀਤਾ ਗਿਆ ਹੈ। ਪੁਸਤਕ ਦੀ ਵਿਉਂਤਬੰਦੀ ਬੜੀ ਸੰਖੇਪ ਪਰ ਅਤਿ ਭਾਵਪੂਰਤ ਹੈ।

ਪੁਸਤਕ ਦਾ ਪਹਿਲਾ ਅਧਿਆਇ 'ਸੰਪਾਦਨ ਦਾ ਇਤਿਹਾਸ' ਪੇਸ਼ ਕਰਦੇ ਹੋਏ ਡਾ. ਜੱਗੀ ਕਹਿੰਦੇ ਹਨ ਕਿ ਗੁਰੂ ਨਾਨਕ ਦੇਵ ਜੀ ਖੁਦ ਬਾਣੀ ਲਿਖਦੇ ਸਨ ਪਰ ਉਨ੍ਹਾ ਦੀ ਸ੍ਵੈ-ਹੱਥ ਲਿਖਤ ਉਪਲਬਧ ਨਾ ਹੋਣ ਕਾਰਣ ਦੁਖ ਵੀ ਜਤਾਇਆ ਹੈ। ਪੁਰਾਤਨ ਗੁਰਮਤਿ ਸਾਹਿਤ, ਜਨਮ ਸਾਖੀਆਂ ਅਤੇ ਹੱਥ-ਲਖਤਾਂ ਦੀ ਪਰਖ-ਪੜਚੋਲ ਕਰਦਿਆਂ ਨਿਰਣਾ ਦਿਤਾ ਹੈ ਕਿ ਗੁਰੂ ਨਾਨਕ ਜੀ ਦੀ ਬਾਣੀ ਸੈਦੋ, ਸੀਹਾਂ ਘੇਹੋ, ਹਸੂ ਲੁਹਾਰ, ਝਾੜੂ ਕਲਾਲ ਅਤੇ ਮਨਸੁਖ ਆਦਿ ਸ਼ਰਧਾਲੂ ਸੇਵਕ  ਲਿਖਦੇ ਅਤੇ ਸੰਕਲਿਤ ਕਰਦੇ ਜਾਂਦੇ ਸਨ। ਗੁਰੂ ਨਾਨਕ ਦੇਵ ਜੀ ਤੋਂ ਇਹ ਬਾਣੀ ਦੀ ਪੋਥੀ ਗੁਰਤਾ ਗੱਦੀ ਨਾਲ ਅੱਗੇ ਜਾਂਦੀ ਰਹੀ। ਗੁਰੂ ਅਮਰਦਾਸ ਜੀ ਨੇ ਆਪਣੇ ਪੋਤਰੇ ਸਹੰਸਰ ਰਾਮ (ਸੰਸਰਾਮ) ਤੋਂ ਬਾਣੀ ਸੰਕਲਿਤ ਕਰਵਾਈ। ਗੁਰੂ ਅਰਜਨ ਦੇਵ ਜੀ ਨੇ ਬਾਬੇ ਮੋਹਨ ਵਾਲੀਆਂ ਪੋਥੀਆਂ ਵਿਚਲੀ ਬਾਣੀ ਤੋਂ ਇਲਾਵਾ ਰਬਾਬੀਆਂ ਅਤੇ ਸ਼ਰਧਾਲੂਆ ਵਲੋਂ ਸੁਰੱਖਿਅਤ ਬਾਣੀ ਨੂੰ ਵੀ ਮੰਗਵਾਇਆ। ਉਸ ਦੀ ਪੂਰੀ ਘੋਖ ਕਰਕੇ 1604 ਈ. ਨੂੰ ਸੰਪਾਦਨ ਕਾਰਜ ਪੂਰਾ ਕੀਤਾ। ਉਹ ਕਹਿੰਦੇ ਹਨ ਕਿ ਇਸ ਤੋਂ ਕਾਫ਼ੀ ਸਮਾਂ ਬਾਦ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ (59 ਸ਼ਬਦ ਅਤੇ 57 ਸਲੋਕ) ਖਾਲਸਾ ਸਾਜਣ ਤੋ ਪਹਿਲਾਂ ਆਨੰਦਪੁਰ ਸਥਿਤ ਦਮਦਮਾ ਸਾਹਿਬ ਵਿਚ ਇਹ ਬਾਣੀ ਦਰਜ ਕਰਵਾਈ।

ਦੂਸਰੇ ਅਧਿਆਇ 'ਨਿੱਤਨੇਮ ਦੀਆ ਬਾਣੀਆਂ' ਵਿਚ ਜਪੁਜੀ, ਰਹਿਰਾਸ ਅਤੇ ਸੋਹਿਲਾ ਬਾਰੇ ਵੱਖ-ਵੱਖ ਵਿਦਵਾਨਾਂ ਦੀਆਂ ਚਲੀਆਂ ਆ ਰਹੀਆ ਧਾਰਨਾਵਾਂ ਨੂੰ ਪਰਖਦਿਆਂ ਮੂਲਮੰਤ੍ਰ,

ਜਪੁਜੀ ਦੀ ਬਾਣੀ ਦੀ ਤਰਤੀਬ, ਪੰਜ ਖੰਡ, ਸੋਦਰ ਰਹਿਰਾਸ, ਸੋਹਿਲਾ ਬਾਣੀ ਦੀ ਵਿਚਾਰਧਾਰਾ, ਸ਼ੈਲੀ ਪੱਖ ਅਤੇ ਭਾਸ਼ਾ ਪੱਖ ਨੂੰ ਪੇਸ਼ ਕੀਤਾ ਹੈ। ਕਈ ਵਿਦਵਾਨ ਇਨ੍ਹਾਂ ਤਿੰਨ ਬਾਣੀਆਂ ਨੂੰ 'ਗੁਰੂ ਗ੍ਰੰਥ ਸਾਹਿਬ' ਦੀ ਭੂਮਿਕਾ ਮੰਨਦੇ ਹਨ। ਪਰ ਡਾ. ਜੱਗੀ ਦਾ ਕਹਿਣਾ ਹੈ ਕਿ ਇਸ ਪਰੰਪਰਵਾਦੀ ਵਿਧਾਨ ਨੂੰ ਗੁਰਬਾਣੀ ਤੇ ਲਾਗੂ ਨਹੀਂ ਕੀਤਾ ਜਾ ਸਕਦਾ, ਕਿਉਂਕਿ ਗੁਰਬਾਣੀ ਕਿਸੇ ਸਾਸਤ੍ਰੀ ਕਾਵਿ ਬੰਧਨ ਅਧੀਨ ਨਹੀਂ ਹੈ। 'ਜਪੁਜੀ' ਦੀ ਰਚਨਾ ਕਦੋ ਹੋਈ? ਇਸ ਬਾਰੇ *'ਪੁਰਾਤਨ ਜਨਮਸਾਖੀ'* (ਸਾਖੀ ਨੰ. 10 ਅਤੇ ਸਾਖੀ ਨੰ. 53), *ਮਿਹਰਬਾਨ ਜਨਮ ਸਾਖੀ* (ਗੋਸਟਿ 41) ਅਤੇ *ਬਾਲਾ ਜਨਮ ਸਾਖੀ* ਵਿਚੋਂ ਪ੍ਰਮਾਣ ਦਿੰਦਿਆਂ ਜਪੁਜੀ ਬਾਣੀ ਦੀ ਗੰਭੀਰਤਾ ਅਤੇ ਸਿਧਾਂਤਿਕ ਪ੍ਰਪੱਕਤਾ ਨੂੰ ਵੇਖਦਿਆਂ ਇਸ ਦੀ ਰਚਨਾ ਗੁਰੂ ਜੀ ਦੇ ਅਖੀਰਲੇ ਸਮੇਂ, ਲਗਭਗ 1530 ਦੇ ਨੇੜੇ, ਕਰਤਾਰਪੁਰ ਸਾਹਿਬ ਵਿਖੇ ਹੋਈ ਮੰਨਦੇ ਹਨ। 'ਜਪੁ ਨੀਸਾਣੁ' ਸ਼ਬਦ ਬਾਰੇ ਡਾ. ਜੱਗੀ ਨੇ 'ਕਰਤਾਰਪੁਰੀ ਬੀੜ' ਦੇ ਪੰਨਾ ਨੰ. 4 ਅਤੇ ਭਾਈ ਰਾਮ ਕ੍ਰਿਸ਼ਨ ਦੇ ਡੇਰੇ ਵਾਲੀ ਬੀੜ (ਸ਼ੇਰਾਂ ਵਾਲਾ ਗੇਟ ਪਟਿਆਲਾ) ਜੋ 1710 ਬਿ. ਵਿਚ ਲਿਖੀ ਗਈ, ਦੋਵਾਂ ਨੂੰ ਅਧਾਰ ਬਣਾ ਕੇ ਕਿਹਾ ਹੈ ਕਿ ਜਿਸ ਬਾਣੀ ਤੋਂ ਗੁਰੂ ਅਰਜਨ ਦੇਵ ਜੀ ਨੇ ਨਕਲ ਕਰਵਾਈ ਉਸ ਦੇ ਆਰੰਭ ਵਿੱਚ ਗੁਰੂੁ ਰਾਮਦਾਸ ਜੀ ਦੇ ਨੀਸਾਣੁ ਅੰਕਿਤ ਸਨ। ਇਸ ਕਰਕੇ 'ਨੀਸਾਣੁ' ਸ਼ਬਦ ਦਾ 'ਜਪੁਜੀ' ਬਾਣੀ ਨਾਲ ਕੋਈ ਸੰਬੰਧ ਸਥਾਪਤ ਨਹੀਂ ਹੁੰਦਾ। ਇਸੇ ਪੁਸਤਕ ਵਿਚ ਜੋ ਜਪੁਜੀ ਬਾਰੇ ਤੀਜੀ ਗੱਲ ਆਉਂਦੀ ਹੈ, ਉਹ ਇਹ ਹੈ ਕਿ 'ਜਪੁਜੀ' ਦੀਆਂ 38 ਪਉੜੀਆਂ ਨੂੰ ਦਸ ਹਿਸਿਆਂ ਵਿਚ ਰੱਖ ਕੇ ਇਸ ਦੇ ਵਿਚਾਰਧਾਰਕ ਪੱਖ ਨੂੰ ਸਪਸ਼ਟ ਕੀਤਾ ਹੈ। ਜਿਸਦਾ ਵੇਰਵਾ ਨਿਮਨਲਿਖਤ ਅਨੁਸਾਰ ਹੈ:

1. ਸਭ ਤੋਂ ਪਹਿਲਾਂ ਮੂਲ ਮੰਤ੍ਰ ਦੇ ਕੇ ਪਰਮਾਤਮਾ ਦਾ ਸਰੂਪ ਸਪਸ਼ਟ ਕੀਤਾ ਹੈ।
2. ਦੂਜੀ ਚੌਕੜੀ (4-7) ਪਰਮ ਸਤਿ ਦੀ ਪ੍ਰਾਪਤੀ ਦੇ ਸੂਤਰ।
3. ਤੀਜੀ ਚੌਕੜੀ (8-11) ਸ੍ਰਵਣ ਸਿਧਾਂਤ ਨੂੰ ਅਪਨਾਉਣ ਲਈ ਬਲ ਦਿੱਤਾ ਗਿਆ ਹੈ।
4. ਚੌਥੀ ਮੰਜ਼ਿਲ (12-15) ਮਨਨ ਤੇ ਚਿੰਤਨ ਕਰਨ ਦਾ ਮਹੱਤਵ ।
5. ਪੰਜਵੀਂ ਮੰਜ਼ਿਲ (16-19) ਸੰਪੂਰਨ ਰਚਨਾ ਦੇ ਅੱਧ ਦੀ ਸਮਾਪਤੀ।
6. ਛੇਵੀਂ ਮੰਜ਼ਿਲ (20-23) ਪਾਪ ਨਾਸਕ ਨਾਮ ਦੱਸਿਆ ਗਿਆ ਹੈ।
7. ਸੱਤਵੀਂ ਮੰਜ਼ਿਲ (24-27) ਪ੍ਰਭੂ ਦੀ ਮਹਾਨਤਾ, ਉਸਦਾ ਹੁਕਮ ਅਤੇ ਰਜਾ ਬਾਰੇ।
8. ਅੱਠਵਾਂ ਪੜਾਅ (28-31) ਬਾਹਰਲੇ ਕਰਮ ਕਾਂਡਾ ਦੀ ਨਿਖੇਧੀ ਕੀਤੀ ਗਈ ਹੈ।
9. ਨੌਵਾਂ ਪੜਾਅ (32-35) ਮੰਜ਼ਿਲਾਂ ਨੂੰ ਪਾਰ ਕਰਕੇ ਪਰਮਾਤਮਾ ਵੱਲ ਕੇਂਦਰਤ ਕਰ ਦਿੱਤਾ।
10. ਦਸਵਾਂ ਪੜਾਅ (36-38 + ਸਲੋਕ) ਇਸ ਤੋਂ ਉਦਮ ਦਾ ਦਰਜਾ ਸ਼ੁਰੂ ਹੁੰਦਾ ਹੈ। ਜਿਸ ਦੁਆਰਾ ਮਾਨਸਿਕ ਜੁਗਿਤ ਮਤਿ ਮਨਿ ਬੁਧਿ ਦੀ ਘਾੜਤ ਹੁੰਦੀ ਹੈ।

ਇਉਂ ਇਸ ਬਾਣੀ ਨੂੰ ਦਸ ਹਿਸਿਆਂ ਵਿਚ ਵੰਡ ਕੇ ਆਮ ਮਨੁੱਖ ਲਈ ਸਮਝ ਗੋਚਰਾ ਕੀਤਾ ਗਿਆ ਹੈ। ਇਸ ਬਾਣੀ ਦਾ ਰਚਨਾ-ਪ੍ਰਬੰਧ ਕੜਵਲ ਸ਼ੈਲੀ ਵਾਲਾ ਅਤੇ ਕਲਾਤਮਕ ਪੱਖ ਤੋਂ ਜਪੁਜੀ ਨੂੰ ਸੂਤ੍ਰਿਕ ਸ਼ੈਲੀ ਵਾਲਾ ਦੱਸਿਆ ਹੈ।

'ਸੋਦਰ' ਬਾਰੇ ਸੰਪਰਦਾਈ ਗਿਆਨੀਆਂ ਦੀ ਪ੍ਰਚਲਿਤ ਧਾਰਨਾ ਹੈ ਕਿ ਇਹ ਗੁਰੂ ਜੀ ਵਲੋਂ ਵੇਈ ਪ੍ਰਵੇਸ਼ ਦੌਰਾਨ ਜਦੋਂ ਸਚਖੰਡ ਗਏ ਉਦੋਂ ਉਚਾਰਿਆ ਗਿਆ। ਪਰ ਡਾ. ਇਸ ਨਾਲ

ਸਹਿਮਤ ਨਹੀਂ ਹਨ, ਉਨ੍ਹਾਂ ਦਾ ਕਹਿਣਾ ਹੈ ਕਿ ਅਜਿਹੇ ਸਮੇਂ ਇਹ ਸ਼ਬਦ 'ਇਹ ਘਰ' ਹੋਣਾ ਚਾਹੀਦਾ ਸੀ। ਇਸ ਤੋਂ ਅੱਗੇ 'ਸੋਹਿਲਾ' ਬਾਣੀ ਦੇ ਪੰਜੇ ਸ਼ਬਦਾ ਦਾ ਭਾਵ ਵੀ ਪ੍ਰਗਟ ਕੀਤਾ ਹੈ।

'ਰਾਗ-ਬੱਧ ਬਾਣੀਆਂ' ਤੀਜੇ ਅਧਿਆਇ ਵਿਚ ਰਾਗ-ਬੱਧ ਬਾਣੀਆਂ ਦੀ ਰਾਗਾਂ ਅਨੁਸਾਰ ਜਾਣਕਾਰੀ ਦੇਣ ਦਾ ਯਤਨ ਕੀਤਾ ਗਿਆ ਹੈ। ਸ਼ੁਰੂ ਵਿਚ ਰਾਗ ਬੱਧਤਾ ਦੇ ਸਰੂਪ ਬਾਰੇ ਕਹਿੰਦੇ ਹਨ ਕਿ ਇਸ ਨਾਲ ਬਾਣੀ ਕੀਰਤਨ ਕਰਨ ਯੋਗ ਬਣਦੀ ਹੈ। ਕੀਰਤਨ ਹੀ ਭਟਕਦੇ ਮਨ ਨੂੰ ਟਿਕਾਉਣ ਦਾ ਸਾਰਥਕ ਸਾਧਨ ਹੈ। ਇਸ ਤੋਂ ਅੱਗੇ ਰਾਗਾਂ ਵਿਚ ਦਰਜ ਵਾਰਾਂ, ਅਸ਼ਟਪਦੀਆਂ ਅਤੇ ਛੰਦ ਆਦਿ ਨੂੰ ਵਿਸ਼ਲੇਲਿਤ ਕਰਦਿਆਂ ਜਿਥੇ ਇਹਨਾਂ ਵਿਚਲੀਆਂ ਕਾਵਿਕ ਅਤੇ ਸੰਗੀਤਕ ਸਮਾਨਤਾਵਾਂ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਹੈ ਉਥੇ ਗਿਣਤੀ ਦੇ ਕੇ ਭਾਵ ਸਪੱਸ਼ਟ ਕੀਤਾ ਹੈ। ਉਥੇ ਰਾਗ-ਬੱਧ ਬਾਣੀ ਵਿਚ ਸਮੇਂ ਨਾਲ ਸੰਬੰਧਤ ਕਾਵਿ-ਰੂਪ ਜਿਵੇਂ ਕਿ ਦਿਨ ਰੈਣਿ, ਵਾਰ ਸਤ ਅਤੇ ਪਹਰੇ ਆਦਿ। ਛੰਤਗਤ ਕਾਵਿ-ਰੂਪ ਜਿਵੇਂ ਚਉਪਦੇ ਅਸਟਪਦੀਆਂ, ਸਲੋਕ, ਸਲੋਕ ਰੁਤੀ, ਤਿੱਥਾਂ ਅਤੇ ਰੁਤਾਂ ਨੂੰ ਬੜੇ ਸੁੰਦਰ ਢੰਗ ਨਾਲ ਪੇਸ਼ ਕੀਤਾ ਹੈ। ਕਿਹੜੀ ਵਾਰ ਵਿਚ ਕਿੰਨੀਆਂ ਪਉੜੀਆਂ ਤੇ ਸਲੋਕ ਕਿਹੜੇ-2 ਗੁਰੂ ਸਾਹਿਬਾਨ ਦੇ ਹਨ ਦਾ ਵੇਰਵਾ ਵੀ ਦਿਤਾ ਗਿਆ ਹੈ। ਰਾਗਾਂ ਵਿਚ ਆਏ ਸਿਰਲੇਖਾਂ ਜਿਵੇਂ ਕਿ ਅਲਾਹਣੀਆਂ, ਕੁਚੱਜੀ, ਸੁਚੱਜੀ ਅਤੇ ਗੁਣਵੰਤੀ ਆਦਿ ਦੀ ਜਾਣਕਾਰੀ ਹੀ ਨਹੀਂ ਦਿਤੀ ਬਲਕਿ ਵਿਆਖਿਆ ਵੀ ਕੀਤੀ ਗਈ ਹੈ।

ਚੌਥਾ ਅਧਿਆਇ 'ਰਾਗ-ਮੁਕਤ ਬਾਣੀ' ਨਾਲ ਸੰਬੰਧਿਤ ਹੈ। ਜਿਸ ਵਿਚ ਸਲੋਕ ਸਹਸਕ੍ਰਿਤੀ, ਗਾਥਾ ਮਹਲਾ 5, ਫੁਨਹੇ ਮਹਲਾ 5, ਚਉਬੋਲੇ ਮਹਲਾ 5, ਸਲੋਕ ਭਗਤ ਕਬੀਰ ਜੀਉ ਕੇ, ਸਲੋਕ ਸੇਖ ਫਰੀਦ ਕੇ, ਸਵਯੇ ਸ੍ਰੀ ਮੁਖਵਾਕ ਮਹਲਾ 5, ਸਵਈਏ ਭਟਾਂ ਕੇ,

ਸਲੋਕ ਵਾਰਾਂ ਤੇ ਵਧੀਕ, ਸਲੋਕ ਮਹਲਾ 9, ਮੁੰਦਾਵਣੀ ਮਹਲਾ 5 ਅਤੇ ਰਾਗਮਾਲਾ ਬਾਣੀ ਦੀ ਮੁਢਲੀ ਜਾਣਕਾਰੀ ਸ਼ਬਦ ਤੇ ਸਲੋਕਾਂ ਦੀ ਗਿਣਤੀ ਦੇ ਨਾਲ ਨਾਲ ਬਾਣੀ ਦੀ ਵਿਚਾਰਧਾਰਾ, ਵਿਸ਼ਾ ਅਤੇ ਸ਼ੈਲੀ ਬਾਰੇ ਵੀ ਵਿਚਾਰ ਪ੍ਰਗਟ ਕੀਤੇ ਹਨ। ਰਾਗਮਾਲਾ ਬਾਣੀ ਵਿਚ ਰਚੈਤਾ ਦੇ ਨਾਮ ਦਾ ਨਾ ਹੋਣਾ ਅਤੇ ਇਸ ਵਿਚਲੇ ਕਈ ਰਾਗਾਂ ਦਾ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਨਾ ਹੋਣ ਬਾਰੇ ਵੀ ਡਾ. ਜੱਗੀ ਦਾ ਕਹਿਣਾ ਹੈ ਕਿ ਇਹ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਰਾਗਾਂ ਦੀ ਪ੍ਰਤਿਨਿਧਤਾ ਨਹੀਂ ਕਰਦੀ।

ਪੁਸਤਕ ਦੇ ਅਖਰੀਲੇ ਅਤੇ ਪੰਜਵੇ ਅਧਿਆਇ 'ਬਾਣੀ ਬਿਉਰਾ' ਵਿਚ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਦਾ ਰਚੈਤਾ ਅਨੁਸਾਰ ਬਿਉਰਾ ਦਿਤਾ ਗਿਆ ਹੈ। ਜਿਆਦਾਤਰ ਵਿਦਵਾਨਾਂ ਨੇ ਬਾਣੀ ਦਾ ਬਿਉਰਾ ਦੇਣ ਲਈ ਸਬਦਾਂ ਅਤੇ ਬਾਣੀਆਂ ਦੇ ਅਖੀਰ ਵਿਚ ਦਰਜ ਅੰਕੜਿਆਂ ਦੇ ਕੁਲ-ਜੋੜਾਂ ਨੂੰ ਹੀ ਆਧਾਰ ਬਣਾਇਆ ਹੈ। ਪ੍ਰੰਤੂ ਡਾ. ਜੱਗੀ ਨੇ ਬਿਉਰਾ ਦੇਣ ਵਾਸਤੇ ਬਾਣੀਕਾਰਾਂ ਦੇ ਰਚਨਾ-ਸਿਰਲੇਖ ਅਧੀਨ ਭਾਵ ਦੀ ਸਪਸ਼ਟਤਾ ਲਈ ਵਰਤੇ ਹੋਰਨਾਂ ਬਾਣੀਆਂ ਦੇ ਸ਼ਬਦ/ਸਲੋਕਾਂ ਦੀ ਗਿਣਤੀ ਦੁਬਾਰਾ ਤੋਂ ਹੋਈ ਉਨ੍ਹਾਂ ਦਾ ਜ਼ਿਕਰ ਕਰਦਿਆਂ ਤੱਥਾਂ ਦੀ ਸਹੀ ਜਾਣਕਾਰੀ ਦੇਣ ਦਾ ਯਤਨ ਕੀਤਾ ਗਿਆ ਹੈ। ਜਿਵੇਂ ਕਿ 'ਜਪੁਜੀ' ਬਾਣੀ ਦਾ ਪਹਿਲਾ ਸਲੋਕ ਜੋ 'ਸੁਖਮਨੀ' ਵਿਚ ਅਤੇ ਅਖੀਰਲਾ ਸਲੋਕ 'ਪਵਨ ਗੁਰੂ ਪਾਣੀ ਪਿਤਾ' 'ਮਾਝ ਦੀ ਵਾਰ' ਵਿਚ ਦਰਜ ਹੈ, ਨੂੰ ਦੋ ਵਾਰ ਨਹੀਂ ਗਿਣਿਆ। ਗੁਰੂ ਨਾਨਕ ਦੇਵ ਜੀ ਦੇ 'ਸਹਸਕ੍ਰਿਤੀ' ਬਾਣੀ ਵਿਚੋਂ ਜਿਹੜੇ 5 ਸਲੋਕ 'ਆਸਾ ਦੀ ਵਾਰ' ਵਿਚ ਅਤੇ ਤਿੰਨ ਸਲੋਕ 'ਮਾਝ ਕੀ ਵਾਰ' ਅਤੇ 'ਆਸਾ ਦੀ ਵਾਰ' ਵਿਚ ਮਹਲਾ ਦੂਜਾ ਅਧੀਨ ਦਰਜ ਹਨ, ਦੀ ਗਿਣਤੀ ਦੁਬਾਰਾ ਨਹੀਂ

ਕੀਤੀ ਗਈ। ਫਰੀਦ ਬਾਣੀ ਦੇ 130 ਸਲੋਕਾਂ ਵਿਚ ਗੁਰੂ ਨਾਨਕ ਦੇਵ ਜੀ ਦੇ ਚਾਰ ਸਲੋਕ ਕ੍ਰਮਾਂਕ (32, 113, 120, 124), ਗੁਰੂ ਅਰਜਨ ਦੇਵ ਜੀ ਦੇ ਪੰਜ ਸਲੋਕ ਕ੍ਰਮਾਂਕ (13, 52, 104, 122, 123), ਗੁਰੂ ਰਾਮ ਦਾਸ ਜੀ ਦਾ ਇਕ ਸਲੋਕ (121) ਅਤੇ ਗੁਰੂ ਅਰਜਨ ਦੇਵ ਜੀ ਦੇ 8 ਸਲੋਕ (75, 82, 83, 105, 108, 111) ਇਨ੍ਹਾਂ 18 ਸਲੋਕਾਂ ਦੀ ਗਿਣਤੀ ਦੁਬਾਰਾ ਨਹੀਂ ਕੀਤੀ। 'ਸੋਦਰ' ਅਤੇ 'ਸੋਹਿਲਾ' ਦੇ ਪੰਜ ਸ਼ਬਦਾਂ ਦੀ ਗਿਣਤੀ ਸੰਬੰਧਿਤ ਰਾਗਾਂ ਵਿਚ ਇਨ੍ਹਾਂ ਦੇ ਰਚੈਤਾ ਅਨੁਸਾਰ ਕੀਤੀ ਹੈ। ਅਧਿਆਇ ਵਿਚ ਗੁਰ-ਬਾਣੀ, ਭਗਤਾਂ ਦੀ ਬਾਣੀ ਅਤੇ ਭੱਟ ਬਾਣੀ ਨੂੰ ਵੱਖਰਾ-ਵੱਖਰਾ ਕਰਕੇ ਗਿਣਤੀ ਕੀਤੀ ਗਈ ਹੈ। ਡਾ. ਜੱਗੀ ਅਨੁਸਾਰ ਬਾਣੀ ਬਿਉਰਾ- ਗੁਰਬਾਣੀ 4966, ਭਗਤ-ਬਾਣੀ 775, ਭੱਟ-ਬਾਣੀ 134, ਰਾਗਮਾਲਾ 12 = 5887 ਹੈ।[44]

ਭਾਵੇਂ ਅੰਕੜਿਆਂ ਦਾ ਕਾਰਜ ਬੜਾ ਨੀਰਸ, ਅਕਾਊ ਅਤੇ ਖੁਸ਼ਕਮਈ ਹੁੰਦਾ ਹੈ ਪਰ ਡਾ. ਜੱਗੀ ਨੇ ਇਸ ਨੂੰ ਬੜੀ ਦ੍ਰਿੜ੍ਹਤਾ, ਪ੍ਰਬੀਨਤਾ ਅਤੇ ਸਿਰੜ ਨਾਲ ਪੂਰਾ ਕੀਤਾ ਹੈ। ਨਿਰਸੰਦੇਹ ਇਹ ਪੁਸਤਕ ਉਨ੍ਹਾਂ ਦੀ ਮਿਹਨਤ ਖੋਜ ਅਤੇ ਲਗਨ ਦਾ ਪ੍ਰਤੱਖ ਸਬੂਤ ਪੇਸ਼ ਕਰਦੀ ਹੈ।

### *ਗੁਰ ਸ਼ੰਦੇਸ*

ਗੁਰੂ ਸਾਹਿਬਾਨ ਵਲੋਂ ਭਗਤੀ ਅੰਦੋਲਨ ਵਿਚ ਪਾਏ ਯੋਗਦਾਨ ਨੂੰ ਉਜਾਗਰ ਕਰਨ ਵਾਸਤੇ ਇਸ ਪੁਸਤਕ ਦੀ ਰਚਨਾ ਕੀਤੀ ਗਈ ਹੈ। ਡਾ. ਜੱਗੀ ਗੁਰਮਤਿ ਸਾਹਿਤ ਨਾਲ ਸੰਬੰਧਿਤ ਰਸਾਲਿਆਂ ਲਈ ਲੇਖ ਲਿਖਦੇ ਰਹੇ ਹਨ। ਉਨ੍ਹਾਂ ਲੇਖਾਂ ਨੂੰ ਇਕੱਤਰ ਕਰਕੇ ਹੀ ਇਸ

[44] *ਸ੍ਰੀ ਗੁਰੂ ਗ੍ਰੰਥ ਪਰਿਚਯ,* ਪੰ.163.

ਪੁਸਤਕ ਦਾ ਰੂਪ ਦਿਤਾ ਗਿਆ ਹੈ। ਗੁਰੂ ਸਾਹਿਬਾਨਾਂ ਵਲੋਂ ਮਨੁੱਖੀ ਜਿੰਦਗੀ ਲਈ ਜੋ ਨਵੇਂ ਰੂਪ ਵਿਚ ਮੁੱਲ ਪੇਸ਼ ਕੀਤੇ ਗਏ, ਉਨ੍ਹਾਂ ਦਾ ਵਰਣਨ ਇਸ ਪੁਸਤਕ ਵਿਚ ਬੜੇ ਸੋਹਣੇ ਢੰਗ ਨਾਲ ਕੀਤਾ ਗਿਆ ਹੈ।

ਇਸ ਪੁਸਤਕ ਵਿਚ 30 ਲੇਖ ਦਰਜ ਹਨ ਜੋ ਵੱਖਰੇ-ਵੱਖਰੇ ਵਿਸ਼ਿਆ ਨਾਲ ਸੰਬੰਧ ਰਖਦੇ ਹਨ। ਮੁੱਖ ਰੂਪ ਵਿਚ ਮੂਲ ਮੰਤਰ ਦਾ ਸਰੂਪ, ਮਨੁੱਖਾ ਜਨਮ, ਕਰਮ ਸਿਧਾਂਤ, ਸਾਧ ਸੰਗਤਿ, ਕੀਤਰਨ, ਸੇਵਾ, ਹਉਮੈ, ਹੁਕਮ, ਪ੍ਰਭੂ ਭੈ, ਸੰਤੋਖ, ਮਾਇਆ, ਜੀਵਨ, ਮਨ ਅਤੇ ਜਾਤ ਆਦਿ ਬਾਰੇ ਵਿਚਾਰ ਕੀਤੀ ਗਈ ਹੈ। ਗੁਰੂ ਨਾਨਕ ਦੇਵ, ਗੁਰੂ ਅਮਰਦਾਸ, ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚਲੇ ਪ੍ਰਮੁੱਖ ਵਿਸ਼ੇ ਵੀ ਛੋਹੇ ਗਏ ਹਨ। ਸਮੁੱਚੇ ਲੇਖਾਂ ਦੀ ਇਹ ਸਾਂਝੀ ਵਿਸ਼ੇਸਤਾ ਹੈ ਕਿ ਡਾ. ਜੱਗੀ ਵਿਸ਼ੇ ਨਾਲ ਸੰਬੰਧਿਤ ਵਿਚਾਰ ਕਰਨ ਤੋਂ ਪਹਿਲਾਂ ਕੋਸ਼ਗਤ ਅਰਥ ਕਰਦੇ ਹਨ ਅਤੇ ਫਿਰ ਉਸਨੂੰ ਲੋੜ ਮੁਤਾਬਿਕ ਵਿਸਥਾਰ ਦਿੰਦੇ ਹਨ। ਜਿਵੇਂ ਕਿ 'ਮੂਲ ਮੰਤਰ' 'ਮੂਲ' ਤੋਂ ਭਾਵ ਜੜ, 'ਮੰਤਰ' ਦਾ 'ਨਿਰੁਕਤ' ਅਨੁਸਾਰ ਅਰਥ ਜੋ 'ਮਨਨ ਕਰੀਏ'। ਇਵੇਂ ਹੀ 'ਮੂਲ ਮੰਤਰ' ਵਿਚਲੇ ਸਤਿਨਾਮ ਦੇ ਕੋਸ਼ਗਤ ਅਰਥ 'ਇਕ ਰਸ ਹੋਣ ਵਾਲਾ ਪ੍ਰਸਿੱਧ ਪਾਰਬ੍ਰਹਮ'। ਡਾ. ਜੱਗੀ ਅੱਗੇ ਕਹਿੰਦੇ ਹਨ ਕਿ ਸੰਸਕ੍ਰਿਤ ਦੀ 'ਅਸੁ' ਧਾਤੂ ਤੋਂ ਨਿਕਲੇ ਹੋਣ ਕਾਰਣ 'ਸਤਿ' ਜਾਂ 'ਸਚ' ਦਾ ਸ਼ਾਬਦਿਕ ਅਰਥ ਹੈ ਸਦਾ ਵਿਦਮਾਨ ਰਹਿਣਵਾਲਾ।[45] 'ਕਰਤਾ ਪੁਰਖ' ਬਾਰੇ ਡਾ. ਜੱਗੀ ਕਹਿੰਦੇ ਹਨ ਕਿ ਗੁਰੂ ਜੀ ਨੇ ਸਾਂਖਵਾਦੀਆਂ ਦੀ ਤਰ੍ਹਾਂ ਪੁਰਸ਼ ਦੇ ਨਾਲ ਪ੍ਰਕਿਰਤੀ ਨੂੰ ਕੋਈ ਸੁਤੰਤਰ ਮਹੱਤਵ ਪ੍ਰਦਾਨ ਨਹੀਂ

---

[45] *ਗੁਰ ਸੰਦੇਸ਼,* ਪੰ.11.

ਕੀਤਾ ਬਲਕਿ ਅਕਾਲ ਪੁਰਖ ਨੂੰ ਹੀ ਨਿਰਮਾਤਾ ਮੰਨਿਆ ਹੈ। 'ਮਨੁੱਖ ਜਨਮ' ਦੇ ਪ੍ਰਯੋਜਨ ਬਾਰੇ ਉਹ ਕਹਿੰਦੇ ਹਨ ਕਿ ਸਿੱਖ ਧਰਮ ਵਿਚ ਭਗਤੀ ਭਾਵਨਾ ਨੂੰ ਵਿਕਸਿਤ ਕਰਨ ਲਈ ਮਨੁੱਖਾ ਜੂਨ ਦਾ ਬੁਨਿਆਦੀ ਮਹੱਤਵ ਹੈ।

'ਕਿਰਤ' ਲੇਖ ਵਿਚ ਡਾ. ਜੱਗੀ ਦਾ ਕਹਿੰਦੇ ਹਨ ਕਿ ਸਿੱਖ ਧਰਮ ਵਿਚ ਕਿਰਤ ਛੱਡ ਕੇ ਕਰਤਾ ਪਾਉਣ ਦੀ ਰੀਤ ਨੂੰ ਪ੍ਰਵਾਨ ਨਹੀਂ ਕੀਤਾ ਸਗੋਂ ਗੁਰੂ ਸਹਿਬਾਨਾਂ ਨੇ ਮਨੁੱਖੀ ਜੀਵਨ ਨੂੰ ਕਿਰਤ ਅਤੇ ਪ੍ਰਭੂ ਕੀਰਤੀ ਨਾਲ ਜੋੜ ਕੇ ਉਦਮੀ ਬਣਾਇਆ ਹੈ। 'ਕਿਵ ਸਚਿਆਰਾ ਹੋਈਐ' 'ਅਰਥਾਤ ਮਾਨਵ ਕਲਿਆਣ' ਦੇ ਸੰਦਰਭ ਵਿਚ ਕਥਨ ਕਰਦੇ ਹਨ ਕਿ ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ ਪਾਪ ਦੀ ਪ੍ਰਧਾਨਤਾ ਸੀ ।ਗੁਰੂ ਜੀ ਨੇ ਚਾਰ ਉਦਾਸੀਆਂ ਧਾਰਨ ਕਰਕੇ ਮਾਨਵਤਾ ਦੇ ਸਹੀ ਸਰੂਪ ਦੀ ਦੱਸ ਪਾਈ। ਗੁਰਬਾਣੀ ਵਿਚ ਮਾਨਵ ਕਲਿਆਣ ਦੇ ਕਈ ਪੱਖਾਂ ਬਾਰੇ ਚਾਨਣਾ ਪਾਕੇ ਸਪਸ਼ਟ ਕੀਤਾ ਹੈ ਕਿ 'ਸਚਿਆਰ' ਬਨਣ ਲਈ ਪਰਮਾਤਮਾ ਦੇ ਹੁਕਮ ਨੂੰ ਮੰਨਣਾ, ਪਰਮਾਤਮਾ ਦੀ ਰਜ਼ਾ ਵਿਚ ਰਹਿਣਾ ਅਤੇ ਮਨੁੱਖ ਨੂੰ ਆਪਣਾ ਸਮਾਜਿਕ ਵਿਵਹਾਰ ਸੁਧਾਰਨ ਦੀ ਲੋੜ ਹੈ।

'ਕਰਮ ਸਿਧਾਂਤ' ਬਾਰੇ ਵਿਚਾਰ ਕਰਦਿਆਂ ਕਹਿੰਦੇ ਹਨ ਕਿ ਸਭ ਜੀਵਾਂ ਦਾ ਕਰਮ ਅਨੁਸਾਰ ਹੀ ਨਿਬੇੜਾ ਹੋਣਾ ਭਾਰਤੀ ਸੰਸਕ੍ਰਿਤੀ ਦਾ ਸਿਧਾਂਤ ਹੈ। ਜਿਸ ਨੂੰ ਕਰਮਵਾਦ ਕਿਹਾ ਜਾਂਦਾ ਹੈ। ਫਲ ਭੋਗਣ ਦੀ ਦ੍ਰਿਸ਼ਟੀ ਤੋ ਕਰਮ ਤਿੰਨ ਪ੍ਰਕਾਰ ਦਾ ਮੰਨਿਆ ਜਾਂਦਾ ਹੈ। ਪਹਿਲੇ ਜਨਮਾਂ ਵਿਚ ਕੀਤੇ ਕਰਮ 'ਸੰਚਿਤ ਕਰਮ', ਦੂਜਾ 'ਪ੍ਰਾਲਬਧ ਕਰਮ' ਅਤੇ ਜੋ ਵਰਤਮਾਨ ਵਿਚ ਕੀਤੇ ਜਾ ਰਹੇ ਹਨ ਉਹ ਵਰਤਮਾਨ ਕਰਮ ਕਹਾਉਂਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ

'ਮਨੁੱਖ ਮਾੜੇ ਕਰਮਾਂ ਤੋ ਸੰਕੋਚ ਕਰਕੇ ਹੀ ਮਨੁੱਖ ਕਹਾਉਣ ਦਾ ਹੱਕਦਾਰ ਹੈ।'[46]

'ਸਤਿਸੰਗਤ' ਬਾਰੇ ਵਿਚਾਰ ਦਿੰਦਿਆਂ ਸਤਿਸੰਗਤ ਨੂੰ ਗਿਆਨ, ਕਰਮ, ਯੋਗ ਅਤੇ ਭਗਤੀ ਇਨ੍ਹਾਂ ਚਾਰ ਸਾਧਨਾ ਦੇ ਮਾਰਗਾਂ ਵਿਚੋਂ ਉਤਮ ਦਰਜਾ ਦਿੰਦੇ ਹੋਏ ਕਹਿੰਦੇ ਹਨ ਕਿ ਸਤਿਸੰਗਤ ਦਾ ਮੂਲ ਮਨੋਰਥ ਜਗਿਆਸੂ ਦੇ ਅਧਿਆਤਮਿਕ ਜੀਵਨ ਨੂੰ ਸੁਧਾਰਨਾ ਹੈ। 'ਕੀਰਤਨ' ਵਿਸ਼ੇ ਨੂੰ ਵਿਖਿਆਉਦਿਆਂ ਇਸਦੇ ਪਿਛੋਕੜ ਨਾਲ ਸਾਂਝ ਪਵਾਉਂਦੇ ਜ਼ਿਕਰ ਕਰਦੇ ਹਨ ਕਿ ਪੁਰਾਤਨ ਕਾਲ ਤੋਂ ਹੀ ਭਗਤ ਜਨ ਕੀਰਤਨ ਨਾਲ ਜੁੜੇ ਹੋਏ ਹਨ। ਭਗਵਤ ਗੀਤਾ, ਭਗਤੀ ਦੇ ਸ਼ਾਸਤ੍ਰੀ ਗ੍ਰੰਥਾਂ ਅਤੇ ਵੈਸ਼ਨਵ ਧਰਮ ਗ੍ਰੰਥਾਂ ਵਿਚ ਕੀਰਤਨ ਦੀ ਮਹੱਤਤਾ ਬਾਰੇ ਪਤਾ ਲਗਦਾ ਹੈ। ਪਰ ਜੋ ਸਥਾਨ 'ਕੀਰਤਨ' ਨੂੰ ਸਿੱਖ ਧਰਮ ਵਿੱਚ ਪ੍ਰਾਪਤ ਹੈ ਹੋਰ ਥਾਂ ਵੇਖਣ ਨੂੰ ਨਹੀਂ ਮਿਲਦਾ। ਗੁਰੂ ਨਾਨਕ ਦੇਵ ਜੀ ਨੇ ਕੀਰਤਨ ਨੂੰ ਮਹੱਤਵ ਹੀ ਨਹੀਂ ਦਿਤਾ ਸਗੋਂ ਕੀਰਤਨ ਮਈ ਜੀਵਨ ਜੀਵਿਆ ਹੈ।

'ਸੇਵਾ' ਬਾਰੇ ਗੁਰਬਾਣੀ ਦੀਆ ਪੰਕਤੀਆਂ ਨਾਲ ਉਦਾਹਰਨਾਂ ਪੇਸ਼ ਕਰਕੇ ਕਹਿੰਦੇ ਹਨ ਕਿ ਹਉਮੈਂ ਦੇ ਨਿਵਾਰਣ ਲਈ ਸੇਵਾ ਉਤਮ ਸਾਧਨ ਹੈ। ਜਿਵੇਂ ਵੈਸ਼ਨਵ ਭਗਤੀ ਅਤੇ ਨਵਧਾ ਭਗਤੀ ਵਿਚ 'ਪਦ-ਸੇਵਨ' ਭਗਤੀ ਦਾ ਵਿਸ਼ੇਸ ਮਹੱਤਵ ਮੰਨਿਆ ਜਾਂਦਾ ਹੈ, ਉਵੇਂ ਹੀ ਗੁਰਮਤਿ ਵਿਚ 'ਸੇਵਾ' ਦਾ ਸੰਬੰਧ ਪਰਮਾਤਮਾ ਦੀ ਸੇਵਾ ਤੋਂ ਲੈ ਕੇ ਮਨੁੱਖਤਾ ਦੀ ਸੇਵਾ ਤਕ ਜੁੜਿਆ ਹੋਇਆ ਹੈ।

'ਹਉਮੇ' ਬਾਰੇ ਜਾਣਕਾਰੀ ਦਿੰਦਿਆਂ ਕਹਿੰਦੇ ਹਨ ਕਿ ਅਸਲ ਵਿਚ ਸੰਸਕ੍ਰਿਤ ਦੇ

---

[46] *ਪੂਰਵ ਅੰਕਿਤ,* ਪੰ.16.

'ਅੰਹਕਾਰ' ਸ਼ਬਦ ਦਾ ਪੰਜਾਬੀ ਰੂਪਾਂਤਰ ਹੈ। ਇਹ 'ਹਉ' ਅਤੇ 'ਮੈ' ਦਾ ਸੰਯੁਕਤ ਜਾਂ ਸਮਸਤ ਸ਼ਬਦ ਹੈ।[47] ਪਰਮਾਤਮਾ ਦੀ ਪ੍ਰਾਪਤੀ ਲਈ ਹਉਮੇਂ ਤੋਂ ਛੁਟਕਾਰਾ ਜ਼ਰੂਰੀ ਹੈ ਕਿਉਂਕਿ ਮਨੁੱਖ ਹਰੇਕ ਕਰਮ ਹਉਮੇ ਨਾਲ ਜੁੜ ਕੇ ਕਰਦਾ ਹੈ।

'ਹੁਕਮ' ਲੇਖ ਵਿਚ ਇਸ ਸ਼ਬਦ ਦੇ ਪਿਛੋਕੜ ਬਾਰੇ ਦੱਸਦਿਆਂ ਕਹਿੰਦੇ ਹਨ ਕਿ ਇਹ ਸ਼ਬਦ ਮੁਸਲਮਾਨ ਹਮਲਾਵਰਾਂ ਦੁਆਰਾ ਭਾਰਤ ਵਿਚ ਆਇਆ। ਉਨ੍ਹਾਂ ਦੇ ਹੁਕਮ ਨੇ ਭਾਰਤੀ ਧਰਮ ਸੱਭਿਅਤਾ ਅਤੇ ਸੰਸਕ੍ਰਿਤੀ ਨੂੰ ਕਾਫ਼ੀ ਹੱਦ ਤਕ ਪ੍ਰਭਾਵਿਤ ਕੀਤਾ। ਪਰ ਗੁਰੂ ਨਾਨਕ ਦੇਵ ਜੀ ਨੇ ਇਸ ਸ਼ਬਦ ਦੀ ਵਰਤੋਂ ਅਧਿਆਤਮਕ ਚਿੰਤਨ ਅਤੇ ਭਗਤੀ ਭਾਵਨਾ ਦੇ ਖੇਤਰ ਵਿਚ ਹੀ ਕੀਤੀ ਹੈ। ਗੁਰਮਤਿ ਅਨੁਸਾਰ ਜਿਵੇਂ ਪਰਮਾਤਮਾ 'ਅਨੰਤ' ਹੈ, ਉਸ ਦਾ ਹੁਕਮ ਵੀ ਬਿਆਨ ਤੋ ਬਾਹਰ ਹੈ।

'ਭੈ ਵਿਚਿ ਨਿਰਭਉ ਪਾਈਐ' ਲੇਖ ਵਿਚ ਵੀ ਇਸ ਸ਼ਬਦ ਦੇ ਪਿਛੋਕੜ ਦੀ ਜਾਣਕਾਰੀ ਨਿਰੂਪਣ ਕਰਦੇ ਹੋਏ ਕਹਿੰਦੇ ਹਨ ਕਿ ਸ਼ੈਵਮਤ ਵਿਚ ਵੀ 'ਭੈ' ਦੀ ਚਰਚਾ ਹੋਈ ਹੈ। ਸਾਮੀ ਧਰਮਾਂ (ਕੁਰਾਨ ਸ਼ਰੀਫ) ਵਿਚ ਵੀ ਰੱਬ ਨੂੰ ਜਬਾਰ (ਜਬਾਰ ਵਾਲਾ) ਤੇ ਕਹਾਰ (ਕਹਿਰ ਕਰਨ ਵਾਲਾ) ਦਰਸਾਇਆ ਹੈ। ਉਹ ਕਹਿੰਦੇ ਹਨ ਕਿ ਗੁਰਮਤਿ ਅਨੁਸਾਰ ਇਸਦਾ ਭਾਵ ਸੰਸਾਰਕ ਕਾਰਜ ਕਰਦਿਆਂ ਮਰਿਆਦਾ ਵਿਚ ਰਹਿਣਾ ਹੈ। ਪਰਮਾਤਮਾ ਦਾ ਭੈ ਹੀ ਸਾਰੇ ਤਰ੍ਹਾਂ ਦੇ ਡਰਾਂ ਦਾ ਖਾਤਮਾ ਕਰ ਸਕਦਾ ਹੈ।

ਲੇਖ 'ਖਸਮ ਵਿਸਾਰਹਿ ਤੇ ਕਮਜਾਤਿ' ਵਿਚ ਕਹਿੰਦੇ ਹਨ ਕਿ ਜਾਤੀ ਕਰਕੇ ਹੀ

---

[47] *ਪੂਰਵ ਅੰਕਿਤ,* ਪੰ.30.

ਮਨੁੱਖਤਾ ਵਿਚ ਦੂਰੀ ਵਧੀ ਹੈ। ਜਿਸਦਾ ਅਸਰ ਭਾਰਤੀ ਸਮਾਜ ਅਤੇ ਧਰਮ ਵਿਚ ਹੋਇਆ ਹੈ। ਗੁਰਮਤਿ ਅਨੁਸਾਰ ਉਸ ਵਿਅਕਤੀ ਦੀ ਨੀਵੀਂ ਜਾਤ ਹੈ ਜੋ ਜੀਵਨ ਦਾ ਉਦੇਸ਼ ਭੁੱਲ ਜਾਂਦਾ ਹੈ।

ਲੇਖ 'ਗੁਰੂ ਨਾਨਕ ਦੇਵ ਜੀ ਦਾ ਨਿਰਭਉ ਸਰੂਪ', ਗੁਰੂ ਜੀ ਦਾ 'ਜੀਵਨ-ਦਰਸ਼ਨ' ਅਤੇ ਗੁਰੂ ਜੀ ਦੁਆਰਾ ਵਰਨਣ ਕੀਤਾ ਗਿਆ 'ਪ੍ਰਕ੍ਰਿਤੀ ਦਾ ਸਰੂਪ' ਵਿਚ ਕਹਿੰਦੇ ਹਨ ਕਿ ਗੁਰੂ ਜੀ ਦੇ ਸਾਹਮਣੇ ਕੱਟੜ ਕਾਜ਼ੀ, ਮੁਲਾਣੇ, ਪੰਡਿਤ, ਬ੍ਰਹਮਣ ਅਤੇ ਰਾਜੇ ਆਏ ਸਨ ਪਰ ਗੁਰੂ ਜੀ ਨੇ ਨਿਰਭੈਤਾ ਨਾਲ ਉਨ੍ਹਾਂ ਨੂੰ ਸੱਚ ਦਾ ਰਸਤਾ ਦਰਸਾਇਆ। ਕਈਆਂ ਦੇ ਪਖੰਡਾਂ ਦਾ ਪਾਜ ਉਘੇੜਿਆ, ਸਾਰਿਆਂ ਨੂੰ ਏਕਤਾ ਦਾ ਪਾਠ ਪੜ੍ਹਾਇਆ। ਜਾਤ ਧਰਮ ਅਤੇ ਨਸਲ ਤੋਂ ਉਪਰ ਉੱਠ ਕੇ ਗੁਰੂ ਜੀ ਦੇ ਪ੍ਰਚਾਰ ਕਰਨ ਤੋਂ ਉਨ੍ਹਾਂ ਦੀ ਨਿਰਵੈਰਤਾ ਸਪੱਸ਼ਟ ਹੁੰਦੀ ਹੈ। ਗੁਰੂ ਜੀ ਦਾ ਜੀਵਨ ਸਹਿਜਮਈ ਸੀ ਜਿਨ੍ਹਾਂ ਨੇ ਬਿਬੇਕ-ਬੁਧੀ ਰਾਹੀਂ ਮਨੁੱਖਤਾ ਨੂੰ ਕੁਰਾਹੇ ਜਾਂਦਿਆਂ ਰੋਕਿਆ। ਉਹ ਕਹਿੰਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਕਥਨੀ ਤੇ ਕਰਨੀ ਨੂੰ ਇਕ ਕਰਕੇ ਜੀਵਨ ਬਤੀਤ ਕੀਤਾ ਹੈ। ਗੁਰੂ ਜੀ ਦਾ ਉਦਾਰਵਾਦੀ ਅਤੇ ਸਤੁੰਤਰ ਚਿੰਤਕ ਹੋਣਾ, ਉਨ੍ਹਾਂ ਦੇ ਜੀਵਨ ਦੇ ਵਿਸ਼ੇਸ਼ ਗੁਣ ਸਨ। ਗੁਰੂ ਜੀ ਨੇ ਸਮੁੱਚੇ ਦਰਸ਼ਨਾਂ ਅਤੇ ਸੰਪਰਦਾਵਾਂ ਨੂੰ ਵੇਖ ਕੇ ਉਹ ਵਿਚਾਰਧਾਰਾ ਦਿਤੀ ਜੋ ਮਨੁੱਖਤਾ ਲਈ ਲਾਹੇਵੰਦ ਸੀ। 'ਪ੍ਰਕਿਰਤੀ ਦੇ ਸਰੂਪ' ਵਿਚ ਵਰਣਨ ਕੀਤਾ ਗਿਆ ਹੈ ਕਿ ਇਹ ਕੁਦਰਤ ਦਾ ਆਸਣ ਹੈ। ਭਾਵੇਂ ਕੁਦਰਤ ਦੇ ਨਿਯਮ ਅਟਲ ਹਨ ਪਰ ਜੇ ਪ੍ਰਮਾਤਮਾ ਚਾਹੇ ਤਾਂ ਬਦਲਾਅ ਕਰ ਸਕਦਾ ਹੈ।

ਲੇਖ 'ਗੁਰੂ ਰਾਮਦਾਸ ਜੀ ਦੀ ਪ੍ਰੇਮ-ਸਾਧਨਾ' ਵਿਚ ਕਹਿੰਦੇ ਹਨ ਕਿ ਆਸਾ ਦੀ ਵਾਰ ਦੇ ਛੰਤਾਂ ਵਿਚ ਜੋ ਹਿਰਦੇ ਦੀ ਵੇਦਨਾ ਪ੍ਰਗਟ ਕੀਤੀ ਹੈ ਉਸਦੀ ਉਦਾਹਰਣ ਵਿਸ਼ਵ ਸਾਹਿਤ

ਵਿਚੋਂ ਸਮਝਣੀ ਕਠਿਨ ਹੈ। ਗੁਰੂ ਜੀ ਦੀ ਬਾਣੀ ਵਿਚ ਪ੍ਰੇਮ ਦੀ ਤੜਪ, ਸਮਰਪਣ, ਬਿਰਹਾ, ਪੀੜਾ ਅਤੇ ਪ੍ਰੇਮ ਲਈ ਅੰਤਿਮ ਸ਼ਰਧਾ ਆਦਿ ਦਾ ਵੀ ਵਰਣਨ ਹੈ।

'ਇਕ ਚੋਜ ਵਿਲੱਖਣ' ਅਖੀਰਲਾ ਲੇਖ ਹੈ ਜਿਸ ਵਿਚ ਖਾਲਸਾ ਪੰਥ ਦੀ ਸਿਰਜਨਾ ਪ੍ਰਤਿ ਚਾਨਣਾ ਪਾਇਆ ਗਿਆ ਹੈ। 'ਅੰਮ੍ਰਿਤ' ਛਕ ਕੇ ਸਿੱਖ ਕਿਵੇਂ ਅਮਰ ਹੋਏ? ਦੇ ਉਤਰ ਵਿੱਚ ਅੰਮ੍ਰਿਤ ਦੀ ਮਹਾਨਤਾ, ਅੰਮ੍ਰਿਤ ਤਿਆਰ ਕਰਨ ਵੇਲੇ ਵਰਤੀਆਂ ਵਸਤੂਆਂ ਦਾ ਅੰਤਰੀਵੀ ਭਾਵ ਅਤੇ ਪ੍ਰਵਿਤ੍ਰ ਬਾਣੀ ਦਾ ਸੁਨੇਹਾ ਆਦਿ ਬਾਰੇ ਵਿਚਾਰ ਪ੍ਰਸਤੁਤ ਕੀਤਾ ਗਿਆ ਹੈ ਕਿ ਅੰਮ੍ਰਿਤਪਾਨ ਕਰਕੇ ਜਦੋਂ ਤਕ ਜਗਿਆਸੂ ਜੀਵਨ ਵਿਚ ਉਚੇਚਾ ਜੀਵਨ-ਜਾਬਤਾ ਨਹੀਂ ਅਪਨਾਉਂਦਾ ਉਦੋਂ ਤਕ ਉਹ ਅਮਰ ਨਹੀਂ ਹੋ ਸਕਦਾ।

ਸਮੁੱਚੇ ਰੂਪ ਵਿਚ ਇਹ ਪੁਸਤਕ ਸਿੱਖ ਧਰਮ ਦੇ ਸਿਧਾਂਤਾਂ ਨੂੰ ਸਪੱਸ਼ਟ ਕਰਨ ਵਿਚ ਅਤਿਅੰਤ ਸਹਾਈ ਹੁੰਦੀ ਹੈ।

***ਸਾਹਿੱਤ ਦੇ ਰੂਪ***

ਇਹ ਪੁਸਤਕ ਡਾ. ਜੱਗੀ ਵਲੋਂ ਬੀ. ਏ. (ਭਾਗ ਪਹਿਲਾ, ਦੂਜਾ, ਤੀਜਾ) ਦੇ ਵਿਦਿਆਰਥੀਆਂ ਲਈ ਤਿਆਰ ਕੀਤੀ ਗਈ ਸੀ। ਜਿਸ ਵਿਚ ਉਨ੍ਹਾਂ ਵਲੋਂ ਤਿੰਨ ਭਾਗ ਬਣਾਏ ਗਏ ਹਨ। ਪਹਿਲੇ ਭਾਗ ਵਿਚ ਕਵਿਤਾ, ਨਾਵਲ, ਇਕਾਂਗੀ, ਕਾਵਿ ਦੇ ਪੁਰਾਣੇ ਛੰਦ-ਰੂਪ (ਦੋਹਿਰਾ, ਸੋਰਠਾ, ਕਬਿੱਤ, ਕੋਰੜਾ, ਚੌਪਈ, ਕੁੰਡਲੀਆ, ਸਵੱਯਾ, ਬੈਂਤ, ਦੁਵੈਯਾ, ਡਿਉਢ) ਬਾਰੇ ਜਾਣਕਾਰੀ ਦਿਤੀ ਗਈ ਹੈ। ਜਿਸ ਵਿਚ ਹਰੇਕ ਸ਼ਬਦ ਦੀ ਪਰਿਭਾਸ਼ਾ ਅਤੇ ਸਰੂਪ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ ਗਿਆ ਹੈ। ਇਸ ਤੋਂ ਇਲਾਵਾ ਵੱਖ-ਵੱਖ ਵਿਦਵਾਨਾਂ ਦੇ

ਵਿਚਾਰ ਵੀ ਉਨ੍ਹਾਂ ਵਲੋਂ ਅੰਕਿਤ ਕੀਤੇ ਗਏ ਹਨ। ਇਹ ਵੀ ਉਨ੍ਹਾਂ ਵਲੋਂ ਕੀਤਾ ਗਿਆ ਬਹੁਤ ਸ਼ਾਲਾਘਾਯੋਗ ਉਦਮ ਹੈ, ਜਿਸ ਸਦਕਾ ਇਕ ਥਾਂ ’ਤੇ ਹੀ ਵੱਖ-ਵੱਖ ਵਿਦਵਾਨਾਂ ਦੇ ਵਿਚਾਰ ਪ੍ਰਾਪਤ ਹੋ ਜਾਂਦੇ ਹਨ। ਦੂਜੇ ਭਾਗ ਵਿਚ ਕਿੱਸਾ, ਕਾਫ਼ੀ, ਵਾਰ, ਜੰਗਨਾਮਾ, ਨਾਟਕ ਅਤੇ ਨਿੱਕੀ ਕਹਾਣੀ ਬਾਰੇ ਵੇਰਵਾ ਦਿਤਾ ਹੈ। ਤੀਜੇ ਭਾਗ ਵਿਚ ਗੱਦ ਸ਼ੈਲੀ, ਨਿਬੰਧ, ਸਫ਼ਰਨਾਮਾ, ਜੀਵਨ-ਕਥਾ, ਕਵਿਤਾ ਦੇ ਨਵੇਂ ਰੂਪ (ਨਜ਼ਮ, ਗੀਤ, ਗ਼ਜ਼ਲ, ਰੁਬਾਈ, ਖੁਲ੍ਹੀ ਕਵਿਤਾ) ਬਾਰੇ ਵਿਸਥਾਰ ਸਾਹਿਤ ਜਾਣਕਾਰੀ ਦਿੱਤੀ ਗਈ ਹੈ। ਇਹ ਪੁਸਤਕ ਸਾਹਿੱਤ ਦੇ ਰੂਪਾਂ ਨੂੰ ਸਮਝਣ ਲਈ ਬਹੁਤ ਉਤਮ ਹੈ।

***ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ***

ਇਸ ਪੁਸਤਕ ਦੀ ਰਚਨਾ ‘ਸ੍ਰੀ ਗੁਰੂ ਗ੍ਰੰਥ ਸਾਹਿਬ’ ਦੇ ਤਿੰਨ ਸੌ ਸਾਲਾ ਗੁਰਤਾ ਗੱਦੀ ਦਿਵਸ ਨੂੰ ਮੁੱਖ ਰਖ ਕੇ ਕੀਤੀ ਗਈ ਸੀ। ਇਸ ਪੁਸਤਕ ਵਿਚ ਬਾਣੀ ਦੇ ਇਕਤਰ ਹੋਣ ਤੋਂ ਲੈ ਕੇ ਗੁਰਤਾ ਗੱਦੀ ਤੱਕ ਦੇ ਇਤਿਹਾਸ ਨੂੰ ਵੱਖ-ਵੱਖ ਪੱਖਾਂ ਤੋਂ ਵਿਚਾਰਿਆ ਗਿਆ ਹੈ। ਇਸ ਪੁਸਤਕ ਵਿਚ ਗੁਰਬਾਣੀ ਨਾਲ ਸੰਬੰਧਿਤ ਕੁਝ ਹੋਰ ਅਧਿਆਇ ਵੀ ਸ਼ਾਮਿਲ ਕੀਤੇ ਗਏ ਹਨ।

ਵਰਣਿਤ ਪੁਸਤਕ ਦੇ ਦਸ ਅਧਿਆਇ ਬਣਾਏ ਗਏ ਹਨ। ‘ਬਾਣੀ ਸੰਕਲਨ’, ‘ਸੰਪਾਦਨ ਪ੍ਰਕਾਰਜ’, ‘ਸੰਕਿਲਤ ਬਾਣੀ ਦਾ ਬਿਉਰਾ’, ‘ਨਿੱਤ-ਨੇਮ ਦੀ ਬਾਣੀ’, ‘ਰਾਗ-ਬੱਧ ਬਾਣੀ’ (ਪੂਰਵਾਰਧ), ‘ਰਾਗ-ਬੱਧ ਬਾਣੀ’ (ਉਤਰਾਰਧ), ‘ਰਾਗ-ਮੁਕਤ ਬਾਣੀ’, ‘ਗੁਰੁਤਾ ਦੀ ਪ੍ਰਾਪਤੀ’,‘ਵਰਤਮਾਨ ਅਤੇ ਯੁਗਾਂਤਰ ਪ੍ਰਸੰਗਿਕਤਾ’ ਅਤੇ ‘ਟੀਕਾਕਾਰੀ ਦਾ ਇਤਿਹਾਸ’। ਇਨ੍ਹਾਂ ਵਿਚੋਂ ‘ਸੰਪਾਦਨ ਦਾ ਇਤਿਹਾਸ’, ‘ਨਿਤਨੇਮ ਦੀਆਂ ਬਾਣੀਆਂ’,

'ਰਾਗ-ਬਧ ਬਾਣੀ', 'ਰਾਗ-ਮੁਕਤ ਬਾਣੀ' ਅਤੇ 'ਬਾਣੀ-ਬਿਉਰਾ' ਦੀ ਵੀਚਾਰ 'ਸ੍ਰੀ ਗੁਰੂ ਗ੍ਰੰਥ ਪਰਿਚਯ (1991) ਪੁਸਤਕ ਵਿਚ ਹੋ ਚੁੱਕੀ ਹੈ। ਹੁਣ ਕੇਵਲ ਉਸ ਅਧਿਆਇ ਨੂੰ ਹੀ ਅਧਿਐਨ ਦਾ ਵਿਸ਼ਾ ਬਣਾਇਆ ਜਾਵੇਗਾ ਜਿਨ੍ਹਾਂ ਦਾ ਵਰਨਣ ਨਹੀਂ ਹੋਇਆ।

'ਬਾਣੀ ਸੰਕਲਨ' ਅਧਿਆਇ ਵਿਚ ਸੰਪਾਦਨ ਦੀ ਪੂਰਬਲੀ ਅਵਸਥਾ ਦਾ ਜ਼ਿਕਰ ਹੈ। ਇਸ ਰਾਹੀਂ ਬਾਣੀ ਨੂੰ ਰਚਣ, ਲਿਖਣ ਅਤੇ ਇਕੱਤਰ ਕਰਨ ਦੇ ਵੱਖ-ਵੱਖ ਪਹਿਲੂਆਂ ਨੂੰ ਵਿਚਾਰਿਆ ਗਿਆ ਹੈ ਡਾ. ਜੱਗੀ ਕਹਿੰਦੇ ਹਨ ਕਿ ਗੁਰੂ ਜੀ ਆਪ ਵੀ ਬਾਣੀ ਲਿਖਦੇ ਸਨ ਅਤੇ ਲੋੜ ਪੈਣ ਤੇ ਸੇਵਕਾਂ ਤੋਂ ਇਹ ਸੇਵਾ ਲੈਂਦੇ ਰਹੇ। ਗੁਰੂ ਸਾਹਿਬਾਨ ਜਦੋਂ ਗੁਰਤਾ ਗੱਦੀ ਅੱਗੇ ਦਿੰਦੇ ਰਹੇ, ਨਾਲ -ਨਾਲ ਬਾਣੀ ਦੀ ਪੋਥੀ ਵੀ ਅੱਗੇ ਜਾਂਦੀ ਰਹੀ ਅਤੇ ਗੁਰੂ ਸਾਹਿਬਾਨ ਵੀ ਆਪਣੀ ਬਾਣੀ ਸੰਭਾਲਦੇ ਰਹੇ। ਗੁਰੂ ਅਰਜਨ ਦੇਵ ਜੀ ਨੇ ਬਾਣੀ ਮੋਹਨ ਵਾਲੀਆਂ ਪੋਥੀਆਂ, ਗੁਰੂ ਹਰਿ ਸਹਾਇ ਵਾਲੀ ਪੋਥੀ ਅਤੇ ਭਾਈ ਬਖਤੇ ਵਾਲੀ ਬੀੜ ਆਦਿ ਨੂੰ ਬਾਣੀ ਸੰਕਲਨ ਕਰਨ ਵੇਲੇ ਸਰੋਤ ਸਾਮਗ੍ਰੀ ਵਜੋਂ ਵਰਤਿਆ। *ਬਾਹੋਵਾਲ ਵਾਲੀ ਪੋਥੀ, ਬੰਸਾਵਾਲੀ ਨਾਮਾ ਦਸਾਂ ਪਾਤਸ਼ਾਹੀਆ ਕਾਂ, ਗੁਰਬਿਲਾਸ ਪਤਾਸ਼ਾਹੀ ਛੇਵੀਂ, ਗੁਰ ਪ੍ਰਤਾਪ ਸੂਰਜ ਗ੍ਰੰਥ,* ਅਤੇ *ਤਵਾਰੀਖ ਗੁਰੂ ਖਾਲਸਾ* ਤੋਂ ਵੇਰਵੇ ਦਿੰਦਿਆਂ ਸੰਪਾਦਨ ਤੋਂ ਪਹਿਲਾਂ, ਬਾਣੀ ਸੰਕਲਨ ਅਤੇ ਸੰਪਾਦਨਾ ਦੇ ਕਾਰਣਾਂ ਦਾ ਵੀ ਜ਼ਿਕਰ ਕੀਤਾ ਹੈ। ਡਾ. ਜੱਗੀ ਕਹਿੰਦੇ ਨੇ ਕਿਹਾ ਹੈ ਕਿ ਗੁਰੂ ਅਰਜਨ ਦੇਵ ਜੀ ਵਲੋਂ ਸਮੁੱਚੀ ਬਾਣੀ ਇਕੱਠੀ ਕਰਕੇ ਇਕ ਧਾਰਮਿਕ ਗ੍ਰੰਥ ਬਣਾਉਣ ਅਤੇ ਮੀਣਿਆ ਵਲੋਂ ਕੀਤੀ ਜਾਂਦੀ ਰਲਗਡ ਤੋ ਬਚਾਉਣ ਵਾਸਤੇ ਇਸ ਬਾਣੀ ਦਾ ਸੰਪਾਦਨ ਕਾਰਜ ਕੀਤਾ ਗਿਆ।

'ਗੁਰਤਾ ਦੀ ਪ੍ਰਾਪਤੀ' ਅਧਿਆਇ ਵਿਚ ਗੁਰੂ ਦਾ ਮਹੱਤਵ ਦਰਸਾਉਦਿਆਂ ਬੜਾ

ਸੋਹਣਾ ਜ਼ਿਕਰ ਕੀਤਾ ਹੈ ਕਿ 'ਇਸ ਵਿਚ ਸੰਦੇਹ ਨਹੀਂ ਕਿ ਅਧਿਆਤਮਿਕ ਮਾਰਗ ਉਪਰ ਚਲਣ ਲਈ ਗੁਰੂ ਦੀ ਲੋੜ ਬਾਰੇ ਭਾਰਤੀ ਧਰਮ-ਸਾਧਨਾ ਵਿਚ ਸ਼ੁਰੂ ਤੋਂ ਹੀ ਗੱਲ ਹੁੰਦੀ ਆਈ ਹੈ। ਪਰ ਗੁਰੂ ਗ੍ਰੰਥ ਸਾਹਿਬ ਵਿਚ ਇਸ ਪਰੰਪਰਾ ਤੋਂ ਹਟਕੇ ਇਸਦਾ ਮਹੱਤਵ ਪ੍ਰਭੂ-ਤੁੱਲ ਮੰਨਿਆ ਗਿਆ ਹੈ।'[48]

ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਦੇਣ ਦੇ ਸੰਬੰਧ ਵਿਚ ਨਰਬਦ ਭੱਟ ਦੀ ਲਿਖੀ *ਭੱਟ-ਵਹੀ* ਭਾਈ ਨੰਦ ਲਾਲ ਜੀ ਦਾ *ਰਹਿਤਨਾਮਾ*, ਕਵਿ ਸੈਨਾਪਤਿ ਦਾ *ਗੁਰ ਸੋਭਾ*, ਮਾਤਾ ਸੁੰਦਰੀ ਜੀ ਦਾ *ਹੁਕਮਨਾਮਾ*, *ਗੁਰਬਿਲਾਸ ਪਾਤਸ਼ਾਹੀ 10*, *ਬੰਸਾਵਲੀਨਾਮਾ ਦਸਾਂ ਪਾਤਸਾਹੀਆਂ ਕਾ*, *ਰਹਿਤਨਾਮਾ ਭਾਈ ਦੇਸਾ ਸਿੰਘ*, *ਭਾਈ ਚਉਪਾ ਸਿੰਘ* ਅਤੇ *ਭਾਈ ਪ੍ਰਹਿਲਾਦ ਸਿੰਘ*, *ਮਹਿਮਾ ਪ੍ਰਕਾਸ਼ (ਸਰੂਪ ਦਾ ਭੱਲਾ)* *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, *ਪੰਥ ਪ੍ਰਕਾਸ਼* ਅਤੇ *ਤਵਾਰੀਖ ਗੁਰੂ ਖ਼ਾਲਸਾ* ਆਦਿ ਗ੍ਰੰਥਾਂ ਦੇ ਹਵਾਲਿਆਂ ਤੋਂ ਗੁਰਤਾ ਗੱਦੀ ਦੇਣ ਦਾ ਜ਼ਿਕਰ ਵਿਸਤਾਰ ਪੂਰਵਕ ਕੀਤਾ ਹੈ। ਗੁਰੂ ਅਤੇ ਗੁਰਬਾਣੀ ਦੇ ਸੰਬੰਧ ਵਿਚ ਉਨ੍ਹਾਂ ਦਾ ਕਹਿਣਾ ਹੈ ਕਿ 'ਜਿਵੇਂ ਪ੍ਰਮਾਤਮਾ ਅਤੇ ਗੁਰੂ ਇਕ ਰੂਪ ਹਨ, ਅਭਿੰਨ ਹਨ, ਉਸੇ ਤਰ੍ਹਾਂ ਗੁਰੂ ਅਤੇ ਗੁਰਬਾਣੀ (ਸ਼ਬਦ) ਵੀ ਅਭਿੰਨ ਹਨ।'[49]

'ਗੁਰਬਾਣੀ ਦੀ ਵਰਤਮਾਨ ਅਤੇ ਯੁਗਾਂਤਰ ਪ੍ਰਸੰਗਿਕਤਾ' ਵਿਚ 'ਮੁੰਦਾਵਣੀ' ਸਿਰਲੇਖ ਅਧੀਨ ਦਰਜ ਸ਼ਬਦ 'ਥਾਲ ਵਿਚ ਤਿੰਨ ਵਸਤੂ ਪਈਓ' ਨੂੰ ਅਧਾਰ ਬਣਾ ਕੇ

---

[48] *ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰ.187.

[49] *ਪੂਰਵ ਅੰਕਿਤ*, ਪੰ.189.

ਆਚਾਰ, ਵੀਚਾਰ, ਵਿਹਾਰ ਅਤੇ ਅਹਾਰ ਆਦਿ ਦਾ ਜ਼ਿਕਰ ਵਿਸਥਾਰ ਪੂਰਵਕ ਕੀਤਾ ਗਿਆ ਹੈ। ਜਿਸ ਵਿਚ ਡਾ. ਜੱਗੀ ਦਾ ਕਹਿਣਾ ਹੈ ਕਿ ਉਚੇਰੀ ਜੀਵਨ-ਜੁਗਤ ਨਾਲ ਹੀ ਮਨੁੱਖਾ ਜਨਮ ਦੀ ਸਫਲਤਾ ਹੋ ਸਕਦੀ ਹੈ।

'ਟੀਕਾਕਾਰੀ ਦਾ ਇਤਿਹਾਸ' ਵਿਚ ਗੁਰਬਾਣੀ ਦੇ ਪੁਰਾਤਨ ਵਾਰਤਕ, ਪਰਮਾਰਥ, ਟੀਕਿਆਂ ਅਤੇ ਆਧੁਨਿਕ ਟੀਕਾਕਾਰੀ ਵਿਚ ਵੱਖ-ਵੱਖ ਵਿਦਵਾਨਾਂ ਵੱਲੋ ਪਾਏ ਯੋਗਦਾਨ ਦਾ ਜ਼ਿਕਰ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਗੁਰੂ ਅਰਜਨ ਦੇਵ ਜੀ ਸਮੇਂ ਮਸੰਦ ਦੀਵਾਨ ਸਜਾਉਂਦੇ ਸਨ, ਜਿਨ੍ਹਾਂ ਵਿਚ ਗੁਰਬਾਣੀ ਦੀ ਵਿਚਾਰ ਹੁੰਦੀ ਸੀ, ਉਸ ਤੋਂ ਹੀ ਟੀਕਾਕਾਰੀ ਦੀ ਸ਼ੁਰੂਆਤ ਹੁੰਦੀ ਹੈ। ਡਾ. ਜੱਗੀ ਗੁਰਬਾਣੀ ਦੇ ਪਰਮਾਰਥ ਅਤੇ ਟੀਕਿਆਂ ਦਾ ਆਰੰਭ *ਪੁਰਾਤਨ ਜਨਮਸਾਖੀ* ਤੋਂ ਦਸਦੇ ਹੋਏ ਜ਼ਿਕਰ ਕਰਦੇ ਹਨ ਕਿ ਭਾਵੇਂ *ਜਨਮਸਾਖੀ* ਵਿਚ ਕਿਸੇ ਬਾਣੀ ਦਾ ਠੋਸ ਟੀਕਾ ਨਹੀਂ ਮਿਲਦਾ ਪਰ ਗੁਰਬਾਣੀ ਦੇ ਕੁਝ ਸ਼ਬਦਾਂ ਦੀ ਵਿਚਾਰ ਇਸ ਵਿਚ ਕੀਤੀ ਗਈ ਹੈ। ਇਸ ਤੋਂ ਅੱਗੇ ਪੁਰਾਤਨ ਵਿਦਵਾਨਾਂ, ਸੰਪਰਦਾਈ ਗਿਆਨੀਆਂ ਅਤੇ ਆਧੁਨਿਕ ਟੀਕਾਕਾਰਾਂ ਵਲੋਂ ਟੀਕਾਕਾਰੀ ਦੇ ਖੇਤਰ ਵਿਚ ਪਾਏ ਯੋਗਦਾਨ ਦਾ ਸੰਖੇਪ ਰੂਪ ਵਿਚ ਜ਼ਿਕਰ ਕੀਤਾ ਗਿਆ ਹੈ।

ਪੁਸਤਕ ਦੇ ਅਖੀਰ ਵਿਚ ਅੰਤਿਕਾ (1) ਵਿਚ 'ਕੱਚੀ ਬਾਣੀ' ਅਤੇ ਅੰਤਿਕਾ (2) ਵਿਚ ਗੁਰਬਾਣੀ ਦੇ 'ਪਠਨ-ਪਾਠਨ' ਬਾਰੇ ਚਰਚਾ ਕੀਤੀ ਗਈ ਹੈ। ਗੁਰਬਾਣੀ ਵਿਚ ਪੁਰਾਤਨ ਸਮੇਂ ਕੱਚੀ ਬਾਣੀ ਦੀ ਰਲ ਗਡ ਦੇ ਨਮੂਨੇ ਪੇਸ਼ ਕਰਕੇ ਅਖੰਡ-ਪਾਠ, ਅਤਿ ਅਖੰਡ-ਪਾਠ, ਸਧਾਰਣ-ਪਾਠ, ਸਪਤਾਹਿਕ-ਪਾਠ, ਸੰਪਟ-ਪਾਠ, ਸਹਿਜ-ਪਾਠ ਅਤੇ ਖੁੱਲਾ-ਪਾਠ ਦੀ

ਜਾਣਕਾਰੀ ਦਿਤੀ ਗਈ ਹੈ। ਅਖੀਰ ਵਿਚ 'ਗ੍ਰੰਥੀ' ਸ਼ਬਦ ਦੇ ਅਰਥ ਵੀ ਸਮਝਾਏ ਗਏ ਹਨ। ਡਾ. ਜੱਗੀ ਦੀ ਇਹ ਰਚਨਾ 'ਗੁਰੂ ਗ੍ਰੰਥ ਸਾਹਿਬ' ਜੀ ਬਾਰੇ ਹਰ ਪੱਖੋਂ ਜਾਣਕਾਰੀ ਦੇਣ ਵਾਲੀ ਹੈ। ਅਜੋਕੇ ਸਮੇਂ ਵਿਚ ਇਹ ਰਚਨਾ ਪ੍ਰਚਾਰਕਾਂ, ਪਾਠਕਾਂ ਅਤੇ ਖੋਜਾਰਥੀਆਂ ਵਾਸਤੇ ਲਾਭਦਾਇਕ ਹੈ।

***ਗੁਰੂ ਮਾਨਿਓ ਗ੍ਰੰਥ***

*ਗੁਰੂ ਮਾਨਿਓ ਗ੍ਰੰਥ* 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ 300 ਸਾਲਾ ਗੁਰਤਾ ਦਿਵਸ ਨੂੰ ਸਮਰਪਿਤ ਪੁਸਤਕ ਹੈ ਜੋ ਇਕ ਦਾਨੀ ਪਰਿਵਾਰ ਦੀ ਮਾਇਕ ਸਹਾਇਤਾ ਨਾਲ ਤਖ਼ਤ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਨੇ ਪ੍ਰਕਾਸ਼ਿਤ ਕੀਤੀ ਹੈ। ਇਸ ਵਿਚ ਡਾ. ਜੱਗੀ ਨੇ 'ਆਦਿ ਗ੍ਰੰਥ' ਦੇ ਸੰਪਾਦਨ ਅਤੇ ਇਸ ਵਿਚ ਸਾਮਿਲ ਬਾਣੀਕਾਰਾਂ, ਮਹਾਂਪੁਰਸ਼ਾ ਦੀ ਸਾਹਿਤਕ ਦੇਣ ਦਾ ਪਰਿਚਯ ਦਿੱਤਾ ਹੈ। ਡਾ. ਜੱਗੀ ਭਰੋਸੇਯੋਗ ਸੂਤਰਾਂ ਤੋਂ ਪਰਖ ਪੜਚੋਲ ਕਰਕੇ ਦਸਦੇ ਹਨ ਕਿ ਗੁਰੂ ਸਾਹਿਬਾਨ ਬਾਣੀ ਰਚਦੇ ਹੀ ਨਹੀਂ ਸਨ, ਬਲਕਿ ਲਿਖਕੇ ਸੰਭਾਲਦੇ ਵੀ ਸਨ। ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਦੇ ਸਮੇਂ ਗੁਰਬਾਣੀ ਦੀਆਂ ਪੋਥੀਆਂ ਅਤੇ ਗੁਟਕੇ ਵੀ ਲਿਖਤ ਵਿਚ ਆਏ। ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦਾ ਸੰਪਾਦਨ ਕੀਤਾ ਜਿਸ ਦੇ ਦੋ ਮਨੋਰਥ ਸਨ, ਪਹਿਲਾ ਕੱਚੀ ਤੇ ਸੱਚੀ ਬਾਣੀ ਦਾ ਨਿਖੇੜਾ ਕਰਨਾ, ਦੂਜਾ ਚੱਲ ਰਹੀ ਗੁਰਮਿਤ ਲਹਿਰ ਨੂੰ ਸੰਗਠਿਤ ਰੂਪ ਦੇਣ ਲਈ ਧਰਮ ਗ੍ਰੰਥ ਦੀ ਲੋੜ ਦੀ ਪੂਰਤੀ ਕਰਨਾ ਸੀ।

ਪੁਸਤਕ ਵਿਚ ਛੇ ਗੁਰੂ ਸਾਹਿਬਾਨਾਂ, 15 ਭਗਤਾਂ, 11 ਭੱਟਾਂ ਅਤੇ ਗੁਰੂ ਘਰ ਦੇ ਨਿਕਟਵਰਤੀ ਬਾਣੀਕਾਰਾਂ ਬਾਰੇ ਵੀ ਅਲੱਗ-ਅਲੱਗ ਸੰਖੇਪ ਚਰਚਾ ਕੀਤੀ ਗਈ ਹੈ। ਕਿਸ

ਬਾਣੀਕਾਰ ਦੀ ਕਿੰਨੀ ਰਚਨਾ ਹੈ, ਕਿਹੜੀ-2 ਰਚਨਾ ਹੈ, ਬਾਣੀ ਕਾਰਾਂ ਦੇ ਵਿਅਕਤਿਤਵ, ਵਿਚਾਰਧਾਰਾ ਅਤੇ ਸ਼ੈਲੀ ਬਾਰੇ ਵੀ ਡਾ. ਜੱਗੀ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ।

'ਸ੍ਰੀ ਗੁਰੂ ਗ੍ਰੰਥ ਸਾਹਿਬ' ਸੰਬੰਧੀ ਮੁਢਲੀ ਜਾਣਕਾਰੀ ਨੂੰ ਇਹ ਪੁਸਤਕ ਬੜੀ ਸੁਚੱਜਤਾ ਨਾਲ ਪੇਸ਼ ਕਰਦੀ ਹੈ। ਗੌਰਵਮਈ ਗਿਆਨ ਦੇ ਵਾਧੇ ਅਤੇ ਪ੍ਰਚਾਰ ਲਈ ਇਸ ਰਚਨਾ ਨੂੰ ਵਿਚਾਰਨਾ ਬੜਾ ਜ਼ਰੂਰੀ ਹੈ।

***ਗੁਰੂ ਤੇਗ ਬਹਾਦਰ ਬਾਣੀ ਵਿਸ਼ਲੇਸ਼ਣ***

ਡਾ. ਜੱਗੀ ਵਲੋਂ ਇਹ ਪੁਸਤਕ ਆਪਣੀ ਪਤਨੀ ਡਾ. ਗੁਰਸ਼ਰਨ ਕੌਰ ਜੱਗੀ ਦੇ ਸਹਿਯੋਗ ਦੁਆਰਾ ਰਚੀ ਗਈ ਹੈ। ਜਿਸ ਵਿਚ ਦੋਵਾਂ ਦੇ ਖੋਜ-ਪੱਤਰਾਂ ਦਾ ਸੰਕਲਨ ਕੀਤਾ ਗਿਆ ਹੈ। ਇਸ ਪੁਸਤਕ ਵਿਚ ਛਪੇ ਛੇ ਖੋਜ-ਪੱਤਰਾਂ ਵਿਚੋਂ ਤਿੰਨ ਖੋਜ-ਪੱਤਰ ਡਾ. ਰਤਨ ਸਿੰਘ ਜੱਗੀ ਵੱਲੋਂ ਵੱਖ-ਵੱਖ ਸੈਮੀਨਾਰਾਂ ਵਿਚ ਪੜ੍ਹੇ ਗਏ ਹਨ। ਤਿੰਨ ਖੋਜ ਪੱਤਰ ਡਾ. ਗੁਰਸ਼ਰਨ ਕੌਰ ਜੱਗੀ ਵਲੋਂ ਸਮੇਂ-ਸਮੇਂ ਵਿਦਵਾਨਾਂ ਅਤੇ ਬੁੱਧੀਜੀਵੀਆਂ ਦੇ ਸਨਮੁਖ ਪੇਸ਼ ਕੀਤੇ ਜਾ ਚੁੱਕੇ ਹਨ। ਡਾ. ਜੱਗੀ ਵਲੋਂ ਪੇਸ਼ ਕੀਤੇ ਪਹਿਲੇ ਤਿੰਨ ਖੋਜ-ਪੱਤਰ 'ਧਰਮ ਹੇਤ ਸਾਕਾ ਜਿਨਿ ਕੀਆ', 'ਗੁਰੂ ਤੇਗ ਬਹਾਦਰ ਜੀ ਦੀ ਭਗਤੀ-ਭਾਵਨਾ' ਅਤੇ 'ਗੁਰੂ ਤੇਗ ਬਹਾਦਰ ਜੀ ਦੀ ਵੈਰਾਗ ਭਾਵਨਾ' ਇਸ ਗੱਲ ਨੂੰ ਸਪਸ਼ਟ ਕਰਦੇ ਹਨ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵਰਗੇ ਯੁੱਗ ਪੁਰਸ਼, ਯੁੱਗ ਦੀ ਆਵਾਜ਼ ਨੂੰ ਪਛਾਣਦੇ ਹਨ, ਯੁੱਗ ਦੀ ਇੱਛਾ ਨੂੰ ਪੂਰੀ ਕਰਨ ਲਈ ਸੇਧ ਵੀ ਦਿੰਦੇ ਹਨ ਅਤੇ ਸਮਾਂ ਆਉਣ ਤੇ ਆਪਾ ਵੀ ਵਾਰ ਦਿੰਦੇ ਹਨ। ਪਰਮਾਤਮਾ ਨਾਲ ਇਕਮਿਕਤਾ ਪ੍ਰਾਪਤ ਕਰਨ ਦਾ ਸਭ ਤੋਂ ਉੱਤਮ ਸਾਧਨ ਪ੍ਰਭੂ ਭਗਤੀ ਹੈ, ਦੇ ਵਿਚਾਰ ਨੂੰ ਸਪਸ਼ਟ ਕਰਨ ਲਈ ਗੁਰੂ ਤੇਗ ਬਹਾਦਰ ਜੀ

ਦੀ ਬਾਣੀ ਵਿਚੋਂ ਹੀ ਪ੍ਰਮਾਣ ਦਿੱਤੇ ਹਨ। ਮਾਇਆ ਵਿਚ ਫਸੇ ਮਨੁਖ ਨੂੰ ਬਾਹਰ ਕੱਢਣ ਲਈ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚੋਂ ਹੀ ਢੁਕਵੇਂ ਪ੍ਰਮਾਣ ਦਿੱਤੇ ਹਨ। ਮਾਇਆ ਵਿਚ ਫਸਿਆ ਮਨੁੱਖ ਪਰਮ-ਤੱਤਵ ਵਿਚ ਮਿਲਣ ਲਈ ਯਤਨਸ਼ੀਲ ਤਾਂ ਰਹਿੰਦਾ ਹੀ ਹੈ ਪਰ ਇਸ ਕਾਰਜ ਲਈ ਉਹ ਵਿਅਕਤੀ ਸਫ਼ਲ ਹੁੰਦਾ ਹੈ ਜੋ ਮਾਇਆ ਜਾਲ ਕੱਟ ਕੇ ਮਨ ਨੂੰ ਵਸ ਵਿਚ ਕਰ ਲੈਂਦਾ ਹੈ। ਇਸ ਤੋਂ ਅਗਲੇ ਤਿੰਨ ਲੇਖ ਡਾ. ਗੁਰਸ਼ਰਨ ਕੌਰ ਜੱਗੀ ਦੇ ਖੋਜ-ਪਤਰ ਹਨ। ਪਹਿਲੇ ਲੇਖ 'ਸਲੋਕ ਮਹਲਾ ਨੌਵਾਂ ਅਧਿਆਤਮਿਕ ਅਤੇ ਧਾਰਮਿਕ ਵਿਚਾਰਧਾਰਾ' ਦਾ ਵਿਸ਼ਾ ਸੰਸਾਰੀ ਕਾਰਜਾਂ ਵਿਚ ਲੀਨ ਮਨੁੱਖ ਨੂੰ ਸੰਸਾਰ ਨਾਲੋਂ ਤੋੜ ਕੇ ਪ੍ਰਭੂ ਭਗਤੀ ਵਿਚ ਜੋੜਨਾ ਹੈ। ਦੂਜੇ ਲੇਖ 'ਸਲੋਕ ਮਹਲਾ ਨੌਵਾਂ ਦੇ ਅਭਿਵਿਅਕਤੀ ਦੇ ਸਰੂਪ' ਵਿਚ ਇਸ ਗੱਲ ਨੂੰ ਸਪਸ਼ਟ ਕੀਤਾ ਗਿਆ ਹੈ ਕਿ ਜਿਸਦਾ ਜੀਵਨ ਅਨੁਭਵ ਜਿੰਨਾ ਵਿਸ਼ਾਲ ਹੋਵੇਗਾ, ਓਨੀ ਦੀ ਉਸਦੀ ਅਭਿਵਿਅਕਤੀ ਸਰਲ ਅਤੇ ਸਪਸ਼ਟ ਹੋਵੇਗੀ। ਤੀਜੇ ਲੇਖ 'ਸਲੋਕ ਮਹਲਾ ਨੌਵਾਂ ਭਾਸ਼ਾ ਸੈਲੀ' ਵਿਚ ਲੇਖਿਕਾ ਨੇ ਕਿਹਾ ਹੈ ਕਿ ਭਾਸ਼ਾ ਸ਼ੈਲੀ ਕਵੀ ਦੀ ਅਭਿਵਿਅਕਤੀ ਦਾ ਇਕ ਸਹਿਜ ਯਤਨ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਭਾਸ਼ਾ ਸ਼ੈਲੀ ਕਲਾ ਸਾਧਨਾ ਦੇ ਵਿਸ਼ਲੇਸ਼ਣ ਵਿਚ ਇਕ ਵਿਸ਼ੇਸ ਸਥਾਨ ਰਖਦੀ ਹੈ। ਪੁਸਤਕ ਦੇ ਅਖੀਰ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਵਿਚ ਅੰਕਿਤ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸਮੁੱਚੀ ਬਾਣੀ (ਸ਼ਬਦਾਂ ਤੇ ਸਲੋਕਾਂ) ਦੇ ਪਾਠ ਦੇ ਨਾਲ-ਨਾਲ ਸਰਲ ਅਰਥ ਵੀ ਪੇਸ਼ ਕੀਤੇ ਹਨ। ਸਮੁੱਚੇ ਰੂਪ ਵਿਚ ਇਹ ਪੁਸਤਕ ਗੁਰਬਾਣੀ ਦੇ ਖੋਜੀ ਵਿਦਿਆਰਥੀਆਂ ਅਤੇ ਗੁਰਮਿਤ ਵਿਚਾਰਧਾਰਾ ਨੂੰ ਵੱਖ-ਵੱਖ ਪੱਖਾਂ ਤੋਂ ਵਿਚਾਰਨ ਵਾਲੇ ਪਾਠਕਾਂ ਲਈ ਸਹਾਇਕ ਹੈ।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਡਾ. ਰਤਨ ਸਿੰਘ ਜੱਗੀ ਨੇ ਆਪਣੀ ਖੋਜ ਦਾ ਆਧਾਰ ਮੱਧਕਾਲੀ ਸਿੱਖ ਸਾਹਿਤ ਅਤੇ ਪੰਜਾਬੀ ਸਾਹਿਤ ਨੂੰ ਬਣਾਇਆ। ਜਿਸਦੀ ਪ੍ਰਮਾਣਿਕਤਾ ਨਿਸ਼ਚਿਤ ਕਰਨ ਲਈ ਉਨ੍ਹਾਂ ਨੇ ਵਿਸ਼ੇਸ਼ ਯਤਨ ਕੀਤੇ। ਇਸ ਤੋਂ ਇਲਾਵਾ ਗੁਰਮਤਿ ਦੇ ਸੰਕਲਪਾਂ ਦੀ ਵਿਆਖਿਆ ਗੁਰਮਤਿ ਅਨੁਸਾਰ ਕਰਨ ਦੀ ਕੋਸ਼ਿਸ਼ ਕੀਤੀ ਹੈ।

## ਅਧਿਆਇ ਤੀਜਾ

## ਡਾ. ਜੱਗੀ ਵਲੋਂ ਗੁਰਮਤਿ ਸਾਹਿਤ ਵਿਚ ਵਰਤੀਆਂ ਵਿਧਾਵਾਂ

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਆਤਮਕ, ਸੰਸਾਰਕ, ਸਮਾਜਿਕ, ਯਥਾਰਕ, ਇਤਿਹਾਸਕ ਅਤੇ ਵਿਗਿਆਨਕ ਵਿਚਾਰਾਂ ਦਾ ਅਮੋਲਕ ਅਤੇ ਅਮੁੱਕ ਖਜ਼ਾਨਾ ਹੈ। ਜੋ ਮਨੁੱਖ ਨੂੰ ਅਗਾਂਹਵਧੂ, ਨਿਰਪੱਖ, ਇਨਕਲਾਬੀ ਅਤੇ ਵਿਵੇਕੀ ਬਣਾਉਦਿਆਂ ਹਰ ਖੇਤਰ ਵਿਚ ਸਹੀ ਸੇਧ ਪ੍ਰਦਾਨ ਕਰਦਾ ਹੈ। ਅਜੋਕੇ ਮਨੁੱਖ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਗੁਰਬਾਣੀ ਵਿਚੋਂ ਲੱਭਿਆ ਜਾ ਸਕਦਾ ਹੈ। ਗੁਰਬਾਣੀ ਅਨੁਸਾਰ ਜੀਵਨ ਬਤੀਤ ਕਰਦਿਆਂ ਹਰ ਕੋਈ ਪਰਮ ਸਤਿ ਵਿਚ ਅਭੇਦ ਹੋ ਸਕਦਾ ਹੈ, ਕਿਉਂਕਿ ਗੁਰਬਾਣੀ ਸੱਚ ਸਰੂਪ ਪਰਮੇਸ਼ਰ ਦਾ ਗਿਆਨ ਕਰਾਉਣ ਵਿਚ ਸਮਰੱਥ ਹੈ। ਇਹੀ ਕਾਰਨ ਹੈ ਕਿ ਅੱਜ ਸਾਰੇ ਸੰਸਾਰ ਦੇ ਲੋਕਾਂ ਨੇ ਗੁਰਬਾਣੀ/ਗੁਰਮਤਿ ਨੂੰ ਸਰਬ ਸ੍ਰੇਸ਼ਟ ਮੰਨ ਲਿਆ ਹੈ। ਗੁਰਬਾਣੀ ਸਾਡੇ ਜੀਵਨ ਵਿਚ ਗਿਆਨ ਦਾ ਸੂਰਜ ਪ੍ਰਗਟ ਕਰਦੀ ਹੈ। ਜਿਸ ਸਦਕਾ ਸਾਧਾਰਣ ਮਨੁੱਖ ਅਗਿਆਨਤਾ, ਵਹਿਮ-ਭਰਮ ਅਤੇ ਪਖੰਡੀਆਂ ਦੇ ਭਰਮ ਜਾਲ ਵਿਚ ਫਸਣ ਤੋਂ ਸੁਚੇਤ ਹੋ ਜਾਂਦਾ ਹੈ। 'ਗੁਰਮਤਿ ਸਾਹਿਤ ਮਨੁੱਖੀ ਚੇਤਨਾ ਦਾ ਸਾਹਿਤ ਹੈ, ਉਹ ਮਨੁੱਖੀ ਅਜ਼ਾਦੀ, ਮਨੁੱਖੀ ਸਮਾਨਤਾ, ਮਨੁੱਖੀ ਸਨਮਾਨ ਦਾ ਸਾਹਿਤ ਹੈ। ਉਹ ਮਨੁੱਖ ਅਤੇ ਇਸ਼ਟਦੇਵ ਵਿਚ ਸਿੱਧਾ ਰਸਤਾ ਜੋੜਦਾ ਹੈ। ਅਜੋਕੇ ਘੋਰ ਨਿਜ-ਸਵਾਰਥਾਂ ਨਾਲ ਜੁੜੇ, ਪਦਾਰਥਵਾਦੀ ਕਦਰਾਂ-ਕੀਮਤਾਂ ਨੂੰ ਹੀ ਜੀਵਨ ਦਾ ਮੂਲ ਆਧਾਰ ਤੇ ਮਨੋਰਥ ਸਮਝ ਬੈਠੇ ਅਗਿਆਨੀ ਤੇ ਅਨਜਾਣ, ਭੁੱਲੜ ਮਨੁੱਖ ਵਾਸਤੇ ਸ਼ਬਦ-ਗੁਰੂ ਦਾ ਸਦ ਕਲਿਆਣਕਾਰੀ ਸੰਦੇਸ਼ ਪਹੁੰਚਾਉਣਾ

ਉਸ ਦੀ ਸਭ ਤੋਂ ਵੱਡੀ ਲੋੜ ਹੈ।'[1] ਗੁਰਮਤਿ ਇਕ ਰੌਸ਼ਨੀ ਹੈ, ਅਗਵਾਈ ਹੈ। ਜਿਸਦੀ ਰਹਿਨੁਮਾਈ ਹੇਠ ਮਨੁੱਖ ਆਪਣੇ ਜੀਵਨ-ਪੰਧ ਨੂੰ ਸਫਲ, ਸਾਰਥਿਕ ਢੰਗ ਨਾਲ ਬਿਤਾ ਸਕਦਾ ਹੈ। ਗੁਰੂ ਨਾਨਕ ਸਾਹਿਬ ਜੀ ਦਾ ਬਚਨ ਹੈ:

*ਦੀਵਾ ਬਲੈ ਅੰਧੇਰਾ ਜਾਇ॥ਬੇਦ ਪਾਠ ਮਤਿ ਪਾਪਾ ਖਾਇ॥*

*ਉਗਵੈ ਸੂਰ ਨ ਜਾਪੈ ਚੰਦ॥ਜਹ ਗਿਆਨ ਪ੍ਰਗਾਸ ਅਗਿਆਨ ਮਿਟੰਤ॥* [2]

ਡਾ. ਅਮਰਜੀਤ ਸਿੰਘ ਗਰੇਵਾਲ ਦੀ ਇਹ ਗੱਲ ਵੀ ਬੜੀ ਯੋਗ ਲਗਦੀ ਹੈ ਕਿ 'ਕਿਸੇ ਵੀ ਸ਼ਬਦ ਦੇ ਅਰਥ ਉਸ ਸ਼ਬਦ ਦੇ ਅੰਦਰ ਨਹੀਂ, ਬਾਹਰ ਲੋਕਾਂ ਵਿਚ ਹੁੰਦੇ ਹਨ। ਇਹ ਉਹ ਸ਼ਬਦ ਬੋਲਣ ਵਾਲੇ ਲੋਕ, ਉਸ ਸ਼ਬਦ ਦੀ ਕਿਵੇਂ ਵਰਤੋਂ ਕਰਦੇ ਹਨ। ਇਸ ਵਰਤੋਂ ਰਾਹੀਂ ਹੀ ਅਰਥਾਂ ਦਾ ਨਿਰਣਾ ਹੁੰਦਾ ਹੈ। ਲੋਕਾਂ ਦੇ ਤਜ਼ਰਬਿਆਂ, ਪ੍ਰਸਥਿਤੀਆਂ ਆਦਿ ਅਨੁਸਾਰ ਸ਼ਬਦਾਂ ਦੀ ਵਰਤੋਂ ਵਿਚ ਤਬਦੀਲੀ ਆਉਂਦੀ ਰਹਿੰਦੀ ਹੈ।'[3] ਗੁਰੂ ਸਾਹਿਬ ਜੀ ਦੇ ਸਮੇਂ ਤੋਂ ਹੀ ਗੁਰਬਾਣੀ ਨੂੰ ਸਮਝਣ/ਸਮਝਾਉਣ ਦੀ ਪਰਪਾਟੀ ਸ਼ੁਰੂ ਚੁੱਕੀ ਸੀ। ਸਤਿਗੁਰਾਂ ਤੋਂ ਇਲਾਵਾ ਉਨ੍ਹਾਂ ਦੇ ਨਿਕਟਵਰਤੀਆਂ ਗੁਰਮੁਖਾਂ ਤੇ ਵਿਦਵਾਨ ਵਿਅਕਤੀਆਂ ਦੁਆਰਾ ਹੁੰਦੀ ਆਈ ਹੈ ਤੇ ਅਗੇ ਨੂੰ ਹੁੰਦੀ ਰਹੇਗੀ।

ਪਰਮਾਰਥ ਗਿਆਨ ਗੁਰਬਾਣੀ ਦਾ ਪ੍ਰਧਾਨ ਵਿਸ਼ਾ ਹੈ। ਗੁਰਬਾਣੀ ਦਾ ਕਾਵਿ-ਰੂਪ ਵਿਚ ਹੋਣ ਕਰਕੇ ਗੁਰਬਾਣੀ ਨੂੰ ਆਮ ਇਨਸਾਨ ਲਈ ਸਮਝਣਾ ਬੜਾ ਔਖਾ ਹੈ। ਕਿਉਂਕਿ ਇਸ ਦੀਆਂ

---

[1] ਜੀਤ ਸਿੰਘ ਸੀਤਲ, 'ਕੁਝ ਗੁਰਮਤਿ ਸਾਹਿਤ ਬਾਰੇ', *ਗੁਰਮਤਿ ਸਾਹਿਤ,* ਪੰ.9.

[2] *ਸ਼ਬਦਾਰਥ,* ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ.791

[3] ਮਹਿੰਦਰਜੀਤ ਸਿੰਘ, (ਸੰਪਾ.), *ਅਰਥਾਂ ਦੀ ਰਾਜਨੀਤੀ,* ਪੰ. 123.

ਕੁਝ ਸਮੱਸਿਆਵਾਂ ਹਨ ਜਿਵੇਂ ਕਿ, ਪਹਿਲਾ ਇਸ ਗਿਆਨ ਨੂੰ ਕਿਵੇਂ ਜਾਣਿਆ ਜਾਵੇ, ਦੂਜਾ ਭਾਸ਼ਾ ਅਤੇ ਤੀਜਾ ਇਸ ਗੁਰਬਾਣੀ ਦੇ ਅਰਥਾਂ ਨੂੰ ਕੇਵਲ ਸ਼ਬਦੀ ਅਰਥ ਹੀ ਨਹੀਂ ਸਮਝਿਆ ਜਾ ਸਕਦਾ। ਕਿਉਂਕਿ ਸ਼ਬਦੀ ਅਰਥਾਂ ਦੀਆਂ ਪਰਤਾਂ ਹੇਠ ਹੋਰ ਅਰਥ ਛੁਪੇ ਹੁੰਦੇ ਹਨ। ਅਧਿਆਤਮਕ ਅਰਥਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਗੁਰਬਾਣੀ ਨੂੰ ਸਪਸ਼ਟ ਰੂਪ ਵਿਚ ਸਮਝਣ ਲਈ ਸਮੇਂ-ਸਮੇਂ ਅਨੁਸਾਰ ਸਾਹਿਤ ਦੇ ਖੇਤਰ ਵਿਚ ਵੱਖਰੀਆਂ-ਵੱਖਰੀਆਂ ਵਿਧਾਵਾਂ ਪ੍ਰਚਲਿਤ ਹੋਈਆਂ। ਇਨ੍ਹਾਂ ਵਿਧਾਵਾਂ ਨਾਲ ਗੁਰਬਾਣੀ ਦੇ ਸਿਧਾਤਾਂ ਅਤੇ ਮਹੱਤਵ ਨੂੰ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਗੁਰਮਤਿ ਦਾ ਮੂਲ ਸ੍ਰੋਤ ਗੁਰਬਾਣੀ ਹੈ। ਗੁਰਮਤਿ ਵਿਚਾਰਧਾਰਾ ਦੀ ਸੋਝੀ ਪ੍ਰਾਪਤ ਕਰਨ ਲਈ ਗੁਰਮਤਿ/ਗੁਰਬਾਣੀ ਦਾ ਗਿਆਨ ਅਤੇ ਅਰਥ-ਬੋਧ ਰੱਖਣ ਵਾਲੇ ਵਿਦਵਾਨਾਂ ਨੇ ਸਾਹਿਤਕ ਵਿਧਾਵਾਂ ਰਾਹੀਂ ਗੁਰਮਤਿ ਸਾਹਿਤ ਵਿਚ ਯੋਗਦਾਨ ਪਾਇਆ। ਗੁਰਬਾਣੀ ਦੀ ਸੰਭਾਲ ਅਤੇ ਵਿਆਖਿਆ ਪਹਿਲਾਂ-ਪਹਿਲਾਂ ਨਿਰਮਲੇ ਤੇ ਉਦਾਸੀ ਡੇਰਿਆਂ ਦੇ ਸਾਧੂ, ਸੰਤ ਤੇ ਵਿਦਵਾਨ ਕਰਿਆ ਕਰਦੇ ਸਨ। ਗੁਰਬਾਣੀ ਦੇ ਅਰਥਾਂ ਲਈ *ਪਰਮਾਰਥ, ਪਰਿਆਇ, ਸ਼ਬਦਾਰਥ* ਅਤੇ *ਟੀਕੇ* ਰਚੇ ਗਏ। ਇਸ ਤਰ੍ਹਾਂ ਗੁਰਬਾਣੀ ਅਰਥ ਪ੍ਰਣਾਲੀ ਦੇ ਕਈ ਰੂਪ ਹੋਂਦ ਵਿਚ ਆਏ। ਨਿਰਮਲੇ ਉਦਾਸੀ ਸੰਤਾਂ ਨੇ ਇਹ ਕਾਰਜ ਕੀਤਾ ਹੈ।

ਗੁਰਬਾਣੀ ਵਿਆਖਿਆ ਦੇ ਖੇਤਰ ਵਿਚ 'ਸਿੰਘ ਸਭਾ ਲਹਿਰ' ਦੇ ਵਿਦਵਾਨਾਂ ਦਾ ਯੋਗਦਾਨ ਵੀ ਅਤਿ ਪ੍ਰਸੰਸਾਜਨਕ ਰਿਹਾ ਹੈ। ਗੁਰੂ-ਕਾਲ ਤੋਂ ਲੈ ਕੇ 'ਸਿੰਘ ਸਭਾ ਲਹਿਰ' ਤਕ ਗੁਰਬਾਣੀ ਵਿਆਖਿਆ ਪ੍ਰਮੁੱਖ ਰੂਪ ਵਿਚ ਰੂੜ੍ਹੀਵਾਦੀ ਅਤੇ ਪਰੰਪਰਾਗਤ ਸੀ। ਜਿਸ ਉਪਰ ਜਿਆਦਾਤਰ ਵੇਦਾਂਤ ਅਤੇ ਸੰਸਕ੍ਰਿਤ ਭਾਸ਼ਾ ਦਾ ਪ੍ਰਭਾਵ ਸੀ। ਪੰਡਿਤ ਤਾਰਾ ਸਿੰਘ ਨਰੋਤਮ

ਦੁਆਰਾ 1877 ਵਿਚ ਰਚਿਤ ਪੁਸਤਕ *ਗੁਰਮਤਿ ਨਿਰਣਯ ਸਾਗਰ* ਵਿਚ ਬਹੁਤਾਤ ਇਹ ਭਾਸ਼ਾ ਵਰਤੀ ਗਈ ਹੈ। ਜਿਸ ਵਿਚ ਇਹ ਦੱਸਣ ਦਾ ਯਤਨ ਕੀਤਾ ਗਿਆ ਹੈ ਕਿ ਗੁਰਬਾਣੀ ਵੇਦਾਂਤ ਦਾ ਹੀ ਸੁਧਰਿਆ ਹੋਇਆ ਰੂਪ ਹੈ। ਇਸ ਵਿਚਾਰ ਦੇ ਵਿਰੋਧ ਵਿਚ ਅਤੇ ਗੁਰਮਤਿ ਦੀ ਨਿਵੇਕਲੀ ਤੇ ਸਤੁੰਤਰ ਵਿਚਾਰਧਾਰਾ ਨੂੰ ਸਥਾਪਿਤ ਕਰਨ ਲਈ ਗਿਆਨੀ ਦਿੱਤ ਸਿੰਘ, ਪ੍ਰੋ. ਗੁਰਮੁਖ ਸਿੰਘ ਅਤੇ ਠਾਕੁਰ ਸਿੰਘ ਸੰਧਾਵਾਲੀਆ ਆਦਿ ਵਿਦਵਾਨਾਂ ਦੇ ਸਹਿਯੋਗ ਨਾਲ 1873 ਵਿਚ 'ਸਿੰਘ ਸਭਾ ਲਹਿਰ' ਹੋਂਦ ਵਿਚ ਆਈ। ਇਸ ਲਹਿਰ ਦੇ ਮੋਢੀਆਂ ਨੇ ਸਿੱਖ ਧਰਮ ਦਾ ਪ੍ਰਚਾਰ ਕਰਨ ਲਈ ਅਤੇ ਇਤਿਹਾਸ ਅਤੇ ਸੱਭਿਆਚਾਰ ਤੋਂ ਜਾਣੂੰ ਕਰਾਉਣ ਲਈ ਪ੍ਰਚਾਰ ਆਰੰਭਿਆ। ਜਿਥੇ ਭਾਈ ਵੀਰ ਸਿੰਘ ਨੇ 'ਟ੍ਰੈਕਟ ਸੁਸਾਇਟੀ' ਨਾਂ ਦੀ ਸੰਸਥਾ ਦੀ ਸਥਾਪਨਾ ਕੀਤੀ ਅਤੇ ਟੀਕਾਕਾਰੀ ਨੂੰ ਨਵੀਂ ਸੇਧ ਦਿਤੀ। ਉਥੇ ਪ੍ਰੋ. ਤੇਜਾ ਸਿੰਘ ਵਲੋਂ *ਸ਼ਬਦਾਰਥ* ਅਤੇ ਪ੍ਰੋ. ਸਾਹਿਬ ਸਿੰਘ ਨੇ *ਗੁਰਬਾਣੀ ਵਿਆਕਰਨ* ਨਿਯਮਾਂ ਅਨੁਸਾਰ ਰਚਨਾਵਾਂ ਦੁਆਰਾ ਗੁਰਮਤਿ ਸਾਹਿਤ ਵਿਚ ਯੋਗਦਾਨ ਪਾਇਆ ਗਿਆ। ਪ੍ਰੋ. ਸਾਹਿਬ ਸਿੰਘ ਨੇ 1932 ਵਿਚ ਗੁਰਬਾਣੀ ਦੀ ਸੰਪੂਰਣ ਵਿਆਕਰਣ *ਗੁਰਬਾਣੀ ਵਿਆਕਰਨ* ਨਾਮੀ ਪੁਸਤਕ ਤਿਆਰ ਕੀਤੀ ਅਤੇ 1962-64 ਵਿਚ *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ* ਨਾਮੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪੂਰਣ ਟੀਕਾ ਤਿਆਰ ਕੀਤਾ।

1960 ਈਸਵੀ ਦੇ ਕਰੀਬ ਪੰਜਾਬੀ ਸਾਹਿਤ ਦੇ ਖੇਤਰ ਵਿਚ ਨਵੀਆਂ ਅਧਿਐਨ ਪ੍ਰਣਾਲੀਆਂ ਤੇ ਸੰਕਲਪ ਹੋਂਦ ਵਿਚ ਆਏ, ਜਿਨ੍ਹਾਂ ਦੇ ਅਧੀਨ ਕੁਝ ਸਾਹਿਤਕਾਰ ਗੁਰਬਾਣੀ ਅਧਿਐਨ ਅਤੇ ਖੋਜ ਵਲ ਰੁਚਿਤ ਹੋਏ। ਇਨ੍ਹਾਂ ਵਿਦਵਾਨਾਂ ਨੇ ਜਿਥੇ ਗੁਰਬਾਣੀ ਦੇ ਸਿਧਾਂਤਾਂ ਦਾ

ਵਿਸ਼ਲੇਸ਼ਣ ਕੀਤਾ, ਉਥੇ ਗੁਰਬਾਣੀ ਦੇ ਵਿਭਿੰਨ ਪਾਸਾਰਾਂ ਤੇ ਸਰੋਕਾਰਾਂ ਨੂੰ ਦੂਸਰੇ ਧਰਮਾਂ ਦੇ ਅਨੁਸ਼ਾਸਨਾਂ ਨਾਲ ਜੋੜ ਕੇ ਸਾਹਿਤ ਦੀ ਰਚਨਾ ਕੀਤੀ। ਦਾਰਸ਼ਨਿਕ ਵਿਆਖਿਆ ਦੇ ਖੇਤਰ ਵਿਚ ਭਾਈ ਜੋਧ ਸਿੰਘ, ਡਾ. ਤਾਰਨ ਸਿੰਘ, ਡਾ. ਗੁਰਬਚਨ ਸਿੰਘ ਤਾਲਿਬ, ਡਾ. ਸੁਰਿੰਦਰ ਸਿੰਘ ਕੋਹਲੀ, ਪ੍ਰੋ. ਪ੍ਰੀਤਮ ਸਿੰਘ ਅਤੇ ਡਾ. ਰਤਨ ਸਿੰਘ ਜੱਗੀ ਆਦਿ ਵਿਦਵਾਨਾਂ ਦਾ ਨਾਮ ਲਿਆ ਜਾ ਸਕਦਾ ਹੈ।

ਡਾ. ਜੱਗੀ ਨੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਵਿਚਾਰਧਾਰਾ ਨੂੰ ਸਪਸ਼ਟ ਕਰਨਾ ਆਪਣੇ ਜੀਵਨ ਦਾ ਮਨੋਰਥ ਬਣਾਇਆ। ਉਹ ਅਜਿਹੇ ਸਾਹਿਤਕਾਰ ਹਨ ਜੋ ਅੱਧੀ ਸਦੀ ਤੋਂ ਵੱਧ ਸਮੇਂ ਦੇ ਸਾਹਿਤ ਸਿਰਜਨਾ ਨਾਲ ਨਿਰੰਤਰ ਜੁੜੇ ਹੋਏ ਹਨ। ਉਨ੍ਹਾਂ ਨੇ ਨਾ ਕੇਵਲ ਵਿਵੱਧ ਪੱਖੀ ਸਾਹਿਤ ਸਿਰਜਨਾ ਕੀਤੀ ਸਗੋਂ ਇਹ ਆਕਾਰ ਵਿਚ ਵੀ ਕਾਫ਼ੀ ਵਿਸ਼ਾਲ ਹੈ। ਜਿਥੇ ਡਾ. ਜੱਗੀ ਦਾ ਸਾਹਿਤਕ ਕਾਰਜ ਬਹੁ-ਭਾਸ਼ਾਈ ਹੈ, ਉਥੇ ਉਨ੍ਹਾਂ ਨੇ ਬਹੁਤ ਸਾਰੀਆਂ ਵਿਧਾਵਾਂ ਨੂੰ ਵੀ ਗੁਰਮਤਿ ਸਾਹਿਤ ਦੇ ਅਧਿਐਨ ਲਈ ਵਰਤਿਆ। ਉਨ੍ਹਾਂ ਨੇ ਟੀਕਾਕਾਰੀ, ਸੰਪਾਦਨਾ, ਅਨੁਵਾਦ, ਜੀਵਨੀ ਸਾਹਿਤ ਅਤੇ ਕੋਸ਼ਕਾਰੀ ਦੁਆਰਾ ਗੁਰਮਤਿ ਸਾਹਿਤ ਦੀ ਭਰਪੂਰ ਸੇਵਾ ਕੀਤੀ। ਇਸ ਅਧਿਆਇ ਵਿਚ ਉਨ੍ਹਾਂ ਦੁਆਰਾ ਵਰਤੀਆਂ ਵਿਧਾਵਾਂ ਨੂੰ ਇਕ-ਇਕ ਕਰਕੇ ਵਿਚਾਰਨ ਦੀ ਕੋਸ਼ਿਸ ਕੀਤੀ ਜਾ ਰਹੀ ਹੈ।

**ਟੀਕਾਕਾਰੀ**

ਟੀਕਾਕਾਰੀ ਭਾਰਤ ਵਿਚ ਵਿਆਖਿਆਕਾਰੀ ਦੀ ਬਹੁਤ ਪੁਰਾਣੀ ਅਤੇ ਪ੍ਰਸਿੱਧ ਪਰੰਪਰਾ ਹੈ। ਕਠਿਨ, ਗੰਭੀਰ ਅਤੇ ਗੂੜ੍ਹ ਅਰਥਾਂ ਵਾਲੀ ਸੂਤ੍ਰਿਕ ਕ੍ਰਿਤ ਜਾਂ ਸੇਸ਼੍ਰਠ ਗ੍ਰੰਥ ਦਾ ਚੰਗੀ ਤਰ੍ਹਾਂ

ਭਾਵ ਸਮਝਾਉਣ ਲਈ ਟੀਕਿਆਂ ਦੀ ਰਚਨਾ ਕੀਤੀ ਜਾਂਦੀ ਰਹੀ ਹੈ। ਡਾ. ਜੱਗੀ ਅਨੁਸਾਰ 'ਟੀਕਾ' ਸ਼ਬਦ ਦਾ ਵਿਉਤਪਤੀ-ਮੂਲਕ ਅਰਥ ਕਿਸੇ ਵਸਤੂ ਜਾਂ ਤੱਥ ਦਾ ਬੋਧ ਕਰਾਉਣ ਵਾਲਾ ਵਾਕ ਸਾਧਨ ਹੈ।[4] ਟੀਕੇ ਵਿਚ ਕਠਿਨ ਪਦਾਂ ਦੀ ਵਿਆਖਿਆ ਹੁੰਦੀ ਹੈ, ਜਿਸ ਵਿਚ ਸਰਲਤਾ, ਸੰਖੇਪਤਾ ਅਤੇ ਸਾਰਥਿਕਤਾ ਆਦਿ ਦਾ ਹੋਣਾ ਵੀ ਜ਼ਰੂਰੀ ਹੈ। ਟੀਕਾਕਾਰੀ ਵਿਚ ਕੋਸ਼ਕਾਰੀ, ਪਰਯਾਯ ਨਿਰੁਕਤ, ਟੀਕਾ, ਭਾਵਾਰਥ, ਵਿਆਖਿਆ, ਸਿਧਾਂਤ, ਵਿਚਾਰ ਅਤੇ ਸਾਰ ਆਦਿ ਮਿਲੇ ਹੋਏ ਹੁੰਦੇ ਹਨ।[5] ਟੀਕਾਕਾਰੀ ਵਿਚ ਕਿਸੇ ਗੂੜ੍ਹ ਰਚਨਾ ਦੇ ਪਦ-ਅਰਥ ਕਰਕੇ ਅਗੇ ਤੋਰਿਆ ਜਾਂਦਾ ਹੈ, ਤਾਂ ਜੋ ਜਗਿਆਸੂ ਗੁਰਬਾਣੀ ਭਾਵ ਸਪਸ਼ਟਤਾ ਰਾਹੀਂ ਲਾਹਾ ਪ੍ਰਾਪਤ ਕਰ ਸਕੇ। ਜਿਥੇ ਗੁਰਬਾਣੀ ਟੀਕਾਕਾਰੀ ਦਾ ਇਤਿਹਾਸ ਲੰਮੇਰਾ ਹੈ, ਉਥੇ ਇਹ ਵਡੇਰਾ ਵੀ ਕਾਫ਼ੀ ਹੈ। ਟੀਕਾਕਾਰੀ ਵਿਧਾ ਦੀ ਸ਼ੁਰੂਆਤ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੋ ਗਈ ਸੀ। ਗੁਰੂ ਜੀ ਨੇ ਆਪਣੇ ਜੀਵਨ ਕਾਲ ਵਿਚ ਅਨੇਕਾਂ ਜਗਿਆਸੂਆਂ, ਸੇਵਕਾਂ ਅਤੇ ਗੁਰਬਾਣੀ ਪ੍ਰੇਮੀਆਂ ਨੂੰ ਬਾਣੀ ਦੇ ਅਰਥ ਸਮਝਾਏ। ਡਾ. ਤਾਰਨ ਸਿੰਘ ਦਾ ਕਹਿਣਾ ਹੈ ਕਿ 'ਮੂਲ-ਮੰਤਰ ਦੀ ਵਿਆਖਿਆ ਜਪੁਜੀ ਹੈ ਅਤੇ ਜਪੁਜੀ ਦੀ ਵਿਆਖਿਆ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਹੈ।'[6] ਗੁਰੂ ਨਾਨਕ ਸਾਹਿਬ ਦੀ ਬਾਣੀ ਦੀ ਵਿਆਖਿਆ ਬਾਕੀ ਗੁਰੂ ਸਾਹਿਬਾਨਾਂ ਦੀ ਬਾਣੀ ਵਿਚੋਂ ਵੀ ਪ੍ਰਾਪਤ ਹੁੰਦੀ ਹੈ। ਇਸ ਤਰ੍ਹਾਂ ਗੁਰਮਤਿ ਅਤੇ ਪੰਜਾਬੀ ਸਾਹਿਤ ਵਿਚ ਗੁਰਮਤਿ ਕਾਵਿ ਨਾਲ ਹੀ ਟੀਕਾਕਾਰੀ ਦੀ ਸ਼ੁਰੂਆਤ ਹੁੰਦੀ ਹੈ। ਇਸ ਤੋਂ ਇਲਾਵਾ ਗੁਰਮਤਿ ਦੇ ਮਹਾਨ

---

[4] *ਗੁਰਬਾਣੀ ਟੀਕੇ, ਅਨੰਦਘਨ,* ਪੰ.1.

[5] ਡਾ. ਤਾਰਨ ਸਿੰਘ, 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਟੀਕਾਕਾਰੀ', *ਨਾਨਕ ਪ੍ਰਕਾਸ਼ ਪਤ੍ਰਿਕਾ,* ਪੰ.61.

[6] *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ,* ਪੰ.23.

ਵਿਆਖਿਆਕਾਰ ਭਾਈ ਗੁਰਦਾਸ ਜੀ ਦੀਆਂ ਰਚਨਾਵਾਂ 'ਵਾਰਾਂ' ਅਤੇ 'ਕਬਿੱਤ ਸਵੱਈਆਂ' ਵਿਚੋਂ ਵੀ ਗੁਰਬਾਣੀ ਦੇ ਗੁਹਝ ਭਾਵਾਂ ਦਾ ਵਿਸ਼ਲੇਸ਼ਣ ਕਾਵਿ-ਰੂਪ ਵਿਚ ਪ੍ਰਾਪਤ ਹੁੰਦਾ ਹੈ। ਜਿਨ੍ਹਾਂ ਨੇ ਗੁਰੂ ਗੁਰਸਿਖ-ਪ੍ਰੀਤ, ਮੂਲ-ਮੰਤਰ, ਸਬਦ-ਸੁਰਤਿ, ਨਾਮ, ਨਿਮਰਤਾ, ਪ੍ਰੇਮਾ-ਭਗਤੀ ਅਤੇ ਸੰਸਾਰ ਰਚਨਾ ਆਦਿ, ਗੁਰਮਤਿ ਵਿਸ਼ਿਆਂ ਦਾ ਡੂੰਘਾਈ ਨਾਲ ਅਧਿਐਨ ਕੀਤਾ ਹੈ। ਡਾ. ਬਲਵੀਰ ਸਿੰਘ ਨੇ ਭਾਈ ਗੁਰਦਾਸ ਦੀ ਕ੍ਰਿਤ ਨੂੰ ਗੁਰਬਾਣੀ ਦਾ ਟੀਕਾ ਆਖਿਆ ਹੈ।[7] ਭਾਈ ਗੁਰਦਾਸ ਜੀ ਤੋਂ ਬਾਅਦ ਗੁਰਬਾਣੀ ਦੇ ਟੀਕੇ ਜਾਂ ਪਰਮਾਰਥ ਲਿਖਣ ਦੀ ਪਰੰਪਰਾ ਵਿਚ ਮਿਹਰਬਾਨ ਅਤੇ ਹਰਿ ਜੀ ਆਦਿ ਦਾ ਕਾਫ਼ੀ ਯੋਗਦਾਨ ਹੈ। ਇਸ ਤੋਂ ਉਪਰੰਤ ਅਨੇਕਾਂ ਟੀਕਾਕਾਰਾਂ ਨੇ ਗੁਰਬਾਣੀ ਦੀ ਵਿਆਖਿਆ ਕੀਤੀ, ਜਿਸ ਨੂੰ ਡਾ. ਜੱਗੀ ਨੇ ਪੰਜ ਹਿਸਿਆਂ ਵਿਚ ਵੰਡਿਆ ਹੈ। (1) ਟੀਕਾਕਾਰੀ ਦੀ ਮਿਹਰਬਾਨ ਸ਼ਾਖਾ, (2) ਟੀਕਾਕਾਰੀ ਦੀ ਗਿਆਨੀ ਸ਼ਾਖਾ, (3) ਟੀਕਾਕਾਰੀ ਦੀ ਸੇਵਾਪੰਥੀ ਸ਼ਾਖਾ, (4) ਟੀਕਾਕਾਰੀ ਦੀ ਉਦਾਸੀ ਸ਼ਾਖਾ ਅਤੇ (5) ਟੀਕਾਕਾਰੀ ਦੀ ਨਿਰਮਲ ਸ਼ਾਖਾ।[8]

ਗੁਰਬਾਣੀ ਦੀ ਟੀਕਾਕਾਰੀ ਦੇ ਖੇਤਰ ਵਿਚ ਪਹਿਲਾਂ *ਪਰਮਾਰਥ* ਲਿਖੇ ਗਏ ਸਨ, ਜਿਨ੍ਹਾਂ ਦਾ ਸਰੂਪ *ਜਨਮਸਾਖੀਆਂ* ਵਿਚ ਵੇਖਣ ਨੂੰ ਮਿਲਦਾ ਹੈ। ਭਾਵੇਂ *ਪਰਮਾਰਥ* ਨੂੰ ਅਸੀਂ ਕਿਸੇ ਬਾਣੀ ਦਾ ਟੀਕਾ ਨਹੀਂ ਕਹਿ ਸਕਦੇ ਪਰ 'ਪਰਮਾਰਥ ਪ੍ਰਣਾਲੀ' ਨੇ ਅਗਲੀ ਟੀਕਾਕਾਰੀ ਨੂੰ ਡੂੰਘੀ ਤਰ੍ਹਾਂ ਪ੍ਰਭਾਵਿਤ ਕੀਤਾ।[9] ਟੀਕਾਕਾਰੀ ਵਿਚ ਗਿਆਨੀ ਸ਼ਾਖਾ ਦੇ ਪ੍ਰਬੁੱਧ ਵਿਦਵਾਨ ਭਾਈ ਮਨੀ

[7] *ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰ.(ਸ).

[8] *ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰ.211.

[9] ਡਾ. ਤਾਰਨ ਸਿੰਘ, 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਟੀਕਾਕਾਰੀ', *ਨਾਨਕ ਪ੍ਰਕਾਸ਼ ਪਤ੍ਰਿਕਾ*, ਪੰ.62.

ਸਿੰਘ ਜੀ ਗੁਰਬਾਣੀ ਅਤੇ ਗੁਰ-ਇਤਿਹਾਸ ਰਾਹੀਂ ਗੁਰਮਤਿ ਦ੍ਰਿੜ ਕਰਾਉਂਦੇ ਰਹੇ। ਭਾਈ ਮਨੀ ਸਿੰਘ ਤੋਂ ਹੀ ਗੁਰਬਾਣੀ ਦੇ ਅਰਥਾਂ ਦੀ ਸੰਪਰਦਾਈ ਟਕਸਾਲ ਦੀ ਸ਼ੁਰੂਆਤ ਮੰਨੀ ਜਾਂਦੀ ਹੈ, ਜਿਸ ਵਿਚ ਗੁਰਬਾਣੀ ਦੇ ਅਰਥ ਸੀਨਾ-ਬਸੀਨਾ ਅੱਗੇ ਚਲਦੇ ਗਏ। ਭਾਈ ਚੰਦਾ ਸਿੰਘ ਨੇ ਇਨ੍ਹਾਂ ਅਰਥਾਂ ਨੂੰ ਲਿਖਣ ਦਾ ਉਪਰਾਲਾ ਕੀਤਾ, ਜਿਸ ਤੋਂ ਗੁਰੂ ਗ੍ਰੰਥ ਸਾਹਿਬ ਦੇ *ਪਰਯਾਯ, ਸ਼ਬਦਾਰਥ, ਕੋਸ਼* ਅਤੇ *ਟੀਕੇ* ਲਿਖਣ ਦਾ ਆਰੰਭ ਹੋਇਆ। ਸੰਪਰਦਾਈ ਗਿਆਨੀਆਂ ਵਿਚ ਗਿਆਨੀ ਹਜਾਰਾ ਸਿੰਘ, ਸੰਤ ਸੰਗਤ ਸਿੰਘ, ਸੰਤ ਬਿਸ਼ਨ ਸਿੰਘ, ਸੰਤ ਗਿਆਨੀ ਅਮੀਰ ਸਿੰਘ, ਸੰਤ ਗਿਆਨੀ ਸੁੰਦਰ ਸਿੰਘ, ਸੰਤ ਗਿਆਨੀ ਗੁਰਬਚਨ ਸਿੰਘ ਭਿੰਡਰਾਂਵਾਲੇ, ਗਿਆਨੀ ਕਿਰਪਾਲ ਸਿੰਘ ਅਤੇ ਗਿਆਨੀ ਹਰੀ ਸਿੰਘ ਰੰਧਾਵਾ ਨੇ ਵਿਸ਼ੇਸ਼ ਯੋਗਦਾਨ ਪਾਇਆ।

ਸੇਵਾਪੰਥੀ ਸ਼ਾਖਾ ਵਿਚ ਭਾਈ ਅੱਡਣਸ਼ਾਹ, ਭਾਈ ਰਾਮ ਕ੍ਰਿਸ਼ਨ, ਆਦਿ ਟੀਕਾਕਾਰ ਹੋਏ ਹਨ, ਜਿਨ੍ਹਾਂ ਨੇ ਮੂਲ ਆਧਾਰ ਭਾਰਤੀ ਵੇਦ, ਸਾਸ਼ਤ੍ਰ ਗਿਆਨ ਨੂੰ ਬਣਾਇਆ ਹੈ।10 ਉਦਾਸੀ ਸ਼ਾਖਾ ਵਿਚ ਸੁਆਮੀ ਅਨੰਦਘਨ ਨੇ ਜਪੁਜੀ, ਆਰਤੀ, ਓਅੰਕਾਰ, ਸਿਧ ਗੋਸਟਿ, ਅਨੰਦ ਅਤੇ ਆਸਾ ਕੀ ਵਾਰ ਬਾਣੀ ਦੇ ਟੀਕੇ ਰਚੇ, ਜਿਸ ਨੇ ਵੇਦਾਂਤ ਦੀ ਵਰਤੋਂ ਕੀਤੀ ਹੈ। ਨਿਰਮਲਿਆਂ ਵਿਚ ਭਾਈ ਸੰਤੋਖ ਸਿੰਘ, ਪੰਡਿਤ ਤਾਰਾ ਸਿੰਘ ਨਰੋਤਮ, ਪੰਡਿਤ ਗੁਲਾਬ ਸਿੰਘ, ਪੰਡਿਤ ਨਿਹਾਲ ਸਿੰਘ ਅਤੇ ਸੰਤ ਸੰਪੂਰਣ ਸਿੰਘ ਆਦਿ ਪ੍ਰਮੁੱਖ ਵਿਦਵਾਨ ਹੋਏ, ਜਿਨ੍ਹਾਂ ਨੇ ਪੁਰਾਤਨ ਟੀਕਿਆਂ ਤੋਂ ਸਹਾਇਤਾ ਪ੍ਰਾਪਤ ਕਰਕੇ ਅਰਥ-ਵਿਆਖਿਆ ਵਿਚ ਵਾਧੇ ਕੀਤੇ।

ਅਜੋਕੇ ਸਮੇਂ ਦੇ ਵਿਦਵਾਨਾਂ ਵਿਚ ਭਾਈ ਵੀਰ ਸਿੰਘ, ਗਿ. ਹਰਬੰਸ ਸਿੰਘ (ਟੀਕਾਕਾਰ) ਪ੍ਰਿੰ. ਤੇਜਾ ਸਿੰਘ, ਪ੍ਰੋ. ਸਾਹਿਬ ਸਿੰਘ ਅਤੇ ਡਾ. ਰਤਨ ਸਿੰਘ ਜੱਗੀ ਦਾ ਨਾਮ ਵਰਨਣਯੋਗ ਹੈ।

ਡਾ. ਜੱਗੀ ਨੇ ਸੰਨ 2007 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਕੇਵਲ ਅਰਥਾਂ ਦਾ ਬੋਧ ਕਰਾਉਣ ਲਈ ਟੀਕਾ *ਅਰਥ ਬੋਧ: ਸ੍ਰੀ ਗੁਰੂ ਗ੍ਰੰਥ ਸਾਹਿਬ* (ਪੰਜ ਭਾਗ) ਕੀਤਾ, ਜਿਸ ਵਿਚ ਗੁਰਬਾਣੀ ਦੇ ਤੁਕਵਾਰ ਅਰਥ ਕੀਤੇ ਗਏ। ਗੁਰਬਾਣੀ ਵਿਆਖਿਆ ਕਰਦਿਆਂ ਉਨ੍ਹਾਂ ਨੇ ਗੁਰਮਤਿ ਆਸ਼ੇ ਨੂੰ ਸਪਸ਼ਟ ਕਰਨ ਦਾ ਯਤਨ ਕੀਤਾ ਹੈ। ਪੁਰਾਤਨ ਟੀਕਿਆਂ ਦੀ ਆਪਣੀ ਮਹੱਤਤਾ ਹੈ, ਕਿਉਂਕਿ ਇਨ੍ਹਾਂ ਵਿਦਵਾਨਾਂ ਦੁਆਰਾ ਲਿਖੇ ਗਏ ਪੰਨੇ ਹੀ ਆਉਣ ਵਾਲੇ ਲੇਖਕਾਂ ਲਈ ਆਧਾਰ ਬਣਦੇ ਗਏ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਡਾ. ਜੱਗੀ ਦੀ ਟੀਕਾਕਾਰੀ ਪੁਰਾਤਨ ਟੀਕਾਕਾਰੀ ਤੋਂ ਹਟ ਕੇ ਹੈ। ਜਿਥੇ ਪਹਿਲੇ ਟੀਕਿਆਂ ਵਿਚ ਕਥਾ-ਕਹਾਣੀਆਂ ਪ੍ਰਸਿੱਧ ਸਨ, ਇਕ-ਇਕ ਤੁਕ ਦੇ ਕਈ-ਕਈ ਅਰਥ ਸਨ। ਇਸ ਤੋਂ ਇਲਾਵਾ ਕੁਝ ਸਾਧਾਰਨ ਪੱਧਰ ਦੇ ਸਨ, ਕੁਝ ਅਪੂਰਣ ਸਨ। ਇਨ੍ਹਾਂ ਤੋਂ ਇਲਾਵਾ ਵਿਆਕਰਨ ਆਧਾਰਿਤ ਪ੍ਰੋ. ਸਾਹਿਬ ਸਿੰਘ ਵਰਗੇ ਪ੍ਰਬੁਧ ਵਿਦਵਾਨ ਦਾ ਸੰਪੂਰਨ ਟੀਕਾ ਵੀ ਮੌਜੂਦ ਸੀ। ਇਸ ਤਰ੍ਹਾਂ ਵਿਆਖਿਆ ਗ੍ਰੰਥਾਂ ਦੀ ਵਿਸ਼ਾਲ ਪਰੰਪਰਾ ਉਨ੍ਹਾਂ ਦੇ ਟੀਕੇ ਦਾ ਆਧਾਰ ਬਣੀ। ਭਾਵੇਂ ਗੁਰਬਾਣੀ ਦੇ ਇਕ-ਇਕ ਸ਼ਬਦ ਦੀ ਵਿਆਖਿਆ ਵੱਖਰੇ-ਵੱਖਰੇ ਵਿਦਵਾਨਾਂ ਵਲੋਂ ਵਿਸਤਾਰ ਸਹਿਤ ਕੀਤੀ ਗਈ ਹੈ, ਪਰ ਕਈ ਸ਼ਬਦਾਂ ਅਤੇ ਤੁਕਾਂ ਦਾ ਸਪਸ਼ਟ ਅਧਿਐਨ ਅੱਜ ਤਕ ਵੀ ਨਹੀਂ ਹੋ ਸਕਿਆ। ਡਾ. ਜੱਗੀ ਨੇ ਜਿਥੇ ਟੀਕਾਕਾਰੀ ਦੁਆਰਾ ਗੁਰਬਾਣੀ ਦੇ ਸਹੀ ਅਰਥਾਂ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਦਾ ਯਤਨ ਕੀਤਾ, ਉਥੇ ਉਨ੍ਹਾਂ ਨੇ ਗੁਰਮਤਿ ਸੰਬੰਧੀ ਵਿਸ਼ਿਆਂ ਨੂੰ ਆਧੁਨਿਕ ਮੁਹਾਵਰੇ ਵਿਚ ਪ੍ਰਸਤੁਤ ਕਰਨ ਦਾ ਯਤਨ ਕੀਤਾ ਹੈ। ਡਾ. ਜੱਗੀ ਦੁਆਰਾ ਲਿਖੇ ਟੀਕੇ ਅਤਿਅੰਤ ਸੋਧੇ, ਸੁਲਝੇ ਹੋਏ, ਵਾਧੂ ਖਿਲਾਰੇ ਤੋਂ ਰਹਿਤ ਅਤੇ ਸੁਖੈਣ ਅਰਥਾਂ ਤੱਕ ਲੈ ਜਾਣ ਵਾਲੇ ਹਨ। ਜਿਸਦੀ

ਨਿਮਨਲਿਖਤ ਵੰਨਗੀ ਵੇਖਣ ਯੋਗ ਹੈ:

*ਹਰਿ ਸਿਮਰਤ ਤੇਰੀ ਜਾਇ ਬਲਾਇ॥ਸਰਬ ਕਲਿਆਣ ਵਸੈ ਮਨਿ ਆਇ॥*

*ਭਜੁ ਮਨ ਮੇਰੇ ਤੂ ਏਕੋ ਨਾਮ॥ਜੀਅ ਤੇਰੇ ਕੈ ਆਵੈ ਕਾਮ॥1॥ਰਹਾਉ॥*

*ਰੈਣਿ ਦਿਨਸੁ ਗੁਣ ਗਾਉ ਅਨੰਤਾ॥ਗੁਰ ਪੂਰੇ ਕਾ ਨਿਰਮਲ ਮੰਤਾ॥2॥*

*ਛੋਡਿ ਉਪਾਵ ਏਕ ਟੇਕ ਰਾਖੁ॥ਮਹਾ ਪਦਾਰਥੁ ਅੰਮ੍ਰਿਤ ਰਸੁ ਚਾਖੁ॥3॥*

*ਬਿਖਮ ਸਾਗਰੁ ਤੇਈ ਜਨ ਤਰੇ॥ਨਾਨਕ ਜਾ ਕਉ ਨਦਰਿ ਕਰੇ]4]68]137॥* [10]

**ਅਰਥ:** (ਹੇ ਭਾਈ!) ਹਰਿ ਦੇ ਨਾਮ ਦਾ ਸਿਮਰਨ ਕਰਨ ਦੇ ਨਾਲ (ਮਾਇਆ ਰੂਪ) ਬਲਾ ਟਲ ਜਾਂਦੀ ਹੈ। (ਪਰਮਾਤਮਾ ਦਾ ਨਾਮ) ਮਨ ਵਿਚ ਆ ਵਸਣ ਨਾਲ ਸਭ ਪਾਸੇ ਕਲਿਆਣਕਾਰੀ (ਮਾਹੌਲ ਬਣ ਜਾਂਦਾ ਹੈ)।1। ਹੇ ਮੇਰੇ ਮਨ! ਇਕੋ ਨਾਮ ਦਾ ਭਜਨ ਕਰ। (ਇਹੀ) ਤੇਰੀ ਜਿੰਦ ਦੇ ਕੰਮ ਆਉਣਾ ਹੈ।1।ਰਹਾਉ। (ਹੇ ਸਾਧਕ!ਤੂੰ) ਦਿਨ ਰਾਤ ਅਨੰਤ ਪ੍ਰਭੂ ਦੇ ਗੁਣਾਂ ਦਾ ਗਾਇਨ ਕਰ। (ਇਹ) ਇਹ ਪੂਰੇ ਗੁਰੂ ਦਾ ਨਿਰਮਲ ਉਪਦੇਸ਼ ਹੈ।2। (ਹੇ ਮਨ) ਹੋਰ ਸਾਰੇ ਹੀਲੇ ਛਡ ਕੇ ਇਕ (ਪਰਮਾਤਮਾ ਦੀ) ਟੇਕ ਰਖ ਅਤੇ (ਨਾਮ ਰੂਪ) ਮਹਾ ਪਦਾਰਥ ਦਾ ਅੰਮ੍ਰਿਤ ਰਸ ਚਖ।3। ਨਾਨਕ (ਦਾ ਕਥਨ ਹੈ ਕਿ) ਉਹੀ ਸੇਵਕ ਦੁਸਤਰ ਸਾਗਰ (ਭਵ-ਸਾਗਰ) ਤਰੇ ਹਨ ਜਿਨ੍ਹਾਂ ਉਤੇ (ਤੂੰ) ਕ੍ਰਿਪਾ-ਦ੍ਰਿਸ਼ਟੀ ਕਰਦਾ ਹੈਂ।4[68[137[ [11]

ਡਾ. ਜੱਗੀ ਦੁਆਰਾ ਕੀਤੀ ਉਪਰੋਕਤ ਵਿਆਖਿਆ, ਗੁਰਬਾਣੀ ਵਿਆਖਿਆ ਦੀ

---

[10] *ਸ਼ਬਦਾਰਥ,* ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ.198.

[11] *ਅਰਥ ਬੋਧ: ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰ.568-69.

ਨਵੀਨਤਮ ਵਿਆਖਿਆ ਹੈ, ਜਿਸ ਵਿਚ ਗਿਆਨ ਦੀ ਬਹੁਲਤਾ, ਵਿਚਾਰ-ਨਿਸ਼ਠਾ ਅਤੇ ਗੁਰਬਾਣੀ ਦੇ ਮਰਮ-ਗਿਆਨ ਦੀ ਹੋਂਦ ਹੈ। ਇਉਂ ਡਾ. ਜੱਗੀ ਨੇ ਵਿਆਕਰਣ ਉਲਾਰ ਤੋਂ ਰਹਿਤ ਸਰਲ ਢੰਗ ਨਾਲ ਬਾਣੀ ਦਾ ਸੰਦੇਸ਼ ਜਗਿਆਸੂਆਂ ਤੱਕ ਪਹੁੰਚਾਉਣ ਦਾ ਯਤਨ ਕੀਤਾ ਹੈ। ਉਨ੍ਹਾਂ ਨੇ ਆਪਣੇ ਟੀਕੇ ਵਿਚ ਅਰਥਗਤ ਪਾਰਦਰਸ਼ਿਤਾ ਦਾ ਧਿਆਨ ਰਖਦਿਆਂ ਹੋਇਆਂ ਪੰਨੇ ਦੇ ਇਕ ਪਾਸੇ ਬਾਣੀ ਦਾ ਮੂਲ ਪਾਠ ਦਿੱਤਾ ਹੈ, ਉਸਦੇ ਸਾਹਮਣੇ ਵਾਲੇ ਪੰਨੇ ਉਤੇ ਉਸ ਦਾ ਸਰਲ ਭਾਸ਼ਾ ਵਿਚ ਅਰਥ ਕੀਤਾ ਹੈ। ਅਰਥ ਕਰਨ ਵੇਲੇ ਗੁਰਬਾਣੀ ਦਾ ਅਰਥ ਆਮ ਟਾਈਪ ਵਿਚ ਰਖਿਆ ਹੈ ਅਤੇ ਭਾਵ-ਸਪਸ਼ਟਤਾ ਲਈ ਕੀਤੇ ਵਾਧੂ ਕਥਨ ਬ੍ਰੈਕਟਾਂ ਵਿਚ ਉਸੇ ਟਾਈਪ ਵਿਚ ਰਖੇ ਹਨ। ਉਹ ਬਾਕੀ ਵਿਦਵਾਨਾ ਤੋਂ ਕੁਝ ਹਟਕੇ ਗੁਰਬਾਣੀ ਨਿਯਮਾਵਲੀ ਅਨੁਸਾਰ ਹੀ ਇਸ ਟੀਕੇ ਵਿਚ ਗੁਰਬਾਣੀ ਦੇ ਅਰਥ ਕਰਦੇ ਹਨ। ਉਦਾਹਰਣ ਦੇ ਤੌਰ ’ਤੇ ਨਿਮਨਲਿਖਤ ਸ਼ਬਦ ਦੀ ਵਿਆਖਿਆ ਕਰਦਿਆਂ ਡਾ. ਜੱਗੀ ਸਪਸ਼ਟ ਅਰਥਾਂ ਦੀ ਦੱਸ ਪਾਉਂਦੇ ਹਨ, ਜਿਵੇਂ:

*ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ॥*

*ਓਨ੍ਹੀ ਤੁਪਕ ਤਾਣਿ ਚਲਾਈ ਓਨ੍ਹੀ ਹਸਤਿ ਚਿੜਾਈ॥* [12]

ਇਨ੍ਹਾਂ ਪੰਕਤੀਆਂ ਦੇ ਪਹਿਲੇ ਵਿਦਵਾਨਾਂ ਨੇ ਹੇਠ ਲਿਖੇ ਅਨੁਸਾਰ ਅਰਥ ਕੀਤੇ ਹਨ:

'ਏਕ ਔਰ ਮੁਗਲ ਏਕ ਔਰ ਪਠਾਣ ਹੋ ਕਰ ਜੁਧ ਕਰਨੇ ਲਗੇ ਔਰ ਜੁਧ ਭੂਮਿ ਮੇਂ ਬਹੁਤ ਤਲਵਾਰੇਂ ਚਲਾਈ ਉਨੋਂ ਨੇ ਏਕ (ਤੁਪਕ) ਬੰਦੂਕ ਬਲ ਕਰ ਚਲਾਈ, ਉਨੇ ਨੇ ਹਾਥੋਂ

[12] *ਸ਼ਬਦਾਰਥ,* ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ.418.

ਪਰ ਬੰਦੂਕਾਂ ਚਲਾਉਨੇ ਕੋ ਚਢਾਈ।'[13] ਸੰਪ੍ਰਦਾਈ ਵਿਦਵਾਨਾਂ ਨੇ ਵੀ ਕਾਫ਼ੀ ਹੱਦ ਤਕ ਇਸ ਨਾਲ ਮਿਲਦੇ ਅਰਥ ਕੀਤੇ ਹਨ।

'ਜਿਸ ਵੇਲੇ ਮੁਗਲਾਂ ਭਾਵ ਬਾਬਰ ਦੀ ਫੌਜ ਅਤੇ ਪਠਾਣਾ=ਏਮਨਾਬਾਦੀ ਫੌਜ ਦੀ ਆਪਸ ਵਿਚ ਲੜਾਈ ਸ਼ੁਰੂ ਹੋਈ ਤਾਂ ਦੋਹਾਂ ਫੌਜਾਂ ਨੇ ਰਣ ਭੂਮੀ ਵਿਚ ਚੰਗੀ ਤੇਗ-ਵਗਾਈ=ਤਲਵਾਰ ਚਲਾਈ। ਜਦ ਮੁਗਲਾਂ ਨੇ ਤਾਣਿ=ਖਿਚ ਕੇ ਤੁਪਕ=ਤੋਪ, ਅਥਵਾ:-ਬੰਦੂਕਾਂ ਚਲਾਈਆਂ ਅਤੇ ਉਨ੍ਹਾਂ ਪਠਾਣਾਂ ਨੇ ਜਿਸ ਵੇਲੇ ਹਸਤਿ ਚਿੜਾਈ=ਹਾਥੀ ਤੋਪ ਚੜਾਈ ਤਾਂ ਓਥੇ ਹੀ ਫਟ ਗਈ ਤੇ ਹਾਥੀ ਵੀ ਮਰ ਗਿਆ। ਅਥਵਾਂ:-ਉਨ੍ਹਾਂ ਪਠਾਣਾਂ ਦੇ ਹਸਤਿ=ਹੱਥ ਵਿਚ ਹੀ ਬੰਦੂਕ ਚਿੜਾਈ=ਚਲ ਗਈ, ਜਿਸ ਤੇ ਉਹ ਚਲਾਣ ਵਾਲੇ ਆਪ ਹੀ ਮਰ ਗਏ।'[14] ਪ੍ਰੋ. ਸਾਹਿਬ ਸਿੰਘ ਨੇ ਜੋ ਅਰਥ ਕੀਤੇ 'ਜਦੋਂ ਮੁਗਲਾਂ ਤੇ ਪਠਾਣਾਂ ਦੀ ਲੜਾਈ ਹੋਈ, ਲੜਾਈ ਦੇ ਮੈਦਾਨ ਵਿਚ (ਦੋਹਾਂ ਧਿਰਾਂ ਨੇ) ਤਲਵਾਰ ਚਲਾਈ। ਉਹਨਾਂ ਮੁਗਲਾਂ ਨੇ ਬੰਦੂਕਾਂ ਦੇ ਨਿਸ਼ਾਨੇ ਬੰਨ੍ਹ ਬੰਨ੍ਹ ਕੇ ਗੋਲੀਆਂ ਚਲਾਈਆਂ, ਪਰ ਪਠਾਣਾਂ ਦੇ ਹੱਥ ਵਿਚ ਹੀ ਚਿੜ ਚਿੜ ਕਰ ਗਈਆਂ।'[15]

ਪ੍ਰੋ. ਸਾਹਿਬ ਸਿੰਘ ਨੇ 'ਹਸਤਿ' ਦਾ ਅਰਥ ਹੱਥ ਵਿਚ ਹੀ ਚਿੜ ਚਿੜ ਕਰ ਗਈਆਂ ਕਰਦੇ ਹਨ। ਜੇ ਵਿਚਾਰੀਏ ਤਾਂ ਜੋ ਬੰਦੂਕ ਹੈ, ਉਹ ਇਕ ਹੱਥ ਨਾਲ ਨਹੀਂ ਚਲਾਈ ਜਾ ਸਕਦੀ, ਦੋ ਹੱਥਾਂ ਨਾਲ ਹੀ ਚਲਦੀ ਹੈ। ਡਾ. ਜੱਗੀ ਜੋ ਸਿੱਖ ਇਤਿਹਾਸ ਦੇ ਪ੍ਰਾਚੀਨ ਸ੍ਰੋਤਾਂ ਨੂੰ

---

[13] *ਫਰੀਦਕੋਟੀ ਟੀਕਾ,* ਜਿਲਦ-ਦੂਜੀ, ਪੰ.892.

[14] *ਸੰਪ੍ਰਦਾਇ ਟੀਕਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* (ਅਮੀਰ ਭੰਡਾਰ), ਸੈਂਚੀ ਦੂਜੀ, ਪੰ.323.

[15] *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ,* ਪੋਥੀ-ਤੀਜੀ, ਪੰ.377.

ਦੀਰਘ ਦ੍ਰਿਸ਼ਟੀ ਨਾਲ ਵੇਖਦੇ ਹਨ, ਇਨ੍ਹਾਂ ਤੁਕਾਂ ਦੇ ਅਰਥ ਇਉਂ ਕਰਦੇ ਹਨ:

'ਮੁਗਲਾਂ ਅਤੇ ਪਠਾਣਾਂ ਦੀ ਲੜਾਈ ਹੋਈ ਅਤੇ ਯੁੱਧ-ਭੂਮੀ ਵਿਚ ਤਲਵਾਰ ਚਲਾਈ ਗਈ। ਉਨ੍ਹਾਂ (ਮੁਗਲਾਂ) ਨੇ ਸ਼ਿਸਤਾਂ ਲਗਾ ਕੇ ਬੰਦੂਕਾਂ ਚਲਾਈਆਂ ਅਤੇ ਉਨ੍ਹਾਂ (ਪਠਾਣਾਂ) ਨੇ ਹਾਥੀਆਂ ਨੂੰ ਚਿੜਾਇਆ (ਅਰਥਾਤ ਉਕਸਾਇਆ)।'[16]

ਇਉਂ ਡਾ. ਜੱਗੀ ਤੁਕਾਂ ਦੇ ਅਰਥਾਂ ਦਾ ਸਹੀ ਪ੍ਰਸੰਗ ਨਿਰਧਾਰਿਤ ਕਰਦੇ ਹਨ ਤਾਂ ਕਿ ਉਹ ਸਹੀ ਢੰਗ ਨਾਲ ਪ੍ਰਗਟ ਹੋ ਸਕਣ। ਇਉਂ ਕਰਦਿਆਂ ਹੋਇਆਂ ਮੂਲ-ਪਾਠ ਵਿਚ ਪੇਸ਼ ਕੀਤੇ ਵਿਚਾਰ ਦੀ ਮੂਲ ਭਾਵਨਾਂ ਖੰਡਿਤ ਨਹੀਂ ਹੋਣ ਦਿੰਦੇ ਹਨ। ਇਹ ਉਨ੍ਹਾਂ ਦੀ ਵਿਆਖਿਆ ਦਾ ਇਕ ਉਤਮ ਗੁਣ ਹੈ। ਇਸ ਨਾਲ ਜਿਥੇ ਉਹ ਬਹੁ-ਅਰਥਾਂ ਵਿਚਲੀ ਅਸਪਸ਼ਟਤਾ ਤੋਂ ਬਚਦੇ ਹਨ, ਉਥੇ ਅਰਥਾਂ ਦੀ ਪ੍ਰਮਾਣਿਕਤਾ ਵੀ ਨਿਰਧਾਰਿਤ ਕਰਦੇ ਹਨ। ਇਕ ਤੁਕ ਦੇ ਇਕ ਹੀ ਅਰਥ ਪ੍ਰਵਾਨ ਕਰਕੇ ਉਹ ਆਪਣੀ ਇਸ ਵਿਆਖਿਆ ਪੱਧਤੀ ਰਾਹੀਂ ਬਹੁਤੇ ਅਰਥਾਂ ਦੀ ਧਾਰਨਾ ਨੂੰ ਵੀ ਨਕਾਰਦੇ ਹਨ। ਇਹ ਵੀ ਵਰਨਣਯੋਗ ਹੈ ਕਿ ਉਨ੍ਹਾਂ ਵਲੋਂ ਰਚਿਤ *ਅਰਥ ਬੋਧ: ਸ੍ਰੀ ਗੁਰੂ ਗ੍ਰੰਥ ਸਾਹਿਬ* ਵਿਚ ਜਿਥੇ ਗੁਰਬਾਣੀ ਦੇ ਕੇਵਲ ਅਰਥਾਂ ਦਾ ਬੋਧ ਕਰਵਾਇਆ ਗਿਆ ਹੈ, ਉਥੇ ਗੁਰਬਾਣੀ ਦੇ ਪ੍ਰੇਮੀਆਂ ਅਤੇ ਕਈ ਸੰਸਥਾਵਾਂ ਵਲੋਂ ਉਨ੍ਹਾਂ ਨੂੰ ਗੁਰਬਾਣੀ ਦੇ ਵਿਸਤਾਰ ਸਹਿਤ ਅਰਥ ਕਰਨ ਲਈ ਕਹਿਣ ਤੇ ਉਨ੍ਹਾਂ ਨੇ ਗੁਰਬਾਣੀ ਦੇ ਭਾਵਾਂ ਨੂੰ ਸਪਸ਼ਟ ਰੂਪ ਵਿਚ ਸਮਝਣ ਵਾਸਤੇ *ਭਾਵ ਪ੍ਰਬੋਧਨੀ ਟੀਕਾ: ਸ੍ਰੀ ਗੁਰੂ ਗ੍ਰੰਥ ਸਾਹਿਬ* ਟੀਕਾ (8 ਭਾਗ) ਵਿਚ ਲਿਖਿਆ। ਇਸ ਵਿਚ ਹਰੇਕ ਰਾਗ ਦੀ ਜਾਣਕਾਰੀ, ਫਿਰ ਇਕ ਇਕ ਸ਼ਬਦ ਦੇ ਅਰਥ,

---

[16] *ਅਰਥ ਬੋਧ: ਸ੍ਰੀ ਗੁਰੂ ਗ੍ਰੰਥ ਸਾਹਿਬ,* ਭਾਗ-ਦੂਜਾ, ਪੰ.581.

ਕਿਹੜਾ ਸ਼ਬਦ ਕਿਹੜੀ ਭਾਸ਼ਾ ਵਿਚੋਂ ਆਇਆ ਉਸ ਦੀ ਜਾਣਕਾਰੀ, ਫਿਰ ਭਾਵ ਅਰਥ ਦਿੱਤਾ ਗਿਆ ਹੈ। ਜੇ ਕਿਸੇ ਸ਼ਬਦ ਦਾ ਕੋਈ ਇਤਿਹਾਸਕ/ਮਿਥਿਹਾਸਕ ਪਿਛੋਕੜ ਹੈ ਉਸ ਦਾ ਵੇਰਵਾ *ਭਾਵ ਪ੍ਰਬੋਧਨੀ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਤਿਕਾ* ਨਾਮੀ ਪੁਸਤਕ ਵਿਚ ਦਿੱਤਾ ਗਿਆ ਹੈ। ਜੋ ਇਨ੍ਹਾਂ ਦੁਆਰਾ ਰਚੇ ਗਏ *ਗੁਰੂ ਗ੍ਰੰਥ ਵਿਸ਼ਵ ਕੋਸ਼* ਦਾ ਹੀ ਸੰਖੇਪ ਰੂਪ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਿਰਲੇਖ ਸਹਿਤ ਬਾਣੀਆਂ ਜਿਵੇਂ ਕਿ *ਸੋ ਦਰੁ, ਸੋ ਪੁਰਖੁ, ਸੋਹਿਲਾ, ਬਾਰਹਮਾਹ, ਅਨੰਦੁ, ਸਿਧ ਗੋਸਟਿ* ਅਤੇ *ਸੁਖਮਨੀ* ਆਦਿ ਬਾਣੀਆਂ ਦੇ ਅਰਥ ਕਰਨ ਤੋਂ ਪਹਿਲਾਂ ਇਨ੍ਹਾਂ ਦਾ ਪ੍ਰਯੋਜਨ ਅਤੇ ਪਰੰਪਰਾ ਬਾਰੇ ਵੀ ਦੱਸਿਆ ਗਿਆ ਹੈ। ਇਸ ਤਰ੍ਹਾਂ ਦੇ ਪਰਿਚਯਾਤਮਿਕ ਕਥਨ ਹਰ ਨਾਮਾਂਕਿਤ ਬਾਣੀ, ਵਾਰਾਂ ਅਤੇ ਰਾਗ-ਮੁਕਤ ਬਾਣੀਆਂ ਵਿਚ ਦਰਜ ਹਨ। ਅਜਿਹੇ ਕਥਨਾਂ ਦੀ ਸਹਾਇਤਾ ਨਾਲ ਪਾਠਕ ਉਸ ਬਾਣੀ ਦੀ ਭਾਵ-ਸਮੱਗਰੀ ਨੂੰ ਗ੍ਰਹਿਣ ਕਰਨ ਲਈ ਤਿਆਰ ਹੋ ਜਾਂਦਾ ਹੈ। ਇਸ ਤੋਂ ਇਲਾਵਾ ਬਾਣੀਆਂ ਵਿਚਲੇ ਵਿਸ਼ੇ ਨੂੰ ਉਘਾੜਿਆ ਗਿਆ ਹੈ। ਇਸ ਤੋਂ ਉਪਰੰਤ ਹਰ 'ਸ਼ਬਦ' ਦੇ ਪਾਠ ਦੇ ਬਾਅਦ ਉਸ ਵਿਚਲੇ ਔਖੇ ਸ਼ਬਦਾਂ ਦੇ ਅਰਥ ਅਤੇ ਲੋੜ ਮੁਤਾਬਿਕ ਉਨ੍ਹਾਂ ਦੇ ਭਾਸ਼ਿਕ ਪਿਛੋਕੜ ਅਤੇ ਸਰੂਪ ਨੂੰ ਦਰਸਾਇਆ ਗਿਆ ਹੈ, ਤਾਂ ਜੋ ਅਰਥ ਦਾ ਬੋਧ ਠੀਕ ਪਰਿਪੇਖ ਵਿਚ ਹੋ ਸਕੇ। ਬਰੈਕਟਾਂ ਵਿਚ ਮੂਲ ਭਾਸ਼ਾ ਦੇ ਨਾਂਅ ਦੇ ਸੰਕੇਤ ਤੋਂ ਬਾਅਦ ਉਸ ਸ਼ਬਦ ਨੂੰ ਗੁਰਮੁਖੀ ਅੱਖਰਾਂ ਵਿਚ ਲਿਖਿਆ ਹੈ। ਜਿਨ੍ਹਾਂ ਸ਼ਬਦਾਂ ਦਾ ਸਰੂਪ ਜਾਂ ਵਰਤਨੀ ਮੂਲ ਵਰਗੀ ਹੈ, ਉਨ੍ਹਾਂ ਦੇ ਮੂਲ ਸਰੂਪ ਬਰੈਕਟਾਂ ਵਿਚ ਨਹੀਂ ਲਿਖੇ ਪਰ ਜਿਥੇ ਲਗ, ਮਾਤ੍ਰਾ ਜਾਂ ਵਰਤਨੀ ਦਾ ਅੰਤਰ ਹੈ, ਉਥੇ ਮੂਲ

ਸ਼ਬਦ ਬਰੈਕਟਾਂ ਵਿਚ ਦਿਤੇ ਹਨ। ਉਸ ਤੋਂ ਬਾਅਦ ਸਰਲ ਅਤੇ ਸਪਸ਼ਟ ਭਾਸ਼ਾ ਵਿਚ ਬਾਣੀ ਦੇ ਅਰਥ ਕੀਤੇ ਗਏ ਹਨ। ਇਨ੍ਹਾਂ ਦੁਆਰਾ ਬਾਣੀ ਵਿਚਲੇ ਸੰਦੇਸ਼, ਉਪਦੇਸ਼ ਅਤੇ ਸਿੱਖਿਆ ਨੂੰ ਸੱਸ਼ਟ ਕੀਤਾ ਗਿਆ ਹੈ। ਗੁਰਬਾਣੀ ਦੇ ਅਰਥਾਂ ਦੀ ਪੁਸ਼ਟੀ ਗੁਰਬਾਣੀ ਦੁਆਰਾ ਹੀ ਕੀਤੀ ਗਈ ਹੈ।

ਇਸ ਉਪਰੰਤ ਵਿਸ਼ੇਸ਼ ਕਥਨ ਉਨ੍ਹਾਂ ਸ਼ਬਦਾਂ (ਪਦਿਆਂ) ਤੋਂ ਬਾਅਦ ਦਿੱਤੇ ਗਏ ਹਨ, ਜਿਥੇ ਕਿਸੇ ਸ਼ਬਦ (ਪਦੇ) ਦੀ ਪੁਨਰਾਵ੍ਰਿਤੀ ਹੋਵੇ ਜਾਂ ਜਿਥੇ ਕੋਈ ਇਤਿਹਾਸਕ ਪ੍ਰਸੰਗ ਜੁੜਦਾ ਹੋਵੇ ਜਾਂ ਕੋਈ ਪੌਰਾਣਿਕ, ਲੌਕਿਕ ਜਾਂ ਧਾਰਮਿਕ ਹਵਾਲਾ ਹੋਵੇ। ਇਨ੍ਹਾਂ ਪ੍ਰਸੰਗਾਂ ਦੇ ਵਿਸਤਾਰ ਸਹਿਤ ਵਿਵਰਨ ਨੂੰ *ਅੰਤਿਕਾ* ਵਿਚ ਅੱਖਰ-ਕ੍ਰਮ ਅਨੁਸਾਰ ਦਰਜ ਕੀਤਾ ਗਿਆ ਹੈ। *ਅੰਤਿਕਾ* ਵਿਚ ਬਾਣੀਕਾਰਾਂ ਦਾ ਪਰਿਚਯ ਦੇਣ ਦੇ ਨਾਲ-ਨਾਲ ਪਰਿਭਾਸ਼ਿਕ ਸ਼ਬਦਾਵਲੀ ਦੇ ਅਰਥਾਂ ਨੂੰ ਵੀ ਉਘਾੜਿਆ ਗਿਆ ਹੈ। ਹਰ ਸੈਂਚੀ ਦੇ ਆਰੰਭ ਵਿਚ ਪਹਿਲਾਂ ਸਾਰੀਆਂ ਸੈਂਚੀਆਂ ਵਿਚਲੀਆਂ ਬਾਣੀਆਂ ਦਾ ਸੰਖੇਪ ਤਤਕਰਾ ਹੈ ਅਤੇ ਫਿਰ ਹਰ ਸੈਂਚੀ ਦਾ ਵਿਸਤਰਿਤ ਤਤਕਰਾ ਹੈ। ਤਤਕਰੇ ਵਿਚ ਦੋ ਤਰ੍ਹਾਂ ਦੇ ਪੰਨਾ ਅੰਕ ਹਨ। ਗੁਰਮੁਖੀ ਵਾਲੇ ਅੰਕਾਂ ਦਾ ਸੰਬੰਧ ਗੁਰੂ ਗ੍ਰੰਥ ਸਾਹਿਬ ਦੇ ਪੰਨਿਆਂ ਨਾਲ ਹੈ ਅਤੇ ਅੰਗਰੇਜੀ ਵਾਲੇ ਅੰਕਾਂ ਦਾ ਸੰਬੰਧ ਸੰਬੰਧਿਤ ਸੈਂਚੀ ਦੇ ਪੰਨਿਆਂ ਨਾਲ ਹੈ। ਬਾਣੀ-ਪਾਠ ਵਿਚ ਲੱਗੇ (*) ਚਿੰਨ੍ਹ ਰਾਹੀਂ ਇਹ ਸੰਕੇਤ ਦਿੱਤਾ ਗਿਆ ਹੈ ਕਿ ਇਥੋਂ ਗੁਰੂ ਗ੍ਰੰਥ ਸਾਹਿਬ ਦੇ ਅਗਲੇ ਪੰਨੇ ਦਾ ਅਰੰਭ ਹੁੰਦਾ ਹੈ। ਉਸ ਪੰਨੇ ਦਾ ਅੰਕ ਉਸੇ ਤੁਕ ਦੇ ਅੰਤ ਉੱਤੇ ਮੋਟੇ ਅੱਖਰਾਂ ਵਿਚ ਬ੍ਰੈਕਟਾਂ ਅੰਦਰ ਦਰਜ ਹੈ। ਪੂਰਬਲੇ ਕਾਰਜਾਂ ਤੋਂ ਪੂਰਾ ਲਾਭ ਲੈਂਦਿਆਂ ਵਿਵੇਕਸ਼ੀਲ ਅਤੇ ਸਪਸ਼ਟ ਵਿਆਖਿਆ ਨੂੰ ਸਰਲ ਭਾਸ਼ਾ ਵਿਚ ਪੇਸ਼ ਕਰਨ ਦਾ

ਯਤਨ ਕੀਤਾ। ਉਨ੍ਹਾਂ ਨੇ ਪ੍ਰਬਲ ਆਤਮ ਜਗਿਆਸਾ, ਅਨੁਭਵ, ਲਗਨ, ਮਿਹਨਤ ਅਤੇ ਬੌਧਿਕ ਚਿੰਤਨ ਦੁਆਰਾ ਇਹ ਕਠਿਨ ਕਾਰਜ ਕੀਤਾ ਹੈ। ਉਨ੍ਹਾਂ ਦੀ ਸਮੁੱਚੀ ਟੀਕਾਕਾਰੀ ਵਿਚੋਂ ਗੁਰਮਤਿ ਦਾ ਦਾਰਸ਼ਨਿਕ ਦ੍ਰਿਸ਼ਟੀਕੋਣ ਅਤੇ ਬੌਧਿਕ ਚਿੰਤਨ ਦ੍ਰਿਸ਼ਟਮਾਨ ਹੁੰਦਾ ਹੈ। ਉਨ੍ਹਾਂ ਨੇ ਤੱਤ ਗੁਰਮਤਿ ਨੂੰ ਸਪਸ਼ਟ ਕਰਨ ਲਈ ਗੁਰਬਾਣੀ ਦੇ ਸ਼ਬਦਾਂ ਅਤੇ ਤੁਕਾਂ ਦੇ ਹਵਾਲੇ ਵੀ ਦਿੱਤੇ ਹਨ। ਡਾ. ਜੱਗੀ ਨੇ ਗੁਰਬਾਣੀ ਵਿਚ ਆਏ ਇਤਿਹਾਸਕ ਅਤੇ ਮਿਥਿਹਾਸਕ ਹਵਾਲਿਆਂ ਦੀ ਜਾਣਕਾਰੀ ਮੂਲ ਸੋਮਿਆਂ ’ਤੇ ਆਧਾਰਿਤ ਦਿੱਤੀ ਹੈ। ਡਾ. ਜੱਗੀ ਵਲੋਂ ਆਪਣੀ ਪਤਨੀ ਦੀ ਸਹਾਇਤਾ ਨਾਲ ਟੀਕਾਕਾਰੀ ਦੇ ਖੇਤਰ ਵਿਚ ਕਾਫ਼ੀ ਕੰਮ ਕੀਤਾ ਗਿਆ ਹੈ ਉਨ੍ਹਾਂ ਨੇ ਆਪਣੇ ਟੀਕਿਆਂ ਵਿਚ ਵਿਗਿਆਨਕ ਵਿਧੀ ਰਾਹੀਂ ਹਰ ਪੱਖ ਤੋਂ ਚਾਨਣਾ ਪਾਇਆ ਗਿਆ ਹੈ। ਡਾ. ਜੱਗੀ ਦੁਆਰਾ ਅੱਠ ਜਿਲਦਾਂ ਵਿਚ ਤਿਆਰ ਇਹ ਟੀਕਾ, ਟੀਕਾਕਾਰੀ ਦੇ ਖੇਤਰ ਵਿਚ ਇਹ ਨਵੀਨਤਮ ਕਾਰਜ ਹੈ।

ਇਸ ਟੀਕੇ ਦੀ ਵਿਸ਼ੇਸ਼ਤਾ ਇਹ ਵੀ ਹੈ ਕਿ ਡਾ. ਜੱਗੀ ਨੇ ਪੂਰਵ-ਰਚਿਤ ਸਾਰੇ ਟੀਕਿਆਂ ਦਾ ਨਿਠ ਕੇ ਅਧਿਐਨ ਕੀਤਾ ਹੈ। ਇਸ ਤਰ੍ਹਾਂ ਇਹ ਟੀਕਾ ਲਕੀਰ ਤੋਂ ਹਟ ਕੇ ਬਿਨਾਂ ਕਿਸੇ ਪ੍ਰਕਾਰ ਦੀ ਪੂਰਵ-ਨਿਰਧਾਰਤ ਧਾਰਨਾ ਦੇ ਤਿਆਰ ਕੀਤਾ ਗਿਆ ਹੈ। ਕੋਸ਼ਿਸ਼ ਕੀਤੀ ਗਈ ਹੈ ਕਿ ਬਾਣੀ ਦੇ ਭਾਵਾਂ ਦਾ ਠੀਕ ਬੋਧ ਕਰਾਇਆ ਜਾ ਸਕੇ। *ਭਾਵ ਪਰਬੋਧਨੀ ਟੀਕਾ: ਸ੍ਰੀ ਗੁਰੂ ਗ੍ਰੰਥ ਸਾਹਿਬ* ਦੇ ਸ਼ੁਰੂ ਵਿਚ ਗੁਰੂ ਗ੍ਰੰਥ ਸਾਹਿਬ ਹੀ ਦੀ ਸੰਪਾਦਨਾ ਦਾ ਇਤਿਹਾਸ ਅਤੇ ਬਾਣੀਕਾਰਾਂ ਬਾਰੇ ਵੇਰਵਾ ਦਿੱਤਾ ਗਿਆ ਹੈ। ਇਹ ਟੀਕਾ ਕੇਵਲ ਅਰਥਾਂ ਤੇ ਭਾਵਾਂ ਨੂੰ ਹੀ ਸਪਸ਼ਟ ਨਹੀਂ ਕਰਦਾ ਬਲਕਿ ਇਸ ਵਿਚ ਇਤਿਹਾਸਕ, ਮਿਥਿਹਾਸਕ ਤੱਥਾਂ ਦੀ ਜਾਣਕਾਰੀ,

ਦਾਰਸ਼ਨਿਕ ਸਿਧਾਂਤਾਂ ਦਾ ਪ੍ਰਤਿਪਾਦਨ, ਸ਼ਬਦਾਂ ਤੇ ਅਰਥਾਂ ਦੀ ਵਿਗਿਆਨਕ ਖੋਜ ਆਦਿ ਵੀ ਦਿਖਾਈ ਦਿੰਦੀ ਹੈ। ਕੁਝ ਥਾਵਾਂ ਤੇ ਸੰਜਮ ਵਰਤਿਆ ਹੈ ਪਰ ਕਈ ਥਾਵਾਂ ਤੇ ਕਾਫ਼ੀ ਲੰਮੀ ਚੌੜੀ ਵਿਆਖਿਆ ਕੀਤੀ ਹੈ। ਵਿਆਖਿਆ ਵਿਚ ਗੁਰਮਤਿ ਦੇ ਮੂਲ ਸਿਧਾਂਤਾਂ ਤੇ ਕੇਂਦਰਿਤ ਰਹਿ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮੌਲਿਕ ਤਰਤੀਬ ਨੂੰ ਕਾਇਮ ਰਖਿਆ ਗਿਆ ਹੈ। ਅਜੋਕੀ ਪੀੜ੍ਹੀ ਨੂੰ ਧਾਰਮਿਕ ਸ਼ਰਧਾ ਨਾਲ ਨਹੀਂ ਬਲਕਿ ਅਕੱਟ ਦਲੀਲ ਨਾਲ ਸਮਝਾਇਆ ਜਾ ਸਕਦਾ ਹੈ, ਇਸ ਲਈ ਉਨ੍ਹਾਂ ਨੇ ਟੀਕਾ ਕਰਦਿਆਂ ਪ੍ਰਚਲਿਤ ਸਾਖੀਆਂ ਤੋਂ ਕਿਨਾਰਾ ਕੀਤਾ ਹੈ। ਡਾ. ਜੱਗੀ ਦੀ ਟੀਕਾਕਾਰੀ ਬਾਰੇ ਕਿਹਾ ਜਾ ਸਕਦਾ ਹੈ ਕਿ ਕਠਿਨ ਪਦਾਂ ਦੇ ਅਰਥ ਬੜੇ ਠੋਸ ਦਿੱਤੇ ਹਨ। ਜਿਥੇ ਪ੍ਰੋ. ਸਾਹਿਬ ਸਿੰਘ ਦੇ ਟੀਕੇ ਵਿਚ ਅਰਥ ਕਰਨ ਸਮੇਂ 'ਰਹਾਉ' ਵਾਲੀ ਪੰਕਤੀ ਨੂੰ ਮੁੱਖ ਰਖਿਆ ਗਿਆ ਹੈ, ਉਥੇ ਡਾ. ਜੱਗੀ ਨੇ ਹਰੇਕ ਸ਼ਬਦ ਦੇ ਅਰਥ ਕਰਦਿਆਂ ਪੰਕਤੀਵਾਰ ਅਰਥ ਕੀਤੇ ਹਨ। ਜਿਸ ਨਾਲ ਪੰਕਤੀ ਸਾਹਮਣੇ ਹੋਣ ਕਰਕੇ ਅਰਥ ਸਮਝਣ ਵਿਚ ਦਿੱਕਤ ਨਹੀਂ ਆਉਂਦੀ। ਉਨ੍ਹਾਂ ਦੀ ਟੀਕਾਕਾਰੀ ਵਿਚ ਪੁਰਾਤਨ ਸੰਪ੍ਰਦਾਈ, ਪੰਡਤਾਈ ਅਤੇ ਬ੍ਰਹਮਣਵਾਦੀ ਸੋਚ ਅਨੁਸਾਰ ਅਰਥ ਕਰਦਿਆਂ ਪੁਰਾਤਨ ਟੀਕਿਆ ਵਿਚ ਮੌਜੂਦ ਲੰਮੀਆਂ ਉਥਾਨਿਕਾਵਾਂ ਦੀ ਸ਼ੈਲੀ ਤੋਂ ਵੀ ਗੁਰੇਜ ਕੀਤਾ ਗਿਆ ਹੈ। ਡਾ. ਜੱਗੀ ਦੀ ਸਮੁੱਚੀ ਟੀਕਾਕਾਰੀ ਵਿਚ ਟੀਕੇ ਦਾ ਆਕਾਰ ਵਧਾਉਣ ਵਾਲੀ ਕੋਈ ਵੀ ਗੱਲ ਨਹੀਂ ਹੈ। ਅਰਥ ਕਰਨ ਵੇਲੇ ਪੁਰਖ ਅਤੇ ਕਾਲ ਦਾ ਵੀ ਪੂਰਾ ਪੂਰਾ ਖਿਆਲ ਰੱਖਿਆ ਗਿਆ ਹੈ। ਅਜਿਹਾ ਨਹੀਂ ਕਿ ਭੂਤਕਾਲ ਦੇ ਅਰਥ ਵਰਤਮਾਨ ਵਿਚ ਕੀਤੇ ਹੋਣ। ਉਨ੍ਹਾਂ ਸੰਪਰਦਾਈ ਜਾਂ ਪ੍ਰਚਲਤ ਅਰਥਾਂ ਦੀ ਥਾਂ, ਵਿਸ਼ੇ ਦੀ ਨਵੀਨ ਢੰਗ ਨਾਲ ਵਿਆਖਿਆ ਕਰਦਿਆਂ ਸ਼ਬਦ-ਅਰਥਾਂ ਦੀ ਤਹਿ ਤੱਕ ਜਾ ਕੇ ਅਤੇ ਸਿਧਾਂਤ ਨੂੰ ਚੰਗੀ ਤਰ੍ਹਾਂ

ਸਮਝ ਕੇ ਗੁਰਮਤਿ ਦੀ ਲੋਅ ਵਿਚ ਸਿਧਾਂਤਮਈ ਵਿਆਖਿਆ ਕੀਤੀ ਹੈ। ਗੁਰਬਾਣੀ ਦਾ ਟੀਕਾ ਤਿਆਰ ਕਰਨ ਲਈ ਉਨ੍ਹਾਂ ਨੂੰ ਬਹੁਤ ਮਿਹਨਤ ਕਰਨੀ ਪਈ ਹੈ। ਮੋਟੀਆਂ-ਮੋਟੀਆਂ ਜਿਲਦਾਂ ਵਿਚ ਇਹ ਟੀਕਾ ਪੰਜਾਬੀ ਯੂਨੀਵਰਸਿਟੀ ਨੇ ਪ੍ਰਕਾਸ਼ਿਤ ਕੀਤਾ। ਉਨ੍ਹਾਂ ਦੀ ਵਿਆਖਿਆ ਵਿਚ ਸ਼ਰਧਾ ਅਤੇ ਤਰਕ ਦੋਵੇਂ ਮੌਜੂਦ ਹਨ। ਉਨ੍ਹਾਂ ਨੇ ਗੁਰਮਤਿ ਦੇ ਭਾਵਾਂ ਨੂੰ ਪੂਰੀ ਪ੍ਰਮਾਣਿਕਤਾ ਨਾਲ ਸਪਸ਼ਟ ਕਰਨ ਦਾ ਯਤਨ ਕੀਤਾ ਹੈ। ਜੋ ਟੀਕਾਕਾਰ ਸੁਆਰਥ-ਸਿਧੀ, ਕੱਟੜਤਾ, ਨਾਸਤਿਕਤਾ, ਹਠ-ਧਰਮੀ ਸੰਕੀਰਣਤਾ ਆਦਿ ਦੇ ਦੋਖਾਂ ਤੋਂ ਰਹਿਤ ਹੋ ਕੇ ਟੀਕਾਕਾਰੀ ਕਰਦਿਆਂ ਗੁਰਬਾਣੀ ਦਾ ਮੂਲ ਆਸ਼ਾ ਪ੍ਰਗਟ ਕਰਦਾ ਹੈ। ਇਉਂ ਡਾ. ਜੱਗੀ ਇਕ ਪ੍ਰਮਾਣਿਕ ਟੀਕਾਕਾਰ ਸਿੱਧ ਹੁੰਦੇ ਹਨ। ਉਨ੍ਹਾਂ ਦੀ ਟੀਕਾਕਾਰੀ ਵਿਚ ਨਾ ਹੀ ਵਿਆਕਰਣ ਅਰਥਾਂ ਵੱਲ ਉਚੇਚਾ ਉਲਾਰ ਨਹੀਂ ਹੈ, ਨਾ ਹੀ ਪੌਰਾਣਿਕ ਅਤੇ ਵੇਦਾਂਤਿਕ ਸੰਦਰਭ ਵਿਚ ਅਰਥ ਕੀਤੇ ਹਨ। ਇਹ ਇਕ ਸੰਤੁਲਿਤ ਟੀਕਾ ਹੈ, ਜੋ ਵੱਖ-ਵੱਖ ਦ੍ਰਿਸ਼ਟੀਆਂ ਦਾ ਸਮਨਵੈ ਕਰਕੇ ਵਿਚਾਰ ਪੂਰਵਕ ਗੰਭੀਰਤਾ ਨਾਲ ਤਿਆਰ ਕੀਤਾ ਗਿਆ ਹੈ। ਉਪਰੋਕਤ ਵਿਚਾਰ ਨੂੰ ਮੁੱਖ ਰੱਖ ਕੇ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਨੇ ਗੁਰਬਾਣੀ ਟੀਕਾਕਾਰੀ ਨੂੰ ਸਰਲ, ਸੁਖੈਨ ਅਤੇ ਵਿਗਿਆਨਕ ਬਣਾਉਣ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਡਾ. ਗੁਰਮੁਖ ਸਿੰਘ ਅਨੁਸਾਰ 'ਡਾ. ਰਤਨ ਸਿੰਘ ਜੱਗੀ ਨੇ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕਰਕੇ ਸਰਲ ਵਿਆਖਿਆ ਨੂੰ ਸਿਖਰਾਂ ਤੇ ਪਹੁੰਚਾਇਆ ਹੈ। ਕਿਸੇ ਪ੍ਰਕਾਰ ਦਾ ਕੋਈ ਬੇਲੋੜਾ ਵਿਸਤਾਰ ਨਹੀਂ ਹੈ।ਇਹ ਬੜਾ ਸਪਸ਼ਟ ਅਰਥਾਂ ਦੀ ਦੱਸ ਪਾਉਂਦਾ ਹੈ।'[17] ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਈ ਸ਼ਬਦ 'ਉਲਟਬਾਂਸੀ' ਹਨ ਜਿਨ੍ਹਾਂ ਦੇ ਪੁਰਾਤਨ

[17] *ਨਾਨਕ ਪ੍ਰਕਾਸ਼ ਪਤ੍ਰਿਕਾ,* ਪੰ. 191.

ਟੀਕਿਆਂ ਵਿਚ ਜਿਨ੍ਹਾਂ ਦੇ ਵੱਖਰੇ-ਵੱਖਰੇ ਅਰਥ ਪ੍ਰਾਪਤ ਹੁੰਦੇ ਹਨ। ਜਿਵੇਂ ਕਿ ਸ਼ਬਦ ਹੈ:

*ਪਹਿਲਾ ਪੂਤੁ ਪਿਛੈਰੀ ਮਾਈ॥ਗੁਰੁ ਲਾਗੋ ਚੇਲੇ ਕੀ ਪਾਈ॥੧॥*

*ਏਕ ਅਚੰਭਉ ਸੁਨਹੁ ਤੁਮ੍ਹ ਭਾਈ॥ਦੇਖਤ ਸਿੰਘੁ ਚਰਾਵਤ ਗਾਈ॥੧॥ਰਹਾਉ॥*

*ਜਲ ਕੀ ਮਛੁਲੀ ਤਰਵਰਿ ਬਿਆਈ॥ਦੇਖਤ ਕੁਤਰਾ ਲੈ ਗਈ ਬਿਲਾਈ॥੨॥*

*ਤਲੈ ਰੇ ਬੈਸਾ ਊਪਰਿ ਸੂਲਾ॥ਤਿਸ ਕੈ ਪੇਡਿ ਲਗੇ ਫਲ ਫੂਲਾ॥੩॥*

*ਘੋਰੈ ਚਰਿ ਭੇਸ ਚਰਾਵਨ ਜਾਈ ॥ਬਾਹਰਿ ਬੈਲੁ ਗੋਨਿ ਘਰਿ ਆਈ॥ ੪॥*

*ਕਹਤ ਕਬੀਰ ਜੁ ਇਸ ਪਦ ਬੂਝੈ॥ਰਾਮ ਰਮਤ ਤਿਸੁ ਸਭੁ ਕਿਛੁ ਸੂਝੈ॥੫॥੮॥੨੨॥* [18]

ਡਾ. ਜੱਗੀ ਇਸ ਸ਼ਬਦ ਦੇ ਅਰਥ ਸਪਸ਼ਟ ਕਰਦਿਆਂ ਕਹਿੰਦੇ ਹਨ ਕਿ '(ਪ੍ਰਭੂ ਦੀ ਅੰਸ਼ ਹੋਣ ਕਾਰਣ) ਪਹਿਲਾਂ ਪੁੱਤਰ ਅਤੇ ਬਾਦ ਵਿਚ (ਮਾਇਆ ਰੂਪ) ਮਾਤਾ (ਪੈਦਾ ਹੋਈ)। ਗੁਰੂ (ਰੂਪ ਜੀਵਾਤਮਾ) ਚੇਲੇ (ਰੂਪ ਮਨ) ਦੇ ਪੈਰੀਂ ਪਿਆ।੧। ਹੇ ਭਾਈ! ਤੁਸੀਂ ਇਕ ਅਸਚਰਜ (ਦੀ ਗੱਲ) ਸੁਣੋ। (ਸਾਡੇ) ਵੇਖਦਿਆਂ ਸ਼ੇਰ (ਰੂਪ ਜੀਵ) ਗਊਆਂ (ਰੂਪ ਇੰਦ੍ਰੀਆਂ) ਨੂੰ ਚਰਾ ਰਿਹਾ ਹੈ।੧।ਰਹਾਉ। ਜਲ ਦੀ ਮਛਲੀ (ਅਰਥਾਤ ਨਿਰਮਲ ਬੁੱਧੀ) ਬ੍ਰਿਛ ਉਪਰ ਸੂਈ ਹੈ (ਭਾਵ ਕਾਮਨਾਵਾਂ ਰੂਪ ਬੱਚੇ ਜੰਮੇ ਹਨ)।(ਸਾਡੇ) ਵੇਖਦਿਆਂ (ਕਪਟ ਰੂਪ) ਬਿੱਲੀ (ਸੇਵਾ ਰੂਪ) ਕਤੂਰੇ ਨੂੰ (ਖਾਣ ਲਈ) ਲੈ ਗਈ ਹੈ।੨।(ਸੰਸਾਰ ਰੂਪ ਬ੍ਰਿਛ ਦੀਆਂ) ਹੇਠਾਂ ਵਲ (ਅਗਿਆਨ ਰੂਪ) ਸ਼ਾਖਾਵਾਂ (ਬੈਸਾ) ਹਨ ਅਤੇ ਉਪਰ ਵਲ (ਬ੍ਰਹਮ ਰੂਪ ਮੂਲ ਅਥਵਾ) ਜੜ੍ਹਾਂ (ਸੂਲਾ) ਹਨ। ਉਸ (ਬ੍ਰਿਛ ਦੇ) ਤਣੇ ਨੂੰ

---

[18] *ਸ਼ਬਦਾਰਥ,* ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ.481.

(ਮਾਇਆਵੀ) ਫੁਲ ਫਲ ਲਗੇ ਹਨ।੩। ਭੈਂਸ ਘੋੜੇ ਉਤੇ ਚੜ੍ਹ ਕੇ (ਉਸ ਨੂੰ) ਚਰਾਵਣ ਲਈ ਜਾ ਰਹੀ ਹੈ। (ਭਾਵ-ਮਨ ਉਤੇ ਵਾਸ਼ਨਾਵਾਂ ਨੇ ਗ਼ਲਬਾ ਪਾ ਲਿਆ ਹੈ)। (ਮਨ ਰੂਪ) ਬਲਦ ਅਜੇ ਬਾਹਰ ਹੀ ਹੁੰਦਾ ਹੈ, ਪਰ (ਤ੍ਰਿਸ਼ਨਾ ਰੂਪ) ਛਟ (ਗੋਨਿ) ਘਰ (ਅਰਥਾਤ ਅੰਤਹਕਰਣ) ਵਿਚ ਵੀ ਪਹੁੰਚ ਜਾਂਦੀ ਹੈ।੪। ਕਬੀਰ ਦਾ ਕਥਨ ਹ ਕਿ ਜੋ ਇਸ ਅਵਸਥਾ ਨੂੰ ਸਮਝ ਲੈਂਦਾ ਹੈ, ਰਾਮ (ਨਾਮ) ਨੂੰ ਸਿਮਰਦਿਆਂ ਉਸ ਨੂੰ ਸਭ ਕੁਝ ਸੁਝ ਜਾਂਦਾ ਹੈ।੫।੯।੨੨।ਬਾਈਸ ਚਉਪਦੇ ਤਥਾ ਪੰਚਪਦੇ।'[19]

ਡਾ. ਜੱਗੀ ਪਹਿਲੇ ਟੀਕਾਕਾਰਾਂ ਤੋਂ ਹਟ ਕੇ ਅਰਥ ਕਰਦੇ ਹਨ ਜਿਵੇਂ ਕਿ:

*ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿ ਅਸਾਹ॥*

*ਨਾਨਕ ਜਿਉ ਜਿਉ ਸਚੇ ਭਾਵੈ ਤਿਉ ਤਿਉ ਦੇਇ ਗਿਰਾਹ॥* [20]

'ਜਿਤਨੇ ਜੀਵ ਹੈਂ ਸੋ ਸਵਾਸੋਂ ਕੋ ਲੈ ਕਰ ਜੀਵਤੇ ਹੈਂ ਜੇਕਰ (ਅਸਾਹ) ਸਵਾਸੋਂ ਸੇ ਬਿਨਾਂ ਜੀਵਾਲੇ ਤੌਂ ਕਿਆ ਅਸਚਰਜ ਹੈ॥' [21]

'ਕਿਆ ਸਾਹ-ਕਿਆ ਸਾਹ? ਸਾਹ ਦੀ ਕੀ ਲੋੜ ਪੈਂਦੀ ਹੈ? ਲਫ਼ਜ਼ 'ਕਿਆ' ਦੇ ਥਾਂ 'ਕਿਆ ਵਰਤਿਆ ਗਿਆ ਹੈ।ਇਸ 'ਵਾਰ' ਵਿਚ ਲਫ਼ਜ਼ 'ਕਿਆ' ਬਹੁਤ ਵਾਰੀ ਆਇਆ ਹੈ; ਜਿਵੇਂ "ਕਿਆ ਮੈਦਾ......", "ਮਛੀ ਤਾਰੂ ਕਿਆ ਕਰੇ",ਇਸ ਲਫ਼ਜ਼ 'ਕਿਅ' ਤੇ 'ਕਿਆ' ਦਾ ਭਾਵ ਮਿਲਦਾ ਹੈ।ਪਰ ਲਫ਼ਜ਼ 'ਕਿ' ਨੂੰ ਤੇ 'ਅਸਾਹ' ਨੂੰ

---

19 *ਅਰਥ ਬੋਧ: ਸ੍ਰੀ ਗੁਰੂ ਗ੍ਰੰਥ ਸਾਹਿਬ,* (ਭਾਗ ਦੂਜਾ), ਪੰ.615.

20 *ਸ਼ਬਦਾਰਥ,* ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ.144.

21 *ਫ਼ਰੀਦਕੋਟੀ ਟੀਕਾ, ਸ੍ਰੀ ਗੁਰੂ ਗ੍ਰੰਥ ਸਾਹਿਬ ,(ਭਾਗ ਪਹਿਲਾ),* ਪੰ.348.

ਵੱਖ ਕਰਕੇ 'ਕਿ' ਦਾ ਅਰਥ "ਕੀ ਅਚਰਜ" "ਕੀ ਵੱਡੀ ਗੱਲ" ਕਰਨਾ ਅਸ਼ੁੱਧ ਹੈ। 'ਗੁਰਬਾਣੀ' ਵਿੱਚੋਂ ਹੋਰਥੈ ਕਿਤੇ ਭੀ ਐਸਾ ਪ੍ਰਮਾਣ ਮਿਲਣਾ ਚਾਹੀਦਾ ਹੈ। ਸੋ, ਪਦ-ਛੇਦ 'ਕਿ ਸਾਹ' ਚਾਹੀਦਾ ਹੈ।

ਜਿਤਨੇ ਭੀ ਜੀਵ (ਜਗਤ ਵਿਚ) ਜੀਊਂਦੇ ਹਨ, ਸਾਹ ਲੈ ਕੇ ਜੀਊਂਦੇ ਹਨ, (ਭਾਵ, ਤਦ ਤਕ ਜਿਊਂਦੇ ਹਨ ਜਦ ਤਕ ਸਾਹ ਲੈਂਦੇ ਹਨ, (ਪਰ ਜੇ ਪ੍ਰਭੂ) ਜੀਊਂਦੇ ਰੱਖਣੇ ਚਾਹੇ, ਤਾਂ 'ਸਾਹ' ਦੀ ਭੀ ਕੀਹ ਮੁਥਾਜੀ ਹੈ?'[22]

'(ਜਗਤ ਦੇ) ਜਿਤਨੇ ਜੀਵ ਹਨ,(ਉਹ) ਸਾਹ ਲੈ ਕੇ ਜੀਉਂਦੇ ਹਨ।(ਪਰ ਜੇ ਪ੍ਰਭੂ) ਜੀਉਂਦਾ ਰੱਖਣਾ ਚਾਹੇ, ਤਾਂ ਸਾਹ ਦਾ ਕੀ ਹੈ।'[23]

ਡਾ. ਜੱਗੀ 'ਸਿੰਘ ਸਭਾ ਲਹਿਰ' ਦੇ ਵਿਆਖਿਆਕਾਰ ਹਨ। ਇਸ ਲਈ ਇਨ੍ਹਾਂ ਦੀ ਮਾਨਸਿਕਤਾ ਵਿਚ ਵੇਦਾਂਤ ਦੇ ਪ੍ਰਭਾਵ ਵਾਲੇ ਸੁਰਗ-ਨਰਕ ਦੀਆਂ ਕਰੜੀਆਂ ਸਜਾਵਾਂ ਜਾਂ ਸੁਖ ਆਦਿ ਭਾਰੂ ਨਹੀਂ। ਬਲਕਿ ਸਮਾਜ ਵਿਚ ਮਨੁੱਖ ਦੇ ਰਹਿਣ ਕਰਕੇ ਸੁਖ-ਦੁਖ ਜਾਂ ਇਜ਼ਤ ਵਰਗੇ ਸੰਕਲਪ ਪਏ ਹਨ। ਇਸ ਲਈ ਇਨ੍ਹਾਂ ਦੁਆਰਾ ਕੀਤੀ ਵਿਆਖਿਆ ਵਿਚ ਮਨੁੱਖੀ ਜੀਵਨ ਦੇ ਸੁਚੱਜੇ-ਪਣ ਉਪਰ ਜੋਰ ਦਿੱਤਾ ਗਿਆ ਹੈ। ਜਿਵੇਂ ਹੇਠਲੀਆਂ ਪੰਕਤੀਆਂ ਵਿਚ *ਫ਼ਰੀਦਕੋਟੀ ਟੀਕੇ* ਅਤੇ *ਸੰਪਰਦਾਈ ਟੀਕੇ* ਦੇ ਅਰਥ ਵੇਦਾਂਤੀ ਰੰਗਤ ਵਾਲੇ ਅਤੇ ਪ੍ਰੋ. ਸਾਹਿਬ ਸਿੰਘ ਦੇ ਅਰਥ ਵਿਆਕਰਣਿਕ ਤੇ ਸਮਾਜਿਕ

---

[22] *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ,* (ਭਾਗ ਪਹਿਲਾ), ਪੰ.851.

[23] *ਅਰਥ ਬੋਧ: ਸ੍ਰੀ ਗੁਰੂ ਗ੍ਰੰਥ ਸਾਹਿਬ,* (ਭਾਗ ਪਹਿਲਾ), ਪੰ.202.

ਅਤੇ ਡਾ. ਜੱਗੀ ਦੁਆਰਾ ਕੀਤੇ ਅਰਥ ਨਿਰੋਲ ਸਮਾਜਿਕ ਜਾਪਦੇ ਹਨ:

*ਪਰ ਤ੍ਰਿਅ ਰਾਵਣਿ ਜਾਹਿ ਸੇਈ ਤਾ ਲਾਜੀਅਹਿ॥*

*ਨਿਤਪ੍ਰਤਿ ਹਿਰਹਿ ਪਰ ਦਰਬੁ ਛਿਦ੍ਰ ਕਤ ਢਾਕੀਅਹਿ॥* [24]

'ਜਿਹੜੇ ਪੁਰਸ਼ ਵਾਹਿਗੁਰੂ ਦਾ ਚਿੰਤਨ ਕਰਨਾ ਭੁਲਾ ਕੇ ਪਰ ਤ੍ਰਿਅ=ਪਰਾਈਆਂ ਔਰਤਾਂ ਨਾਲ ਜਾ ਕੇ ਵਿਸ਼ੇ ਭੋਗ ਰਾਵਣਿ=ਭੋਗਣਾ ਕਰਦੇ ਹਨ।

ਅਥਵਾ-ਜੋ ਇਸਤ੍ਰੀਆਂ ਪਰ ਪੁਰਸ਼ਾਂ ਨਾਲ ਵਿਸ਼ੇ ਕਰਨ ਜਾਂਦੀਆਂ ਹਨ ਸੇਈ=ਉਹ ਤਾਂ ਪ੍ਰਲੋਕ ਵਿਚ ਬਹੁਤ ਹੀ ਲਾਜੀਅਹਿ=ਲਜਿਆਵਾਨ ਹੁੰਦੀਆਂ ਹਨ।

ਅਥਵਾ-ਪਰਾਈ ਇਸਤਰੀ ਜੋ ਮਾਇਆ ਹੈ ਕਿਉਂਕਿ ਮਾਇਆ ਬ੍ਰਹਮ ਦੀ ਹੈ। ਇਸ ਜੀਵ ਦੀ ਨਹੀਂ, ਪਰ ਇਹ ਜੀਵ ਬਦੋ ਬਦੀ ਆਪਣੀ ਮੰਨੀ ਬੈਠਾ ਹੈ। ਇਸ ਕਰ ਕੇ ਇਹ ਅਰਥ ਕਰਨਾ ਕਿ ਜੋ ਪੁਰਸ਼ ਮਾਇਆ ਰੂਪ ਪਰਾਈ ਇਸਤ੍ਰੀ ਨੂੰ ਭੋਗਣੇ ਜਾਂਦੇ ਹਨ ਭਾਵ ਮਾਇਆ ਵਿਚ ਆਪਣੀ ਹੰਗਤਾ ਕਰਦੇ ਹਨ ਉਹ ਪੁਰਸ਼ ਵੀ ਤਾਲਾਜੀਅਹਿ=ਤਲੇ ਭਾਵ ਨਰਕਾਂ ਵਿਚ ਜਾਂਦੇ ਹਨ।

ਅਥਵਾ-ਜੋ ਪੁਰਸ਼ਾਂ ਜਾ ਕੇ ਪਰ ਇਸਤ੍ਰੀਆਂ ਨਾਲ ਵਿਭਚਾਰ ਕਰਦੇ ਹਨ, ਉਹ ਮਨੁੱਖ ਨਰਕਾਂ ਦੇ ਕੜਾਹੇ ਵਿਚ ਪਾ ਕੇ ਤੱਤੇ ਤੇਲ ਵਿਚ ਤਾਲਾਜੀਅਹਿ=ਤਲੇ ਜਾਂਦੇ ਹਨ ਤੇ ਚੌਲਾਂ ਵਾਂਗੂੰ ਉਬਾਲੇ ਜਾਂਦੇ ਹਨ।'[25]

---

[24] ਸ਼ਬਦਾਰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰ.1362.

[25] *ਸੰਪ੍ਰਦਾਈ ਟੀਕਾ,* (ਸੈਂਚੀ ਦਸਵੀਂ), ਪੰ.157.

'(ਜੋ ਵਿਅਕਤੀ) ਪਰਾਈ ਇਸਤਰੀ ਨਾਲ ਸੰਗ ਕਰਨ ਜਾਂਦਾ ਹੈ, ਉਹੀ ਤਾਂ ਸ਼ਰਮਿੰਦਾ ਹੁੰਦਾ ਹੈ।'[26]

'ਹੇ ਭਾਈ ! ਜਿਹੜੇ ਮਨੁੱਖ ਪਰਾਈ ਇਸਤ੍ਰੀ ਭੋਗਣ ਜਾਂਦੇ ਹਨ, ਉਹ (ਪ੍ਰਭੂ ਦੀ ਹਜ਼ੂਰੀ ਵਿਚ) ਜ਼ਰੂਰ ਹੀ ਸ਼ਰਮਸਾਰ ਹੁੰਦੇ ਹਨ।'[27]

'ਤਾ ਲਾਜੀਆਹਿ' ਤੇ 'ਤਾਲਾਜੀਅਹਿ' ਪਦ-ਛੇਦ ਕਰਕੇ ਅਰਥ ਕੀਤੇ ਜਾਂਦੇ ਹਨ। ਪ੍ਰੋ.ਸਾਹਿਬ ਸਿੰਘ ਅਤੇ ਡਾ. ਜੱਗੀ ਨੇ 'ਲਾਜੀਅਹਿ' ਭਾਵ ਵਰਤਮਾਨ ਕਾਲ ਬਹੁ ਬਚਨ ਕਿਰਿਆ ਦੇ ਰੂਪ ਵਿਚ ਲੱਜਿਆਵਾਨ (ਸ਼ਰਮਿੰਦੇ) ਹੁੰਦੇ ਹਨ। ਫ਼ਰੀਦਕੋਟੀ ਟੀਕੇ ਵਿਚ ਤਲਣ ਦੇ ਰੂਪ ਵਿਚ ਅਰਥ ਕੀਤੇ ਗਏ ਹਨ।

ਡਾ. ਜੱਗੀ ਹੋਰਨਾਂ ਟੀਕਿਆਂ ਮੁਕਾਬਲੇ ਸਿਧਾਂਤਿਕ ਅਰਥ ਕਰਦੇ ਹਨ ਜਦੋਂ ਕਿ ਫ਼ਰੀਦਕੋਟੀ ਅਤੇ ਅਮੀਰ ਭੰਡਾਰ ਇਤਿਹਾਸਕ ਵਿਆਖਿਆ ਦਿੰਦੇ ਹਨ। ਪ੍ਰੋ. ਸਾਹਿਬ ਸਿੰਘ ਮੂਰਤੀ ਪੂਜਾ ਆਦਿ ਦੇ ਵਿਰੋਧ ਵਿਚ ਗੁਰਮਤਿ ਦਾ ਆਸ਼ਾ ਸਪਸ਼ਟ ਕਰਦੇ ਹਨ। ਇਥੇ ਮੂਲ ਰੂਪ ਵਿਚ ਫ਼ਰੀਦਕੋਟੀ ਅਤੇ ਅਮੀਰ ਭੰਡਾਰ ਵਾਲਾ ਟੀਕਾ ਵੇਦਾਂਤੀ ਪ੍ਰਭਾਵ ਤੋਂ ਬਾਹਰ ਨਹੀਂ ਜਾਣਾ ਚਾਹੁੰਦੇ। ਪ੍ਰੋ. ਸਾਹਿਬ ਸਿੰਘ ਬਿਲਕੁਲ ਉਸ ਦੇ ਵਿਰੋਧ ਵਿਚ ਖੜਦੇ ਹਨ ਅਤੇ ਡਾ. ਜੱਗੀ ਆਪਣਾ ਨਵਾਂ ਰਾਹ ਅਪਣਾ ਲੈਂਦੇ ਹਨ। ਜਿਵੇਂ ਕਿ:

---

26 *ਅਰਥ ਬੋਧ: ਸ੍ਰੀ ਗੁਰੂ ਗ੍ਰੰਥ ਸਾਹਿਬ,* (ਭਾਗ ਪੰਜਵਾਂ), ਪੰ.1639.

27 *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ,* (ਪੋਥੀ ਦਸਵੀਂ), ਪੰ.78.

28 *ਸ਼ਬਦਾਰਥ*, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-355

*ਭੋਜਨੁ ਭਾਉ ਭਰਮੁ ਭਉ ਭਾਗੈ॥ ਪਾਹਰੂਅਰਾ ਛਬਿ ਚੋਰੁ ਨਾ ਲਾਗੈ॥* [28]

'(ਭਾਉ) ਗਯਾਨ ਕਾ ਭੋਜਨ ਕਰੁ ਜਿਸ ਕਰ ਭ੍ਰਮ ਔਰ ਭਯ ਭਾਗ ਜਾਇ ਅਰਥਾਤ ਦੂਰ ਜੋ ਜਾਇ ਗੁਰ ਸਬਦ ਕੋ (ਪਾਹਰੂਅ) ਪਹਰੇ ਵਾਲੇ (ਰਾਛਬਿ) ਰਖਯਕ ਕਰ ਵਾ (ਪਾਹਰੂਅਰਾ) ਪਹਰੇ ਵਾਲਾ ਜੋ ਗੁਰ ਸਬਦ ਹੋਵੈ ਤਉ (ਛਬਿ) ਰਾਤ ਮੈਂ ਭਾਵ ਅਵਸਥਾ ਮੈਂ ਕਾਮਾਦਿਕ ਚੋਰੋਂ ਕਾ ਸਮਦਾਉ ਨ ਲਗੈ।'[29]

'ਭਾਉ=ਗਿਆਨ ਰੂਪੀ ਭੋਜਨ ਨੂੰ ਛਕੇ ਤਾਂ ਭਰਮ ਤੇ ਜਮਾਂ ਦਾ ਡਰ ਜਾਂਦਾ ਹੈ।ਗੁਰੂ ਸਾਹਿਬ ਜੀ ਰੂਪੀ ਪਹਰੇਦਾਰ ਜਿਸ ਦੀ ਰਾਛਬਿ=ਰਖਿਆ ਕਰਨ ਵਾਲੇ ਹੋਏ ਹਨ, ਤਿਸਨੂੰ ਫਿਰ ਕਾਮ ਆਦਿਕਾਂ ਰੂਪੀ ਚੋਰ ਨਹੀਂ ਲਗਦੇ।

ਅਥਵਾ:-ਜਿਸ ਦੇ ਪਾਹਰੂਅਰਾ =ਪਹਿਰੇਦਾਰ ਗੁਰੁ ਸਾਹਿਬ ਜੀ ਹਨ, ਤਿਸ ਦੀ ਛਬਿ=ਸ਼ੋਭਾ ਨੂੰ ਚੋਰ ਨਹੀਂ ਲਗਦੇ। ਜਿਵੇਂ:- ਭਾਈ ਜੋਗਾ ਸਿੰਘ ਜੀ ਦੇ ਪਹਿਰੇਦਾਰ ਗੁਰੂ ਗੋਬਿੰਦ ਸਿੰਘ ਜੀ ਹੋਏ ਤਾਂ ਉਸ ਦੀ ਸ਼ੋਭਾ ਨੂੰ ਚੋਰ ਨਾ ਲਗੇ, ਅਰਥਾਤ ਉਸ ਦੀ ਸ਼ੋਭਾ ਜਿਉਂ ਦੀ ਤਿਉਂ ਬਣੀ ਰਹੀ। ਪਾਠ ਸੰਪਰਦਾਈ 'ਰਾਛਬਿ' ਹੈ।'[30]

'(ਹਰਿ ਦੇ) ਪ੍ਰੇਮ ਨੂੰ ਭੋਜਨ ਬਣਾਉਣ ਦੇ ਨਾਲ (ਮਨ ਦਾ) ਡਰ ਅਤੇ ਭਰਮ ਦੂਰ ਹੁੰਦਾ ਹੈ।(ਪ੍ਰਮਾਤਮਾ ਰੂਪ) ਪਹਿਰੇਦਾਰ ਦੇ ਪ੍ਰਤਾਪ (ਛਬਿ) ਕਾਰਣ ਚੋਰ ਨੇੜੇ ਨਹੀਂ

---

[29] *ਫ਼ਰੀਦਕੋਟੀ ਟੀਕਾ,* ਸ੍ਰੀ ਗੁਰੂ ਗ੍ਰੰਥ ਸਾਹਿਬ, (ਪੋਥੀ ਪਹਿਲੀ), ਪੰ.774.

30 *ਸੰਪਰਦਾਈ ਟੀਕਾ,* (ਸੈਂਚੀ ਚੌਥੀ), ਪੰ.52.

31 *ਅਰਥ ਬੋਧ,* (ਭਾਗ ਦੂਜਾ), ਪੰ.464.

32 *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ,* ਪੋਥੀ ਤੀਜੀ, ਪੰ.45.

ਆਉਂਦਾ।’[31]

'(ਹੇ ਪਾਂਡੇ! ਪ੍ਰਭੂ-ਚਰਨਾਂ ਨਾਲ) ਪ੍ਰੀਤ (ਜੋੜ, ਇਹ) ਹੈ (ਮੂਰਤੀ ਨੂੰ) ਭੋਗ, (ਇਸ ਦੀ ਬਰਕਤਿ ਨਾਲ) ਮਨ ਦੀ ਭਟਕਣਾ ਦੂਰ ਹੋ ਜਾਂਦੀ ਹੈ, ਡਰ ਲਹਿ ਜਾਂਦਾ ਹੈ। ਪ੍ਰਭੂ-ਰਾਖੇ ਦਾ ਤੇਜ (ਆਪਣੇ ਅੰਦਰ ਪ੍ਰਕਾਸ਼ ਕਰ) ਕੋਈ ਕਾਮਾਦਿਕ ਚੋਰ ਨੇੜੇ ਨਹੀਂ ਢੁਕਦਾ। ਪਾਹਰੂਅਰਾ-ਰਾਖਾ। ਛਬਿ-ਜਬ੍ਹਾ, ਤੇਜ।’[32]

ਇਹ ਜ਼ਰੂਰੀ ਨਹੀਂ ਕਿ ਹਮੇਸ਼ਾਂ ਪੁਰਾਤਨ ਕਾਰਜਾਂ ਤੋਂ ਵਖਰਾ ਰਾਹ ਅਪਣਾਇਆ ਜਾਵੇ। ਇਸ ਲਈ ਆਪਣੇ ਟੀਕੇ ਵਿਚ ਢੁਕਵੇਂ ਅਰਥ ਹੀ ਕੀਤੇ ਜਾਣ ਵਲ ਟੀਕਾਕਾਰ ਰੁਚਿਤ ਹੈ। ਹੇਠਲੀਆਂ ਉਦਾਹਰਣਾਂ ਵਿਚ ਇਸ ਨੇ ਪਹਿਲਾਂ ਹੋਏ ਟੀਕਿਆਂ ਵਾਲੇ ਅਰਥ ਆਪਣੇ ਸ਼ਬਦਾਂ ਵਿਚ ਅਪਣਾ ਲਏ ਹਨ। ਜਿਵੇਂ ਕਿ:

*ਏਕ ਨਗਰੀ ਪੰਚ ਚੋਰ ਬਸੀਅਲੇ ਬਰਜਤ ਚੋਰੀ ਧਾਵੈ॥*

*ਤ੍ਰਿਹਦਸ ਮਾਲ ਰਖੈ ਜੋ ਨਾਨਕ ਮੋਖ ਮੁਕਤਿ ਸੋ ਪਾਵੈ॥* [33]

‘ਦੇਹ ਰੂਪ ਨਗਰੀ ਹੈ ਇਸ ਮੈਂ ਕਾਮਾਦਿ ਪਾਂਚ ਚੋਰ ਬਸਤੇ ਹੈਂ ਔਰ ਵਹ ਹਟਾਤੇ ਹਟਾਤੇ ਭੀ ਚੋਰੀ ਕੋ ਦੌੜਤੇ ਹੈਂ। ਸ੍ਰੀ ਗੁਰੂ ਜੀ ਕਹਤੇਂ ਹੈਂ ਜੋ ਪੁਰਸ਼ (ਤ੍ਰਿਹੁ) ਤਿਨ (ਦਸ) ਡਾਕੂਓਂ ਸੇ ਦੈਵੀ ਗੁਣੋਂ ਰੂਪ ਮਾਲ ਬਚਾਇ ਰਖਤਾ ਹੈ॥ ਭਾਵ ਇਹ ਹੈ ਕਿ ਬਿਖਯੋਂ ਸੇ ਬਚੇਗਾ

---

[33] *ਸ਼ਬਦਾਰਥ,* ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ.503.

ਸੋਈ (ਮੋਖ ਮੁਕਤਿ) ਕੈਵਲਯ ਮੁਕਤਿ ਕੋ ਪਾਵੇਗਾ।'[34]

'ਸਰੀਰ ਰੂਪ ਇਕ ਨਗਰੀ ਹੈ ਇਸ ਵਿਚ (ਕਾਮ ਆਦਿਕ ਰੂਪੀ) ਪੰਜ ਚੋਰ ਵਸਦੇ ਹਨ,ਜੋ ਬਰਜਤ=ਰੋਕਦਿਆਂ-ਰੋਕਦਿਆਂ ਚੋਰੀ ਕਰਨ ਨੂੰ ਧਾਵੈ=ਦੌੜਦੇ ਹਨ, ਅਰਥਾਤ ਸ਼ੁਭ ਗੁਣਾਂ ਰੂਪੀ ਮਾਲ ਨੂੰ ਚੋਰੀ ਕਰ ਕੇ ਲਈ ਜਾਂਦੇ ਹਨ।ਗੁਰੂ ਜੀ ਕਥਨ ਕਰਦੇ ਹਨ, ਕਾਮ ਆਦਿਕ ਰੂਪੀ ਤ੍ਰਿਹਦਸ=ਚੋਰਾਂ ਪਾਸੋਂ ਅਥਵਾ:-ਤ੍ਰਿਹੁ-ਦਸ=ਤਿੰਨ ਤੇ ਦਸ ਤੇਰ੍ਹਾਂ, ਦਸ ਇੰਦ੍ਰੇ ਤੇ ਤਿੰਨ ਗੁਣ ਇਨ੍ਹਾਂ ਤੇਰ੍ਹਾਂ ਪਾਸੋਂ ਜੋ ਪੁਰਸ਼ ਆਪਣੇ ਸ਼ੁਭ ਗੁਣਾਂ ਰੂਪੀ ਮਾਲ ਨੂੰ ਸੰਭਾਲ ਰੱਖਦਾ ਹੈ ਭਾਵ ਚੋਰੀ ਨਹੀਂ ਹੋਣ ਦੇਂਦਾ, ਉਹ ਪੁਰਸ਼ ਮੋਖ-ਮੁਕਤਿ=ਕੇਵਲ ਮੁਕਤੀ ਨੂੰ ਪਾਂਦਾ ਹੈ।'[35]

'(ਸਰੀਰ ਰੂਪ) ਇੱਕ ਨਗਰੀ ਵਿਚ (ਕਾਮ ਆਦਿ) ਪੰਜ ਚੋਰ ਵਸਦੇ ਹਨ। ਰੋਕਣ ਦੇ ਬਾਵਜੂਦ ਚੋਰੀ ਕਰਨ ਚਲੇ ਜਾਂਦੇ ਹਨ। ਨਾਨਕ (ਦਾ ਕਥਨ ਹੈ ਕਿ) ਜੋ ਤਿੰਨ ਗੁਣਾਂ ਅਤੇ ਦਸ ਇੰਦ੍ਰੀਆਂ (ਤ੍ਰਿਹਦਸ) ਤੋਂ (ਆਪਣੇ ਗੁਣਾਂ ਦਾ) ਮਾਲ ਬਚਾ ਕੇ ਰਖਦਾ ਹੈ, (ਉਹ) ਪਰਮ ਗਤਿ/ਮੁਕਤੀ ਨੂੰ ਪ੍ਰਾਪਤ ਹੈ।'[36]

'ਇਸ ਇੱਕੋ ਹੀ (ਸਰੀਰ) ਨਗਰ ਵਿਚ (ਕਾਮਾਦਿਕ) ਪੰਜ ਚੋਰ ਵੱਸੇ ਹੋਏ ਹਨ, ਵਰਜਦਿਆਂ ਭੀ (ਇਨ੍ਹਾਂ ਵਿੱਚੋਂ ਹਰੇਕ ਇਸ ਨਗਰ ਆਤਮਿਕ ਗੁਣਾਂ ਨੂੰ) ਚੁਰਾਣ ਲਈ ਉੱਠ ਦੌੜਦਾ ਹੈ। (ਪਰਮਾਤਮਾ ਨੂੰ ਆਪਣੇ ਹਿਰਦੇ ਵਿਚ ਵਸਾ ਕੇ) ਜੇਹੜਾ ਮਨੁੱਖ

---

[34] *ਫ਼ਰੀਦਕੋਟੀ ਟੀਕਾ,* ਸ੍ਰੀ ਗੁਰੂ ਗ੍ਰੰਥ ਸਾਹਿਬ, (ਭਾਗ ਦੂਜਾ), ਪੰ.1067.

[35] *ਸੰਪਰਦਾਈ ਟੀਕਾ,* ਸ੍ਰੀ ਗੁਰੂ ਗ੍ਰੰਥ ਸਾਹਿਬ, (ਸੈਂਚੀ ਪੰਜਵੀਂ), ਪੰ.65.

[36] *ਅਰਥ ਬੋਧ: ਸ੍ਰੀ ਗੁਰੂ ਗ੍ਰੰਥ ਸਾਹਿਬ,* (ਭਾਗ ਦੂਜਾ), ਪੰ.643.

(ਇਨ੍ਹਾਂ ਪੰਜਾਂ ਤੋਂ) ਮਾਇਆ ਦੇ ਤਿੰਨ ਗੁਣਾਂ ਤੋਂ ਅਤੇ ਦਸ ਇੰਦ੍ਰਿਆਂ ਤੋਂ (ਆਪਣਾ ਆਤਮਿਕ ਗੁਣਾਂ ਦਾ) ਸਰਮਾਇਆ ਬਚਾ ਰੱਖਦਾ ਹੈ, ਹੇ ਨਾਨਕ! ਉਹ (ਇਹਨਾਂ ਤੋਂ) ਸਦਾ ਲਈ ਖ਼ਲਾਸੀ ਪ੍ਰਾਪਤ ਕਰ ਲੈਂਦਾ ਹੈ।'[37]

'ਤ੍ਰਿਹੁ ਅਥਵਾ ਤ੍ਰਿਹੁ' ਸ਼ਬਦ ਗੁਰਬਾਣੀ ਵਿਚ ਅੰਤ ਔਂਕੜ ਨਾਲ ਸੰਖਿਆ ਵਾਚਕ ਦੇ ਰੂਪ ਵਿਚ ਆਇਆ ਹੈ। ਇਹ ਸ਼ਬਦ ਗਿਣਤੀ ਬੋਧਕ ਤਿੰਨ ਤੇ ਦਸ ਭਾਵ ਤੇਰਾਂ ਦੀ ਗਿਣਤੀ ਹੈ। ਸੰਪਰਦਾਈ ਅਰਥ ਵੀ ਇਹੋ ਕੀਤੇ ਗਏ ਹਨ।

ਗਿਆਨੀ ਬਿਸ਼ਨ ਸਿੰਘ ਲੱਖੂਵਾਲ ਵਾਲੇ ਅਤੇ ਪੰਡਿਤ ਨਰੈਣ ਸਿੰਘ ਮੁਜੰਗਾਂਵਾਲੇ ਨੇ *ਦਸਮ ਗ੍ਰੰਥ* ਦੇ ਟੀਕੇ ਲਿਖੇ। ਪਰ 'ਚਰਿਤ੍ਰੋਪਾਖਿਆਨ' ਦਾ ਟੀਕਾ ਕਰਨ ਤੋਂ ਦੋਹਾਂ ਵਿਦਵਾਨਾਂ ਨੇ ਸੰਕੋਚ ਕੀਤਾ। ਇਸ ਗ੍ਰੰਥ ਦੇ ਟੀਕੇ ਦੀ ਘਾਟ ਨੂੰ ਪੂਰਾ ਮਰਨ ਲਈ ਡਾ. ਜੱਗੀ ਨੇ ਬਾਬਾ ਵਿਰਸਾ ਸਿੰਘ ਦੀ ਪ੍ਰੇਰਨਾ ਸਦਕਾ *ਦਸਮ ਗ੍ਰੰਥ* ਦਾ ਟੀਕਾ, ਸੰਪਾਦਨ ਵੀ ਕੀਤਾ। ਇਸ ਵਿਆਖਿਆ ਰਾਹੀਂ *ਦਸਮ ਗ੍ਰੰਥ* ਦੀ ਬਾਣੀ ਸ਼ੁਰੂ ਤੋਂ ਅੰਤ ਤਕ ਸਪਸ਼ਟ ਅਤੇ ਸੁਖੈਨ ਰੂਪ ਵਿਚ ਸਮਝੀ ਜਾ ਸਕਦੀ ਹੈ। ਸ਼ੁਰੂਆਤ ਵਿਚ 65 ਪੰਨਿਆਂ ਦੀ ਭੂਮਿਕਾ ਵਿਚ *ਦਸਮ ਗ੍ਰੰਥ* ਦੀਆਂ ਪੁਰਾਤਨ ਬੀੜਾਂ ਦਾ ਜ਼ਿਕਰ ਕਰਕੇ *ਦਸਮ ਗ੍ਰੰਥ* ਵਿਚ ਦਰਜ ਸਾਰੀਆਂ ਬਾਣੀਆਂ ਦਾ ਸੰਖੇਪਤ ਪਰਿਚਯ ਦਿਤਾ ਗਿਆ ਹੈ। ਰਚਨਾਵਾਂ ਦੇ ਪਾਠ-ਸੰਪਾਦਨ ਤੋਂ ਬਾਅਦ ਇਨ੍ਹਾਂ ਦੀ ਵਿਆਖਿਆ ਸਾਹਮਣੇ ਪੰਨਿਆਂ ਉਤੇ ਕੀਤੀ ਹੈ। ਵਿਆਖਿਆ ਸਮੇਂ ਮੂਲ ਪਾਠ ਦੇ ਨੇੜੇ ਰਹਿ ਕੇ ਅਰਥ ਵਾਧੂ ਵਿਸਥਾਰ ਤੋਂ ਰਹਿਤ ਹੋ ਕਿ ਕੀਤੇ ਗਏ ਹਨ।

---

[37] *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ,* (ਭਾਗ ਚੌਥਾ), ਪੰ.66.

**ਜੀਵਨੀਕਾਰ**

ਡਾ. ਰਤਨ ਸਿੰਘ ਜੱਗੀ ਦੇ ਅਨੁਸਾਰ 'ਜੀਵਨ-ਕਥਾ' ਤੋਂ ਭਾਵ ਹੈ ਅਜਿਹੀ ਰਚਨਾ ਜਿਸ ਵਿਚ ਕਿਸੇ ਵਿਅਕਤੀ ਦੇ ਜੀਵਨ ਨਾਲ ਸੰਬੰਧਿਤ ਕਥਾ ਲਿਖੀ ਗਈ ਹੋਏ। ਇਸ ਨੂੰ 'ਜੀਵਨ-ਚਰਿਤ੍ਰ' ਜਾਂ 'ਜੀਵਨੀ' ਵੀ ਕਿਹਾ ਜਾਂਦਾ ਹੈ। ਇਹ ਸ਼ਬਦ ਅੰਗ੍ਰੇਜ਼ੀ ਦੇ ਬਾਇਓਗ੍ਰਾਫ਼ੀ (biography) ਲਈ ਵਰਤਿਆ ਜਾਂਦਾ ਹੈ।'[38]

ਜੀਵਨੀ ਲਿਖਣ ਦਾ ਸੰਬੰਧ ਸਮਾਜ ਨਾਲ ਹੁੰਦਾ ਹੈ। ਸਮਾਜ ਵਿਚ ਨਵੀਆਂ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਭੂਤ-ਕਾਲ ਵਿਚ ਹੋ ਚੁਕੀਆਂ ਮਹਾਨ ਆਤਮਾਵਾਂ ਪਾਸੋਂ ਸੰਸਕਾਰ ਲੈ ਕੇ ਅਗਲੀਆਂ ਪੀੜ੍ਹੀਆਂ ਨੂੰ ਸੌਂਪਦੀ ਹਨ। ਮਹਾਨ ਪੁਰਸ਼ ਆਪਣੇ ਜੀਵਨ ਦੀ ਘਾਲਣਾ ਨਾਲ ਸਮਾਜ ਲਈ ਅਜਿਹੇ ਕੀਰਤੀਮਾਨ ਸਥਾਪਿਤ ਕਰ ਜਾਂਦੇ ਹਨ, ਜਿਨ੍ਹਾਂ ਤੋਂ ਲੋਕਾਈ ਸਦੀਵ-ਕਾਲ ਵਾਸਤੇ ਸੇਧ ਪ੍ਰਾਪਤ ਕਰਦੀ ਰਹਿੰਦੀ ਹੈ। ਇਉਂ ਸਤਪੁਰਸ਼ਾਂ ਦੇ ਜੀਵਨ ਬ੍ਰਿਤਾਂਤ ਜਗਿਆਸੂਆਂ ਲਈ ਪ੍ਰੇਰਨਾ-ਸ੍ਰੋਤ ਬਣ ਜਾਂਦੇ ਹਨ। ਅਧਿਆਤਮਿਕਤਾ, ਦੇਸ਼-ਭਗਤੀ, ਨੈਤਿਕਤਾ ਅਤੇ ਮਾਨਵਵਾਦ ਆਦਿ ਵਰਗੇ ਅਨੇਕ ਪੱਖਾਂ ਨੂੰ ਮੁੱਖ ਰੱਖ ਕੇ ਜੀਵਨੀ ਲਿਖੀ ਜਾ ਸਕਦੀ ਹੈ। ਗੁਰੂ ਰਾਮਦਾਸ ਜੀ ਅਨੁਸਾਰ ਉਹ ਪਰਉਪਕਾਰੀ ਪਰਮਾਤਮਾ ਦੇ ਪਿਆਰੇ ਧੰਨ ਹੋ ਜਾਂਦੇ ਹਨ ਜੋ ਉਪਦੇਸ ਦ੍ਰਿੜ੍ਹ ਕਰਵਾ ਕੇ ਭਵਸਾਗਰ ਤੋਂ ਤਰਨ ਦਾ ਢੰਗ ਦਸਦੇ ਹਨ:

*ਉਇ ਪੁਰਖ ਪ੍ਰਾਣੀ ਧੰਨਿ ਜਨ ਹਹਿ ਉਪਦੇਸ ਕਰਹਿ ਪਰਉਪਕਾਰਿਆ॥*

---

[38] *ਸਾਹਿੱਤ ਦੇ ਰੂਪ'*, ਪੰ.116.

*ਹਰਿ ਨਾਮ ਦ੍ਰਿੜਾਵਹਿ ਹਰਿ ਨਾਮੁ ਸੁਣਾਵਹਿ ਹਰਿ ਨਾਮੇ ਜਗੁ ਨਿਸਤਾਰਿਆ॥*[39]

ਇਸ ਗੁਰਮਤਿ ਮਾਰਗ ਤੇ ਚਲਣ ਵਾਲੇ ਗੁਰਸਿੱਖ ਦੀ ਮਹਿਮਾ ਕਥਨ ਤੋਂ ਬਾਹਰ ਹੈ। ਗੁਰਬਾਣੀ ਵਿਚ ਹੁਕਮੀ-ਬੰਦੇ ਨੂੰ ਇਥੋਂ ਤਕ ਵਡਿਆਈ ਦਿਤੀ ਹੋਈ ਹੈ:

*ਤਿਸ ਗੁਰਸਿਖ ਕਉ ਹੰਉ ਸਦਾ ਨਮਸਕਾਰੀ ਜੋ ਗੁਰ ਕੈ ਭਾਣੈ ਗੁਰਸਿਖ ਚਲਿਆ॥*[40]

ਐਸੀਆਂ ਮਹਾਨ ਆਤਮਾਵਾਂ ਦੀਆਂ ਜੀਵਨੀਆਂ ਅਧਿਆਤਮ ਪਾਂਧੀਆਂ ਲਈ ਆਪਣੀ ਮੰਜ਼ਿਲ ’ਤੇ ਪੁਜਣ ਵਾਸਤੇ ਚਾਨਣ-ਮੁਨਾਰੇ ਦਾ ਕੰਮ ਕਰਦੀਆਂ ਹਨ। ਸਿੱਖ ਧਰਮ ਵਿਚ ਅਨੇਕਾਂ ਹੀ ਐਸੀਆਂ ਮਹਾਨ ਆਤਮਾਵਾਂ ਦੇ ਜੀਵਨ-ਦਰਸ਼ਨ ਹੋ ਜਾਂਦੇ ਹਨ, ਜਿਨ੍ਹਾਂ ਨੇ ਗੁਰਮਤਿ ਸਿਧਾਂਤਾਂ ਨੂੰ ਆਪਣੇ ਜੀਵਨ ਰਾਹੀਂ ਮੂਰਤੀਮਾਨ ਕੀਤਾ ਹੈ। ਪਰਮਾਤਮਾ ਵਿਚ ਲੀਨਤਾ ਪ੍ਰਾਪਤ ਕਰਨ ਵਾਸਤੇ ਜਗਿਆਸੂ ਨੂੰ ਐਸੇ ਆਤਮ ਦਰਸੀ ਬ੍ਰਹਮ-ਬੇਤੇ ਪੁਰਖਾਂ ਦੇ ਜੀਵਨ ਨੂੰ ਪੜਚੋਲ ਕੇ ਰਾਹ ਲੱਭਣ ਦੀ ਲੋੜ ਹੁੰਦੀ ਹੈ। ਡਾ. ਜੱਗੀ ਦਾ ਕਥਨ ਬਹੁਤ ਢੁਕਵਾਂ ਹੈ, ਉਹ ਕਹਿੰਦੇ ਹਨ ਕਿ ‘ਜੀਵਨੀ ਸਾਹਿੱਤ ਦਾ ਉਹ ਰੂਪ ਹੈ ਜਿਸ ਵਿਚ ਕਿਸੇ ਸ਼੍ਰੇਸ਼ਠ ਚਰਿਤ੍ਰ ਵਾਲੇ ਵਿਅਕਤੀ ਦੇ ਜੀਵਨ ਦਾ ਬ੍ਰਿੱਤਾਂਤ ਇਤਨੇ ਕਲਾਤਮਕ ਸੁਹਜ ਨਾਲ ਦਿੱਤਾ ਗਿਆ ਹੋਵੇ ਕਿ ਉਸ ਵਿਅਕਤੀ ਦੀ ਸਖਸ਼ੀਅਤ ਪੁਨਰ-ਸਿਰਜਿਤ ਰੂਪ ਵਿਚ ਪੇਸ਼ ਹੋ ਜਾਏ।ਇਹ ਇਕ ਪ੍ਰਕਾਰ ਨਾਲ ਜੀਵੇ ਹੋਏ ਜੀਵਨ ਦੀ ਪੁਨਰ-ਸਿਰਜਣਾ ਹੈ।’[41] ਇਉਂ ਅਸੀਂ ਕਹਿ ਸਕਦੇ ਹਾਂ ਕਿ ਕਿਸੇ ਵਿਸ਼ੇਸ਼ ਵਿਅਕਤੀ ਦੇ ਜੀਵਨ ਬ੍ਰਿਤਾਂਤ ਨੂੰ ਜੀਵਨੀ ਕਿਹਾ ਜਾਂਦਾ ਹੈ।

---

[39] *ਸ਼ਬਦਾਰਥ,* ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ.311.

[40] *ਉਹੀ,* ਪੰ.593.

[41] *ਸਾਹਿੱਤ ਦੇ ਰੂਪ,* ਪੰ.117.

ਜੀਵਨੀ ਵਾਰਤਕ ਦਾ ਪ੍ਰਾਥਮਿਕ ਰੂਪ ਹੈ। ਜੀਵਨੀ ਲਿਖਦਿਆਂ ਜੀਵਨੀਕਾਰ ਨਾਇਕ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਦਾ ਜ਼ਿਕਰ ਕਰਦਾ ਹੈ। ਪੰਜਾਬੀ ਸਾਹਿਤ ਵਿਚ ਜੀਵਨੀ ਲਿਖਣ ਦੀ ਪ੍ਰਕਿਰਿਆ *ਸਾਖੀ-ਪਰੰਪਰਾ* ਜਿਵੇਂ ਕਿ *ਪੁਰਾਤਨ ਜਨਮਸਾਖੀ, ਮਿਹਰਵਾਨ ਵਾਲੀ ਜਨਮਸਾਖੀ, ਭਾਈ ਬਾਲੇ ਵਾਲੀ ਜਨਮ ਸਾਖੀ* ਆਦਿ ਤੋਂ ਹੁੰਦਾ ਹੈ। ਇਨ੍ਹਾਂ ਵਿਚ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਨੂੰ ਕਰਾਮਾਤੀ ਰੰਗਤ ਦਿਤੀ ਗਈ ਹੈ। ਇਨ੍ਹਾਂ ਵਿਚ ਦਰਜ ਸਾਖੀਆਂ ਨੂੰ 'ਜੀਵਨੀ-ਸਾਹਿਤ' ਦਾ ਮੁਢਲਾ ਰੂਪ ਕਿਹਾ ਜਾ ਸਕਦਾ ਹੈ। ਉਸ ਤੋਂ ਉਪਰੰਤ ਭਾਈ ਮਨੀ ਸਿੰਘ ਜੀ ਨਾਲ ਸੰਬੰਧਿਤ ਪੁਸਤਕ *ਸਿੱਖਾਂ ਦੀ ਭਗਤਮਾਲਾ* ਵਿਚ ਗੁਰੂਘਰ ਦੇ ਨਿਕਟਵਰਤੀ ਸਿੱਖ-ਸੇਵਕਾਂ ਦੀਆਂ ਜੀਵਨੀਆਂ ਲਿਖੀਆਂ ਗਈਆਂ ਹਨ। ਜਿਨ੍ਹਾਂ ਦੇ ਸੰਖੇਪ ਰੂਪ ਵਿਚ ਹਵਾਲੇ ਪਹਿਲਾਂ ਭਾਈ ਗੁਰਦਾਸ ਜੀ ਨੇ ਆਪਣੀਆਂ *ਵਾਰਾਂ* ਵਿਚ ਦਰਜ ਕੀਤੇ ਹਨ। ਪ੍ਰੰਤੂ ਇਨ੍ਹਾਂ ਨੂੰ ਜੀਵਨੀ ਨਹੀਂ ਕਿਹਾ ਜਾ ਸਕਦਾ। ਕਵੀ ਭਾਈ ਸੰਤੋਖ ਸਿੰਘ ਨੇ *ਗੁਰ ਪ੍ਰਤਾਪ ਸੂਰਜ ਗ੍ਰੰਥ* ਦੀ ਰਚਨਾ ਕਰਕੇ ਕਾਵਿ-ਰੂਪ ਵਿਚ ਗੁਰੂ ਸਾਹਿਬਾਨਾਂ ਦੀਆਂ ਜੀਵਨੀਆਂ ਨੂੰ ਅੰਕਿਤ ਕੀਤਾ ਹੈ। ਆਧੁਨਿਕ ਕਾਲ ਵਿਚ ਡਾ. ਭਾਈ ਵੀਰ ਸਿੰਘ ਨੇ *ਗੁਰੂ ਨਾਨਕ ਚਮਤਕਾਰ* ਅਤੇ ਸ੍ਰੀ ਗੁਰੂ *ਕਲਗੀਧਰ ਚਮਤਕਾਰ* ਵਡ-ਆਕਾਰੀ ਪੁਸਤਕਾਂ ਰਚ ਕੇ *ਜੀਵਨੀ-ਸਾਹਿਤ* ਵਿਚ ਨਿੱਗਰ ਯੋਗਦਾਨ ਪਾਇਆ। ਚਰਨ ਸਿੰਘ ਸ਼ਹੀਦ, ਪ੍ਰਿੰ. ਸਤਿਬੀਰ ਸਿੰਘ ਅਤੇ ਡਾ. ਤਾਰਨ ਸਿੰਘ ਆਦਿ ਵਿਦਵਾਨਾਂ ਨੇ ਵੀ ਜੀਵਨੀਆਂ ਦੀ ਰਚਨਾ ਕਰਕੇ ਗੁਰਮਤਿ ਸਾਹਿਤ ਵਿਚ ਯੋਗਦਾਨ ਪਾਇਆ। ਇਨ੍ਹਾਂ ਹੀ ਵਿਦਵਾਨਾਂ ਦੀ ਕਤਾਰ ਵਿਚ ਡਾ. ਰਤਨ ਸਿੰਘ ਜੱਗੀ ਦਾ ਨਾਮ ਆਉਂਦਾ ਹੈ, ਜਿਨ੍ਹਾਂ ਨੇ ਜੀਵਨੀ ਸਾਹਿਤ ਨਾਲ ਸੰਬੰਧਿਤ ਤਿੰਨ ਪੁਸਤਕਾਂ (1) *ਗੁਰੂ ਨਾਨਕ ਜੀਵਨ*

*ਅਤੇ ਵਿਅਕਤਿਤਵ,* (2) *ਭਾਈ ਗੁਰਦਾਸ: ਜੀਵਨ ਤੇ ਰਚਨਾ,* (3) *ਭਾਈ ਮਨੀ ਸਿੰਘ ਜੀ* ਤੋਂ ਇਲਾਵਾ ਇਕ ਸ੍ਵੈਜੀਵਨੀ *ਅਮਲ ਜਿ ਕੀਤੇ ਦੁਨੀ ਵਿਚਿ* ਦੀ ਰਚਨਾ ਕੀਤੀ। ਇਨ੍ਹਾਂ ਜੀਵਨੀਆਂ ਵਿਚ ਉਨ੍ਹਾਂ ਨਾਲ ਸੰਬੰਧਿਤ ਘਟਨਾਵਾਂ ਨੂੰ ਲਿਆ ਗਿਆ ਹੈ ਜਿਨ੍ਹਾਂ ਤੋਂ ਲੋਕਾਈ ਸਦਾਚਾਰਕ ਅਤੇ ਧਾਰਮਿਕ ਸਿਖਿਆ ਲੈ ਕੇ ਜੀਵਨ ਮਾਰਗ 'ਤੇ ਚਲਦਿਆਂ ਆਪਣੇ ਜੀਵਨ ਨੂੰ ਸਫ਼ਲ ਬਣਾ ਸਕਣ। ਇਸ ਸੰਦਰਭ ਵਿਚ ਇਨ੍ਹਾਂ ਪੁਸਤਕਾਂ ਦਾ ਮਹੱਤਵ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਇਨ੍ਹਾਂ ਜੀਵਨੀਆਂ ਵਿਚ ਇਤਿਹਾਸਕ ਘਟਨਾਵਾਂ ਨੂੰ ਘੱਟ ਬਲਕਿ ਉਪਦੇਸ਼ਾਤਮਿਕ ਘਟਨਾਵਾਂ ਨੂੰ ਪਹਿਲ ਦਿਤੀ ਗਈ ਹੈ, ਜਿਨ੍ਹਾਂ ਤੋਂ ਕੋਈ 'ਤੱਤ ਵਿਚਾਰ' ਪ੍ਰਾਪਤ ਹੋ ਸਕੇ। ਜੀਵਨੀਕਾਰ ਲਈ ਇਹ ਵੀ ਜ਼ਰੂਰੀ ਹੁੰਦਾ ਹੈ ਕਿ ਧਰਮ ਅਤੇ ਧਾਰਮਿਕ ਵਿਅਕਤੀਆਂ ਦੇ ਜੀਵਨ ਸਮਾਚਾਰਾਂ ਨਾਲ ਸੰਬੰਧਿਤ ਆਦਰਸ਼ਾਂ ਅਤੇ ਵਿਚਾਰਾਂ ਦੀ ਬੜੀ ਮਿਹਨਤ ਤੇ ਲਗਨ ਨਾਲ ਘੋਖ ਕੀਤੀ ਜਾਵੇ। ਦੂਜਾ ਪ੍ਰਾਪਤ ਸਾਮਗ੍ਰੀ ਦੀ ਘੋਖ ਵਿਚਾਰ ਕਰਕੇ ਧੀਰਜ ਤੋਂ ਕੰਮ ਲਿਆ ਜਾਵੇ। ਸੁਘੜ ਜੀਵਨੀਕਾਰ ਅਸਾਧਾਰਣ ਸੱਚੀ ਘਟਨਾ ਨੂੰ ਪ੍ਰੇਰਣਾ ਸ੍ਰੋਤ ਵਜੋਂ ਰੌਚਕਿਤਾ ਪ੍ਰਦਾਨ ਕਰਨ ਦੀ ਕਲਾ ਜਾਣਦਾ ਹੈ।

ਸਿੱਖ ਗੁਰੂ ਸਾਹਿਬਾਨ ਦੇ ਜੀਵਨ ਚਰਿੱਤਰ ਲਿਖਣ ਵਾਲੇ ਵਿਦਵਾਨ ਜਿਥੇ ਬੜੀਆਂ ਉਚੇ ਅਸਮਾਨੀਂ ਉਡਾਰੀਆਂ ਲਾਉਂਦੇ ਹਨ, ਉਥੇ ਹੀ ਉਹ ਪ੍ਰਾਚੀਨ ਹਿੰਦੂ ਪੁਰਾਣਿਕ ਗ੍ਰੰਥਾਂ, ਸਾਮੀ ਅਰਥਾਤ ਯਹੂਦੀ, ਈਸਾਈ ਅਤੇ ਇਸਲਾਮਿਕ ਸਾਹਿਤ ਤੋਂ ਵੀ ਵਾਕਿਫ਼ ਸਨ। ਜੋ ਆਪਣੇ ਬਜ਼ੁਰਗਾਂ ਸੰਬੰਧੀ ਕਰਾਮਾਤੀ ਕਹਾਣੀਆਂ ਨਾਲ ਭਰਪੂਰ ਹਨ। ਕੁਝ ਲੋਕ ਤਾਂ ਅਲੌਕਿਕ ਕ੍ਰਿਸ਼ਮਿਆਂ ਅਤੇ ਗੈਰ ਕੁਦਰਤੀ ਕਰਾਮਾਤਾਂ ਨੂੰ ਹੀ ਧਾਰਮਿਕ ਮਹਾਂਪੁਰਖਾਂ ਦੀ

ਬਜ਼ੁਰਗੀ ਦੀ ਨਿਸ਼ਾਨੀ ਸਮਝਦੇ ਹਨ ਅਤੇ ਹੁਣ ਤਕ ਸਮਝ ਰਹੇ ਹਨ। ਖਿਆਲ ਦੇ ਅਸਰ ਹੇਠਾਂ ਬਹੁਤ ਸਾਰੇ ਸਿੱਖ ਲਿਖਾਰੀਆਂ ਨੇ ਵੀ ਆਪਣੀਆਂ ਦਿਮਾਗੀ ਕਾਵਿ-ਉਡਾਰੀਆਂ ਅਤੇ ਕਲਪਨਾ ਸ਼ਕਤੀ ਨੂੰ ਪੂਰੀ-ਪੂਰੀ ਖੁੱਲ੍ਹ ਦਿਤੀ ਹੈ ਅਤੇ ਗੁਰੂ ਸਹਿਬਾਨ ਦੀ ਬਜ਼ੁਰਗੀ, ਆਤਮਿਕ ਅਤੇ ਧਾਰਮਿਕ ਉੱਚਤਾ ਨੂੰ ਹੋਰ ਧਰਮਾਂ ਵਾਲਿਆਂ ਨਾਲੋਂ ਕਿਸੇ ਪਾਸੇ ਤੋਂ ਵੀ ਘੱਟ ਰਹਿਣ ਦੇਣ ਲਈ ਕਈ ਇਕ ਅਲੌਕਿਕ ਕਥਾਵਾਂ ਉਨ੍ਹਾਂ ਦੇ ਜੀਵਨ ਚਰਿੱਤਰ ਵਿਚ ਰਲਾ ਦਿਤੀਆਂ ਹਨ। ਆਪਣੇ ਵਲੋਂ ਤਾਂ ਇਨ੍ਹਾਂ ਵਿਦਵਾਨਾਂ ਨੇ ਆਪਣੇ ਸਮੇਂ ਦੇ ਲੋਕਾਂ ਦੀਆਂ ਰੁਚੀਆਂ ਅਨੁਸਾਰ ਗੁਰੂ ਸਾਹਿਬਾਨ ਦੇ ਜੀਵਨ ਵਿਚ ਆਪਣੀ ਕਲਪਨਾ ਰਲਾ ਕੇ ਸੱਚ ਵਿਚ ਝੂਠ ਦੀ ਜ਼ਹਿਰ ਮਿਲਾ ਗਏ ਹਨ ਅਤੇ ਜਾਣੇ-ਅਨਜਾਣੇ ਉਨ੍ਹਾਂ ਨਿਰੋਲ ਇਤਿਹਾਸ ਨੂੰ ਮਿਥਿਹਾਸ ਬਣਾ ਕੇ ਰੱਖ ਦਿਤਾ ਹੈ, ਜਿਸ ਦਾ ਨਤੀਜਾ ਇਹ ਹੋਇਆ ਕਿ ਯਥਾਰਥਕ ਇਤਿਹਾਸ ਦੇ ਵਿਦਿਆਰਥੀਆਂ ਦੀਆਂ ਨਜ਼ਰਾਂ ਵਿਚ ਸਿੱਖ ਇਤਿਹਾਸ ਦੇ ਅਨੰਤ ਵਾਕਿਆਤ ਸ਼ੱਕੀ ਹੋ ਗਏ ਹਨ ਅਤੇ ਕਈ ਹੋਰ ਸਪਸ਼ਟ ਵਾਕਿਆਤ ਪਰ ਵੀ ਸ਼ੱਕ ਹੋਣ ਲੱਗ ਪਈ ਹੈ। ਇਸ ਲਈ ਜੀਵਨੀਕਾਰ ਲਈ ਕੇਵਲ ਇਤਿਹਾਸਕ ਸਮਗਰੀ ਨੂੰ ਇਕੱਤਰ ਕਰਨਾ ਹੀ ਕਾਫ਼ੀ ਨਹੀਂ ਬਲਕਿ ਉਸਦਾ ਹਰ ਪੱਖ ਵਿਸ਼ਲੇਸ਼ਣ ਕਰਨਾ ਤੇ ਸੱਚ ਲੱਭਣ ਦਾ ਯਤਨ ਕਰਨਾ ਵੀ ਹੁੰਦਾ ਹੈ। ਇਸ ਤੋਂ ਇਲਾਵਾ ਜੀਵਨੀ ਲਿਖਣ ਲੱਗਿਆਂ ਦਸਤਾਵੇਜਾਂ ਦਾ ਅਧਿਐਨ ਕਰਨਾ, ਲੋੜੀਦੀ ਅਤੇ ਗੈਰ ਲੋੜੀਂਦੀ ਸਮੱਗਰੀ ਦਾ ਨਿਖੇੜਾ ਕਰਨਾ, ਪ੍ਰਮਾਣਿਕ ਅਤੇ ਅਪ੍ਰਮਾਣਿਕ ਪੱਖਾਂ ਬਾਰੇ ਸਪਸ਼ਟਤਾ ਅਤੇ ਸਮੁੱਚਤਾ ਨੂੰ ਸਮੇਟਣਾ ਆਦਿ ਜੀਵਨੀਕਾਰ ਲਈ ਬੜਾ ਜ਼ਰੂਰੀ ਹੈ। ਕਿਉਂਕਿ ਇਤਿਹਾਸਿਕ ਤਾਰੀਖਾਂ ਅਤੇ ਸੰਮਤ, ਮੁਰਦਾ ਰੂਹਾਂ ਲਈ ਨਵੀਂ ਜਿੰਦਗੀ ਦਾ ਸਰੋਤ ਬਣ ਜਾਂਦੇ

ਹਨ। ਇਹ ਕੰਮ ਬੜੀ ਮਿਹਨਤ ਅਤੇ ਸ਼ਰਧਾ 'ਤੇ ਨਿਰਭਰ ਹੁੰਦਾ ਹੈ।

ਡਾ. ਜੱਗੀ ਨੇ ਗੁਰੂ ਨਾਨਕ ਸਾਹਿਬ ਤੋਂ ਇਲਾਵਾ ਉਨ੍ਹਾਂ ਨੇ ਦੋ ਧਾਰਮਿਕ ਪੱਖਾਂ ਨਾਲ ਜੁੜੇ ਹੋਏ ਚਰਿਤਰਾਂ ਨੂੰ ਚੁਣਿਆ ਹੈ ਜੋ ਸੇਵਾ, ਸਿਮਰਨ ਅਤੇ ਕੁਰਬਾਨੀ ਦੇ ਜਜਬੇ ਨਾਲ ਭਰਪੂਰ ਹਨ। ਇਹ ਤਿੰਨੇ ਜੀਵਨੀਆਂ ਦੇ ਪਾਤਰ ਗੁਰਮਤਿ ਗਾਡੀ ਰਾਹ ਦੇ ਪਾਂਧੀ ਹੀ ਨਹੀਂ ਬਲਕਿ ਆਪਣੇ ਜੀਵਨ ਦੇ ਤਪ ਅਤੇ ਤਿਆਗ ਰਾਹੀਂ ਲੋਕਾਈ ਨੂੰ ਕਿਸੇ ਗਾਡੀ ਰਾਹ ਦਾ ਪਾਂਧੀ ਬਨਣ ਲਈ ਪ੍ਰੇਰਨਾ ਸ੍ਰੋਤ ਵੀ ਹਨ। ਗੁਰੂ ਨਾਨਕ ਸਾਹਿਬ ਜੀ ਦਾ ਜੀਵਨ ਦਰਸਾਉਣ ਲਈ ਉਨ੍ਹਾਂ ਨੇ *ਪੁਰਾਤਨ ਜਨਮ ਸਾਖੀ, ਮਿਹਰਬਾਨ ਜਨਮ ਸਾਖੀ, ਭਾਈ ਮਨੀ ਸਿੰਘ ਵਾਲੀ ਜਨਮ ਸਾਖੀ, ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ, ਪ੍ਰਾਣ ਸੰਗਲੀ, ਬਚਿੱਤਰ ਨਾਟਕ* ਅਤੇ *ਮਹਿਮਾ ਪ੍ਰਕਾਸ਼* ਆਦਿ ਦੀ ਸਹਾਇਤਾ ਲਈ ਹੈ।

ਇਸ ਪੁਸਤਕ ਦੀ ਰਚਨਾ ਦੇ ਪਿਛੋਕੜ ਵਿਚ ਡਾ. ਜੱਗੀ ਦੇ ਜੀਵਨ ਦੀ ਇਕ ਬਹੁਤ ਅਹਿਮ ਘਟਨਾ ਜੁੜੀ ਹੈ। ਉਹ ਗੁਰੂ ਨਾਨਕ ਦੇਵ ਜੀ ਦੀਆ ਉਦਾਸੀਆਂ ਤੇ ਕੰਮ ਕਰਨਾ ਚਾਹੁੰਦੇ ਸਨ। ਉਨ੍ਹਾਂ ਨੇ 5-5-1965 ਤੋਂ ਸ਼ੁਰੂ ਕਰਕੇ ਦੋ ਮਹੀਨੇ ਦੇ ਲਗਪਗ ਖੋਜ-ਯਾਤਰਾ ਕੀਤੀ । ਉਹ ਦਿੱਲੀ ਪੁਰਾਤਨ ਉਦਾਸੀ ਡੇਰਿਆਂ ਤੋਂ ਹੁੰਦੇ ਹੋਏ ਹਰਿਦੁਆਰ, ਰਿਸ਼ੀਕੇਸ਼, ਦੇਹਰਾਦੂਨ, ਪੀਲੀਭੀਤ, ਫ਼ੈਜਾਬਾਦ, ਅਯੋਧਿਆ, ਲਖਨਊ, ਬਨਾਰਸ, ਗਯਾ ਸ਼ਹਿਰ, ਪਟਨਾ ਨਗਰ, ਜਗਨਨਾਥ ਪੁਰੀ, ਹੈਦਰਾਵਾਦ, ਬਿਦਰ ਨਗਰ, ਬੁਰਹਾਨਪੁਰ, ਉਜੈਨ ਨਗਰ ਆਦਿ ਵੱਖ-ਵੱਖ ਥਾਵਾਂ 'ਤੇ ਪਹੁੰਚੇ। ਇਨ੍ਹਾਂ ਦੋ ਮਹੀਨਿਆਂ ਵਿਚ ਉਨ੍ਹਾਂ ਨੇ ਕਾਫ਼ੀ ਸਾਮਗ੍ਰੀ ਇਕੱਠੀ ਕਰ ਲਈ ਸੀ। ਜਦੋਂ ਵਾਈਸ ਚਾਂਸਲਰ ਸ੍ਰ. ਕਿਰਪਾਲ ਸਿੰਘ ਨਾਰੰਗ ਨੇ ਇਨ੍ਹਾਂ ਨੂੰ ਸਾਰੀ ਇਕੱਠੀ

ਕੀਤੀ ਸਾਮਗ੍ਰੀ ਡਾ. ਕਿਰਪਾਲ ਸਿੰਘ ਅੰਮ੍ਰਿਤਸਰ ਨੂੰ ਜਨਮਸਾਖੀਆਂ ’ਤੇ ਕੰਮ ਕਰਨ ਵਾਸਤੇ ਸੌਂਪਣ ਵਾਸਤੇ ਕਿਹਾ ਤਾਂ ਇਨ੍ਹਾਂ ਨੇ ਟਾਲ ਦਿੱਤਾ ਜਿਸਦਾ ਜਿਕਰ ਉਹ ਆਪਣੀ ਸ੍ਵੈ-ਜੀਵਨੀ ਵਿਚ ਕਰਦੇ ਹਨ ਕਿ ‘ਮੈਂ ਇਹ ਕਹਿ ਕੇ ਟਾਲ ਦਿੱਤਾ ਕਿ ਮੈਨੂੰ ਕੋਈ ਖ਼ਾਸ ਸਾਮਗ੍ਰੀ ਉਪਲਭਧ ਨਹੀਂ ਹੋਈ। ਡਾ. ਕਿਰਪਾਲ ਸਿੰਘ ਜਦੋਂ ਮੇਰੇ ਤੋਂ ਸਾਮਗ੍ਰੀ ਪ੍ਰਾਪਤ ਕਰਨ ਵਿਚ ਅਸਫਲ ਰਿਹਾ ਤਾਂ ਉਸ ਨੇ ਮੈਨੂੰ ਆਪਣੀ ਪ੍ਰਾਜੈਕਟ ਵਿਚ ਸ਼ਾਮਲ ਹੋਣ ਦੀ ਪੇਸ਼ਕਸ਼ ਕੀਤੀ ਜੋ ਮੈਂ ਅਸਵੀਕਾਰ ਕਰ ਦਿੱਤੀ। ਇਸ ਤਰ੍ਹਾਂ ਮੇਰੀ ਪ੍ਰਾਜੈਕਟ ਮੈਥੋਂ ਖੋਹ ਕੇ ਡਾ. ਕਿਰਪਾਲ ਸਿੰਘ ਨੂੰ ਦੇ ਦਿੱਤੀ।...ਮੈਂ ਆਪਣੀ ਸਾਮਗ੍ਰੀ ਨੂੰ ਲੋੜ ਅਨੁਸਾਰ *ਗੁਰੂ ਨਾਨਕ ਜੀਵਨੀ ਅਤੇ ਵਿਅਕਤਿਤਵ* ਨਾਂ ਦੀ ਪੁਸਤਕ ਵਿਚ ਵਰਤ ਲਿਆ ਅਤੇ ਜੋ ਬਚੀ ਰਹੀ, ਉਸ ਨੂੰ *ਪੰਜਾਬੀ ਸਾਹਿਤ ਦਾ ਸਰੋਤ-ਮੂਲਕ ਇਤਿਹਾਸ* ਵਿਚ ਸਮੇਟ ਲਿਆ।’[42] ਉਨ੍ਹਾਂ ਨੇ ਜੀਵਨੀ ਲਿਖਦਿਆਂ ਇਸ ਪੁਸਤਕ ਦੇ ਪੰਜ ਅਧਿਆਇ ਬਣਾਏ ਹਨ। ਪਹਿਲੇ ਅਧਿਆਇ ਵਿਚ ਸਰੋਤ ਸਮਗਰੀ ਦਾ ਜ਼ਿਕਰ ਹੈ, ਜਿਨ੍ਹਾਂ ਸਰੋਤਾਂ ਤੋਂ ਪੁਸਤਕ ਲਈ ਸਹਾਇਤਾ ਲਈ ਗਈ ਹੈ। ਦੂਜੇ ਵਿਚ ਜੀਵਨ, ਤੀਜੇ ਵਿਚ ਵਿਅਕਤਿਤਵ, ਚੌਥੇ ਵਿਚ ਗੁਰੂ ਜੀ ਦਾ ਦਾਰਸ਼ਨਿਕ ਚਿੰਤਨ ਪੇਸ਼ ਕੀਤਾ ਹੈ। ਪੰਜਵੇਂ ਅਧਿਆਇ ਨੂੰ ਕ੍ਰਾਂਤੀਕਾਰੀ ਜਾਂ ਸੁਧਾਰਕ ਦਾ ਨਾਂ ਦਿੱਤਾ ਗਿਆ ਹੈ। ਪੁਸਤਕ ਦੇ ਮੁੱਢ ਵਿਚ ਡਾ. ਜੱਗੀ ਨੇ ਗੁਰੂ ਜੀ ਨਾਲ ਸੰਬੰਧਿਤ ਪੁਰਾਤਨ ਚਿਤਰ ਦਿੱਤੇ ਹਨ ਜੋ ਉਨ੍ਹਾਂ ਦੁਆਰਾ ਗੁਰੂ ਨਾਨਕ ਸਾਹਿਬ ਜੀ ਦਾ ਜੀਵਨ ਚਿਤਰਦਿਆਂ ਕਰੜੀ ਮਿਹਨਤ ਦੀ ਦੱਸ ਪਾਉਂਦੇ ਹਨ। ਡਾ. ਜੱਗੀ ਆਰੰਭ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਚਾਨਣਾ ਪਾਉਣ ਵਾਲੇ ਸਰੋਤਾਂ ਦਾ ਵੇਰਵਾ ਦਿੰਦੇ ਹੋਏ

[42] *ਅਮਲ ਜੇ ਕੀਤੇ ਦੁਨੀ ਵਿਚਿ,* ਪੰ.120-21.

*ਜਨਮਸਾਖੀਆਂ (ਪੁਰਾਤਨ, ਮਿਹਰਬਾਨ ਅਤੇ ਬਾਲਾ ਜਨਮਸਾਖੀ),* 'ਆਦਿ ਗ੍ਰੰਥ' ਅਤੇ *ਪ੍ਰਾਚੀਨ ਬੀੜਾਂ, ਭਾਈ ਗੁਰਦਾਸ ਦੀ ਰਚਨਾ, ਪ੍ਰਾਣ ਸੰਗਲੀ, ਫ਼ਾਰਸੀ ਸਰੋਤ* (*ਦਬਿਸਤਾਨ-ਏ-ਮਜਾਹਿਬ, ਖ਼ੁਲਾਸਤ-ਉਤ-ਤਵਾਰੀਖ* ਅਤੇ ਭਾਈ ਨੰਦ ਲਾਲ 'ਗੋਯਾ' ਦੀਆਂ ਰਚਨਾਵਾਂ) ਅਤੇ *ਬਚਿਤ੍ਰ ਨਾਟਕ* ਦਾ ਜ਼ਿਕਰ ਕੀਤਾ ਹੈ। ਗੁਰੂ ਨਾਨਕ ਦੇਵ ਜੀ ਬਾਰੇ ਅਨੇਕਾਂ ਪ੍ਰਚਲਤ ਮਨਘੜਤ ਸਾਖੀਆਂ ਬਾਰੇ ਉਹ ਕਹਿੰਦੇ ਹਨ ਕਿ 'ਗੁਰੂ ਨਾਨਕ ਦੇਵ ਜੀ ਦੇ ਵਿਅਕਤਿਤਵ ਨੂੰ ਨਰ ਤੋਂ ਨਾਰਾਇਣ ਬਨਾਉਣ ਲਈ ਸਾਖੀਕਾਰਾਂ ਨੇ ਕੰਠ ਕੀਤੇ ਸ਼ਬਦਾਂ ਜਾਂ ਤੁਕਾਂ ਦੀ ਉਥਾਨਿਕਾ ਦੇ ਅਨੁਰੂਪ ਸਾਖੀਆਂ ਘੜ ਲਈਆਂ ਅਤੇ ਜਿਥੇ ਹੋਰਨਾਂ ਗੁਰੂਆਂ ਦੀ ਬਾਣੀ ਤੋਂ ਉਦੇਸ਼ਿਤ ਫਲ ਦੀ ਪ੍ਰਾਪਤੀ ਨਾ ਦਿਸੀ, ਉਥੇ ਅਪ੍ਰਮਾਣਿਤ ਬਾਣੀ ਨੂੰ ਤੋੜ ਮੋੜ ਕੇ ਗੁਰੂ ਨਾਨਕ ਦੇ ਨਾਮ ਨਾਲ ਜੋੜ ਦਿਤਾ। ਇਸ ਪ੍ਰਕਾਰ ਉਨ੍ਹਾਂ ਟੂਕਾਂ ਨਾਲ ਸੰਬੰਧਿਤ ਘਟਨਾਵਾਂ ਨੂੰ ਸ਼ੱਕੀ ਬਣਾ ਦਿੱਤਾ ਗਿਆ।'[43] ਉਨ੍ਹਾਂ ਦਾ ਕਹਿਣਾ ਹੈ ਕਿ ਇਨ੍ਹਾਂ ਜਨਮਸਾਖੀਆਂ ਵਿਚ ਬਹੁਤਾਤ ਸਾਮਗ੍ਰੀ ਸ਼ੱਕੀ ਹੈ। ਇਨ੍ਹਾਂ ਦੀ ਵਰਤੋਂ ਬਹੁਤ ਧਿਆਨ ਨਾਲ ਕਰਨ ਦੀ ਲੋੜ ਹੈ।ਕਿਉਂਕਿ ਇਨ੍ਹਾਂ ਵਿਚ ਪੇਸ਼ ਕੀਤੀਆਂ ਸਾਖੀਆਂ ਨੂੰ ਕਰਾਮਾਤੀ ਰੰਗਤ ਦਿੱਤੀ ਗਈ ਹੈ। ਇਸੇ ਤਰ੍ਹਾਂ ਹੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਭਾਈ ਬਾਲੇ ਦੀਆਂ ਅਨੇਕਾਂ ਸਾਖੀਆਂ ਦਾ ਜ਼ਿਕਰ ਆਉਂਦਾ ਹੈ ਪਰ ਡਾ. ਜੱਗੀ ਨੇ ਅਨੇਕਾਂ ਪੱਖਾਂ ਤੋਂ ਵਿਚਾਰ ਕਰਕੇ ਨਿਰਣਾ ਦਿੱਤਾ ਹੈ ਕਿ ਬਾਲਾ ਸੰਧੂ ਗੁਰੂ ਜੀ ਦਾ ਸਮਕਾਲੀ ਨਹੀਂ ਸੀ। ਇਸ ਤੋਂ ਇਲਾਵਾ *ਭਾਈ ਬਾਲੇ ਵਾਲੀ ਜਨਮਸਾਖੀ* ਵਿਚ ਦਰਜ ਸਾਖੀਆਂ ਯਥਾਰਥ ਦੀ ਕਸੌਟੀ 'ਤੇ ਖਰੀਆਂ ਸਾਬਿਤ ਨਹੀਂ ਹੁੰਦੀਆਂ। ਡਾ. ਜੱਗੀ ਗੁਰੂ ਜੀ ਦਾ ਜਨਮ

[43] *ਗੁਰੂ ਨਾਨਕ ਜੀਵਨ ਤੇ ਵਿਅਕਤਿਤਵ,* ਪੰ.22.

ਸੰਮਤ 1526 ਬਿ. ਵੈਸਾਖ ਸੁਦੀ 3 ਨੂੰ 'ਤਲਵੰਡੀ ਰਾਇ ਭੋਇ ਕੀ' ਹੋਇਆ ਮੰਨਦੇ ਹਨ। ਗੁਰੂ ਸਾਹਿਬ ਦਾ ਜੀਵਨ ਬ੍ਰਿਤਾਂਤ ਦਿੰਦੇ ਹੋਏ ਇਨ੍ਹਾਂ ਵੱਖ-ਵੱਖ ਸਰੋਤਾਂ ਤੋਂ ਜਾਣਕਾਰੀ ਦਿੰਦੇ ਹਨ। ਇਸ ਤੋਂ ਇਲਾਵਾ ਗੁਰੂ ਜੀ ਦੇ ਜੀਵਨ ਨਾਲ ਜੁੜੀਆਂ ਨਾ ਮੰਨਣਯੋਗ ਗੱਲਾਂ ਵੀ ਗਹਿਰ ਗੰਭੀਰ ਦ੍ਰਿਸ਼ਟੀ ਨਾਲ ਪੇਸ਼ ਕਰਦੇ ਹਨ। ਅਜਿਹਾ ਕਿਹਾ ਜਾ ਰਿਹਾ ਹੈ ਕਿ ਗੁਰੂ ਜੀ ਨੇ ਕਬੀਰ ਜੀ ਤੋਂ ਦੀਖਿਆ ਲਈ ਸੀ। ਪਰ ਉਨ੍ਹਾਂ ਦਾ ਕਹਿਣਾ ਹੈ ਕਿ ਭਗਤ ਕਬੀਰ ਅਤੇ ਗੁਰੂ ਨਾਨਕ ਦੀ ਵਿਚਾਰਧਾਰਾ ਵਿਚ ਅੰਤਰ ਹੈ। ਉਹ ਕਹਿੰਦੇ ਹਨ ਕਿ 'ਅਸਲ ਵਿਚ, ਹਠਯੋਗ ਦੀ ਜਿਤਨੀ ਪੁਸ਼ਟੀ ਕਬੀਰ ਦੀ ਬਾਣੀ ਵਿਚ ਮਿਲਦੀ ਹੈ, ਉਤਨੀ ਹੀ ਗੁਰੂ ਨਾਨਕ ਦੀ ਬਾਣੀ ਵਿਚ ਵਰਜਨਾ ਹੈ। ਕਬੀਰ ਮਾਸ ਖਾਣਾ ਪਾਪ ਸਮਝਦੇ ਹਨ, ਗੁਰੂ ਨਾਨਕ ਨੇ ਮਾਸ ਪ੍ਰਤਿ ਘਿਰਣਾ ਕਰਨਾ ਉਚਿਤ ਨਹੀਂ ਸਮਝਿਆ। ਕਬੀਰ ਦੀ ਬਾਣੀ ਵਿਚ ਜਿਤਨੀ ਕਠੋਰਤਾ ਹੈ, ਗੁਰੂ ਨਾਨਕ ਦੀ ਬਾਣੀ ਵਿਚ ਉਤਨੀ ਹੀ ਨਿਮਰਤਾ। ਜਾਤਿ ਭੇਦ ਭਾਵ ਦੇ ਖੰਡਨ ਵੇਲੇ ਕਬੀਰ ਬਹੁਤ ਹੀ ਕਠੋਰ ਹਨ ਪਰ ਗੁਰੂ ਨਾਨਕ ਦਾ ਖੰਡਨ ਸਿਰਜਨਾਤਮਕ ਹੈ। ਗ੍ਰਿਹਿਸਥੀ ਹੋਣ ਦੇ ਬਾਵਜੂਦ ਕਬੀਰ ਨੇ ਸੰਸਾਰਿਕਤਾ ਤੋਂ ਕਿਨਾਰਾ ਕਰਨ ਦੀ ਭਾਵਨਾ ਅਭਿਵਿਅਕਤ ਕੀਤੀ ਹੈ, ਪਰ ਗੁਰੂ ਨਾਨਕ ਸੰਸਾਰਿਕਤਾ ਵਿਚ ਰਹਿ ਕੇ ਹੀ ਮੁਕਤੀ ਪ੍ਰਾਪਤ ਕਰਨ ਦਾ ਉਪਦੇਸ਼ ਦਿੰਦੇ ਹਨ। ਫਲਸਰੂਪ, ਗੁਰੂ ਨਾਨਕ ਕਬੀਰ ਦੇ ਸ਼ਿਸ਼ ਨਹੀਂ ਹੋ ਸਕਦੇ। [44] ਉਹ ਕਹਿੰਦੇ ਹਨ ਕਿ ਗੁਰੂ ਨਾਨਕ ਦਾ ਗੁਰੂ ਕਬੀਰ ਤੇ ਜਿੰਦਾ ਪੀਰ ਨਹੀਂ ਬਲਕਿ 'ਸ਼ਬਦ' ਹੀ ਗੁਰੂ ਹੈ। ਸ਼ਬਦ ਅਤੇ

[44] *ਪੂਰਵ ਅੰਕਿਤ*, ਪੰ.124.

ਪਰਮਾਤਮਾ ਵਿਚ ਕੋਈ ਅੰਤਰ ਨਹੀਂ ਹੈ।[45]

ਉਨ੍ਹਾਂ ਵਲੋਂ ਤੱਥਾਂ ਨੂੰ ਸੱਚ ਦੀ ਕਸਵੱਟੀ 'ਤੇ ਪਰਖਦਿਆਂ ਗੁਰੂ ਨਾਨਕ ਸਾਹਿਬ ਨਾਲ ਸੰਬੰਧਿਤ ਕੁਝ ਥਾਵਾਂ ਦੀ ਤਰਕ ਆਧਾਰਿਤ ਕੀਤੀ ਖੋਜ ਪੜਤਾਲ ਵਿਚ ਇਕ ਉਦਾਹਰਣ ਗੁਰਦੁਆਰਾ ਨਾਨਕ ਮਤਾ ਦੀ ਹੈ। ਇਸ ਗੁਰਦੁਆਰੇ ਵਿਚ ਪ੍ਰਚਲਿਤ ਰਵਾਇਤ ਹੈ ਕਿ ਸਿੱਧਾਂ ਨੇ ਆਪਣੇ ਬਲ ਨਾਲ ਇਸ ਬ੍ਰਿਛ ਨੂੰ ਉਪਰ ਵਲ ਉਛਾਲਿਆ ਅਤੇ ਗੁਰੂ ਨਾਨਕ ਦੇਵ ਜੀ ਨੇ ਆਪਣੇ ਬਲ ਨਾਲ ਉਥੇ ਹੀ ਰੋਕ ਦਿੱਤਾ। ਇਸ ਕਰਕੇ ਇਸ ਦੀਆਂ ਜੜ੍ਹਾਂ ਬਾਹਰ ਨਿਕਲੀਆਂ ਹੋਈਆਂ ਹਨ। ਇਸ ਨੂੰ ਤਰਕ ਦੀ ਦ੍ਰਿਸ਼ਟੀ ਨਾਲ ਵੇਖਦਿਆਂ ਉਹ ਕਹਿੰਦੇ ਹਨ ਕਿ 'ਅਸਲੀਅਤ ਇਹ ਹੈ ਕਿ ਉਚੀ ਧਰਤ ਉਤੇ ਜੰਮੇ ਪਿਪਲ ਦੀਆਂ ਜੜ੍ਹਾਂ ਨਾਲੋਂ ਜਦੋਂ ਮਿੱਟੀ ਖੁਰ ਗਈ ਜਾਂ ਬਾਰਿਸ਼ ਦੇ ਪਾਣੀ ਨਾਲ ਵਹਿ ਗਈ ਤਾਂ ਜੜ੍ਹਾਂ ਤਿੰਨ ਕੁ ਫੁਟ ਨੀਵੀਆਂ ਹੋ ਗਈਆਂ ਹਨ। ਇਸਨੂੰ ਗੁਰੂ ਨਾਨਕ ਦੇਵ ਜੀ ਦੀ ਕਰਾਮਾਤ ਦੱਸ ਕੇ ਸ਼ਰਧਾਲੂਆਂ ਤੋਂ ਬਸ ਪੂਜਾ ਲੈਣ ਦੀ ਵਿਵਸਥਾ ਹੀ ਕੀਤੀ ਹੋਈ ਹੈ।'[46] ਇਕ ਹੋਰ ਉਦਾਹਰਣ ਨਾਨਕਸਰ ਦੀ ਹੈ, ਜਿਥੇ ਫਾਹੁੜੀ ਗੰਗਾ ਦਾ ਸਥਾਨ ਬਣਿਆ ਹੋਇਆ ਹੈ। ਜਿਸ ਬਾਰੇ ਵੀ ਪ੍ਰਚਲਿਤ ਧਾਰਨਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਫਾਹੁੜੀ ਨਾਲ ਗੰਗਾ ਨੂੰ ਖਿਚ ਲਿਆਂਦਾ ਸੀ। ਇਸ ਵਾਰਤਾ ਨੂੰ ਡਾ. ਜੱਗੀ ਪੌਰਾਣਿਕ ਸ਼ੈਲੀ ਵਾਲੀ ਦਸਦੇ ਹਨ।ਅੰਤ ਵਿਚ ਆਪਣੀ ਪੁਸਤਕ ਦੇ ਨਿਸ਼ਕਰਸ਼ ਵਜੋਂ ਉਹ ਗੁਰੁੂ ਨਾਨਕ ਸਾਹਿਬ ਨੂੰ ਰਹੱਸਵਾਦੀ ਸਾਧਕ, ਰਾਜਨੀਤਿਕ, ਸਮਾਜਿਕ ਅਤੇ ਨਵੇਂ ਧਾਰਮਿਕ ਵਿਚਾਰਾਂ ਦੇ

---

[45] *ਗੁਰੂ ਨਾਨਕ ਦੀ ਵਿਚਾਰਧਾਰਾ,* ਪੰ.135.

[46] *ਅਮਲ ਜੇ ਕੀਤੇ ਦੁਨੀ ਵਿਚਿ,* ਪੰ.111.

ਨਿਰਮਾਤਾ ਸੰਪਰਦਾਇਕ ਤੰਗ ਨਜਰੀਏ ਤੋਂ ਉਚੇਰੇ ਦੱਸ ਕੇ ਲੋਕਾਂ ਵਿਚ ਨਵੀਂ ਜਾਗਰਤੀ ਪੈਦਾ ਕਰਨ ਵਾਲਾ ਲੋਕ ਨਾਇਕ ਸਾਬਿਤ ਕਰਦੇ ਹਨ।

ਭਾਈ ਮਨੀ ਸਿੰਘ ਦੀ ਜੀਵਨੀ ਲਿਖਦਿਆਂ ਵੀ ਡਾ. ਜੱਗੀ ਉਨ੍ਹਾਂ ਦੇ ਜਨਮ-ਸਥਾਨ ਬਾਰੇ ਭੁਲੇਖਿਆਂ ਨੂੰ ਦੂਰ ਕਰਨ ਲਈ ਵੱਖ-ਵੱਖ ਵਿਦਵਾਨਾਂ ਦੀਆਂ ਰਾਵਾਂ ਦੇ ਕੇ ਆਪਣਾ ਪੱਖ ਸਪਸ਼ਟ ਕਰਨ ਦਾ ਯਤਨ ਕਰਦੇ ਹਨ। ਪ੍ਰੋ. ਸੁਰਿੰਦਰ ਸਿੰਘ ਕੋਹਲੀ ਕੰਬੋਵਾਲ, ਕੰਬੋਆ ਜਿੰਮੀਦਾਰਾਂ ਦੇ ਘਰ 14 ਮਾਘ 1726 ਬਿ. (1669) ਨੂੰ ਹੋਇਆ ਮੰਨਦੇ ਹਨ।[47] ਗਿਆਨੀ ਕਰਤਾਰ ਸਿੰਘ ਕਲਾਸਵਾਲੀਆ ਭਾਈ ਸਾਹਿਬ ਨੂੰ ਪਿੰਡ ਲੌਂਗੋਵਾਲ ਦਾ ਹੋਇਆ ਮੰਨਦੇ ਹਨ।[48] ਡਾ. ਜੱਗੀ 'ਸ਼ਹੀਦੀ ਬਿਲਾਸ' (ਕਵੀ ਸੇਵਾ ਸਿੰਘ) ਦੇ ਆਧਾਰਿਤ ਮੁਲਤਾਨ ਦੇ ਨੇੜੇ ਅਲੀਪੁਰ ਦੇ ਰਹਿਣ ਵਾਲੇ ਦਸਦੇ ਹਨ।[49] ਇਨ੍ਹਾਂ ਨੇ ਦੋ ਹੀ ਰਚਨਾਵਾਂ *ਗਿਆਨ ਰਤਨਾਵਲੀ* ਅਤੇ *ਭਗਤ ਰਤਨਾਵਲੀ* ਨੂੰ ਭਾਈ ਮਨੀ ਸਿੰਘ ਜੀ ਨਾਲ ਜੋੜਿਆ ਹੈ। ਇਸ ਤੋਂ ਇਲਾਵਾ ਆਦਿ *ਦਸਮ ਗ੍ਰੰਥ* ਵਾਲੀ ਬੀੜ ਵੀ ਇਨ੍ਹਾਂ ਅਨੁਸਾਰ ਭਾਈ ਸਾਹਿਬ ਜੀ ਨਾਲ ਸੰਬੰਧਿਤ ਕੀਤੀ ਜਾ ਸਕਦੀ ਹੈ।[50] ਇਨ੍ਹਾਂ ਰਚਨਾਵਾਂ ਦੇ ਆਧਾਰ ਤੇ ਭਾਈ ਸਾਹਿਬ ਜੀ ਦੁਆਰਾ ਵਰਤੀ ਗਈ ਸ਼ੈਲੀ ਦਾ ਵਰਨਣ ਵੀ ਕੀਤਾ ਹੈ।ਜਿਸ ਵਿਚ ਵਿਆਖਿਆ ਸ਼ੈਲੀ, ਭਾਵ ਪ੍ਰਕਾਸ਼ਨੀ ਸ਼ੈਲੀ ਅਤੇ ਵਿਵਰਣਾਤਮਕ ਸ਼ੈਲੀ ਆਦਿ ਭਾਈ ਸਾਹਿਬ ਦੀ ਅਭਿਵਿਅਕਤੀ ਦੇ ਸਰੂਪ ਵਜੋਂ ਚਿਤਰੀਆਂ ਹਨ। ਅੰਤ ਵਿਚ ਭਾਈ

---

[47] *ਭਾਈ ਮਨੀ ਸਿੰਘ*, ਪੰ.85.

[48] *ਸਾਡਾ ਇਤਿਹਾਸ*, ਪੰ.97.

[49] *ਭਾਈ ਮਨੀ ਸਿੰਘ ਜੀਵਨ ਤੇ ਰਚਨਾ*, ਪੰ.2.

[50] *ਉਹੀ*, ਪੰ.47.

ਸਾਹਿਬ ਦੀ ਪੰਜਾਬੀ ਵਾਰਤਕ ਨੂੰ ਦੇਣ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਨਾਲ ਜੁੜੀਆਂ ਦੋਵਾਂ ਰਚਨਾਵਾਂ ਦਾ ਸਿੱਖ ਧਰਮ ਦੀਆਂ ਤਿੰਨ ਵੱਡੀਆਂ ਸੰਪਰਦਾਵਾਂ ਉਦਾਸੀ, ਨਿਰਮਲੇ ਅਤੇ ਸੇਵਾ ਪੰਥੀਆਂ ਦੀਆਂ ਰਚਨਾਵਾਂ ਦਾ ਜ਼ਿਕਰ ਕਰਦੇ ਹੋਏ ਗਿਆਨੀ ਸੰਪਰਦਾਇ ਦੇ ਤੌਰ ’ਤੇ ਪੰਜਾਬੀ ਵਾਰਤਕ ਵਿਚ ਭਾਈ ਸਾਹਿਬ ਦਾ ਸਥਾਨ ਨਿਸ਼ਚਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਿਸ ਵਿਚ ਇਹ ਦਸਣ ਦਾ ਯਤਨ ਕੀਤਾ ਹੈ ਕਿ ਇਨ੍ਹਾਂ ਸੰਪਰਦਾਵਾਂ ਦੀ ਤਰ੍ਹਾਂ ਭਾਈ ਮਨੀ ਸਿੰਘ ਦੀ ਵਾਰਤਕ ਦਾ ਸਰੂਪ ਵੀ ਉਪਦੇਸ਼ਾਤਮਿਕ ਹੈ। ਪ੍ਰੰਤੂ ਉਨ੍ਹਾਂ ਨਾਲੋਂ ਇਹ ਵਾਰਤਕ ਪੰਜਾਬੀ ਭਾਸ਼ਾ ਦੇ ਜਿਆਦਾ ਨੇੜੇ ਹੈ।

ਭਾਈ ਗੁਰਦਾਸ ਜੀ ਦੀ ਜੀਵਨੀ ਲਿਖਦਿਆਂ ਡਾ. ਜੱਗੀ ਭਾਈ ਗੁਰਦਾਸ ਜੀ ਦੀ ਦੇਣ ਬਾਰੇ ਕਹਿੰਦੇ ਹਨ ਕਿ ‘ਉਹ ਸਿੱਖ ਧਰਮ ਦੇ ਦਾਰਸ਼ਨਿਕ ਵਿਸ਼ਲੇਸ਼ਣ ਵਿਚ ਹੀ ਯੋਗਦਾਨ ਨਹੀਂ ਪਾਉਂਦੇ ਬਲਕਿ ਉਹ ਗੁਰਮਤਿ-ਪਰੰਪਰਾ ਦੇ ਪ੍ਰਚਾਰ ਅਤੇ ਪ੍ਰਸਾਰ ਪ੍ਰਤਿ ਵੀ ਰੁਚਿਤ ਹਨ।’[51] ਭਾਈ ਗੁਰਦਾਸ ਦੀਆ *ਵਾਰਾਂ* ‘ਗੁਰੂ ਗ੍ਰੰਥ ਸਾਹਿਬ’ ਵਿਚ ਅੰਮ੍ਰਿਤ ਸਿਖਿਆਵਾਂ ਤੇ ਸਿਧਾਂਤਾਂ ਨੂੰ ਸਮਝਣ ਵਾਸਤੇ ਇਕ ਦੁਰਲਭ ਸੋਮਾ ਹਨ। ਇਨ੍ਹਾਂ *ਵਾਰਾਂ* ਨੂੰ ‘ਗੁਰੂ ਗ੍ਰੰਥ ਸਾਹਿਬ’ ਜੀ ਨੂੰ ਬਾਣੀ ਦੀ ਕੁੰਜੀ ਕਿਹਾ ਜਾਂਦਾ ਹੈ। ਇਨ੍ਹਾਂ *ਵਾਰਾਂ* ਦੀ ਕੁਲ ਗਿਣਤੀ 40 ਹੈ ਅਤੇ ਇਨ੍ਹਾਂ ਦਾ ਅਧਿਐਨ ਧਾਰਮਿਕ ਦ੍ਰਿਸ਼ਟੀਕੋਣ ਤੋਂ ਬਹੁਤ ਲਾਭਦਾਇਕ ਸਿੱਧ ਹੋਇਆ ਹੈ। ਡਾ.ਜੱਗੀ ਨੇ ਭਾਈ ਗੁਰਦਾਸ ਦੀਆਂ ਵਾਰਾਂ ਵਿਚਲੇ ਵਿਸ਼ਿਆਂ ਨੂੰ ਵੀ ਦ੍ਰਿਸ਼ਟੀਗੋਚਰ ਕੀਤਾ ਹੈ। ਇਸ ਲਈ ਉਨ੍ਹਾਂ ਨੇ ਸੰਖੇਪ ਰੂਪ ਵਿਚ 40 ਵਾਰਾਂ ਦਾ ਲੜੀਵਾਰ ਅਧਿਐਨ ਪੇਸ਼ ਕੀਤਾ ਹੈ। ਉਹ ਕਹਿੰਦੇ ਹਨ ਕਿ ਜਿਥੇ

[51] ਭਾਈ ਗੁਰਦਾਸ: ਜੀਵਨ ਤੇ ਰਚਨਾ, ਪੰ.9.

ਇਨ੍ਹਾਂ *ਵਾਰਾਂ* ਵਿਚ ਜਿਥੇ ਭਾਈ ਗੁਰਦਾਸ ਜੀ ਨੇ ਸਿੱਖ ਸਿਧਾਂਤਾਂ ਨੂੰ ਉਘਾੜਿਆ ਹੈ। ਉਥੇ ਸਿੱਖ ਗੁਰੂ ਵਿਅਕਤੀਆਂ ਸੰਬੰਧੀ ਉੱਤਮ ਅਤੇ ਇਤਿਹਾਸਕ ਜਾਣਕਾਰੀ ਪ੍ਰਾਪਤ ਹੁੰਦੀ ਹੈ। ਪਹਿਲੀ ਵਾਰ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਉਦਾਸੀਆਂ ਉਤੇ ਵਿਸ਼ਵਾਸਯੋਗ ਰੌਸ਼ਨੀ ਪਾਉਂਦੀ ਹੈ। ਦਸਵੀਂ ਵਾਰ ਸਿੱਖ ਧਰਮ ਦੇ ਤੀਰਥ ਸਥਾਨਾਂ ਅਤੇ ਨਾਵਾਂ ਸੰਬੰਧੀ ਉਤਮ ਸਰੋਤ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਆਏ 'ਗੁਰਮੁਖ' ਸ਼ਬਦ ਦਾ ਵਿਸ਼ਲੇਸ਼ਣ ਕਰਦਿਆਂ ਡਾ. ਜੱਗੀ ਕਹਿੰਦੇ ਹਨ ਕਿ 'ਇਹ ਇਕ ਧਰਮ ਸਮਾਜਿਕ ਪਦਵੀ ਹੈ ਅਤੇ ਇਸ ਦਾ ਅਧਿਕਾਰੀ ਉਹ ਵਿਅਕਤੀ ਹੈ ਜੋ ਆਪਣਾ ਜੀਵਨ ਗੁਰੂ ਦੀ ਸਿੱਖਿਆ ਅਨੁਸਾਰ ਬਤੀਤ ਕਰਦਾ ਹੈ। ਅਸਲ ਵਿਚ ਇਹ ਦੈਵੀ ਗੁਣ ਹੀ, 'ਗੁਰਮੁਖਤਾ' ਹੈ ਅਤੇ ਇਸ ਦਾ ਅਧਿਕਾਰੀ ਵਿਅਕਤੀ 'ਗੁਰਮੁਖ' ਹੈ।'[52] *ਵਾਰਾਂ* ਦਾ ਵਿਸ਼ਲੇਸ਼ਣ ਕਰਨ ਉਪਰੰਤ ਉਨ੍ਹਾਂ ਨੇ ਭਾਈ ਸਾਹਿਬ ਦਾ ਇਤਿਹਾਸਕ ਅਤੇ ਰਾਜਨੀਤਿਕ ਦ੍ਰਿਸ਼ਟੀਕੋਣ ਪੇਸ਼ ਕਰਨ ਲਈ ਇਕ ਅਧਿਆਇ ਬਣਾਇਆ ਹੈ। ਜਿਸ ਵਿਚ ਇਤਿਹਾਸਕ ਵਾਰਾਂ ਜਿਵੇਂ ਪਹਿਲੀ, ਦਸਵੀਂ, ਯਾਰ੍ਹਵੀਂ, ਚੌਵੀਵੀਂ, ਛੱਬੀਵੀਂ ਆਦਿ ਨੂੰ ਆਧਾਰ ਬਣਾਇਆ ਹੈ। ਉਹ ਕਹਿੰਦੇ ਹਨ ਕਿ ਇਨ੍ਹਾਂ ਵਾਰਾਂ ਵਿਚ ਗੁਰ ਇਤਿਹਾਸ ਦਾ ਵਰਨਣ, ਉਸ ਸਮੇਂ ਦੀ ਰਾਜਨੀਤੀ ਦੇ ਔਗੁਣ ਅਤੇ ਗੁਰੂ ਨਾਨਕ ਸਾਹਿਬ ਦੇ ਜਨਮ ਸਮੇਂ ਦੇ ਰਾਜਨੀਤਿਕ ਹਾਲਾਤ ਆਦਿ ਤੋਂ ਭਾਈ ਸਾਹਿਬ ਚਿੰਤਤ ਦਿਖਾਈ ਦਿੰਦੇ ਹਨ ਜਿਸ ਦਾ ਹੱਲ ਉਨ੍ਹਾਂ ਨੇ ਗੁਰੂ ਸਾਹਿਬਾਨ ਦੁਆਰਾ ਅਪਣਾਈ ਭਗਤੀ ਅਤੇ ਸ਼ਕਤੀ ਦੀ ਨੀਤੀ ਵਿਚ ਦੇਖਿਆ ਹੈ।

***ਅਮਲ ਜਿ ਕੀਤੇ ਦੁਨੀ ਵਿਚਿ (ਸ੍ਵੈ-ਜੀਵਨੀ)***

---

[52] *ਉਹੀ.*

ਡਾ. ਜੱਗੀ ਨੇ ਆਪਣੀ ਜਿੰਦਗੀ ਦੇ 78 ਵਰ੍ਹੇ (1927-2005) ਨੂੰ ਪੂਰਿਆਂ ਕਰਦਿਆਂ ਸਾਹਿਤਿਕ ਪ੍ਰੇਮੀਆਂ ਅਤੇ ਆਪਣੀ ਸੁਪਤਨੀ ਡਾ. ਗੁਰਸ਼ਰਨ ਕੌਰ ਜੱਗੀ ਦੇ ਕਹਿਣ ਤੇ ਆਪਣੀ ਸ੍ਵੈ-ਜੀਵਨੀ *ਅਮਲ ਜਿ ਕੀਤੇ ਦੁਨੀ ਵਿਚਿ* ਨਾਂ ਦੀ ਪੁਸਤਕ ਦੀ ਰਚਨਾ ਕੀਤੀ। ਡਾ. ਜੱਗੀ ਪੁਸਤਕ ਦੇ ਸ਼ੁਰੂ ਵਿਚ ਦੀ ਨਿਮਰਤਾ ਭਾਵ ਨਾਲ ਖ਼ੁਦ ਆਪਣੇ ਜੀਵਨ ਬਾਰੇ ਲਿਖਦੇ ਹਨ ‘ਮੇਰੇ ਜੀਵਨ ਦੀ  ਦਾਸਤਾਨ ਅਤਿ ਸਾਧਾਰਣ ਹੈ। ਸਾਧਾਰਣ ਬੰਦੇ ਦੇ ਜੀਵਨ ਵਿਚ ਵਿਸ਼ੇਸ਼ਤਾ ਆਵੇ ਤਾਂ ਕਿਥੋਂ? ਇਸ ਲਈ ਦਾਵਾ ਬੰਨ੍ਹ ਕੇ ਕੁਝ ਕਹਿਣ ਦੇ ਸਮਰਥ ਨਹੀਂ ਹਾਂ, ਬਸ ਕੁਝ ਗੱਲਾਂ ਹਨ ਸਾਂਝੀਆਂ ਕਰ ਰਿਹਾ ਹਾਂ, ਕੋਸ਼ਿਸ ਕੀਤੀ ਹੈ ਕਿ ਜੋ ਲਿਖਾਂ ਉਹ ਸਹੀ ਹੋਵੇ ਸੱਚਾ ਹੋਵੇ, ਪਰ ਜੇ ਕਿਸੇ ਗਲ ਨੂੰ ਤੁਸੀਂ ਨ ਮੰਨੋ ਤਾ ਇਸ ਵਿਚ ਮੇਰਾ ਕੀ ਕਸੂਰ।’[53]

224 ਪੰਨਿਆਂ ਦੀ ਇਸ ਪੁਸਤਕ ਵਿਚ ਡਾ. ਜੱਗੀ ਨੇ ਵਿਧੀਵਤ ਜੀਵਨ ਬ੍ਰਿਤਾਂਤ ਪੇਸ਼ ਕਰਦਿਆਂ ਬਚਪਨ, ਵੱਡੇ-ਵਡੇਰਿਆਂ, 1947 ਦਾ ਸੰਤਾਪ, ਪਰਿਵਾਰ, ਗ੍ਰਹਿਸਖੀ ਜੀਵਨ, ਔਲਾਦ, ਸਕੂਲ, ਨੌਕਰੀ ਅਤੇ ਆਲੇ-ਦੁਆਲੇ ਦੇ ਖੱਟੇ-ਮਿੱਠੇ ਤਜਰਬੇ ਲਿਖੇ ਹਨ। ਉਨ੍ਹਾਂ ਵਲੋਂ ਉਚਾ ਮੁਕਾਮ ਹਾਸਿਲ ਕਰਨ ਦੇ ਸੁਪਨੇ ਦੀ ਉਚਤਿਤਾ, ਆਪਣੇ ਜਨੂੰਨ, ਉਸ ਲਈ ਕੀਤਾ ਸੰਘਰਸ਼ ਅਤੇ ਸਕੀਮਾਂ ਦੇ ਵੇਰਵੇ ਵੀ ਪੜ੍ਹਨ ਵਿਚ ਬੜੇ ਰੌਚਿਕ ਤੇ ਪ੍ਰੇਰਨਾ ਦਾਇਕ ਹਨ। ਪੁਸਤਕ ਪੜ੍ਹਿਆਂ ਪਤਾ ਲਗਦਾ ਹੈ ਕਿ ਉਨ੍ਹਾਂ ਨੇ ਜ਼ਿੰਦਗੀ ਵਿਚ ਹੰਢਾਏ ਵਿਭਿੰਨ ਰੰਗਾਂ, ਉਤਰਾਵਾਂ-ਚੜ੍ਹਾਵਾਂ, ਜੀਵਨ ਪ੍ਰਤਿ ਆਸਥਾ, ਉਤਸ਼ਾਹ, ਚਾਹਤ, ਆਤਮ-ਵਿਸਵਾਸ਼ ਅੱਗੇ ਵਧਣ ਲਈ ਉਮਾਹ, ਚੁਣੌਤੀਆਂ ਅਤੇ ਸੰਘਰਸ਼ ਨੂੰ ਨੀਝ ਨਾਲ ਵੇਖਿਆ ਤੇ ਭੋਗਿਆ ਹੈ। ਇਸ ਪੁਸਤਕ

---

[53] *ਅਮਲ ਜਿ ਕੀਤੇ ਦੁਨੀ ਵਿਚਿ,* ਪੰ.1.

ਵਿਚ ਜਿਥੇ ਡਾ. ਜੱਗੀ ਆਪਣੇ ਜੀਵਨ ਬਾਰੇ ਗੱਲ ਕਰਦੇ ਹਨ ਉਥੇ ਆਪਣੀਆਂ ਕੁਝ ਕੁ ਸਾਹਿਤਿਕ ਕਿਰਤਾਂ ਦੀ ਗੱਲ ਕਰਦਿਆਂ ਉਨ੍ਹਾਂ ਦਾ ਰਚਨਾ ਕਾਲ, ਰਚਨਾ ਦੌਰਾਨ ਆਈਆਂ ਔਕੜਾ, ਰੁਕਾਵਟਾਂ, ਬਾਰੇ ਵੀ ਦੱਸਿਆ ਹੈ। ਇਹਨਾਂ ਸਮੂੰਹ ਸਾਹਿਤਿਕ ਕਿਰਤਾਂ ਵਿਚੋਂ ਕੁਝ ਕੁ ਸਾਹਿਤਿਕ ਕਿਰਤਾਂ ਦੇ ਸੰਬੰਧ ਵਿਚ ਵਖਰੇ-ਵਖਰੇ ਵਿਦਵਾਨਾਂ ਦੇ ਸੰਖੇਪ ਵਿਚਾਰ ਇਸ ਪੁਸਤਕ ਵਿਚ ਦਿਤੇ ਗਏ ਹਨ। ਪ੍ਰਸਤੁਤ ਸ੍ਵੈ-ਜੀਵਨੀ ਦਾ ਇਕ ਵੱਖਰਾ ਮਹੱਤਵ ਹੈ। ਇਹ ਕਹਾਣੀ ਨਾ ਹੁੰਦੇ ਹੋਏ ਵੀ 100 ਅਧਿਆਇ ਆਪਣੇ ਆਪ ਵਿਚ ਵੱਖ-ਵੱਖ ਕਹਾਣੀਆਂ ਹਨ ਅਤੇ ਇਸ ਤਰ੍ਹਾਂ ਇਹ ਇਕ ਕਹਾਣੀ ਸੰਗ੍ਰਹਿ ਜਾਪਦਾ ਹੈ। ਇਸ ਤੋਂ ਇਲਾਵਾ ਹੋਰਨਾਂ ਸ੍ਵੈ-ਜੀਵਨੀਆਂ ਵਿਚ ਲੇਖਕ ਬਹੁਤੀ ਗੱਲ ਆਪਣੇ ਨਿਜ ਬਾਰੇ ਹੀ ਕਰਦੇ ਹਨ ਪਰ ਡਾ. ਜੱਗੀ ਹੋਰਨਾਂ ਬਾਰੇ ਵੀ ਗੱਲਾਂ ਕਰਦੇ ਹਨ। ਉਹ ਆਪਣੇ ਸੰਪਰਕ ਵਿਚ ਆਉਣ ਵਾਲਿਆਂ ਦਾ ਉਜਲਾਪਨ ਵੇਖਦੇ ਹਨ, ਉਨ੍ਹਾਂ ਦੀਆਂ ਖ਼ੂਬਸੂਰਤ ਗੱਲਾਂ ਨੂੰ ਸਲਾਹੁੰਦੇ ਵੀ ਹਨ। ਡਾ. ਜੱਗੀ ਹਿਰਦੇ ਦੀ ਸੁੰਦਰਤਾ, ਮਿਹਨਤ, ਇਮਾਨਦਾਰੀ ਦੇ ਕਾਇਲ ਹਨ ਪਰ ਕੋੜਾਪਨ ਉਨ੍ਹਾਂ ਨੂੰ ਪ੍ਰਵਾਨ ਨਹੀਂ ਹੈ। ਉਹ ਸੰਸਕ੍ਰਿਤ, ਹਿੰਦੀ, ਅੰਗਰੇਜ਼ੀ ਅਤੇ ਫਾਰਸੀ ਭਾਸ਼ਾਵਾਂ ਦੇ ਲੇਖਕ ਵਿਦਵਾਨਾਂ ਦਾ ਵੀ ਨਿੱਘ ਮਾਣਦੇ ਰਹੇ ਹਨ। ਇਸ ਲਈ ਇਸ ਪੁਸਤਕ ਵਿਚ ਉਨ੍ਹਾਂ ਦਾ ਜ਼ਿਕਰ ਹੋਣਾ ਕੁਦਰਤੀ ਹੈ। ਜਿੰਦਗੀ ਦੇ ਅਖੀਰਲੇ ਪੜਾਅ ਤੱਕ ਸਾਹਿਤ ਜਗਤ ਦੀ ਸੇਵਾ ਕਰਨ ਦੀ ਲੋਚਾ ਰਖਣ ਵਾਲੇ ਡਾ. ਜੱਗੀ ਆਉਣ ਵਾਲੇ ਸਮੇਂ ਅਤੇ ਆਪਣੇ ਜੀਵਨ ਲਈ ਪ੍ਰਭੂ ਦੇਣ ਦਾ ਜ਼ਿਕਰ ਕਰਦੇ ਹੋਏ ਕਹਿੰਦੇ ਹਨ ਕਿ 'ਅਜੇ ਤੱਕ ਆਖਰੀ ਮੰਜਿਲ ਨਹੀਂ ਆਈ, ਚਲਦਾ ਜਾ ਰਿਹਾ ਹਾਂ। ਮੇਰੀ ਜਿੰਦਗੀ ਦੁਸ਼ਵਾਰੀਆਂ ਅਤੇ ਖੁਸ਼ਗਵਾਰੀਆਂ ਨਾਲ ਭਰਪੂਰ ਹੈ। ਪਰਮਾਤਮਾ ਦੀ ਕਿਰਪਾ ਅਤੇ ਉਸ ਦੁਆਰਾ ਕਰਵਾਈ

ਮਿਹਨਤ ਨੇ ਹੀ ਮੈਨੂੰ ਤਰੱਕੀ ਦੇ ਰਾਹ ਉਤੇ ਅੱਗੇ ਤੋਰਿਆ ਹੈ। ਕੁਲ ਮਿਲਾਕੇ ਕਹਿ ਸਕਦੇ ਹਾਂ 'ਇਸ ਤਰਹ ਸੇ ਤੈਅ ਕੀ ਹਮ ਨੇ ਮੰਜ਼ਿਲੇਂ ਗਿਰ ਪੜੇ, ਗਿਰ ਕਰ ਉਠੇ, ਫਿਰ ਚਲ ਦੀਏ।'[54]

ਨਿਕੇ-2 ਵਾਕਾਂ, ਹਵਾਲਿਆਂ, ਘਟਨਾਵਾਂ ਨਾਲ ਜਿੰਦਗੀ ਦੇ ਉਲਾਰਾਂ, ਵਿਗਾੜਾਂ ਅਤੇ ਪ੍ਰਾਪਤੀਆਂ ਸਾਕਾਰ ਹੋਣ ਦੀਆਂ ਸੰਭਾਵਨਾਵਾ ਵਾਲੇ ਅਤੇ ਹੱਥੋਂ ਕਿਰ ਜਾਣ ਵਾਲੇ ਸੁਪਨਿਆਂ ਦੇ ਦੁਖਾਂਤ ਇਹ ਪੁਸਤਕ ਸਾਡੇ ਸਾਹਮਣੇ ਰਖਦੀ ਹੋਈ ਦੂਜਿਆਂ ਦੀ ਸਫਲਤਾ ਤੋਂ ਬਹੁਤ ਕੁਝ ਸਿਖਣ ਜੋਗਾ ਪੇਸ਼ ਕਰਦੀ ਹੈ। ਪੁਸਤਕ ਵਾਚਿਆਂ ਪਤਾ ਲਗਦਾ ਹੈ ਕਿ ਕਿਸੇ ਉਦਾਸ ਛਿਣ ਵਿਚ ਚਾਨਣਾ, ਹੌਂਸਲਾ ਤੇ ਪ੍ਰੇਰਨਾ ਦੇਣ ਵਾਲਾ ਵਿਅਕਤੀ ਬੋਲ, ਘਟਨਾ, ਸਾਕਾਰ ਲਿਖਤ ਅਤੇ ਵਾਰਤਾ ਕਰਕੇ ਰਤਨ ਹੀ ਹੋ ਸਕਦਾ ਹੈ। ਇਹ ਸ੍ਵੈ-ਜੀਵਨੀ ਵਿਦਿਆਰਥੀਆਂ, ਖੋਜਾਰਥੀਆਂ, ਅਧਿਆਪਕਾਂ ਅਤੇ ਸਾਹਿਤ ਦੇ ਰਸੀਆਂ ਲਈ ਲਾਹੇਵੰਦ ਸਾਬਿਤ ਹੋਣ ਵਾਲੀ ਹੈ। ਇਸ ਪੁਸਤਕ ਤੋਂ ਦੱਸ ਪੈਂਦੀ ਹੈ ਕਿ ਸਖਤ, ਲਗਨ ਅਤੇ ਦ੍ਰਿੜ੍ਹ ਇਰਾਦੇ ਨਾਲ ਇਨਸਾਨ ਬਿਖੜੇ ਪੈਂਡਿਆਂ ਨੂੰ ਵੀ ਸਰ ਕਰ ਸਕਦਾ ਹੈ। ਇਹ ਰਚਨਾ ਸਵੱਛ ਤੇ ਨਰੋਏ ਵਿਅਕਤਿਤ੍ਵ ਦੀ ਸਿਰਜਣਾ ਹੈ।

**ਕੋਸ਼ਕਾਰੀ**

ਡਾ. ਜੱਗੀ ਵਲੋਂ ਕੋਸ਼ਕਾਰੀ ਵਿਧਾ ਨੂੰ ਵੀ ਆਪਣੇ ਅਧਿਐਨ ਖੇਤਰ ਵਿਚ ਲਿਆਂਦਾ ਗਿਆ ਹੈ। ਗੁਰੂ ਅਰਜਨ ਦੇਵ ਜੀ ਦੁਆਰਾ ਗੁਰਬਾਣੀ ਸੰਪਾਦਿਤ ਕਰਨ ਤੋਂ ਉਪਰੰਤ ਗੁਰਬਾਣੀ ਦੀ ਵਿਆਖਿਆ ਅਤੇ ਸਮਝਣ ਦੀ ਲੋੜ ਅਨੁਭਵ ਹੋਣ ਲੱਗੀ ਤਾਂ ਪਰਿਯਾਯ, ਕੋਸ਼

---

[54] *ਪੂਰਵ ਅੰਕਿਤ,* ਪੰ.222.

ਅਤੇ ਟੀਕਾਕਾਰੀ ਆਦਿ ਵਿਧਾ ਹੋਂਦ ਵਿਚ ਆਈਆਂ। ਭਾਈ ਕਾਨ੍ਹ ਸਿੰਘ ਨਾਭਾ ਨੇ 'ਕੋਸ਼' ਸ਼ਬਦ ਦੇ 12 ਅਰਥ ਕੀਤੇ ਹਨ। 1. ਗਊ ਦੇ ਕ੍ਰੋਸ਼ (ਰੰਭਣ) ਤੋਂ ਥਾਪੀ ਗਈ ਦੂਰੀ (ਲੰਬਾਈ) ਅਰਥਾਤ ਜਿੱਥੋਂ ਤੀਕ ਗਾਂ ਦੇ ਰੰਭਣ ਦੀ ਆਵਾਜ਼ ਜਾ ਸਕੇ, ਉਹ ਕੋਸ਼ ਸਮਝਿਆ ਜਾਂਦਾ ਹੈ।2. ਗਿਲਾਫ਼, ਪੜਦਾ, 3. ਡੱਬਾ, 4. ਤਲਵਾਰ ਦਾ ਮਿਆਨ, 5. ਖਜ਼ਾਨਾ, 6. ਅਭਿਧਾਨ, ਸ਼ਬਦਾਂ ਦਾ ਸੰਗ੍ਰਹਿ ਜਿਸ ਗ੍ਰੰਥ ਵਿਚ ਹੋਵੇ, ਲੁਗਾਤ, 7. ਆਂਡਾ, 8. ਭਗ, ਯੋਨੀ, 9. ਫੁੱਲ ਦੀ ਉਹ ਡੋਡੀ, ਜਿਸ ਉਪਰ ਮਿਠਾਸ ਭਰੀਆਂ ਸੂਖਮ ਤਰੀਆਂ ਹੁੰਦੀਆਂ ਹਨ।10. ਵੇਦਾਂਤ ਗ੍ਰੰਥਾਂ ਵਿਚ ਮੰਨੇ ਗਏ ਪੰਜ ਕੋਸ਼, ਅੰਨਮਯ ਕੋਸ਼, ਪ੍ਰਾਣਮਯ ਕੋਸ਼, ਮਨੋਮਯ ਕੋਸ਼, ਵਿਗਯਾਨਮਯ ਕੋਸ਼, ਅਨੰਦਮਯ ਕੋਸ਼ ਆਦਿ, ਜੋ ਆਤਮਾ ਪਰ ਗਿਲਾਫ਼ ਦੀ ਤਰ੍ਹਾਂ ਪੜਦਾ ਰੂਪ ਹਨ, 11. ਪਿੱਤਲ ਦਾ ਨਗਾਰਾ, ਧੌਂਸਾ, 12. ਕੋਸ਼ਿਸ਼ ਜਰਨ ਵਾਲਾ, ਕੋਸ਼ੀਦਨ ਆਦਿ।[55] ਪਿਆਰਾ ਸਿੰਘ ਪਦਮ ਅਨੁਸਾਰ 'ਕੋਸ਼ ਦਾ ਅੱਖਰੀ ਅਰਥ ਖਜ਼ਾਨਾ ਜਾਂ ਭੰਡਾਰ ਹੈ। ਅਰਥਾਤ ਅਜਿਹਾ ਸ਼ਬਦ ਭੰਡਾਰ, ਜਿਸ ਦੇ ਨਾਲ ਨਾਲ ਅਰਥ ਵਿਆਖਿਆ ਵੀ ਹੋਵੇ। ਇਹ ਅਰਥ ਦੱਸਣ ਸਮੇਂ ਵਿਆਖਿਆ, ਵਿਉਤਪਤੀ, ਉਚਾਰਣ ਤੇ ਹੋਰ ਜਾਣਕਾਰੀ ਦਾ ਵਿਸਥਾਰ ਵੀ ਦਿੱਤਾ ਜਾਂਦਾ ਹੈ ਤੇ ਕਿਤੇ ਕੇਵਲ ਸਮਾਨਾਰਥ ਜਾਂ ਪ੍ਰਯਾਯ ਮਾਤਰ ਦੇ ਕੇ ਹੀ ਬਸ ਕੀਤੀ ਜਾਂਦੀ ਹੈ।'[56] ਕੋਸ਼ ਵਿਚ ਸ਼ਬਦਾਂ ਦੇ ਅਰਥ ਦੇਣ ਅਤੇ ਉਨ੍ਹਾਂ ਦੇ ਅੱਡ-ਅੱਡ ਰੂਪ ਤੇ ਸੀਮਾਵਾਂ ਨਿਸ਼ਚਿਤ ਕਰਨ ਦਾ ਵੀ ਪ੍ਰਯਾਸ ਕੀਤਾ ਜਾਂਦਾ ਹੈ। ਅਜੋਕੇ ਸਮੇਂ ਵਿਚ ਕੋਸ਼ਕਾਰੀ ਦੇ ਖੇਤਰ

[55] *ਮਹਾਨ ਕੋਸ਼,* ਪੰ.522.

[56] ਪਿਆਰਾ ਸਿੰਘ ਪਦਮ, 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੋਸ਼ਕਾਰੀ', *ਨਾਨਕ ਪ੍ਰਕਾਸ਼ ਪਤ੍ਰਿਕਾ* , ਪੰ.119.

ਵਿਚ *ਸ਼ਬਦ ਕੋਸ਼, ਲਘੂ ਕੋਸ਼, ਗਿਆਨ ਕੋਸ਼, ਜੀਵਨੀ ਕੋਸ਼, ਮੁਹਾਵਰਿਆਂ ਤੇ ਅਖਾਣਾਂ ਦੇ ਕੋਸ਼,* ਵੱਖ-ਵੱਖ ਵਿਸ਼ਿਆਂ ਦੇ ਕੋਸ਼, *ਬਹੁ-ਅਰਥ ਕੋਸ਼, ਸਮ-ਅਰਥ ਕੋਸ਼* ਅਤੇ *ਵਿਸ਼ਵਕੋਸ਼* ਆਦਿ ਪ੍ਰਾਪਤ ਹਨ। *ਸਿੱਖ ਪੰਥ ਵਿਸ਼ਵ ਕੋਸ਼* ਦੀ ਭੂਮਿਕਾ ਲਿਖਦਿਆਂ ਡਾ. ਜੱਗੀ ਕਹਿੰਦੇ ਹਨ ਕਿ ' ਵਿਸ਼ਵਕੋਸ਼ ਦਾ ਸ਼ਾਬਦਿਕ ਅਰਥ ਹੈ ਵਿਸ਼ਵ ਦੇ ਗਿਆਨ ਦਾ ਭੰਡਾਰ ਇਸ ਤਰ੍ਹਾਂ ਵਿਸ਼ਵਕੋਸ਼ ਉਸ ਕ੍ਰਿਤੀ ਨੂੰ ਮੰਨਿਆ ਜਾ ਸਕਦਾ ਹੈ ਜਿਸ ਵਿਚ ਕਿਸੇ ਖਾਸ ਵਿਸ਼ੇ ਨਾਲ ਸੰਬੰਧਿਤ ਸਾਰੀਆਂ ਸ਼ਾਖਾਵਾਂ/ਪਖਾਂ ਬਾਰੇ ਪ੍ਰਮਾਣਿਕ ਪਰ ਸੰਖਿਪਤ ਇੰਦਰਾਜ ਜਾਂ ਟਿੱਪਣੀਆਂ ਵਰਣ-ਕਮ ਅਨੁਸਾਰ ਸੰਕਲਿਤ ਹੋਣ ਅਤੇ ਵਿਸ਼ੇ ਸੰਬੰਧੀ ਹਰ ਇਕ ਜਗਿਆਸਾ ਨੂੰ ਸੰਤੁਸ਼ਟ ਕਰਦੀਆਂ ਹੋਣ।'[57]

ਜੇ ਪੰਜਾਬੀ ਵਿਚ ਕੋਸ਼ਕਾਰੀ ਦੇ ਆਰੰਭ ਦੀ ਗੱਲ ਕਰੀਏ ਤਾਂ ਪੰਜਾਬੀ ਕੋਸ਼ਕਾਰੀ ਦਾ ਆਰੰਭ ਨਾਮਮਾਲਾ ਕੋਸ਼ਾਂ ਤੋਂ ਹੋਇਆ।[58] ਵੱਖ-ਵੱਖ ਵਿਦਵਾਨਾਂ ਵਲੋਂ ਸਮੇਂ-ਸਮੇਂ ਅਨੁਸਾਰ ਔਖੇ ਸ਼ਬਦਾਂ ਦੇ ਅਰਥ ਨਿਰਧਾਰਤ ਕਰਕੇ ਕੋਸ਼ ਪ੍ਰਕਾਸ਼ਿਤ ਕੀਤੇ। ਸ਼ੁਰੂ ਵਿਚ ਸੰਸਕ੍ਰਿਤ ਤੇ ਫ਼ਾਰਸੀ ਕੋਸ਼ਾਂ ਨੂੰ ਆਧਾਰ ਬਣਾ ਕੇ ਰਚੇ ਗਏ ਹੱਥ-ਲਿਖਤ ਕੋਸ਼ਾਂ ਦੀ ਰਚਨਾ ਮੱਧ-ਕਾਲ ਦੇ ਪੰਜਾਬੀ ਸਾਹਿਤ ਨੂੰ ਸਮਝਣ ਵਾਸਤੇ ਹੋਈ ਸੀ। ਉਪਰੰਤ ਅੰਗਰੇਜ਼ ਰਾਜ ਸਮੇਂ ਉਨ੍ਹਾਂ ਦੀਆਂ ਲੋੜਾਂ ਨੂੰ ਮੁੱਖ ਰਖਦਿਆਂ ਇਕ ਭਾਸ਼ਾਈ ਤੇ ਦੋ ਭਾਸ਼ਾਈ ਕੋਸ਼ ਰਚੇ ਗਏ। ਪੰਜਾਬੀ ਵਿਚ ਸ਼ਬਦ-ਕੋਸ਼ੀ ਹੁਨਰ ਦੀ ਸ਼ੁਰੂਆਤ ਲੁਧਿਆਣੇ ਦੇ ਕ੍ਰਿਸ਼ਚੀਅਨ ਮਿਸ਼ਨ ਦੁਆਰਾ ਪੰਜਾਬੀ-ਅੰਗਰੇਜ਼ੀ

---

[57] *ਸਿੱਖ ਪੰਥ ਵਿਸ਼ਵ ਕੋਸ਼,(ਭਾਗ ਪਹਿਲਾ), ਪੰਨਾ-ਨਿਵੇਦਨ.*

[58] ਪਰਮਜੀਤ ਸਿੰਘ ਸਿੱਧੂ, *ਕੋਸ਼ਕਾਰੀ ਕਲਾ ਅਤੇ ਪੰਜਾਬੀ ਕੋਸ਼ਕਾਰੀ,* ਪੰ.68.

ਡਿਕਸ਼ਨਰੀ (ਸੰਨ 1854 ਈ.) ਤੋਂ ਹੋਈ। ਉਸ ਤੋਂ ਬਾਦ ‘ਸਿੰਘ ਸਭਾ ਲਹਿਰ’ ਦੇ ਮੁਖੀਆਂ ਵਿਚੋਂ ਭਾਈ ਮਈਆ ਸਿੰਘ ਕ੍ਰਿਤ *ਦ ਪੰਜਾਬੀ ਡਿਕਸ਼ਨਰੀ* ਦਾ ਪ੍ਰਕਾਸ਼ਨ ਸੰਨ 1895 ਈ. ਨੂੰ ਹੋਇਆ। ਫਿਰ ਕੋਸ਼ਕਾਰੀ ਦੇ ਖੇਤਰ ਵਿਚ ਵਿਦਵਾਨਾਂ ਵਲੋਂ ਪੰਡਿਤ ਤਾਰਾ ਸਿੰਘ ਨਰੋਤਮ ਕ੍ਰਿਤ *ਗੁਰ ਗਿਰਾ ਕੋਸ਼* (1895 ਈ.) ,ਗਿਆਨੀ ਹਜ਼ਾਰਾ ਸਿੰਘ ਕ੍ਰਿਤ *ਸ੍ਰੀ ਗੁਰੂ ਗ੍ਰੰਥ ਕੋਸ਼* (1899 ਈ.), ਬਿਸ਼ਨ ਦਾਸ ਉਦਾਸੀ ਕ੍ਰਿਤ *ਕੋਸ਼ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ* (1899 ਈ.), *ਆਦਿ ਸ੍ਰੀ ਗੁਰੂ ਗ੍ਰੰਥ ਪਦਾਰਥ ਕੋਸ਼* (1901ਈ.), ਗਿਆਨੀ ਚੰਦਾ ਸਿੰਘ ਕ੍ਰਿਤ *ਪ੍ਰਯਾਯ ਸ੍ਰੀ ਗੁਰੂ ਗ੍ਰੰਥ ਸਾਹਿਬ* (1902) ਅਤੇ *ਮਹਾਨ ਕੋਸ਼* (1930 ਈ.) ਆਦਿ ਕੋਸ਼ ਰਚ ਕੇ ਮਹੱਤਵਪੂਰਣ ਯੋਗਦਾਨ ਪਾਇਆ। ਇਨ੍ਹਾਂ ਸਮੂੰਹ ਕੋਸ਼ਾਂ ਵਿਚੋਂ *ਮਹਾਨ ਕੋਸ਼* ਪ੍ਰਮੁੱਖ ਹੈ। *ਇਨਸਾਈਕਲੋਪੀਡੀਆ ਬ੍ਰਿਟੈਨਿਕਾ* ਅੰਗਰੇਜ਼ੀ ਭਾਸ਼ਾ ਵਿਚ ਵਿਦਵਾਨਾਂ ਅਤੇ ਵਿਗਿਆਨੀਆਂ ਦੁਆਰਾ ਮਨੁੱਖੀ ਗਿਆਨ ਨੂੰ ਇੱਕਤਰ ਕਰਨ ਦਾ ਪਹਿਲਾ ਯਤਨ ਸੀ। ਸੰਨ 1771 ਵਿਚ ਛਪੇ ਇਸਦੇ ਪਹਿਲੇ ਐਡੀਸ਼ਨ ਵਿਚ ਆਰਟਸ ਅਤੇ ਸਾਇੰਸ ਦੇ ਵਿਸ਼ੇ ਦਿੱਤੇ ਗਏ ਸਨ। ਪ੍ਰੰਤੂ 1857-79 ਦੌਰਾਨ ਛਪੇ ਅਗਲੇਰੇ ਨੌ ਸੰਸਕਰਣਾਂ ਵਿਚ ਇਤਿਹਾਸ, ਭੂਗੋਲ ਅਤੇ ਜੀਵਨੀਆਂ ਆਦਿ ਦਾ ਵਿਵਰਣ ਦਿੱਤਾ ਗਿਆ ਸੀ। ਭਾਈ ਕਾਨ੍ਹ ਸਿੰਘ ਨਾਭਾ ਵਲੋਂ ਇਸ ਰਚਨਾ ਨੂੰ ਰੋਲ ਮਾਡਲ ਵਜੋਂ ਅਪਨਾਇਆ ਗਿਆ। ਇਹ ਵੀ ਕਿਹਾ ਜਾ ਸਕਦਾ ਹੈ ਕਿ ਇਸ ਕਰਕੇ ਹੀ *ਮਹਾਨ ਕੋਸ਼* ਨਿਰੋਲ ਸਿੱਖ ਸਾਹਿਤ ਦਾ ਵਿਸ਼ਵਕੋਸ਼ ਨਾ ਰਹਿ ਕੇ ਪੰਜਾਬੀ ਦਾ ਵਿਸ਼ਵਕੋਸ਼ ਕਿਹਾ ਜਾਣ ਲੱਗਾ। ਕਿਉਂਕਿ ਇਸ ਦੇ ਵਿਚ ਪੰਛੀ, ਜਾਨਵਰ, ਘਾਹ-ਬੂਟੇ, ਜੜੀਆਂ-ਬੂਟੀਆਂ, ਰੀਤੀ-ਰਿਵਾਜ, ਵੈਦਿਕ, ਜੋਤਿਸ਼, ਵਸਤਰ, ਬਰਤਨ ਆਦਿ ਦਾ ਵਿਵਰਣ ਦੇਣ ਦੇ ਨਾਲ-ਨਾਲ

ਪੰਜਾਬੀ ਭਾਸ਼ਾ ਦੀ ਨਿਰੁਕਤੀ, ਵਿਆਕਰਣ, ਸ਼ਬਦਾਂ ਦੇ ਅਰਥ, ਅਰਥ-ਭੇਦ, ਵਿਆਖਿਆ ਆਦਿ ਵੀ ਪ੍ਰਾਪਤ ਹੁੰਦੇ ਹਨ। ਇਸ ਤੋਂ ਇਲਾਵਾ ਪਰਯਾਯ/ਕੋਸ਼ਾਂ ਦੀ ਲੜੀ ਵਿਚ *ਸ਼ਬਦਾਰਥ ਗੁਰੂ ਗ੍ਰੰਥ ਸਾਹਿਬ* ਰਚਨਾ ਵੀ ਵਰਨਣਯੋਗ ਹੈ। ਅੰਗਰੇਜ਼ੀ ਭਾਸ਼ਾ ਦੇ ਜਾਣਕਾਰ ਸਿੱਖ ਵਿਦਵਾਨਾਂ (ਬਾਵਾ ਹਰਕਿਸ਼ਨ ਸਿੰਘ, ਪ੍ਰੋਫੈਸਰ ਤੇਜਾ ਸਿੰਘ, ਸਰਦਾਰ ਨਿਰੰਜਨ ਸਿੰਘ, ਪ੍ਰੋਫੈਸਰ ਨਰੈਣ ਸਿੰਘ ਤੇ ਮਾਸਟਰ ਮਹਿਤਾਬ ਸਿੰਘ) ਨੇ ਬਹੁਤ ਕਰੜੀ ਮਿਹਨਤ ਨਾਲ ਚਾਰ ਜਿਲਦਾਂ ਵਿਚ ਤਿਆਰ ਕੀਤਾ ਹੈ। ਇਸ ਵਿਚ ਖੱਬੇ ਪਾਸੇ ਵਾਲੇ ਪੰਨੇ ਤੇ ਗੁਰਬਾਣੀ ਦਾ ਪਾਠ ਹੈ ਅਤੇ ਸੱਜੇ ਪਾਸੇ ਟਿੱਪਣੀਆਂ ਤੇ ਕਠਿਨ ਸ਼ਬਦਾਂ ਦੇ ਅਰਥ ਤੇ ਸੰਖੇਪ ਵਿਆਖਿਆ ਹੈ। ਇਸ ਨੂੰ *ਪਰਿਯਾਯ* ਤਾਂ ਕਿਹਾ ਜਾ ਸਕਦਾ ਹੈ, ਪਰ ਕੋਸ਼ ਨਹੀਂ। ਸੰਨ 1960 ਵਿਚ ਪ੍ਰੋ. ਪਿਆਰਾ ਸਿੰਘ ਪਦਮ ਨੇ *ਗੁਰਬਾਣੀ ਕੋਸ਼* ਨਾਂ ਦੀ ਇਕ ਕਿਤਾਬੀ ਆਕਾਰ ਦੀ ਪੁਸਤਕ ਛਪਵਾਈ ਸੀ। ਇਸ ਵਿਚ ਗੁਰਬਾਣੀ ਕੋਸ਼ ਅੱਖਰ-ਕ੍ਰਮ ਅਨੁਸਾਰ ਦਿੱਤਾ ਗਿਆ ਹੈ। ਇਉਂ ਗੁਰਬਾਣੀ ਦੇ ਕੋਸ਼ਾਂ ਦੀ ਅਗਲੇਰੀ ਲੜੀ ਵਿਚ ਇਕ ਹੋਰ ਰਚਨਾ *ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ* ਦਾ ਵੀ ਮਹੱਤਵਪੂਰਣ ਸਥਾਨ ਹੈ। ਇਹ ਰਚਨਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਸੰਨ 1972 ਈ.ਨੂੰ ਪ੍ਰਕਾਸ਼ਿਤ ਹੋਈ। ਇਸ ਰਚਨਾ ਦੇ ਸੰਪਾਦਕ ਭਾਈ ਵੀਰ ਸਿੰਘ ਦੇ ਭਰਾ ਡਾ. ਬਲਵੀਰ ਸਿੰਘ ਹਨ। ਇਸ ਦੇ ਸੰਪਾਦਨ ਵਿਚ ਉਨ੍ਹਾਂ ਦੀ ਸਪੁੱਤਰੀ ਬੀਬੀ ਮਹਿੰਦਰ ਕੌਰ ਅਤੇ ਡਾ. ਜੀ. ਐਸ. ਆਨੰਦ ਨੇ ਵੀ ਯੋਗਦਾਨ ਪਾਇਆ।

ਡਾ.ਜੱਗੀ ਨੇ ਕੋਸ਼ ਰਚ ਕੇ ਪੰਜਾਬੀ ਅਤੇ ਗੁਰਮਤਿ ਸਾਹਿਤ ਦੀ ਵਡਮੁੱਲੀ ਸੇਵਾ ਕੀਤੀ ਹੈ। ਕੋਸ਼ਕਾਰੀ ਦੇ ਖੇਤਰ ਵਿਚ ਡਾ. ਜੱਗੀ *ਭਾਈ ਗੁਰਦਾਸ-ਸ਼ਬਦ ਅਨੁਕ੍ਰਮਨਿਕਾ ਅਤੇ ਕੋਸ਼,*

*ਭਾਈ ਵੀਰ ਸਿੰਘ ਸਾਹਿਤ ਕੋਸ਼, ਸਾਹਿਤ ਕੋਸ਼, ਪੰਜਾਬੀ ਸਹਿਤ ਸੰਦਰਭ ਕੋਸ਼, ਸਿੱਖ ਪੰਥ ਵਿਸ਼ਵਕੋਸ਼ (ਦੋ ਭਾਗ)* [59] *ਅਤੇ ਗੁਰੂ ਗ੍ਰੰਥ ਵਿਸ਼ਵਕੋਸ਼* (ਦੋ ਭਾਗ) ਹਨ।

ਉਨ੍ਹਾਂ ਅੰਦਰ ਸਿੱਖ ਸਾਹਿਤ ਦੀ ਖੋਜ ਕਰਨ ਲਈ ਅਥਾਹ ਲਗਨ ਸੀ। ਥਾਂ-ਥਾਂ ਜਾ ਕੇ ਵੱਖ-ਵੱਖ ਚੀਜਾਂ ਦੀ ਪੜਤਾਲ ਕੀਤੀ। ਉਨ੍ਹਾਂ ਨੇ ਕਈ ਸਾਲਾਂ ਦੀ ਕਠਿਨ ਤਪੱਸਿਆ ਕਰਕੇ ਅਣਥੱਕ ਮਿਹਨਤ ਨਾਲ ਕੋਸ਼ ਤਿਆਰ ਕੀਤੇ। ਸਿੱਖ-ਸਾਹਿਤ ਵਿਚ ਆਏ ਸ਼ਬਦਾਂ ਦੇ ਅਰਥ, ਵਿਆਖਿਆ ਦਿੱਤੀ ਗਈ ਹੈ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ, ਭਾਈ ਗੁਰਦਾਸ ਜੀ ਦੀਆਂ *ਵਾਰਾਂ* ਅਤੇ *ਕਬਿੱਤ ਸਵੱਯੇ, ਦਸਮ ਗ੍ਰੰਥ,* ਭਾਈ ਨੰਦ ਲਾਲ ਜੀ ਦੀ ਰਚਨਾ*, ਜਨਮਸਾਖੀ,* ਭਾਈ ਮਨੀ ਸਿੰਘ ਦੀਆਂ ਲਿਖਤਾਂ, *ਸਰਬਲੋਹ ਪ੍ਰਕਾਸ਼, ਮਹਿਮਾ ਪ੍ਰਕਾਸ਼,* ਦੋਵੇਂ *ਗੁਰ ਬਿਲਾਸ,* ਦੋਵੇਂ *ਪੰਥ ਪ੍ਰਕਾਸ਼, ਪ੍ਰੇਮ ਸੁਮਾਰਗ* ਅਤੇ *ਰਹਿਤਨਾਮੇ* ਆਦਿ ਦਾ ਕੋਈ ਅਜਿਹਾ ਸ਼ਬਦ ਨਹੀਂ ਰਹਿਣ ਦਿੱਤਾ ਗਿਆ ਜਿਸ ਬਾਰੇ ਵਿਚਾਰ ਨਾ ਕੀਤੀ ਗਈ ਹੋਵੇ। ਇਸ ਤੋਂ ਇਲਾਵਾ ਵਿਆਕਰਣਿਕ ਬਣਤਰ, ਸੰਬੰਧਤ ਪੁਸਤਕਾਂ ਦੇ ਹਵਾਲੇ, ਇਤਿਹਾਸਕ ਗੱਲਾਂ ਦਾ ਪੂਰਾ ਵਰਨਣ ਵੀ ਕੀਤਾ ਗਿਆ ਹੈ। ਸੰਸਕ੍ਰਿਤ, ਅਰਬੀ, ਫ਼ਾਰਸੀ ਆਦਿ ਦੀ ਸ਼ਬਦਾਵਲੀ ਦੇ ਅਰਥ ਹੀ ਨਹੀਂ ਸਗੋਂ ਉਤਪਤੀ ਤੇ ਉਚਾਰਣ ਵੀ ਪੇਸ਼ ਕੀਤਾ ਹੈ। ਡਾ. ਜੱਗੀ ਨੇ ਇਕਲਿਆਂ ਹੀ ਇੰਨੇ ਵੱਡੇ ਕੰਮ ਨੂੰ ਪੂਰਾ ਕੀਤਾ।

ਡਾ. ਜੱਗੀ ਦੀ ਕੋਸ਼ਕਾਰੀ ਉਨ੍ਹਾਂ ਦੀ ਪ੍ਰਤਿਭਾ, ਉਤਮ ਦਰਜੇ ਦੀ ਵਿਦਵਤਾ ਅਤੇ ਉਨ੍ਹਾਂ ਦੀ ਦ੍ਰਿੜ੍ਹਤਾ ਦਾ ਅਦੁੱਤੀ ਪ੍ਰਮਾਣ ਹੈ। ਅਜੋਕੇ ਸਮੇਂ ਵਿਚ ਗਿਆਨ ਦੇ ਖੇਤਰ ਵਿਚ ਵਿਚਰਨ ਵਾਲਾ ਹਰ ਖੋਜੀ ਅਤੇ ਵਿਦਵਾਨ, ਉਨ੍ਹਾਂ ਦੀ ਪ੍ਰਤਿਭਾ ਤੋਂ ਕਾਇਲ ਹੈ। ਪੰਜਾਬੀ ਭਾਸ਼ਾ ਅਤੇ

---

[59] ਨੋਟ: ਇਹ ਵਿਸ਼ਵਕੋਸ਼ 2014 ਵਿਚ ਕੁਝ ਨਵੇਂ ਵਾਧਿਆਂ ਸਮੇਤ ਚਾਰ ਜਿਲਦਾਂ ਵਿਚ ਪ੍ਰਕਾਸ਼ਿਤ ਹੋਇਆ।

ਗੁਰਮਤਿ ਦੇ ਗਿਆਨ ਫਲਸਫੇ ਨੂੰ ਆਧੁਨਿਕ ਯੁਗ ਦੀਆਂ ਲੋੜਾਂ ਦੇ ਅਨੁਕੂਲ ਬਣਾਉਣ ਵਾਲੇ ਅਕਾਦਮਿਕ ਉਪਰਾਲਿਆਂ ਵਿਚ ਇਨ੍ਹਾਂ ਕੋਸ਼ਾਂ ਦੀ ਵੱਡੀ ਦੇਣ ਹੈ। ਉਨ੍ਹਾਂ ਨੇ ਪੰਜਾਬੀ ਸਾਹਿਤ ਸੰਦਰਭ ਕੋਸ਼ ਵਰਗੇ ਮਿਆਰੀ ਕੋਸ਼ ਤਿਆਰ ਕਰਕੇ ਪੰਜਾਬੀ ਭਾਸ਼ਾ ਨੂੰ ਉਤਮਤਾ ਤੇ ਪ੍ਰਮਾਣਿਕਤਾ ਦਿੱਤੀ। ਇਹ ਕੋਸ਼ ਧਰਮ, ਸਾਹਿਤ, ਦਰਸ਼ਨ ਅਤੇ ਗਿਆਨ ਦੇ ਖੇਤਰ ਵਿਚ ਇਕ ਉਤਮ ਹਵਾਲਾ ਗ੍ਰੰਥ ਹਨ। ਕੋਸ਼ ਦੀ ਪਰੰਪਰਾ ਅਨੁਸਾਰ ਪੰਜਾਬੀ ਮੁਹਾਰਨੀ ਵਿਚ ਸ਼ਬਦਾਂ, ਸਿਧਾਂਤਾਂ, ਸੰਕਲਪਾਂ, ਨਾਵਾਂ, ਥਾਵਾਂ, ਕ੍ਰਿਆਵਾਂ ਨੂੰ ਸਮੋਇਆ ਹੋਇਆ ਹੈ।

ਡਾ. ਜੱਗੀ ਦੁਆਰਾ ਰਚਿਤ ਦੋ ਵਿਸ਼ਵਕੋਸ਼ *ਸਿੱਖ ਪੰਥ ਵਿਸ਼ਵਕੋਸ਼* ਅਤੇ *ਗੁਰੂ ਗ੍ਰੰਥ ਵਿਸ਼ਵਕੋਸ਼* ਆਪਣੀ ਵਿਸ਼ੇਸ਼ ਥਾਂ ਰੱਖਦੇ ਹਨ। ਜੇ ਇਨ੍ਹਾਂ ਕੋਸ਼ਾਂ ਨੂੰ ਡੂੰਘਾਈ ਨਾਲ ਵੇਖੀਏ ਤਾਂ ਪੁਰਾਤਨ ਇਤਿਹਾਸ, ਮਿਥਿਹਾਸ, ਸਿੱਖ ਚਿੰਤਨ, ਸਿੱਖ ਇਤਿਹਾਸ, ਸਿੱਖ ਫਲਸਫ਼ਾ, ਗੁਰਮਤਿ ਸਾਹਿਤ, ਗੁਰਮਤਿ ਸੰਗੀਤ ਦੇ ਸਰਬਪੱਖੀ ਸ੍ਰੋਤ, ਸਿੱਖ ਸੱਭਿਆਚਾਰ ਨਾਲ ਸਬੰਧ ਰਖਦੀ ਹਰ ਜਾਣਕਾਰੀ ਦੇਣ ਦਾ ਨਿੱਗਰ ਅਤੇ ਵਿਆਪਕ ਯਤਨ ਕੀਤਾ ਗਿਆ ਹੈ। ਉਦਾਹਰਣ ਵਜੋਂ ਗੁਰੂ ਸਾਹਿਬਾਨ ਨਾਲ ਸੰਬੰਧਿਤ ਇੰਦਰਾਜ ਨਾਨਕ ਦੇਵ, ਗੁਰੂ,[60] ; ਅੰਗਦ ਦੇਵ, ਗੁਰੂ,[61] ; ਮਿਥਿਹਾਸਿਕ ਹਵਾਲਿਆਂ ਵਿਚ ਕੰਸ,[62] ; ਚੰਦ੍ਰਹਾਂਸ,[63] ; ਭਾਰਤੀ ਅਤੇ ਸਾਮੀ ਪਰੰਪਰਾਵਾਂ ਨਾਲ ਸੰਬੰਧਿਤ ਇੰਦਰਾਜ ਜਿਵੇਂ ਉਦਾਸੀ (ਸੰਨਿਆਸੀ ਸਾਧੂ),[64] ; ਹਜ [65] ਆਦਿ।

---

[60] *ਸਿੱਖ ਪੰਥ ਵਿਸ਼ਵਕੋਸ਼,* (ਭਾਗ ਦੂਜਾ), ਪੰ. 1025.

[61] *ਉਹੀ,* (ਭਾਗ ਪਹਿਲਾ), ਪੰ,125.

[62] *ਗੁਰੂ ਗ੍ਰੰਥ ਵਿਸ਼ਵਕੋਸ਼,* (ਭਾਗ ਪਹਿਲਾ), ਪੰ.352.

[63] *ਪੂਰਵ ਅੰਕਿਤ,* ਪੰ.484.

[64] *ਉਹੀ,* ਪੰ.3.

ਇਨ੍ਹਾਂ ਕੋਸ਼ਾਂ ਵਿਚ ਗੁਰਮਤਿ ਸਾਹਿਤ, ਗੁਰਬਾਣੀ ਵਿਆਖਿਆ, ਸਿੱਖ ਲਹਿਰ ਦਾ ਇਤਿਹਾਸ, ਸਿੱਖ ਜਰਨੈਲ, ਪ੍ਰਸਿੱਧ ਸਿੱਖ ਬੀਬੀਆਂ, ਪੰਜਾਬ ਅਤੇ ਪੰਜਾਬ ਦੇ ਬਾਹਰਲੇ ਗੁਰਦੁਆਰੇ, ਸਿੱਖ ਧਰਮ ਤੋਂ ਇਲਾਵਾ ਸਮੁੱਚਾ ਭਾਰਤੀ ਚਿੰਤਨ, ਭਾਰਤੀ ਮਿਥਿਹਾਸ, ਯੋਧਿਆਂ, ਕਵੀਆਂ, ਫਿਲਾਸਫ਼ਰਾਂ ਆਦਿ ਸੰਬੰਧੀ ਇੰਦਰਾਜ ਦਰਜ ਹਨ। ਇਨ੍ਹਾਂ ਕੋਸ਼ਾਂ ਨੂੰ ਵਿਸ਼ੇਸ਼ਤਾ ਇਸ ਵਿਆਪਕ ਜਾਣਕਾਰੀ ਕਰਕੇ ਹੀ ਪ੍ਰਾਪਤ ਹੋਈ ਹੈ। ਦੂਜਾ ਇਹ ਕੋਸ਼ ਗਿਆਨ ਸਮੱਗਰੀ ਪੱਖੋਂ ਹੀ ਵਿਸ਼ਾਲ ਤੇ ਪ੍ਰਮਾਣਿਕ ਨਹੀਂ ਬਲਕਿ ਭਾਸ਼ਾਈ ਤੇ ਪ੍ਰਕਾਸ਼ਨ ਪੱਖੋਂ ਵੀ ਡਾ. ਜੱਗੀ ਦੀ ਬੌਧਿਕ ਸਮਰੱਥਾ ਦਾ ਪ੍ਰਮਾਣ ਹਨ। ਅਜੋਕੇ ਦੌਰ ਵਿਚ ਸਿੱਖ ਧਰਮ ਅੰਤਰਰਾਸ਼ਟਰੀ, ਅੰਤਰਭਾਸ਼ਾਈ ਅਤੇ ਅੰਤਰਧਰਮੀ ਅਧਿਐਨ ਦਾ ਹਿੱਸਾ ਬਣ ਚੁੱਕਾ ਹੈ ਅਜਿਹੇ ਸਮੇਂ 'ਗੁਰੂ ਗ੍ਰੰਥ' ਤੇ 'ਗੁਰੂ ਪੰਥ' ਬਾਰੇ ਗਿਆਨ ਦੇ ਅਦਾਨ ਪ੍ਰਦਾਨ ਲਈ ਇਹ ਕੋਸ਼ ਭਰੋਸੇਯੋਗ ਹਨ। ਡਾ. ਜੱਗੀ ਨੇ ਵਰਣਨ ਅਤੇ ਵਿਆਖਿਆ ਸਮੇਂ ਵੀ ਸ਼ਬਦਾਂ ਦੀ ਸੁਨਿਸਚਿਤਤਾ, ਸੰਜਮਤਾ ਦਾ ਬਹੁਤ ਧਿਆਨ ਰੱਖਿਆ ਹੈ। ਜਿੱਥੇ ਉਨਾਂ ਨੇ ਕਠਿਨ ਸ਼ਬਦਾਂ ਦੀ ਵਿਉਂਤਪਤੀ ਦੱਸ ਕੇ ਅਰਥ ਸਪਸ਼ਟ ਕੀਤੇ ਹਨ, ਉਥੇ ਸੰਬੰਧਿਤ ਤੁਕ ਦਾ ਹਵਾਲਾ ਵੀ ਦਿੱਤਾ ਹੈ। ਜਦੋਂ ਵੀ ਕੋਈ ਵੇਦ, ਪੁਰਾਣ, ਸ਼ਾਸਤਰ ਜਾਂ ਇਤਿਹਾਸ ਨਾਲ ਸੰਬੰਧਿਤ ਸ਼ਬਦ ਆਇਆ ਉਸ ਦੀ ਬਹੁਤ ਹੀ ਸੰਜਮ ਨਾਲ ਵਿਆਖਿਆ ਕੀਤੀ ਗਈ ਹੈ। ਵਿਦਵਤਾ ਅਤੇ ਤਕਨੀਕ ਦੇ ਪਖੋਂ ਵੀ ਇਹ ਬਹੁਤ ਕਮਾਲ ਦੀ ਰਚਨਾ ਹੈ।

ਕੋਸ਼ਾਂ ਦੀ ਲੜੀ ਵਿਚ ਇਨ੍ਹਾਂ ਦੁਆਰਾ ਇਕ ਕੋਸ਼ ਭਾਈ ਵੀਰ ਸਿੰਘ ਸਾਹਿਤ ਕੋਸ਼ ਵੀ ਹੈ ਜੋ ਉਨ੍ਹਾਂ ਨੇ ਸੰਪਾਦਨ ਕੀਤਾ ਹੈ। ਜਿਸ ਨੂੰ ਛਾਪਣ ਦਾ ਪ੍ਰਾਜੈਕਟ ਪੰਜਾਬੀ ਯੂਨੀਵਰਸਿਟੀ

---

[65] *ਉਹੀ,* ਪੰ.272.

ਪਟਿਆਲਾ ਨੇ 1979 ਈ. ਵਿਚ ਕੀਤਾ।[66] ਇਸ ਕੋਸ਼ ਦੇ ਸਹਾਇਕ ਸੰਪਾਦਕਾਂ ਵਜੋਂ ਡਾ. ਅਬਨਾਸ਼ ਕੌਰ ਅਤੇ ਡਾ. ਰਾਜਿੰਦਰ ਸਿੰਘ ਦਾ ਨਾਮ ਇਸ 'ਤੇ ਛਪਿਆ ਹੈ। ਇਸ ਕੋਸ਼ ਵਿਚ ਭਾਈ ਵੀਰ ਸਿੰਘ ਨਾਲ ਸੰਬੰਧਿਤ ਬਹੁ-ਭਾਂਤੀ ਜਾਣਕਾਰੀ ਮਿਲਦੀ ਹੈ। ਜਿਵੇਂ ਕਿ ਉਨ੍ਹਾਂ ਨਾਲ ਸੰਬੰਧਿਤ ਵਿਅਕਤੀ, ਸੰਬੰਧਿਤ ਸੰਸਥਾਵਾਂ, ਉਨ੍ਹਾਂ ਦੁਆਰਾ ਦਿੱਤੇ ਗਏ ਹਵਾਲੇ ਜਿਹੜੇ ਉਨ੍ਹਾਂ ਦਾ ਸਾਹਿਤ ਵਿਚ ਮਿਲਦੇ ਹਨ। ਉਨ੍ਹਾਂ ਦੀਆਂ ਰਚਨਾਵਾਂ ਅਤੇ ਆਲੋਚਨਾਤਮਕ ਸਾਹਿਤ ਬਾਰੇ ਵੱਖ-ਵੱਖ ਲੇਖਕਾਂ ਵਲੋਂ ਲਿਖੇ ਇੰਦਰਾਜ ਸ਼ਾਮਿਲ ਹਨ। ਜਿਨ੍ਹਾਂ ਦੀ ਜਾਣਕਾਰੀ ਕੋਸ਼ ਦੇ ਸ਼ੁਰੂ ਵਿਚ ਦੇ ਦਿੱਤੀ ਗਈ ਹੈ।

ਇਨ੍ਹਾਂ ਦਾ ਇਕ ਕੋਸ਼ ਭਾਈ ਗੁਰਦਾਸ ਜੀ ਦੀਆਂ *ਵਾਰਾਂ* ਨਾਲ ਸੰਬੰਧਿਤ *ਅਨੁਕ੍ਰਮਿਣਕਾ ਕੋਸ਼* ਹੈ। ਇਸ ਵਿਚ ਭਾਈ ਸਾਹਿਬ ਦੀਆਂ ਵਾਰਾਂ ਦੇ ਭੰਡਾਰ ਨੂੰ ਇੱਕਤਰ ਕਰਕੇ ਹਰ ਇਕ ਸ਼ਬਦ ਦੇ ਵਿਊਂਤਪਤੀ ਮੂਲਕ ਅਰਥ ਲੱਭ ਕੇ ਪਾਠਕਾਂ ਦੇ ਸਨਮੁਖ ਪੇਸ਼ ਕੀਤਾ ਹੈ।[67] ਇਹ ਕੋਸ਼ ਗੁਰਬਾਣੀ ਦੀ ਵਿਆਖਿਆ ਵਿਚ ਬਹੁਤ ਸਹਾਈ ਹੋ ਸਕਦਾ ਹੈ। ਕਿਉਂਕਿ ਭਾਈ ਸਾਹਿਬ ਦੀ ਰਚਨਾ ਨੂੰ ਗੁਰਬਾਣੀ ਦੀ ਕੁੰਜੀ ਮੰਨਿਆ ਜਾਂਦਾ ਹੈ ਅਤੇ ਇਹ ਕੋਸ਼ ਉਨ੍ਹਾਂ ਦੀ ਰਚਨਾ ਨੂੰ ਸਮਝਣ ਵਿਚ ਸਹਾਇਕ ਹੈ। ਸਾਨੂੰ ਇਸ ਤੋਂ ਸਿਧਾਂਤਿਕ ਅਤੇ ਪਰਿਭਾਸ਼ਿਕ ਸ਼ਬਦਾਂ ਦੇ ਹਵਾਲੇ ਮਿਲ ਜਾਂਦੇ ਹਨ। ਭਾਰਤੀ ਅਤੇ ਸਾਮੀ ਪਰੰਪਰਾ ਨਾਲ ਸੰਬੰਧਿਤ ਸ਼ਬਦਾਵਲੀ ਵੀ ਸਮਝ ਪੈ ਜਾਂਦੀ ਹੈ।

---

[66] *ਅਮਲ ਜੇ ਕੀਤੇ ਦੁਨੀ ਵਿਚਿ,* ਪੰ.165.

[67] *ਪੂਰਵ ਅੰਕਿਤ,* ਪੰ.102.

ਗੁਰਬਾਣੀ ਦੇ ਕੋਸ਼ਾਂ ਜਾਂ ਸਿੱਖ ਕੋਸ਼ਾਂ ਤੋਂ ਇਲਾਵਾ ਇਨ੍ਹਾਂ ਨੇ ਪੰਜਾਬੀ ਸਾਹਿਤ ਜਾਂ ਸਾਹਿੱਤ ਨਾਲ ਸੰਬੰਧਿਤ ਦੋ ਹੋਰ ਕੋਸ਼ ਵੀ ਸੰਪਾਦਿਤ ਕੀਤੇ ਹਨ। ਜਿਨ੍ਹਾਂ ਦੇ ਨਾਮ *ਪੰਜਾਬੀ ਸਾਹਿਤ ਸੰਦਰਭ ਕੋਸ਼* ਅਤੇ *ਸਾਹਿਤ ਕੋਸ਼* ਹਨ। ਇਨ੍ਹਾਂ ਕੋਸ਼ਾਂ ਦਾ ਸਿੱਧਾ ਸੰਬੰਧ ਗੁਰਮਤਿ ਨਾਲ ਨਾ ਹੋ ਕੇ ਪੰਜਾਬੀ ਸਾਹਿਤ ਜਗਤ ਨਾਲ ਹੈ। ਪ੍ਰੰਤੂ ਅਸੀਂ ਗੁਰਮਤਿ ਸਾਹਿਤ ਅਤੇ ਪੰਜਾਬੀ ਸਾਹਿਤ ਨੂੰ ਇਕ ਦੂਜੇ ਤੋਂ ਬਿਲਕੁਲ ਵਖਰਾ ਨਹੀਂ ਕਰ ਸਕਦੇ। ਕਿਤੇ ਨਾ ਕਿਤੇ ਪੰਜਾਬੀ ਸਾਹਿਤ ਵਿਚ ਸਾਨੂੰ ਗੁਰਮਤਿ ਦਾ ਜਾਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਭਾਵ ਹਮੇਸ਼ਾ ਨਜ਼ਰ ਆਉਂਦਾ ਰਹੇਗਾ। ਜਦੋਂ ਅਸੀਂ ਇਨ੍ਹਾਂ ਕੋਸ਼ਾਂ ਬਾਰੇ ਗੱਲ ਕਰਦੇ ਹਾਂ ਤਾਂ *ਪੰਜਾਬੀ ਸਾਹਿਤ ਸੰਦਰਭ ਕੋਸ਼* ਪੰਜਾਬੀ ਸਾਹਿਤ ਵਿਚ ਆਏ ਇਤਿਹਾਸਿਕ, ਮਿਥਿਹਾਸਿਕ, ਵੱਖ-ਵੱਖ ਧਾਰਮਿਕ ਪਰੰਪਰਾਵਾਂ, ਲੋਕਧਾਰਾਈ ਸੰਕੇਤਾਂ ਨਾਲ ਭਰਪੂਰ ਮਿਲਦਾ ਹੈ ਅਤੇ *ਸਾਹਿਤ ਕੋਸ਼* ਜਿਸ ਵਿਚ ਸਾਹਿਤ ਦੀਆਂ ਵੱਖ-ਵੱਖ ਵੰਨਗੀਆਂ ਨਾਲ ਸੰਬੰਧਿਤ ਇੰਦਰਾਜ ਪਰਿਭਾਸ਼ਿਕ ਰੂਪ ਵਿਚ ਮਿਲਦੇ ਹਨ।

**ਸੰਪਾਦਨਾ**

ਗੁਰਮਤਿ ਅਤੇ ਪੰਜਾਬੀ ਸਾਹਿਤ ਦੇ ਖੇਤਰ ਵਿਚ ਸੰਪਾਦਨਾ ਦਾ ਮੁੱਢ ਗੁਰੂ ਨਾਨਕ ਦੇਵ ਵਲੋਂ ਭਗਤਾਂ ਦੀ ਬਾਣੀ ਇਕੱਤਰ ਕਰਨ ਨਾਲ ਮੰਨਿਆ ਜਾਂਦਾ ਹੈ। ਭਾਈ ਗੁਰਦਾਸ ਜੀ ਨੇ ਇਸ ਨੂੰ 'ਕਿਤਾਬ' ਦਾ ਨਾਂ ਦਿੱਤਾ ਹੈ।

*ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸਲਾ ਧਾਰੀ॥* [68]

*ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ॥* [69]

---

[68] ਭਾਈ ਗੁਰਦਾਸ, ਵਾਰ ੧,ਪਉ. ੩੨.

ਗੁਰਮਤਿ ਸਾਹਿਤ ਦੇ ਸੰਪਾਦਨਾ ਖੇਤਰ ਵਿਚ 'ਗੁਰੂ ਗ੍ਰੰਥ ਸਾਹਿਬ' (1604) ਦੀ ਸੰਪਾਦਨਾ ਬੇਸ਼ਕੀਮਤੀ ਕਾਰਜ ਸੀ। ਗੁਰੂ ਅਰਜਨ ਦੇਵ ਜੀ ਨੇ ਗੁਰੂਆਂ, ਭਗਤਾਂ, ਭੱਟਾਂ ਅਤੇ ਗੁਰਸਿਖਾਂ ਦੀ ਬਾਣੀ ਨੂੰ ਪ੍ਰਮਾਣਿਕਤਾ, ਸ਼ੁੱਧਤਾ, ਗੁਰਮਤਿ ਸਿਧਾਂਤਾਂ ਦੀ ਅਨੁਕੂਲਤਾ ਤੋਂ ਇਲਾਵਾ ਰਾਗ-ਕ੍ਰਮ ਅਤੇ ਕਵੀ-ਕ੍ਰਮ ਅਨੁਸਾਰ ਰਖਕੇ 'ਗੁਰੂ ਗ੍ਰੰਥ ਸਾਹਿਬ' ਦੀ ਸੰਪਾਦਨਾ ਕੀਤੀ। ਉਸ ਤੋਂ ਅੱਗੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀਆਂ ਦੀਆਂ ਰਚਨਾਵਾਂ ਦੀ ਵੀ ਸੰਪਾਦਨਾ ਕੀਤੀ ਗਈ। ਅੰਗਰੇਜ਼ੀ ਸਾਮਰਾਜ ਦੇ ਸਥਾਪਿਤ ਹੋਣ ਤੋਂ ਬਾਅਦ ਪੰਜਾਬੀ ਦੇ ਸਾਹਿਤਿਕ ਤੇ ਇਤਿਹਾਸਕ ਗ੍ਰੰਥਾਂ ਦੇ ਸੰਪਾਦਨ ਦੀ ਲੋੜ ਪਈ। ਇਸ ਪਿੜ ਵਿਚ ਡਾ. ਚਰਨ ਸਿੰਘ, ਡਾ. ਭਾਈ ਵੀਰ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਸ੍ਰ. ਸ਼ਮਸ਼ੇਰ ਸਿੰਘ ਅਸ਼ੋਕ, ਪ੍ਰੋ. ਪ੍ਰੀਤਮ ਸਿੰਘ, ਪ੍ਰੋ. ਪਿਆਰਾ ਸਿੰਘ ਪਦਮ ਅਤੇ ਡਾ. ਜੀਤ ਸਿੰਘ ਸੀਤਲ ਆਦਿ ਨੇ ਪੰਜਾਬੀ ਤੇ ਗੁਰਮਤਿ ਸਾਹਿਤ ਦੇ ਸੰਪਾਦਨਾ ਖੇਤਰ ਵਿਚ ਸ਼ਾਲਾਘਾਯੋਗ ਯੋਗਦਾਨ ਪਾਇਆ।[70]

ਮੱਧ-ਕਾਲੀਨ ਵਾਰਤਕ ਸਾਹਿਤ ਦੇ ਸੰਪਾਦਨ ਖੇਤਰ ਵਿਚ ਭਾਈ ਵੀਰ ਸਿੰਘ ਜੀ ਨੇ *ਪੁਰਾਤਨ ਜਨਮਸਾਖੀ* (1927 ਈ.) ਅਤੇ *ਸੂਰਜ ਪ੍ਰਕਾਸ ਗ੍ਰੰਥ* ਦਾ ਚੌਦਾਂ ਜਿਲਦਾਂ ਵਿਚ ਸੰਪਾਦਨ ਕਰਨਾ ਉਨ੍ਹਾਂ ਦੀ ਲਗਨ, ਮਿਹਨਤ, ਸਿਰੜ ਅਤੇ ਸਾਹਿਤਕ ਧੁਨ ਦਾ ਪ੍ਰਮਾਣ ਹੈ।

ਸੰਪਾਦਨ ਖੇਤਰ ਕੋਈ ਸਾਹਿਤ ਸਿਰਜਨਾਤਮਕ ਕਿਰਿਆ ਹੀ ਨਹੀਂ ਹੈ ਬਲਕਿ ਇਸ ਵਿਚ ਤਾਂ ਪ੍ਰਸਤੁਤ ਸਮਗਰੀ ਨੂੰ ਵਿਸ਼ੇ-ਵਿਸ਼ੇਸ਼ ਦੀਆਂ ਧਾਰਨਾਵਾਂ ਅਧੀਨ ਉਭਾਰ ਤੇ ਉਘਾੜ ਕੇ

---

[69] ਉਹੀ, ਵਾਰ ੧,ਪਉ. ੩੩.

[70] ਮੇਵਾ ਸਿੰਘ ਸਿੱਧੂ, *ਗਿ. ਹੀਰਾ ਸਿੰਘ ਦਰਦ: ਜੀਵਨ ਤੇ ਰਚਨਾ,* ਪੰ.੯੫.

ਪੇਸ਼ ਕੀਤਾ ਜਾਂਦਾ ਹੈ। ਸੰਪਾਦਨ ਕਾਰਜ ਅਤਿ ਦਾ ਕਠਿਨ ਕਾਰਜ ਹੈ ਜਿਸ ਲਈ ਸੰਪਾਦਕ ਨੂੰ ਇਕੋ ਸਮੇਂ ਵਿਚ ਗੰਭੀਰ ਅਧਿਐਨ-ਕਰਤਾ, ਪਾਰਖੂ, ਖੋਜੀ ਅਤੇ ਸਮਾਲੋਚਕ ਹੋਣਾ ਪੈਂਦਾ ਹੈ। ਅਜਿਹੇ ਗੁਣਾਂ ਦੇ ਧਾਰਨੀ ਹੋ ਕੇ ਹੀ ਕੋਈ ਵਿਦਵਾਨ ਸੰਪਾਦਕ ਕ੍ਰਿਤ ਨੂੰ ਵਧੀਆ ਬਣਾ ਸਕਦਾ ਹੈ। ਹੱਥ-ਲਿਖਤ ਸਾਹਿਤ ਦਾ ਸੰਪਾਦਨ ਕਰਨਾ ਤਾਂ ਇਸ ਤੋਂ ਵੀ ਵਧੇਰੇ ਔਖਾ ਕਾਰਜ ਹੈ। ਕਿਉਂਕਿ ਸੰਪਾਦਤ ਕ੍ਰਿਤ ਵਿਚ ਸਬੰਧਿਤ ਵੇਰਵੇ, ਪਰਖ-ਪੜਚੋਲ, ਪ੍ਰਚਲਿਤ ਪਰੰਪਰਾਵਾਂ ਦੀ ਪੁਣ-ਛਾਣ, ਪੂਰਵ-ਵਰਤੀ ਖੋਜ ਦੀ ਘੋਖ, ਪਾਠ ਨਿਰਧਾਰਨ ਲਈ ਮੂਲ-ਆਧਾਰ ਖਰੜੇ ਦੀ ਚੋਣ ਆਦਿ ਕਰਨੀ ਇਸ ਲਈ ਬੜਾ ਜ਼ਰੂਰੀ ਹੈ। ਇਸ ਤੋਂ ਇਲਾਵਾ ਸੰਪਾਦਕ ਲਈ ਇਹ ਯਤਨ ਹੋਣਾ ਚਾਹੀਦਾ ਹੈ ਕਿ ਇਕੋ ਪੁਸਤਕ ਦੇ ਜਿੰਨੇ ਵੀ ਖਰੜੇ ਸੰਸਥਾਵਾਂ ਜਾਂ ਵਿਅਕਤੀਆਂ ਕੋਲ ਮੌਜੂਦ ਹਨ, ਉਨ੍ਹਾਂ ਦਾ ਸੰਪਾਦਕ ਨੂੰ ਪਤਾ ਹੋਵੇ।

ਡਾ. ਜੱਗੀ ਨੇ 1968 ਈ. ਵਿਚ *ਨਾਨਕ ਬਾਣੀ* ਸੰਪਾਦਿਤ ਕਰਕੇ ਸੰਪਾਦਨਾ ਦੇ ਖੇਤਰ ਵਿਚ ਪ੍ਰਵੇਸ਼ ਕੀਤਾ। ਉਨ੍ਹਾਂ ਨੇ ਸੰਪਾਦਨਾ ਦੇ ਖੇਤਰ ਵਿਚ ਬੜੀਆਂ ਮਹੱਤਵਪੂਰਣ ਰਚਨਾਵਾਂ ਦਿੱਤੀਆਂ ਹਨ। ਉਨ੍ਹਾਂ ਦੀਆਂ ਸੰਪਾਦਿਤ ਕ੍ਰਿਤਾਂ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਉਨ੍ਹਾਂ ਦੀਆਂ ਸੰਪਾਦਿਤ ਰਚਨਾਵਾਂ ਦਾ ਵੇਰਵਾ ਕਾਲ-ਕ੍ਰਮ ਅਨੁਸਾਰ ਨਿਮਨਲਿਖਤ ਅਨੁਸਾਰ ਹੈ:

**(ੳ) ਹੱਥ-ਲਿਖਤ ਸਾਹਿਤ**

1. ਗੁਰਬਾਣੀ ਟੀਕੇ: ਅਨੰਦਘਨ, ਪਟਿਆਲਾ, 1970.
2. ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ, ਚੰਡੀਗੜ੍ਹ, 1972.

3. ਪੁਰਾਤਨ ਜਨਮਸਾਖੀ: ਮੂਲ ਪਾਠ ਅਤੇ ਵਿਸ਼ਲੇਸ਼ਣ, ਪਟਿਆਲਾ, 1984.

4. ਆਸਾ ਦੀ ਵਾਰ ਦਾ ਟੀਕਾ (ਅਨੰਦਘਨ), ਪਟਿਆਲਾ, 1990.

5. ਪੁਰਾਤਨ ਜਨਮਸਾਖੀ ਅਧਿਐਨ ਅਤੇ ਸੰਪਾਦਨ, ਪਟਿਆਲਾ, 2010.

**(ਅ) ਬਾਣੀ**

1. ਗੁਰੂ ਨਾਨਕ ਬਾਣੀ, ਪਟਿਆਲਾ, 1968.

2. ਬਾਣੀ ਸ਼ੇਖ ਫਰੀਦ, ਪਟਿਆਲਾ, 1976.

3. ਬਾਣੀ ਗੁਰੂ ਰਵਿਦਾਸ, ਪਟਿਆਲਾ, 1984.

**(ੲ) ਪੁਸਤਕਾਂ**

1. ਮੋਇਆਂ ਦੀ ਜਾਗ (ਪ੍ਰੋ. ਪੂਰਨ ਸਿੰਘ) ਭਾਗ-1 ਪਟਿਆਲਾ, 1982.

2. ਮੋਇਆਂ ਦੀ ਜਾਗ (ਪ੍ਰੋ. ਪੂਰਨ ਸਿੰਘ) ਭਾਗ-2, ਅਤੇ -3, ਪਟਿਆਲਾ, 1983.

3. ਜੰਗਨਾਮਾ ਸਿੰਘਾਂ ਅਤੇ ਫਰੰਗੀਆਂ, ਪਟਿਆਲਾ, 1983.

4. ਪੰਜਾਬ ਦੇ ਪ੍ਰਮੁੱਖ ਸਾਹਿਤਕਾਰ, ਪਟਿਆਲਾ, 1987.

5. ਮਾਲਵੇ ਦੀ ਕਵੀਸ਼ਰੀ ਪਰੰਪਰਾ, ਪਟਿਆਲਾ,1988.

6. ਸਾਹਿਤ ਅਧਿਐਨ ਵਿਧੀਆਂ, ਪਟਿਆਲਾ,1988.

7. ਪੰਜਾਬ ਦੇ ਪ੍ਰਸਿੱਧ ਸਾਹਿਤਕਾਰ, ਪਟਿਆਲਾ, 1989.

8. ਪੁਰਾਤਨ ਕਾਵਿ ਰਮਜ਼ਾਂ, ਅੰਮ੍ਰਿਤਸਰ, 1991.

9. ਡਾ. ਮੋਹਨ ਸਿੰਘ ਕਵਿਤਾਵਲੀ, ਪਟਿਆਲਾ,1994.

10. ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਪ੍ਰਤਿਨਿਧ ਲੇਖ, ਭਾਗ-1, ਪਟਿਆਲਾ, 1996.

11. ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਪ੍ਰਤਿਨਿਧ ਲੇਖ, ਭਾਗ-2, ਪਟਿਆਲਾ, 1997.

**(ਸ) ਖੋਜ-ਪਤ੍ਰਿਕਾਵਾਂ**

ਸਾਧਾਰਨ ਅੰਕ: 4 ਅਤੇ ਨਿਮਨ ਲਿਖਿਤ ਵਿਸ਼ੇਸ਼ ਅੰਕ: 16

1. ਗੁਰੂ ਅਮਰਦਾਸ ਨੰ: 14, 1979.

2. ਮਹਾਰਾਜਾ ਰਣਜੀਤ ਸਿੰਘ (ਸਮ੍ਰਿਤੀ) ਨੰ: 16, 1980.

3. ਪੂਰਨ ਸਿੰਘ ਨੰ: 17, 1981.

4. ਭਾਈ ਮੋਹਨ ਸਿੰਘ ਵੈਦ (ਸਮ੍ਰਿਤੀ ਅੰਕ) ਨੰ: 18, 1981.

5. ਗਲਪ, ਨੰ: 1982.

6. ਭਾਈ ਜੋਧ ਸਿੰਘ (ਸਮ੍ਰਿਤੀ ਅੰਕ) ਨੰ: 20, 1982.

7. ਪੁਰਾਤਨ ਵਾਰਤਕ, ਨੰ: 21, 1983.

8. ਆਧੁਨਿਕ ਕਾਵਿ ਨੰ: 22, 1983.

9. ਸਾਈਂ ਬੁੱਲ੍ਹੇ ਸ਼ਾਹ, ਨੰ: 23, 1984.

10. ਨਾਟਕ, ਨੰ: 26, 1985.

11. ਗੁਰਮਤਿ ਕਾਵਿ, ਨੰ: 26, 1985.

12. ਕਿੱਸਾ ਕਾਵਿ, ਨੰ: 27, 1986.

13. ਨਿਬੰਧ, ਨੰ: 29, 1987.

14. ਸਾਹਿਤਕ ਵਾਦ ਭਾਗ-1 ਨੰ: 31, 1988.

15. ਸਾਹਿਤਕ ਵਾਦ ਭਾਗ-2 ਨੰ: 32, 1988.

16. ਸੂਫ਼ੀ ਕਾਵਿ, ਨੰ: 33, 1989.

ਇਹਨਾਂ ਰਚਨਾਵਾਂ ਵਿਚੋਂ ਉਨ੍ਹਾਂ ਦੁਆਰਾ ਸੰਪਾਦਿਤ ਅਤਿ ਮਹੱਤਵਪੂਰਣ ਗ੍ਰੰਥ *ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ* ਦੀ ਉਦਾਹਰਣ ਦੇਖੀ ਜਾ ਸਕਦੀ ਹੈ। ਇਸ ਗ੍ਰੰਥ ਦੀ ਸੰਪਾਦਨਾ ਕਰਨ ਸਮੇਂ ਇੰਨ੍ਹਾਂ ਦੀ ਸੰਪਾਦਨ-ਪ੍ਰਤਿਭਾ ਬੜੀ ਕੁਸ਼ਲਤਾ ਅਤੇ ਸੰਪੰਨਤਾ ਨਾਲ ਉਘੜੀ ਹੈ। ਡਾ. ਜੱਗੀ ਨੇ ਇਸ ਗ੍ਰੰਥ ਦੀ ਸੰਪਾਦਨਾ ਅਤੇ ਵਿਸ਼ਲੇਸ਼ਣ ਇਸ ਦੀ ਇਤਿਹਾਸਕ ਮਹੱਤਤਾ ਨੂੰ ਮੁੱਖ ਰੱਖ ਕੇ ਕੀਤਾ ਹੈ। ਜਿਸ ਬਾਰੇ ਉਹ ਖ਼ੁਦ ਲਿਖਦੇ ਹਨ 'ਸੰਨ 1972 ਵਿਚ ਆਪਣਾ ਡੀ. ਲਿਟ. ਦਾ ਸ਼ੋਧ-ਪ੍ਰਬੰਧ ਲਿਖ ਚੁਕਣ ਤੋਂ ਬਾਦ ਮੈਂ ਕੇਸਰ ਸਿੰਘ ਛਿੱਬਰ ਰਚਿਤ *ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ* ਨੂੰ ਸੰਪਾਦਨ ਕਰਨ ਦਾ ਮਨ ਬਣਾਇਆ। ਮਹੱਤਵਪੂਰਣ ਸਿੱਖ ਇਤਿਹਾਸਕ ਸਾਮਗ੍ਰੀ ਨਾਲ ਭਰਪੂਰ ਇਹ ਰਚਨਾ ਹੱਥ-ਲਿਖਤਾਂ ਦੇ ਰੂਪ ਵਿਚ ਹੀ ਉਪਲਬਧ ਸੀ। ਇਸ ਦੇ ਅਨੇਕ ਤੱਥ ਸਿੱਖ ਇਤਿਹਾਸ ਬਾਰੇ ਨਵੇਂ ਦੁਆਰ ਖੋਲ੍ਹਦੇ ਸਨ।'[71]

ਗੁਰ ਅਤੇ ਸਿੱਖ ਇਤਿਹਾਸ ਦੇ ਸੋਮਿਆਂ ਵਿਚ *ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ* ਦਾ ਮਹੱਤਵਪੂਰਨ ਸਥਾਨ ਹੈ। ਇਹ ਰਚਨਾ ਕੇਵਲ 'ਕੁਰਸੀਨਾਮਾ' ਹੀ ਨਹੀਂ ਬਲਕਿ ਦਸ ਗੁਰੂ ਸਾਹਿਬਾਨ ਦੇ ਜੀਵਨ ਬਾਰੇ ਲਾਭਦਾਇਕ ਜਾਣਕਾਰੀ ਪੇਸ਼ ਕਰਦੀ ਹੈ। ਇਸ ਵਿਚ ਥਾਂ-ਥਾਂ 'ਤੇ ਮਿਤੀਆਂ ਜਾਂ ਸੰਮਤਾਂ ਦੁਆਰਾ ਗੁਰੂ ਸਾਹਿਬਾਨ ਦੇ ਵੰਸ਼ ਬਾਰੇ ਵੀ ਵਿਚਾਰ ਕੀਤੀ ਗਈ ਹੈ।

---

[71] *ਅਮਲ ਜਿ ਕੀਤੇ ਦੁਨੀ ਵਿਚਿ,* ਪੰ.143.

ਇਸ ਵਿਚ ਲੇਖਕ ਨੇ ਲਗਪਗ 150 ਸੰਮਤ ਦਿੱਤੇ ਹਨ। ਭਾਵੇਂ ਸਾਰੇ ਸੰਮਤਾਂ ਨੂੰ ਸਹੀ ਪ੍ਰਵਾਨ ਨਹੀਂ ਕੀਤਾ ਜਾ ਸਕਦਾ ਪਰ ਇਸ ਰਚਨਾ ਦੇ ਤੱਥਾਂ ਅਤੇ ਨਿਰੀਖਣ ਪਿਛੇ ਕੇਸਰ ਸਿੰਘ ਛਿੱਬਰ ਦੀ 70 ਸਾਲਾਂ ਦੀ ਕਠਿਨ ਮਿਹਨਤ ਹੈ। ਇਸ ਨੂੰ ਗੁਰੂ ਸਾਹਿਬਾਨ ਦੀ ਸੰਪੂਰਨ ਜੀਵਨੀ ਤਾਂ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਸ ਵਿਚ ਉਨ੍ਹਾਂ ਦੇ ਜੀਵਨ ਬਾਰੇ ਜਿਆਦਾ ਵਿਸਥਾਰ ਨਹੀਂ ਮਿਲਦਾ ਅਤੇ ਨਾ ਹੀ ਦਿਤਾ ਇਤਿਹਾਸ ਲੜੀਵਾਰ ਪੇਸ਼ ਕੀਤਾ ਗਿਆ ਹੈ। ਪਰ ਫਿਰ ਵੀ ਲੇਖਕ ਨੇ ਉਨ੍ਹਾਂ ਦੇ ਜੀਵਨ ਬਾਰੇ ਬਹੁਤ ਹੀ ਮਹੱਤਵਪੂਰਣ ਜਾਣਕਾਰੀ ਮੁਹੱਈਆ ਕਰਵਾਈ ਹੈ। ਇਸ ਤੋਂ ਇਲਾਵਾ ਉਸ ਵਲੋਂ ਦਿੱਤੇ ਗਏ ਕਈ ਸੰਮਤ ਮੰਨਣਯੋਗ ਵੀ ਨਹੀਂ ਹਨ, ਜਿਵੇਂ ਉਹ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਕਲਨ ਦਾ ਸਮਾਂ 1658 ਬਿ. ਸੰਮਤ ਦਿੰਦਾ ਹੈ ਪਰ ਜਦਕਿ ਇਸ ਦਾ ਸਹੀ ਸਮਾਂ 1661 (1604 ਈ.) ਬਿ. ਸੰਮਤ ਬਣਦਾ ਹੈ।

ਇਸ ਗ੍ਰੰਥ ਦੇ ਕਾਵਿ-ਰੂਪ ਵਿਚ ਕੁੱਲ ਚੌਦਾਂ ਅਧਿਆਇ ਹਨ। ਜਿਸ ਵਿਚ ਪਹਿਲੇ ਦਸ ਅਧਿਆਵਾਂ ਵਿਚ ਦਸ ਗੁਰੂ ਸਾਹਿਬਾਨਾਂ, ਗਿਆਰ੍ਹਵੇਂ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੇ ਕਾਰਨਾਮਿਆਂ ਦਾ ਜ਼ਿਕਰ, ਬਾਰ੍ਹਵੇਂ ਵਿਚ ਬਾਬਾ ਜੀਤ ਸਿੰਘ, ਤੇਰ੍ਹਵੇਂ ਵਿਚ ਮਾਤਾ ਸਾਹਿਬ ਕੌਰ ਅਤੇ ਚੌਦ੍ਹਵੇਂ ਵਿਚ ਸਮਕਾਲੀ ਸਿੱਖਾਂ ਦਾ ਵਰਨਣ ਕੀਤਾ ਗਿਆ ਹੈ। ਇਸ ਗ੍ਰੰਥ ਦੇ ਮੁੱਢ ਵਿਚ ਇਸ ਦਾ ਨਾਂ *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ* ਲਿਖਿਆ ਹੈ, ਪਰ 14ਵੇਂ ਚਰਣ (ਛੰਦਾਂਕ 399) ਵਿਚ ਇਸ ਨੂੰ '*ਕੁਰਸੀਨਾਮਾ*' ਵੀ ਕਿਹਾ ਗਿਆ ਹੈ। ਇਸ ਦੀ ਰਚਨਾ ਅੰਦਰਲੀ ਗਵਾਹੀ ਅਨੁਸਾਰ ਸੰ. 1826 ਬਿ. (1769 ਈ.) ਵਿਚ ਹੋਈ ਸੀ।[72]

---

[72] *ਸਿੱਖ ਪੰਥ ਵਿਸ਼ਵਕੋਸ਼,* (ਭਾਗ ਦੂਜਾ), ਪੰ.1297.

ਡਾ. ਜੱਗੀ ਨੇ ਇਸ ਨੂੰ ਸੰਪਾਦਿਤ ਕਰਨਿ ਸਮੇਂ ਲੰਮੀ ਭੂਮਿਕਾ ਲਿਖੀ ਹੈ। ਜਿਸ ਵਿਚ ਉਨ੍ਹਾਂ ਨੇ ਇਸ ਗ੍ਰੰਥ ਦੇ ਸੰਮਤਾਂ ਬਾਰੇ ਸਹਿਮਤ ਅਤੇ ਅਸਹਿਮਤ ਵਿਦਵਾਨਾਂ ਬਾਰੇ ਜ਼ਿਕਰ ਕੀਤਾ ਹੈ। ਫਿਰ ਇਸ ਦੇ ਰਚੈਤਾ ਅਤੇ ਉਸ ਦੇ ਖਾਨਦਾਨ ਬਾਰੇ ਵਿਸਤਰਿਤ ਜਾਣਕਾਰੀ ਦਿੱਤੀ ਹੈ। ਉਨ੍ਹਾਂ ਨੇ ਇਹ ਵੀ ਦਸਿਆ ਹੈ ਕਿ ਇਹ ਕਵੀ ਸਾਧਾਰਣ ਬੁੱਧੀ ਅਤੇ ਜਟਕੀ ਪ੍ਰਤਿਭਾ ਤੁਕੜ ਕਵੀ ਹੈ। ਜੋ ਸਿੱਖ ਹੁੰਦਾ ਹੋਇਆ ਵੀ ਬ੍ਰਹਮਣਵਾਦ ਦੀ ਸਥਾਪਨਾ ਕਰਦਾ ਹੈ ਅਤੇ ਇਸ ਝਰੋਖੇ ਵਿਚੋਂ ਗੁਰੂ ਚਰਿਤ੍ਰਾਂ ਨੂੰ ਚਿਤ੍ਰਣ ਦਾ ਜਤਨ ਕਰਦਾ ਹੈ।[73]

ਇਸ ਗ੍ਰੰਥ ਦਾ ਰਚਨਾ ਕਾਲ ਉਨ੍ਹਾਂ ਨੇ ਵੱਖ-ਵੱਖ ਪੋਥੀਆਂ ਦੇਖ ਕੇ ਅਤੇ ਅੰਦਰਲੀਆਂ ਗਵਾਹੀਆਂ ਦੇ ਆਧਾਰ ਤੇ 1826 ਬਿ. ਸਿੱਧ ਕੀਤਾ ਹੈ। ਫਿਰ ਕੁਲ ਚਰਣਾਂ ਦਾ ਜੋੜ 1417 ਦੱਸਿਆ ਹੈ, ਨਾਲ ਹੀ ਛਿੱਬਰ ਦੁਆਰਾ ਦਿੱਤੇ ਗਏ ਜੋੜ 1909 ਨੂੰ ਗਲਤ ਦੱਸਿਆ ਹੈ। ਉਹ ਇਸ ਪੁਸਤਕ ਦੀ ਪਹਿਲੀ ਵਿਸ਼ੇਸ਼ਤਾ ਇਸ ਵਿਚ ਦਿੱਤੇ ਗਏ ਸੰਮਤਾਂ ਨੂੰ ਮੰਨਦੇ ਹਨ। ਉਨ੍ਹਾਂ ਅਨੁਸਾਰ ਸਿੱਖ ਇਤਿਹਾਸ ਦੇ ਕਿਸੇ ਵੀ ਗ੍ਰੰਥ ਵਿਚ ਇੰਨੇ ਸੰਮਤ ਨਹੀਂ ਦਿੱਤੇ ਗਏ। ਨਾਲ ਹੀ ਭਾਈ ਮਹਾਂ ਸਿੰਘ ਰਚਿਤ ਪੋਥੀ *ਪਰਮ ਪਵਿਤਰ ਆਦਿ ਬੀੜ ਦਾ ਸੰਕਲਨਾ ਕਾਲ* ਦੇ ਆਧਾਰ 'ਤੇ ਇਸ ਵਿਚਲੇ ਸੰਮਤਾਂ ਨੂੰ ਸਹੀ ਮੰਨਣ ਤੋਂ ਪਹਿਲਾਂ ਛਾਣਬੀਣ ਕਰਨ ਦੀ ਚਿਤਾਵਨੀ ਵੀ ਦੇ ਦਿੱਤੀ ਹੈ।[74] ਇਸ ਗ੍ਰੰਥ ਦੀ ਦੂਜੀ ਵਿਸ਼ੇਸ਼ਤਾ ਆਦਿ ਗ੍ਰੰਥ ਅਤੇ *ਦਸਮ ਗ੍ਰੰਥ* ਦੇ ਸੰਕਲਨ ਸਮੇਂ ਬਾਰੇ ਵਿਵਾਦਮਈ ਕਥਨ, ਤੀਜੀ ਵਿਸ਼ੇਸ਼ਤਾ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ

---

[73] *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਪਰਖ,* (ਸੰਪਾ.), ਸੁਰਿੰਦਰ ਸਿੰਘ ਕੋਹਲੀ, ਪੰਨਾ-ਕ

[74] *ਪੂਰਵ ਅੰਕਿਤ*, ਪੰ.ਘ.

ਪਦ ਪ੍ਰਦਾਨ ਕਰਨ ਦਾ ਉਲੇਖ, ਚੌਥੀ ਵਿਸ਼ੇਸ਼ਤਾ ਗੁਰੂ ਗ੍ਰੰਥ ਸਾਹਿਬ ਨੂੰ ਅੰਤਿਮ ਰੂਪ ਦੇਣ ਸੰਬੰਧੀ ਉਲੇਖ, ਪੰਜਵੀਂ ਵਿਸ਼ੇਸ਼ਤਾ ਗੁਰਮੁਖੀ ਲਿਪੀ ਦੇ ਪ੍ਰਚਲਨ ਦਾ ਸ਼੍ਰੇਯ ਬਾਬਾ ਸ੍ਰੀ ਚੰਦ ਨੂੰ ਦੇਣ ਦਾ ਉਲੇਖ, ਛੇਵੀਂ ਵਿਸ਼ੇਸ਼ਤਾ ਸ੍ਰੀ ਗੁਰੂ ਗੋਬਿੰਦ ਸਿੰਘ ਦੁਆਰਾ ਪੰਥ ਨੂੰ ਚਾਰ ਵਰਗਾਂ ਦੀਦਾਰੀ, ਮੁਕਤੇ, ਮਾਇਕੀ ਅਤੇ ਮੁਰੀਦ ਸਿੱਖਾਂ ਵਿਚ ਵੰਡਣਾ ਆਦਿ ਹਨ। ਇਨ੍ਹਾਂ ਤੋਂ ਇਲਾਵਾ ਸਿੱਖ ਅਤੇ ਸਿੰਘ ਵਿਚ ਅੰਤਰ, ਗੁਰੂ ਗੋਬਿੰਦ ਸਿੰਘ ਦੇ ਜੋਤੀ-ਜੋਤਿ ਤੋਂ ਬਾਅਦ ਪੰਥ ਦੀ ਦੁਖਦਾਈ ਸਥਿਤੀ ਦਾ ਜ਼ਿਕਰ ਵੀ ਇਸ ਰਚਨਾ ਦੀਆਂ ਵਿਸ਼ੇਸ਼ਤਾਵਾਂ ਵਿਚ ਸ਼ਾਮਿਲ ਕੀਤਾ ਜਾ ਸਕਦਾ ਹੈ।

*ਬੰਸਾਵਲੀਨਾਮਾ* ਵਿਚ ਵਰਤੀ ਗਈ ਸ੍ਰੋਤ ਸਾਮਗ੍ਰੀ ਦਾ ਜ਼ਿਕਰ ਵੀ ਡਾ. ਜੱਗੀ ਨੇ ਇਸ ਦੇ ਆਧਾਰ ’ਤੇ ਕੀਤਾ ਹੈ। ਜਿਸ ਵਿਚ ਕਵੀ ਵਲੋਂ ਸੁਣੀਆਂ-ਸੁਣਾਈਆਂ ਗੱਲਾਂ, *ਭਾਈ ਬਾਲੇ ਵਾਲੀ ਜਨਮਸਾਖੀ* ਅਤੇ *ਬਚਿਤ੍ਰ ਨਾਟਕ* ਨੂੰ ਸ੍ਰੋਤ ਵਜੋਂ ਵਰਤਣ ਦੀ ਚਰਚਾ ਕੀਤੀ ਹੈ। ਇਸ ਤੋਂ ਇਲਾਵਾ ਇਨ੍ਹਾਂ ਨੇ ਗ੍ਰੰਥ ਦੀ ਪਰਵਿਰਤੀ ਜੋ ਕਿ ਪੌਰਾਣਿਕ ਹੈ ਬਾਰੇ ਚਰਚਾ ਕੀਤੀ ਹੈ ਅਤੇ ਆਪਣੀ ਸੰਪਾਦਨ ਤਕਨੀਕ ਦਾ ਵੀ ਉਲੇਖ ਕੀਤਾ ਹੈ।

ਇਸ ਗ੍ਰੰਥ ਵਿਚ ਦਿੱਤੀ ਮਹੱਤਵਪੂਰਣ ਇਤਿਹਾਸਕ ਸਮਗਰੀ ਨੂੰ ਪੇਸ਼ ਕਰਨਾ ਇਕ ਕਠਿਨ, ਮਿਹਨਤ ਅਤੇ ਲਗਨ ਵਾਲਾ ਕਾਰਜ ਸੀ। ਜਿਸ ਦਾ ਉਨ੍ਹਾਂ ਨੇ ਵਿਸ਼ੇਸ ਧਿਆਨ ਰਖਿਆ ਹੈ। ਉਨ੍ਹਾਂ ਅਨੁਸਾਰ ਇਸ ਪੁਰਾਤਨ ਗ੍ਰੰਥ ਪ੍ਰਤਿ ਵਿਦਵਾਨਾਂ ਦੀਆਂ ਵਖਰੀਆਂ-ਵਖਰੀਆਂ ਸਥਾਪਨਵਾਂ ਹਨ। ਕੁਝ ਵਿਦਵਾਨ ਇਸ ਗ੍ਰੰਥ ਦੇ ਸੰਮਤਾਂ ਨੂੰ ਪ੍ਰਮਾਣਿਕ ਮੰਨਦੇ ਹਨ ਜਦਕਿ ਕੁਝ ਅਪ੍ਰਮਾਣਿਕ। ਡਾ. ਜੱਗੀ ਨੇ ਬੜੀ ਗਹਿਰੀ ਦ੍ਰਿਸ਼ਟੀ ਨਾਲ ਇਸ ਗ੍ਰੰਥ ਦੇ ਸੰਮਤਾਂ

ਅਤੇ ਹੋਰ ਮਹੱਤਵਪੂਰਣ ਨੁਕਤਿਆਂ ਨੂੰ ਪੇਸ਼ ਕੀਤਾ ਹੈ।

ਡਾ.ਜੱਗੀ ਸ਼ੁਰੂ ਵਿਚ ਇਸ ਗ੍ਰੰਥ ਦਾ ਨਾਮ ਅੰਦਰਲੀਆਂ ਗਵਾਹੀਆਂ ਦੇ ਆਧਾਰ ’ਤੇ 'ਕੁਰਸੀਨਾਮਾ' ਵੀ ਦਸਦੇ ਹਨ। ਉਹ ਕਹਿੰਦੇ ਹਨ ਕਿ ਕੇਸਰ ਸਿੰਘ ਨਾਲ ਜੁੜਿਆ 'ਛਿੱਬਰ' ਸ਼ਬਦ ਜੰਮੂ ਦੇ ਬ੍ਰਾਹਮਣਾਂ ਦਾ ਇਕ ਗੋਤ ਹੈ। ਭੂਮਿਕਾ ਵਿਚ ਉਨ੍ਹਾਂ ਨੇ ਕੇਸਰ ਸਿੰਘ ਛਿੱਬਰ ਦੇ ਜੀਵਨ, ਰਚਨਾ, ਕਲਾਤਮਕ ਵਿਸ਼ੇਸ਼ਤਾਵਾਂ ਅਤੇ ਹੋਰ ਪੱਖਾਂ ਬਾਰੇ ਚਾਨਣਾ ਪਾਇਆ ਹੈ। ਕੇਸਰ ਸਿੰਘ ਦੇ ਪਰਿਵਾਰਕ ਪਿਛੋਕੜ ਦਾ ਸਵਾਲ ਉਠਾਉਂਦਿਆਂ ਇਸ ਗੰਥ ਦੇ ਆਧਾਰ ’ਤੇ ਦੱਸਦੇ ਹਨ ਕਿ ਭਾਈ ਕੇਸਰ ਸਿੰਘ ਛਿੱਬਰ, ਦੀਵਾਨ ਧਰਮ ਚੰਦ ਦਾ ਪੋਤਾ ਅਤੇ ਗੁਰਬਖ਼ਸ ਸਿੰਘ ਦਾ ਪੁਤਰ ਪ੍ਰਤੀਤ ਹੁੰਦਾ ਹੈ।[75]

ਇਸ ਤੋਂ ਇਲਾਵਾ ਉਨ੍ਹਾਂ ਦੀ ਵਿਉਂਤ-ਵਿਧੀ ਤੇ ਪੇਸ਼ਕਾਰੀ ਵੀ ਬਹੁਤ ਕਮਾਲ ਦੀ ਹੈ। ਉਨ੍ਹਾਂ ਨੇ ਕੇਸਰ ਸਿੰਘ ਛਿਬਰ ਅਤੇ ਉਨ੍ਹਾਂ ਦੀ ਰਚਨਾ ਬਾਰੇ ਬਹੁਤ ਸੰਖੇਪ ਤੇ ਅਨੁਕੂਲ ਸ਼ਬਦਾਂ ਰਾਹੀਂ ਬਿਆਨ ਕੀਤਾ ਹੈ। ਸੰਪਾਦਕੀ ਦਾ ਦੂਜਾ ਕਾਰਜ ਉਨ੍ਹਾਂ ਨੇ ਅਹਿਮ ਨੁਕਤਿਆਂ ਨੂੰ ਕਲਮ-ਬੱਧ ਕੀਤਾ ਹੈ। ਪੁਸਤਕ ਵਿਚਲੇ ਵਿਸ਼ੇ ਨੂੰ ਪੜ੍ਹਨਾ, ਉਸ ਦੇ ਮੁੱਖ ਤੇ ਕੇਂਦਰੀ ਭਾਵ ਤਕ ਪੁੱਜਣਾ ਅਤੇ ਪ੍ਰਮੁੱਖ ਮੁੱਦੇ ਨੂੰ ਆਪਣੇ ਸ਼ਬਦਾਂ ਵਿਚ ਵਿਉਂਤ ਨਾਲ ਪੇਸ਼ ਕਰਨਾ, ਕੋਈ ਸੌਖਾ ਕੰਮ ਨਹੀਂ ਸੀ, ਪ੍ਰੰਤੂ ਉਨ੍ਹਾਂ ਨੇ ਸੁਹਿਰਦਤਾ ਨੂੰ ਮੁੱਖ ਰਖਦਿਆਂ ਲਗਨ, ਮਿਹਨਤ ਅਤੇ ਸਿਰੜਤਾ ਨਾਲ ਇਹ ਕਾਰਜ ਪੂਰਾ ਕੀਤਾ।

ਡਾ. ਜੱਗੀ ਦੁਆਰਾ *ਦਸਮ ਗ੍ਰੰਥ* ਦੀ ਕੀਤੀ ਸੰਪਾਦਨ ਤੇ ਵਿਆਖਿਆ ਵੀ ਇਕ

---

[75] *ਪੂਰਵ ਅੰਕਿਤ,* ਪੰ.ਏ.

ਮਹੱਤਵਪੂਰਣ ਰਚਨਾ ਹੈ। ਇਸ ਰਚਨਾ ਦੀ ਭੂਮਿਕਾ ਵਿਚ ਇਨ੍ਹਾਂ ਨੇ ਦਸਮ ਗ੍ਰੰਥ ਬਾਰੇ ਬਹੁ-ਮੁਲੀ ਜਾਣਕਾਰੀ ਦਿੰਦੇ ਹੋਏ *ਦਸਮ ਗ੍ਰੰਥ* ਦੀਆਂ ਬੀੜਾਂ ਦਾ ਜ਼ਿਕਰ ਕਰਦੇ ਹੋਏ ਵਿਚਲੀਆਂ ਬਾਣੀਆਂ ਦੀ ਜਾਣਕਾਰੀ ਦਿੰਦੇ ਹਨ। ਇਸ ਗ੍ਰੰਥ ਦੀ ਪ੍ਰਮਾਣਿਕਤਾ ਸੰਬੰਧੀ ਵਿਰੋਧ ਇਸ ਦੇ ਸੰਕਲਨ ਕਾਲ ਤੋਂ ਹੀ ਚਲ ਪਿਆ ਸੀ ਅਤੇ ਅੱਜ ਤਕ ਚਲ ਰਿਹਾ ਹੈ। ਇਨ੍ਹਾਂ ਅਨੁਸਾਰ ਇਸ ਗ੍ਰੰਥ ਦਾ ਕਰਤਿਤਵ ਦਸਮ ਗੁਰੂ ਨਾਲ ਨਹੀਂ ਜੁੜਦਾ ਇਸ ਵਿਚ ਕਵੀਆਂ ਦੀਆਂ ਰਚਨਾਵਾਂ ਹਨ। ਗੁਰੂ ਸਾਹਿਬ ਦੀਆਂ ਆਪਣੀਆਂ ਪ੍ਰਮਾਣਿਕ ਰਚਨਾਵਾਂ ਜਾਪੁ, ਅਕਾਲ ਉਸਤਤਿ, (201 ਤੋਂ 230 ਤਕ ਦੇ ਭਾਗ ਨੂੰ ਛੱਡ ਕੇ ) ਸਵੈਏ, ਜ਼ਫਰਨਾਮਾ ਆਦਿ ਹਨ।

ਪੁਸਤਕ *ਫਰੀਦ ਬਾਣੀ* ਵਿਚ ਲੰਮੀ ਬਹਿਸ ਇਸ ਪ੍ਰਸ਼ਨ ’ਤੇ ਕੀਤੀ ਗਈ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਸ਼ੇਖ ਫ਼ਰੀਦ ਦੀ ਆਪਣੀ ਹੈ ਜਾਂ ਉਨ੍ਹਾਂ ਦੇ ਗੱਦੀਦਾਰ ਸ਼ੇਖ ਬ੍ਰਹਮ ਦੀ। ਪ੍ਰੰਤੂ ਵੱਖ-ਵੱਖ ਵਿਦਵਾਨਾਂ ਦੇ ਵਿਚਾਰਾਂ ਦੇ ਆਧਾਰ ’ਤੇ ਇਸ ਬਾਣੀ ਨੂੰ ਬਾਬਾ ਫ਼ਰੀਦ ਜੀ ਦੀ ਹੀ ਮੰਨਿਆ ਹੈ। ਇਸ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਦੀ ਬਾਹਰਲੀ ਬਾਣੀ ਬਾਰੇ ਵੀ ਕਾਫ਼ੀ ਵਿਚਾਰ ਚਰਚਾ ਕੀਤੀ ਹੈ। ਜਿਸ ਵਿਚ ਮਸਲੇ ਸ਼ੇਖ ਫ਼ਰੀਦ ਕੇ ਦਾਦੂ ਵਿਚਲੀ ਗੁਟਕੇ ਵਿਚਲੀ ਬਾਣੀ, ਡਾ. ਮਨਮੋਹਨ ਸਿੰਘ ਦੇ ਸੰਕਲਨ, ਪਿਆਰਾ ਸਿੰਘ ਪਦਮ ਦੇ ਸੰਕਲਨ, ਫ਼ਰੀਦ ਜੀ ਦਾ ਪੱਧਤੀਨਾਮਾ, ਕਾਫ਼ੀ ਸ਼ੇਖ ਫ਼ਰੀਦ ਕੀ, ਦੀਵਾਨ ਫ਼ਰੀਦ ਆਦਿ ਰਚਨਾਵਾਂ ਨਾਲ ਸੰਵਾਦ ਰਚਾਇਆ ਗਿਆ ਹੈ। ਜਿਨ੍ਹਾਂ ਦਾ ਕਰਤ੍ਰਿਤਵ ਸੰਦਿਗਧ ਹੋਣ ਦੀ ਸੰਭਾਵਨਾ ਪ੍ਰਗਟ ਕੀਤੀ ਗਈ ਹੈ। ਪ੍ਰੰਤੂ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਦੇ ਸੰਬੰਧ ਵਿਚ ਅਜਿਹਾ ਨਹੀਂ। ਇਸ ਪੁਸਤਕ ਦਾ ਦੂਜਾ ਭਾਗ ਜਾਂ ਮੂਲ ਭਾਗ ਵਿਚ ਫ਼ਰੀਦ ਜੀ ਦੀ ਬਾਣੀ ਦੀ

ਵਿਆਖਿਆ ਕੀਤੀ ਗਈ ਹੈ। ਇਥੇ ਇਹ ਵੀ ਧਿਆਨ ਰੱਖਿਆ ਗਿਆ ਹੈ ਕਿ ਉਨ੍ਹਾਂ ਦੇ ਵਿਚਾਰਾਂ ਨੂੰ ਸੰਬੋਧਿਤ ਗੁਰਬਾਣੀ ਦੇ ਸਲੋਕਾਂ ਦੀ ਵਿਆਖਿਆ ਵੀ ਨਾਲ ਕਰ ਦਿਤੀ ਗਈ ਹੈ।

ਮੱਧਕਾਲੀਨ ਸਾਹਿਤ ਦੀ ਖੋਜ ਅਤੇ ਸੰਪਾਦਨਾ ਤਾਂ ਬਹੁਤ ਜਿਆਦਾ ਕਠਿਨ ਹੈ। ਜਿਸ ਲਈ ਸਾਹਿਤਕ ਚੇਤਨਤਾ ਤੋਂ ਇਲਾਵਾ ਧਿਆਨ ਬਿਰਤੀ ਅਤੇ ਅਤਿ ਦੇ ਸਿਰੜ ਦੀ ਲੋੜ ਹੁੰਦੀ ਹੈ। ਮਿਹਨਤ, ਲਗਨ ਅਤੇ ਸੱਚਾਈ ਨੂੰ ਦ੍ਰਿਸ਼ਟਮਾਨ ਕਰਨਾ ਉਨ੍ਹਾਂ ਦੇ ਜੀਵਨ ਦਾ ਸੱਚ ਹੈ। ਇਸਦਾ ਪ੍ਰਤੱਖ ਪ੍ਰਮਾਣ ਉਨ੍ਹਾਂ ਵਲੋਂ ਸੰਪਾਦਿਤ ਕੀਤੀ ਪੁਸਤਕ *ਪੁਰਾਤਨ ਜਨਮਸਾਖੀ: ਅਧਿਐਨ ਅਤੇ ਸੰਪਾਦਨ* ਵਿੱਚ ਵੇਖਿਆ ਜਾ ਸਕਦਾ ਹੈ। ਉਨ੍ਹਾਂ ਨੇ ਇਸ ਪੁਸਤਕ ਦੇ ਅੱਠ ਅਧਿਆਇ ਬਣਾਏ ਹਨ। ਜਿਸ ਵਿਚ ਜਨਮਸਾਖੀ ਪਰੰਪਰਾ ਕੀ ਹੈ? ਇਸ ਵਿਚ ਕਿਹੜੀਆਂ-ਕਿਹੜੀਆਂ ਜਨਮਸਾਖੀਆਂ ਸ਼ਾਮਿਲ ਕੀਤੀਆਂ ਜਾਂਦੀਆਂ ਹਨ। ਇਹ ਪਹਿਲੇ ਅਧਿਆਇ ਦਾ ਵਿਸ਼ਾ ਹੈ। ਇਸ ਵਿਚ ਉਨ੍ਹਾਂ ਨੇ ਜਨਮਸਾਖੀ ਦੀ ਪਰਿਭਾਸ਼ਾ ਜਾਂ ਅਰਥ ਦਸਣ ਤੋਂ ਇਲਾਵਾ ਚਾਰ ਜਨਮਸਾਖੀਆਂ (ਪੁਰਾਤਨ, ਮਿਹਰਬਾਨ, ਭਾਈ ਬਾਲਾ ਅਤੇ ਭਾਈ ਮਨੀ ਸਿੰਘ) ਸ਼ਾਮਿਲ ਕੀਤੀਆਂ ਹਨ। ਇਸ ਦੇ ਨਾਲ ਹੀ ਪੁਰਾਤਨ ਜਨਮਸਾਖੀ ਨਾਲ ਮੇਲ ਖਾਂਦੀਆਂ ਹੋਰ ਜਨਮਸਾਖੀਆਂ, ਜਿਨ੍ਹਾਂ ਵਿਚ *ਆਦਿ ਸਾਖੀਆਂ, ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ, ਪ੍ਰਾਚੀਨ ਜਨਮਸਾਖੀ, ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ* ਆਦਿ ਦਾ ਵੀ ਵਿਸਤ੍ਰਿਤ ਅਧਿਐਨ ਕੀਤਾ ਹੈ। ਦੂਜੇ ਅਧਿਆਇ ਵਿਚ ਪੁਰਾਤਨ ਜਨਮਸਾਖੀ ਦੇ ਕਰਤ੍ਰਿਤਵ ਦਾ ਮਸਲਾ ਵਿਚਾਰਿਆ ਹੈ। ਜਿਸ ਦੇ ਸੰਬੰਧ ਵਿਚ ਪ੍ਰੋ. ਗੁਰਮੁਖ ਸਿੰਘ, ਪ੍ਰੋ. ਸਾਹਿਬ ਸਿੰਘ, ਪ੍ਰੋ. ਪਿਆਰ ਸਿੰਘ ਅਤੇ ਡਾ. ਜਗਜੀਤ ਸਿੰਘ, ਪ੍ਰੋ. ਪ੍ਰੀਤਮ ਸਿੰਘ, ਪ੍ਰੋ. ਗੁਰਚਰਨ ਸਿੰਘ, ਡਾ. ਸਾਧੂ

ਰਾਮ ਸ਼ਾਰਦਾ ਆਦਿ ਵਿਦਵਾਨਾਂ ਦੇ ਵਿਚਾਰਾਂ ਨੂੰ ਘੋਖਣ ਉਪਰੰਤ ਇਹ ਨਿਰਣਾ ਦਿਤਾ ਹੈ ਕਿ ਇਸ ਰਚਨਾ ਦਾ ਰਚਨਾਕਾਰ ਪਿੰਡੀਘੇਬ ਨਗਰ ਦਾ ਨਿਵਾਸੀ ਸੇਵਾ ਦਾਸ ਨਾਂ ਦਾ ਕੋਈ ਸਾਧਿਕ ਸੀ ਜਿਸ ਨੂੰ ਸਾਹਿਤ ਦੀਆਂ ਕਲਾਤਮਕ ਸੂਖਮਤਾਵਾਂ ਦਾ ਚੰਗਾ ਗਿਆਨ ਸੀ।[76] ਤੀਜੇ ਅਧਿਆਇ ਵਿਚ ਇਸ ਦੇ ਰਚਨਾ ਕਾਲ ਉਤੇ ਬਹਿਸ ਕੀਤੀ ਗਈ ਹੈ। ਜਿਸ ਵਿਚ ਦੂਜੇ ਅਧਿਆਇ ਵਾਲੇ ਵਿਦਵਾਨਾਂ ਤੋਂ ਇਲਾਵਾ ਭਾਈ ਵੀਰ ਸਿੰਘ ਦੇ ਵਿਚਾਰਾਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ ਅਤੇ ਇਹ ਸਿੱਧ ਕੀਤਾ ਗਿਆ ਹੈ ਕਿ ਇਹ ਰਚਨਾ ਗੁਰੂ ਗ੍ਰੰਥ ਦੇ ਸੰਪਾਦਨ ਤੋਂ ਪਹਿਲਾਂ ਗੁਰੂ ਅਰਜਨ ਦੇਵ ਜੀ ਦੇ ਗੁਰ ਗੱਦੀ ਉਪਰ ਬੈਠਣ ਤੋਂ 7 ਵਰ੍ਹੇ ਬਾਅਦ 1588 ਈ. ਵਿਚ ਰਚੀ ਗਈ ਸੀ। ਚੌਥਾ ਅਧਿਆਇ ਇਸ ਰਚਨਾ ਦੇ ਵਿਸ਼ਾ ਅਤੇ ਵਸਤੂ ਵਿਧਾਨ ’ਤੇ ਕੇਂਦਰਿਤ ਹੈ। ਜਿਸ ਵਿਚ ਇਹ ਦਸਿਆ ਗਿਆ ਹੈ ਕਿ ਇਸ ਦਾ ਵਿਸ਼ਾ ਗੁਰੂ ਨਾਨਕ ਦੇਵ ਜੀ ਦਾ ਅਧਿਆਤਮਿਕ ਜੀਵਨ ਪ੍ਰਸਤੁਤ ਕਰਨਾ ਅਤੇ ਉਨ੍ਹਾਂ ਦੇ ਵਿਚਾਰਾਂ ਤੋਂ ਲੋਕਾਂ ਨੂੰ ਜਾਣੂੰ ਕਰਵਾਉਣਾ ਹੈ। ਇਸ ਵਿਚ ਗੁਰੁ ਸਾਹਿਬ ਦੇ ਜਨਮ ਤੋਂ ਲੈ ਕੇ ਉਨ੍ਹਾਂ ਦੇ ਜੀਵਨ ਦੀਆਂ ਘਟਨਾਵਾਂ, ਉਦਾਸੀਆਂ ਆਦਿ ਨੂੰ ਵਰਣਿਤ ਕਰਨ ਤੋਂ ਇਲਾਵਾ ਲੇਖਕ ਦੁਆਰਾ ਕੀਤੀ ਗਈ ਘਟਨਾਵਾਂ ਦੀ ਚੋਣ, ਜਿਸ ਵਿਚ ਲੇਖਕ ਨੇ ਗੁਰੂ ਸਾਹਿਬ ਨੂੰ ਆਪਣੀ ਮਨੋਸਥਿਤੀ ਅਨੁਸਾਰ ਪੇਸ਼ ਕਰਨ ਦਾ ਯਤਨ ਕੀਤਾ ਹੈ, ਬਾਰੇ ਦੱਸਿਆ ਹੈ। ਇਸ ਤੋਂ ਬਾਅਦ ਸਾਖੀਆਂ ਦਾ ਵਿਕਾਸ ਜਾਂ ਢਾਂਚਾ ‘ਵਸਤੂ ਯੋਜਨਾ’ ਸਿਰਲੇਖ ਅਧੀਨ ਵਿਚਾਰਿਆ ਹੈ। ਜਿਸ ਵਿਚ ਇਹ ਦਸਿਆ ਹੈ ਕਿ ਵਸਤੂ ਵਿਧਾਨ ਦੀ ਦ੍ਰਿਸ਼ਟੀ ਤੋਂ ਹਰ ਸਾਖੀ ਦਾ ਮਹੱਤਵ ਪੂਰੀ ਜਨਮਸਾਖੀ ਦੇ ਕ੍ਰਮ ਵਿਚ

[76] *ਪੁਰਾਤਨ ਜਨਮਸਾਖੀ ਅਧਿਐਨ ਅਤੇ ਸੰਪਾਦਨ,* ਪੰ.29.

ਵੀ ਹੈ ਅਤੇ ਸੁਤੰਤਰ ਰੂਪ ਵਿਚ ਵੀ। ਇਨ੍ਹਾਂ ਨੂੰ ਪਰਸਪਰ ਜੋੜਿਆਂ ਇਕ ਘਟਨਾ-ਸੰਗਲੀ ਬਣ ਸਕਦੀ ਹੈ ਅਤੇ ਇਨ੍ਹਾਂ ਨੂੰ ਨਿਖੇੜਨ ਨਾਲ ਹਰ ਇਕ ਸਾਖੀ ਆਪਣੀ ਨਿਜੀ ਹੋਂਦ ਅਤੇ ਮਹੱਤਵ ਨੂੰ ਦਰਸਾਉਂਦੀ ਹੈ। ਪੰਜਵਾਂ ਅਧਿਆਇ ਇਸ ਰਚਨਾ ਵਿਚ ਅਪਣਾਈ ਸਾਹਿਤ ਵਿਧਾ ਨਾਲ ਸੰਬੰਧਿਤ ਹੈ। ਜਿਸ ਵਿਚ ਸੰਪਾਦਿਕ ਅਨੁਸਾਰ ਪੰਜਾਬੀ ਜੀਵਨੀ ਸਾਹਿਤ ਦੀ ਪ੍ਰਾਥਮਿਕ ਅਵਸਥਾ ਦਿਖਾਈ ਦਿੰਦੀ ਹੈ, ਨਾਲ ਹੀ ਕਹਾਣੀ ਦੇ ਤੱਥ ਸ਼ਾਮਿਲ ਕੀਤੇ ਗਏ ਹਨ। ਇਸ ਲਈ ਇਸ ਨੂੰ ਨਾ ਤਾਂ ਸੰਪੂਰਨ ਜੀਵਨੀ ਕਿਹਾ ਜਾ ਸਕਦਾ ਹੈ ਅਤੇ ਨਾ ਹੀ ਕਹਾਣੀ ਸੰਗ੍ਰਹਿ। ਇਸ ਤੋਂ ਇਲਾਵਾ ਸੰਪਾਦਕ ਨੇ ਇਹ ਦਸਿਆ ਹੈ ਕਿ ਇਸ ਰਚਨਾ ਵਿਚ ਆਪਣੇ ਯੁਗ ਦੀ ਸਮਾਜਿਕ, ਰਾਜਨੀਤਿਕ, ਧਾਰਮਿਕ ਅਤੇ ਆਰਥਿਕ ਅਵਸਥਾ ਬਾਰੇ ਜਾਣਕਾਰੀ ਦੇ ਕੇ ਉਸ ਯੁਗ ਦਾ ਪ੍ਰਸਤੁਤ ਕੀਤਾ ਗਿਆ ਹੈ। ਛੇਵੇਂ ਅਧਿਆਇ ਵਿਚ ਨਾਇਕ ਦਾ ਸਰੂਪ ਚਿਤਰਣ ਕੀਤਾ ਗਿਆ ਹੈ। ਜਿਸ ਵਿਚ ਭਾਈ ਮਰਦਾਨੇ ਤੋਂ ਇਲਾਵਾ ਗੁਰੁ ਨਾਨਕ ਸਾਹਿਬ ਨੂੰ ਨਾਇਕ ਵਜੋਂ ਪੇਸ਼ ਕਰਨ ਲਈ ਲੇਖਕ ਨੇ ਉਨ੍ਹਾਂ ਨਾਲ ਕਿਹੜੇ-ਕਿਹੜੇ ਵਿਸ਼ੇਸ਼ਣ ਜੋੜੇ ਹਨ ਇਹ ਸੰਪਾਦਕ ਨੇ ਦਸਿਆ ਹੈ। ਇਥੇ ਗੁਰੂ ਸਾਹਿਬ ਨੂੰ ਪਾਰਬ੍ਰਹਮ ਦਾ ਨਿਜ ਭਗਤ, ਜਗਤ ਨਿਸਤਾਰਕ, ਬ੍ਰਹਮ ਵਿਦਿਆ ਦਾ ਗਿਆਤਾ, ਵਚਿਤ੍ਰ ਕਰਾਮਾਤੀ, ਵਿਲਖਣ ਭੇਖਧਾਰੀ ਆਦਿ ਵਿਸ਼ੇਸ਼ਣਾਂ ਨਾਲ ਸਲਾਹਿਆ ਗਿਆ ਹੈ। ਇਸ ਪੁਸਤਕ ਦਾ ਸੱਤਵਾਂ ਅਧਿਆਇ ਅਭਿਵਿਅਕਤੀ ਦੀ ਵਿਸ਼ਸਟਤਾ ਹੈ। ਜਿਸ ਵਿਚ ਰਚਨਾਕਾਰ ਦੁਆਰਾ ਵਰਤੀਆਂ ਗਈਆਂ ਵੱਖ-ਵੱਖ ਸ਼ੈਲੀਆਂ ਦਾ ਜ਼ਿਕਰ ਕੀਤਾ ਹੈ। ਅੱਠਵੇਂ ਅਧਿਆਇ ਵਿਚ ਇਸ ਰਚਨਾ ਦੀ ਭਾਸ਼ਾ ਦਾ ਸਰੂਪ ਦਿਤਾ ਹੈ। ਜਿਸ ਵਿਚ ਸੰਸਕ੍ਰਿਤ, ਸਾਮੀ, ਦੇਸੀ ਭਾਸ਼ਾਵਾਂ ਦੀ ਸ਼ਬਦਾਵਲੀ ਜੋ ਤਤਸਮ ਜਾਂ ਤਦਭਵ ਰੂਪਾਂ

ਵਿਚ ਪ੍ਰਸਤੁਤ ਹੋਈ ਦਾ ਵਿਸਥਾਰ ਸਾਹਿਤ ਅਤੇ ਸ਼ਬਦ ਵਾਰ ਵੇਰਵਾ ਦਿਤਾ ਗਿਆ ਹੈ। ਇਸ ਤੋਂ ਇਲਾਵਾ ਨਾਂਵ, ਪਰਸਰਗ, ਸਰਵਨਾਂਵ, ਵਿਸ਼ੇਸ਼ਣ, ਕਿਰਿਆ ਵਿਸ਼ੇਸਣ ਆਦਿ ਵਿਆਕਰਣਿਕ ਰੂਪਾਂ 'ਤੇ ਵੀ ਵਿਚਾਰ ਕੀਤਾ ਹੈ। ਨਾਲ ਹੀ ਇਹ ਦਸਿਆ ਹੈ ਕਿ ਇਸ ਵਿਚ ਵਾਕ ਰਚਨਾ, ਮੁਹਾਵਰੇ ਅਤੇ ਅਖਾਣਾਂ ਆਦਿ ਦੀ ਵਰਤੋਂ ਕਿਵੇਂ ਹੋਈ ਹੈ।

ਇਸ ਤੋਂ ਬਾਅਦ ਪੁਰਾਤਨ ਜਨਮਸਾਖੀ ਦੇ ਸੰਪਾਦਿਤ ਕੀਤੇ ਮੂਲ ਪਾਠ ਨੂੰ ਦਿਤਾ ਗਿਆ ਹੈ। ਇਸ ਤੋਂ ਪਹਿਲਾਂ ਵੀ ਪ੍ਰਵੇਸ਼ ਨਾਮ ਵਾਲੀ ਭੂਮਿਕਾ ਲਿਖੀ ਗਈ ਹੈ ਜਿਸ ਵਿਚ ਸੰਪਾਦਿਕ ਨੇ ਭਾਈ ਵੀਰ ਸਿੰਘ ਦੁਆਰਾ ਸੰਪਾਦਕ ਜਨਮਸਾਖੀ ਦੀਆਂ ਸੇਵਾਵਾਂ ਨੂੰ ਦਸਦੇ ਹੋਏ ਇਸ ਦੇ ਪੁਨਰ ਸੰਪਾਦਨ ਦੀ ਲੋੜ 'ਤੇ ਜ਼ੋਰ ਪਾਇਆ ਹੈ। ਜਿਸ ਵਿਚ ਉਨ੍ਹਾਂ ਨੇ ਕਿਹਾ ਹੈ ਕਿ 'ਭਾਈ ਵੀਰ ਸਿੰਘ ਨੇ ਸੰਪਾਦਨ ਕਰਨ ਸਮੇਂ ਜਿਨ੍ਹਾਂ ਦੋ ਮੁੱਖ ਪੋਥੀਆਂ (ਵਲਾਇਤ ਵਾਲੀ ਅਤੇ ਹਾਫ਼ਿਜਾਬਾਦ ਵਾਲੀ) ਨੂੰ ਆਧਾਰ ਬਣਾਇਆ ਹੈ, ਉਨ੍ਹਾਂ ਵਿਚੋਂ ਕਿਸੇ ਵੀ ਮੂਲ ਪੋਥੀ ਨੂੰ ਨਹੀਂ ਵਰਤਿਆ ਸਗੋਂ ਉਨ੍ਹਾਂ ਦੇ ਲਿਖੇ ਸੰਸਕਰਣਾਂ ਤੋਂ ਪਾਠ ਲਏ ਹਨ, ਜਿਸ ਕਰਕੇ ਉਨ੍ਹਾ ਦੀ ਸ਼ੁਧਤਾ ਵਿਵਸਥ ਨਹੀਂ ਹੈ। ਨਾਲੇ, ਕੋਈ ਮਹੱਤਵਪੂਰਣ ਤਿਥੀ ਅੰਕਿਤ ਪੋਥੀ ਨੂੰ ਲੱਭਣ ਦਾ ਯਤਨ ਨਹੀਂ ਕੀਤਾ ਗਿਆ ਜਦਕਿ ਉਦੋਂ ਇਸ ਦੇ ਉਤਾਰੇ ਕਈ ਥਾਵਾਂ 'ਤੇ ਉਪਲਬਧ ਸਨ।'[77]

ਇਸ ਤੋਂ ਸੰਪਾਦਕ ਨੇ ਸੰਪਾਦਨ ਸਾਮਗ੍ਰੀ ਅਧੀਨ ਆਧਾਰ ਪੋਥੀ ਜਿਹੜੀ ਉਨ੍ਹਾਂ ਨੂੰ ਉਦਾਸੀ ਸੰਤ ਗੁਰਚਰਨ ਦਾਸ ਕੋਲ ਵੇਖਣ ਦਾ ਮੌਕਾ ਮਿਲਿਆ। ਇਸ ਦੇ ਨਾਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਸੈਂਟਰਲ ਪਬਲਿਕ ਲਾਇਬ੍ਰੇਰੀ ਪਟਿਆਲਾ ਵਿਚਲੀਆਂ

[77] *ਪੂਰਵ ਅੰਕਿਤ,* ਪੰ.113.

ਪੋਥੀਆਂ, ਜਿਨ੍ਹਾਂ ਨਾਲ ਆਧਾਰ ਪੋਥੀ ਦਾ ਤੁਲਨਾਤਮਕ ਅਧਿਐਨ ਕੀਤਾ ਗਿਆ ਹੈ, ਬਾਰੇ ਦਸਿਆ ਹੈ। ਆਧਾਰ ਪੋਥੀ ਤੋਂ ਇਲਾਵਾ ਦੂਸਰੀਆਂ ਪੋਥੀਆਂ ਪੰਜਾਬੀ ਯੂਨੀਵਰਸਿਟੀ ਵਾਲੀ ਪੋਥੀ ਨੂੰ 'ਕ' ਅਤੇ ਸੈਂਟਰਲ ਲਾਇਬ੍ਰੇਰੀ ਵਾਲੀ ਪੋਥੀ ਨੂੰ 'ਖ' ਨਾਮ ਦਿਤੇ ਗਏ ਹਨ। ਫਿਰ ਇਨ੍ਹਾਂ ਤਿੰਨਾਂ ਪੋਥੀਆਂ ਦੇ ਪਾਠ ਨੂੰ ਦਸਣ ਲਈ ਵਰਤੇ ਗਏ ਚਿੰਨ੍ਹਾਂ ਅਤੇ ਪਾਠਾਂਤਰ ਸ਼ਬਦ-ਜੋੜਾਂ ਅਤੇ ਪੈਰ੍ਹਾ ਵੰਡ ਆਦਿ ਬਾਰੇ ਸੰਪਾਦਨ ਕਲਾ ਜੁਗਤ ਨਾਮੀ ਸਿਰਲੇਖ ਅਧੀਨ ਦਸਿਆ ਗਿਆ ਹੈ। ਇਸ ਤੋਂ ਬਾਅਦ ਮੂਲ ਪਾਠ ਦਿਤਾ ਹੈ ਜਿਸ ਵਿਚ 57 ਸਾਖੀਆਂ ਸ਼ਾਮਿਲ ਹਨ। ਇਨ੍ਹਾਂ ਵਿਚ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਤੋਂ ਲੈ ਕੇ ਜੋਤੀ-ਜੋਤ ਸਮਾਉਣ ਤਕ ਦਾ ਵਰਨਣ ਹੈ।ਨਾਲ ਹੀ 1, 2, 3....*,** ਆਦਿ ਚਿੰਨਾਂ ਦੇ ਰੂਪ ਵਿਚ ਪਾਠਾਂਤਰ ਨੂੰ ਸਪਸ਼ਟ ਕੀਤਾ ਗਿਆ ਹੈ। ਇਸਦਾ ਵੇਰਵਾ ਮੂਲ ਪਾਠ ਦੇ ਅੰਤ ਵਿਚ ਦੇ ਦਿਤਾ ਗਿਆ ਹੈ।

ਸਾਰੀ ਪੁਸਤਕ ਦੇ ਅਧਿਐਨ ਤੋਂ ਬਾਅਦ ਪਾਠਕ ਨੂੰ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਜਨਮਸਾਖੀ ਪਰੰਪਰਾ ਇਸ ਦੇ ਅਧਿਐਨ ਕਰਤਾਵਾਂ, ਜਨਮਸਾਖੀਆਂ ਦੀ ਭਾਸ਼ਾ, ਗੁਰੂ ਸਾਹਿਬ ਦੇ ਜੀਵਨ ਚਰਿਤ੍ਰ ਲਈ ਰਚਨਾਕਾਰਾਂ ਦੀ ਸ਼ਰਧਾ, ਉਨ੍ਹਾਂ ਨਾਲ ਜੁੜੇ ਚਮਤਕਾਰ ਅਤੇ ਸੰਪਾਦਕ ਦੁਆਰਾ ਵਰਤੀ ਗਈ ਜੁਗਤ ਦੀ ਤਸੱਲੀਬਖਸ਼ ਜਾਣਕਾਰੀ ਮਿਲ ਜਾਂਦੀ ਹੈ।

ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਵਲੋਂ 1970 ਵਿਚ *ਗੁਰਬਾਣੀ ਟੀਕੇ: ਅਨੰਦਘਨ* ਨਾਮੀ ਪੁਸਤਕ ਛਪੀ, ਜਿਸ ਦਾ ਸੰਪਾਦਨ ਵੀ ਡਾ. ਜੱਗੀ ਨੇ ਕੀਤਾ ਸੀ। ਇਸ ਤੋਂ ਬਾਅਦ ਪੰਜਾਬੀ ਯੂਨੀਵਰਸਿਟੀ ਨੇ ਇਕ ਪੁਸਤਕ *ਆਸਾ ਦੀ ਵਾਰ ਦਾ ਟੀਕਾ: ਟੀਕਾਕਾਰ ਸੁਆਮੀ*

*ਅਨੰਦਘਨ* ਛਾਪੀ ਜਿਸ ਦੀ 2009 ਵਾਲੀ ਐਡੀਸ਼ਨ ਸਾਡੇ ਹੱਥ ਵਿਚ ਹੈ। ਦੂਸਰੀ ਪੁਸਤਕ ਪਹਿਲੀ ਦੀ ਲੜੀ ਵਿਚ ਜਾਂ ਉਸ ਦੀ ਪੂਰਕ ਕਹੀ ਜਾ ਸਕਦੀ ਹੈ। ਇਸ ਦਾ ਕਾਰਣ ਇਹ ਹੈ ਕਿ ਪਹਿਲੀ ਪੁਸਤਕ ਵਿਚ ਜਪੁਜੀ, ਆਰਤੀ, ਅਨੰਦੁ, ਸਿਧ ਗੋਸਟਿ, ਓਅੰਕਾਰ ਬਾਣੀਆਂ ਦਾ ਟੀਕਾ ਸ਼ਾਮਿਲ ਸੀ। ਪ੍ਰੰਤੂ ਆਸਾ ਦੀ ਵਾਰ ਉਸ ਵਿਚ ਨਹੀਂ ਸੀ। ਡਾ. ਜੱਗੀ ਦਸਦੇ ਹਨ ਕਿ ਇਹ ਟੀਕਾ ਉਨ੍ਹਾਂ ਨੇ ਡਾ. ਬਲਵੀਰ ਸਿੰਘ ਦੇਹਰਾਦੂਨ ਦੀ ਕ੍ਰਿਪਾਲਤਾ ਨਾਲ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਉਪਲਬਧ ਹੋਇਆ।[78]

ਇਨ੍ਹਾਂ ਪੁਸਤਕਾਂ ਦੇ ਸ਼ੁਰੂ ਵਿਚ ਸੁਆਮੀ ਅਨੰਦਘਨ: ਜੀਵਨ ਤੇ ਰਚਨਾ ਸਿਰਲੇਖ ਅਧੀਨ ਉਨ੍ਹਾਂ ਦੇ ਜੀਵਨ ਅਤੇ ਰਚਨਾਵਾਂ ਬਾਰੇ ਜਾਣਕਾਰੀ ਦਿਤੀ ਹੈ। ਜਿਸ ਵਿਚ ਸੁਆਮੀ ਜੀ ਦੁਆਰਾ ਜੀ ਦੁਆਰਾ ਦਿਤੀਆਂ ਗਈਆਂ ਟੀਕੇ ਵਿਚਲੀਆਂ ਪੰਕਤੀਆਂ ਵਿਚੋਂ ਉਨ੍ਹਾਂ ਦੁਆਰਾ ਆਪਣੇ ਜੀਵਨ ਨਾਲ ਸੰਬੰਧਿਤ ਉਲੇਖਾਂ ਦੇ ਆਧਾਰ ' ਤੇ ਉਨ੍ਹਾਂ ਦੀ ਵੰਸ਼-ਪਰੰਪਰਾ ਲੱਭਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਦੇ ਨਾਲ ਸੁਖ ਵਾਸੀ ਰਾਮ ਬੇਦੀ ਜੋ ਗੁਰੂ ਨਾਨਕ ਦੇਵ ਜੀ ਦੀ ਕੁਲ ਵਿਚੋਂ ਸਨ ਅਤੇ ਸੁਆਮੀ ਜੀ ਦੇ ਚੇਲੇ ਸਨ, ਦੀ ਰਚਨਾ *ਗੁਰੂ ਨਾਨਕ ਬੰਸ ਪ੍ਰਕਾਸ਼* ਵਿਚਲੀ ਜਾਣਕਾਰੀ ਦੀ ਸਹਾਇਤਾ ਨਾਲ ਸੁਆਮੀ ਜੀ ਦਾ ਜੀਵਨ-ਕਾਲ ਲੱਭਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਤੋਂ ਬਾਅਦ ਉਨ੍ਹਾਂ ਦੀਆਂ ਰਚਨਾਵਾਂ ਬਾਰੇ ਸੰਖੇਪ ਜਾਣਕਾਰੀ ਦਿੰਦੇ ਹੋਏ ਜਪੁਜੀ ਦੇ ਟੀਕੇ ਉਪਰ ਧਿਆਨ ਕੇਂਦਰਿਤ ਕੀਤਾ ਗਿਆ ਹੈ। ਇਸ ਦਾ ਕਾਰਣ ਭਾਈ ਸੰਤੋਖ ਸਿੰਘ ਦੁਆਰਾ ਰਚਿਆ ਗਿਆ ਟੀਕਾ *ਗਰਬ ਗੰਜਨੀ* ਹੈ। ਜਿਹੜਾ ਸੁਆਮੀ ਜੀ ਦੇ ਟੀਕੇ

[78] ਜੀ. ਐਸ. ਆਨੰਦ, 'ਵਿਭਾਗੀ ਸ਼ਬਦ', *ਆਸਾ ਦੀ ਵਾਰ ਦਾ ਟੀਕਾ: ਟੀਕਾਕਾਰ ਸੁਆਮੀ ਅਨੰਦਘਨ,* ਪੰ.v.

ਵਿਚਲੀ ਸਨਾਤਨੀ ਬਿਰਤੀ ਦੇ ਜਵਾਬ ਵਜੋਂ ਲਿਖਿਆ ਗਿਆ ਸੀ। ਇਸ ਤੋਂ ਬਾਅਦ ਗੁਰਬਾਣੀ ਦੀ ਟੀਕਾਕਾਰੀ ਦੀ ਪਰੰਪਰਾ ਨੂੰ ਦਰਸਾਉਂਦੇ ਹੋਏ ਉਦਾਸੀ ਸੰਪਰਦਾਇ ਦੀ ਸੇਵਾ ਦਾ ਵਰਨਣ ਕੀਤਾ ਹੈ।

ਆਸਾ ਦੀ ਵਾਰ ਦੇ ਟੀਕੇ ਬਾਰੇ ਸੰਪਾਦਕ ਨੇ ਭੂਮਿਕਾ ਵਿਚ ਕਾਫ਼ੀ ਵਿਸਥਾਰ ਸਹਿਤ ਜਾਣਕਾਰੀ ਦਿਤੀ ਹੈ। ਨਾਲ ਹੀ ਇਸ ਟੀਕੇ ਦੀ ਵਿਚਾਰਧਾਰਕ ਅਤੇ ਸਾਹਿਤਿਕ ਮਹਾਨਤਾ, ਧਾਰਮਿਕ ਅਤੇ ਸਮਾਜਿਕ ਦ੍ਰਿਸ਼ਟੀਕੋਣ, ਅਧਿਆਤਮਿਕ ਚਿੰਤਨ ਆਦਿ ਉਪਰ ਲੰਮੀ ਬਹਿਸ ਕੀਤੀ ਗਈ ਹੈ। ਫਿਰ ਮੂਲ ਟੀਕਾ ਦਿਤਾ ਗਿਆ ਹੈ। ਜਿਸ ਵਿਚ 1, 2, 3.... ਅੰਕ ਲਗਾ ਕੇ ਕਿਤੇ ਕਿਤੇ ਔਖੇ ਸ਼ਬਦਾਂ ਦੇ ਅਰਥ ਪਗ ਚਿੰਨ੍ਹਾਂ ਵਿਚ ਦੇ ਦਿਤੇ ਗਏ ਹਨ।

*ਗੁਰੂ ਨਾਨਕ ਬਾਣੀ* ਸੰਪਾਦਕ ਦੀ ਗੁਰੂ ਨਾਨਕ ਜੀ ਦੇ ਪੰਜ ਸੌ ਸਾਲਾ ਜਨਮ ਦਿਵਸ ਨੂੰ ਸਮਰਪਿਤ ਸਿੱਖ ਜਗਤ ਨੂੰ ਇਕ ਭੇਟ ਕਹੀ ਜਾ ਸਕਦੀ ਹੈ। ਇਸ ਪੁਸਤਕ ਲਈ 'ਦੋ ਸ਼ਬਦ' ਭਾਈ ਜੋਧ ਸਿੰਘ ਦੁਆਰਾ ਲਿਖੇ ਗਏ ਹਨ। ਇਸ ਵਿਚ ਉਨ੍ਹਾਂ ਨੇ ਦੋ ਤਿੰਨ ਸਵਾਲ ਉਠਾਏ ਹਨ। ਜਿਨ੍ਹਾਂ ਵਿਚ ਪਹਿਲਾ ਗੁਰੂ ਰਾਮਦਾਸ ਜੀ ਦੁਆਰਾ ਵਰਤੇ ਗਏ ਰਾਗਾਂ ਸੰਬੰਧੀ ਹੈ, ਜਿਸ ਨੂੰ ਡਾ.ਜੱਗੀ ਨੇ ਗੁਰੂ ਸਾਹਿਬ ਕੋਲ ਪਹਿਲੇ ਤਿੰਨ ਗੁਰੂਆਂ ਦੀ ਬਾਣੀ ਉਪਲਬਧ ਨਾ ਹੋਣ ਸੰਬੰਧੀ ਸ਼ੰਕਾ ਪ੍ਰਗਟ ਕੀਤਾ ਸੀ। ਭਾਈ ਜੋਧ ਸਿੰਘ ਦਾ ਕਹਿਣਾ ਹੈ ਕਿ ਬਾਬਾ ਮੋਹਨ ਜੀ ਵਾਲੀਆਂ ਪੋਥੀਆਂ ਉਪਰ ਗੁਰੂ ਸਾਹਿਬ ਦੇ ਦਸਖਤ ਮੌਜੂਦ ਹੋਣਾ, ਇਹ ਭਰਮ ਦੂਰ ਕਰਦਾ ਹੈ। ਦੂਜਾ, ਬਸੰਤ ਰਾਗ ਦੇ ਬਾਰਾਂ ਪਦੇ ਕਰਤਾਰਪੁਰ ਵਾਲੀ ਬੀੜ ਵਿਚ ਗੁਰੂ ਨਾਨਕ ਸਾਹਿਬ ਦੇ ਉਚਾਰੇ ਹਨ। ਚੌਥਾ ਅਤੇ ਅੱਠਵਾਂ ਤੀਜੀ ਪਾਤਸ਼ਾਹੀ ਦੇ ਨਾਮ ਨਾਲ ਕਿਵੇਂ ਜੋੜੇ ਗਏ ਖੋਜ

ਦੀ ਮੰਗ ਕਰਦਾ ਹੈ। ਤੀਜਾ ਸਵਾਲ, ਪ੍ਰਾਣ ਸੰਗਲੀ ਬਾਬਤ ਹੈ ਜਿਸ ਨੂੰ ਭਾਈ ਜੋਧ ਸਿੰਘ ਗੁਰੂ ਅਰਜਨ ਦੇਵ ਜੀ ਤੋਂ ਪਹਿਲਾਂ ਦੀ ਰਚਨਾ ਮੰਨਦੇ ਹਨ ਅਤੇ ਡਾ. ਜੱਗੀ ਬਾਅਦ ਦੀ। ਇਨ੍ਹਾਂ ਦਾ ਜਵਾਬ ਡਾ. ਜੱਗੀ ਨੇ 'ਨਿਵੇਦਨ' ਨਾਮੀ ਤਿੰਨ ਪੰਨਿਆਂ ਵਿਚ ਦੇਣ ਦੀ ਕੋਸ਼ਿਸ਼ ਕੀਤੀ ਹੈ। ਫਿਰ ਇਸ ਸੰਕਲਨ ਦੀ ਤਕਨੀਕ ਬਾਰੇ ਚਾਨਣਾ ਪਾਇਆ ਹੈ। ਇਸ ਲਈ ਉਨ੍ਹਾਂ ਨੇ ਸ਼ਬਦਾਰਥ ਦੀਆਂ ਪੋਥੀਆਂ ਅਤੇ ਭਾਈ ਜਵਾਹਰ ਸਿੰਘ, ਕ੍ਰਿਪਾਲ ਸਿੰਘ ਦੁਆਰਾ ਛਪੀ 1430 ਪੰਨਿਆਂ ਦੀ ਬੀੜ ਨੂੰ ਆਧਾਰ ਬਣਾਇਆ ਹੈ। ਉਸ ਤੋਂ ਬਾਅਦ ਲੰਮੀ ਭੂਮਿਕਾ ਵਿਚ ਗੁਰੂ ਨਾਨਕ ਸਾਹਿਬ ਦੇ ਸਮੇਂ ਦੇ ਹਾਲਾਤ, ਗੁਰੂ ਨਾਨਕ ਸਾਹਿਬ ਦੁਆਰਾ ਆਪਣੀ ਬਾਣੀ ਲਿਖਣਾ ਜਾਂ ਲਿਖਵਾਉਣਾ, ਪਹਿਲੇ ਤਿੰਨ ਗੁਰੂ ਸਾਹਿਬਾਨ ਕੋਲ ਬਾਣੀ ਦਾ ਮੌਜੂਦ ਹੋਣਾ ਅਤੇ ਗੁਰੂ ਰਾਮਦਾਸ ਸਾਹਿਬ ਕੋਲ ਬਾਣੀ ਪਹੁੰਚਣ ਪ੍ਰਤਿ ਸ਼ੰਕਾ ਡਾ. ਜੱਗੀ ਨੇ ਜਾਹਰ ਕੀਤਾ ਹੈ। ਪ੍ਰੋ. ਸਾਹਿਬ ਸਿੰਘ ਦੀ ਦਲੀਲ ਕਿ ਗੁਰੂ ਸਾਹਿਬਾਨ ਦੀ ਬਾਣੀ ਗੁਰਿਆਈ ਦੇ ਨਾਲ ਇਕ ਤੋਂ ਅਗਲੇ ਗੁਰੂ ਕੋਲ ਜਾਂਦੀ ਰਹੀ ਨਾਲ ਪੂਰਣ ਰੂਪ ਵਿਚ ਸਹਿਮਤ ਨਹੀਂ। ਇਸ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਦੁਆਰਾ ਗੁਰੂ ਗ੍ਰੰਥ ਸਾਹਿਬ ਨੂੰ ਸੰਪਾਦਨ ਕਰਨ ਅਤੇ ਭਾਈ ਮਨੀ ਸਿੰਘ ਦੁਆਰਾ ਬਾਣੀ ਦਾ ਸੰਕਲਨ ਕਰਨ ਵਰਗੇ ਸਵਾਲਾਂ ਨੂੰ ਵਿਚਾਰਿਆ ਹੈ। ਫਿਰ ਉਨ੍ਹਾਂ ਦੁਆਰਾ ਸੰਕਲਿਤ ਬੀੜ ਜੋ ਦਿੱਲੀ ਵਿਖੇ ਪਈ ਹੈ, ਦਾ ਵਿਸਥਾਰ ਸਾਹਿਤ ਵੇਰਵਾ ਦਿਤਾ ਹੈ। ਇਸ ਤੋਂ ਇਲਾਵਾ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਵਾਧੂ ਬਾਣੀਆਂ ਅਤੇ ਰਚਨਾਵਾਂ ਦਾ ਵੇਰਵਾ ਦੇ ਕੇ ਸ਼ੁਧ ਬਾਣੀ ਬਾਰੇ ਵਿਚਾਰ ਦਿੱਤੇ ਹਨ। ਅਗਲੇ ਪੰਨਿਆਂ ਉਪਰ ਗੁਰੂ ਸਾਹਿਬ ਦੀ ਬਾਣੀ ਲੈ ਕੇ ਔਖੇ ਸ਼ਬਦਾਂ ਦੇ ਅਰਥ ਪਗ ਚਿੰਨ੍ਹਾਂ ਵਿਚ ਦਿਤੇ ਹਨ।

ਸ਼ਾਹ ਮੁਹੰਮਦ ਕ੍ਰਿਤ *ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ* ਪੁਸਤਕ ਦਾ ਵੀ ਸੰਪਾਦਨ ਡਾ. ਜੱਗੀ ਵਲੋਂ ਕੀਤਾ ਗਿਆ ਹੈ। ਇਹ ਪੁਸਤਕ ਮਹਾਰਾਜਾ ਰਣਜੀਤ ਸਿੰਘ ਦੀ ਦੂਜੀ ਸ਼ਤਾਬਦੀ ਸਮੇਂ ਤਿਆਰ ਕੀਤੀ ਗਈ ਹੈ। ਇਹ ਪੁਸਤਕ ਪੰਜ ਸੌ ਬੈਤਾਂ ਵਿਚ ਰਚੀ ਗਈ ਹੈ। ਇਹ ਪੁਸਤਕ ਅੰਗਰੇਜ਼ਾਂ ਵਲੋਂ ਭਾਰਤ ਨੂੰ ਪੂਰਣ ਰੂਪ ਵਿਚ ਆਪਣੇ ਸਾਮਰਾਜ ਦਾ ਹਿੱਸਾ ਬਣਾਉਣ ਹਿਤ ਅੰਗਰੇਜ਼ਾਂ ਵਲੋਂ ਲੜੀ ਗਈ ਆਖਰੀ ਜੰਗ ਦੇ ਇਤਿਹਾਸ ਦਾ ਸ੍ਰੋਤ ਮੂਲਕ ਦਸਤਾਵੇਜ ਹੈ। ਸ਼ਾਹ ਮੁਹੰਮਦ ਨੇ ਜੰਗਨਾਮੇ ਵਿਚ ਧਰਮ ਨਿਰਪੇਖ ਬਾਦਸ਼ਾਹੀ ਦੇ ਡਿਗਦੇ ਮਿਆਰ ਨੂੰ ਵੇਖ ਕੇ ਆਪਣੀ ਪੀੜ ਨੂੰ ਸਾਂਝਾ ਕਰਦਿਆਂ ਮਹਾਰਾਜਾ ਰਣਜੀਤ ਸਿੰਘ ਪ੍ਰਤਿ ਸ਼ਰਧਾ ਪ੍ਰਗਟ ਕੀਤੀ ਹੈ। ਡਾ. ਜੱਗੀ ਨੇ ਇਸ ਜੰਗਨਾਮੇ ਦੀ ਹਰਮਨ ਪਿਆਰਤਾ, ਇਤਿਹਾਸਿਕ ਮਹੱਤਵ, ਸਿੱਖ ਸੈਨਾ ਦੀ ਬਹਾਦਰੀ ਦੇ ਅਦੁੱਤੀ ਕਾਰਨਾਮੇ ਆਦਿ ਪੱਖਾਂ ਨੂੰ ਵੇਖਦੇ ਹੋਏ ਇਸ ਪੁਸਤਕ ਦਾ ਸੰਪਾਦਨ ਕੀਤਾ ਹੈ। ਜਿਸ ਵਿਚ ਉਨ੍ਹਾਂ ਵਲੋਂ ਬੜੀ ਮਿਹਨਤ ਨਾਲ ਅਨੇਕ ਪ੍ਰਕਾਸ਼ਿਤ ਅਤੇ ਅਣਪ੍ਰਕਾਸ਼ਿਤ ਸੰਸਕਰਣਾਂ ਦਾ ਮੁਕਾਬਲਾ ਕਰਕੇ ਪਾਠ ਦਾ ਸਹੀ ਰੂਪ ਦੇਣ ਦਾ ਯਤਨ ਕੀਤਾ ਹੈ। ਉਨ੍ਹਾਂ ਵਲੋਂ ਵੱਖ-ਵੱਖ ਸੰਸਕਰਣਾਂ ਦੇ ਪਾਠ ਦਾ ਤੁਲਨਾਤਮਿਕ ਅਧਿਐਨ ਕਰਦਿਆਂ ਪੈਰ-ਟਿੱਪਣੀਆਂ ਦੇ ਰੂਪ ਵਿਚ ਪਾਠਾਂਤਰ ਦਰਸਾਏ ਹਨ। ਮੂਲ ਪਾਠ ਨਿਸ਼ਚਿਤ ਕਰਦਿਆਂ ਉਨ੍ਹਾਂ ਵਲੋਂ ਉਹੀ ਪਾਠ ਅਪਣਾਇਆ ਹੈ ਜੋ ਪ੍ਰਸੰਗ ਅਨੁਸਾਰ ਪੂਰਾ ਢੁਕਦਾ ਹੋਵੇ। ਭੂਮਿਕਾ ਵਿਚ ਉਨ੍ਹਾਂ ਵਲੋਂ ਇਸ ਰਚਨਾ ਦਾ ਭਾਰਤੀ ਕਾਵਿ ਸ਼ਾਸਤਰ ਅਨੁਸਾਰ ਵਿਸਥਾਰ ਪੂਰਵਕ ਵਿਸ਼ਲੇਸ਼ਣ ਪੇਸ਼ ਕੀਤਾ ਗਿਆ ਹੈ। ਜੰਗਨਾਮੇ ਵਿਚਲੇ ਔਖੇ ਸ਼ਬਦਾਂ ਦੇ ਅਰਥ ਵੀ ਸਪਸ਼ਟ ਕਰਦਿਆਂ ਵਿਸ਼ੇਸ਼ ਵਿਅਕਤੀਆਂ ਬਾਰੇ ਸੰਖੇਪ ਜਾਣਕਾਰੀ ਵੀ ਦਿੱਤੀ ਗਈ ਹੈ।

ਉਪਰੋਕਤ ਪੁਸਤਕਾਂ ਤੋਂ ਇਲਾਵਾ ਉਨ੍ਹਾਂ ਨੇ ਅੰਗਰੇਜ਼ੀ ਵਿਚ ਪ੍ਰਿੰ. ਤੇਜਾ ਸਿੰਘ ਦਾ ਗੁਰੂ ਗ੍ਰੰਥ ਸਾਹਿਬ ਦੇ ਸ੍ਰੀ ਰਾਗ ਤੋਂ ਮਾਝ ਰਾਗ ਤਕ ਕੀਤਾ ਟੀਕਾ ਸੰਪਾਦਤ ਕੀਤਾ ਹੈ। ਇਸ ਪੁਸਤਕ ਵਿਚ ਇਨ੍ਹਾਂ ਨੇ Preface ਲਿਖਿਆ ਹੈ। ਜਿਸ ਵਿਚ ਉਨ੍ਹਾਂ ਨੇ ਡਾ. ਟਰੰਪ ਦੇ ਅਨੁਵਾਦ ਕਰਨ ਦੇ ਯਤਨਾਂ ਤੋਂ ਇਲਾਵਾ ਅਨੁਵਾਦ ਪ੍ਰਕਿਰਿਆ ਤੇ ਚਾਨਣਾ ਪਾਇਆ ਹੈ ਅਤੇ ਪ੍ਰਿੰ. ਸਾਹਿਬ ਬਾਰੇ ਵੀ ਦੱਸਿਆ ਹੈ। ਹਿੰਦੀ ਵਿਚ ਤਿਆਰ ਕੀਤੀ *ਗੁਰੂ ਅਮਰਦਾਸ ਰਚਨਾਵਲੀ* ਪੁਸਤਕ ਵਿਚ ਗੁਰੂ ਅਮਰਦਾਸ ਸਾਹਿਬ ਜੀ ਦਾ ਜੀਵਨ, ਵਿਅਕਤਿਤਵ ਅਤੇ ਅਧਿਆਤਮਿਕ ਵਿਚਾਰਧਾਰਾ, ਉਨ੍ਹਾਂ ਦੀ ਸਾਧਨਾ ਦਾ ਸਰੂਪ ਅਤੇ ਸਾਹਿਤਿਕਤਾ ਆਦਿ ਸਿਰਲੇਖਾਂ ਅਧੀਨ ਵਿਚਾਰਿਆ ਹੈ। ਇਸ ਤੋਂ ਬਾਅਦ ਗੁਰੂ ਸਾਹਿਬ ਦੁਆਰਾ ਰਚਿਤ ਬਾਣੀ ਦੇ ਫੁਟ ਨੋਟਾਂ ਵਿਚ ਔਖੇ ਸ਼ਬਦਾਂ ਦੇ ਸੰਖੇਪ ਅਰਥ ਦੇ ਕੇ ਸੰਪਾਦਤ ਕੀਤਾ ਹੈ।

'ਭੂਮਿਕਾ' ਦੀ ਸੀਮਾ-ਰੇਖਾ ਨਿਸ਼ਚਿਤ ਕਰਨਾ ਅਰਥਾਤ ਕੀ ਲੈਣਾ, ਕੀ ਛੱਡਣਾ, ਕਿੰਨਾ ਸੰਦਰਭ-ਯੁਕਤ ਹੈ ਇਹ ਸਭ ਸੰਪਾਦਕ ਦੀ ਲਿਆਕਤ ਤੇ ਨਿਰਭਰ ਕਰਦਾ ਹੈ। ਇਉਂ ਛੱਡਣ ਅਤੇ ਗ੍ਰਹਿਣ ਕਰਨ ਵਿਚ ਉਤਮ ਸੰਪਾਦਕ ਦਾ ਪਤਾ ਲੱਗ ਜਾਂਦਾ ਹੈ। ਇਉਂ ਡਾ. ਜੱਗੀ ਸੰਪਾਦਕੀ ਕਲਾ ਦੁਆਰਾ ਰਚਨਾਵਾਂ ਦੇ ਹੁਨਰ, ਉਨ੍ਹਾਂ ਦੀ ਸਾਰਥਕਤਾ ਤੇ ਅਮੀਰੀ ਨੂੰ ਸਹੀ ਸੰਦਰਭ ਵਿਚ ਪਛਾਣ ਕੇ ਆਪਣੀ ਸ਼ਬਦਾਵਲੀ ਤੇ ਸ਼ੈਲੀ ਰਾਹੀਂ ਉਸਦੀ ਪੁਨਰ-ਸੁਰਜੀਤੀ ਕਰਦੇ ਹਨ। ਇਹ ਉਨ੍ਹਾਂ ਦਾ ਸਮਰੱਥਾਵਾਨ ਅਤੇ ਹੁਨਰੀ ਰੂਪ ਹੈ।

ਡਾ. ਜੱਗੀ ਦੀ ਸੰਪਾਦਨ ਕਲਾ ਦਾ ਜੇ ਮਿਸਾਲੀ ਨਮੂਨਾ ਦੇਖਣਾ ਹੋਵੇ ਤਾਂ ਉਨ੍ਹਾਂ ਵਲੋਂ *ਖੋਜ ਪਤ੍ਰਿਕਾ* ਦੇ ਸੰਪਾਦਿਤ ਕੀਤੇ ਵੀਹ ਅੰਕ ਦੇਖੇ ਜਾ ਸਕਦੇ ਹਨ। *ਖੋਜ ਪੱਤ੍ਰਿਕਾ* ਦੀ

ਸੰਪਾਦਨਾ ਦਾ ਕਾਰਜ 1979 ਈ. ਤੋਂ 1989 ਈ. ਤੱਕ ਇਨ੍ਹਾਂ ਨੇ ਕੀਤਾ। ਇਨ੍ਹਾਂ ਨੇ ਕੇਵਲ ਗੁਰਮਤਿ ਨਾਲ ਸੰਬੰਧਿਤ ਨਵੇਂ ਵਿਸ਼ਿਆਂ ਵਾਲੇ ਲੇਖ ਹੀ ਪ੍ਰਕਾਸ਼ਿਤ ਨਹੀਂ ਕੀਤੇ ਬਲਕਿ ਗੁਰਮਤਿ ਖੇਤਰ ਨਾਲ ਸੰਬੰਧਿਤ ਬਹੁਤ ਸਾਰੇ ਨਾਮਵਰ ਲੇਖਕਾਂ ਨੂੰ ਵੀ ਇਸ ਪਤ੍ਰਿਕਾ ਨਾਲ ਜੋੜਨ ਦਾ ਯਤਨ ਕੀਤਾ। ਜਿਨ੍ਹਾਂ ਵਿਚ ਪ੍ਰਸਿੱਧ ਲੇਖਕ ਡਾ. ਜੋਧ ਸਿੰਘ, ਪ੍ਰੋ. ਹਿੰਮਤ ਸਿੰਘ, ਡਾ. ਬਲਕਾਰ ਸਿੰਘ, ਡਾ. ਗੁਰਦੀਪ ਸਿੰਘ ਭੰਡਾਰੀ, ਡਾ. ਗੁਰਮੁਖ ਸਿੰਘ, ਡਾ. ਸਤਿੰਦਰ ਸਿੰਘ, ਡਾ. ਹਰਕੀਰਤ ਸਿੰਘ, ਡਾ. ਹਰਦੇਵ ਸਿੰਘ ਵਿਰਕ, ਡਾ. ਦੇਵਿੰਦਰ ਸਿੰਘ ਵਿਦਿਆਰਥੀ ਅਤੇ ਡਾ. ਕੁਲਵੰਤ ਸਿੰਘ ਆਦਿ  ਸ਼ਮਿਲ ਹਨ। ਜਿਨ੍ਹਾਂ ਨੇ *ਖੋਜ ਪਤ੍ਰਿਕਾ* ਦੀ ਆਭਾ ਨੂੰ ਵਧਾਉਣ ਦਾ ਯਤਨ ਕੀਤਾ। ਸਿੱਟਾ ਇਹ ਨਿਕਲਿਆ ਕਿ ਇਸ ਦੇ ਛਪਣ ਦੀ ਗਿਣਤੀ ਵਿਚ ਚੋਖਾ ਵਾਧਾ ਹੋ ਗਿਆ। ਹਰ ਅੰਕ ਵਿਚ ਲਗਭਗ 25 ਤੋਂ 30 ਲੇਖ ਲਏ ਗਏ ਹਨ। ਇਨ੍ਹਾਂ ਲੇਖਾਂ ਨੂੰ ਪੜ੍ਹਨਾ, ਉਨ੍ਹਾਂ ਵਿਚਲੇ ਸਾਰ ਤੱਤ ਸਮਝਣਾ, ਫਿਰ ਸਾਰ ਤੱਤ ਨੂੰ ਵਿਉਂਤਬੱਧ ਕਰਕੇ ਨੁਕਤਿਆਂ ਦੇ ਰੂਪ ਵਿਚ ਪੇਸ਼ ਕਰਨਾ ਆਦਿ ਸੰਪਾਦਕੀ ਕਾਰਜ ਦਾ ਉੱਤਮ ਰੂਪ ਦਾ ਕਿਹਾ ਜਾ ਸਕਦਾ ਹੈ। ਗੁਰਮਤਿ ਧਾਰਾ ਦੇ ਨਿਵੇਕਲੇ ਰੂਪ ਨੂੰ ਪਛਾਣਨ ਪਿਛੋਂ ਗੁਰਮਤਿ ਧਾਰਾ ਦੀਆਂ ਕੁਝ ਮਹੱਤਵਪੂਰਣ ਵਿਸ਼ੇਸ਼ਤਾਵਾਂ ਅਤੇ ਵਿਲੱਖਣਤਾਵਾਂ ਨੂੰ ਪਾਠਕਾਂ ਦੇ ਸਨਮੁਖ ਲਿਆਂਦਾ ਹੈ ਕਿ, ਗੁਰਮਤਿ ਕੀ ਹੈ?  ਇਸ ਸੰਪਾਦਕੀ ਵਿਸਤਾਰ ਤੋਂ ਉਨ੍ਹਾਂ ਦੇ ਗੁਰਮਤਿ ਦੇ ਅਧਿਐਨ ਦੀ ਸਰਬ-ਪੱਖਤਾ ਦਾ ਪਤਾ ਲੱਗਦਾ ਹੈ।

ਡਾ. ਜੱਗੀ ਦੇ ਸੰਪਾਦਨ ਕਾਰਜ ਦਾ ਇਕ ਹੋਰ ਪੱਖ ਵੀ ਮਹੱਤਵਪੂਰਣ ਹੈ ਕਿ ਉਨ੍ਹਾਂ ਨੇ ਆਪਣੀ ਹਰ ਸੰਪਾਦਿਤ ਪੁਸਤਕ ਦੀ ਭੂਮਿਕਾ ਵਿਚ ਬੜੀ ਮਿਹਨਤ ਨਾਲ ਇਨ੍ਹਾਂ ਪੁਸਤਕਾਂ

ਨਾਲ ਸੰਬੰਧਿਤ ਲੇਖਕਾਂ ਦੇ ਜੀਵਨ ਵੇਰਵੇ, ਰਚਨਾ-ਦ੍ਰਿਸ਼, ਪਰਖ-ਪੜਚੋਲ ਉਪਰੰਤ, ਪ੍ਰਚਲਿਤ ਪਰੰਪਰਾਵਾਂ ਦੀ ਪੁਣਛਾਣ, ਪੂਰਵ-ਵਰਤੀ ਖੋਜ ਦੀ ਘੋਖ ਕਰਦਿਆਂ ਸੱਚ ਦੀ ਭਾਲ ਕਰਨੀ, ਪਾਠ-ਨਿਰਧਾਰਨ ਕਰਨ ਲਈ ਮੂਲ-ਆਧਾਰ ਖਰੜੇ ਦੀ ਚੋਣ ਕਰਨੀ, ਸੰਪਾਦਨਾ ਖੇਤਰ ਵਿਚ ਰੁੱਝੇ ਖੋਜਕਾਰਾਂ ਲਈ ਚਾਨਣ ਮੁਨਾਰਾ ਹੈ।

ਜਿਸ ਨਾਲ ਲੇਖਕ ਦੇ ਜੀਵਨ ਤੇ ਰਚਨਾਵਾਂ ਦਾ ਵੇਰਵਾ ਪ੍ਰਤਿ ਜਾਣਕਾਰੀ ਮਿਲ ਜਾਂਦੀ ਹੈ। ਇਸ ਤੋਂ ਇਲਾਵਾ ਲਿਖਾਰੀ ਦੀ ਪ੍ਰਤਿਭਾ ਨੂੰ ਉਭਾਰਨਾ, ਰਚਨਾ-ਮੰਤਵ, ਰਚਨਾ-ਕਾਲ, ਪੁਸਤਕ ਵਿਚ ਆਏ ਮਿਥਿਹਾਸਿਕ ਅਤੇ ਸੰਕੇਤਿਕ ਹਵਾਲਿਆਂ, ਸਥਾਨਾਂ ਤੇ ਸੰਕੇਤਾਂ ਬਾਰੇ ਜਾਣਕਾਰੀ ਦੇਣੀ ਵੀ ਬਹੁਤ ਜ਼ਰੂਰੀ ਹੈ।

**ਅਨੁਵਾਦ**

ਡਾ. ਜੱਗੀ ਇਨ੍ਹਾਂ ਵਿਧਾਵਾਂ ਨੂੰ ਅਪਣਾਉਦੇ ਹੋਏ ਅਨੁਵਾਦ ਨੂੰ ਵੀ ਅਧਿਐਨ ਖੇਤਰ ਵਿਚ ਲੈ ਕੇ ਆਉਂਦੇ ਹਨ। ਅਨੁਵਾਦ ਤੋਂ ਭਾਵ 'ਸਾਬਤ ਮੂਲ ਉਲਟਾ ਕੇ ਹੋਰ ਬੋਲੀ ਵਿਚ ਲਿਖ ਦੇਣਾ ਉਸਦਾ ਨਾਮ ਭਾਖਾਂਤਰ, ਫ਼ਾਰਸੀ ਵਿਚ ਤਰਜਮਾ, ਉਰਦੂ ਵਿਚ ਉਲਥਾ ਅਤੇ ਹਿੰਦੀ ਵਿਚ ਅਨੁਵਾਦ ਕਹਿੰਦੇ ਹਨ।'[79] ਅਨੁਵਾਦ ਕਰਨ ਲਈ ਅਨੁਵਾਦਕ ਨੂੰ ਘੱਟੋ ਘੱਟ ਦੋ ਭਾਸ਼ਾਵਾਂ ਦਾ ਜਾਣਕਾਰ ਹੋਣਾ ਬੜਾ ਜਰੂਰੀ ਹੈ। ਇਸ ਤੋਂ ਬਿਨਾ ਕਿਸੇ ਵੀ ਕਾਵਿ-ਰਚਨਾ ਨੂੰ ਦੂਸਰੀ ਭਾਸ਼ਾ ਵਿਚ ਉਲਥਾਉਣਾ ਕੋਈ ਕਾਰਜ ਨਹੀਂ ਹੈ। ਕਿਉਂਕਿ ਧਾਰਮਿਕ ਪੁਸਤਕ ਵਿਚਲੀ ਭਾਸ਼ਾ ਸੰਕੇਤਕ, ਰੂਪਕੀ ਅਤੇ ਅਲੰਕਾਰਕ ਹੁੰਦੀ ਹੈ। ਇਸ ਤੋਂ ਇਲਾਵਾ ਭਾਵਾਤਮਕ ਤੀਬਰਤਾ ਹੋਣ

[79] ਗਿਆਨੀ ਕ੍ਰਿਪਾਲ ਸਿੰਘ, *ਸਿੱਖ ਮੱਤ ਦਰਸ਼ਨ,* (ਸੰਪਾ.) ਇੰਦਰਜੀਤ ਸਿੰਘ ਗੋਗੋਆਣੀ, ਪੰ.31.

ਕਰਕੇ ਇਸ ਨੂੰ ਸ਼ਾਬਦਿਕ ਅਰਥਾਂ ਵਿਚ ਪੇਸ਼ ਕਰਨਾ ਬਹੁਤ ਔਖਾ ਹੈ। ਵਰਤਮਾਨ ਸਮੇਂ ਵਿਚ ਇਹ ਸੰਸਾਰ ਇਕ ਪਰਿਵਾਰ ਦਾ ਹੀ ਰੂਪ ਧਾਰਨ ਕਰ ਗਿਆ ਹੈ। ਜਿਸ ਸਦਕਾ ਲੋਕ ਧਰਮ ਦੀਆਂ ਹੱਦਾਂ ਟੱਪ ਕੇ ਇਕ ਦੂਜੇ ਨੂੰ ਸਮਝਣ ਲਈ ਇਕ ਦੂਜੇ ਦੇ ਨੇੜੇ ਆ ਰਹੇ ਹਨ। ਇਸ ਸੰਦਰਭ ਵਿਚ ਕਿਸੇ ਵੀ ਧਾਰਮਿਕ ਗ੍ਰੰਥ ਦੇ ਉਲੱਥੇ ਦੀ ਲੋੜ ਹੈ। ਡਾ. ਜੱਗੀ ਅਨੁਸਾਰ 'ਅਨੁਵਾਦਿਤ ਰਚਨਾਵਾਂ ਦਾ ਕਿਸੇ ਵੀ ਭਾਸ਼ਾ ਦੇ ਵਿਕਾਸ ਵਿਚ ਵਿਸ਼ੇਸ਼ ਸਥਾਨ ਹੁੰਦਾ ਹੈ। ਇਸ ਦੁਆਰਾ ਇਕ ਭਾਸ਼ਾ ਦੀਆਂ ਮਹੱਤਵਪੂਰਣ ਕਲਾਸਕੀ ਰਚਨਾਵਾਂ ਦਾ ਕਿਸੇ ਦੂਜੀ ਅਜਿਹੀ ਭਾਸ਼ਾ ਵਿਚ ਅਨੁਵਾਦ ਕੀਤਾ ਜਾਂਦਾ ਹੈ, ਜਿਸ ਵਿਚ ਇਸ ਪ੍ਰਕਾਰ ਦੀਆਂ ਰਚਨਾਵਾਂ ਜਾਂ ਇਨ੍ਹਾਂ ਰਚਨਾਵਾਂ ਵਿਚ ਸੰਜੋਈ ਵਿਚਾਰ ਅਤੇ ਭਾਵ-ਸਾਮਗ੍ਰੀ ਉਪਲਭਧ ਨਾ ਹੋਵੇ।'[80] ਵੀਹਵੀਂ ਸਦੀ ਦੇ ਵਿਦਵਾਨਾਂ ਨੇ ਇਸ ਖੇਤਰ ਵਿਚ ਕਈ ਯਤਨ ਕੀਤੇ ਹਨ। ਜਿਵੇਂ ਡਾ. ਗੋਪਾਲ ਸਿੰਘ, ਪ੍ਰੋ. ਗੁਰਬਚਨ ਸਿੰਘ ਤਾਲਿਬ ਅਤੇ ਤੇਜਾ ਸਿੰਘ ਆਦਿ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗਰੇਜ਼ੀ ਵਿਚ ਅਨੁਵਾਦ ਕੀਤਾ ਹੈ, ਜੋ ਕਿ ਪੰਜਾਬੀ ਟੀਕਿਆਂ ਵਾਂਗ ਹੀ ਮਹੱਤਵਪੂਰਣ ਕਾਰਜ ਹੈ। ਅਨੁਵਾਦ ਦੇ ਖੇਤਰ ਵਿਚ ਕਾਰਜ ਕਰਦਿਆਂ ਡਾ. ਜੱਗੀ ਨੇ *ਆਬੇ ਹਯਾਤ* (ਉਰਦੂ ਤੋਂ ਪੰਜਾਬੀ), *ਰਾਜਨੀਤੀ ਵਿਗਿਆਨ ਅਤੇ ਸੰਗਠਨ ਦੇ ਸਿਧਾਂਤ* (ਅੰਗਰੇਜ਼ੀ ਤੋਂ ਪੰਜਾਬੀ), *ਸਿੱਖ ਇਤਿਹਾਸ ਦੀਆਂ ਝਾਕੀਆਂ,* ਭਾਗ-11 (ਅੰਗਰੇਜ਼ੀ ਤੋਂ ਹਿੰਦੀ), *ਪੰਜਾਬੀ ਰਾਮ ਕਾਵਿ* (ਪੰਜਾਬੀ ਤੋਂ ਹਿੰਦੀ) *ਤੁਲਸੀ ਰਮਾਇਣ: ਅਧਿਐਨ, ਸੰਪਾਦਨ ਅਤੇ ਵਿਆਖਿਆ* (ਹਿੰਦੀ ਤੋਂ ਪੰਜਾਬੀ), *ਨਾਨਕ ਸਿੰਘ* (ਮੋਨੋਗ੍ਰਾਫ਼), *ਉਪਨਿਸ਼ਦਾਂ ਦੀਆਂ ਕਹਾਣੀਆਂ* (ਹਿੰਦੀ ਤੋਂ ਪੰਜਾਬੀ)। ਰਮਾਇਣ

---

[80] *ਪੁਰਾਤਨ ਪੰਜਾਬੀ ਵਾਰਤਕ ਵਿਕਾਸ ਅਤੇ ਵਿਸ਼ਲੇਸ਼ਣ*, ਪੰ.314.

ਦੇ ਅਨੁਵਾਦ ਨਾਲ ਵੀ ਡਾ. ਜੱਗੀ ਨੂੰ ਕਾਫ਼ੀ ਪ੍ਰਸਿੱਧੀ ਮਿਲੀ।

ਡਾ. ਜੱਗੀ ਅਨੁਵਾਦ ਕਰਨ ਸਮੇਂ ਲੇਖਕ ਦੀ ਕੀਤੀ ਗੱਲ ਨੂੰ ਆਪਣੀ ਭਾਸ਼ਾ ਦੇ ਸੁਭਾਅ ਅਨੁਸਾਰ ਢਾਲ ਕੇ ਉਸ ਲਈ ਢੁਕਵੀਂ ਸ਼ਬਦਾਵਲੀ ਵਰਤਦੇ ਹਨ। ਜਿਸ ਨਾਲ ਮੂਲ ਰਚਨਾ ਦਾ ਸੁਭਾਅ ਦੂਜੀ ਭਾਸ਼ਾ ਵਿਚ ਵੀ ਆ ਜਾਂਦਾ ਹੈ। ਇਉਂ ਅਨੁਵਾਦ ਖੇਤਰ ਵਿਚ ਵੀ ਡਾ. ਜੱਗੀ ਦਾ ਵਡਮੁੱਲਾ ਯੋਗਦਾਨ ਰਿਹਾ ਹੈ। ਅਨੁਵਾਦ ਲਈ ਇਹ ਵੀ ਜ਼ਰੂਰੀ ਹੈ ਕਿ ਅਨੁਵਾਦਕ ਜਿਸ ਵੀ ਰਚਨਾ ਦਾ ਅਨੁਵਾਦ ਕਰ ਰਿਹਾ ਹੈ ਉਸ ਪ੍ਰਤਿ ਸੁਹਿਰਦ ਭਾਵਨਾ ਦਾ ਹੋਣਾ ਲਾਜ਼ਮੀ ਹੈ। ਅਨੁਵਾਦ ਕਰਦਿਆਂ ਉਨ੍ਹਾਂ ਦੀ ਭਾਸ਼ਾ ਨੂੰ ਵਰਤਣ ਦੀ ਲਿਆਕਤ ਅਤੇ ਹੁਨਰਮੰਦੀ ਵੀ ਕਮਾਲ ਹੈ। ਅਜਿਹਾ ਭਾਸ਼ਾ ਦਾ ਗਿਆਤਾ ਜੋ ਅਨੁਵਾਦ ਕਰੇ ਭਾਸ਼ਾ ਭਾਵੇਂ ਕੋਈ ਹੋਵੇ ਪਰ ਉਹ ਉਸ ਵਿਚ ਰਵਾਨਗੀ ਬਣਾ ਕੇ ਰਖਦਾ ਹੈ। ਆਮ ਕਰਕੇ ਅਨੁਵਾਦਕ ਦੀ ਕਲਮ ਕੁਝ ਅਨੁਵਾਦ ਕਰਕੇ ਰੁਕ ਜਾਂਦੀ ਹੈ ਪਰ ਡਾ. ਜੱਗੀ ਦੀ ਕਲਮ ਦੀ ਨਿਰੰਤਰਤਾ ਬਣੀ ਰਹਿੰਦੀ ਹੈ। ਡਾ. ਜੱਗੀ ਨੇ ਅਨੁਵਾਦ ਕਰਦਿਆਂ ਮੂਲ ਰਚਨਾ ਦੇ ਕਿਸੇ ਵਿਚਾਰ ਨੂੰ ਨਹੀਂ ਬਦਲਿਆ, ਨਾ ਹੀ ਮੂਲ ਲੇਖਕ ਨਾਲ ਨਫ਼ਰਤ ਦਾ ਵਿਚਾਰ ਆਇਆ। ਆਪਣੇ ਭਾਵਾਂ ਤੇ ਨਿਯੰਤ੍ਰਣ ਕਰਕੇ ਉਨ੍ਹਾਂ ਨੇ ਅਨੁਵਾਦ ਵਿਚ ਪੰਜਾਬੀਅਤ ਦੀ ਰੂਹ ਭਰਨ ਦਾ ਯਤਨ ਕੀਤਾ ਹੈ। ਅੰਗਰੇਜ਼ੀ ਭਾਸ਼ਾ ਵਿਚੋਂ *ਸਿੱਖ ਇਤਿਹਾਸ ਦੀਆਂ ਝਾਕੀਆਂ* ਦਾ ਅਨੁਵਾਦ ਉਨ੍ਹਾਂ ਦੇ ਅੰਗਰੇਜ਼ੀ ਭਾਸ਼ਾ ਦੇ ਗਿਆਨ ਦਾ ਲਖਾਇਕ ਹੈ। ਕਈ ਅਨੁਵਾਦਕ ਅਨੁਵਾਦ ਕਰਨ ਸਮੇਂ ਬਹੁ-ਭਾਸ਼ੀ ਗਿਆਤਾ ਹੋਣ ਕਰਕੇ ਮੂਲ ਰਚਨਾ ਦੀ ਆਤਮਾ ਤੋਂ ਦੂਰ ਹੋ ਜਾਂਦੇ ਹਨ, ਪਰ ਡਾ. ਜੱਗੀ ਦੀ ਅਨੁਵਾਦਿਤ ਰਚਨਾ ਵਿਚ ਅਜਿਹਾ ਵੇਖਣ ਨੂੰ ਨਹੀਂ ਮਿਲਦਾ। ਡਾ. ਜੱਗੀ ਸ਼੍ਰੋਮਣੀ ਦਰਜੇ ਦੇ ਅਨੁਵਾਦਕ ਕਹੇ ਜਾ ਸਕਦੇ

ਹਨ ਜੋ ਹਿੰਦੀ, ਪੰਜਾਬੀ, ਅੰਗਰੇਜ਼ੀ, ਸੰਸਕ੍ਰਿਤ ਅਤੇ ਫ਼ਾਰਸੀ ਦੇ ਵਿਦਵਾਨ ਹੋਣ ਕਰਕੇ ਭਾਸ਼ਾ ਦੇ ਵਿਉਂਤਪਤ (Etymological) ਅਰਥਾਂ ਤਕ ਪਹੁੰਚ ਜਾਂਦੇ ਹਨ। ਉਨ੍ਹਾਂ ਦੁਆਰਾ ਆਪਣੀ ਸੁਪਤਨੀ ਦੇ ਸਹਿਯੋਗ ਨਾਲ *ਦਸਮ ਗ੍ਰੰਥ* ਦੇ ਟੀਕੇ ਦਾ ਵੀ ਪੰਜਾਬੀ ਤੋਂ ਹਿੰਦੀ ਵਿਚ ਸੰਪੂਰਣ ਅਨੁਵਾਦ ਕੀਤਾ ਗਿਆ।

ਉਪਰੋਕਤ ਵਿਧਾਵਾਂ ਬਾਰੇ ਸੰਖੇਪ ਜਾਣ-ਪਛਾਣ ਉਪਰੰਤ ਅਸੀਂ ਦੇਖਦੇ ਹਾਂ ਕਿ ਡਾ.ਜੱਗੀ ਦੀ ਵਿਦਵਤਾ ਦੇ ਭਰਪੂਰ ਦਰਸ਼ਨ ਉਨ੍ਹਾਂ ਦੁਆਰਾ ਵਰਤੀ ਸਾਹਿਤ ਦੀ ਹਰ ਇਕ ਵਿਧਾ ਵਿਚੋਂ ਹੁੰਦੇ ਹਨ। ਚਾਹੇ ਉਹ ਅਨੁਵਾਦ ਦਾ ਕਾਰਜ ਹੋਵੇ, ਸੰਪਾਦਨਾ ਦਾ ਕਾਰਜ ਹੋਵੇ, ਟੀਕਾਕਾਰੀ/ਕੋਸ਼ਕਾਰੀ, ਜੀਵਨੀ ਸਾਹਿਤ ਅਤੇ ਜਾਂ ਫਿਰ ਕਿਸੇ ਕ੍ਰਿਤ ਦੀ ਭੂਮਿਕਾ/ਪ੍ਰਸਤਾਵਨਾ ਲਿਖਣੀ ਹੋਵੇ। ਇਨ੍ਹਾਂ ਸਮੁਚੀਆਂ ਵਿਧਾਵਾਂ ਵਿਚ ਡਾ. ਜੱਗੀ ਇਕ ਸਫਲ ਅਤੇ ਪ੍ਰਬੁੱਧ ਵਿਦਵਾਨ ਵਜੋਂ ਸਨਮੁਖ ਹੁੰਦੇ ਹਨ।

## ਅਧਿਆਇ ਚੌਥਾ

# ਡਾ. ਰਤਨ ਸਿੰਘ ਜੱਗੀ ਦਾ ਗੁਰਮਤਿ ਸਾਹਿਤ ਵਿਚ ਯੋਗਦਾਨ

'ਗੁਰਮਤਿ' ਅਤੇ ਸਿੱਖ ਧਰਮ ਦਾ ਬਹੁਤ ਨੇੜਲਾ ਸੰਬੰਧ ਹੈ। ਭਾਵੇਂ 'ਗੁਰ' ਅਤੇ 'ਮਤਿ' ਦੋ ਵੱਖਰੇ-ਵੱਖਰੇ ਸ਼ਬਦ ਹਨ ਪ੍ਰੰਤੂ ਫਿਰ ਵੀ 'ਗੁਰਮਤਿ' ਦਾ ਸਿੱਧਾ ਅਤੇ ਸਪੱਸ਼ਟ ਅਰਥ 'ਸਿੱਖ ਧਰਮ' ਵਿਚ ਗੁਰੂ ਸਾਹਿਬਾਨਾਂ ਵਲੋਂ ਥਾਪੇ ਹੋਏ ਅਸੂਲਾਂ ਨੂੰ ਕਿਹਾ ਜਾਂਦਾ ਹੈ। ਜਿਹੜਾ ਵੀ ਗੁਰੂ ਦੀ ਵਿਚਾਰਧਾਰਾ ਅਨੁਸਾਰ ਜੀਵਨ ਜਿਊਂਦਾ ਹੈ, ਉਹ ਸਿੱਖ ਧਰਮ ਦਾ ਅਨੁਯਾਈ ਹੈ। 'ਗੁਰਮਤਿ' ਦਾ ਆਰੰਭ ਗੁਰੂ ਨਾਨਕ ਸਾਹਿਬ ਜੀ ਤੋਂ ਮੰਨਿਆਂ ਜਾਂਦਾ ਹੈ, ਜੋ ਪੀੜ੍ਹੀ ਦਰ ਪੀੜ੍ਹੀ ਦਸ ਗੁਰੂ ਸਾਹਿਬਾਨਾਂ ਰਾਹੀਂ ਵਿਕਾਸ ਕਰਦਾ ਹੋਇਆ, ਆਪਣੇ ਨਿਆਰੇ ਅਤੇ ਖਾਲਸਾਈ ਰੂਪ ਵਿਚ ਸਥਾਪਿਤ ਹੋ ਜਾਂਦਾ ਹੈ। ਗੁਰਬਾਣੀ ਦੀ ਸਮਝ ਪ੍ਰਾਪਤ ਕਰਨ ਲਈ ਵੱਖ-ਵੱਖ ਸਮਿਆਂ ਵਿਚ ਅਨੇਕਾਂ ਵਿਧੀਆਂ ਹੋਂਦ ਵਿਚ ਆਈਆਂ ਜਿਵੇਂ ਕਿ ਟੀਕਾ, ਵਿਆਖਿਆ, ਭਾਸ਼, ਪਰਮਾਰਥ ਅਤੇ ਉਥਾਨਕਾਵਾਂ ਆਦਿ। ਟੀਕੇ ਦਾ ਭਾਵ ਤੁਕ ਵਾਰ ਅਰਥ ਕਰਨਾ ਹੈ ਜਦਕਿ ਭਾਸ਼ ਵਿਚ ਮੂਲ ਰਚਨਾ ਦੀਆਂ ਅਸਪਸ਼ਟ ਗੱਲਾਂ ਨੂੰ ਸਪਸ਼ਟ ਕੀਤਾ ਜਾਂਦਾ ਹੈ। ਡਾ. ਗੁਰਭਗਤ ਸਿੰਘ ਕਹਿੰਦੇ ਹਨ ਕਿ ' ਟੀਕਾਕਾਰੀ ਤੋਂ ਅਗਲਾ ਕਦਮ ਵਿਆਖਿਆਕਾਰੀ ਹੈ। ਇਹ ਜੋ ਸ਼ਬਦਾਂ ਦੇ ਅਰਥ ਉਪਰੰਤ ਪਰੰਪਰਾ ਤੇ ਪ੍ਰਸੰਗਾਂ ਸਮੇਤ ਗੁੱਝੇ ਭਾਵ, ਵਿਸਥਾਰ ਸਹਿਤ ਪ੍ਰਗਟਾਉਣ ਦਾ ਉਪਰਾਲਾ ਹੈ।'[1] ਇਉਂ ਵਿਆਖਿਆਕਾਰੀ ਉਹ ਸਿਰਜਨਾਤਮਕ ਕਲਾ ਹੈ, ਜੋ ਵਿਸਥਾਰ ਸਹਿਤ

[1] 'ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਅਜੋਕੇ ਵਿਆਖਿਆ-ਸ਼ਾਸਤਰ', (ਸੰਪਾ.), ਡਾ. ਜਸਵੀਰ ਕੌਰ, *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਿੰਨ ਪਰਿਪੇਖ,* 20ਵੀਂ ਅੰਤਰ-ਰਾਸ਼ਟਰੀ ਪੰਜਾਬੀ ਵਿਕਾਸ ਕਾਨਫਰੰਸ, ਪੰਨੇ-218-19.

ਕਿਸੇ ਅਨੁਭਵੀ ਸਾਹਿਤਿਕ ਕ੍ਰਿਤ ਦੇ ਵਿਚਾਰਾਂ ਅਤੇ ਭਾਵਨਾਵਾਂ ਦੇ ਗੂਹਜ ਨੂੰ ਸਪੱਸ਼ਟ ਕਰਨ ਦਾ ਯਤਨ ਕਰਦੀ ਹੈ।

ਵਿਆਖਿਆਕਾਰੀ, ਗੁਰਬਾਣੀ ਸਿਧਾਂਤਾਂ ਦੀ ਸੋਝੀ ਲਈ ਸਫਲ ਤਰੀਕਾ ਹੈ। ਵਿਆਖਿਆ ਦਾ ਅਰਥ ਹੈ 'ਕਿਸੇ ਔਖੀ ਪੰਕਤੀ, ਵਾਕ ਜਾਂ ਵਿਸ਼ੇ ਨੂੰ ਸਰਲ ਜਾਂ ਸੌਖੇ ਰੂਪ ਵਿਚ ਸਮਝਣ ਲਈ ਕਹੀ ਜਾਣ ਵਾਲੀ ਜਾਂ ਕੀਤਾ ਵਾਲਾ ਵਿਵੇਚਨ। ਕਿਸੇ ਜਟਿਲ ਵਾਕ ਦੇ ਅਰਥ ਦਾ ਸਪੱਸ਼ਟੀਕਰਨ। ਕਿਸੇ ਵਾਕ, ਕਥਨ ਆਦਿ ਦਾ ਆਪਣੀ ਬੁੱਧੀ ਜਾਂ ਆਪਣੇ ਦ੍ਰਿਸ਼ਟੀਕੋਣ ਨਾਲ ਲਾਇਆ ਜਾਣ ਵਾਲਾ ਅਰਥ। ਕਿਸੇ ਵਿਸ਼ੇ ਦਾ ਵਿਸਤਾਰ ਨਾਲ ਕੀਤਾ ਜਾਣ ਵਾਲਾ ਵਰਨਣ।'[2] ਗੁਰਬਾਣੀ ਦੀ ਸਫਲ ਵਿਆਖਿਆ ਕਰਨੀ ਕੋਈ ਸੌਖਾ ਕਾਰਜ ਨਹੀਂ ਹੈ। ਕਿਉਂਕਿ ਗੁਰਬਾਣੀ ਵਿਚ ਪ੍ਰਾਪਤ ਗਿਆਨ ਨੂੰ ਅਨੁਭਵ ਰਾਹੀਂ ਜਾਨਣਾ ਅਤੇ ਫਿਰ ਸਹੀ-ਸਹੀ ਬਿਆਨ ਕਰਨਾ ਬਹੁਤ ਕਠਿਨ ਹੈ। ਗੁਰਬਾਣੀ ਨੂੰ ਕੇਵਲ ਸ਼ਬਦੀ ਅਰਥ ਸਮਝ ਕੇ ਨਹੀਂ ਸਮਝਿਆ ਜਾ ਸਕਦਾ ਸਗੋਂ ਸ਼ਬਦੀ ਅਰਥ ਦੀਆਂ ਪਰਤਾਂ ਨੂੰ ਹੋਰ ਡੂੰਘਾਈ ਨਾਲ ਖੋਜਣਾ ਪੈਂਦਾ ਹੈ। ਡਾ. ਗੁਲਜ਼ਾਰ ਸਿੰਘ ਕੰਗ ਦੇ ਅਨੁਸਾਰ 'ਗੁਰਬਾਣੀ ਵਿਆਖਿਆ ਓਨਾ ਚਿਰ ਸੰਭਵ ਨਹੀਂ ਹੋ ਸਕਦੀ ਜਦ ਤੱਕ ਵਿਆਖਿਆਕਾਰ ਨੂੰ ਗੁਰਬਾਣੀ ਦੇ ਪ੍ਰਵਚਨਾਂ (ਦੈਵੀ ਪੈਗ਼ਮ) ਦੀ ਸਹੀ ਸੋਝੀ ਨਹੀਂ ਜਿਸ ਨੂੰ ਅਸੀਂ ਚਿੰਤਨ, ਵਿਚਾਰਧਾਰਾ ਜਾਂ ਸਿੱਖ ਮੁਹਾਵਰੇ ਵਿਚ ਗੁਰਮਤਿ-ਦਰਸ਼ਨ ਕਹਿ ਸਕਦੇ ਹਾਂ।'[3] ਯਥਾਰਥ ਤੋਂ ਵਿਹੂਣੀ ਵਿਆਖਿਆ ਗੁਰਬਾਣੀ ਦੇ ਅਰਥਾਂ ਨੂੰ ਘੋਰ ਅਨਰਥਾਂ ਵਿਚ ਬਦਲਦੀ ਹੈ।

---

[2] *ਮਾਨਕ ਹਿੰਦੀ ਕੋਸ਼,* ਰਾਮ ਚੰਦ੍ਰ ਵਰਮਾ (ਸੰਪਾ.), ਪੰ.121.

[3] *ਨਾਨਕ ਪ੍ਰਕਾਸ਼ ਪਤ੍ਰਿਕਾ:ਵਿਆਖਿਆ-ਸ਼ਾਸਤਰ ਅਤੇ ਵਿਆਖਿਆਕਾਰੀ ਵਿਸ਼ੇਸ਼ ਅੰਕ',* (ਸੰਪਾ.ਡਾ.ਸਰਬਜਿੰਦਰ ਸਿੰਘ), ਪੰ. 81.

ਜਿਸਦੇ ਫਲਸਰੂਪ ਤੱਤ ਗਿਆਨ ਤੋਂ ਹੀਣੇ ਪੁਰਸ਼ ਦੇਹਵਾਦ ਵਿਚ ਫਸ ਚੁੱਕੇ ਹਨ। ਪ੍ਰਾਪਤ ਵਿਆਖਿਆ ਜ਼ਿਆਦਾਤਰ ਰੂਪ ਪੱਧਰ ਦੀ ਹੈ। ਗੁਰਬਾਣੀ ਵਿਆਖਿਆ ਦਾ ਇਕ ਪਹਿਲੂ ਅਜੋਕੇ ਸਮੇਂ ਦੇ ਬਦਲਵੇਂ ਮਨੁੱਖੀ ਸਰੋਕਾਰਾਂ ਨਾਲ ਹੈ। ਕਿਉਂਕਿ ਪੰਜ ਸਦੀਆਂ ਦੇ ਲੰਮੇਰੇ ਸਮੇਂ ਦੌਰਾਨ ਮਨੁੱਖੀ ਚੇਤਨਾ ਦਾ ਸਰੂਪ ਕਾਫ਼ੀ ਬਦਲਣ ਕਰਕੇ ਇਸਦੇ ਜੀਵਨ-ਜਾਂਚ ਵਿਚ ਵੀ ਬਦਲਾਅ ਆਇਆ ਹੈ। ਉਸ ਸਮੇਂ ਮਨੁੱਖੀ ਚੇਤਨਤਾ ਜਿਆਦਾ ਸਰਧਾਮਈ ਅਤੇ ਧਾਰਮਿਕ ਸੀ। ਪਰ ਅਜੋਕੇ ਸਮੇਂ ਵਿਚ ਵਿਗਿਆਨਕ ਸੋਚ ਦੇ ਧਾਰਨੀ ਹੋਣ ਕਰਕੇ ਗੁਰਬਾਣੀ ਵਿਆਖਿਆ ਦਾ ਮੁਹਾਂਦਰਾ ਵੀ ਵਿਗਿਆਨਕ ਹੋਣਾ ਚਾਹੀਦਾ ਹੈ। ਜਿਥੋਂ ਤਕ ਗੁਰਬਾਣੀ ਵਿਆਖਿਆ ਦੀ ਗੱਲ ਹੈ, ਡਾ. ਜੱਗੀ ਨੇ ਇਸ ਵਿਚ ਆਪਣਾ ਯੋਗਦਾਨ ਪਾਇਆ। ਡਾ. ਜੱਗੀ ਦੇ ਗੁਰਮਤਿ ਸਿਧਾਂਤਾਂ ਦੀ ਵਿਖਿਆਤਮਿਕ ਵਿਸ਼ਿਆਂ ਵਿਚ ਅਧਿਆਤਮ ਪ੍ਰਕਾਰ, ਭਗਤੀ, ਪਰਮਾਤਮਾ ਦੇ ਸਤਿ ਰੂਪ ਦੀ ਵਡਿਆਈ, ਮਾਇਆ ਵਿਚ ਰਹਿਣ ਦੀ ਜੁਗਤ, ਗੁਰਮੁਖ, ਗੁਰਸਿੱਖੀ, ਸਤਿਗੁਰੂ, ਗੁਰਮਤਿ, ਗੁਰਬਾਣੀ, ਗਰੂ ਸਾਹਿਬਾਨਾਂ ਦਾ ਜੀਵਨ, ਗੁਰਸਿੱਖ ਦੀ ਰਹਿਤ, ਸੰਤ-ਅਵਤਾਰ, ਸੰਸਾਰਕ ਉਤਪਤੀ, ਪਰਮਾਤਮਾ ਦੀ ਅਨੰਤਤਾ, ਖਾਲਸਾ, ਅੰਮ੍ਰਿਤ ਵੇਲਾ, ਕੁਦਰਤ, ਮਨਮੁਖ, ਪਰਉਪਕਾਰ, ਗੁਰ-ਸ਼ਬਦ, ਜਾਤ-ਪਾਤ, ਨਾਮ-ਰਸ, ਅਨੰਤਤਾ, ਸਹਿਜ, ਸਾਧ-ਸੰਗਤ, ਹੁਕਮ-ਭਾਣਾ, ਨਿਰਮਾਣਤਾ, ਅੰ੍ਰਿਮਤ ਅਤੇ ਗੁਰ-ਪਰਮੇਸਰ ਆਦਿ ਹਨ।

ਗੁਰਮਤਿ ਦੇ ਅਸੂਲਾਂ ਨੂੰ ਬਿਬੇਕ ਬੁੱਧ ਦੇ ਆਸਰੇ ਸੋਚਣ ਅਤੇ ਸਮਝਣ ਦੀ ਪਰਿਪਾਟੀ ਗੁਰੂ ਨਾਨਕ ਦੇਵ ਜੀ ਤੋਂ ਹੀ ਸ਼ੁਰੂ ਹੋ ਗਈ ਸੀ। ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਕਰਕੇ ਕਈ ਧਾਰਮਿਕ ਆਗੂਆਂ, ਸੰਤਾਂ, ਫਕੀਰਾਂ, ਪੰਡਿਤਾਂ, ਬ੍ਰਾਹਮਣਾਂ, ਨਾਥਾਂ, ਮੁਲਾਣਿਆਂ ਅਤੇ

ਬਲੀਆਂ ਨਾਲ ਗੋਸ਼ਟਿ ਕਰਦਿਆਂ ਗੁਰਮਤਿ ਦੇ ਅਧਿਆਤਮਕ ਸਿਧਾਤਾਂ ਦੀ ਵਿਆਖਿਆ ਕੀਤੀ। ਗੁਰੁ ਨਾਨਕ ਸਾਹਿਬ ਜੀ ਦੇ ਉਤਰਾਧਿਕਾਰੀਆਂ ਨੇ ਵੀ ਗੁਰੂ ਨਾਨਕ ਬਾਣੀ ਦੀ ਵਿਆਖਿਆ ਕਰਕੇ ਗੁਰਮਤਿ ਦਾ ਪ੍ਰਚਾਰ ਅਤੇ ਪ੍ਰਸਾਰ ਕੀਤਾ। ਸਾਹਿਤਕ ਖੇਤਰ ਵਿਚ ਗੁਰੂ ਸਾਹਿਬਾਨ ਦੀ ਕੀਤੀ ਅਗਵਾਈ ਬੜੀ ਮਹਾਨਤਾ ਰਖਦੀ ਹੈ। ਗੁਰੂ ਸਾਹਿਬਾਨਾਂ ਨੇ ਲਗਪਗ ਦੋ ਸਦੀਆਂ ਤੱਕ ਆਪਣੇ ਸਮਾਜਿਕ ਅਤੇ ਸਾਹਿਤਕ ਮੇਲ-ਜੋਲ ਸਦਕਾ ਲੋਕਾਂ ਨੂੰ ਪ੍ਰਭਾਵਿਤ ਕੀਤਾ। ਉਨ੍ਹਾਂ ਨੇ ਆਪਣਾ ਸਾਹਿਤ ਕੇਵਲ ਧਾਰਮਿਕ ਅਤੇ ਅਧਿਆਤਮਿਕ ਪ੍ਰਚਾਰ ਲਈ ਨਹੀਂ ਰਚਿਆ ਸਗੋਂ ਚੇਤੰਨ ਸਾਹਿਤਕਾਰ ਦੀ ਤਰ੍ਹਾਂ ਸਮਾਜ ਪ੍ਰਤੀ ਆਪਣੀਆਂ ਜਿੰਮੇਵਾਰੀਆਂ ਨੂੰ ਵੀ ਨਿਭਾਇਆ। ਉਨ੍ਹਾਂ ਨੇ ਉਸਾਰੂ ਸਾਹਿਤ ਰਚਿਆ ਜੋ ਦਾਰਸ਼ਨਿਕ ਪਖੋਂ ਵੀ ਉਚ ਪਾਏ ਦਾ ਸਾਹਿਤ ਹੈ। ਉਨ੍ਹਾਂ ਨੇ ਪੁਰਾਤਨ ਭਾਰਤੀ ਦਰਸ਼ਨ ਦਾ ਨਿਚੋੜ ਪੇਸ਼ ਕਰਦਿਆਂ ਸਫ਼ਲ ਜੀਵਨ ਮਾਰਗ ਦੱਸਣ ਲਈ ਬੌਧਿਕ ਵਿਆਖਿਆ ਕੀਤੀ। ਗੁਰੂ ਨਾਨਕ ਸਾਹਿਬ ਜੀ ਤੋਂ ਸ਼ੁਰੂ ਹੋਈ ਇਹ ਬਾਣੀ ਸਿਰਜਣਾ ਗਿਆਨਮਈ ਸੰਕਲਪਾਤਮਕ ਕਿਸਮ ਦੀ ਰਚਨਾ ਹੈ। ਕ੍ਰਮ-ਬੱਧ ਰੂਪ ਵਿਚ ਅਗਲੇਰੇ ਗੁਰੂ ਸਾਹਿਬਾਨ ਦੀ ਬਾਣੀ ਵਿਚ ਸੰਕਲਪਾਂ ਦੀ ਵਿਆਖਿਆ ਮਿਲਦੀ ਹੈ। ਇਸ ਤੋਂ ਇਲਾਵਾ ਗੁਰਬਾਣੀ ਦੀ ਸੰਭਾਲ ਅਤੇ ਗੁਰਮਤਿ ਦੀ ਵਿਆਖਿਆ ਦੇ ਖੇਤਰ ਵਿਚ ਸਮਕਾਲੀ ਸੰਪ੍ਰਦਾਵਾਂ ਜਿਵੇਂ ਕਿ ਉਦਾਸੀ, ਸੋਢੀ ਹਰਿ ਜੀ (ਮੀਣਾ ਸੰਪਰਦਾਇ), ਨਿਰਮਲਾ ਸੰਪਰਦਾਇ ਅਤੇ ਅਜੋਕੀਆਂ ਸਿੰਘ ਸਭਾ ਜਿਹੀਆਂ, ਵਿਆਖਿਆ ਪ੍ਰਣਾਲੀਆਂ ਹੋਂਦ ਵਿਚ ਆਈਆਂ। ਇਨ੍ਹਾਂ ਨੇ ਪੰਰਪਰਾ ਪ੍ਰਾਪਤ ਵਿਆਖਿਆ ਨੂੰ ਲੈ ਕੇ ਮੌਖਿਕ ਅਤੇ ਲਿਖਤੀ ਰੂਪ ਵਿਚ ਵਿਸ਼ੇਸ਼ ਯੋਗਦਾਨ ਪਾਇਆ।

ਪੱਛਮੀ ਸੱਭਿਅਤਾ ਅਤੇ ਅੰਗਰੇਜੀ ਵਿਦਿਆ ਦਾ ਅਸਰ ਸਿਖ ਧਰਮ ਵਿਚ ਇਕ ਨਵੀਂ ਲਹਿਰ ਲੈ ਕੇ ਆਇਆ। ਸੰਨ 1873 ਵਿਚ 'ਸਿੰਘ ਸਭਾ ਲਹਿਰ' ਦੀ ਨੀਂਹ ਰੱਖੀ ਗਈ। ਇਸ ਲਹਿਰ ਦਾ ਮੁੱਖ ਪ੍ਰਯੋਜਨ ਸਿੱਖਾਂ ਦੀ ਧਾਰਮਿਕ, ਵਿਦਿਅਕ ਅਤੇ ਸਮਾਜਿਕ ਖੇਤਰ ਵਿਚ ਇਸਾਈ ਮਿਸ਼ਨਰੀਆਂ ਦੁਆਰਾ ਲੋਕਾਂ 'ਤੇ ਪੈ ਰਹੇ ਪ੍ਰਭਾਵ ਨੂੰ ਹਟਾਉਣਾ ਅਤੇ ਗੁਰਮਤਿ ਸਾਹਿਤ ਨੂੰ ਵਿਕਸਿਤ ਕਰਨਾ ਸੀ। ਇਸ ਲਹਿਰ ਵਿਚ ਪ੍ਰੋ. ਗੁਰਮਖ ਸਿੰਘ, ਗਿਆਨੀ ਦਿੱਤ ਸਿੰਘ, ਗਿਆਨੀ ਹਜਾਰਾ ਸਿੰਘ, ਡਾ. ਚਰਨ ਸਿੰਘ ਆਦਿ ਵਿਦਵਾਨਾਂ ਨੇ ਬਾਖੂਬੀ ਯੋਗਦਾਨ ਪਾਇਆ। ਇਸ ਤੋਂ ਬਾਅਦ ਭਾਈ ਕਾਨ੍ਹ ਸਿੰਘ ਨਾਭਾ, ਡਾ. ਭਾਈ ਵੀਰ ਸਿੰਘ, ਭਾਈ ਜੋਧ ਸਿੰਘ ਅਤੇ ਪ੍ਰਿੰ. ਤੇਜਾ ਸਿੰਘ ਆਦਿਕ ਵਿਦਵਾਨਾਂ ਨੇ ਗੁਰਮਤਿ ਨਾਲ ਸੰਬੰਧਿਤ ਪੁਸਤਕਾਂ ਦੀ ਰਚਨਾ ਕੀਤੀ। ਵੀਹਵੀਂ ਸਦੀ ਦੇ ਪਹਿਲੇ ਦਹਾਕਿਆਂ ਦੌਰਾਨ ਭਾਈ ਵੀਰ ਸਿੰਘ, ਭਾਈ ਮੋਹਣ ਸਿੰਘ ਵੈਦ, ਚਰਨ ਸਿੰਘ ਸ਼ਹੀਦ, ਬਾਵਾ ਬੁੱਧ ਸਿੰਘ, ਪ੍ਰੋ. ਪੂਰਨ ਸਿੰਘ ਅਤੇ ਪ੍ਰੋ. ਸਾਹਿਬ ਸਿੰਘ ਆਦਿ ਵਿਦਵਾਨਾਂ ਨੇ ਗੁਰਮਤਿ ਸਾਹਿਤ ਲਈ ਵਡਮੁੱਲਾ ਅਤੇ ਵਰਣਨਯੋਗ ਕੰਮ ਕੀਤਾ। ਇਨ੍ਹਾਂ ਵਿਦਵਾਨਾਂ ਨੇ ਗੁਰਬਾਣੀ ਦੀ ਪੁਨਰ-ਵਿਆਖਿਆ ਕਰਕੇ ਵੱਖਰੀ ਪਛਾਣ ਅਤੇ ਪੁਰਾਤਨ ਸਿੱਖੀ ਜਲੌ ਨੂੰ ਕਾਇਮ ਰੱਖਣ ਵਾਸਤੇ ਹੰਭਲਾ ਮਾਰਿਆ। ਭਾਈ ਵੀਰ ਸਿੰਘ ਨੂੰ ਇਨ੍ਹਾਂ ਸਾਹਿਤਕਾਰਾਂ ਦਾ ਵਡੇਰਾ ਕਿਹਾ ਜਾ ਸਕਦਾ ਹੈ, ਜਿਨ੍ਹਾਂ ਨੇ ਗੁਰਬਾਣੀ ਦਾ ਟੀਕਾ ਕਰਨਾ ਅਤੇ ਸਿੱਖ ਇਤਿਹਾਸ ਦੀ ਪੁਨਰ-ਆਲੋਚਨਾ ਕਰਨੀ ਆਦਿ ਮਹਾਨ ਕਾਰਜ ਕੀਤੇ। ਭਾਈ ਕਾਨ੍ਹ ਸਿੰਘ ਨਾਭਾ ਨੇ *ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਹਮ ਹਿੰਦੂ ਨਹੀਂ, ਗੁਰਮਤਿ ਪ੍ਰਭਾਕਰ* ਅਤੇ *ਗੁਰਮਤਿ ਸੁਧਾਕਰ* ਪੁਸਤਕਾਂ ਗੁਰਮਤਿ ਸਾਹਿਤ ਦੀ ਝੋਲੀ ਪਾਈਆਂ। ਭਾਈ ਜੋਧ ਸਿੰਘ ਦੀਆਂ ਰਚਨਾਵਾਂ ਵਿਚੋਂ

*ਗੁਰਮਤਿ ਨਿਰਣੈ* ਅਤੇ *ਸਿੱਖੀ ਕੀ ਹੈ?* ਵੀ ਵਰਨਣਯੋਗ ਹਨ। ਪ੍ਰੋ. ਸਾਹਿਬ ਸਿੰਘ ਪ੍ਰਸਿੱਧ ਵਿਆਕਰਣ ਆਚਾਰੀਆ ਅਤੇ ਗੁਰਬਾਣੀ ਦੇ ਮਹਾਨ ਵਿਆਖਿਆਕਾਰ ਸਨ, ਜਿਨ੍ਹਾਂ ਨੇ *ਗੁਰਬਾਣੀ ਵਿਆਕਰਣ* ਅਤੇ *ਗੁਰੂ ਗ੍ਰੰਥ ਸਾਹਿਬ ਦਰਪਣ* (ਦਸ ਸੈਂਚੀਆਂ) ਆਦਿ ਵਿਸ਼ੇਸ਼ ਰਚਨਾਵਾਂ ਦੁਆਰਾ ਗੁਰਮਤਿ ਸਾਹਿਤ ਵਿਚ ਮਹਾਨ ਯੋਗਦਾਨ ਪਾਇਆ। ਪ੍ਰੋ. ਸਾਹਿਬ ਸਿੰਘ ਨੇ ਸਿੱਖ ਧਰਮ ਨੂੰ ਆਧੁਨਿਕ ਮੁਹਾਵਰੇ ਵਿਚ ਪੇਸ਼ ਕਰਨ ਦੇ ਨਾਲ ਨਾਲ ਗੁਰਮਤਿ ਪ੍ਰਸੰਗ ਵਿਚ ਪ੍ਰਸਤੁਤ ਕਰਨ ਦੀ ਪਿਰਤ ਪਾਈ। ਸੰਨ 1947 ਈ. ਨੂੰ ਦੇਸ਼ ਆਜਾਦ ਹੋਣ ਤੋਂ ਬਾਅਦ ਵਿਦਿਆ ਦਾ ਪਾਸਾਰ ਵਧਣ ਦੇ ਨਾਲ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਹੋਂਦ ਵਿਚ ਆਏ। ਇਨ੍ਹਾਂ ਵਿਦਿਅਕ ਸੰਸਥਾਵਾਂ ਵਿਚ ਗੁਰਬਾਣੀ ਨੂੰ ਵੀ ਸਿਲੇਬਸ ਵਜੋਂ ਪਾਠ-ਪੁਸਤਕਾਂ ਵਿਚ ਸ਼ਾਮਿਲ ਕੀਤਾ ਗਿਆ ਅਤੇ ਗੁਰਬਾਣੀ ਦਾ ਸਿਧਾਂਤਕ ਵਿਸਲੇਸ਼ਣ ਹੋਣ ਲੱਗਾ।

ਵੀਹਵੀਂ ਸਦੀ ਦੇ ਛੇਵੇਂ ਦਹਾਕੇ ਵਿਚ ਡਾ. ਰਤਨ ਸਿੰਘ ਜੱਗੀ ਦਾ ਨਾਮ ਸਾਹਮਣੇ ਆਇਆ ਜਿਨ੍ਹਾਂ ਦੀ ਗੁਰਮਤਿ ਸਾਹਿਤ ਦੇ ਆਧੁਨਿਕ ਖੇਤਰ ਵਿਚ ਵੱਡੀ ਘਾਲਣਾ ਹੈ। ਉਨ੍ਹਾਂ ਦੇ ਅਧਿਐਨ ਦਾ ਮੁੱਖ ਵਿਸ਼ਾ ਮੱਧਕਾਲੀ ਪੰਜਾਬੀ ਸਾਹਿਤ, ਗੁਰਬਾਣੀ, ਪੁਰਾਤਨ ਪੰਜਾਬੀ ਵਾਰਤਕ ਅਤੇ ਪੁਰਾਤਨ ਹੱਥ-ਲਿਖਤਾਂ ਹਨ। ਡਾ. ਜੱਗੀ ਦਾ ਅਧਿਆਪਕ ਕਾਰਜ ਹਿੰਦੂ ਸੋਨੀਪਤ ਕਾਲਜ ਤੋਂ ਸ਼ੁਰੂ ਹੋ ਕੇ ਸਰਕਾਰੀ ਕਾਲਜ ਹਿਸਾਰ, ਮਹਿੰਦਰਾ ਕਾਲਜ ਪਟਿਆਲਾ ਤੋਂ ਹੁੰਦਾ ਹੋਇਆ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ 1987 ਨੂੰ ਸਮਾਪਤ ਹੋਇਆ। ਇਉਂ ਹੀ ਪੁਸਤਕਾਂ, ਹੱਥ-ਲਿਖਤ ਖਰੜਿਆਂ ਨੂੰ ਆਪਣਾ ਸਰਮਾਇਆ ਸਮਝਣ ਵਾਲੇ ਡਾ. ਜੱਗੀ ਨੇ ਵੱਖ-ਵੱਖ ਭਾਸ਼ਾਵਾਂ ਵਿਚ ਵੱਖ-ਵੱਖ ਵਿਸ਼ਿਆਂ ’ਤੇ ਲਗਪਗ 200 ਤੋਂ ਜਿਆਦਾ ਰਚਨਾਵਾਂ ਰਚੀਆਂ ਹਨ।

ਉਨ੍ਹਾਂ ਦਾ ਸਾਰਾ ਜੀਵਨ ਸਖਤ ਘਾਲਣਾ ਦਾ ਰਿਹਾ ਹੈ। ਉਨ੍ਹਾਂ ਨੇ ਸਾਰੀ ਉਮਰ ਆਤਮ-ਚੇਤਨਾ, ਜੀਵਨ-ਘਾਲਣਾ, ਬੁਧੀ-ਬਲ ਅਤੇ ਸਿੱਖ ਕੌਮ ਲਈ ਘੋਲ ਘੁਮਾਇਆ। ਉਨ੍ਹਾਂ ਦੀ ਪ੍ਰਤਿਭਾ ਬਹੁ-ਪੱਖੀ ਵਿਸ਼ਾਲਤਾ ਵਾਲੀ ਹੈ ਅਤੇ ਕਲਪਨਾ ਸ਼ਕਤੀ ਦੂਰਦਰਸ਼ੀ ਹੈ। ਉਹ ਸਾਹਿਤ ਦੇ ਰਸੀਏ ਹਨ ਅਤੇ ਸਾਹਿਤ ਸਿਰਜਨਾ ਵਿਚ ਕੁਸ਼ਲਤਾ ਰਖਦੇ ਹਨ। ਉਨ੍ਹਾਂ ਵਿਚ ਵੱਡੀ ਖੂਬੀ ਇਹ ਵੀ ਰਹੀ ਹੈ ਜੋ ਉਭਰਦੇ ਸਾਹਿਤਕਾਰਾਂ, ਲੇਖਕਾਂ ਨੂੰ ਉਤਸ਼ਾਹ ਨਾਲ ਉਚਾ ਕਰਨਾ ਸੀ। ਉਨ੍ਹਾਂ ਨੇ ਜੀਵਨ ਦੀ ਧਾਰਨਾ ਬਣਾਈ ਕਿ ਆਪਣੀ ਪ੍ਰਤਿਭਾ ਨੂੰ ਸਿੱਖ ਸਭਿਆਚਾਰ ਨੂੰ ਉਜਾਗਰ ਕਰਨ ਅਤੇ ਗੁਰਬਾਣੀ ਦੀ ਵਿਆਖਿਆ ਕਰਨ ਵਿਚ ਲਗਾਉਣਾ ਹੈ। ਡਾ. ਜੱਗੀ ਦੀਆਂ ਰਚਨਾਵਾਂ ਟੀਕਾਕਾਰੀ, ਕੋਸ਼ਕਾਰੀ, ਸੰਪਾਦਨਾ, ਅਨੁਵਾਦ, ਅਲੋਚਨਾਤਮਕ ਅਤੇ ਜੀਵਨੀ ਸਾਹਿਤ ਦੇ ਰੂਪ ਵਿਚ ਪ੍ਰਾਪਤ ਹਨ। ਇਨ੍ਹਾਂ ਸਮੁੱਚੀਆਂ ਰਚਨਾਵਾਂ ਦਾ ਮੁੱਖ ਮੰਤਵ ਸਿੱਖੀ ਅਤੇ ਗੁਰਮਤਿ ਦੇ ਆਦਰਸ਼ਾਂ ਨੂੰ ਸੁਖੈਨ ਰੂਪ ਵਿਚ ਪ੍ਰਗਟ ਕਰਨਾ ਹੈ।

ਸਾਹਿੱਤ ਅਤੇ ਜੀਵਨ ਦਾ ਅਟੁੱਟ ਰਿਸ਼ਤਾ ਹੈ। ਸਾਹਿਤ ਹੀ ਜੀਵਨ ਦੇ ਖੇਤਰ ਦੀਆਂ ਕਦਰਾਂ-ਕੀਮਤਾਂ ਦਾ ਨਿਰੂਪਣ ਕਰਕੇ ਇਸ ਸੰਬੰਧੀ ਆਪਣਾ ਯੋਗਦਾਨ ਪਾਉਂਦਾ ਹੈ। ਸਾਹਿਤ ਇਕ ਅਜਿਹੀ ਕਲਾ ਹੈ ਜਿਸ ਦੁਆਰਾ ਕਿਸੇ ਵੀਚਾਰ, ਘਟਨਾ, ਅਨੁਭਵ, ਅਧਿਐਨ, ਵਿਅਕਤੀ ਅਤੇ ਸਥਿਤੀ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ। ਕਿਸੇ ਵੀ ਸਾਹਿਤਕਾਰ ਦੀ ਕਲਾ ਕ੍ਰਿਤ ਦੀ ਪਰਖ ਕਰਨ ਸਮੇਂ ਡਾ. ਅਤਰ ਸਿੰਘ ਕਹਿੰਦੇ ਹਨ ਕਿ 'ਸਾਹਿਤ ਕਿਸੇ ਉਪਦੇਸ਼ ਨੂੰ ਕਿਵੇਂ ਆਪਣੇ ਅੰਦਰ ਸਿਰਜ ਕੇ ਪਾਠਕ ਦੇ ਸਾਹਮਣੇ ਰਖੇ, ਸਾਹਿਤ ਦੀ ਕੋਈ ਵੀ ਪਰਖ਼ ਸੰਪੂਰਣ ਨਹੀਂ ਹੁੰਦੀ ਜਦੋਂ ਤੀਕ ਪਾਰਖੂ ਇਹ ਫੈਸਲਾ ਨਹੀਂ ਦਿੰਦਾ ਕਿ ਸਾਹਿਤ ਦਾ ਸਮੁੱਚਾ ਪ੍ਰਭਾਵ ਤੇ

ਉਸ ਤੋਂ ਉਪਜੀ ਪ੍ਰੇਰਣਾ ਉਤਸ਼ਾਹ-ਜਨਕ, ਸਰਬ-ਹਿਤਕਾਰੀ, ਆਸ਼ਾ-ਭਰਪੂਰ, ਅਰੋਗ ਅਤੇ ਮਨੁੱਖ ਦੀ ਚੇਤੰਨਤਾ ਨੂੰ ਸਾਣ ਚਾੜ੍ਹ ਕੇ ਉਸ ਨੂੰ ਚੰਗੇਰਾ ਮਨੁੱਖ ਬਣਾਨ ਵਾਲੀ ਹੈ ਜਾਂ ਇਸ ਦੇ ਉਲਟ ਵਖਾਦੀ, ਰੋਗੀ ਤੇ ਢਹਿੰਦੀਆਂ ਕਲਾਂ ਵਲ ਲੈ ਜਾਣ ਵਾਲੀ ਹੈ। ਇਸ ਦਾ ਕਾਰਨ ਇਹ ਹੈ ਕਿ ਜਿਹੜੀ ਚੀਜ਼ ਸਾਨੂੰ ਟੁੰਬਦੀ ਤੇ ਪ੍ਰਭਾਵਤ ਕਰਦੀ ਹੈ, ਉਹ ਸਾਨੂੰ ਜਰੂਰ ਕਿਸੇ ਚੰਗੇ ਜਾਂ ਮੰਦੇ ਪਾਸੇ ਵਲ ਪ੍ਰੇਰਦੀ ਹੈ।'[4] ਡਾ. ਜੱਗੀ ਦੀ ਵੱਡੀ ਦੇਣ ਇਹ ਵੀ ਇਹ ਕਿ ਉਨ੍ਹਾਂ ਦੀ ਰਚਨਾ ਜਿਥੇ ਸਾਹਿਤਕ ਖੇਤਰ ਵਿਚ ਪ੍ਰਮਾਣਿਤ ਹੁੰਦੀ ਹੈ, ਉਥੇ ਉਹ ਨਵੀਂ ਪੀੜ੍ਹੀ ਲਈ ਪ੍ਰੇਰਨਾ-ਸ੍ਰੋਤ ਵੀ ਬਣਦੀ ਹੈ। ਜਿਸ ਇਨਸਾਨ ਨੇ ਆਪਣੀ ਜਿੰਦਗੀ ਵਿਚ ਇੰਨਾ ਸੰਘਰਸ਼ ਲੜਿਆ ਹੋਵੇ, ਅਤਿਅੰਤ ਕਠਨ ਹਾਲਾਤਾਂ ਦਾ ਟਾਕਰਾ ਬੇਮਿਸਾਲ ਹੌਂਸਲੇ ਨਾਲ ਕੀਤਾ ਹੋਵੇ ਉਹ ਇਨਸਾਨ ਸਾਡੇ ਲਈ ਪ੍ਰੇਰਨਾ-ਸ੍ਰੋਤ ਹੈ। ਇਕ ਸਾਹਿਤਕਾਰ ਦੁਆਰਾ ਕਠਿਨ ਘਾਲਨਾਵਾਂ ਘਾਲ ਕੇ ਸਾਹਿਤਕ ਪਿੜ੍ਹ ਵਿਚ ਪਾਏ ਯੋਗਦਾਨ ਬਾਰੇ ਜਸਵੰਤ ਸਿੰਘ

ਕੰਵਲ ਲਿਖਦੇ ਹਨ ਕਿ 'ਸਾਹਿਤ ਜ਼ਿੰਦਗੀ ਦੀ ਅਬਾਦਤ ਹੈ। ਇਸ ਅਬਾਦਤ ਨੂੰ ਸ਼ੁਰੂ ਤਾਂ ਬਹੁਤ ਕਰਦੇ ਹਨ, ਪਰ ਲੰਮੀ ਸਾਧਨਾ ਹੋਣ ਕਾਰਨ ਵਿਰਲੇ ਹੀ ਤਪੀਸਰ ਬਣਦੇ ਹਨ। ਕਈਆਂ ਨੂੰ ਘਰੋਗੀ ਤੇ ਆਰਥਿਕ ਮਜ਼ਬੂਰੀਆਂ ਲੈ ਬੈਠਦੀਆਂ ਹਨ ਤੇ ਕਈਆਂ ਨੂੰ ਹਾਲਾਤ ਬਦਲ ਜਾਂਦੇ ਹਨ। ਇਸ ਉਮਰ ਭਰ ਦੀ ਫਕੀਰੀ ਨੂੰ ਸੂਰਮੇ ਹੀ ਹੰਢਾਉਂਦੇ ਹਨ। ਇਹਦੇ ਸੱਚ ਦੇ ਜਾਮੇ ਨੂੰ ਦਾਗ ਨਹੀਂ ਲਗਣਾ ਚਾਹੀਦਾ, ਕਿਉਂਕਿ ਸੁੱਚੇ ਸਾਹਿਤ ਦਾ ਹਰ ਵਾਕ ਕੁਰਾਨੇ ਪਾਕ ਦਾ ਕਲਮਾ, ਗੁਰੂ ਗ੍ਰੰਥ ਦਾ ਮੂਲ ਮੰਤਰ ਅਤੇ ਗੀਤਾ ਦਾ ਸਲੋਕ ਹੈ। ਜਿੰਨਾ ਚਿਰ ਮਨ ਦੀ ਸੁਧੀ

[4] *ਦ੍ਰਿਸ਼ਟੀਕੋਣ,* ਪੰ. 78.

ਇਸ ਪਵਿਤ੍ਰਤਾ ਨੂੰ ਨਹੀਂ ਪਹੁੰਚਦੀ ਜ਼ਿੰਦਗੀ ਦੀ ਅਬਾਦਤ ਅਸੰਭਵ ਹੈ।ਕੱਚੇ ਅਨੁਭਵ ਅਤੇ ਮਨ ਦੀ ਪਵਿਤਰਤਾ ਤੋਂ ਆਕੀ ਲੋਕ, ਜੋ ਸਾਹਿਤਕਾਰੀ ਵਿਚ ਆ ਜਾਂਦੇ ਹਨ, ਉਹ ਜ਼ਿੰਦਗੀ ਦੀ ਅਬਾਦਤ ਦੀ ਥਾਂ ਬੇਅਦਬੀ ਕਰਦੇ ਹਨ।'[5]

ਡਾ. ਜੱਗੀ ਦਾ ਜੀਵਨ, ਗੁਰਮਤਿ ਸਾਹਿਤ ਵਿਚ ਯੋਗਦਾਨ ਅਤੇ ਸਾਹਿਤਕ ਕਾਰਜ-ਖੇਤਰ ਤਿੰਨੇ ਹੀ ਬਹੁ-ਪੱਖੀ ਹਨ। ਗੁਰਮਤਿ ਸਾਹਿਤ ਲਈ ਰਚਨਾਵਾਂ ਰਚੀਆਂ, ਜਿਨ੍ਹਾਂ ਵਿਚੋਂ ਉਨ੍ਹਾਂ ਨੇ ਕਈਆਂ ਨੂੰ ਪੁਸਤਕ ਰੂਪ ਦਿਤਾ ਅਤੇ ਬਹੁਤੀਆਂ ਪੱਤਰ-ਪੱਤਰਕਾਵਾਂ ਵਿਚ ਦਰਜ ਹਨ। ਉਨ੍ਹਾਂ ਨੇ ਬਹੁਤ ਸਾਰੇ ਸਾਹਿਤਕ ਰੂਪਾਂ ਵਿਚ ਆਪਣੀ ਵਿਚਾਰਧਾਰਾ, ਖਿਆਲਾਂ ਅਤੇ ਭਾਵਾਂ ਦਾ ਪ੍ਰਗਟਾਅ ਕੀਤਾ ਹੈ। ਉਨ੍ਹਾਂ ਦੇ ਜੀਵਨ ਵਿਚ ਭਾਵੇਂ ਕਾਫ਼ੀ ਉਤਰਾਅ ਚੜ੍ਹਾਅ ਆਏ ਪਰ ਉਹ ਸਾਹਿਤ ਸਿਰਜਨਾ ਵਿਚ ਸਾਧਨਾ ਕਰਦੇ ਰਹੇ। ਉਨ੍ਹਾਂ ਦੀ ਵਿਲੱਖਣਤਾ ਇਸ ਗੱਲ ਵਿਚ ਵੀ ਹੈ ਕਿ ਉਨ੍ਹਾਂ ਕੋਲ ਸਮਕਾਲੀ ਵਿਦਵਾਨਾਂ ਵਾਲੀ ਕੋਈ ਸਹੂਲਤ ਨਹੀਂ ਸੀ। ਗੁਰਮਤਿ ਵਿਚਾਰਧਾਰਾ ਨੂੰ ਰੋਮ-ਰੋਮ ਤੋਂ ਸਮਰਪਿਤ, ਸਮੇਂ ਦਾ ਸਦਾ ਸਦ-ਉਪਯੋਗ ਕਰਨ ਵਾਲੀ ਸ਼ਖਸ਼ੀਅਤ ਦੀ ਜੀਵਨ-ਜਾਂਚ, ਕਾਰਜ ਸ਼ੈਲੀ ਤੇ ਰਚਨਾਵਾਂ ਨੇ ਉਨ੍ਹਾਂ ਨੂੰ ਸਾਹਿਤਕ ਪਿੜ ਵਿਚ ਕੰਮ ਕਰਨ ਵਾਲਿਆਂ ਲਈ ਪ੍ਰੇਰਨਾਦਾਇਕ ਬਣਾ ਦਿੱਤਾ ਹੈ। ਉਨ੍ਹਾਂ ਦੀਆਂ ਲਿਖਤਾਂ ਨਾਲ ਪੰਜਾਬੀ ਤੇ ਗੁਰਮਤਿ ਸਾਹਿਤ ਦੇ ਪਾਠਕਾਂ ਵਿਚ ਪੜ੍ਹਨ ਦੀ ਰੁਚੀ ਪ੍ਰਬਲ ਹੁੰਦੀ ਹੈ। ਕੋਈ ਵੀ ਸਾਹਿਤਕਾਰ ਪਾਠਕਾਂ ਦੀ ਦ੍ਰਿਸ਼ਟੀ ਵਿਚ ਉਦੋਂ ਪ੍ਰਵਾਨ ਚੜ੍ਹਦਾ ਹੈ ਜਦੋਂ ਉਹ ਸਰਬ-ਪੱਖੀ ਸਾਹਿਤ ਰਚਨਾ ਵਿਚ ਪ੍ਰਵੇਸ਼ ਕਰਕੇ, ਉਸ ਦੀ ਪੂਰੀ ਜਾਣਕਾਰੀ ਪ੍ਰਾਪਤ ਕਰਨ ਦੇ ਨਾਲ-ਨਾਲ

[5] *ਸਿੱਖ ਜਦੋ ਜਹਿਦ,* ਪੰ. 10.

ਵਧੀਆ ਸਾਹਿਤਿਕ ਕ੍ਰਿਤਾਂ ਦੇ ਗੁਣਾਂ ਤੇ ਅਵਗੁਣਾਂ ਨੂੰ ਸਮਝਣ ਦੇ ਕਾਬਲ ਹੋਵੇ।

ਡਾ. ਜੱਗੀ ਦਾ ਮੂਲ ਸਰੋਕਾਰ ਹਮੇਸ਼ਾਂ ਪੰਜਾਬੀ ਅਤੇ ਗੁਰਮਤਿ ਸਾਹਿਤ ਦੀ ਖੋਜ, ਅਧਿਐਨ ਤੇ ਅਧਿਆਪਨ ਹੀ ਰਿਹਾ। ਉਨ੍ਹਾਂ ਨੇ ਸਮੁੱਚਾ ਜੀਵਨ ਗੁਰਮਤਿ ਸਾਹਿਤ ਨੂੰ ਸਮਰਪਿਤ ਕੀਤਾ ਹੋਇਆ ਹੈ। ਇਸਦਾ ਮੂਲ ਕਾਰਨ ਲਗਦਾ ਹੈ ਕਿ ਉਨ੍ਹਾਂ ਦੀ ਪਾਲਣਾ ਗੁਰਮਤਿ ਨਾਲ ਪਰਣਾਏ ਪਰਿਵਾਰ ਵਿਚ ਹੋਈ ਹੈ। ਡਾ. ਜੱਗੀ ਇਸ ਸਮੇਂ ਉਮਰ ਦੇ ਨੌਵੇਂ ਦਹਾਕੇ ਦੇ ਨੇੜੇ ਹਨ, ਪਰ ਉਨ੍ਹਾਂ ਉਪਰ ਉਮਰ ਦਾ ਕੋਈ ਪ੍ਰਭਾਵ ਨਹੀਂ।

ਡਾ.ਜੱਗੀ ਦੀਆਂ ਰਚਨਾਵਾਂ ਵਿਚ ਗੁਰਬਾਣੀ ਅਤੇ ਗੁਰਮਤਿ ਦੀ ਵਿਆਖਿਆ ਹੈ ਜਿਨ੍ਹਾਂ ਨੇ ਗੁਰਬਾਣੀ ਦੀਆਂ ਅਨੇਕ ਤੁਕਾਂ ਨੂੰ ਵਿਸ਼ੇਗਤ ਆਧਾਰ ਬਣਾਇਆ ਹੈ। ਡਾ. ਜੱਗੀ 'ਗੁਰੂ ਗ੍ਰੰਥ ਸਾਹਿਬ' ਦੀ ਬਾਣੀ ਬਾਰੇ ਕਹਿੰਦੇ ਹਨ ਕਿ 'ਇਹ ਇਕ ਸਰਬ ਸਾਝਾਂ ਗ੍ਰੰਥ ਹੈ ਜਿਸ ਵਿਚ ਕਿਸੇ ਇਕ ਫਿਰਕੇ, ਧਰਮ, ਸੰਸਥਾ ਜਾਂ ਸਾਧਨਾ ਸੰਬੰਧੀ ਬਚਨ ਦਰਜ ਨਹੀਂ ਹੋਏ ਸਗੋਂ ਮਨੁੱਖਤਾ ਦੇ ਕਲਿਆਣ ਲਈ ਹਰ ਉਸ ਸਾਧਕ ਦੀ ਬਾਣੀ ਨੂੰ ਬਿਨਾ ਮਜ਼੍ਹਬੋਮਿਲਤ ਸਥਾਨ ਦਿੱਤਾ ਗਿਆ ਹੈ ਜੋ ਸੰਸਾਰਿਕਤਾ ਵਿਚ ਗ੍ਰਸੇ ਮਨੁੱਖ ਨੂੰ ਸੰਦੇਸ਼ ਦੇ ਕੇ ਪਰਮ ਆਨੰਦ ਦੀ ਪ੍ਰਾਪਤੀ ਲਈ ਪ੍ਰੇਰਨਾ ਅਤੇ ਉਤਸ਼ਾਹ ਦੇ ਸਕੇ। ਤੇ ਇਹ ਵੀ ਸੱਚ, ਸਦੀਆਂ ਤੋਂ ਇਸ ਗ੍ਰੰਥ ਦੇ ਬਚਨ ਲੱਖਾਂ ਪ੍ਰਾਣੀਆਂ ਦੇ ਕੰਨੀ ਪੈ ਕੇ ਅਤੇ ਰਸਨੀ ਚੜ੍ਹ ਕੇ ਉਨ੍ਹਾਂ ਨੂੰ ਭਵਸਾਗਰੋਂ ਪਾਰ ਉਤਾਰਦੇ ਰਹੇ ਹਨ।'[6] ਇਸ ਕਰਕੇ ਉਨ੍ਹਾਂ ਸਿੱਖ ਪੰਥ ਅਤੇ ਲੋਕਾਈ ਨੂੰ ਗੁਰੂ ਸਾਹਿਬਾਨ ਦੇ ਆਦਰਸ਼ਾਂ ਦੇ ਅਨੁਸਾਰੀ ਬਣਾ ਕੇ ਨਰੋਏ ਆਤਮਿਕ, ਸਦਾਚਾਰਕ, ਸਮਾਜਿਕ ਅਤੇ ਮਾਨਵ-

[6] *ਸਾਹਿਤ ਸੌਰਭ,* ਪੰ. 151.

ਵਾਦੀ ਜੀਵਨ ਦਾ ਮਨੋਰਥ ਸਾਹਮਣੇ ਰੱਖਿਆ।

ਗੁਰਮਤਿ ਦੇ ਪ੍ਰੌੜ ਵਿਦਵਾਨਾਂ ਦੀ ਤਰ੍ਹਾਂ ਡਾ. ਜੱਗੀ ਨੇ ਵੀ ਗੁਰਬਾਣੀ ਦਾ ਮਨਭਾਉਂਦੇ ਅਰਥ ਕੱਢਣ ਦੀ ਥਾਂ ਗੁਰਮਤਿ ਦੇ ਆਸ਼ੇ ਨੂੰ ਮੁੱਖ ਰੱਖ ਕੇ ਹੀ ਗਰੁਮਤਿ ਦੇ ਸਿਧਾਂਤਾਂ ਦੀ ਵਿਆਖਿਆ ਕੀਤੀ ਹੈ। ਜਦੋਂ ਕੋਈ ਵੀ ਲੇਖਕ ਆਪਣੇ ਮੌਲਿਕ ਅਨੁਭਵ ਦੀ ਥਾਂ ਕਿਸੇ ਪੂਰਵ-ਸਥਾਪਿਤ ਅਨੁਭਵ ਦੀ ਅਭਿਵਿਅਕਤੀ ਕਰਨ ਲਗਦਾ ਹੈ ਤਾਂ ਅਕਸਰ ਉਸਦਾ ਜਜ਼ਬਾ ਕਮਜ਼ੋਰ ਪੈਣ ਜਾਂਦਾ ਹੈ। ਡਾ. ਜੱਗੀ ਦੀਆਂ ਲਿਖਤਾਂ ਵਿਚੋਂ ਅਜਿਹਾ ਨਹੀਂ ਮਿਲਦਾ। ਡਾ. ਜੱਗੀ ਨੇ ਆਪਣੀ ਪ੍ਰਵਿਰਤੀ ਦੇ ਸਹਾਰੇ ਗੁਰਮਤਿ ਵਿਚਾਰਧਾਰਾ ਨਾਲ ਪੂਰੀ-ਪੂਰੀ ਸਾਂਝ ਪਾਈ ਹੈ। ਡਾ. ਜੱਗੀ ਦੇ ਅਨੁਭਵ ਨੂੰ ਕੁਝ ਵਿਸ਼ਿਆਂ ਵਿਚ ਦੇਖਿਆ ਜਾ ਸਕਦਾ ਹੈ। ਜਿਵੇਂ ਪਰਮਾਤਮਾ ਦੀ ਨਿਰੰਕੁਸ਼ਤਾ ਬਾਰੇ ਗੁਰਮਤਿ ਵਿਚਾਰਧਾਰਾ ਅਨਯ ਭਾਰਤੀ ਧਰਮਾਂ ਅਨੁਸਾਰ ਪਰਮ-ਸੱਤਾ ਨੂੰ ਤਿੰਨ ਇਕਾਈਆਂ (ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ) ਵਿਚ ਵਿਭਾਜਤ ਕਰਕੇ ਨਹੀਂ ਦੇਖਦੀ। ਗੁਰਮਤਿ ਦਰਸ਼ਨ ਅਨੁਸਾਰ ਪਰਮਾਤਮਾ ਨਿਰਾਕਾਰ ਤੇ ਅਦ੍ਰਿਸ਼ਟ ਹੈ। ਡਾ. ਜੱਗੀ ਇਸ ਸੰਕਲਪ ਬਾਰੇ ਕਹਿੰਦੇ ਹਨ ਕਿ 'ਗੁਰੂ ਨਾਨਕ ਦੀ ਬਾਣੀ ਵਿਚ ਕਈ ਥਾਵਾਂ ਤੇ ਮਧੁਸੂਦਨ, ਵਾਸਦੇਵ, ਮਾਧੋ, ਨਰਹਰਿ, ਠਾਕੁਰ, ਮੁਰਾਰੀ, ਗੋਪਾਲ ਆਦਿ ਸ਼ਬਦ ਬ੍ਰਹਮ ਦੇ ਪ੍ਰਤੀਕ ਜਾਂ ਵਾਚਕ ਰੂਪ ਵਿਚ ਆਏ ਹਨ। ਇਨ੍ਹਾਂ ਸ਼ਬਦਾਂ ਦਾ ਆਪਣਾ ਇਕ ਇਤਿਹਾਸ ਅਤੇ ਧਾਰਮਿਕ ਪਿਛੋਕੜ ਹੈ। ਮੁੱਖ ਤੌਰ ਤੇ ਇਨ੍ਹਾਂ ਦਾ ਸੰਬੰਧ ਸਗੁਣ ਅਤੇ ਅਵਤਾਰਵਾਦੀ ਉਪਾਸਨਾ ਪੱਧਤੀ ਨਾਲ ਹੈ। ਅਸਲ ਵਿਚ, ਗੁਰੂ ਨਾਨਕ ਇਸ ਲਈ ਨਾਵਾਂ ਦੇ ਬਖੇੜੇ ਵਿਚ ਨਹੀਂ ਪਏ। ਕਿਉਂਕਿ ਉਸ ਸਮੇਂ ਦਾ ਸੁਧਾਰ ਭੇਦਭਾਵ ਦੀਆਂ ਰੁਚੀਆਂ ਨਾਲ ਸੰਭਵ ਨਹੀਂ ਸੀ। ਲੋੜ ਸੀ ਉਦੋਂ ਸਮਨਵੈ

ਦੀ ਭਾਵਨਾ ਦੀ। ਇਸ ਲਈ ਪਰਮਾਤਮਾ ਵਾਸਤੇ ਹਰ ਧਰਮ ਅਤੇ ਹਰ ਪਰੰਪਰਾ ਦਾ ਨਾਮ ਗ੍ਰਹਿਣ ਕਰਨ ਤੋਂ ਉਨ੍ਹਾਂ ਨੇ ਸੰਕੋਚ ਨਹੀਂ ਕੀਤਾ, ਸਿਧਾਂਤਿਕ ਤੌਰ ਤੇ ਅਵਤਾਰਵਾਦ ਦੇ ਉਹ ਬਿਲਕੁਲ ਸਮਰਥਕ ਨਹੀਂ ਸਨ।'[7]

ਡਾ. ਜੱਗੀ ਨੇ ਗੁਰਮਤਿ ਬਾਰੇ ਲਿਖਣ ਸਮੇਂ ਗੁਰਬਾਣੀ ਦੀਆਂ ਉਦਾਹਰਣਾਂ ਦੁਆਰਾ ਗੁਰਮਤਿ ਦੀ ਉਤਮਤਾ ਅਤੇ ਵਿਲੱਖਣਤਾ ਨੂੰ ਪ੍ਰਗਟ ਕੀਤਾ ਹੈ। ਜਿਵੇਂ ਕਿ 'ਗੋਪਾਲ' ਸ਼ਬਦ ਦੀ ਵਿਆਖਿਆ ਕਰਦੇ ਉਹ ਕਹਿੰਦੇ ਹਨ ਕਿ 'ਇਸ ਦੇ ਦੋ ਤਰ੍ਹਾਂ ਨਾਲ ਅਰਥ ਕੀਤੇ ਜਾਂਦੇ ਹਨ। ਇਕ ਅਰਥ ਹੈ ਗੋ (ਪ੍ਰਿਥਵੀ) ਦੀ ਪਾਲਣਾ ਕਰਣ ਵਾਲਾ ਪਰਮਾਤਮਾ। ਦੂਜਾ ਅਰਥ ਹੈ ਗੋ (ਗਊਆਂ) ਦੀ ਪਾਲਣਾ ਕਰਣ ਵਾਲਾ, ਗਵਾਲਾ। ਸ੍ਰੀ ਕ੍ਰਿਸ਼ਣ ਨੇ ਚੂੰਕਿ ਬਚਪਨ ਵਿਚ ਗਊਆਂ ਚਰਾਈਆਂ ਸਨ, ਇਸ ਲਈ ਇਹ ਸ਼ਬਦ ਉਨ੍ਹਾਂ ਲਈ ਰੂੜ੍ਹ ਹੁੰਦਾ ਗਿਆ। ਇਸ ਤਰ੍ਹਾਂ 'ਗੋਪਾਲ' ਸ਼ਬਦ ਕ੍ਰਿਸ਼ਣ ਵਾਚਕ ਹੋ ਗਿਆ। ਜਦੋਂ ਕ੍ਰਿਸ਼ਣ ਵਿਚ ਵਿਸ਼ਣੂ ਦੇ ਅਵਤਾਰ ਦੀ ਕਲਪਨਾ ਹੋਣ ਲਗੀ ਪਈ, ਤਾਂ ਇਹ ਸ਼ਬਦ ਵਿਸ਼ਣੂ ਅਥਵਾ ਪਰਮ-ਸੱਤਾ ਦਾ ਵਾਚਕ ਹੋ ਗਿਆ। ਇਸ ਤਰ੍ਹਾਂ ਕਾਲਾਂਤਰ ਵਿਚ ਇਹ ਸ਼ਬਦ ਪਰਮਾਤਮਾ ਦਾ ਵਾਚਕ ਬਣ ਗਿਆ। ਨਿਰਗੁਣ ਭਗਤਾਂ/ਸੰਤਾਂ/ਗੁਰੂਆਂ ਨੇ ਆਪਣੀ ਬਾਣੀ ਵਿਚ ਇਸ ਦੀ ਵਰਤੋਂ ਬ੍ਰਹਮਵਾਚਕ ਅਰਥਾਂ ਵਿਚ ਕੀਤੀ ਹੈ। ਗੁਰੂ ਅਰਜਨ ਦੇਵ ਜੀ ਨੇ ਕਿਹਾ ਹੈ ਕਿ ਗੋਪਾਲ (ਪਰਮਾਤਮਾ) ਦੀ ਭਾਉ-ਭਗਤੀ ਨਾਲ ਜਨਮ-ਮਰਨ ਦਾ ਭੈ ਖ਼ਤਮ ਹੋ ਗਿਆ ਹੈ-*ਜਨਮ ਮਰਣ ਕਾ ਭਉ ਗਇਆ ਭਾਉ ਭਗਤਿ*

---

[7] *ਉਹੀ,* ਪੰ. 170.

*ਗੋਪਾਲ।* (ਗੁ.ਗ੍ਰੰ.45)'[8] ਧਰਮ ਅਤੇ ਗੁਰਮਤਿ ਬਾਰੇ ਲਿਖਦਿਆਂ ਉਹ ਪਰੰਪਰਾ ਨਾਲ ਜੁੜੇ ਰਹੇ। ਉਨ੍ਹਾਂ ਨੇ ਵਿਗਿਆਨਕ ਵਿਧੀ ਅਪਣਾਈ ਤੇ ਪ੍ਰਚਲਤ ਵਹਿਮਾਂ-ਭਰਮਾ, ਨਾ ਮੰਨਣਯੋਗ ਕਰਾਮਾਤਾਂ ਅਤੇ ਪ੍ਰਚਲਿਤ ਅਧਾਰਹੀਣ ਮਾਨਤਾਵਾਂ ਨੂੰ ਗਲਤ ਦਸਦਿਆਂ ਇਹ ਸਿੱਧ ਕੀਤਾ ਕਿ ਇਹ ਸਭ ਕੁਝ ਕਲਪਨਾ ਤੋਂ ਬਿਨਾਂ ਕੁਝ ਵੀ ਨਹੀਂ। ਉਨ੍ਹਾਂ ਨੇ 'ਗੁਰਮਤਿ' ਨੂੰ ਤਰਕਸੰਗਤ ਪ੍ਰਸਤੁਤ ਕੀਤਾ ਅਤੇ ਪਹਿਲੇ ਲੇਖਕਾਂ ਦੀਆਂ ਬਹੁਤ ਸਾਰੀਆਂ ਮਾਨਤਾਵਾਂ ਨੂੰ ਦਲੀਲ ਨਾਲ ਗਲਤ ਸਿੱਧ ਕਰਕੇ ਆਪਣੇ ਨਵੇਂ ਵਿਚਾਰ ਪੇਸ਼ ਕੀਤੇ। ਡਾ. ਜੱਗੀ ਪਿਛਲੇ ਸਮੇਂ ਤੋਂ ਚਲੀ ਆ ਰਹੀ ਧਾਰਨਾ 'ਚਉਰਾਸੀਹ-ਨਰਕ' ਬਾਰੇ ਕਹਿੰਦੇ ਹਨ ਕਿ 'ਨਰਕਾਂ' ਦਾ ਸੰਕਲਪ ਜਾਂ ਭਰਮ ਪੌਰਾਣਿਕ ਸਾਹਿਤ ਤੋਂ ਵਿਸ਼ੇਸ਼ ਰੂਪ ਵਿਚ ਪ੍ਰਚਲਿਤ ਹੋਇਆ ਹੈ ਕਿਉਂਕਿ ਤੀਰਥਾਂ ਉਤੇ ਰਹਿਣ ਵਾਲੇ ਪੰਡਿਆਂ ਨੇ ਧਰਮ-ਭੀਰੂ ਜਿਗਿਆਸੂਆਂ ਤੋਂ ਅਧਿਕ ਦਾਨ ਪ੍ਰਾਪਤ ਕਰਨ ਲਈ ਨਰਕਾਂ ਦੇ ਡਰਾਵੇ ਦਿੱਤੇ ਹਨ। ਕੁਲ ਨਰਕ ਕਿਤਨੇ ਹਨ, ਇਸ ਬਾਰੇ ਵੱਖ-ਵੱਖ ਪੁਰਾਣਾਂ ਵਿਚ ਦਿੱਤੀ ਨਰਕਾਂ ਦੀ ਗਿਣਤੀ ਆਪਸ ਵਿਚ ਮੇਲ ਨਹੀਂ ਖਾਂਦੀ। ਪਰ ਚੌਰਾਸੀ ਗਿਣਤੀ ਕਿਤੇ ਵੀ ਦਿੱਤੀ ਨਹੀਂ ਮਿਲਦੀ, ਕੇਵਲ 'ਬ੍ਰਹਮਵੈਵਰਤ-ਪੁਰਾਣ' ਵਿਚ ਇਹ ਗਿਣਤੀ 86 ਲਿਖੀ ਹੈ। ਗੁਰੂ ਨਾਨਕ ਦੇਵ ਨੇ ਆਪਣੀ ਬਾਣੀ ਵਿਚ ਜਿਨ੍ਹਾਂ ਚੌਰਾਸੀ ਨਰਕਾਂ ਦਾ ਉਲੇਖ ਕੀਤਾ ਹੈ- *ਚਉਰਾਸੀਹ ਨਰਕ ਸਾਕਤੁ ਭੋਗਾਈਐ।ਜੈਸਾ ਕੀਚੈ ਤੈਸੋ ਪਾਈਐ।* (ਗੁ.ਗ੍ਰੰ.1028), ਉਨ੍ਹਾਂ ਤੋਂ ਭਾਵ ਕਿਸੇ ਪ੍ਰਕਾਰ ਦੇ ਨਰਕਾਂ ਦਾ ਨਹੀਂ, ਸਗੋਂ ਚੌਰਾਸੀ ਲੱਖ ਜੂਨਾਂ ਤੋਂ ਹੈ ਕਿਉਂਕਿ ਮਨੁੱਖ ਜੂਨੀ ਤੋਂ ਬਿਨਾ

---

[8] *ਭਾਵ ਪ੍ਰਬੋਧਨੀ ਟੀਕਾ ਗੁਰੂ ਗ੍ਰੰਥ ਸਾਹਿਬ ਅੰਤਿਕਾ*, ਪੰ. 126-27.

ਬਾਕੀ ਸਾਰੀਆਂ ਜੂਨੀਆਂ ਘੋਰ ਨਰਕ-ਤੁਲ ਦੁਖਦਾਇਕ ਹਨ।'[9]

ਡਾ. ਜੱਗੀ ਨੇ ਸਾਹਿਤ ਦੇ ਵਿਭਿੰਨ ਰੂਪਾਂ ਜਿਵੇਂ ਕਿ ਟੀਕਾਕਾਰੀ, ਕੋਸ਼ਕਾਰੀ, ਸੰਪਾਦਨਾ, ਅਨੁਵਾਦ ਅਤੇ ਜੀਵਨੀ ਸਾਹਿਤ ਰਾਹੀਂ ਅਪਣੀ ਯੋਗਤਾ ਅਨੁਸਾਰ ਗੁਰਮਤਿ ਸਾਹਿਤ ਦੀ ਸੇਵਾ ਕੀਤੀ। ਉਹ ਵਿਦਵਤਾ ਦੇ ਸਾਕਾਰ ਰੂਪ ਹਨ। ਗੁਰਮਤਿ ਸਾਹਿਤ ਦੇ ਹਰੇਕ ਖੇਤਰ ਵਿਚ ਉਨ੍ਹਾਂ ਦੀ ਵਖਰੀ ਪਹਿਚਾਣ ਹੈ। ਸਾਹਿਤ ਅਧਿਐਨ ਵਿਚ ਰੁਚੀ ਹੋਣ ਕਰਕੇ ਉਨ੍ਹਾਂ ਨੇ ਇਸ ਨੂੰ ਕਿਤੇ ਵਜੋਂ ਅਪਣਾਇਆ, ਜੋ ਕੇਵਲ ਰੋਜ਼ੀ-ਰੋਟੀ ਦਾ ਵਸੀਲਾ ਨਾ ਰਹਿ ਕੇ ਜੀਵਨ ਦਾ ਆਦਰਸ਼ ਬਣ ਗਿਆ। ਉਨ੍ਹਾਂ ਨੇ ਸਾਰੀ ਉਮਰ ਸਿੱਖ ਧਰਮ, ਗੁਰਮਤਿ ਫਲਸਫ਼ਾ ਅਤੇ ਗੁਰਬਾਣੀ ਨੂੰ ਸਮਝਣਾ ਅਤੇ ਸਮਝਾਉਣਾ ਜਾਰੀ ਰੱਖਿਆ। ਡਾ. ਜੱਗੀ ਨੇ ਅਧਿਆਪਨ ਕਾਲ ਵਿਚ ਵੀ ਸਪਸ਼ਟਤਾ ਅਤੇ ਬਚਨ-ਬੱਧਤਾ ਦਾ ਸਬੂਤ ਦਿਤਾ, ਉਨ੍ਹਾਂ ਦੇ ਵਿਦਿਆਰਥੀਆਂ ਦੀ ਗਿਣਤੀ ਵੀ ਕਾਫ਼ੀ ਹੈ। ਵਰਤਮਾਨ ਸਮੇਂ ਵਿਚ ਡਾ. ਜੱਗੀ ਦਾ ਸਾਹਿਤਕ ਕੱਦ ਇੰਨਾ ਉਚਾ ਹੈ ਕਿ ਉਨ੍ਹਾਂ ਦੀਆਂ ਪੁਸਤਕਾਂ ਯੂਨੀਵਰਸਿਟੀ ਪੱਧਰ ਤੇ ਉਚ ਡਿਗਰੀ ਪ੍ਰਾਪਤ ਕਰਨ ਵਿਚ ਸਹਾਇਕ ਹਨ। ਉਨ੍ਹਾਂ ਵਲੋਂ ਸੰਪਾਦਿਤ ਕੀਤੀਆਂ ਪੁਸਤਕਾਂ ਅਤੇ ਕੋਸ਼ 'ਹਵਾਲਾ ਗ੍ਰੰਥ' ਬਣ ਚੁੱਕੇ ਹਨ। ਆਪਣੇ ਦੌਰ ਦੇ ਪ੍ਰਸਿੱਧ ਲੇਖਕ ਦੇ ਤੌਰ 'ਤੇ ਡਾ. ਜੱਗੀ ਦੀ ਵਿਸ਼ੇਸ਼ਤਾ ਇਸ ਕਰਕੇ ਵੀ ਰਹੀ ਹੈ ਕਿ ਉਨ੍ਹਾਂ ਨੇ ਆਪਣੇ ਪਾਠਕਾਂ ਨਾਲ ਡੂੰਘੀ ਸਾਂਝ ਬਣਾ ਕੇ ਰੱਖੀ। ਉਨ੍ਹਾਂ ਨੇ ਪਾਠਕਾਂ ਦੀ ਪਕੜ ਅਤੇ ਗਿਆਨ ਦੇ ਵਾਧੇ ਲਈ ਲਗਾਤਾਰ ਪੁਸਤਕਾਂ ਦੀ ਰਚਨਾ ਕਰਕੇ ਪਾਠਕਾਂ ਨੂੰ ਗੁਰਮਤਿ ਸਾਹਿਤ ਨਾਲ ਜੋੜ ਕੇ ਰੱਖਿਆ। ਸੰਸਕ੍ਰਿਤ, ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਫ਼ਾਰਸੀ ਦੇ ਧੁਰੰਧਰ ਵਿਦਵਾਨ

---

[9] *ਗੁਰੂ ਗ੍ਰੰਥ ਵਿਸ਼ਵਕੋਸ਼* (ਭਾਗ ਪਹਿਲਾ), ਪੰ.-449.

ਹੋਣ ਕਰਕੇ ਗੁਰਮਤਿ ਫ਼ਲਸਫੇ ਨੂੰ ਸਪਸ਼ਟ ਕਰਨ ਲਈ ਆਪਣੀਆਂ ਰਚਨਾਵਾਂ ਵਿਚ ਹੋਰ ਧਾਰਮਿਕ ਗ੍ਰੰਥਾਂ ਦੀਆਂ ਲਿਖਤਾਂ ਵਿਚੋਂ ਆਮ ਹਵਾਲੇ ਵਰਤਦੇ ਹਨ। ਭਾਸ਼ਾ-ਪ੍ਰਯੋਗ ਵਿਧੀ ਦਾ ਬਹੁ-ਪੱਖੀ ਗਿਆਨ ਲੇਖਕ ਦੀ ਇਕ ਹੋਰ ਵਿਸ਼ੇਸ਼ਤਾ ਹੈ, ਪੁਸਤਕ *'ਗੁਰੂ ਨਾਨਕ ਦੀ ਵਿਚਾਰਧਾਰਾ'* ਵਿਚ ਉਨ੍ਹਾਂ ਨੇ ਜੋ ਸ਼ਬਦ ਵਰਤੇ ਹਨ, ਉਸ ਵਿਚੋਂ ਸੰਸਕ੍ਰਿਤ ਦੇ ਨਮੂਨੇ ਵੀ ਮਿਲਦੇ ਹਨ। ਭਾਵੇਂ ਡਾ. ਜੱਗੀ ਕਈ ਭਾਸ਼ਾਵਾਂ ਦੇ ਗਿਆਤਾ ਹਨ ਪਰ ਉਨ੍ਹਾਂ ਜਿਆਦਾਤਰ ਸਾਹਿਤ ਪੰਜਾਬੀ ਵਿਚ ਰਚਿਆ ਜਿਸ ਤੋਂ ਉਨ੍ਹਾਂ ਦੇ ਪੰਜਾਬੀ ਸੁਭਾ ਅਤੇ ਪੰਜਾਬੀ ਪ੍ਰਤਿ ਪ੍ਰੇਮ ਦਾ ਪਤਾ ਲੱਗਦਾ ਹੈ। ਕਾਲਜ ਅਤੇ ਯੂਨੀਵਰਸਿਟੀ ਦੇ ਅਧਿਆਪਨ ਕਾਰਜ ਦੌਰਾਨ ਉਨ੍ਹਾਂ ਨੂੰ ਗੁਰਮਤਿ ਸਾਹਿਤ ਪੜ੍ਹਨ-ਪੜ੍ਹਾਉਣ ਅਤੇ ਘੋਖਣ ਦਾ ਖ਼ੂਬ ਮੌਕਾ ਮਿਲਿਆ। 'ਗੁਰੂ ਗ੍ਰੰਥ ਸਾਹਿਬ' ਦੇ ਅਰਥ-ਬੋਧ ਅਤੇ ਵਿਚਾਰਧਾਰਾ ਨੂੰ ਸਮਝਣ-ਸਮਝਾਉਣ ਲਈ ਵਿਦਵਾਨਾਂ ਵਲੋਂ ਮੱਧਕਾਲ ਤੋਂ ਹੀ ਯਤਨ ਕੀਤੇ ਜਾਂਦੇ ਰਹੇ ਹਨ। ਜਿਨ੍ਹਾਂ ਵਿਚ *ਟੀਕੇ, ਪਰਮਾਰਥ, ਕੋਸ਼* ਅਤੇ *ਪ੍ਰਯਾਯ* ਅਤੇ ਕੁਝ ਵਿਆਖਿਆ ਰੂਪ ਹਨ। ਇਨ੍ਹਾਂ ਯਤਨਾਂ ਵਿਚੋਂ ਕੁਝ ਯਤਨ ਪ੍ਰਮਾਣਿਕ ਵੀ ਮੰਨੇ ਗਏ ਹਨ। ਪੰਡਿਤ ਤਾਰਾ ਸਿੰਘ ਨਰੋਤਮ ਦਾ *ਗੁਰ ਗਿਰਾਰਥ ਕੋਸ਼*, ਭਾਈ ਚੰਦਾ ਸਿੰਘ ਦੇ *ਗੁਰੂ ਗ੍ਰੰਥ ਸਾਹਿਬ ਦੇ ਪ੍ਰਯਾਯ*, ਗਿਆਨੀ ਹਜ਼ਾਰਾ ਸਿੰਘ ਦਾ *ਸ੍ਰੀ ਗੁਰੂ ਗ੍ਰੰਥ ਕੋਸ਼* ਅਤੇ ਭਾਈ ਕਾਨ੍ਹ ਸਿੰਘ ਨਾਭਾ ਦਾ *ਮਹਾਨ ਕੋਸ਼* ਆਪਣੀ ਮਿਸਾਲ ਆਪ ਹਨ। ਅਗਲੇ ਦੌਰ ਵਿਚ ਕੋਸ਼ਕਾਰੀ ਦੇ ਖੇਤਰ ਹੋਰ ਵਿਸਤਾਰ ਆਇਆ। ਪਹਿਲਿਆਂ ਕੋਸ਼ਾਂ ਵਿਚ ਜਿਥੇ ਕਈ ਤਰ੍ਹਾਂ ਦੀ ਸਮੱਗਰੀ ਇਕ ਹੀ ਥਾਂ ਇਕਤ੍ਰਿਤ ਹੋਈ ਮਿਲਦੀ ਹੈ, ਉਥੇ ਹੁਣ ਇਸ ਸਮੱਗਰੀ ਦੀ ਵਰਗ ਵੰਡ ਕਰਕੇ ਇਕੱਲੀ ਇਕੱਲੀ ਵੰਨਗੀ ਬਾਰੇ ਕੋਸ਼ ਤਿਆਰ ਹੋਣ ਲੱਗੇ। ਹੁਣ ਗੁਰਬਾਣੀ ਦੇ ਡੂੰਘੇ ਰਹੱਸ ਨੂੰ ਹੋਰ ਡੂੰਘਾਈ ਨਾਲ

ਸਮਝਿਆ ਅਤੇ ਸਮਝਾਇਆ ਜਾਣ ਲੱਗਾ। ਅਸਲ ਵਿਚ ਇਸ ਤਰ੍ਹਾਂ ਦੇ ਯਤਨ ਇਕ ਖੋਜ ਸੰਦ ਵਜੋਂ ਖੋਜ ਸਮੱਗਰੀ ਬਣਨ ਲੱਗੇ। ਡਾ. ਜੱਗੀ ਇਕ ਅਣਥੱਕ ਖੋਜੀ ਹਨ। ਜਿਨ੍ਹਾਂ ਨੂੰ ਖੋਜ ਵਿਚ ਕੰਮ ਆਉਣ ਵਾਲੇ ਖੋਜ ਸੰਦਾਂ ਅਤੇ ਹੋਰ ਹਵਾਲਾ-ਪੁਸਤਕਾਂ ਦੇ ਮਹੱਤਵ ਦਾ ਗਿਆਨ ਹੈ। ਇਸ ਲਈ ਉਨ੍ਹਾਂ ਨੇ ਇਨ੍ਹਾਂ ਕੋਸ਼ਾਂ ਦੇ ਭਿੰਨ-ਭਿੰਨ ਇੰਦਰਾਜਾਂ ਲਈ ਅਨੇਕ ਪੁਸਤਕਾਂ ਅਤੇ ਸੰਦਰਭ-ਗ੍ਰੰਥਾਂ ਆਦਿ ਦੀ ਮੱਦਦ ਨਾਲ ਗੁਰਮਤਿ ਸਾਹਿਤ ਲਈ ਕਈ ਕੋਸ਼ ਤਿਆਰ ਕੀਤੇ। ਜਿਵੇਂ ਕਿ ਇਨ੍ਹਾਂ ਕੋਸ਼ਾਂ ਦੇ ਨਾਵਾਂ ਤੋਂ ਹੀ ਸਪਸ਼ਟ ਹੈ ਕਿ ਇਨ੍ਹਾਂ ਕੋਸ਼ਾਂ ਵਿਚ ਇਕ ਵਿਸ਼ੇਸ਼ ਦ੍ਰਿਸ਼ਟੀ ਤੋਂ 'ਗੁਰੂ ਗ੍ਰੰਥ ਸਾਹਿਬ' ਅਤੇ 'ਸਿੱਖ ਧਰਮ' ਨਾਲ ਸੰਬੰਧਿਤ ਸਮੱਗਰੀ ਨੂੰ ਵਿਸ਼ੇਸ਼ ਸਿਰਲੇਖਾਂ ਅਧੀਨ ਵੰਡ ਕੇ ਸੰਕਲਿਤ ਕੀਤਾ ਗਿਆ ਹੈ। *ਗੁਰੂ ਗ੍ਰੰਥ ਵਿਸ਼ਵ ਕੋਸ਼* ਅਤੇ *ਸਿੱਖ ਪੰਥ ਵਿਸ਼ਵ ਕੋਸ਼* ਵਿਚ ਵਿਖਿਆਤਮਿਕ ਨੋਟ ਦਿਤੇ ਹਨ। ਉਨ੍ਹਾਂ ਨੇ ਇਨ੍ਹਾਂ ਕੋਸ਼ਾਂ ਵਿਚ ਸਿੱਖ ਧਰਮ ਦੇ ਲਗਭਗ ਸਾਰਿਆਂ ਪੱਖਾਂ ਅਤੇ ਮਹੱਤਵਪੂਰਣ ਘਟਨਾਵਾਂ ਬਾਰੇ ਜਾਣਕਾਰੀ ਦਿੱਤੀ ਹੈ। ਜਿਨ੍ਹਾਂ ਵਿਚ ਸਿੱਖ ਇਤਿਹਾਸ ਬਾਰੇ ਜਾਣਕਾਰੀ ਪ੍ਰਸਤੁਤ ਕਰਨ ਤੋਂ ਇਲਾਵਾ ਧਾਰਮਿਕ ਸਿਧਾਤਾਂ ਬਾਰੇ ਵੀ ਟਿਪਣੀਆਂ ਦਰਜ ਹਨ। ਸਮਾਂ ਬਤੀਤ ਹੋਣ ਨਾਲ ਕੋਸ਼ਕਾਰੀ ਦੇ ਖੇਤਰ ਵਿਚ ਵਿਸਤਾਰ ਆਇਆ, ਕੁਝ ਨਵੇਂ ਸ਼ਬਦ ਇਸ ਖੇਤਰ ਵਿਚ ਆਏ, ਜਿਨ੍ਹਾਂ ਨੂੰ ਡਾ. ਜੱਗੀ ਨੇ *ਸਿੱਖ ਪੰਥ ਵਿਸ਼ਵਕੋਸ਼* ਦੇ ਇੰਦਰਾਜਾਂ ਵਿਚ ਬਾਖੂਬੀ ਸ਼ਾਮਿਲ ਕੀਤਾ।ਆਧੁਨਿਕ ਵਿਦਵਾਨਾਂ ਅਤੇ ਖੋਜਕਾਰਾਂ ਵਿਚ ਜਿਥੇ ਵੀ ਗੁਰਮਤਿ ਸਿਧਾਤਾਂ ਜਾਂ ਸਿੱਖ ਇਤਿਹਾਸ, ਸਥਾਨ, ਪਾਤਰ ਜਾਂ ਕਿਰਦਾਰ ਦਾ ਨਿਰਣਾ ਕਰਨਾ ਹੋਵੇ ਤਾਂ ਡਾ. ਜੱਗੀ ਦੇ ਕੋਸ਼ਾਂ ਦਾ ਸਹਾਰਾ ਲਿਆ ਜਾਂਦਾ ਹੈ। ਗੁਰਮਤਿ ਸਿਧਾਂਤਾਂ ਨੂੰ ਦੀ ਬਹੁਤ ਸੁੰਦਰ ਵਿਆਖਿਆ ਵੀ ਇਸ ਕੋਸ਼ ਵਿਚ ਪ੍ਰਾਪਤ ਹੈ। ਗੁਰਮਤਿ ਵਿਚਾਰਧਾਰਾ ਨੇ

ਭਾਈਵਾਲੀ ਨੂੰ ਲਾਜ਼ਮੀ ਕਰਾਰ ਦਿੱਤਾ ਹੈ। ਜਿਸ ਸਦਕਾ ਹਰ ਪ੍ਰਾਣੀ ਦੂਜੇ ਦੇ ਦੁੱਖ ਨੂੰ ਆਪਣਾ ਸਮਝ ਕੇ ਉਸਦੀ ਯਥਾਸ਼ਕਤਿ ਸਹਾਇਤਾ ਕਰੇ। ਮਨੁੱਖ ਇਕ ਸਮਾਜਿਕ ਪ੍ਰਾਣੀ ਹੈ, ਉਹ ਸਮਾਜ ਤੋਂ ਪਰੇ ਹੋ ਕੇ ਉਚਾ ਨਹੀਂ ਉਠ ਸਕਦਾ।ਇਸ ਕਰਕੇ ਸਿੱਖੀ ਵਿਚ 'ਸੇਵਾ' ਨੂੰ ਧਰਮ ਦਾ ਇਕ ਜ਼ਰੂਰੀ ਅੰਗ ਮੰਨਿਆ ਗਿਆ ਹੈ। ਗੁਰੂ ਸਾਹਿਬਾਨਾਂ ਨੇ ਗੁਰਮਤਿ ਦੇ ਮੂਲ ਸਿਧਾਂਤਾਂ ਵਿਚ ਸਮਾਜਿਕ ਕਰਮਯੋਗੀ ਨੂੰ ਅਧਿਆਤਮਕ ਕਰਮਯੋਗੀ ਦੇ ਬਰਾਬਰ ਰੱਖਿਆ ਹੈ। ਇਸ ਕਰਕੇ 'ਨਾਮ' ਅਤੇ 'ਸੇਵਾ' ਸਿੱਖੀ ਦੇ ਬੁਨਿਆਦੀ ਧੁਰੇ ਬਣ ਗਏ। ਡਾ. ਜੱਗੀ ਨੇ ਵੀ ਇਸੇ ਵਿਚਾਰਧਾਰਾ ਦੀ ਵਕਾਲਤ ਕੀਤੀ ਹੈ। ਉਨ੍ਹਾਂ ਅਨੁਸਾਰ ਜੇ ਗੁਰੂ ਸਾਹਿਬਾਨ ਨੇ ਪੀਰੀ ਨਾਲ ਮੀਰੀ ਦਾ ਸੰਯੋਗ ਕੀਤਾ ਇਸਦਾ ਤਾਤਪ੍ਰਯ ਵੀ ਇਹੋ ਸੀ। ਜਿਵੇਂ ਕਿ *'ਗੁਰੂ ਗ੍ਰੰਥ ਵਿਸ਼ਵਕੋਸ਼'* ਵਿਚ ਧਾਰਮਿਕ ਕਰਮ 'ਸੇਵਾ' ਦਾ ਸਰੂਪ ਬੜੇ ਸੁੰਦਰ ਸ਼ਬਦਾਂ ਵਿਚ ਸਪਸ਼ਟ ਕਰਦੇ ਹਨ 'ਸੇਵਾ ਅਸਲ ਵਿਚ ਬੜੀ ਉੱਚੀ ਸਾਧਨਾ ਹੈ।ਮਨੁੱਖ ਦਾ ਹਰ ਕਾਰਜ ਹਉਮੈ ਨਾਲ ਯੁਕਤ ਹੁੰਦਾ ਹੈ।ਸੇਵਾ ਦੀ ਭਾਵਨਾ ਹਉਮੈ ਨੂੰ ਨਸ਼ਟ ਕਰਦੀ ਹੈ, ਕਿਉਂਕਿ ਹਉਮੈ-ਗੁਬਾਰ ਵਾਂਗ ਅਤੇ ਸੇਵਾ ਪ੍ਰਕਾਸ਼ ਵਰਗੀ ਹੈ।ਹਉਮੈ ਦੀ ਅਵਸਥਾ ਵਿਚ ਆਪਣੇ ਆਪ ਲਈ ਜੀਉਣਾ ਹੁੰਦਾ ਹੈ, ਸੇਵਾ ਵਿਚ ਹੋਰਨਾਂ ਲਈ ਜੀਵਿਆ ਜਾਂਦਾ ਹੈ।ਜਦ ਤਕ ਜਗਿਆਸੂ ਹਉਮੈ ਜਾਂ ਅਪਣੇਪਨ ਦੀ ਭਾਵਨਾ ਨੂੰ ਨਸ਼ਟ ਨਹੀਂ ਕਰਦਾ, ਤਦ ਤਕ ਉਹ ਸੇਵਾ ਕਰਨ ਦਾ ਮਾਣ ਪ੍ਰਾਪਤ ਨਹੀਂ ਕਰ ਸਕਦਾ।'[10] ਡਾ. ਜੱਗੀ ਨੇ *'ਸਿੱਖ ਪੰਥ ਵਿਸ਼ਵਕੋਸ਼'* ਵਿਚ ਸਿੱਖ ਧਰਮ ਦੀਆਂ ਸੰਪਰਦਾਈ ਮਾਨਤਾਵਾਂ, ਸਿੱਖ ਧਰਮ ਦੇ ਸਿਧਾਤਾਂ ਤੇ ਨਿਯਮਾਂ ਆਦਿ ਦਾ ਨਿਰਣਾ ਅਤੇ ਪ੍ਰਸ਼ਨਾਂ ਦਾ ਸਮਾਧਾਨ ਵੀ ਕੀਤਾ ਹੈ।

---

[10] *ਗੁਰੂ ਗ੍ਰੰਥ ਵਿਸ਼ਵਕੋਸ਼,* (ਭਾਗ ਪਹਿਲਾ), ਪੰਨਾ-236.

ਇਨ੍ਹਾਂ ਕੋਸ਼ਾਂ ਤੋਂ ਪਾਠਕ ਕੇਵਲ ਸ਼ਬਦਾਂ ਦੇ ਅਰਥ ਹੀ ਨਹੀਂ ਗ੍ਰਹਿਣ ਨਹੀਂ ਕਰਦੇ ਬਲਕਿ ਅਰਥਾਂ ਦਾ ਇਤਿਹਾਸਕ ਪਿਛੋਕੜ, ਵਿਕਾਸ ਅਤੇ ਵਿਸਤ੍ਰਿਤ ਵਿਆਖਿਆ ਵੀ ਪ੍ਰਾਪਤ ਕਰਦੇ ਹਨ।

*ਗੁਰੂ ਗ੍ਰੰਥ ਵਿਸ਼ਵਕੋਸ਼* ਵਿਚ ਇਨ੍ਹਾਂ ਵਲੋਂ 'ਗੁਰੂ ਗ੍ਰੰਥ ਸਾਹਿਬ' ਸਬੰਧੀ ਹਰ ਪੁੱਛ ਦਾ ਉਤਰ ਦੇਣ ਦਾ ਯਤਨ ਕੀਤਾ ਹੈ। ਜਿਵੇਂ ਕਿ ਰਾਗ-ਰਾਗਨੀਆਂ, ਰਾਗਾਂ ਵਿਚ ਦਰਜ ਬਾਣੀਆਂ, ਬਾਣੀਆਂ ਦਾ ਬਿਉਰਾ, ਬਾਣੀਕਾਰ, ਬੀੜਾਂ, ਸੰਪਾਦਨ ਦਾ ਇਤਿਹਾਸ ਅਤੇ ਵਿਧੀ, ਭਾਰਤੀ ਅਤੇ ਸਾਮੀ ਧਾਰਮਿਕ ਮਾਨਤਾਵਾਂ ਅਤੇ ਪਰੰਪਰਾਵਾਂ, ਗੁਰੂ-ਪਰੰਪਰਾ, ਪਾਠ-ਵਿਧੀਆਂ ਅਤੇ ਟੀਕੇ ਆਦਿ।ਟਾਈਮਜ਼ ਆਫ਼ ਇੰਡੀਆ ਨੇ 5 ਮਈ 2002 ਵਿਚ ਉਨ੍ਹਾਂ ਦੇ ਵਿਸ਼ਵਕੋਸ਼ ਬਾਰੇ ਛਪਿਆ ਸੀ:

*The Punjabi University has published 'Guru Granth Vishavkosh' (Encyclopaedia of Guru Granth Sahib) first time in any language written by a noted scholar…it was the historic moment not only for the Sikh and Punjabi Community, but also for the religious, academic literary circles of the world.*

ਅੰਗਰੇਜ਼ੀ ਟ੍ਰਿਬਿਊਨ 23 ਫਰਵਰੀ 2003 ਵਿਚ ਡਾ. ਸਤਿੰਦਰ ਸਿੰਘ ਨੇ ਲਿਖਿਆ ਸੀ ਕਿ:

*In Sikh scholarship Bhai Kahn singh Nabha occupies a special status for his contribution made by preparing Gurshabad Ratnakar (Mahan Kosh) (Encylopedia of sikh literature) in 1930, which is still a source of authentic interpretation of sikh thought and ideology. Among other such works are the Encyclopedia of Sikhism by prof. harbans Singh and Nirukat by Dr. Balbir Singh. Dr. jaggi works under discussion is*

*another landmark in this direction. Dr. Jaggi has his own hermeneutic style interpretation with which he touches all significant aspects in his entries in an objective manner within a comparative framework. He has a distinctive exactitude and conceptual clarity with which he goes on to explain and give all the relevant and required information in these entries. He also touches the background ideas in order to make his entries more informative and precise while remaining within its specified limits.*

*A careful study of this encylopaedia reveals that Dr. Jaggi has a lucied style to describe ideas and facts in a precise manner. Being well versed with the philosophy and poetics of Guru Granth Sahib, he tries to make his entries both authentic and dependeable. It satisfies the need of common readers scholars as well as preachers who have taken up the authenticity of the interpretations as given by Dr.Jaggi, who has advantage of being fully familiar with the work done by almost all his predecessors and contemporary scholars on medieval studies as well as on Guru Granth Sahib. Thus, he has a vast canvas and an authoritative grip on his specialized subject area.*

ਇਨ੍ਹਾਂ ਰਚਨਾਵਾਂ ਦਾ 'ਸ਼ਬਦ ਕੋਸ਼ੀ' ਨਾਲੋਂ 'ਵਿਸ਼ਵਕੋਸ਼ੀ' ਹੋਣਾ ਮਹੱਤਵਪੂਰਣ ਹੈ। ਉਨ੍ਹਾਂ ਦੇ ਕੋਸ਼ ਅਤਿਅੰਤ ਉਪਯੋਗੀ ਹਨ ਕਿਉਂਕਿ ਖੋਜਕਾਰ ਨੂੰ ਲੋੜੀਂਦਾ ਹਵਾਲਾ ਲੱਭਣ ਲਈ ਜਿਆਦਾ ਕਠਿਨਾਈ ਨਹੀਂ ਆਉਂਦੀ। *ਭਾਈ ਵੀਰ ਸਿੰਘ ਸਾਹਿਤ ਕੋਸ਼* ਵਿਚ ਭਾਈ ਸਾਹਿਬ ਦੀਆਂ ਰਚਨਾਵਾਂ ਬਾਰੇ ਮੁਕੰਮਲ ਵਾਕਫ਼ੀਅਤ ਅਤੇ ਉਨ੍ਹਾਂ ਬਾਰੇ ਲਿਖੇ ਪ੍ਰਾਪਤ ਸਮੀਖਿਆ ਸਾਹਿਤ ਦੇ ਇੰਦਰਾਜ ਖੋਜ ਵਿਦਿਆਰਥੀਆਂ ਲਈ ਵਿਸ਼ੇਸ਼ ਤੌਰ 'ਤੇ ਸਹਾਈ ਹਨ। ਇਸ ਤੋਂ ਇਲਾਵਾ ਡਾ. ਜੱਗੀ ਵਲੋਂ ਸੰਪਾਦਿਤ ਇਸ ਕੋਸ਼ ਵਿਚ ਭਾਈ ਵੀਰ ਸਿੰਘ ਦੀ ਸਾਹਿਤਿਕ ਦੇਣ ਦੇ

ਵੱਖ-ਵੱਖ ਪਹਿਲੂਆਂ ਬਾਰੇ ਵੀ ਚਾਨਣਾ ਪਾਇਆ ਗਿਆ ਹੈ। ਡਾ. ਜੱਗੀ ਨੇ ਹਰ ਇੰਦਰਾਜ ਨੂੰ ਬੜੇ ਸਪਸ਼ਟ, ਸੰਖੇਪ, ਭਾਵਪੂਰਤ ਅਤੇ ਵਿਗਿਆਨਕ ਰੂਪ ਵਿਚ ਲਿਖਣ ਦਾ ਯਤਨ ਕੀਤਾ ਹੈ। ਇਨ੍ਹਾਂ ਕੋਸ਼ਾਂ ਦੁਆਰਾ ਉਨ੍ਹਾਂ ਦਾ ਜੀਵਨ-ਵਿਆਪੀ ਅਧਿਐਨ ਸਪਸ਼ਟ ਹੁੰਦਾ ਹੈ। ਉਨ੍ਹਾਂ ਨੇ ਇਹ ਕੋਸ਼ ਆਧੁਨਿਕ ਦ੍ਰਿਸ਼ਟੀ ਨਾਲ ਤਿਆਰ ਕੀਤੇ ਹਨ। ਉਨ੍ਹਾਂ ਦਾ ਵਿਸ਼ਾਲ ਗਿਆਨ, ਵਿਵਿਧ ਭਾਸ਼ਾਵਾਂ ਦਾ ਅਦਭੁਤ ਗਿਆਨ ਵੀ ਇਨ੍ਹਾਂ ਕੋਸ਼ਾ ਰਾਹੀਂ ਦ੍ਰਿਸ਼ਟੀਮਾਨ ਹੁੰਦਾ ਹੈ। ਉਨ੍ਹਾਂ ਨੇ ਇਨ੍ਹਾਂ ਕੋਸ਼ਾਂ ਵਿਚ ਪੌਰਾਣਿਕ, ਇਤਿਹਾਸਿਕ, ਪਰੰਪਰਾਗਤ ਆਦਿ ਵਿਭਿੰਨ ਵਿਸ਼ਿਆਂ ਦਾ ਸੰਕਲਨ ਕੀਤਾ ਹੈ।

ਵੱਖ-ਵੱਖ ਦ੍ਰਿਸ਼ਟੀਕੋਣਾਂ ਅਤੇ ਵੱਖ-ਵੱਖ ਵਿਚਾਰਧਾਰਾਵਾਂ ਦੇ ਵਿਦਵਾਨਾਂ ਵਲੋਂ ਗੁਰਬਾਣੀ ਦੇ ਅਰਥ ਕਰਨ ਦੇ ਅਨੇਕਾਂ ਯਤਨ ਹੋਏ ਹਨ। ਡਾ. ਜੱਗੀ ਦੁਆਰਾ ਟੀਕਾਕਾਰੀ ਦੇ ਖੇਤਰ ਵਿਚ ਕਲਮ ਚਲਾਉਣ ਤੋਂ ਪਹਿਲਾਂ 'ਗੁਰੂ ਗ੍ਰੰਥ ਸਾਹਿਬ' ਦੇ ਸੰਪੂਰਣ ਅਤੇ ਅਪੂਰਣ ਟੀਕੇ ਹੋ ਚੁੱਕੇ ਸਨ।। ਜਿਸ ਸਦਕਾ ਟੀਕਾਕਾਰੀ-ਗ੍ਰੰਥਾਂ ਦਾ ਵਿਸ਼ਾਲ ਭੰਡਾਰ ਸਾਡੇ ਸਾਹਮਣੇ ਹੈ। ਜਿਨ੍ਹਾਂ ਨੂੰ ਪੜ੍ਹਿਆਂ ਪਤਾ ਲਗਦਾ ਹੈ ਕਿ ਹਰੇਕ ਲੇਖਕ ਆਪਣੀ ਜਾਣਕਾਰੀ ਅਨੁਸਾਰ ਵੱਖੋ-ਵੱਖਰੀ ਪ੍ਰਣਾਲੀ ਅਪਣਾਉਂਦਾ ਰਿਹਾ। ਜਿਥੇ ਕਈ ਵਿਦਵਾਨ ਗੁਰਬਾਣੀ ਨੂੰ ਕੇਵਲ ਸਾਹਿਤਿਕ ਕਿਰਤ ਮੰਨਦੇ ਹਨ, ਉਥੇ ਕਈ ਵਿਦਵਾਨਾਂ ਨੇ ਧਾਰਮਿਕ ਅਤੇ ਅਧਿਆਤਮਿਕ ਪੱਖਾਂ ਨੂੰ ਹੀ ਉਜਾਗਰ ਕੀਤਾ ਹੈ। ਇਸ ਤੋਂ ਇਲਾਵਾ ਭਾਸ਼ਾਈ, ਇਤਿਹਾਸਕ ਅਤੇ ਦਾਰਸ਼ਨਿਕ ਪੱਖ ਤੋਂ ਗੁਰਬਾਣੀ ਨੂੰ ਵਿਖਿਆਤਮਕ ਰੂਪ ਦੇਣ ਵਾਲੇ ਵੀ ਕਈ ਵਿਦਵਾਨ ਹਨ। ਕਈ ਸੰਪਰਦਾਈ ਵਿਦਵਾਨਾਂ ਨੇ ਗੁਰਬਾਣੀ ਦੀ ਇਕ-ਇਕ ਤੁਕ ਦੇ ਕਈ-ਕਈ ਅਰਥ ਕੀਤੇ ਹਨ ਜੋ ਅਰਥ ਘੱਟ ਪਰ ਅਨਰਥ

ਜਿਆਦਾ ਪ੍ਰਤੀਤ ਹੁੰਦੇ ਹਨ। ਡਾ. ਜੱਗੀ ਦੇ ਟੀਕਾਕਾਰੀ ਖੇਤਰ ਵਿਚ ਕਲਮ ਚਲਾਉਣ ਤੋਂ ਪਹਿਲਾਂ ਗੁਰਮਤਿ ਵਿਆਖਿਆ ਦਾ ਜੋ ਕੰਮ ਹੋਇਆ ਸੀ ਉਹ ਵੇਦ, ਵੇਦਾਂਤ ਤੇ ਭਾਰਤੀ ਦਰਸ਼ਨ ਨਾਲ ਸੰਮਿਲਤ ਸੀ। ਟੀਕਿਆਂ ਵਿਚ ਵਿਆਖਿਆ ਇਸ ਤਰ੍ਹਾਂ ਦੀ ਸੀ ਕਿ ਉਹ ਮੌਲਿਕ ਰਚਨਾ ਨਾਲੋਂ ਵੀ ਜਿਆਦਾ ਕਠਿਨ ਲਗਦੀ ਸੀ। ਗੁਰਬਾਣੀ ਦੇ ਸਹੀ ਅਰਥ ਜਾਨਣ ਲਈ ਟੀਕਾਕਾਰ ਨੂੰ ਕਈ ਤਰਾਂ ਦਾ ਗਿਆਨ ਹੋਣਾ ਬੜਾ ਜ਼ਰੂਰੀ ਹੈ। ਜਿਵੇਂ ਭਾਸ਼ਾ ਦਾ ਗਿਆਨ, ਸ਼ਬਦਾਂ ਦੇ ਇਤਿਹਾਸ ਦਾ ਗਿਆਨ, ਵੱਖਰੇ-ਵੱਖਰੇ ਟੀਕਿਆਂ ਵਿਚ ਹੋਏ ਅਰਥਾਂ ਦੀ ਜਾਣਕਾਰੀ ਦਾ ਪਤਾ ਹੋਣਾ ਲਾਜ਼ਮੀ ਹੈ। ਇਸ ਰੁਝਾਨ ਦੇ ਪ੍ਰਤੀਕਰਮ ਵਜੋਂ ਡਾ. ਜੱਗੀ ਨੇ ਇਹ ਧਾਰਨਾ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਕਿ ਇਕ ਤੁਕ ਦਾ ਇਕ ਹੀ ਅਰਥ ਹੋ ਸਕਦਾ ਹੈ, ਜੋ ਕਿ ਗੁਰਬਾਣੀ ਦੇ ਵਿਧਾਨ ਦੇ ਅਨੁਸਾਰੀ ਹੋਵੇ। ਇਸ ਨਾਲ ਹੀ ਗੁਰਮਤਿ ਦਾ ਸਹੀ ਆਸ਼ਾ ਲੋਕਾਈ ਸਾਹਮਣੇ ਪ੍ਰਗਟ ਹੋ ਸਕਦਾ ਹੈ। ਪਰ ਡਾ. ਜੱਗੀ ਨੇ ਗੁਰਬਾਣੀ ਦਾ ਟੀਕਾ ਕਰਦਿਆਂ ਅਲੱਗ ਤਰੀਕਾ ਅਪਣਾਇਆ। ਉਨ੍ਹਾਂ ਨੇ ਹਰੇਕ ਸ਼ਬਦ ਦਾ ਸ਼ਾਬਦਿਕ ਅਰਥ ਕਰਦਿਆਂ ਉਸ ਨੂੰ ਸਰਲ ਤੋਂ ਸਰਲ ਸ਼ਬਦਾਂ ਵਿਚ ਪੇਸ਼ ਕੀਤਾ ਹੈ। ਉਹ ਕਿਸੇ ਗੱਲ ਨੂੰ ਨਾ ਜਿਆਦਾ ਵਧਾਉਂਦੇ ਹਨ ਅਤੇ ਨਾ ਹੀ ਘਟਾਉਂਦੇ ਹਨ। ਇਉਂ ਉਨ੍ਹਾਂ ਨੇ ਗੁਰਬਾਣੀ ਦੀ ਸਹੀ ਤਸਵੀਰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ ਅਰਥਾਂ ਵਿਚ ਨਾ ਹੀ ਕੋਈ ਭਾਸ਼ਾਈ ਗੁੰਝਲ ਹੈ ਅਤੇ ਨਾ ਹੀ ਕੋਈ ਦਾਰਸ਼ਨਿਕ ਜਟਿਲਤਾ। ਇਸ ਕਰਕੇ ਇਨ੍ਹਾਂ ਅਰਥਾਂ ਨੂੰ ਜਿੱਥੇ ਵੱਧ ਪੜ੍ਹਿਆ ਸਮਝ ਸਕਦਾ, ਉਥੇ ਘੱਟ ਪੜ੍ਹਿਆ ਵੀ ਸ਼ਬਦ ਦੀ ਮੂਲ ਭਾਵਨਾ ਤਕ ਪਹੁੰਚ ਸਕਦਾ ਹੈ। ਇਹੀ ਤਰੀਕਾ ਉਨ੍ਹਾਂ ਦੀ 'ਫਰੀਦ ਬਾਣੀ' ਸੰਪਾਦਿਤ ਪੁਸਤਕ ਵਿਚ ਵੀ ਵੇਖਣ ਨੂੰ ਮਿਲਦਾ ਹੈ। ਉਨ੍ਹਾਂ ਨੇ ਭਗਤ ਫਰੀਦ ਸਾਹਿਬ

ਦੀ ਸਿੱਖਿਆ ਬਾਰੇ ਉਹੀ ਲਿਖਿਆ ਜੋ ਉਨ੍ਹਾਂ ਦੀ ਬਾਣੀ ਵਿਚੋਂ ਪ੍ਰਗਟ ਹੁੰਦਾ ਹੈ। ਉਨ੍ਹਾਂ ਨੇ ਪਾਠਕ ਦੀ ਸਹੂਲਤ ਵਾਸਤੇ ਨਾਲ-ਨਾਲ ਸੰਬੰਧਿਤ ਪਾਠ ਵੀ ਦਿੱਤਾ ਹੈ ਤਾਂ ਕਰਕੇ ਪਾਠਕ ਨੂੰ ਕੋਈ ਭੁਲੇਖਾ ਨਾ ਪਵੇ। ਉਨ੍ਹਾਂ ਦਾ ਮਨੋਰਥ ਗੁਰਬਾਣੀ ਦੀ ਸਹੀ ਵਿਆਖਿਆ ਕਰਨ ਦਾ ਸੀ। ਉਨ੍ਹਾਂ ਦੀ ਗੁਰਬਾਣੀ ਟੀਕਾਕਾਰੀ ਪੌਰਾਣਿਕ ਦ੍ਰਿਸ਼ਟੀਕੋਣ ਦੀ ਧਾਰਨੀ ਨਹੀਂ ਬਲਕਿ ਆਧੁਨਿਕਤਾ ਵਾਲੀ ਹੈ। ਉਨ੍ਹਾਂ ਦੀ ਵਿਆਖਿਆ ਸ਼ੈਲੀ ਵਿਚ ਗਿਆਨ ਦੀ ਬਹੁਲਤਾ, ਵਿਚਾਰ-ਨਿਸ਼ਠਾ ਅਤੇ ਗੁਰਬਾਣੀ ਦੇ ਸਹੀ ਗਿਆਨ ਦੀ ਹੋਂਦ ਹੈ। ਇਉਂ ਟੀਕਾਕਾਰੀ ਦੇ ਖੇਤਰ ਵਿਚ ਡਾ. ਜੱਗੀ ਵਿਸ਼ੇਸ਼ ਦ੍ਰਿਸ਼ਟੀ ਕਰਕੇ ਮਹੱਤਵਪੂਰਣ ਸਥਾਨ ਰਖਦੇ ਹਨ। ਇਨ੍ਹਾਂ ਟੀਕਿਆਂ ਵਿਚ ਵਿਆਕਰਨ ਵਾਲਾ ਉਲਾਰ ਨਾ ਹੁੰਦਿਆਂ, ਅਰਥਾਂ ਦੀ ਸਪਸ਼ਟਤਾ, ਨਿਸ਼ਚਿਤਤਾ ਅਤੇ ਗੁਰੂ ਆਸ਼ੇ ਨੂੰ ਮੁੱਖ ਰਖਦਿਆਂ ਸੰਖੇਪਤਾ ਅਤੇ ਸਰਲਤਾ ਨਾਲ ਗੁਰਬਾਣੀ ਦੇ ਅਰਥਾਂ ਨੂੰ ਪੇਸ਼ ਕੀਤਾ ਗਿਆ ਹੈ।

ਗੁਰਬਾਣੀ ਅਤੇ ਗੁਰੂ ਨਾਨਕ ਸਾਹਿਬ ਜੀ ਦੀ ਸ਼ਖਸੀਅਤ ਨੂੰ ਉਜਾਗਰ ਕਰਨ ਲਈ ਉਨ੍ਹਾਂ ਨੇ *ਗੁਰੂ ਨਾਨਕ ਜੀਵਨ ਅਤੇ ਵਿਅਕਤਿਤਵ* ਪੁਸਤਕ ਦੀ ਰਚਨਾ ਕੀਤੀ। ਇਤਿਹਾਸ ਵਿਚ ਗੁਰੂ ਸਾਹਿਬ ਨੇ ਮਨੁੱਖਤਾ ਦੀ ਉਸਾਰੀ ਕਿਵੇਂ ਕੀਤੀ ਅਤੇ ਭਾਰਤੀ ਉਥਾਨ ਲਈ ਜਿਹੜਾ ਸੰਘਰਸ਼ ਕੀਤਾ, ਦਾ ਵੇਰਵਾ ਵੀ ਬੜੇ ਸੁੰਦਰ ਸ਼ਬਦਾਂ ਵਿਚ ਮਿਲਦਾ ਹੈ। ਇਸ ਤੋਂ ਇਲਾਵਾ 'ਭਾਈ ਗੁਰਦਾਸ ਜੀ' ਅਤੇ 'ਭਾਈ ਮਨੀ ਸਿੰਘ' ਜੀ ਦੀਆਂ ਜੀਵਨੀਆਂ ਲਿਖੀਆਂ ਹਨ। ਡਾ. ਜੱਗੀ ਨੇ ਜੀਵਨੀ ਸਾਹਿਤ ਦੀ ਰਚਨਾ ਕਰਨ ਲੱਗਿਆਂ ਤਿੰਨੇ ਮਹਾਂਪੁਰਖਾਂ ਦੀਆਂ ਸੰਖੇਪ ਜੀਵਨ ਝਾਕੀਆਂ ਨਾਲ ਪਾਠਕਾਂ ਨੂੰ ਪਰਿਚਿਤ ਕਰਾਉਂਦਿਆਂ ਪ੍ਰਾਪਤ ਲਿਖਤਾਂ ਨੂੰ ਬੜੀ ਭਾਵਨਾ ਅਤੇ ਡੂੰਘੀ ਦ੍ਰਿਸ਼ਟੀ ਨਾਲ ਸੰਯੋਜਿਤ ਕਰਕੇ ਪੇਸ਼ ਕੀਤਾ। ਡਾ. ਜੱਗੀ ਦਾ ਯਤਨ ਹੈ ਕਿ ਤਿੰਨੇ

ਇਤਿਹਾਸਕ ਜੀਵਨੀਆਂ ਲਿਖਦਿਆਂ, ਵਿਅਕਤੀ ਅਧਿਆਤਮਕ ਨਿਰਮਾਣ ਕਰਨ ਵਾਲੇ ਨਾਇਕ ਦਾ ਅਸਤਿਤਵ ਗ੍ਰਹਿਣ ਕੀਤਾ ਜਾਏ। ਜੀਵਨੀਆਂ ਦਾ ਮੂਲ ਧੁਰਾ ਧਰਮ ਅਤੇ ਅਧਿਆਤਮਕ ਕੀਮਤਾਂ ਦਾ ਪ੍ਰਸਤੁਤੀਕਰਨ ਹੈ। ਡਾ. ਜੱਗੀ ਨੇ 'ਗੁਰੂ ਨਾਨਕ ਸਾਹਿਬ' ਦੇ ਦੌਰਿਆਂ ਦਾ ਵਿਸ਼ਲੇਸ਼ਣਾਤਮਿਕ ਸਰਵੇਖਣ ਕਰਦਿਆਂ ਕਈ ਪੱਖ ਪੇਸ਼ ਕੀਤੇ ਹਨ। ਉਨ੍ਹਾਂ ਨੇ 'ਗੁਰੂ ਨਾਨਕ ਸਾਹਿਬ' ਦੀ ਜੀਵਨੀ ਲਿਖਦਿਆਂ ਕਈ ਘਟਨਾਵਾਂ ਅਤੇ ਕਰਾਮਾਤਾਂ ਦਾ ਖੰਡਨ ਕੀਤਾ ਹੈ। ਉਨ੍ਹਾਂ ਨੇ ਇਤਿਹਾਸਕ ਘਟਨਾਵਾਂ ਨੂੰ ਚੰਗੀ ਤਰ੍ਹਾਂ ਪਰਖ ਕੇ ਬੌਧਿਕ ਦ੍ਰਿਸ਼ਟੀ ਤੋਂ ਵਿਚਾਰ ਕਰਕੇ ਪੂਰੇ ਵੇਰਵਿਆਂ ਸਹਿਤ ਪ੍ਰਗਟ ਕੀਤਾ ਹੈ। ਡਾ. ਜੱਗੀ ਦੁਆਰਾ ਰਚਿਤ ਇਨ੍ਹਾਂ ਜੀਵਨੀਆਂ ਦੀ ਪ੍ਰਮਾਣਿਕਤਾ ਅਤੇ ਇਤਿਹਾਸਕ ਮਹੱਤਤਾ ਨੂੰ ਵਿਦਵਾਨਾਂ ਵਲੋਂ ਸਵੀਕਾਰਦਿਆਂ ਉਨ੍ਹਾਂ ਦੀਆਂ ਪੁਸਤਕਾਂ ਵਿਚੋਂ ਹਵਾਲੇ ਦਿਤੇ ਹਨ।

ਡਾ. ਜੱਗੀ ਨੇ ਭਾਵੇਂ ਸਾਹਿਤ ਦੇ ਵਿਭਿੰਨ ਰੂਪਾਂ ਰਾਹੀਂ ਆਪਣੀ ਸਮਰੱਥਾ ਅਨੁਸਾਰ ਪੰਜਾਬੀ, ਹਿੰਦੀ ਅਤੇ ਅੰਗਰੇਜੀ ਸਾਹਿਤ ਵਿਚ ਯੋਗਦਾਨ ਪਾਇਆ ਪਰ ਪੰਜਾਬੀ ਸਾਹਿਤ ਵਿਚ ਨਵੀਂ ਚੇਤਨਾ ਪੈਦਾ ਕੀਤੀ, ਉਹ ਪੰਜਾਬੀ ਸਾਹਿਤ ਦੇ ਹਸਤਾਖਰ ਬਣੇ। ਡਾ. ਜੱਗੀ ਨੇ ਪੰਜਾਬੀ ਸਾਹਿਤ ਵਿਚ ਨਵੀਂ ਭਾਂਤ ਦੀ ਸੁਹਜ-ਚੇਤਨਾ ਦਾ ਸੰਚਾਰ ਕੀਤਾ। ਉਨ੍ਹਾਂ ਦੀ ਕਲਾ ਦਾ ਇਕ ਪੱਖ ਪੰਜਾਬੀ ਸਾਹਿਤ ਲਈ ਵਿਆਪਕ ਰੁਚੀ ਤੇ ਸੁਹਜ ਰੁਚੀ ਨੂੰ ਉਤਸਾਹਿਤ ਕਰਨਾ ਵੀ ਹੈ। ਉਨ੍ਹਾਂ ਦੀ ਸਾਹਿਤ-ਰਚਨਾ ਵਿਸ਼ੇਸ ਪੱਧਰ ਦੀ ਅਧਿਕਾਰੀ ਹੈ। ਉਨ੍ਹਾਂ ਨੇ ਵਾਰਤਕ ਦੇ ਖੇਤਰ ਵਿਚ ਵੀ ਵਰਨਣਯੋਗ ਕੰਮ ਕੀਤਾ। ਪੰਜਾਬੀ ਸਾਹਿਤ ਵਿਚ ਉਨ੍ਹਾਂ ਦੀਆਂ ਵਾਰਤਕ ਰਚਨਾਵਾਂ ਸ੍ਰੇਸ਼ਠ ਸਥਾਨ ਰੱਖਦੀਆਂ ਹਨ। ਇਤਿਹਾਸ, ਮਿਥਿਹਾਸ ਅਤੇ ਧਰਮ ਦਰਸ਼ਨ ਬਾਰੇ ਤੁਲਨਾਤਮਿਕ

ਅਧਿਐਨ ਉਨ੍ਹਾਂ ਦੀ ਵਾਰਤਕ ਨੂੰ ਵਿਸਥਾਰਦਾ ਹੈ। ਪੰਜਾਬੀ ਵਿਚ ਬੌਧਿਕ ਅਤੇ ਪ੍ਰੌੜ ਵਾਰਤਕ ਸਦਕਾ ਪੰਜਾਬ ਸਰਕਾਰ ਨੇ ਸੰਨ 1996 ਵਿਚ ਡਾ. ਜੱਗੀ ਨੂੰ 'ਪੰਜਾਬੀ ਸਾਹਿਤ ਸ਼੍ਰੋਮਣੀ' ਹੋਣ ਦਾ ਸਨਮਾਨ ਦਿਤਾ। ਉਨ੍ਹਾਂ ਨੇ ਸਾਹਿਤਕ ਗੁਣਾਂ ਤੇ ਕਲਾਤਮਕ ਪੱਖਾਂ ਵਾਲੀ ਵਾਰਤਕ ਦੀ ਰਚਨਾ ਕੀਤੀ। ਪੰਜਾਬੀ ਭਾਸ਼ਾ ਅਤੇ ਸਾਹਿੱਤ ਦੇ ਵਿਕਾਸ ਵਿਚ ਉਹ ਪੂਰੀ ਦਿਲਚਸਪੀ ਰਖਦੇ ਸਨ। ਉਹ 'ਪੰਜਾਬੀ ਯੂਨੀਵਰਸਿਟੀ ਪਟਿਆਲਾ' ਵਿਚ ਇਕ ਲੰਮਾ ਅਰਸਾ (ਦਸ ਸਾਲ) 'ਪੰਜਾਬੀ ਸਾਹਿਤ ਵਿਭਾਗ' ਦੇ ਮੁਖੀ ਰਹੇ, ਜਿਸ ਦੌਰਾਨ ਉਨ੍ਹਾਂ ਨੇ ਕਈ ਪੁਸਤਕਾਂ ਦਾ ਸੰਪਾਦਨ ਕੀਤਾ ਅਤੇ ਕਈ ਪ੍ਰਾਜੈਕਟ ਸ਼ੁਰੂ ਕੀਤੇ। ਇਸ ਦੌਰਾਨ ਉਨ੍ਹਾਂ ਦੀ ਪ੍ਰਤਿਭਾ ਨੇ ਨਵੀਂ ਸ਼ਕਤੀ ਅਤੇ ਸੰਭਾਵਨਾ ਦੇ ਰਾਹ ਖੋਲ੍ਹੇ। ਉਨ੍ਹਾਂ ਨੇ ਉਸਾਰੂ ਕਾਰਜ-ਸ਼ੈਲੀ ਸਦਕਾ ਇਸ ਅਹੁਦੇ 'ਤੇ ਬਿਰਾਜਮਾਨ ਹੋ ਕੇ ਸੁਚਾਰੂ ਭੂਮਿਕਾ ਨਿਭਾਈ। ਡਾ. ਜੱਗੀ ਨੇ ਸਿਰੜ, ਸਿਦਕ, ਮਿਹਨਤ ਅਤੇ ਦੂਰਦਰਸ਼ੀ ਸੋਚ ਸਦਕਾ *ਖੋਜ-ਪਤ੍ਰਿਕਾ* ਦੇ ਵੀਹ ਅੰਕ ਸੰਪਾਦਨ ਤੇ ਪ੍ਰਕਾਸ਼ਿਤ ਕੀਤੇ, ਜਿਨਾਂ ਵਿਚ ਗਿਆਨ ਭਰਪੂਰ ਅਤੇ ਬੜੀ ਖੋਜ ਭਰਪੂਰ ਸਾਮਗ੍ਰੀ ਪ੍ਰਸਤੁਤ ਕਰਨ ਦਾ ਯਤਨ ਕੀਤਾ। ਗੁਰਮਤਿ ਸਾਹਿਤ ਨਾਲ ਸੰਬੰਧਿਤ ਲੇਖਾਂ ਨੂੰ ਵੀ *ਖੋਜ-ਪਤ੍ਰਿਕਾ* ਵਿਚ ਵਿਸ਼ੇਸ਼ ਥਾਂ ਦਿਤੀ ਗਈ ਅਤੇ ਸੰਪਾਦਨਾ ਦਾ ਸਹੀ ਸਰੂਪ ਸਪਸ਼ਟ ਕਰਨ ਵਿਚ ਬਹੁਤ ਵੱਡਾ ਹਿੱਸਾ ਪਾਇਆ।ਹਰ *ਖੋਜ-ਪਤ੍ਰਿਕਾ* ਦੇ ਅੰਕ ਵਿਚ ਜੋ ਲੇਖਾਂ ਦੀ ਵਿਭਿੰਨਤਾ ਮਿਲਦੀ ਹੈ, ਉਸ ਦਾ ਅਨੁਮਾਨ ਨਿਮਨ ਵੰਨਗੀ ਤੋਂ ਲਗ ਸਕਦਾ ਹੈ।

***ਗੁਰਮਤਿ ਕਾਵਿ ਅੰਕ,* ਸਤੰਬਰ 1985 (ਅੰਕ 26)**

**ਪ੍ਰਵੇਸ਼ਿਕਾ**

1. ਧਰਮ ਅਤੇ ਸਾਹਿਤ

2. ਬਾਣੀ-ਅਧਿਐਨ: ਇਕ ਅਧਿਐਨ

3. ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਦਾ ਇਤਿਹਾਸ ਅਤੇ ਤਕਨੀਕ

**ਅਧਿਆਤਮਿਕ ਵਿਚਾਰ**

4. ਗੁਰਬਾਣੀ ਵਿਚ ਪਰਮਸਤਿ ਦਾ ਸਰੂਪ

5. ਗੁਰਮਤਿ ਕਾਵਿ ਦੀ ਜਗਤ ਸੰਬੰਧੀ ਦ੍ਰਿਸ਼ਟੀ

6. ਗੁਰਬਾਣੀ ਵਿਚ ਨਵੇਂ ਮਨੁੱਖ ਦਾ ਸੰਕਲਪ

7. ਗੁਰਬਾਣੀ ਵਿਚ ਗੁਰੂ ਦਾ ਸੰਕਲਪ

8. ਗੁਰਮਤਿ ਵਿਚ ਜੀਵਨ-ਮੁਕਤ ਦਾ ਸੰਕਲਪ

9. ਗੁਰਬਾਣੀ ਵਿਚ ਨਾਮ ਦਾ ਸੰਕਲਪ

10. ਗੁਰਮਤਿ ਕਾਵਿ ਦਾ ਰਹੱਸਵਾਦੀ ਸੰਦਰਭ

11. ਗੁਰਮਤਿ ਕਾਵਿ ਵਿਚ ਆਨੰਦ ਦਾ ਸੰਕਲਪ

12. ਗੁਰਮਤਿ ਕਾਵਿ ਵਿਚ ਸੁਖ-ਸਹਿਜ ਦਾ ਸੰਕਲਪ

13. ਗੁਰਮਤਿ ਕਾਵਿ ਵਿਚ ਧੁਰਕਰਮ ਦਾ ਸੰਕਲਪ

14. ਗੁਰਮਤਿ ਵਿਚ ਸਾਧ ਸੰਗਤ ਦਾ ਸੰਕਲਪ

15. ਗੁਰਮਤਿ ਕਾਵਿ ਵਿਚ ਨੈਤਿਕਤਾ ਦਾ ਸੰਕਲਪ

16. ਗੁਰਮਤਿ ਕਾਵਿ ਵਿਚ ਸੇਵਾ ਦਾ ਸੰਕਲਪ

**ਸਾਹਿੱਤਿਕਤਾ ਅਤੇ ਕਲਾਤਮਕਤਾ**

17. ਗੁਰਮਤਿ ਕਾਵਿ-ਰੂਪ

18. ਆਦਿ ਗ੍ਰੰਥ ਛੰਦ-ਪ੍ਰਬੰਧ

19. ਗੁਰਮਤਿ ਕਾਵਿ ਵਿਚ ਪ੍ਰਕ੍ਰਿਤੀ-ਚਿਤ੍ਰਣ

20. ਗੁਰੂ ਗ੍ਰੰਥ ਸਾਹਿਬ ਦਾ ਭਾਸ਼ਾਈ ਅਧਿਐਨ

21. ਗੁਰੂ ਕਾਵਿ ਦਾ ਸੀਮੀਓਲੋਜੀਕਲ ਅਧਿਐਨ

22. ਗੁਰਮਤਿ ਕਾਵਿ ਦਾ ਸਰੋਦੀ ਤੱਤ

23. ਗੁਰਬਾਣੀ ਅਤੇ ਰਾਗ

24. ਗੁਰਮਤਿ ਕਾਵਿ ਵਿਚ ਸੰਗੀਤ ਦਾ ਮਹੱਤਵ

**ਤੁਲਨਾਤਮਕ ਅਧਿਐਨ**

25. ਗੁਰਮਤਿ ਕਾਵਿ ਅਤੇ ਆਧੁਨਿਕ ਵਿਗਿਆਨ

26. ਗੁਰਬਾਣੀ ਅਤੇ ਇਸਲਾਮਿਕ ਪਰੰਪਰਾਵਾਂ

27. ਗੁਰਮਤਿ ਕਾਵਿ ਅਤੇ ਮਿਥ

28. ਗੁਰਮਤਿ ਕਾਵਿ ਵਿਚ ਪੁਰਾਣਿਕ ਤੱਤ

29. ਗੁਰਮਤਿ ਕਾਵਿ ਦੇ ਸਭਿਆਚਾਰਿਕ ਤੱਤ

ਇਉਂ ਡਾ.ਜੱਗੀ ਦੀ ਕਾਰਜ ਸ਼ੈਲੀ ਅਤੇ ਲਗਨ ਨੂੰ ਮੁੱਖ ਵੇਖਦਿਆਂ ਪੰਜਾਬੀ ਯੂਨੀਵਰਸਿਟੀ ਵਲੋਂ ਡਾ. ਬਲਵੀਰ ਸਿੰਘ ਦੇ *ਨਿਰੁਕਤ* ਦੇ ਕੰਮ ਨੂੰ ਸਿਰੇ ਚੜ੍ਹਾਉਣ ਲਈ ਅਹਿਮ ਜਿੰਮੇਵਾਰੀ

ਸੌਂਪੀ।'ਗੁਰੂ ਗ੍ਰੰਥ ਸਾਹਿਬ' ਦਾ ਨਿਰੁਕਤ ਡਾ. ਬਲਵੀਰ ਸਿੰਘ ਦੇਹਰਾਦੂਨ ਵਲੋਂ ਤਿਆਰ ਹੋ ਰਿਹਾ ਸੀ ਪਰ ਉਹ 2 ਜਿਲਦਾਂ ਤਕ ਤਿਆਰ ਕਰਕੇ ਚਲਾਣਾ ਕਰ *ਗਏ। ਨਿਰੁਕਤ* ਦੀਆਂ ਬਾਕੀ ਤਿੰਨ ਜਿਲਦਾਂ ਦਾ ਸੰਪਾਦਨ ਡਾ. ਜੱਗੀ ਨੇ ਕੀਤਾ, ਜੋ ਗੁਰਬਾਣੀ ਵਿਆਖਿਆ ਦੇ ਤੌਰ 'ਤੇ ਵਰਤਿਆ ਜਾਂਦਾ ਮਹੱਤਵਪੂਰਣ ਖੋਜ-ਸੰਦ ਹੈ।

ਅਜੋਕੇ ਸਮੇਂ ਵਿਚ ਪ੍ਰਾਚੀਨ ਸਾਹਿਤ ਦੀ ਸੰਭਾਲ ਅਤੇ ਉਸ ਬਾਰੇ ਚਰਚਾ ਕਰਨੀ ਬਹੁਤ ਜ਼ਰੂਰੀ ਹੈ। ਕਿਉਂਕਿ ਇਸ ਤੋਂ ਬਿਨਾਂ ਸਾਨੂੰ ਆਪਣੇ ਇਤਿਹਾਸ ਅਤੇ ਵਿਰਸੇ ਦੀ ਸਹੀ ਪਹਿਚਾਣ ਨਹੀਂ ਹੋ ਸਕਦੀ। ਸਿੱਖ ਸਾਹਿਤ ਦੀਆਂ ਜਿਆਦਾਤਰ ਪੁਰਾਤਨ ਰਚਨਾਵਾਂ, ਹੱਥ-ਲਿਖਤ ਰੂਪ ਵਿਚ ਹੀ ਇੱਧਰ-ਉਧਰ ਖਿਲਰੀਆਂ ਪਈਆਂ ਹਨ, ਜਿਨ੍ਹਾਂ ਨੂੰ ਛਾਪੇਖਾਨੇ ਤੱਕ ਨਹੀਂ ਪਹੁੰਚਾਇਆ ਗਿਆ। ਪਰ ਇਤਿਹਾਸ ਦੇ ਖੋਜੀ ਅਤੇ ਸਾਹਿਤ ਰਸੀਏ ਇਨ੍ਹਾਂ ਤੋਂ ਲਾਭ ਪ੍ਰਾਪਤ ਕਰਨ ਲਈ ਤਤਪਰ ਰਹਿੰਦੇ ਹਨ। ਕੇਸਰ ਸਿੰਘ ਛਿੱਬਰ ਰਚਿਤ *ਬੰਸਾਵਲੀਨਾਮਾ* ਸਿੱਖ ਇਤਿਹਾਸ ਦਾ ਮਹੱਤਵਪੂਰਣ ਸ੍ਰੋਤ ਹੈ, ਇਸ ਗ੍ਰੰਥ ਦੇ ਹਵਾਲੇ ਗੁਰਮਤਿ ਵਿਆਖਿਆ ਲਈ ਆਮ ਕਰਕੇ ਵਰਤੇ ਜਾਂਦੇ ਹਨ। ਸਿੱਖ ਇਤਿਹਾਸ ਨਾਲ ਜੁੜੇ ਮਹੱਤਵਪੂਰਣ ਸੰਮਤਾਂ ਵਾਲੀ ਇਹ ਇਕ ਨਿਰਾਲੀ ਰਚਨਾ ਹੈ। ਇਸ ਗ੍ਰੰਥ ਦੀ ਭਾਸ਼ਾ ਸਧਾਰਨ ਪੰਜਾਬੀ ਨਹੀਂ ਹੈ। ਇਸ ਵਿਚ ਵਰਣਿਤ ਇਤਿਹਾਸ, ਵਿਸ਼ਵਾਸ, ਥਾਵਾਂ, ਤੱਥਾਂ, ਤਿਥਾਂ ਅਤੇ ਵੇਰਵਿਆਂ ਬਾਰੇ ਵੀ ਭੁਲੇਖੇ ਹਨ। ਇਸ ਤੋਂ ਇਲਾਵਾ ਰੀਤੀ-ਰਵਾਇਤਾਂ ਵਿਚ ਵੀ ਕਿਤੇ-ਕਿਤੇ ਮਿਥਿਹਾਸਕ ਪ੍ਰਭਾਵ ਹਨ। ਕਈ ਥਾਵਾਂ 'ਤੇ ਨਿੱਜ ਜਾਂ ਕਾਵਿਕ ਕਲਪਨਾ ਕਰਕੇ ਵੀ ਭੁਲੇਖੇ ਪੈਦਾ ਹੋਣ ਦੀਆਂ ਸੰਭਾਵਨਾਵਾਂ ਹਨ। ਇਸ ਲਈ ਇਸ ਗ੍ਰੰਥ ਦਾ ਬਰੀਕੀ ਨਾਲ ਅਧਿਐਨ ਕਰਨ ਉਪਰੰਤ ਇਸ ਦੇ ਸੰਪਾਦਨ ਅਤੇ ਵਿਆਖਿਆ

ਦੀ ਜ਼ਰੂਰਤ ਸੀ, ਤਾਂ ਜੋ ਇਸ ਦਾ ਵੱਧ ਤੋਂ ਵੱਧ ਲਾਭ ਉਠਾਇਆ ਜਾ ਸਕੇ। ਡਾ. ਜੱਗੀ ਚਾਹੁੰਦੇ ਸਨ ਕਿ ਇਸ ਰਚਨਾ ਆਧਾਰਿਤ 'ਸਿੱਖ ਸਿਧਾਂਤਾਂ' ਦੀ ਸ਼ੁਧਤਾ ਵਿਚ ਕਿਸੇ ਖੋਟ ਜਾਂ ਮਿਲਾਵਟ ਤੋਂ ਕੌਮ ਨੂੰ ਸਾਵਧਾਨ ਕੀਤਾ ਜਾ ਸਕੇ। ਡਾ. ਜੱਗੀ ਨੇ ਸਿੱਖ ਹਿਤਾਂ ਨੂੰ ਮੁੱਖ ਰਖਦਿਆ ਅਤੇ ਸਿੱਖੀ ਪ੍ਰਚਾਰ ਹਿਤ ਇਸ ਕਾਰਜ ਦੇ ਮਹੱਤਵ ਨੂੰ ਪਛਾਣਦਿਆਂ ਇਸ ਪੁਰਾਤਨ ਗ੍ਰੰਥ ਦਾ ਸੰਪਾਦਨ ਕੀਤਾ। ਜਿਸ ਬਾਰੇ ਡਾ. ਗੁਰਮੇਲ ਸਿੰਘ ਸਿੱਧੂ ਲਿਖਦੇ ਹਨ 'ਸਭ ਤੋਂ ਪਹਿਲਾਂ *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ* ਨੂੰ 1972 ਵਿਚ ਰਤਨ ਸਿੰਘ ਜੱਗੀ ਦੀ ਸੰਪਾਦਨਾ ਹੇਠ *ਪਰਖ* ਨਾਮੀ ਪੰਜਾਬੀ ਮੈਗਜ਼ੀਨ (ਸੰਪਾ. ਸੁਰਿੰਦਰ ਸਿੰਘ ਕੋਹਲੀ) ਵਿਚ ਛਾਪਿਆ ਗਿਆ ਸੀ। ਉਸ ਵੇਲੇ ਜੱਗੀ ਤੇ ਕੋਹਲੀ ਦੋਹਾਂ ਨੇ ਇਹ ਨਿਰਣਾ ਕੀਤਾ ਸੀ ਕਿ ਭਾਵੇਂ ਛਿੱਬਰ ਦੀ ਇਹ ਰਚਨਾ ਪੁਰਾਣਿਕ ਕਥਾ ਕਥਾਵਾਂ ਦੇ ਪ੍ਰਭਾਵ ਹੇਠ ਲਿਖੀ ਗਈ ਹੈ ਤਾਂ ਵੀ ਇਸ ਵਿਚ ਖਾਲਸਾ ਸਾਜਨ, ਪਾਹੁਲ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇਣ ਬਾਰੇ ਕਈ ਥਾਵਾਂ ਤੇ ਲਿਖਿਆ ਮਿਲਦਾ ਹੈ।'[11] ਡਾ. ਜੱਗੀ ਨੇ ਸਮੁਚਾ ਕਾਰਜ ਕਰਦਿਆਂ ਹਰ ਇਤਿਹਾਸਕ ਤੱਥ/ਤਿਥ ਨੂੰ ਪ੍ਰਾਪਤ ਤਤਕਾਲੀਨ ਅਤੇ ਨਵੀਨਤਮ ਇਤਿਹਾਸਕ ਖੋਜ ਅਤੇ ਆਧਾਰ ਸਮੱਗਰੀ ਦੇ ਆਧਾਰਿਤ ਵਿਸਲੇਸ਼ਣ ਕਰਕੇ ਪਰਖਿਆ ਹੈ। ਜਿਥੇ ਵੀ ਕਿਸੇ ਤੱਥ ਬਾਰੇ ਭਿੰਨਤਾ ਹੈ, ਡਾ. ਜੱਗੀ ਨੇ ਤਰਕ ਅਤੇ ਹਵਾਲੇ ਦੇ ਕੇ ਦਰੁਸਤ ਕਰਨ ਦਾ ਯਤਨ ਕੀਤਾ ਹੈ। ਜਿਥੇ ਵੀ ਕਿਸੇ ਅਨ-ਮੱਤ ਦੇ ਪ੍ਰਭਾਵ ਕਾਰਨ ਸਿੱਖ ਸਿਧਾਂਤ ਤੋਂ ਕੋਈ ਵੀ ਵੇਰਵਾ ਪਾਸੇ ਜਾਦਾਂ ਹੈ ਉਸ ਪ੍ਰਤਿ ਡਾ. ਜੱਗੀ ਨੇ ਵਿਸ਼ੇਸ਼ ਕਰਕੇ ਧਿਆਨ ਦਿਵਾਇਆ ਹੈ। ਡਾ. ਜੱਗੀ ਵਲੋਂ ਸੰਪਾਦਿਤ ਇਹ ਕ੍ਰਿਤ ਸੰਪਾਦਨ ਦੇ ਖੇਤਰ

---

[11] *ਆਦਿ ਗ੍ਰੰਥ ਤੋਂ ਦਸਮ ਗ੍ਰੰਥ,* ਪੰ. 48.

ਵਿਚ ਇਕ ਮਹੱਤਵਪੂਰਣ ਰਚਨਾ ਹੈ।

ਡਾ. ਜੱਗੀ ਨੇ ਗੁਰਮਤਿ ਸਾਹਿਤ ਦੇ ਖੇਤਰ ਬੇ-ਹੱਦ ਨਿਠ ਕੇ ਕੰਮ ਕੀਤਾ। ਉਨ੍ਹਾਂ ਦੀਆਂ ਲਿਖਤਾਂ ਇਸ ਗੱਲ ਦਾ ਪ੍ਰਮਾਣ ਹਨ। ਪਰ ਹੋਰਨਾਂ ਧਰਮਾਂ ਦਾ ਅਧਿਐਨ ਵੀ ਉਨ੍ਹਾਂ ਨੇ ਬੜੀ ਡੂੰਘਾਈ ਨਾਲ ਕੀਤਾ ਹੋਇਆ ਹੈ। ਪੰਜਾਬੀ ਯੂਨੀਵਰਸਿਟੀ ਵਲੋਂ ਉਨ੍ਹਾਂ ਦੀ ਕਾਬਲੀਅਤ ਅਤੇ ਵਿਸ਼ਾਲ ਤਜਰਬੇ ਨੂੰ ਮੁੱਖ ਰਖਦਿਆਂ *ਰਾਮ ਚਰਿਤਰ ਮਾਨਸ* ਦਾ ਪੰਜਾਬੀ ਵਿਚ ਅਨੁਵਾਦ ਕਰਨ ਜਿਹਾ ਵਡੇਰਾ ਅਤੇ ਅਹਿਮ ਕਾਰਜ ਸੌਂਪਿਆ ਗਿਆ। ਪਰ ਸਮੁੱਚੇ ਤੌਰ ’ਤੇ ਡਾ. ਜੱਗੀ ਨੇ ਹਰ ਸੰਭਵ ਯਤਨ ਅਤੇ ਵਿਧੀ ਰਾਹੀਂ ਆਪਣੇ ਮੱਤ ਦਾ ਪੱਖ ਪੂਰਿਆ ਹੈ। ਖੰਡਨ-ਮੰਡਨ ਦਾ ਢੰਗ ਅਪਣਾ ਕੇ ਡਾ. ਸਾਹਿਬ ਨੇ ਸਿੱਖੀ ਸਿਧਾਂਤਾਂ ਤੇ ਸਿੱਖ ਜੀਵਨ-ਮਰਿਆਦਾ ਵਿਚ ਦਲੀਲਾਂ ਦਿਤੀਆਂ। ਅਧਿਆਤਮਕ ਵਿਸ਼ਿਆਂ ਬਾਰੇ ਲਿਖਦਿਆਂ ਉਨ੍ਹਾਂ ਨੇ ਗੁਰਬਾਣੀ ਵਿਚੋਂ ਤੁਕਾਂ ਵਰਤ ਕੇ, ਗੁਰਮਤਿ ਦੇ ਆਸ਼ੇ ਸਪਸ਼ਟ ਕਰਨਾ ਚਾਹਿਆ। ਆਪਣੀ ਸਾਹਿਤਿਕਤਾ ਦੀ ਆਭਾ ਨਾਲ ਭਰਪੂਰ ਡਾ. ਜੱਗੀ ਨੇ ਹਰ ਰਚਨਾ ਵਿਚ ਵਿਸ਼ੇ ਦੀ ਤਹਿ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ ਹੈ। ਇਹੋ ਕਾਰਣ ਹੈ ਕਿ ਉਨ੍ਹਾਂ ਰਚਨਾਤਮਕ ਪ੍ਰਤਿਭਾ ਦੀ ਛਾਪ ਉਨ੍ਹਾਂ ਦੀ ਹਰ ਰਚਨਾ ਨੂੰ ਸ਼ਿੰਗਾਰਦੀ ਹੈ। ਉਨ੍ਹਾਂ ਨੇ ਸਾਹਿਤ ਰਚਦਿਆਂ ਗਿਆਨ ਅਤੇ ਤਰਕ ਦੋਵਾਂ ਦੀ ਰੱਜ ਕੇ ਵਰਤੋਂ ਕੀਤੀ ਹੈ। ਇਸੇ ਲਈ ਕਿਸੇ ਵਿਸ਼ੇ ’ਤੇ ਤਰਕ ਪ੍ਰਸਤੁਤ ਕਰਨ ਲੱਗਿਆਂ ਉਹ ਆਪਣੇ ਗਿਆਨ ਨਾਲ ਸਭ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਰੱਖਦੇ ਹਨ।

ਡਾ. ਜੱਗੀ ਦੀਆਂ ਗੁਰਮਤਿ ਦਰਸ਼ਨ ਬਾਰੇ ਕੁਝ ਨਿਸ਼ਚਿਤ ਅਤੇ ਸਪਸ਼ਟ ਭਾਂਤ ਦੀਆਂ ਧਾਰਨਾਵਾਂ ਹਨ ਜਿਨ੍ਹਾਂ ਤੋਂ ਉਹ ਕਦੀ ਵੀ ਲਾਂਭੇ ਨਹੀਂ ਗਏ। ਉਨ੍ਹਾਂ ਦੀ ਲਗਪਗ ਹਰੇਕ

ਸਾਹਿਤਕ ਕ੍ਰਿਤ ਵਿਚ ਇਹੋ ਜਿਹਾ ਵੇਖਣ ਨੂੰ ਮਿਲ ਜਾਂਦਾ ਹੈ। ਉਹ ਭਾਵੇਂ ਕੋਈ ਕੋਸ਼ ਤਿਆਰ ਕਰ ਰਹੇ ਹੋਣ ਜਾਂ ਕਿਸੇ ਸ਼ਬਦ ਦੀ ਵਿਆਖਿਆ ਕਰਦੇ ਹੋਣ ਜਾਂ ਉਹ ਜੀਵਨੀ ਸਾਹਿਤ ਲਿਖ ਰਹੇ ਹੋਣ ਸਿੱਖ ਸਿਧਾਂਤ ਉਨ੍ਹਾਂ ਦੇ ਅਵਚੇਤਨ ਵਿਚ ਪਿਆ ਹੈ। ਪੁਸਤਕ *ਗੁਰ ਨਾਨਕ ਬਾਣੀ* ਪ੍ਰਸਤਾਵਨਾ ਵਿਚ ਡਾ. ਜੱਗੀ ਨੇ ਕੇਂਦਰੀ ਨੁਕਤੇ ਉਠਾਏ ਹਨ ਜੋ ਗੁਰੂ ਸਾਹਿਬਾਨ ਤੋਂ ਪਹਿਲਾਂ ਦੇ ਮੱਤ-ਮਤਾਤਰਾਂ ਦਾ ਆਧਾਰ ਸਨ। ਜਿਨ੍ਹਾਂ ਵਿਚ ਬਹੁਦੇਵਵਾਦ, ਸੰਸਾਰ ਨੂੰ ਮਾਇਆ ਦੱਸਣਾ, ਕੇਵਲ ਆਤਮਾ ਨੂੰ ਹੀ ਕੇਂਦਰੀ ਤੇ ਅਸਲ ਵਸਤੂ ਸਮਝਣਾ, ਖਾਣ-ਪੀਣ ਤੇ ਜਿੰਦਗੀ ਦੇ ਹੋਰ ਰਸਾਂ-ਕਸਾਂ ਤੋਂ ਅੰਤਾਂ ਦਾ ਪ੍ਰਹੇਜ, ਗ੍ਰਹਿਸਥ ਦਾ ਤਿਆਗ, ਵਰਣ, ਆਸ਼ਰਮ, ਜਾਤ-ਪਾਤ ਅਤੇ ਵਹਿਮ-ਭਰਮ ਆਦਿ। ਡਾ. ਜੱਗੀ ਦੇ ਅਨੁਸਾਰ ਗੁਰੂ ਸਾਹਿਬਾਨ ਨੇ ਇਨ੍ਹਾਂ ਸਾਰਿਆਂ ਨੁਕਤਿਆਂ ਨੂੰ ਮੂਲੋਂ ਹੀ ਰੱਦ ਕਰ ਦਿਤਾ ਤਾਂ ਜੋ ਮਨੁੱਖੀ ਸਮਾਜ ਵਿਚ ਇਕ ਸੰਤੁਲਨ ਕਾਇਮ ਕੀਤਾ ਜਾ ਸਕੇ। ਉਨ੍ਹਾਂ ਦਾ ਕਹਿਣਾ ਹੈ ਕਿ 'ਗੁਰੂ ਨਾਨਕ ਦੇਵ ਨੇ ਆਪਣੇ ਸਮੇਂ ਦੇ ਖਿੰਡੇ-ਪੁੰਡੇ, ਹੀਨ ਅਤੇ ਦਰਿਦ੍ਰ ਸਮਾਜ ਨੂੰ ਵੇਖਿਆ, ਉਸ ਦੀ ਆਰਥਿਕ, ਰਾਜਨੈਤਿਕ ਅਤੇ ਸਮਾਜਿਕ ਸਥਿਤੀ ਦਾ ਅਧਿਐਨ ਕੀਤਾ, ਧਰਮ ਦੀਆਂ ਉਸ ਵੇਲੇ ਪ੍ਰਚਲਿਤ ਅਨੋਖੀਆਂ ਅਤੇ ਵਿਚਿਤ੍ਰ ਧਾਰਾਵਾਂ ਨੂੰ ਘੋਖਿਆ। ਧਰਮ ਉਦੋਂ ਅੰਧਵਿਸ਼ਵਾਸ਼ਾਂ ਅਤੇ ਨੁਮਾਇਸ਼ੀ ਕਰਮ-ਕਾਂਡਾਂ ਵਿਚ ਹੀ ਸਮਾਇਆ ਹੋਇਆ ਸੀ ਅਤੇ ਧਰਮ ਦੇ ਠੇਕੇਦਾਰ ਧਰਮ ਦੇ ਵਾਸਤਵਿਕ ਸਰੂਪ ਤੋਂ ਅਭਿਜ ਸਨ।'[12] ਅਵਤਾਰਵਾਦ ਜਾਂ ਬਹੁਦੇਵਵਾਦ ਦਾ ਗੁਰਮਤਿ ਵਿਚਾਰਧਾਰਾ ਕਠੋਰਤਾ ਸਾਹਿਤ ਖੰਡਨ ਕਰਦੀ ਹੈ ਕਿਉਂਕਿ ਇਸ ਸਿਧਾਂਤ ਨੇ ਹਿੰਦੋਸਤਾਨ ਦੇ ਧਰਮ, ਸਮਾਜ ਅਤੇ ਸੱਭਿਆਚਾਰ ਨੂੰ ਬੜੀ

---

[12] *ਗੁਰੂ ਨਾਨਕ ਬਾਣੀ,* (ਸੰਪਾ.), ਪੰ. 2.

ਹਾਨੀ ਪਹੁੰਚਾਈ ਸੀ। ਇਸੇ ਹਾਨੀ ਤੋਂ ਬਚਾਉਣ ਲਈ ਗੁਰੂ ਨਾਨਕ ਸਾਹਿਬ ਜੀ ਅਤੇ ਬਾਕੀ ਗੁਰੂ ਸਾਹਿਬਾਨ ਨੇ ਇਕ ਈਸ਼ਵਰਵਾਦ ਦਾ ਸਿਧਾਂਤ ਦਿੱਤਾ ਕਿਉਂਕਿ ਇਹੀ ਸਿਧਾਂਤ ਹਿੰਦੋਸਤਾਨ ਦੀਆਂ ਬਹੁਤੀਆਂ ਮੁਸ਼ਕਲਾਂ ਦਾ ਹੱਲ ਸੀ। ਉਹ ਕਹਿੰਦੇ ਹਨ ਕਿ 'ਗੁਰੂ ਜੀ ਨੂੰ ਜਿਨ੍ਹਾਂ ਪਰਿਸਥਿਤੀਆਂ ਨੇ ਜਨਮ ਦਿੱਤਾ ਸੀ, ਉਨ੍ਹਾਂ ਲਈ ਇਕੇਸ਼ਵਰਵਾਦੀ ਦ੍ਰਿਸ਼ਟੀਕੋਣ ਦੀ ਸਥਾਪਨਾ ਪਰਮ ਆਵਸ਼ੱਕਤਾ ਸੀ। ਹਿੰਦੂਆਂ ਦਾ ਇਕੇਸ਼ਵਰਵਾਦ ਪਰਮਾਤਮਾ ਨੂੰ ਇਕ ਮੰਨਦਾ ਹੋਇਆ ਵੀ ਬਹੁਦੇਵ-ਵਾਦ ਵਿਚ ਬੁਰੀ ਤਰ੍ਹਾਂ ਧਸ ਗਿਆ ਸੀ, ਜਿਸ ਵਿਚੋਂ ਉਸ ਦਾ ਨਿਕਲਣਾ ਬੜਾ ਕਠਿਨ ਹੋ ਗਿਆ ਸੀ। ਅਤੇ, ਬਾਹਰੋਂ ਆਇਆ ਇਸਲਾਮੀ ਇਕੇਸ਼ਵਰਵਾਦ ਵੀ ਕਾਫ਼ਰਾਂ ਦੇ ਪਰਮਾਤਮਾ ਨੂੰ ਅੱਲਾਹ ਤੋਂ ਅਲਗ ਮੰਨ ਕੇ ਪ੍ਰਕਾਰਾਂਤਰ ਨਾਲ ਇਕ ਵਿਲਖਣ ਜਿਹੇ ਬਹੁਦੇਵ-ਵਾਦ ਦ੍ਰਿਸ਼ਟੀਕੋਣ ਨੂੰ ਜਨਮ ਦੇ ਰਿਹਾ ਸੀ। ਗੁਰੂ ਨਾਨਕ ਦਾ ਇਕੇਸ਼ਰਵਾਦ ਮੱਧ ਯੁਗੀਨ ਪਰਿਸਥਿਤੀਆਂ ਦੀ ਉਪਜ ਹੈ। ਉਨ੍ਹਾਂ ਦਾ ਉਦੇਸ਼ ਖਿੰਡੀ ਪੁੰਡੀ, ਕੁਰਾਹੇ ਪਈ ਮਨੁੱਖਤਾ ਨੂੰ 'ਏਕ ਪਿਤਾ ਏਕਸ ਕੇ ਹਮ ਬਾਰਕ' ਦੀ ਭਾਵਨਾ ਨਾਲ ਓਤਪ੍ਰੋਤ ਕਰਕੇ ਸਨਮਾਰਗ ਤੇ ਲਿਆਣਾ ਸੀ। ਇਸ ਲਈ ਉਨ੍ਹਾਂ ਦਾ ਇਕੇਸ਼ਰਵਾਦ ਸਮੱਸਤ ਕਲੂਸ਼ਿਤ ਪਰੰਪਰਾਵਾ ਅਤੇ ਭਾਵਨਾਵਾਂ ਤੋਂ ਮੁਕਤ, ਸਭ ਲਈ ਗ੍ਰਹਿਣ ਕਰਨ ਯੋਗ ਅਜਿਹੇ ਬ੍ਰਹਮ ਦਾ ਸਰੂਪ ਪੇਸ਼ ਕਰਦਾ ਹੈ ਜੋ ਸਭ ਦਾ ਸਾਂਝਾ ਹੈ।'[13]

ਡਾ. ਜੱਗੀ ਨੇ ਗੁਰਮਤਿ ਦਰਸ਼ਨ ਨੂੰ ਕੇਵਲ ਖੁਸ਼ਕ ਦਾਰਸ਼ਨਿਕ ਮਾਨਤਾਵਾਂ ਤਕ ਘਟਾ ਕੇ ਨਹੀਂ ਵੇਖਿਆ ਸਗੋਂ ਉਸ ਨੇ ਇਸ ਦੇ ਸਮਾਜਿਕ ਅਤੇ ਸਭਿਆਚਾਰਕ ਸਰੋਕਾਰਾਂ ਵਿਚ ਇਸ

---

[13] *ਗੁਰੂ ਨਾਨਕ ਦੀ ਵਿਚਾਰਧਾਰਾ*, ਪੰ. 148-49.

ਦੀ ਬਣਦੀ ਭੂਮਿਕਾ ਉਪਰ ਵੀ ਚਰਚਾ ਕੀਤੀ ਹੈ। ਇਸ ਦਾ ਇਕ ਕਾਰਨ ਸ਼ਾਇਦ ਇਹ ਹੈ ਕਿ ਗੁਰਮਤਿ ਦਰਸ਼ਨ ਮਨੁੱਖ ਦੀ ਧਾਰਮਿਕ ਪੱਖ ਤੋਂ ਹੀ ਅਗਵਾਈ ਨਹੀਂ ਕਰਦਾ, ਸਗੋਂ ਸਮੁੱਚਾ ਜੀਵਨ ਹੀ ਇਸ ਦੇ ਪ੍ਰਭਾਵ ਵਿਚ ਆਉਦਾ ਹੈ। ਇਸ ਤੋਂ ਇਲਾਵਾ ਸਿੱਖ ਰਹੁ ਰੀਤੀ, ਜੀਵਨ-ਮਰਯਾਦਾ ਆਦਿ ਵਿਸ਼ਿਆਂ ਉਪਰ ਲਿਖੇ ਨਿਬੰਧ ਵੀ ਮਿਲਦੇ ਹਨ। ਉਹ ਸਾਰੀ ਉਮਰ ਗੁਰਮਤਿ-ਸਿਧਾਤਾਂ ਦਾ ਅਧਿਐਨ ਕਰਦੇ ਰਹੇ ਅਤੇ ਆਪਣੀਆਂ ਪ੍ਰਾਪਤੀਆਂ ਸਦਕਾ ਇਕ ਗੁਰਮਤਿ ਲੇਖਕ ਵਜੋਂ ਸਥਾਪਤ ਹੋਏ। ਡਾ. ਜੱਗੀ ਦਾ ਕਹਿਣਾ ਹੈ ਕਿ 'ਗੁਰੁੂ ਨਾਨਕ, ਦਰਸ਼ਨ ਦੇ ਕਿਸੇ ਨਵੇਂ ਸਕੂਲ ਨੂੰ ਜਨਮ ਨਹੀਂ ਦਿੰਦੇ। ਪੁਰਾਤਨਤਾ ਵਿਚੋਂ ਹੀ, ਯੁਗ ਦੀਆਂ ਪਰਿਸਥਿਤੀਆਂ ਅਨੁਕੂਲ ਅਜਿਹੀ ਨਵੀਨਤਾ ਨੂੰ ਜਨਮ ਦਿੰਦੇ ਹਨ, ਜੋ ਕੋਰਾ ਦਰਸ਼ਨ ਜਾਂ ਤਰਕ-ਵਿਤਰਕ ਨਹੀਂ, ਸਗੋਂ ਮਨੁੱਖੀ ਜੀਵਨ ਨੂੰ ਵਿਵਸਥਿਤ ਅਤੇ ਧਾਰਮਿਕ ਬਣਾਉਣ ਵਾਲਾ ਕ੍ਰਿਆਸ਼ੀਲ ਜੀਵਨ ਦਰਸਨ ਹੈ। ਅਸਲ ਵਿਚ, ਗੁਰੂ ਜੀ ਦਰਸ਼ਨ ਦੇ ਚਕਰਾਂ ਵਿਚ ਨਹੀਂ ਪਏ। ਉਹ ਭਗਤ ਸਨ, ਦਾਰਸ਼ਨਿਕ ਨਹੀਂ।'[14] ਡਾ. ਜੱਗੀ ਦੀਆਂ ਲਿਖਤਾਂ ਵਿਚੋਂ ਉਪਰੋਕਤ ਉਦਾਹਰਣਾਂ ਇਹ ਤਾਂ ਭਲੀ-ਭਾਂਤ ਸਾਬਤ ਕਰਦੀਆਂ ਹਨ ਕਿ ਉਹ ਗੁਰਮਤਿ ਦਰਸ਼ਨ ਦੇ ਕਿੰਨੇ ਪ੍ਰਬੁੱਧ ਵਿਅਖਿਆਕਾਰ ਹਨ। ਉਨ੍ਹਾਂ ਦੁਆਰਾ ਕੀਤੀ ਇਹ ਵਿਆਖਿਆ ਸਰਲ ਅਤੇ ਰਸ-ਗੁਧੀ ਵਾਰਤਕ ਸ਼ੈਲੀ ਦਾ ਬੜਾ ਵੱਡਾ ਹਿਸਾ ਹੈ। ਇਸ ਤੋਂ ਇਲਾਵਾ ਉਨ੍ਹਾਂ ਦੁਆਰਾ ਕੀਤੀ ਗੁਰਬਾਣੀ ਵਿਆਖਿਆ ਵਿਚ ਕੋਈ ਉਲਝਣ ਨਹੀਂ, ਬਲਕਿ ਉਹ ਬਹੁਤ ਸਪਸ਼ਟ, ਸਰਲ ਅਤੇ ਆਧੁਨਿਕਤਾ ਸਹਿਤ ਸ਼ਬਦ ਦੀ ਵਿਆਖਿਆ ਕਰਦੇ ਹਨ ਜਿਵੇਂ ਕਿ:

---

[14] *ਉਹੀ*, ਪੰ. 113.

*ਥਾਲ ਵਿਚ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ।*

*ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ।*

*ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ।*

*ਏਹ ਵਸਤੁ ਤਜੀ ਨਹ ਜਾਈ ਨਿਤ ਤਿਨ ਰਖੁ ਉਰਿ ਧਾਰੋ।*

*ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ*।੧॥[15]

'ਸਪਸ਼ਟ ਹੈ ਕਿ ਗੁਰੂ ਗ੍ਰੰਥ ਸਾਹਿਬ ਰੂਪੀ ਥਾਲ ਵਿਚ ਤਿੰਨ ਵਸਤੂਆਂ ਪਈਆਂ ਹਨ-ਸਤੁ, ਸੰਤੋਖੁ ਅਤੇ ਵਿਚਾਰ। ਤਿੰਨਾਂ ਨੂੰ ਭੋਜਨ ਕਰਨ ਯੋਗ ਪਦਾਰਥ ਬਣਾਉਣ ਲਈ ਇਨ੍ਹਾਂ ਵਿਚ ਨਾਮ ਰੂਪ ਅੰਮ੍ਰਿਤ ਪਿਆ ਹੈ। ਇਥੇ ਮਨੁੱਖ ਦੀਆਂ ਜੀਵਨ ਸੰਬੰਧੀ ਅਨੇਕ ਮਰਯਾਦਾਵਾਂ ਅਥਵਾ ਕਰਤਵਾਂ ਵਿਚੋਂ ਗੁਰੂ ਜੀ ਨੇ ਤਿੰਨ ਉਪਰ ਬਹੁਤ ਬਲ ਦਿੱਤਾ ਹੈ-ਸਤ, ਸੰਤੋਖ ਅਤੇ ਵਿਚਾਰ। ਇਸ ਤ੍ਰਿਭੁਜੀ ਕਰਤਵ-ਪ੍ਰਣਾਲੀ ਅਨੁਸਾਰ ਜੀਵਨ ਨੂੰ ਢਾਲਣ ਵਾਲਾ ਵਿਅਕਤੀ ਨਾਮ ਜਪਣ ਲਈ ਸੁਪਾਤਰ ਬਣਦਾ ਹੈ ਅਤੇ ਅਗਿਆਨ ਦੇ ਘੁਪ ਹਨੇਰੇ ਵਾਲੇ ਸੰਸਾਰ ਤੋਂ ਤਰ ਜਾਂਦਾ ਹੈ। ਹਰਿਨਾਮ ਦੇ ਸ੍ਰਵਣ ਨਾਲ ਇਨ੍ਹਾਂ ਦੀ ਪ੍ਰਾਪਤੀ ਸੰਭਵ ਹੈ-*ਸੁਣਿਐ ਸਤੁ ਸੰਤੋਖੁ ਗਿਆਨੁ।*'[16] ਅੱਗੇ ਇਨ੍ਹਾਂ ਤਿੰਨ ਵਸਤੂਆਂ ਦੀ ਵਿਚਾਰ ਕਰਦੇ ਕਹਿੰਦੇ ਹਨ ਕਿ 'ਇਸ ਵਿਚ ਕੋਈ ਸ਼ਕ ਨਹੀਂ ਕਿ ਹਰ ਕੌਮ, ਹਰ ਦੇਸ਼ ਅਤੇ ਹਰ ਧਰਮ ਵਾਲਿਆਂ ਨੇ ਸਾਤਵਿਕ ਰੁਚੀਆਂ ਅਧੀਨ ਸਦਾਚਰਣ ਜਾਂ ਨੈਤਿਕਤਾ ਉਤੇ ਬਲ ਦਿੱਤਾ ਹੈ। ਪਰ ਗੁਰਬਾਣੀ ਵਿਚ ਇਸ ਤੱਤਵ ਦਾ ਵਿਸ਼ੇਸ਼ ਮਹੱਤਵ

---

[15] *ਸ਼ਬਦਾਰਥ,* ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ.1429.

[16] *ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰ. 198.

ਦਰਸਾਇਆ ਗਿਆ ਹੈ। ਇਸ ਨਾਲ ਮਨੁੱਖ ਦੇ ਮਨ ਵਿਚ ਸਮ-ਦ੍ਰਿਸ਼ਟੀ ਪੈਦਾ ਹੁੰਦੀ ਹੈ, ਹਉਮੈ ਮੁਕਦੀ ਹੈ, ਮਨ ਵਿਕਾਰਾਂ ਤੋਂ ਮੁਕਤ ਹੁੰਦਾ ਹੈ। ਚੰਗੇ ਕਰਮ ਨੂੰ ਸਦਾਚਰਣ ਅਤੇ ਮਾੜੇ ਕਰਮ ਨੂੰ ਦੁਰਾਚਰਣ ਕਿਹਾ ਗਿਆ ਹੈ। ਸਾਰੀ ਗੁਰਬਾਣੀ ਵਿਚ ਮਾੜੇ ਕਰਮਾਂ ਤੋਂ ਮਨੁੱਖ ਨੂੰ ਵਰਜਿਆ ਗਿਆ ਹੈ।'[17] ਫਿਰ 'ਸੰਤੋਖ' ਬਾਰੇ ਵਿਚਾਰ ਪੇਸ਼ ਕਰਦਿਆਂ ਕਹਿੰਦੇ ਹਨ ਕਿ 'ਮਨੁੱਖ ਦਾ ਅਧਿਆਤਮਿਕ ਕਲਿਆਣ ਸੰਤੋਖ ਦੁਆਰਾ ਸੰਭਵ ਹੈ ਅਤੇ ਸੰਤੋਖ ਦੁਆਰਾ ਉਹ ਸਦਾਚਾਰੀ ਹੋ ਕੇ ਉਜਲੇ ਸਮਾਜ ਦੀ ਸਿਰਜਨਾ ਕਰਦਾ ਹੈ। ਇਸ ਦੁਆਰਾ ਹੀ ਪੰਜ ਵਿਕਾਰਾਂ ਨੂੰ ਨੱਥ ਪਾਈ ਜਾਈ ਸਕਦੀ ਹੈ ਅਤੇ ਮਮਤਾ ਦੇ ਅੰਤ ਨਾਲ ਮਨੁੱਖ ਹਰਿ-ਪ੍ਰਾਪਤੀ-ਪਥ ਉਤੇ ਸੰਤੁਲਿਤ ਢੰਗ ਨਾਲ ਅਗੇ ਵਧ ਸਕਦਾ ਹੈ।' [18]

'ਵੀਚਾਰ' ਬਾਰੇ ਡਾ. ਜੱਗੀ ਕਹਿੰਦੇ ਹਨ ਕਿ 'ਵਿਚਾਰ ਤੋਂ ਭਾਵ ਵਿਵੇਕ, ਯਥਾਰਥ ਗਿਆਨ। ਗੁਰਬਾਣੀ ਆਸਥਾ ਪ੍ਰਧਾਨ ਭਗਤੀ ਕਾਵਿ ਹੁੰਦਾ ਹੋਇਆ ਵੀ ਗਿਆਨ ਨੂੰ ਬਹੁਤਾ ਮਾਨਤਾ ਪ੍ਰਦਾਨ ਕਰਦੀ ਹੈ। ਇਸ ਵਿਚ ਸਮਰਪਣ ਦੀ ਭਾਵਨਾ ਵਿਵੇਕ-ਪੂਰਣ ਹੈ। ਗੁਰਬਾਣੀ ਵਿਚ ਗਿਆਨ ਅਧਿਆਤਮਿਕ ਗਿਆਨ ਜਾਂ ਭੀਤਰੀ ਗਿਆਨ ਦਾ ਵਾਚਕ ਹੈ।'[19]

ਡਾ. ਜੱਗੀ ਨੇ ਨੀਝ, ਧਿਆਨ ਅਤੇ ਦੀਰਘ ਦ੍ਰਿਸ਼ਟੀ ਨਾਲ ਕੀਤੇ ਗੁਰਬਾਣੀ ਅਧਿਐਨ ਦੇ ਫਲਸਰੂਪ ਇਕ ਦਾਰਸ਼ਨਿਕ ਬਿਰਤੀ ਨਾਲ ਨਵੇਂ ਨਿਖੇੜੇ, ਨਵੇਂ ਸਿੱਟੇ ਅਤੇ ਨਵੇਂ ਤੱਥ ਉਘਾੜੇ ਹਨ। ਕੁਝ ਕੁ ਦ੍ਰਿਸ਼ਟਾਂਤ ਦ੍ਰਿਸ਼ਟੀ-ਗੋਚਰ ਕਰਨੇ ਯੋਗ ਹੋਣਗੇ। ਡਾ. ਜੱਗੀ ਦਾ ਕੰਮ

[17] *ਉਹੀ,* ਪੰ.199.

[18] *ਉਹੀ,* ਪੰ. 202.

[19] ਉਹੀ, ਪੰ. 202-3.

ਮੱਖੀ ਤੇ ਮੱਖੀ ਮਾਰਨਾ ਨਹੀਂ ਸੀ ਬਲਕਿ ਉਨ੍ਹਾਂ ਦਾ ਮਕਸਦ ਸੀ ਕਿ ਪਾਠਕਾਂ ਨੂੰ ਵੱਧ ਤੋਂ ਵੱਧ ਨਿੱਗਰ ਵਸਤੂ ਦਿਤੀ ਜਾਵੇ। ਗੁਰੂ ਰਾਮਦਾਸ ਜੀ ਦੀ ਬਾਣੀ ਬਾਰੇ ਆਪਣਾ ਦ੍ਰਿਸ਼ਟੀਕੋਣ ਪੇਸ਼ ਕਰਦਿਆਂ ਪ੍ਰੋ. ਸਾਹਿਬ ਸਿੰਘ ਨੇ ਗੁਰੂ ਰਾਮਦਾਸ ਜੀ ਦੀ ਬਾਣੀ ਦੇ ਕਈ ਉਦਾਹਰਣ ਪੇਸ਼ ਕਰਕੇ ਪਹਿਲਾਂ ਤਿੰਨ ਗੁਰੂਆਂ ਦੀ ਬਾਣੀ ਨਾਲ ਸਮਾਨਤਾ ਦਰਸਾਈ ਹੈ। ਉਨ੍ਹਾਂ ਨੇ ਆਪਣੇ ਇਸ ਕਥਨ ਦੀ ਪੁਸ਼ਟੀ ਗੁਰੂ ਰਾਮਦਾਸ ਅਤੇ ਗੁਰੂ ਨਾਨਕ ਸਾਹਿਬ ਦੇ ਛੰਤ ਪੇਸ਼ ਕਰ ਕੇ ਕੀਤੀ ਹੈ।

ਮ: ੧ : ਮੇਰੇ ਜੀਅੜਿਆ ਪਰਦੇਸੀਆ, ਕਿਤੁ ਪਵਹਿ ਜੰਜਾਲੇ ਰਾਮ॥[20]

ਮ: ੪ ਘਰ ੫ : ਮੇਰੇ ਮਨ ਪਰਦੇਸੀ ਵੇ ਪਿਆਰੇ, ਆਉ ਘਰੇ॥[21]

ਪ੍ਰੋ. ਸਾਹਿਬ ਸਿੰਘ ਦੇ ਮਤਿ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ ਪਿਆਰਾ ਸਿੰਘ ਪਦਮ ਦਸਦੇ ਹਨ ਕਿ 'ਪਹਿਲੇ ਗੁਰੂ ਵਲੋਂ ਇਕਤਰ ਕੀਤੀ ਬਾਣੀ ਦੂਜੇ, ਤੀਜੇ, ਚੌਥੇ ਤੇ ਪੰਜਵੇਂ ਗੁਰੂ ਤਕ ਵਾਰੀ ਸਿਰ ਗੁਰਿਆਈ ਦੇ ਨਾਲ-ਨਾਲ ਹੀ ਅੰਗ-ਸੰਗ ਦਿਤੀ ਜਾਂਦੀ ਰਹੀ ਤੇ ਇਸ ਵਿਚ ਭਗਤ-ਬਾਣੀ ਦਾ ਸੰਚਯ ਵੀ ਸ਼ਾਮਲ ਸੀ।'[22]

ਉਪਰੋਕਤ ਦੋਵਾਂ ਵਿਦਵਾਨਾਂ ਨਾਲ ਅਸਹਿਮਤੀ ਪ੍ਰਗਟ ਕਰਦੇ ਹੋਏ ਡਾ. ਜੱਗੀ ਦਾ ਵਿਚਾਰ ਹੈ ਕਿ 'ਪਹਿਲੇ ਤਿੰਨ ਗੁਰੂਆਂ ਦੀਆਂ ਬਾਣੀਆਂ ਦੀ ਜਿਤਨੀ ਪਰਸਪਰ ਸਾਂਝ ਹੈ, ਉਹ ਗੁਰੂ ਰਾਮਦਾਸ ਜੀ ਦੀ ਬਾਣੀ ਨਾਲ ਨਹੀਂ ਹੈ। ਬਾਣੀਆਂ ਦੀ ਸਮਾਨਤਾ ਦੇ ਉਦਾਹਰਣਾਂ ਵਿਚ ਤੱਥ ਅਨੁਕੂਲਤਾ ਇਤਨੀ ਨਹੀਂ ਜਿਤਨੀ ਪਹਿਲੇ ਤਿੰਨ ਗੁਰੂਆਂ ਦੀਆਂ ਬਾਣੀਆਂ ਦੇ ਉਦਾਹਰਣਾਂ

---

[20] *ਸ਼ਬਦਾਰਥ,* ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 439.

[21] *ਉਹੀ,* ਪੰ. 451.

[22] *ਸ੍ਰੀ ਗੁਰੂ ਗ੍ਰੰਥ ਪ੍ਰਕਾਸ਼,* ਪੰ.37.

ਵਿਚ ਹੈ, ਨਾ ਹੀ ਗੁਰੂ ਰਾਮਦਾਸ ਨੇ ਕੇਵਲ ਉਹੀ ਰਾਗ ਅਪਨਾਏ ਹਨ, ਜਿਨ੍ਹਾਂ ਨੂੰ ਪੂਰਵਵਰਤੀ ਗੁਰੂ ਅਪਨਾ ਚੁਕੇ ਸਨ। ਉਦਾਹਰਣ ਵਜੋਂ ਗੁਰੂ ਰਾਮਦਾਸ ਨੇ ਪਹਿਲੇ ਗੁਰੂਆਂ ਤੋਂ ਇਲਾਵਾ ਦੇਵ ਗੰਧਾਰੀ, ਜੈਤਸਿਰੀ, ਟੋਡੀ, ਬੈਰਾੜੀ, ਨਟ ਨਾਰਾਇਣ, ਮਾਲੀ ਗਉੜਾ, ਗੋਂਡ, ਕਾਨੜਾ, ਕਲਿਆਣ ਆਦਿ ਰਾਗ ਵਰਤੇ ਹਨ। ਅਜਿਹੇ ਤੱਥਾਂ ਦੇ ਪ੍ਰਕਾਸ਼ ਵਿਚ ਗੁਰੂ ਰਾਮਦਾਸ ਪਾਸ ਪੂਰਬ-ਵਰਤੀ ਤਿੰਨੇ ਗੁਰੂਆਂ ਦੀ ਬਾਣੀ ਦੇ ਨਾ ਪਹੁੰਚਣ ਜਾ ਨਾ ਉਪਲਬਧ ਹੋਣ ਸੰਬੰਧੀ ਸੰਸੇ ਦੀ ਭਾਵਨਾ ਸਥਿਰ ਹੁੰਦੀ ਹੈ। ਉਨ੍ਹਾਂ ਨੇ ਅੱਗੇ ਚਲ ਕੇ ਹੋਰ ਸਪਸ਼ਟ ਕੀਤਾ ਕਿ ਗੁਰੂ ਰਾਮਦਾਸ ਤਕ ਬਾਣੀ ਨਾ ਪਹੁੰਚਣ ਦਾ ਕਾਰਣ 'ਪਰਿਵਾਰਿਕ ਦਵੈਸ਼' ਜਾਂ ਕਿਸੇ ਹੋਰ ਕਾਰਣ ਸੀ। ਜਿਸ ਕਰਕੇ ਉਹ ਬਾਣੀ ਗੁਰੂ ਰਾਮਦਾਸ ਤਕ ਨਾ ਪਹੁੰਚ ਸਕੀ ਅਤੇ ਉਨ੍ਹਾਂ ਨੂੰ ਕਿਸੇ ਤਰ੍ਹਾਂ ਬਾਬਾ ਮੋਹਨ, ਜੋ ਗੁਰੂ ਅਮਰਦਾਸ ਦੇ ਪੁਤਰ ਸਨ ਨੇ, ਹਥਿਆ ਲਿਆ, ਗੁਰੂ ਰਾਮਦਾਸ ਨੇ ਕੇਵਲ ਆਪਣੀ ਬਾਣੀ ਹੀ ਆਪਣੇ ਸਪੁਤਰ ਗੁਰੁ ਅਰਜਨ ਨੂੰ ਗੁਰਗੱਦੀ ਵੇਲੇ ਦਿਤੀ ਹੋਵੇਗੀ। ਇਸ ਤਰ੍ਹਾਂ ਇਹ ਸਾਰੀ ਬਾਣੀ ਗੁਰੂ ਅਰਜਨ ਸਾਹਿਬ ਤੱਕ ਪਹੁੰਚ ਗਈ।'[23] 'ਗੁਰੂ ਗ੍ਰੰਥ ਸਾਹਿਬ' ਵਿਚ 'ਮੋਹਨ' ਸ਼ਬਦ ਦੀ ਵਰਤੋਂ ਤੇ ਭ੍ਰਾਂਤੀ ਪ੍ਰਗਟ ਕਰਦਿਆਂ ਪ੍ਰੋ. ਸਾਹਿਬ ਸਿੰਘ ਦੇ ਵਿਚਾਰ ਹਨ ਕਿ ਲਫ਼ਜ 'ਮੋਹਨ' ਇਸ ਸ਼ਬਦ ਵਿਚ ਪ੍ਰਮਾਤਮਾ ਵਾਸਤੇ ਵਰਤਿਆ ਹੈ। ਪ੍ਰਮਾਤਮਾ ਨੂੰ ਹੀ ਵੱਡੇ ਪਰਵਾਰ ਵਾਲਾ ਆਖਿਆ ਹੈ ਤੇ 'ਜਹਾਨ' ਨੂੰ ਤਾਰਨ ਵਾਲਾ ਆਖਿਆ ਹੈ।'[24] ਪਰ ਪ੍ਰੋ. ਸਾਹਿਬ ਸਿੰਘ ਦੇ ਇਸ ਕਥਨ ਨਾਲ ਡਾ. ਜੱਗੀ ਨੇ ਅਸਹਿਮਤੀ ਪ੍ਰਗਟ ਕਰਦਿਆਂ ਕਿਹਾ ਹੈ ਕਿ

---

[23] *ਗੁਰੂ ਨਾਨਕ ਬਾਣੀ,* ਪੰ. 12-3.

[24] *ਆਦਿ ਬੀੜ ਬਾਰੇ,* ਪੰ.-83.

'ਇਸ ਸ਼ਬਦ  ਸਪੱਸ਼ਟ ਤੇ ਨਿਰਵਿਵਾਦ ਸੰਬੰਧ ਬਾਬਾ ਮੋਹਨ ਨਾਲ ਬੈਠਦਾ ਹੈ।'[25] ਗੁਰਬਾਣੀ ਵਿਚ ਕਿਤੇ-ਕਿਤੇ ਭਾਵੇਂ ਅਨਮੱਤ ਦੇ ਧਾਂਤਾਂ ਦੀ ਝਲਕ ਜਿਹੀ ਪੈਂਦੀ ਹੈ ਪਰ ਬੁਨਿਆਦੀ ਤੌਰ ਤੇ ਗੁਰਮਤਿ ਦੀ ਆਪਣੀ ਮੌਲਿਕ ਵਿਚਾਰ-ਸ਼ੈਲੀ ਅਤੇ ਵਿਚਾਰਧਾਰਾ ਹੈ। ਲੇਖਕ ਲਈ ਇਸ ਵਿਚਾਰਧਾਰਾ ਦਾ ਨਿਵੇਕਲਾ ਸਰੂਪ ਨਿਰਧਾਰਤ ਕਰਨ ਲੱਗਿਆਂ ਸਮੁੱਚੇ ਗੁਰਮਤਿ ਸਿਧਾਂਤ ਦੀ ਵਿਆਪਕ ਇਕਸਾਰਤਾ ਨੂੰ ਸਾਹਮਣੇ ਰਖਣਾ ਅਤਿ ਦਾ ਜਰੂਰੀ ਹੈ। ਲਗਪਗ ਹਰ ਮੌਲਿਕ ਧਾਰਮਿਕ ਸਿਧਾਂਤ ਵਿਚ ਕੁਝ ਸਮੇਂ ਬਾਅਦ ਅਨਧਰਮੀ ਅਸਰਾਂ ਨਾਲ ਰਲਗੱਡ ਹੋ ਜਾਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਗੁਰਮਤਿ ਸਿਧਾਂਤਾਂ ਦੀ ਵਿਆਖਿਆ ਵਿਚ ਵੀ ਅਜਿਹਾ ਮਿਸ਼ਰਣ ਹੋਇਆ ਮਿਲਦਾ ਹੈ।

ਵੇਦਾਂਤ ਬ੍ਰਾਹਮਣਵਾਦ ਦੇ ਅਸਰ ਤੋਂ ਬਚਾਉਣ ਲਈ ਗੁਰਮਤਿ ਸਿਧਾਂਤਾਂ ਨੂੰ ਅਜਿਹੀ ਰਲਗੱਡ ਤੋਂ ਨਿਖੇੜਨਾ ਲਾਜ਼ਮੀ ਹੈ। ਕੋਈ ਵੀ ਕੌਮ ਜਦੋਂ ਆਪਣੇ ਧਾਰਮਿਕ ਸਿਧਾਂਤਾਂ ਤੋਂ ਦੂਰ ਹੁੰਦੀ ਹੈ ਤਾਂ ਉਹ ਪਤਨ ਵੱਲ ਚਲੀ ਜਾਂਦੀ ਹੈ। ਇਸ ਲਈ ਇਸ ਪਖੋਂ ਵੀ ਗੁਰਮਤਿ ਸਿਧਾਂਤਾਂ ਦੀ ਪੁਨਰ ਵਿਵੇਚਨਾ ਬਹੁਤ ਜ਼ਰੂਰੀ ਹੈ। ਇਸ ਤੋਂ ਇਲਾਵਾ ਪੁਨਰ-ਵਿਆਖਿਆ ਦਾ ਮੁਹਾਵਰਾ ਸਮੇਂ ਅਤੇ ਸਥਾਨ ਦੀਆਂ ਹੱਦਾਂ ਹੀ ਮਿਥਦੀਆਂ ਹਨ। ਅਜੋਕੇ ਸਮੇਂ ਵਿਚ ਸਿੱਖ ਕੌਮ ਦੁਨੀਆਂ ਦੇ ਹਰ ਕੋਨੇ ਵਿਚ ਪਸਰੀ ਹੋਈ ਹੈ। ਇਸ ਕਰਕੇ ਗੁਰਮਤਿ ਸਿਧਾਂਤਾਂ ਦੀ ਪੁਨਰ ਵਿਆਖਿਆ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ। ਇਉਂ ਅਜੋਕੇ ਸਮੇਂ ਵਿਚ ਇਹ ਉਚੇਚੀ ਨਵ-ਜਾਗ੍ਰਿਤੀ ਦੀ ਮੰਗ ਕਰਦੀ ਹੈ। ਡਾ. ਜੱਗੀ ਨੇ ਨਵ-ਜਾਗ੍ਰਣ ਪ੍ਰਤਿ ਸੁਚੇਤ ਹੋ ਕੇ ਪੁਨਰ-ਵਿਵੇਚਨ

---

[25] *ਗੁਰੂ ਨਾਨਕ ਬਾਣੀ*, ਪੰ. 12.

ਦੀ ਸੇਧ ਨੂੰ ਨਿਰਧਾਰਤ ਕਰਨ ਦਾ ਯਤਨ ਕੀਤਾ ਹੈ।

ਗੁਰਮਤਿ ਸਿਧਾਂਤਾਂ ਦਾ ਮੂਲ ਸਰੋਤ ਸਿੱਖ ਧਰਮ ਦੇ ਧਾਰਮਿਕ ਗ੍ਰੰਥ ਹਨ। ਜਿਨ੍ਹਾਂ ਵਿਚ ਸਰਬੋਤਮ ਦਰਜਾ 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਦਾ ਹੈ। ਇਸ ਤੋਂ ਇਲਾਵਾ *ਦਸਮ ਗ੍ਰੰਥ* ਦੀ ਵੀ ਵਿਸ਼ੇਸ਼ ਮਹੱਤਤਾ ਹੈ। *ਦਸਮ ਗ੍ਰੰਥ* ਇਤਿਹਾਸ ਦੇ ਖੋਜੀਆਂ ਅਤੇ ਸਿੱਖ ਧਰਮ ਨਾਲ ਜੁੜੇ ਸ਼ਰਧਾਲੂਆਂ ਲਈ ਚਿਰਾਂ ਤੋਂ ਵਾਦ-ਵਿਵਾਦ ਦਾ ਵਿਸ਼ਾ ਰਿਹਾ ਹੈ। ਗੁਰਮਤਿ ਸਾਹਿਤ ਦੇ ਖੇਤਰ ਵਿਚ ਡਾ. ਜੱਗੀ ਉਹ ਨਾਮਵਰ ਲੇਖਕ ਹਨ ਜਿਨ੍ਹਾਂ ਨੇ *ਦਸਮ ਗ੍ਰੰਥ* ਬਾਰੇ ਗਿਆਨ ਭਰਪੂਰ ਖੋਜਾਂ ਕੀਤੀਆਂ ਅਤੇ ਇਸ ਰਚਨਾ ਸੰਬੰਧੀ ਲਗਪਗ ਸਾਰੀਆਂ ਸਮੱਸਿਆਵਾਂ ਦਾ ਨਿਖੇੜਾ ਕਰਨ ਦਾ ਯਤਨ ਕੀਤਾ ਹੈ। ਡਾ. ਜੱਗੀ ਨੇ *ਦਸਮ ਗ੍ਰੰਥ ਦਾ ਕਰਤ੍ਰਿਤਵ ਵਿਚ* ਦੋਹਾਂ ਪੱਖਾਂ ਦੀਆਂ ਦਲੀਲਾਂ ਦੇ ਕੇ ਚੰਗੀ ਤਰ੍ਹਾਂ ਵਿਚਾਰ ਕਰਕੇ ਨਿਰਣਾ ਦਿਤਾ। ਜਿਵੇਂ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਅਕਾਲ ਪੁਰਖ ਨੂੰ ਕੇਵਲ 'ਨਾਮ' ਦੇ ਰੂਪ ਵਿਚ ਸਿਮਰਿਆ ਗਿਆ ਹੈ, ਪਰ ਇਸ ਗ੍ਰੰਥ ਵਿਚ ਸ਼ਸਤਰਾਂ ਦੇ ਰੂਪ ਵਿਚ ਵੀ ਆਰਾਧਿਆ ਗਿਆ ਹੈ। ਇਸ ਤਰ੍ਹਾਂ ਦੇ ਸਿਧਾਂਤਕ ਪਹਿਲੂਆਂ ਵਿਚ ਪਏ ਵਖਰੇਵਿਆਂ ਬਾਰੇ ਪਹਿਲੇ ਵਿਆਖਿਆਕਾਰਾਂ ਨੇ ਘੱਟ ਧਿਆਨ ਦਿੱਤਾ ਪਰ ਡਾ. ਜੱਗੀ ਨੇ ਇਸ ਤਰ੍ਹਾਂ ਦੇ ਮਸਲੇ ਬਹੁਤ ਡੂੰਘੀ ਖੋਜ ਕਰਕੇ ਬੜੀ ਗੰਭੀਰਤਾ ਨਾਲ ਨਿਰਣੇ ਪੇਸ਼ ਕੀਤੇ ਹਨ। ਬੁਨਿਆਦੀ ਤੌਰ ਤੇ ਕਿਸੇ ਵੀ ਰਿਸਰਚ ਸਕਾਲਰ ਦੁਆਰਾ ਲਿਖਿਆ ਗਿਆ ਖੋਜ-ਪ੍ਰਬੰਧ ਅਖੀਰ ਨਹੀਂ ਹੁੰਦਾ। ਸਗੋਂ ਉਹ ਹੋਰ ਮਿਹਨਤ ਕਰਕੇ ਅਗਲੀਆਂ ਪੁਲਾਂਘਾਂ ਪੁਟਦਾ ਹੈ। ਡਾ. ਜੱਗੀ *ਦਸਮ ਗ੍ਰੰਥ* ਪਰ ਭਰਪੂਰ ਖੋਜ ਕਰਨ ਅਤੇ ਲਿਖਣ ਪ੍ਰਤਿ ਸੁਚੇਤ ਹਨ। ਕਿਉਂਕਿ ਉਨ੍ਹਾਂ ਨੇ ਇਸ ਵਿਸ਼ੇ-ਵਸਤੂ ਬਾਰੇ ਬਹੁਤ ਡੂੰਘਾ ਅਧਿਐਨ ਕੀਤਾ। *ਦਸਮ*

*ਗ੍ਰੰਥ* ਬਾਰੇ ਜ਼ਰੂਰੀ ਜਾਣਕਾਰੀ *ਦਸਮ ਗ੍ਰੰਥ ਦਾ ਪੌਰਾਣਿਕ ਅਧਿਐਨ* ਪੁਸਤਕ ਵਿਚ ਦਿੱਤੀ ਗਈ ਹੈ। ਡਾ. ਜੱਗੀ ਨੇ ਆਪਣੇ ਖੋਜ-ਪ੍ਰਬੰਧ ਵਿਚ ਇਸ ਗ੍ਰੰਥ ਦੀ ਬਾਣੀ ਬਾਰੇ ਵੀ ਸਵਿਸਥਾਰ ਚਰਚਾ ਕੀਤੀ ਹੈ। ਅਜਿਹਾ ਕਰਨ ਕਰਕੇ ਉਨ੍ਹਾਂ ਨੂੰ ਆਪਣੇ ਜੀਵਨ ਵਿਚ ਬਹੁਤ ਔਕੜਾਂ ਦਾ ਸਾਹਮਣਾ ਕਰਨਾ ਪਿਆ। ਪਰ ਜਿਸ ਸਿਧਾਂਤ ਤੇ ਉਹ ਡਟ ਗਏ ਉਸ ਸਿਧਾਂਤ ਤੇ ਉਹ ਅੱਜ ਤਕ ਕਾਇਮ ਹਨ। ਉਨ੍ਹਾਂ ਦੇ ਜੀਵਨ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਉਨ੍ਹਾਂ ਦੀ ਦ੍ਰਿੜ੍ਹਤਾ ਹੈ। ਇਸ ਦ੍ਰਿੜ੍ਹਤਾ ਦੀ ਝਲਕ ਉਨ੍ਹਾਂ ਦੇ ਆਚਾਰ, ਵਿਸ਼ਵਾਸਾਂ ਅਤੇ ਉਨ੍ਹਾਂ ਦੇ ਸਮੁੱਚੇ ਜੀਵਨ ਵਿਚ ਦਿਖਾਈ ਦਿੰਦੀ ਹੈ। ਭਾਵੇਂ ਉਹ ਕਿਸੇ ਵੀ ਵੱਡੇ ਤੋਂ ਵੱਡੇ ਪਰਿਵਾਰਕ ਸੰਕਟ ਵਿਚੋਂ ਲੰਘ ਰਹੇ ਹੋਣ, ਉਨ੍ਹਾਂ ਦੀ ਆਤਮਿਕ ਦ੍ਰਿੜਤਾ ਨੂੰ ਕੋਈ ਡੁਲਾ ਨਹੀਂ ਸਕਿਆ।

*ਜਨਮਸਾਖੀਆਂ* ਵਿਚ ਵੀ ਕਾਫ਼ੀ ਕੁਝ ਇਸ ਤਰ੍ਹਾਂ ਦਾ ਹੈ ਜੋ ਕਿ ਗੁਰਮਤਿ ਦੀ ਕਸੌਟੀ ਤੇ ਪੂਰਾ ਨਹੀਂ ਉਤਰਦਾ। ਇਨ੍ਹਾਂ ਵਿਚ ਕਈ ਪੰਕਤੀਆਂ ਇਸ ਤਰ੍ਹਾਂ ਦੀਆਂ ਹਨ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ ਹਨ। ਇਨ੍ਹਾਂ ਦੀ ਸ਼ੈਲੀ ਵੀ ਗੁਰਬਾਣੀ ਤੋਂ ਵੱਖਰੀ ਹੈ। *ਜਨਮਸਾਖੀਆਂ* ਵਿਚ ਅਨੇਕਾਂ ਮਨਘੜਤ ਸਾਖੀਆਂ ਦਾ ਵੀ ਉਲੇਖ ਹੋਇਆ ਹੈ ਜੋ ਕਿ ਗੁਰਬਾਣੀ ਦੀ ਸਿਧਾਂਤਕ ਮਹੱਤਤਾ ਤੇ ਖਰੀਆਂ ਨਹੀਂ ਉਤਰਦੀਆਂ। ਡਾ. ਜੱਗੀ ਕਹਿੰਦੇ ਹਨ ਕਿ ਗੁਰਮਤਿ ਦੇ ਸਿਧਾਂਤਾਂ ਦੀ ਵਿਧੀਵਤ ਵਿਆਖਿਆ ਉਚਿਤ ਜੁਗਤ ਦੁਆਰਾ ਹੀ ਹੋ ਸਕਦੀ ਹੈ। ਸਿਧਾਂਤ ਨਿਰਧਾਰਣ ਲਈ ਪਹਿਲਾ ਕਦਮ ਇਹ ਹੋਣਾ ਚਾਹੀਦਾ ਹੈ ਕਿ ਵਿਸ਼ਾ ਸੰਬੰਧਿਤ ਬਾਣੀ ਦੀਆਂ ਪੰਕਤੀਆਂ ਨੂੰ ਘੋਖ ਕੇ ਇਕੱਠਿਆਂ ਕੀਤਾ ਜਾਵੇ। ਜੇ ਇਸ ਗੱਲ ਦਾ ਖਿਆਲ ਨਾ ਰੱਖਿਆ ਗਿਆ ਤਾਂ ਹੋ ਸਕਦਾ ਹੈ ਕਿ ਤਾਂ ਇਹ ਵਿਚਾਰ ਸਿਧਾਂਤ ਨਿਰਧਾਰਨ ਨਾਲ ਟਕਰਾਏਗਾ, ਜੋ ਫਿਰ ਪੁਨਰ-ਵਿਚਾਰ ਦੀ

ਮੰਗ ਕਰਦਾ ਹੈ। ਡਾ. ਜੱਗੀ ਨੇ ਉਭਰਦੀਆਂ ਗੁੰਝਲਾਂ ਦੇ ਸਹੀ ਹੱਲ ਲਈ ਪ੍ਰਾਪਤ ਗ੍ਰੰਥਾਂ ਦਾ ਅਧਿਐਨ ਕੀਤਾ, ਗੁਰਬਾਣੀ ਦਾ ਵਿਚਾਰਾਤਮਕ ਵਿਸ਼ਲੇਸ਼ਣ ਅਰੰਭਿਆ ਅਤੇ ਉਹ ਇਸ ਨਿਰਣੇ ’ਤੇ ਪੁੱਜੇ ਕਿ ਸਭ ਮੁਸ਼ਕਿਲਾਂ ਦਾ ਹੱਲ ਗੁਰਬਾਣੀ ਹੈ। ਗੁਰਬਾਣੀ ਦੀ ਅਗਵਾਈ ਵਿਚੋਂ ਹਰ ਪੁੱਛ ਦਾ ਹੱਲ ਲੱਭਣਾ ਸਿੱਖੀ ਦਾ ਮਾਰਗ ਹੈ। ਡਾ. ਜੱਗੀ ਨੇ ਮਿਥਿਹਾਸਕ ਜਗਤ ਵਿਚੋਂ ਕਥਾਵਾਂ ਦਾ ਆਸਰਾ ਲੈ ਕੇ ਡੂੰਘੇ ਭੇਦਾਂ ਨੂੰ ਖੋਲ੍ਹਣ ਦਾ ਯਤਨ ਕੀਤਾ ਹੈ। ਇਸ ਰਚਨਾ ਦੁਆਰਾ ਉਨ੍ਹਾਂ ਵਲੋਂ ਸਿੱਖ ਧਰਮ ਨਾਲ ਸੰਬੰਧਿਤ ਇਕ ਜਟਿਲ ਸਮੱਸਿਆ ਦਾ ਸਮਾਧਾਨ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਰਚਨਾ ਲਈ ਆਪ ਵਲੋਂ ਕੀਤੀ ਖੋਜ ਕਰਕੇ ਕਈ ਵਿਦਵਾਨਾਂ ਵਲੋਂ ਪ੍ਰਸੰਸਾ ਵੀ ਕੀਤੀ ਗਈ। ਜਿਵੇਂ ਗੁਰਬਾਣੀ ਵਿਚ ਦਰਜ ਮਿਥਾਂ ਵਿਚਲੇ ਦੇਵੀ ਦੇਵਤਿਆਂ, ਰਿਸ਼ੀਆਂ, ਮੁਨੀਆਂ, ਅਵਤਾਰਾਂ ਪ੍ਰਤਿ ਹੋਰ ਨਕਾਰਾਤਮਕ ਹਵਾਲੇ ਇਸ ਪ੍ਰਕਾਰ ਹਨ:

*ਦਸ ਅਉਤਾਰ ਰਾਜੇ ਹੋਇ ਵਰਤੇ ਮਹਾਦੇਵ ਅਉਧੂਤਾ॥*

*ਤਿਨ੍ਹ ਭੀ ਅੰਤੁ ਨ ਪਾਇਓ ਤੇਰਾ ਲਾਇ ਥਕੇ ਬਿਭੂਤਾ॥*[26]

*ਬ੍ਰਹਮੈ ਗਰੁਬ ਕੀਆ ਨਹੀ ਜਾਨਿਆ॥ ਬੇਦ ਕੀ ਬਿਪਤਿ ਪੜੀ ਪਛੁਤਾਨਿਆ ॥*[27] ਕਈ ਅਜਿਹੇ ਕਥਨ ਵੀ ਮਿਲਦੇ ਹਨ ਜਿਨ੍ਹਾਂ ਵਿਚ ਉਸਤਤ ਕੀਤੀ ਗਈ ਹੈ। ਅਵਤਾਰ ਭਾਵਨਾ ਦੀ ਸਰਾਹਨਾ ਕੀਤੀ ਗਈ ਹੈ। ਵਿਸੇਸ਼ ਰੂਪ ਵਿਚ ਪ੍ਰੇਮ ਵੱਲ, ਪ੍ਰਭੂ ਦੀ ਭਗਤ-ਵੱਛਲਤਾ ਵਾਲੇ ਪ੍ਰਕਰਮਾਂ ਵਿਚ ।[28] ਧ੍ਰੂ, ਪ੍ਰਹਿਲਾਦ, ਦ੍ਰੋਪਦੀ, ਪੂਤਨਾ, ਰਾਮ, ਕ੍ਰਿਸ਼ਨ, ਬਾਵਨ, ਨਰਸਿੰਘ, ਮੱਛ,

---

[26] *ਸ਼ਬਦਾਰਥ,* ਸ੍ਰੀ ਗੁਰ ਗ੍ਰੰਥ ਸਾਹਿਬ, ਪੰ.747.

[27] *ਉਹੀ,*ਪੰ.224.

[28] ਡਾ.ਰਤਨ ਸਿੰਘ ਜੱਗੀ, *ਵਿਚਾਰਧਾਰਾ’,* ਪੰ.116.

ਕੱਛ ਤੇ ਵਰਾਹ ਆਦਿ ਅਵਤਾਰ ਰੂਪਾਂ ਵਿਚ ਦੈਤਾਂ ਦਾ ਸੰਘਾਰ ਕਰਨਾ, ਦੂਰ-ਵ੍ਰਿਤੀ ਦਾ ਦਮਨ, ਪ੍ਰਭੂ ਭਗਤਾਂ ਦੀ ਰਖਿਆ ਆਦਿ ਨੂੰ ਵਡਿਆਇਆ ਹੈ।

*ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥*

*ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦ ਤਰਾਇਆ॥*[29]

*ਰਾਮ ਕਰਿ ਕਿਰਪਾ ਲੇਹੁ ਉਬਾਰੇ॥*

*ਜਿਉ ਪਕਰਿ ਦ੍ਰੋਪਤੀ ਦੁਸਟਾਂ ਆਨੀ ਹਰਿ ਹਰਿ ਲਾਜ ਉਬਾਰੇ॥*[30]

ਉਹ ਕਹਿੰਦੇ ਹਨ ਕਿ ਬਾਣੀ ਵਿਚਲੇ ਮਿਥਕ ਸੰਕੇਤਾਂ/ਪ੍ਰਸੰਗਾਂ ਦਾ ਜੇਕਰ ਸਮੁੱਚੇ ਸੰਦਰਭ ਵਿਚ ਅਰਥ ਲੱਭਿਆ ਜਾਵੇ ਤਾਂ ਸਪਸ਼ਟ ਹੁੰਦਾ ਹੈ ਕਿ ਇਨ੍ਹਾਂ ਦਾ ਅਰਥ ਗੁਰਮਤਿ ਵਿਚ ਕਿਸੇ ਸਿਧਾਂਤ ਦੀ ਪ੍ਰੋੜ੍ਹਤਾ ਹਿਤ, ਸਮਰਥਨ ਵਿਚ ਢੁਕਾਇਆ ਗਿਆ ਹੈ।ਇਨ੍ਹਾਂ ਦਾ ਆਪਣਾ ਕੋਈ ਵਖਰਾ ਅਰਥ ਨਹੀਂ। ਇਸ ਪ੍ਰਤਿ ਵੱਖ-ਵੱਖ ਵਿਦਵਾਨਾਂ ਦੇ ਵੱਖੋ-ਵੱਖਰੇ ਵਿਚਾਰ ਹਨ ਜਿਵੇਂ ਕਿ ਪ੍ਰੋ. ਸ਼ੇਰ ਸਿੰਘ ਨੇ ਇਸ ਸੰਬੰਧ ਵਿਚ ਨਿਰਣਾ ਦਿੱਤਾ ਹੈ ਕਿ 'ਗੁਰੂ ਸਾਹਿਬ ਨੇ ਪੌਰਾਣਿਕ ਸਾਖੀਆਂ ਨੂੰ ਕਿਸੇ ਸਿਧਾਂਤ ਦੀ ਪੁਸ਼ਟੀ ਲਈ ਬਤੌਰ ਉਦਾਹਰਣ ਦੇ (ਭੀ) ਵਰਤਿਆ ਹੈ। ਗੁਰੂ ਸਾਹਿਬ ਜਿਸ ਧਰਮ ਦੇ ਬੰਦੇ ਨੂੰ ਉਪਦੇਸ਼ ਦਿੰਦੇ ਸਨ, ਉਸਨੂੰ ਉਸ ਦੇ ਖਿਆਲਾਂ ਅਨੁਸਾਰ ਪ੍ਰਮਾਨ ਦੇ ਕੇ ਅਸਲੀ ਸੱਚ ਦ੍ਰਿੜ੍ਹਾਂਦੇ ਸਨ। ਸਿਖਿਆ ਆਪਣੀ ਦੇਣੀ, ਪਰ ਸਪਸ਼ਟਤਾ ਤੇ ਪਕਿਆਈ ਵਾਸਤੇ ਉਸੇ ਆਦਮੀ ਦੇ ਨਿਸ਼ਚਿਆਂ ਤੇ ਪਦਾਰਥਾਂ ਨੂੰ ਵਰਤਣਾ।'[31] ਡਾ. ਜੱਗੀ ਦਾ

---

[29] *ਸ਼ਬਦਾਰਥ,* ਸ੍ਰੀ ਗੁਰੂ ਗ੍ਰੰਥ ਸਾਹਿਬ',ਪੰ.451.

[30] *ਉਹੀ* ,ਪੰ. 982.

[31] *ਗੁਰਮਤਿ ਦਰਸ਼ਨ,* ਪੰ. 106.

ਮੱਤ ਹੈ ਕਿ 'ਨਿਰਗੁਣਵਾਦੀ ਸੰਤਾਂ ਨੇ ਆਪਣੀਆਂ ਰਹੱਸਾਤਮਕ ਅਤੇ ਅਧਿਆਤਮਿਕ ਅਨੁਭੂਤੀਆਂ ਨੂੰ ਲੋਕਾਂ ਲਈ ਸਮਝਣਯੋਗ ਬਣਾਉਣ ਲਈ ਰਾਮ, ਕ੍ਰਿਸ਼ਨ ਆਦਿ ਅਵਤਾਰਾਂ ਦੇ ਪ੍ਰਤੀਕਾਂ ਦੇ ਮਾਧਿਅਮ ਦੁਆਰਾ ਪ੍ਰਗਟ ਕੀਤਾ ਹੈ। ਇਹ ਪ੍ਰਤੀਕ ਉਨ੍ਹਾਂ ਦੇ ਅਵਿਅਕਤ ਬ੍ਰਹਮ ਦੇ ਨਾਂ ਮਾਤਰ ਹਨ। ਉਨ੍ਹਾਂ ਨੂੰ ਪੁਰਾਣਾ ਵਿਚ ਵਰਣਿਤ ਅਵਤਾਰੀ ਲੀਲਾਵਾਂ ਵਿਚ ਕਿਸੇ ਕਿਸਮ ਦੀ ਸ਼ਰਧਾ ਨਹੀਂ ਹੈ। ਪਰ ਫਿਰ ਵੀ ਜਦ ਕਦੇ ਬ੍ਰਹਮ ਪ੍ਰਤਿ ਪ੍ਰੇਮ ਵਸ ਹੋ ਕੇ ਉਸ ਦੀ ਵਡਿਆਈ ਦਸਣ ਦੀ ਇੱਛਾ ਉਤਪੰਨ ਹੁੰਦੀ ਹੈ ਤਾਂ ਉਸਦੇ ਪ੍ਰਸਿੱਧ ਅਵਤਾਰੀ ਗੁਣਾਂ ਜਾਂ ਕਾਰਜਾਂ ਨੂੰ ਹੀ ਚੇਤੇ ਕਰ ਲੈਂਦੇ ਹਾਂ।[32]

ਡਾ. ਮੋਹਨ ਸਿੰਘ ਦੇ ਵਿਚਾਰ ਅਨੁਸਾਰ 'ਜਪੁ' ਜੀ ਇਕ ਵਾਰ ਹੈ।[33] ਆਪਣੇ ਵਿਚਾਰ ਦੀ ਪੁਸ਼ਟੀ ਲਈ ਉਹ ਤਰਕ ਪੇਸ਼ ਕਰਦੇ ਕਹਿੰਦੇ ਹਨ ਕਿ ਇਹ ਬਾਣੀ ਵਾਰ ਵਾਂਗ ਪਉੜੀਆਂ ਵਿਚ ਰਚੀ ਹੋਈ ਹੈ ਅਤੇ ਵਾਰ ਵਾਂਗ ਹੀ ਨਾਇਕ (ਪਰਮਾਤਮਾ) ਦੀ ਸਿਫਤ-ਸਲਾਹ ਕਰਦੀ ਹੈ। ਉਸ ਅਨੁਸਾਰ ਦੋਵੇਂ ਲੱਛਣ ਵਾਰ ਵਾਲੇ ਹਨ। ਉਨ੍ਹਾਂ ਦਾ ਦੂਜਾ ਤਰਕ ਇਹ ਹੈ ਕਿ 'ਜਪੁ' ਜੀ ਦੀਆਂ ਕੁਝ ਪਉੜੀਆਂ ਜਿਵੇਂ ਪਹਿਲੀ, ਦੂਜੀ, ਚੌਥੀ, ਬਾਈਵੀਂ, ਤੇਈਵੀਂ ਨਿਸ਼ਾਨੀ ਛੰਦ ਵਿਚ ਰਚੀਆਂ ਹੋਈਆਂ ਹਨ, ਜੋ ਕਿ ਵਾਰ ਦਾ ਛੰਦ ਹੈ। ਉਨ੍ਹਾਂ ਦਾ ਕਥਨ ਹੈ ਗੁਰਦੇਵ ਨੇ ਤਿੰਨ ਵਾਰਾਂ ਲਿਖੀਆਂ ਹਨ:-ਰਾਗ ਮਾਝ, ਰਾਗ ਆਸਾ ਤੇ ਰਾਗ ਮਲਾਰ ਇਨ੍ਹਾਂ ਵਾਰਾਂ ਵਿਚ ਸਲੋਕ ਤੇ ਪਉੜੀਆਂ ਹਨ, ਪਰ ਇਹਨਾਂ ਤੋਂ ਛੁਟ ਵੀ, ਸਿਰੀਰਾਗ ਵਿਚ, ਰਾਗ ਸਾਰੰਗ ਵਿਚ, ਰਾਗ

---

[32] *ਵਿਚਾਰਧਾਰਾ,* ਪੰਨੇ 14-15.

[33] *ਪੰਜਾਬੀ ਭਾਸ਼ਾ-ਵਿਗਿਆਨ ਤੇ ਗੁਰਮਤਿ ਗਿਆਨ,* ਪੰ.6.

ਮਲਾਰ ਵਿਚ ਪਉੜੀਆਂ ਹਨ। 'ਜਪੁ' ਦੀਆਂ ਪਉੜੀਆਂ ਦੇ ਰੂਪ ਇਹਨਾਂ ਵਾਰਾਂ ਤੇ ਰਾਗਾਂ ਵਿਚਲੀਆਂ ਪਉੜੀਆਂ ਨਾਲ ਮਿਲਦੇ ਹਨ ।'[34] ਡਾ. ਹਰਨਾਮ ਸਿੰਘ ਸ਼ਾਨ ਨੇ 'ਜਪੁ' ਜੀ ਨੂੰ ਪ੍ਰਬੰਧ-ਕਾਵਿ ਮੰਨਦੇ ਹੋਏ ਇਹ ਦਲੀਲ ਪੇਸ਼ ਕੀਤੀ ਹੈ ਕਿ ਇਸਦੀਆਂ ਅਠੱਤੀ ਪਉੜੀਆਂ ਤੇ ਦੋਵੇਂ ਸਲੋਕ ਇਕੋ ਕੇਂਦਰੀ ਵਿਚਾਰ ਨਾਲ ਬੱਝੇ ਹੋਏ ਹਨ,ਅਤੇ ਇਹ ਕੇਂਦਰੀ ਖਿਆਲ 'ਸੱਚ' ਦਾ ਸਰੂਪ ਉਲੀਕਣ ਤੇ 'ਸਚਿਆਰ' ਬਣਨ ਦਾ ਮਾਰਗ ਦੱਸਣ ਨਾਲ ਸੰਬੰਧਿਤ ਹੈ।'[35] ਡਾ. ਸ਼ਾਨ ਅਨੁਸਾਰ ਮੂਲ-ਮੰਤਰ ਦੇ ਮੁਢਲੇ ਸਲੋਕ ਰਾਹੀਂ ਇਸ ਵਿਚਾਰ ਵੱਲ ਸੰਕੇਤ ਕਰਕੇ ਅਠੱਤੀਵੀਂ ਪਉੜੀ ਵਿਚ ਇਸ ਵਿਚਾਰ ਦੀ ਕਲਾ ਪੂਰਣ ਢੰਗ ਨਾਲ ਵਿਆਖਿਆ ਕੀਤੀ ਗਈ ਹੈ ਅਤੇ ਅੰਤਲੇ ਸਲੋਕ ਵਿਚ ਇਸ ਸਾਰੇ ਵਿਚਾਰ ਨੂੰ ਸੁਚੱਜੇ ਢੰਗ ਨਾਲ ਸਮੇਟ ਦਿੱਤਾ ਹੈ। ਇਸ ਲਈ ਉਹ ਇਸ ਸਿੱਟੇ 'ਤੇ ਪੁੱਜਦੇ ਹਨ 'ਇਸ (ਜਪੁ ਜੀ) ਦੇ ਵਿਸ਼ੇ ਦੀ ਗੌਰਵਤਾ, ਮਜ਼ਮੂਨ ਦੀ ਸੰਪੂਰਨਤਾ, ਵਰਣਨ ਦੀ ਸਫਲਤਾ, ਵਿਚਾਰ-ਲੜੀ ਦੀ ਨਿਰੰਤਰਤਾ, ਉਸਾਰੀ ਦੀ ਨਿਆਇ ਪੂਰਬਕਤਾ, ਬੰਦਸ਼ ਦੀ ਇਕਸਾਰਤਾ, ਰਸ ਦੀ ਇਕਸੁਰਤਾ ਤੇ ਪਰਭਾਵ ਦੀ ਇਕਾਗਰਤਾ ਇਸਦੇ ਕੇਂਦਰੀ ਵਿਚਾਰ ਨੂੰ ਬੜੇ ਸਫਲ ਤੇ ਸਪਸ਼ਟ ਤੌਰ 'ਤੇ ਪੇਸ਼ ਕਰਕੇ ਇਸਨੂੰ ਇਕ ਸਫਲ ਪ੍ਰਬੰਧ-ਕਾਵਿ ਬਣਾ ਦੇਂਦੀ ਹੈ।'[36] ਪਰ ਡਾ. ਜੱਗੀ ਇਸ ਵਿਚਾਰ ਨਾਲ ਅਸਹਿਮਤੀ ਪ੍ਰਗਟ ਕਰਦੇ ਹੋਏ 'ਜਪੁ' ਜੀ ਨੂੰ ਪ੍ਰਬੰਧ-ਕਾਵਿ ਨਹੀਂ ਮੰਨਦੇ। ਕਿਉਂਕਿ ਇਸ ਵਿਚ ਪ੍ਰਬੰਧ-ਕਾਵਿ ਵਾਲੀਆਂ ਵਿਸ਼ੇਸ਼ਤਾਵਾਂ ਨਹੀਂ ਹਨ।ਨ ਤਾਂ ਇਸ ਬਾਣੀ ਦੇ ਆਰੰਭ ਵਿਚ ਮੰਗਲਾਚਰਣ ਹੈ, ਨ

---

[34] ਉਹੀ, ਪੰਨੇ 31-32

[35] *ਗੁਰੂ ਨਾਨਕ ਦਾ ਸ਼ਾਹਕਾਰ ਜਪੁਜੀ,* ਪੰ. 28.

[36] *ਉਹੀ,* ਪੰ.7.

ਬੰਦਨਾ ਅਤੇ ਨਾ ਹੀ ਇਹ ਪ੍ਰਬੰਧ-ਕਾਵਿ ਵਾਂਗ ਰਾਗ-ਬੱਧ ਹੈ। ਇਸ ਵਿਚ ਪ੍ਰਬੰਧ-ਕਾਵਿ ਵਾਂਗ ਕੋਈ ਬਿਰਤਾਂਤ ਜਾਂ ਕਥਾਨਕ ਵੀ ਨਹੀਂ ਹੈ ਤੇ ਨਾਇਕ ਦੀ ਕਲਪਨਾ ਵੀ ਨਹੀਂ ਕੀਤੀ ਗਈ। ਇਸ ਵਿਚ ਪ੍ਰਬੰਧ-ਕਾਵਿ ਵਾਲੇ ਸ਼ਾਸਤ੍ਰੀ ਛੰਦ-ਵਿਧਾਨ ਤੇ ਅਲੰਕਾਰ-ਯੋਜਨਾ ਦਾ ਵੀ ਅਭਾਵ ਹੈ ਅਤੇ ਮਨੋਵਿਗਿਆਨ ਚਿਤ੍ਰਣ ਦਾ ਵੀ ਕਾਰਣ-ਕਾਰਜ ਦਾ ਸੰਬੰਧ ਵੀ ਇਸ ਵਿਚ ਸਥਾਪਤ ਨਹੀਂ ਕੀਤਾ ਗਿਆ। ਇਸ ਕਰਕੇ ਡਾ. ਜੱਗੀ ਨੇ ਇਸ ਨੂੰ ਪ੍ਰਬੰਧ ਕਾਵਿ ਨਾ ਮੰਨ ਕੇ 'ਵਿਚਾਰ-ਪ੍ਰਧਾਨ ਸੰਤ-ਕਾਵਿ' ਦਾ ਨਾਂ ਦਿੱਤਾ ਹੈ।[37] ਇਸ ਪ੍ਰਕਾਰ ਡਾ. ਜੱਗੀ ਇਸ ਬਾਣੀ ਵਿਚ ਇਕ ਸ੍ਰੇਸ਼ਟਪ੍ਰਬੰਧਾਤਮਿਕਤਾ ਦੇ ਗੁਣ ਵੇਖਦੇ ਹਨ। ਪਰ ਪ੍ਰਬੰਧ-ਕਾਵਿ ਅਤੇ ਹੋਰ ਅਨਿਵਾਰੀ ਲੱਛਣ ਦੇ ਅਭਾਵ ਕਾਰਣ ਇਸਨੂੰ ਸਹੀ ਅਰਥਾਂ ਵਿਚ ਪ੍ਰਬੰਧ-ਕਾਵਿ ਨਹੀਂ ਮੰਨਦੇ।

ਇਸੇ ਤਰ੍ਹਾਂ ਹੀ ਡਾ. ਜੱਗੀ 'ਵਾਰ' ਦਾ ਅਰਥ ਕਰਦੇ ਕਹਿੰਦੇ ਹਨ ਕਿ 'ਵਾਰ ਦਾ ਅਰਥ ਹੈ ਸਾਹਮਣਾ ਕਰਨਾ, ਪਿਛੇ ਧੱਕਣਾ, ਪਰੇ ਹਟਾਣਾ ਤੇ ਰੋਕਣਾ।'[38] ਸਰਦੂਲ ਸਿੰਘ ਨੇ ਵਾਰ ਦਾ ਅਰਥ 'ਦੁਹਰਾਓ' ਵੀ ਕੀਤਾ ਜਾਂਦਾ ਹੈ ਕਿਉਂਕਿ ਇਸ ਵਿਚ ਕਈ ਘਟਨਾਵਾਂ ਨੂੰ ਬਾਰ-ਬਾਰ ਦੁਹਰਾਇਆ ਜਾਂਦਾ ਹੈ।[39] ਜੱਗੀ ਕਹਿੰਦੇ ਹਨ ਕਿ 'ਨਾਇਕ ਦੀ ਪ੍ਰੇਰਨਾਮਈ ਉਹ ਵਾਰਤਾ ਜੋ ਕਿਸੇ ਹੱਲੇ ਜਾਂ ਟੱਕਰ ਦਾ ਜ਼ਿਕਰ ਕਰ ਕੇ ਪਾਠਕਾਂ ਜਾਂ ਸਰੋਤਿਆਂ ਨੂੰ ਉਤਸਾਹਿਤ ਕਰੇ ਅਤੇ ਪਰਾਕ੍ਰਮ ਕਰਨ ਲਈ ਪ੍ਰੇਰਨਾ ਦੇਵੇ।'[40] ਇਉਂ ਡਾ. ਜੱਗੀ ਅੱਗੇ ਕਹਿੰਦੇ ਹਨ ਕਿ 'ਵਿਸ਼ੇਸ਼ ਕਰਕੇ

---

[37] *ਵਿਚਾਰਧਾਰਾ*, ਪੰ. 48.

[38] *ਭਾਈ ਗੁਰਦਾਸ ਜੀਵਨ ਤੇ ਰਚਨਾ*, ਪੰ.100.

[39] *ਉਹੀ*, ਪੰ. 56.

[40] *ਉਹੀ*, ਪੰਨਾ 100.

ਵਾਰ ਦਾ ਵਸਤੂ-ਵਿਧਾਨ ਟੱਕਰ ਦੁਆਰਾ ਯੁੱਧ-ਚਿਤਰਣ ਹੈ।ਇਹ ਸੰਬੰਧ ਕਿਸੇ ਟੋਲੇ/ਜਾਤੀ ਦੇ ਨਾਇਕ ਦੇ ਜੀਵਨ ਨਾਲ ਸੰਬੰਧਿਤ ਹੋਣ ਕਾਰਨ ਇਸ ਕਾਵਿ-ਰੂਪ ਵਾਸਤੇ ਛੰਦ ਨਿਸ਼ਾਨੀ ਅਤੇ ਸਿਰਖੰਡੀ ਵਰਤੇ ਜਾਂਦੇ ਹਨ।'[41] ਫਿਰ ਕਹਿੰਦੇ ਹਨ ਕਿ 'ਗੁਰੂਆਂ ਦੀਆਂ ਵਾਰਾਂ ਵਿਚ ਗੁਰੂ ਅਰਜਨ ਦੇਵ ਨੇ ਪੌੜੀ ਦੇ ਨਾਲ-ਨਾਲ ਸਲੋਕ ਟਾਂਕ ਕੇ ਵਾਰ ਦੇ ਸਰੂਪ ਨੂੰ ਵਿਸ਼ਾਲਤਾ ਬਖਸੀ ਹੈ। ਸਿਖ ਗੁਰੂਆਂ ਦੀਆਂ ਵਾਰਾਂ ਵਿਚ ਅਲੱਖ ਨਿਰੰਜਨ ਦਾ ਯਸ਼ ਗਾਇਆ ਹੈ। ਇਨ੍ਹਾਂ ਵਿਚ ਅੰਤਰਮੁਖੀ ਘੋਲ ਹੈ, ਨੇਕੀ ਅਤੇ ਬਦੀ ਦੀ ਟੱਕਰ ਹੈ, ਮਨੁੱਖ ਨੂੰ ਪੂਰਣ ਮਨੁੱਖ ਬਣਨ ਲਈ ਪ੍ਰੇਰਣਾ ਦਿੱਤੀ ਗਈ ਹੈ।' [42]

ਗੁੰਝਲਦਾਰ ਵਿਸ਼ਿਆਂ ਬਾਰੇ ਲਿਖਣ ਦੇ ਨਾਲ-ਨਾਲ ਉਹ ਸਦਾਚਾਰਕ ਪੱਖ ਨਾਲ ਸੰਬੰਧਿਤ ਵਿਸ਼ਿਆਂ ਬਾਰੇ ਵੀ ਲਿਖਦੇ ਰਹੇ। ਉਨ੍ਹਾਂ ਦੀ ਮੂਲ ਆਸ਼ਾ ਵਿਅਕਤੀ ਨਿਰਮਾਣ ਹਿਤ ਸਦਾਚਾਰਕ ਪੱਖ ਦੀ ਵਿਸ਼ੇਸ਼ਤਾ ਨੂੰ ਉਘਾੜਨਾ ਹੈ। ਇਸ ਲਈ ਉਸਦੇ ਨੈਤਿਕ-ਵਿਵਹਾਰ ਉਤੇ ਬਲ ਦਿਤਾ ਗਿਆ ਹੈ। ਇਸੇ ਪ੍ਰਕਾਰ ਪੁਸਤਕ *ਗੁਰੂ ਨਾਨਕ: ਜੀਵਨ ਅਤੇ ਵਿਅਕਤਿਤਵ* ਵਿਚ ਵੀ ਗੁਰੂ ਸਾਹਿਬਾਨ ਦੀ ਤੇਜਸਵੀ ਸਖਸ਼ੀਅਤ ਦਾ ਪ੍ਰਭਾਵ ਸ਼ਰਧਾਲੂ ਪਾਠਕਾਂ ਉਤੇ ਪਾਉਣ ਦਾ ਯਤਨ ਕੀਤਾ ਗਿਆ ਹੈ। ਡਾ. ਜੱਗੀ ਬੜਾ ਨਿੱਠ ਕੇ, ਘੋਖ ਕੇ ਲਿਖਣ ਵਾਲਾ ਵਿਚਾਰਕ ਹੈ ਜੋ ਸ਼ਬਦ ਦੀ ਸੀਮਾ ਵਿਚ ਰਹਿ ਕੇ ਗੱਲ ਕਰਦਾ ਹੈ। ਡਾ. ਜੱਗੀ ਦਾ ਇਹ ਗੁਣ ਵੀ ਵਰਨਣਯੋਗ ਹੈ ਕਿ ਉਨ੍ਹਾਂ ਦੀ ਕਲਮ ਸਾਹਿਤ ਦੇ ਕਈ ਰੂਪਾਂ 'ਤੇ ਇਕੋ ਜਿਹੀ ਚੱਲੀ। ਉਨ੍ਹਾਂ ਦੀ ਸਮੁੱਚੀ ਖੋਜ

---

41 *ਉਹੀ,* ਪੰ.104.

42 *'ਵਿਚਾਰਧਾਰਾ', ਪੰ. 48.*

ਬਿਰਤੀ ਦੇ ਪਿਛੇ ਡੂੰਘੇ ਅਧਿਐਨ ਦੀ ਰੁਚੀ ਅਤੇ ਨੁਕਤੇ ਲੱਭਣ ਵੱਲ ਰੁਝਾਣ ਹੈ। ਡਾ. ਜੱਗੀ ਨੇ ਗੁਰਮਤਿ ਸਾਹਿਤ ਨੂੰ ਸਹੀ ਪਰਿਪੇਖ ਵਿਚ ਸਮਝਣ ਤੇ ਸਮਝਾਉਣ ਦੀ ਸਮਰੱਥਾ ਰੱਖਣ ਦੇ ਨਾਲ ਨਾਲ ਸਾਧਾਰਣ ਤੇ ਗੰਭੀਰ ਰੂਪ ਵਾਲੀਆਂ ਮਾਨਵ ਸਮੱਸਿਆਵਾਂ ਨੂੰ ਗੁਰਬਾਣੀ ਦੀ ਰੌਸ਼ਨੀ ਵਿਚ ਹੱਲ ਕਰਨ ਦਾ ਯਤਨ ਕੀਤਾ ਹੈ।

ਡਾ. ਜੱਗੀ ਨੇ ਆਲੋਚਨਾ ਦੇ ਖੇਤਰ ਵਿਚ ਵੀ ਮਹੱਤਵਪੂਰਣ ਯੋਗਦਾਨ ਪਾਇਆ। ਆਲੋਚਨਾ ਵਿਚ ਦਰਅਸਲ ਕਿਸੇ ਵੀ ਸਾਹਿਤਕ ਕ੍ਰਿਤ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ।ਉਸ ਸਾਹਿਤਕ ਕ੍ਰਿਤ ਦੇ ਗੁਣਾਂ ਅਤੇ ਦੋਸ਼ਾਂ ਦਾ ਵੇਰਵਾ ਦਿੱਤਾ ਜਾਂਦਾ ਹੈ। ਪ੍ਰਸਿੱਧ ਲੇਖਕ ਹੀਰਾ ਸਿੰਘ 'ਦਰਦ' ਦਾ ਕਹਿਣਾ ਹੈ ਕਿ 'ਬੀਜ ਰੂਪ ਵਿਚ ਆਲੋਚਨਾ ਮਨੁੱਖ ਦੀ ਪ੍ਰਕਿਰਤੀ ਵਿਚ ਮੌਜੂਦ ਹੈ।ਉਹ ਆਪਣੇ ਆਲੇ-ਦੁਆਲੇ ਦੀ ਹਰ ਇਕ ਵਸਤੂ ਨੂੰ ਵੇਖਦਾ ਹੈ। ਸੁੰਦਰਤਾ ਨੂੰ ਸਲਾਹੁੰਦਾ ਹੈ। ਕੋਹਝ ਨੂੰ ਨਿੰਦਦਾ ਹੈ। ਜਿਸ ਤੋਂ ਉਸ ਨੂੰ ਸੁਖ ਤੇ ਲਾਭ ਪ੍ਰਾਪਤ ਹੋਵੇ, ਉਸ ਵੱਲ ਖਿਚਿਆ ਜਾਂਦਾ ਹੈ ਅਤੇ ਜਿਸ ਤੋਂ ਦੁੱਖ ਮਿਲਣ ਦਾ ਡਰ ਹੋਵੇ, ਉਸ ਤੋਂ ਦੂਰ ਨਸਦਾ ਹੈ ਅਤੇ ਆਪਣੇ ਸੁਖ ਤੇ ਲੋੜ ਨੂੰ ਮੁੱਖ ਰੱਖ ਕੇ ਸਮੇਂ-ਸਮੇਂ ਲੋੜ ਵੰਦੀਆਂ ਵਸਤਾਂ ਨੂੰ ਪੈਦਾ ਕਰਦਾ ਹੈ।ਹਰ ਇਕ ਵਸਤੂ ਸਮਾਜਿਕ ਲੋੜ ਤੇ ਮੰਗ ਮੁਤਾਬਿਕ ਹੀ ਪੈਦਾ ਹੁੰਦੀ ਹੈ ਤੇ ਫਿਰ ਵਧਦੀ ਫੂਲਦੀ ਹੈ।'[43] ਡਾ. ਜੱਗੀ ਦੀਆਂ ਰਚਨਾਵਾਂ ਵਿਚ ਪ੍ਰਾਪਤ ਆਲੋਚਨਾ ਵਿਚ ਵਿਭਿੰਨ ਕਿਸਮ ਦੀਆਂ ਰਾਵਾਂ ਪ੍ਰਗਟ ਹੁੰਦੀਆਂ ਹਨ। ਉਨ੍ਹਾਂ ਦੀ ਆਲੋਚਨਾ ਦਾ ਪ੍ਰਗਟਾਅ ਉਨ੍ਹਾਂ ਵਲੋਂ ਲਿਖੀਆਂ ਭੂ ਮਿਕਾਵਾਂ ਦੁਆਰਾ ਹੋਇਆ ਹੈ। ਉਨ੍ਹਾਂ ਨੇ ਭੂਮਿਕਾਵਾਂ ਵਿਚ ਜਿਸ ਵੀ ਸਾਹਿਤ ਦੇ ਰੂਪ ਦੀ ਗੱਲ ਕੀਤੀ ਹੈ ਉਸ ਦੇ

---

[43] *ਅਲੋਚਕ ਦੇ ਕਰਤੱਵ ਤੇ ਵਰਤਮਾਨ ਪੰਜਾਬੀ ਅਲੋਚਨਾ,* ਪੰਨਾ-6.

ਲੱਛਣ ਵੀ ਸਮਝਾਏ ਹਨ। ਉਸਦਾ ਦਾ ਸੰਖੇਪ ਇਤਿਹਾਸ ਵੀ ਦਿੱਤਾ ਅਤੇ ਸਮਕਾਲੀ ਰੂਪ ਵੀ ਸਾਹਮਣੇ ਰੱਖਿਆ ਹੈ। ਆਲੋਚਕ ਲਈ ਇਹ ਵੀ ਜ਼ਰੂਰੀ ਹੁੰਦਾ ਹੈ ਕਿ ਉਹ ਆਪਣੀ ਜਾਣਕਾਰੀ ਜਾਂ ਰਾਇ ਨੂੰ ਇਕੋ ਪੁਸਤਕ ਤੇ ਕੇਂਦਰਿਤ ਨਹੀਂ ਰਖਦਾ ਸਗੋਂ ਉਹ ਉਸੇ ਵਰਗ ਦੀਆਂ ਹੋਰਨਾਂ ਲੇਖਕਾਂ ਦੀਆਂ ਪੁਸਤਕਾਂ ਦਾ ਵੀ ਗਿਆਨ ਰਖਦਾ ਹੈ। ਉਹ ਆਪਣੀ ਰਾਇ ਨੂੰ ਨਿਧੜਕ ਹੋ ਕੇ ਲਿਖਦਾ ਹੈ। ਆਲੋਚਕ ਆਪਣੀ ਰਾਇ ਨੂੰ ਨਿਧੜਕ ਹੋ ਕੇ ਪੇਸ਼ ਕਰਦਾ ਹੈ। ਡਾ. ਜੱਗੀ ਦੀ ਆਲੋਚਨਾ ਵਿਅਕਤੀਵਾਦੀ, ਰੋਮਾਂਸਵਾਦੀ, ਯਥਾਰਥਵਾਦੀ, ਸਦਾਚਾਰਵਾਦੀ, ਸੋਹਜਵਾਦੀ, ਪ੍ਰਗਤੀਵਾਦੀ ਅਤੇ ਮਨੋਵਿਗਿਆਨੀ ਦੇ ਰੂਪ ਵਿਚ ਹੋਈ ਮਿਲਦੀ ਹੈ। ਉਹ ਸਾਹਿਤ ਨੂੰ ਸਾਹਿਤਕ ਕਸਵੱਟੀ ਉਤੇ ਪਰਖਣ ਦੇ ਨਾਲ-ਨਾਲ ਆਲੋਚਨਾਤਮਕ ਸਿਧਾਤਾਂ ਦਾ ਪੂਰਾ-ਪੂਰਾ ਖਿਆਲ ਰਖਦੇ ਹਨ। ਪੰਦਰਵੀਂ ਸਦੀ ਵਿਚ ਰਾਜਨੀਤਕ, ਧਾਰਮਿਕ ਅਤੇ ਸਮਾਜਿਕ ਪੱਖ ਤੋਂ ਮਹੱਤਵਪੂਰਣ ਸਦੀ ਕਹੀ ਜਾ ਸਕਦੀ ਹੈ। ਕਿਉਂਕਿ ਇਸ ਸਦੀ ਵਿਚ ਹੀ ਗੁਰੁੂ ਨਾਨਕ ਸਾਹਿਬ ਜੀ ਦਾ ਜਨਮ ਹੋਇਆ। ਉਸ ਸਮੇਂ ਦੇ ਹਾਲਾਤਾਂ ਬਾਰੇ ਗੱਲ ਕਰਦਿਆਂ ਡਾ. ਜੱਗੀ ਕਹਿੰਦੇ ਹਨ ਕਿ ‘ਧਰਮ ਉਦੋਂ ਅੰਧ ਵਿਸ਼ਵਾਸ਼ਾਂ ਅਤੇ ਨੁਮਾਇਸ਼ੀ ਕਰਮ ਕਾਂਡਾਂ ਵਿਚ ਸਮਾਇਆ ਹੋਇਆ ਸੀ ਅਤੇ ਧਰਮ ਦੇ ਠੇਕੇਦਾਰ ਧਰਮ ਦੇ ਵਾਸਤਵਿਕ ਸਰੂਪ ਤੋਂ ਅਭਿੱਜ ਸਨ।’[44] ਗੁਰੂ ਨਾਨਕ ਬਾਣੀ ਦੀ ਪ੍ਰਮਾਣਿਕਤਾ ਬਾਰੇ ਗੱਲ ਕਰਦਿਆਂ ਉਨ੍ਹਾਂ ਦਾ ਕਹਿਣਾ ਹੈ ਕਿ ‘ਇਹ ਬੜੇ ਦੁਖ ਦੀ ਗੱਲ ਹੈ ਕਿ ਗੁਰੁ ਨਾਨਕ ਦੀ ਕੋਈ ਵੀ ਸਵੈ-ਹੱਥਲਿਖਤ ਬਾਣੀ ਜਾਂ ਕੋਈ ਹੋਰ

[44] *ਗੁਰੂ ਨਾਨਕ ਬਾਣੀ,* ਪੰ.3.

ਦਸਤਾਵੇਜ਼ ਹੁਣ ਉਪਲਬਧ ਨਹੀਂ ਹੈ।'[45]

ਜਦੋਂ ਡਾ. ਜੱਗੀ ਦੀਆਂ ਰਚਨਾਵਾਂ ਵਿਚ ਚਿੰਤਨ ਅਤੇ ਚੇਤਨਾ ਨੂੰ ਆਧਾਰ ਬਣਾਉਂਦੇ ਹਾਂ ਤਾਂ ਉਨ੍ਹਾਂ ਦਾ ਸੰਦੇਸ਼, ਅਨੁਭਵ ਅਤੇ ਉਦੇਸ਼ ਨਿਰੋਲ ਦੈਵੀ ਮਹਾਨਤਾ ਅਤੇ ਮੱਧਕਾਲੀਨ ਧਾਰਮਿਕ ਚੇਤਨਾ ਵਾਲਾ ਲਗਦਾ ਹੈ। ਪਰ ਜਦੋਂ ਉਨ੍ਹਾਂ ਦੀਆਂ ਰਚਨਾਵਾਂ ਦੀ ਰੂਪ, ਬਣਤਰ, ਅਤੇ ਭਾਸ਼ਾ ਵੇਖੀਏ ਤਾਂ ਉਹ ਸਪਸ਼ਟ ਰੂਪ ਵਿਚ ਆਧੁਨਿਕਤਾ ਵਾਲਾ ਸਾਹਿਤਕਾਰ ਪ੍ਰਤੀਤ ਹੁੰਦਾ ਹੈ। ਉਨ੍ਹਾਂ ਦੀ ਰਚਨਾ ਵਿਚ ਆਧੁਨਿਕਤਾ ਦੀ ਬੁਨਿਆਦੀ ਵਿਸ਼ੇਸ਼ਤਾ ਵਿਦਮਾਨ ਹੈ। ਪੰਜਾਬੀ ਸਾਹਿਤਕ ਪਰੰਪਰਾ ਵਿਚ ਉਨ੍ਹਾਂ ਨੇ ਨਵੀਂ ਰੂਹ ਫੂਕਣ ਦਾ ਯਤਨ ਕੀਤਾ। ਡਾ. ਜੱਗੀ ਨੇ ਵਿਸ਼ਾਲ ਅਤੇ ਵਿਆਪਕ ਪੱਧਰ ਦੀ ਜੋ ਸਾਹਿਤ ਰਚਨਾ ਕੀਤੀ ਉਸ ਵਿਚ ਸਾਹਿਤਿਕ ਰੂਪਾਂ ਦੀ ਵਿਵਿਧਤਾ ਆਪਣੇ ਆਪ ਵਿਚ ਇਕ ਪ੍ਰਾਪਤੀ ਹੈ। ਡਾ. ਜੱਗੀ ਦੀ ਪ੍ਰਤਿਭਾ ਦਾ ਪ੍ਰਮਾਣ ਹੈ ਕਿ ਉਨ੍ਹਾਂ ਦੁਆਰਾ ਸਾਹਿਤਿਕ ਰੂਪਾਂ ਦੀ ਚੋਣ ਤੇ ਉਨ੍ਹਾਂ ਪਹਿਲੂਆਂ ਤੇ ਪਾਸਾਰਾਂ ਨਾਲ ਹੈ ਜਿਹੜੀ ਚੋਣ ਉਨ੍ਹਾਂ ਦੇ ਆਧੁਕਿਨਤਾ ਨੂੰ ਹੁੰਗਾਰੇ ਦਾ ਪ੍ਰਮਾਣ ਪ੍ਰਸਤੁਤ ਕਰਦੀ ਹੈ। ਉਨ੍ਹਾਂ ਨੇ ਜਿਨ੍ਹਾਂ ਲੇਖਕਾਂ ਜਾਂ ਪੁਸਤਕਾਂ ਬਾਰੇ ਆਪਣੀਆਂ ਰਾਵਾਂ ਪ੍ਰਗਟਾਈਆਂ ਹਨ। ਉਨ੍ਹਾਂ ਬਹੁਤ ਟਿਕਾਅ ਨਾਲ ਪੜ੍ਹ ਕੇ ਨਿਰਣੇ ਕੀਤੇ ਹਨ। ਉਨ੍ਹਾਂ ਵਲੋਂ ਲਿਖੇ ਗਏ ਵੱਖਰੇ-ਵੱਖਰੇ ਰੀਵੀਊ ਵੀ ਬਹੁਤ ਮਹੱਤਤਾ ਰੱਖਦੇ ਹਨ। ਜਿਨ੍ਹਾਂ ਤੋਂ ਪੰਜਾਬੀ ਭਾਸ਼ਾ ਅਤੇ ਸਾਹਿਤ ਤੋਂ ਇਲਾਵਾ ਹੋਰ ਵੀ ਕਈ ਪੱਖਾਂ ਬਾਰੇ ਪਤਾ ਲਗਦਾ ਹੈ। ਉਹ ਜਿਸ ਵੀ ਸਾਹਿਤ ਦੇ ਰੂਪ ਬਾਰੇ ਵਿਚਾਰ ਕਰਦੇ ਹਨ ਉਸ ਦੇ ਵਿਸ਼ੇਸ ਤੱਤ ਅਤੇ ਗੁਣ ਜਾਂ ਲੱਛਣ ਆਦਿ ਸੁਝਾਉਂਦੇ ਹਨ। ਕਿਉਂਕਿ ਆਲੋਚਕ ਆਪਣੀ ਜਾਣਕਾਰੀ ਇਕੋ

[45] *ਉਹੀ,* ਪੰ.6.

ਕਿਤਾਬ ਤੇ ਕੇਂਦਰਿਤ ਨਹੀਂ ਰਖਦਾ ਸਗੋਂ ਉਸ ਲੇਖਕ ਦੀਆਂ ਹੋਰਨਾਂ ਦੀਆਂ ਉਸੇ ਸ੍ਰੇਣੀਆਂ ਦੀਆਂ ਪੁਸਤਕਾਂ ਦਾ ਭੀ ਗਿਆਨ ਰਖਦਾ ਹੈ। ਇਸ ਤੋਂ ਇਲਾਵਾ ਸਾਰੀਆਂ ਭੂਮਿਕਾਵਾਂ ਵਿਚ ਸਮਕਾਲੀ ਰਚਨਾ ਦਾ ਵੇਰਵਾ ਭੀ ਅੰਕਿਤ ਕਰਦੇ ਹਨ।ਇਹ ਉਹਨਾਂ ਦੇ ਵਿਸ਼ਾਲ ਗਿਆਨ ਦਾ ਸੂਚਕ ਹੈ।

ਡਾ. ਜੱਗੀ ਇਨ੍ਹਾਂ ਸਾਹਿਤ ਰੂਪਾਂ ਬਾਰੇ ਲਿਖਣਾ ਇਸ ਗੱਲ ਦਾ ਵੀ ਸੰਕੇਤ ਹੈ ਕਿ ਉਨ੍ਹਾਂ ਦਾ ਆਧੁਨਿਕਤਾ ਪ੍ਰਤਿ ਹੁੰਗਾਰਾ ਹਾਂ-ਪੱਖੀ ਹੈ। ਆਧੁਨਿਕਤਾ ਦੇ ਸੰਦਰਭ ਵਿਚ ਡਾ. ਜੱਗੀ ਦੀ ਗੱਲ ਕਰਦਿਆਂ ਉਨ੍ਹਾਂ ਦੀ ਆਧੁਨਿਕਤਾ ਦਾ ਸਭ ਤੋਂ ਵੱਡਾ ਤੇ ਵਿਵਹਾਰਿਕ ਪ੍ਰਮਾਣ ਉਨ੍ਹਾਂ ਦੀ ਪੰਜਾਬੀ ਭਾਸ਼ਾ ਪ੍ਰਤਿ ਪਹੁੰਚ ਵਿਚ ਨਿਸ਼ਚਿਤ ਕੀਤਾ ਜਾ ਸਕਦਾ ਹੈ। ਕਿਸੇ ਵੀ ਵਿਸ਼ੇਸ਼ ਸਭਿਆਚਾਰ ਪ੍ਰਤਿ ਜਾਗਰੂਕ ਅਜੋਕੀ ਆਧੁਨਿਕਤਾ, ਲੋਕ ਬੋਲੀਆਂ ਸਾਂਭਣ ਅਤੇ ਪ੍ਰਫੁਲਿਤ ਕਰਨ ਪ੍ਰਤਿ ਵਿਸ਼ੇਸ਼ ਰੁਚੀ ਦਾ ਇਜ਼ਹਾਰ ਕਰਦੀ ਹੈ। ਡਾ. ਜੱਗੀ ਨੇ ਪੰਜਾਬੀ ਭਾਸ਼ਾ ਦੇ ਵਿਚ ਭਰਪੂਰ ਰਚਨਾ ਕੀਤੀ। ਆਪਣੇ ਪ੍ਰਭਾਵ ਅਧੀਨ ਆਈਆਂ ਪ੍ਰਤਿਭਾਵਾਂ ਨੂੰ ਵੀ ਪ੍ਰੇਰਿਆ ਅਤੇ ਪੰਜਾਬੀ ਸਾਹਿਤ ਦੇ ਇਕ ਸ਼ਾਨਦਾਰ ਭਵਿੱਖ ਦੀਆਂ ਸੰਭਾਵਨਾਵਾਂ ਨੂੰ ਉਜਾਗਰ ਕੀਤਾ। ਦੁਨੀਆ ਦੀਆਂ ਹੋਰ ਬੋਲੀਆਂ ਦੇ ਅਨੁਸਾਰ ਪੰਜਾਬੀ ਭਾਸ਼ਾ ਦਾ ਆਰੰਭ ਵੀ ਕਾਵਿ ਨਾਲ ਹੋਇਆ ਹੈ। ਅੱਜ ਵਿਗਿਆਨ ਦੀ ਵਿਕਾਸ ਮੰਜ਼ਿਲ ਦੌਰਾਨ ਵਿਵੇਕਸ਼ੀਲਤਾ ਦੇ ਸਿੱਟੇ ਵਜੋਂ ਵਾਰਤਕ ਦਾ ਜਨਮ ਹੋਇਆ। ਭਾਵੇਂ ਕਾਵਿ ਤੇ ਵਾਰਤਕ ਵਿਚ ਕਾਫ਼ੀ ਅੰਤਰ ਹੈ ਪਰ ਪ੍ਰੋ. ਪੂਰਨ ਸਿੰਘ ਕਾਵਿ ਅਤੇ ਵਾਰਤਕ ਵਿਚਲੇ ਅੰਤਰ ਨੂੰ ਘੱਟ ਮੰਨਦੇ ਹਨ। ਉਹ ਕਹਿੰਦੇ ਹਨ ਕਿ 'ਨਸਰ ਤੇ ਨਜ਼ਮ ਵਿਚ ਫਰਕ ਬੜਾ ਘੱਟ ਰਹਿ ਜਾਂਦਾ ਹੈ ਕਿ ਅਨੁਭਵੀ ਪੁਰਸ਼ਾਂ ਦੇ ਵਚਨਾਂ ਦੀ ਮਿੱਠਤ ਦੀ ਗੋਂਦ ਹੋਵੇ,

ਅਤੇ ਅੰਮ੍ਰਿਤ ਵਚਨ ਨਸਰ ਵਿਚ ਵੀ ਨਜ਼ਮ ਹਨ ਤੇ ਨਜ਼ਮ ਵਿਚ ਰੱਬੀ ਗਤਿ ਹਨ। ਉਹ ਬਚਨ ਸਦਾ ਰੱਬ ਰਸ ਦੇ ਵਜ਼ਨ ਵਿਚ ਹੁੰਦੇ ਹਨ ਤੇ ਰਸ ਦਾ ਵਜ਼ਨ ਕਦੀ ਸਾਵਣ ਦੇ ਮੀਂਹ ਵਾਂਗ ਛਨ ਛਨ, ਕਦੀ ਰਿਤੂ ਦੀ ਨਿੱਕੀ ਨਿੱਕੀ ਵਰਖਾ ਵਾਂਗ।'[46]

ਵਾਰਤਕ ਵਿਚ ਸਭਿਆਚਾਰਕ, ਧਾਰਮਿਕ, ਵਿਗਿਆਨਕ, ਬੌਧਿਕ ਅਤੇ ਰਾਜਨੀਤਕ ਆਦਿ ਵਿਸ਼ਿਆਂ ਨੂੰ ਛੋਹਿਆ ਜਾ ਸਕਦਾ ਹੈ। ਵਾਰਤਕ ਹੀ ਸਾਹਿਤ ਦਾ ਸਭ ਤੋਂ ਵਿਸਤ੍ਰਿਤ ਰੂਪ ਮੰਨਿਆ ਜਾਂਦਾ ਹੈ। ਡਾ. ਜੱਗੀ ਨੇ ਵਾਰਤਕ ਵਿਚ ਵੀ ਪ੍ਰਵੇਸ਼ ਕੀਤਾ। ਡਾ. ਜੱਗੀ ਦੀ ਵਾਰਤਕ ਦਾ ਮੂਲ ਆਸ਼ਾ ਮੱਧਕਾਲੀ ਪੰਜਾਬੀ ਵਾਰਤਕ ਹੀ ਰਿਹਾ ਹੈ। ਉਨ੍ਹਾਂ ਦੀਆਂ ਪੁਸਤਕ ਰੂਪ ਵਿਚ ਛਪੀਆਂ ਵਾਰਤਕ ਰਚਨਾਵਾਂ ਵੀ ਵਿਸ਼ੇਸ਼ ਮਹੱਤਵ ਰਖਦੀਆਂ ਹਨ। ਗੁਰਬਾਣੀ ਦੀ ਭਾਸ਼ਾ, ਸ਼ਬਦਾਵਲੀ ਅਤੇ ਵਿਚਾਰਧਾਰਾ ਦਾ ਪੰਜਾਬੀ ਵਾਰਤਕ ਸਾਹਿਤ ਤੇ ਕਾਫ਼ੀ ਪ੍ਰਭਾਵ ਹੈ। ਭਾਈ ਵੀਰ ਸਿੰਘ, ਭਾਈ ਜੋਧ ਸਿੰਘ, ਪ੍ਰੋ. ਪੂਰਣ ਸਿੰਘ, ਪ੍ਰੋ. ਸਾਹਿਬ ਸਿੰਘ, ਡਾ. ਸ਼ੇਰ ਸਿੰਘ ਅਤੇ ਹੋਰ ਕਈ ਗੁਰਮਤਿ ਸਾਹਿਤ ਦੇ ਵਿਦਵਾਨਾਂ ਨੇ ਗੁਰਮਤਿ ਸਿਧਾਂਤ ਅਤੇ ਜੀਵਨ ਜਾਂਚ ਬਾਰੇ ਬਹੁਤ ਘਾਲਣਾ ਘਾਲ ਕੇ ਲਿਖਿਆ ਹੈ। ਡਾ. ਜੱਗੀ ਦੀ ਵਾਰਤਕ ਵਿਚ ਬਹੁਤ ਰਸ ਹੈ। ਉਨ੍ਹਾਂ ਦੀਆਂ ਰਚਨਾਵਾਂ ਵਿਚ ਗੁਰਮਤਿ ਵਿਚਾਰਧਾਰਾ ਤੇ ਭਾਸ਼ਾ-ਸ਼ੈਲੀ ਦਾ ਪ੍ਰਭਾਵ ਸਹਿਜੇ ਹੀ ਵੇਖਿਆ ਜਾ ਸਕਦਾ ਹੈ। *ਗੁਰ ਸੰਦੇਸ, ਗੁਰੂ ਗੋਬਿੰਦ ਸਿੰਘ ਦੀ ਬਾਣੀ ਵਿਚ ਸੁਤੰਤਰਤਾ ਦੀ ਭਾਵਨਾ, ਜਾਪੁ ਸਾਹਿਬ ਦਾ ਗੌਰਵ, ਵਿਚਾਰਧਾਰਾ ਸਾਹਿਤ ਸੌਰਭ* ਅਤੇ *ਵਿਚਾਰ ਵਿਸ਼ਲੇਸ਼ਣ* ਆਦਿ ਪੁਸਤਕਾਂ ਵਿਚ ਡਾ. ਜੱਗੀ ਵਲੋਂ ਵੱਖ-ਵੱਖ ਵਿਸ਼ਿਆਂ ਬਾਰੇ ਲੇਖ ਹਨ। ਇਨ੍ਹਾਂ ਵਿਚ ਦਰਜ ਲਗਪਗ ਸਾਰੇ

---

[46] *ਖੁਲ੍ਹੇ ਲੇਖ,* ਪੰ.8.

ਲੇਖ ਹੀ ਗੁਰਮਤਿ ਨਾਲ ਸੰਬੰਧ ਰਖਦੇ ਹਨ ਜਿਨ੍ਹਾਂ ਵਿਚ ਗੁਰਮਤਿ ਦੇ ਵੱਖ-ਵੱਖ ਪਹਿਲੂਆਂ ’ਤੇ ਚਾਨਣਾ ਪਾਇਆ ਗਿਆ ਹੈ। ਗੁਰਮਤਿ ਨਾਲ ਸੰਬੰਧਿਤ ਲੇਖਾਂ ਵਿਚ ਜਿਥੇ ਆਪ ਗੁਰਮਤਿ ਨੂੰ ਨਿਖਾਰ ਕੇ ਲਿਖਦੇ ਹਨ, ਸਿੱਖ ਧਰਮ ਵਿਚ ਕੁਝ ਭਰਮ ਭੁਲੇਖਿਆਂ ਨੂੰ ਦੂਰ ਕਰਦੇ ਹਨ, ਉਥੇ ਇਨ੍ਹਾਂ ਲੇਖਾਂ ਵਿਚ ਉਨ੍ਹਾਂ ਦੀ ਧਾਰਮਿਕ ਖੇਤਰ ਦੀ ਵਿਸ਼ਾਲ ਵਿਦਵਤਾ ਵੀ ਦਿਖਾਈ ਦਿੰਦੀ ਹੈ। ਡਾ. ਜੱਗੀ ਦੀ ਇਹ ਵੀ ਵਿਸ਼ੇਸ਼ਤਾ ਕਹੀ ਜਾਵੇਗੀ ਕਿ ਉਨ੍ਹਾਂ ਨੇ ਗੁਰਮਤਿ ਬਾਰੇ ਲਿਖਣ ਸਮੇਂ ਜਾਂ ਗੁਰਮਤਿ ਦੀ ਵਿਸ਼ੇਸ਼ਤਾ ਦਰਸਾਉਣ ਲਈ ਕਿਸੇ ਅਨ ਧਰਮ ਜਾਂ ਕਿਸੇ ਹੋਰ ਧਰਮ ਦੇ ਆਗੂ ਨੂੰ ਨਿੰਦਿਆ ਨਹੀਂ ਹੈ ਬਲਕਿ ਲਿਖਤ ਵਿਚੋਂ ਸਹਿਨਸ਼ੀਲਤਾ, ਉਦਾਰਤਾ ਅਤੇ ਆਪ ਦੀ ਵਿਸ਼ਾਲ ਦ੍ਰਿਸ਼ਟੀ ਦਾ ਸਬਕ ਮਿਲਦਾ ਹੈ। ਇਨ੍ਹਾਂ ਲੇਖਾਂ ਵਿਚ ਸਮੋਈ ਲਿਖਤ ਦੀ ਪਕਿਆਈ ਦਾ ਹੋਣਾ, ਉਨ੍ਹਾਂ ਦੀ ਕਈ ਸਾਲਾਂ ਦੀ ਘਾਲਣਾ ਦਾ ਸਿੱਟਾ ਹੈ। ਵੱਖ ਵੱਖ ਇਤਿਹਾਸਕ ਪੱਖਾਂ, ਮਿਥਿਹਾਸਕ ਪ੍ਰਸੰਗਾਂ, ਧਾਰਮਿਕ ਗ੍ਰੰਥਾਂ ਦੇ ਹਵਾਲਿਆਂ ਅਤੇ ਵੱਖ-ਵੱਖ ਵਿਦਵਾਨਾਂ ਦੇ ਵਿਚਾਰਾਂ ਨੂੰ ਸੰਖੇਪ ਵਿਚ ਦਰਜ ਕਰਕੇ ਅਖੀਰ ਮੁੱਖ ਨੁਕਤਾ ਸੁਝਾਉਂਦੇ ਹਨ।

ਡਾ. ਜੱਗੀ ਦੇ ਨਿਬੰਧਾਂ ਵਿਚ ਕਈ ਪ੍ਰਕਾਰ ਦੀ ਵੰਨਗੀ ਵੇਖਣ ਨੂੰ ਮਿਲਦੀ ਹੈ। ਕਿਉਂਕਿ ਹਰ ਲੇਖਕ ਦੀ ਆਪਣੀ ਇਕ ਪਹਿਚਾਣ ਹੁੰਦੀ ਹੈ। ਉਸੇ ਦੀ ਨਿਬੰਧ ਲੇਖਕ ਕੋਲੋਂ ਆਸ ਹੁੰਦੀ ਹੈ। ਡਾ. ਜੱਗੀ ਦੇ ਵਿਚਾਰਾਂ ਦਾ ਸਰਵੇਖਣ ਕੀਤਿਆਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਉਹ ਪੁਰਾਤਨ ਵਿਚਾਰਾਂ ਜਾਂ ਪੁਰਾਤਨ ਭਰੋਸਿਆਂ ਤੇ ਨਵੇਂ ਵਿਚਾਰਾਂ ਨੂੰ ਜੋੜਦੇ ਹਨ, ਨਾ ਕਿ ਪੁਰਾਣਿਆਂ ਨੂੰ ਢਾਹ ਕੇ ਨਵਿਆਂ ਨੂੰ ਉਨ੍ਹਾਂ ਦੀ ਜਗ੍ਹਾ ਤੇ ਉਸਾਰਦੇ ਹਨ। ਇਸ ਸੰਜੋਗ ਵਿਚ ਵੀ ਉਨ੍ਹਾਂ ਦੀ ਲਿਖਤ ਵਿਚੋਂ ਨਵੀਨਤਾ ਦਿਸਦੀ ਹੈ। ਆਪਣੇ ਇਸ ਵਿਸ਼ਾਲ ਗਿਆਨ ਦੇ ਪਿਛੋਕੜ ਦੇ

ਆਧਾਰਿਤ ਉਨ੍ਹਾਂ ਨੇ ਇਕ ਅਜਿਹਾ ਚਿੰਤਨ ਪੇਸ਼ ਕੀਤਾ ਜੋ ਪੂਰਬਲੀ ਚਿੰਤਨ-ਪਰੰਪਰਾ ਨਾਲ ਸਾਂਝ ਰੱਖਣ ਦੇ ਬਾਵਜੂਦ ਬਿਲਕੁਲ ਨਵਾਂ ਤੇ ਮੌਲਿਕ ਸੀ। ਵਿਚਾਰ, ਨਵੀਨ ਉਪਜ ਅਤੇ ਜਾਗ੍ਰਤੀ ਹੈ ਜਿਸ ਦੀ ਵਰਤੋਂ ਗੁਰੂ ਨਾਨਕ ਦੇਵ ਜੀ ਦੇ ਸੰਬੰਧ ਵਿਚ ਕਰ ਕੇ ਉਨ੍ਹਾਂ ਨੇ ਇਸ ਸੁਮੇਲ ਦੀ ਪ੍ਰੋੜਤਾ ਕੀਤੀ ਹੈ। ਇਹੋ ਗਲ ਧਰਮ ਸਬੰਧੀ ਹਿੰਦੂ-ਮੁਸਲਮਾਨ ਏਕਤਾ, ਮਨੁੱਖਤਾ ਦੀ ਕਦਰ, ਗੁਰੂ ਜੀ ਦਾ ਦੇਸ਼ ਸਭਿਅਤਾ, ਬੋਲੀ ਆਦਿ ਨਾਲ ਪਿਆਰ ਦੱਸਣਾ ਤੇ ਫਿਰ ਧਰਮ ਸੰਬੰਧੀ ਇਹ ਕਹਿਣਾ ਕਿ ਇਹ ਨਿਰਾ ਵਹਿਮ-ਭਰਮ ਤੇ ਅੰਨੇ ਭਰੋਸੇ ਦਾ ਨਹੀਂ ਜਾਂ ਸਿੱਖ ਧਰਮ ਗੁਰੂ ਸਾਹਿਬਾਨ ਗੁਲਾਮੀ ਵਾਲੀ ਏਕਤਾ ਦੇ ਵਿਰੋਧੀ ਸਨ। ਡਾ. ਜੱਗੀ ਧਰਮ ਨੂੰ ਲੜਾਈਆਂ, ਵਿਤਕਰਿਆਂ, ਲੁੱਟ-ਖਸੁੱਟ ਦਾ ਕਾਰਣ ਵੇਖਣ ਦੀ ਥਾਂ ਧਰਮ ਨੂੰ ਸਾਊਪਣੇ ਦਾ ਅੰਗ ਸਮਝਦੇ ਹਨ। ਉਹ ਹੋਰਨਾਂ ਧਰਮਾਂ ਸੰਬੰਧੀ ਵੀ ਪੂਰਾ ਸਨਮਾਨ, ਉਨ੍ਹਾਂ ਦਾ ਪੂਰਾ ਗਿਆਨ ਰੱਖਦੇ ਹਨ। ਜਿਸਦੀ ਝਲਕ ਉਨ੍ਹਾਂ ਦੀ ਲਿਖਤ ਵਿਚੋਂ ਪੈਂਦੀ ਹੈ। ਪਰ ਉਹ ਆਪਣੀਆ ਲਿਖਤਾਂ ਵਿਚ ਸਿੱਖ-ਪ੍ਰੇਮ ਤੇ ਅਟੱਲ ਵਿਸ਼ਵਾਸ਼ ਨੂੰ ਨਵੀਨਤਮ ਦ੍ਰਿਸ਼ਟੀਕੋਣ ਤੋਂ ਉਚਤਮ ਸਿੱਧ ਕਰਦੇ ਹਨ। ਉਨ੍ਹਾਂ ਨੇ ਸਿੱਖ-ਮੱਤ ਦੇ ਧਾਰਨੀਆਂ ਵਿਚ ਆ ਚੁੱਕੀਆਂ ਕਮੀਆਂ ਉੱਤੇ ਪਰਦਾ ਨਹੀਂ ਪਾਇਆ ਸਗੋਂ ਉਹ ਵੀ ਸੁਧਾਰਕ ਰੂਪ ਵਿਚ ਲਿਖਤਾਂ ਵਿਚ ਪੇਸ਼ ਕੀਤੀਆਂ ਹਨ। ਡਾ. ਜੱਗੀ ਅਨੁਸਾਰ ਸਿੱਖ ਧਰਮ ਗੁਰੂ ਸਾਹਿਬਾਨ ਨੇ ਮਾਨਵ ਕਲਿਆਣ ਵਾਸਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਨੂੰ ਜਾਗਤਿ ਜੋਤਿ ਗੁਰੂ ਪ੍ਰਵਾਨ ਕਰਕੇ ਸ਼ਬਦ ਗੁਰੂ ਦੀ ਜੁਗਤਿ ਸਾਹਮਣੇ ਲਿਆਂਦੀ ਹੈ। ਇਸ ਬਿਖਮ ਮਾਰਗ ਤੇ ਚਲਣ ਲਈ ਅਗਵਾਈ ਵਾਸਤੇ ਕਿਸੇ ਵਿਅਕਤੀ ਵਿਸ਼ੇਸ਼ ਜਾਂ ਧਰਮ ਵਿਸ਼ੇਸ਼ ਨੂੰ ਗੁਰਮਤਿ ਪ੍ਰਸੰਗ ਵਿਚ ਅਧਿਕਾਰਤ ਨਹੀਂ ਕੀਤਾ ਗਿਆ। ਸ਼ਰਧਾ ਤੇ ਸਮਰਪਣ ਦੇ ਆਸਰੇ ਨਾਲ ਸ਼ਬਦ ਤੱਕ ਸਿਧਿਆਂ

ਪਹੁੰਚਣ ਦਾ ਮਾਰਗ ਪ੍ਰਵਾਣ ਕੀਤਾ ਗਿਆ ਹੈ ਅਤੇ ਇਸ ਸ਼ਬਦ ਨੂੰ ਜੁਗਤਿ ਦੀ ਸੰਗਿਆ ਦਿੱਤੀ ਹੋਈ ਹੈ। ਇਸ ਵਾਸਤੇ ਇਸ ਪ੍ਰਸੰਗ ਵਿਚ ਧਰਮ-ਵਿਗਿਆਨਤਾ ਦਾ ਜ਼ਿਕਰ ਕਰਦਿਆਂ ਹੋਇਆਂ ਡਾ. ਜੱਗੀ ਦਾ ਕਹਿਣਾ ਹੈ ਕਿ ਸਿੱਖ ਵਾਸਤੇ ਜ਼ਰੂਰੀ ਹੈ ਕਿ ਉਸ ਨਿਸਚੇ ਨੂੰ ਡੋਲਣ ਨਾ ਦੇਵੇ ਅਤੇ ਭਰਮ ਵਿਚ ਪੈ ਕਿ ਅਪ੍ਰਮਾਣਿਕ ਬਚਨਾਂ ਤੇ ਸ਼ਰਧਾ ਨਾ ਲਿਆਵੇ। ਇਸ ਪ੍ਰਕਰਣ ਨੂੰ ਸਮਝਾਉਣ ਲਈ ਉਨ੍ਹਾਂ ਨੇ *ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ* ਪੁਸਤਕ ਵਿਚ ਵਿਚਾਰ ਪੇਸ਼ ਕੀਤੇ ਹਨ।

ਡਾ. ਰਤਨ ਸਿੰਘ ਜੱਗੀ ਦੀ ਮੱਧਕਾਲੀ ਪੰਜਾਬੀ ਵਾਰਤਕ ਵਿਚ ਵੀ ਵਰਨਣਯੋਗ ਦੇਣ ਹੈ। ਮੱਧਕਾਲੀ ਪੰਜਾਬੀ ਵਾਰਤਕ ਤੋਂ ਭਾਵ ਇਹ ਹੈ ਕਿ ਜਿਹੜੀ ਪੰਜਾਬੀ ਸਾਹਿਤ ਦੇ ਮੱਧਕਾਲ ਵਿਚ ਰਚੀ ਗਈ ਹੈ। ਇਸਦਾ ਸਮਾਂ ਵਿਦਵਾਨਾਂ ਵਲੋਂ ਸੋਲ੍ਹਵੀਂ ਸਦੀ ਹੀ ਮੰਨਿਆ ਗਿਆ ਹੈ। ਪਰ ਗੁਰੂ਼ ਨਾਨਕ ਕਾਲ (ਪੂਰਵ ਮੱਧਕਾਲ) ਵਿਚ *ਜਨਮਸਾਖੀਆਂ* ਅਤੇ ਉਨ੍ਹਾਂ ਵਿਚ ਸਮੇਟੀਆਂ ਹੋਰ ਗੱਦ ਵਿਧਾਵਾਂ ਨੂੰ ਵੇਖਿਆਂ ਸਹਿਜ ਵਿਚ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਗੁਰੂ਼ ਨਾਨਕ ਕਾਲ ਵਿਚ ਜਨਮਸਾਖੀਆਂ, ਸਾਖੀਆਂ, ਗੋਸ਼ਟਾਂ, ਪਰਮਾਰਥਾਂ ਆਦਿ ਦੇ ਰੂਪ ਵਿਚ ਸਾਹਮਣੇ ਆਇਆ।[47] ਡਾ. ਜੱਗੀ ਦੀਆਂ ਮੱਧਕਾਲੀ ਵਾਰਤਕ ਨਾਲ ਸੰਬੰਧਿਤ ਲਿਖਤਾਂ, ਪੁਸਤਕਾਂ ਤੋਂ ਇਲਾਵਾ ਵੱਖ-ਵੱਖ ਪਤ੍ਰਿਕਾਵਾਂ ਅਤੇ ਮੈਗਜ਼ੀਨਾਂ ਵਿਚ ਪ੍ਰਸਤੁਤ ਹੁੰਦੀਆਂ ਰਹੀਆਂ ਹਨ। ਡਾ. ਜੱਗੀ ਮੱਧਕਾਲੀ ਪੰਜਾਬੀ ਵਾਰਤਕ ਨੂੰ *ਜਨਮਸਾਖੀ ਪਰੰਪਰਾ, ਸਾਖੀ ਪਰੰਪਰਾ, ਟੀਕਾ ਪਰੰਪਰਾ, ਗੋਸ਼ਟਿ ਪਰੰਪਰਾ* ਆਦਿ ਦੇ ਨਾਲ-ਨਾਲ ਵਾਰਤਕ ਵੰਨਗੀਆਂ *ਹੁਕਮਨਾਮੇ,*

[47] *ਪੰਜਾਬੀ ਸਾਹਿਤ ਦਾ ਸਰੋਤ-ਮੂਲਕ ਇਤਿਹਾਸਿਕ (ਮਧਕਾਲ-3),* ਪੰ.1.

*ਉਥਾਨਕਾਵਾਂ* ਅਤੇ *ਪ੍ਰਾਣ ਸੰਗਲੀ* ਆਦਿ ਨੂੰ ਵਾਰਤਕ ਵਿਚ ਵਿਚਾਰਿਆ ਹੈ। ਡਾ. ਜੱਗੀ ਦੀਆਂ ਲਿਖਤਾਂ ਦਾ ਇਹ ਵੀ ਇਕ ਵਿਸ਼ੇਸ਼ ਪੱਖ ਹੈ ਕਿ ਉਹ ਸਭ ਤੋਂ ਪਹਿਲਾਂ ਮੱਧਕਾਲੀ ਵਾਰਤਕ ਦੀ ਪ੍ਰਮਾਣਿਕਤਾ ਨੂੰ ਸਪਸ਼ਟ ਕਰਦੇ ਹਨ। ਜਿਸ ਲਈ ਉਹ ਪ੍ਰਾਪਤ ਰਚਨਾ ਦੇ ਵੱਖਰੇ-ਵੱਖਰੇ ਤੱਥਾਂ ਦੀ ਨਿਸ਼ਾਨਦੇਹੀ ਕਰਦੇ ਹਨ। ਇਸ ਤੋਂ ਇਲਾਵਾ ਉਹ ਰਚਨਾ ਦੇ ਵਿਚਲੇ ਪ੍ਰਸੰਗਾਂ ਨੂੰ ਬਹੁਤ ਬਾਰੀਕਬੀਨੀ ਨਾਲ ਕਾਲਗਤ ਵੇਰਵਿਆਂ ਨੂੰ ਪਾਠਕ ਅੱਗੇ ਰੱਖਦੇ ਹਨ। ਡਾ. ਜੱਗੀ ਪੁਰਾਤਨ *ਜਨਮਸਾਖੀ, ਮਿਹਰਬਾਨ ਜਨਮਸਾਖੀ, ਬਾਲਾ ਜਨਮਸਾਖੀ, ਮਨੀ ਸਿੰਘ ਜਨਮਸਾਖੀ, ਮੱਕੇ ਮਦੀਨੇ ਦੀ ਗੋਸ਼ਟਿ, ਅਜਿਤੇ ਰੰਧਾਵੇ ਦੀ ਗੋਸ਼ਟਿ, ਨਿਰੰਕਾਰ ਨਾਲ ਗੋਸ਼ਟਿ, ਬੁਢਣ ਸ਼ਾਹ ਨਾਲ ਗੋਸ਼ਟਿ, ਗੋਰਖ ਨਾਥ ਨਾਲ ਗੋਸ਼ਟਿ* ਅਤੇ ਹੋਰਨਾਂ ਸਰੋਤਾਂ ਤੱਕ ਪਹੁੰਚ ਕਰਦਿਆਂ ਲਿਖਦੇ ਹਨ ਕਿ 'ਮੱਧਕਾਲੀ ਪੰਜਾਬੀ ਵਾਰਤਕ ਅੰਦਰਲੇ ਪ੍ਰਮਾਣਾਂ ਵਿਚੋਂ ਸਭ ਤੋਂ ਆਧਾਰ-ਭੂਤ ਪ੍ਰਮਾਣ ਇਸ ਦੀ ਭਾਸ਼ਾ ਹੈ। ਇਸ ਭਾਸ਼ਾ ਨੂੰ ਧਿਆਨ ਨਾਲ ਪੜ੍ਹਿਆ ਗਿਆਤ ਹੁੰਦਾ ਹੈ ਕਿ ਇਸ ਦੀ ਬੋਲੀ ਪੱਛਮੀ ਪੰਜਾਬ ਦੀ ਹੈ। ਇਸ ਬੋਲੀ ਦੀਆਂ ਕਈ ਉਪ-ਬੋਲੀਆਂ ਹਨ ਜਿਵੇਂ : ਪੋਠੋਹਾਰੀ, ਅਵਾਣਕਾਰੀ, ਝਾਂਗੀ ਅਤੇ ਮੁਲਤਾਨੀ ਆਦਿ।'[48] ਮੱਧਕਾਲੀ ਵਾਰਤਕ ਵਿਚ ਬਹੁਤਾਤ ਦੰਦ-ਕਥਾਵਾਂ, ਲੋਕ-ਕਥਾਵਾਂ, ਮਿੱਥਾਂ ਆਦਿ ਪੜ੍ਹਨ ਵਾਸਤੇ ਮਿਲਦੀਆਂ ਹਨ। ਜਿਸ ਸਦਕਾ ਕਈ ਲੋਕਧਾਰਾਈ ਤੱਥ ਦ੍ਰਿਸ਼ਟੀਗੋਚਰ ਹੁੰਦੇ ਹਨ। ਡਾ. ਜੱਗੀ ਨੇ ਇਨ੍ਹਾਂ ਕਥਾਵਾਂ ਨੂੰ ਗਹਿਰ-ਗੰਭੀਰ ਦ੍ਰਿਸ਼ਟੀ ਨਾਲ ਪਰਖਦਿਆਂ ਵਰਣਿਤ ਲੋਕਧਾਰਾਈ ਤੱਥਾਂ ਨੂੰ ਕਰਤਾ ਦੀ ਰਚਨਾ-ਦ੍ਰਿਸ਼ਟੀ ਦਾ ਹੀ ਅੰਗ ਮੰਨਿਆਂ ਹੈ। ਉਨ੍ਹਾਂ ਨੇ ਇਨ੍ਹਾਂ ਕਥਾਵਾਂ ਨੂੰ ਸਿਰਜਣ-ਪ੍ਰਕਿਰਿਆ ਦੀ ਪਰੰਪਰਾ ਨੂੰ ਲੋਕ-

---

[48] *ਪੁਰਾਤਨ ਪੰਜਾਬੀ ਵਾਰਤਕ: ਵਿਕਾਸ ਅਤੇ ਵਿਸ਼ਲੇਸ਼ਣ,* ਪੰ. 25.

ਸਾਹਿਤ ਅਤੇ ਲੋਕ-ਧਰਮ ਵਿਚੋਂ ਉਪਜੀ ਸਵੀਕਾਰਦੇ ਹਨ।ਇਨ੍ਹਾਂ ਕਥਾਵਾਂ ਵਿਚ ਸੰਮਿਲਤ ਲੋਕਪ੍ਰਿਯਤਾ ਸਮਕਾਲੀ ਸਾਹਿਤ ਲਈ ਪ੍ਰੇਰਣਾ ਸਰੋਤ ਵੀ ਹੈ। ਡਾ. ਜੱਗੀ ਅਨੁਸਾਰ 'ਅਸਲ ਵਿਚ ਮਨੁੱਖ ਜਾਤੀ ਦੇ ਇਤਿਹਾਸ ਦਾ ਵਿਕਾਸ ਇਨ੍ਹਾਂ ਦੰਤ ਕਥਾਵਾਂ ਤੋਂ ਆਪਣਾ ਆਕਾਰ ਗ੍ਰਹਿਣ ਕਰਦਾ ਆਇਆ ਹੈ। ਸ਼ੁੱਧ ਇਤਿਹਾਸਕ ਦ੍ਰਿਸ਼ਟੀਕੋਣ ਤਾਂ ਮਨੁੱਖ ਮਸਤਕ ਦੀ ਬੜੀ ਬਾਦ ਦੀ ਉਦਭਾਵਨਾ ਹੈ।'[49] ਇਸ ਤੋਂ ਇਲਾਵਾ ਡਾ. ਜੱਗੀ ਇਨ੍ਹਾਂ ਮੱਧਕਾਲੀ ਸਾਹਿਤਕ ਰਚਨਾਵਾਂ ਦੀ ਪਰਖ ਯੋਜਨਾਮਈ ਤਰੀਕੇ ਨਾਲ ਕਰਦੇ ਹਨ। ਉਹ ਵਿਚਲੇ ਪਾਠ ਨੂੰ ਕਲਾਤਮਕ, ਕਾਲਕ੍ਰਮਕ, ਗਿਣਾਤਮਕ, ਗੁਣਾਤਮਕ ਅਤੇ ਰੂਪ ਦੇ ਪੱਧਰ ਤੇ ਤੁਲਨਾਤਮਕ ਵਿਧੀ ਰਾਹੀਂ ਵੇਖਦੇ ਹਨ।*ਪੁਰਾਤਨ ਜਨਮਸਾਖੀ* ਨੂੰ ਮੱਧਕਾਲੀ ਪੰਜਾਬੀ ਵਾਰਤਕ ਦੇ *ਜਨਮਸਾਖੀ* ਸਾਹਿਤ ਵਿਚ ਸਵੀਕਾਰ ਕੀਤਾ ਜਾਂਦਾ ਹੈ। ਇਹ ਮਨੌਤ ਹੈ ਕਿ ਇਸ ਤੋਂ ਉਪਰੰਤ *ਭਗਤ ਕਬੀਰ, ਭਗਤ ਰਵਿਦਾਸ, ਸੋਢੀ ਮਿਹਰਬਾਨ, ਬਾਲਾ ਜਨਮਸਾਖੀ, ਜਨਮਸਾਖੀ ਭਾਈ ਮਨੀ ਸਿੰਘ, ਹੰਦਾਲ ਦੀਆਂ ਜਨਮਸਾਖੀਆਂ* ਅਤੇ *ਸਿੱਖਾਂ ਦੀ ਭਗਤਮਾਲਾ* ਆਦਿ ਹੋਰ ਰਚਨਾਵਾਂ ਦੀ ਰਚਨਾ ਹੋਈ। ਇਉਂ ਡਾ. ਜੱਗੀ ਬੁਨਿਆਦੀ ਅਰਥਾਂ ਦੇ ਆਧਾਰਿਤ *ਪੁਰਾਤਨ ਜਨਮਸਾਖੀ* ਅਤੇ *ਬਾਲੇ ਵਾਲੀ ਜਨਮਸਾਖੀ* ਦਾ ਤੁਲਨਾਤਮਕ ਅਧਿਐਨ ਕਰਦੇ ਕਹਿੰਦੇ ਹਨ ਪੂਰਵਵਰਤੀ ਪੁਰਾਤਨ ਜਨਮਸਾਖੀ ਵਿਚ ਗੁਰੂ ਨਾਨਕ ਦਾ ਜਨਮ ਵਿਸਾਖ ਮਹੀਨੇ ਵਿਚ ਮੰਨਿਆ ਗਿਆ ਹੈ ਅਤੇ ਇਸ ਕੱਤਕ ਮਹੀਨਾ ਹੈ।ਇਸ ਜਨਮਸਾਖੀ ਵਿਚ ਪਹਿਲੀਆਂ ਜਨਮਸਾਖੀਆਂ ਨਾਲੋਂ ਬਹੁਤ ਅਧਿਕ ਮਾਤ੍ਰਾ ਵਿਚ ਘਟਨਾਵਾਂ ਦੀਆਂ ਤਿਥੀਆਂ ਦਿੱਤੀਆਂ ਹੋਈਆਂ ਹਨ ਇਸ ਵਿਚ 50 ਅਜਿਹੀਆਂ

---

[49] 'ਜਨਮਸਾਖੀ ਵਿਚ ਗੁਰੂ ਨਾਨਕ ਦੇਵ ਜੀ ਦਾ ਚਰਿਤ੍ਰ', *ਜਨਮਸਾਖੀ ਅਧਿਐਨ,* (ਸੰਪਾ.) ਕਿਰਪਾਲ ਸਿੰਘ ਕੋਮਲ, ਪੰ. 13.

ਸਾਖੀਆਂ ਮਿਲਦੀਆਂ ਹਨ, ਜੋ ਨ ਸਤੁੰਤਰ ਰੂਪ ਵਿਚ ਅਤੇ ਨ ਹੀ ਗੌਣ ਰੂਪ ਵਿਚ ਪੂਰਵ-ਵਰਤੀ ਜਨਮਸਾਖੀਆਂ ਵਿਚ ਮਿਲਦੀਆਂ ਹਨ।'[50] ਇਸ ਪ੍ਰਕਾਰ ਉਨ੍ਹਾਂ ਦੀ ਰਚਨਾ ਦਾ ਇਹ ਵਿਸ਼ੇਸ਼ ਪਹਿਲੂ ਅੰਤਰਪਾਠੀ ਤੁਲਨਾਤਮਕ ਵਿਧੀ ਵਾਲਾ ਹੈ। ਮੱਧਕਾਲੀ ਵਾਰਤਕ ਦੀਆਂ ਵਿਭਿੰਨ ਵਿਧਾਵਾਂ ਅਤੇ ਪਾਠਾਂ ਵਿਚਲੇ ਵਿਭਿੰਨ ਬ੍ਰਿਤਾਤਾਂ ਨੂੰ ਡਾ. ਜੱਗੀ ਨੇ ਉਸੇ ਸੰਦਰਭ ਵਿਚ ਵਿਚਾਰ ਦਾ ਵਿਸ਼ਾ ਬਣਾਇਆ ਹੈ, ਜਿਥੋਂ ਉਹ ਬ੍ਰਿਤਾਂਤ ਆਪਣੀ ਹੋਂਦ ਗ੍ਰਹਿਣ ਕਰਦੇ ਹਨ। ਮੱਧਕਾਲੀ ਵਾਰਤਕ ਸਾਹਿਤ ਦੇ ਸਾਖੀ ਰੂਪ *ਸਿੱਖਾਂ ਦੀ ਭਗਤ ਮਾਲਾ* ਦਾ ਅਧਿਐਨ ਕਰਦਿਆਂ ਕਹਿੰਦੇ ਹਨ 'ਸਿੱਖਾਂ ਦੀ ਭਗਤ ਮਾਲਾ ਇਕ ਪ੍ਰਚਾਰਤਮਕ ਕ੍ਰਿਤੀ ਹੈ ਜਿਸ ਵਿਚ ਸਿੱਖੀ ਦੇ ਸਰੂਪ ਦਾ ਵਿਸ਼ਲੇਸ਼ਣ ਭਾਈ ਗੁਰਦਾਸ ਦੀ ਯਾਰਵੀਂ ਵਾਰ ਦੇ ਸੰਦਰਭ ਵਿਚ ਕੀਤਾ ਗਿਆ ਹੈ। ਇਹ ਸਰੂਪ ਕਿਸੇ ਸਾਸ਼ਤ੍ਰੀ ਢੰਗ ਨਾਲ ਨਹੀਂ ਸਗੋਂ ਸਿੱਖਾਂ ਦੇ ਜੀਵਨ, ਉਨ੍ਹਾਂ ਦੀਆਂ ਜਿਗਿਆਸਾਵਾਂ, ਅਧਿਆਤਮਿਕ ਖੇਤਰ ਵਿਚ ਵਾਪਰਨ ਵਾਲੀਆਂ ਸਮਸਿਆਵਾਂ ਸੰਬੰਧੀ ਪੁੱਛਾਂ ਦੇ ਪ੍ਰਸੰਗ ਵਿਚ ਕੀਤਾ ਗਿਆ ਹੈ।'[51] ਇਸ ਪ੍ਰਕਾਰ ਡਾ. ਜੱਗੀ ਬ੍ਰਿਤਾਂਤ ਸ਼ੈਲੀ ਦੇ ਸਰੂਪ ਨੂੰ ਰਚਨਾ ਦੇ ਅੰਦਰੂਨੀ ਪ੍ਰਮਾਣਿਕ ਪ੍ਰਸੰਗਾਂ 'ਤੇ ਆਧਾਰਿਤ ਹੀ ਪੇਸ਼ ਕਰਦੇ ਹਨ। ਉਨ੍ਹਾਂ ਦੀ ਖੋਜ ਧਾਰਾ ਸ਼ਾਬਦਿਕ ਸੰਕਲਪਾਂ ਦੁਆਰਾ ਵਿਚਾਰਾਂ ਨੂੰ ਪੇਸ਼ ਕਰਨ ਦੀ ਵਿਧੀ ਇਤਿਹਾਸਕ ਤੱਥਾਂ ਦੀ ਪੁਸ਼ਟੀ ਲਈ ਮੁੱਲਵਾਨ ਹੈ। ਇਸ ਤੋਂ ਇਲਾਵਾ ਡਾ. ਜੱਗੀ ਭਾਰਤੀ ਕਾਵਿ-ਸ਼ਾਸਤਰ ਅਨੁਸਾਰ ਪਰਖਦਿਆਂ ਅਧਿਐਨ ਕਰਦੇ ਕਹਿੰਦੇ ਹਨ 'ਕਥਾਤਮਕ, ਵਿਵਰਣਾਤਮਕ, ਵਰਣਾਤਮਕ,

---

[50] *ਪੁਰਾਤਨ ਪੰਜਾਬੀ ਵਾਰਤਕ: ਵਿਕਾਸ ਅਤੇ ਵਿਸ਼ਲੇਸ਼ਣ,* ਪੰ. 123.

[51] *ਪੁਰਾਤਨ ਪੰਜਾਬੀ ਵਾਰਤਕ: ਵਿਕਾਸ ਅਤੇ ਵਿਸ਼ਲੇਸ਼ਣ,* ਪੰ. 210.

ਵਿਆਖਿਆਤਮਕ, ਪ੍ਰਸ਼ੋਨਤਰੀ ਆਦਿ ਅਨੇਕ ਪ੍ਰਕਾਰ ਦੀਆਂ ਸ਼ੈਲੀਆਂ ਦੀ ਵਰਤੋਂ ਪੁਰਾਤਨ ਵਾਰਤਕ ਵਿਚ ਮਿਲ ਜਾਂਦੀ ਹੈ,ਅਰਬੀ-ਫਾਰਸੀ ਦੀ ਸ਼ਬਦਾਵਲੀ ਵੀ ਵਰਤੀ...ਲਹਿੰਦੀ ਬੋਲੀ ਦੀ ਵਰਤੋਂ ਪ੍ਰਤਿ ਝੁਕਾ ਪੁਰਾਤਨ ਵਾਰਤਕ ਵਿਚ ਸਰਵਤ੍ਰ ਵੇਖਿਆ ਜਾ ਸਕਦਾ ਹੈ....ਵਿਭਕਤੀਆਂ ਅਤੇ ਵਾਧੂ ਲਗਾਂ ਮਾਤ੍ਰਾਵਾਂ ਦੀ ਵਰਤੋਂ...ਹਿੰਦੀਵੀ/ਸਾਧ ਭਾਖਾ ਦਾ ਇਸ ਵਰਤਕ ਉਤੇ ਪ੍ਰਭਾਵ ਹੈ।'[52] ਡਾ. ਜੱਗੀ ਇਨ੍ਹਾਂ ਰਚਨਾਵਾਂ ਵਿਚ ਸਮੋਈਆਂ ਹੋਈਆਂ ਵਿਹਾਰਕ ਵਿਸ਼ੇਸ਼ਤਾਈਆਂ ਪ੍ਰਤਿ ਜੋ ਧਾਰਨਾ ਬਣਾਉਂਦੇ ਹਨ, ਉਨ੍ਹਾਂ ਨੂੰ ਉਹ ਭਾਰਤੀ ਕਾਵਿ-ਸ਼ਾਸਤਰੀ ਵਿਧੀ ਦੇ ਤੱਤਾਂ ਦੇ ਆਧਾਰਿਤ ਭਾਰਤੀ-ਦਰਸ਼ਨ ਅਤੇ ਸਾਮੀ ਦਰਸ਼ਨ ਦੀ ਸੰਸਕ੍ਰਿਤਕ ਸ਼ਬਦਾਵਲੀ ਵਿਚੋਂ ਸਿਰਜੀਆਂ ਮੰਨਦੇ ਹਨ। ਡਾ. ਜੱਗੀ ਇਨ੍ਹਾਂ ਰਚਨਾਵਾਂ ਦੀਆਂ ਅਗਾਹ-ਵਧੂ ਸੰਭਾਵਨਾਵਾਂ ਦੇ ਅਧਿਐਨ ਦੁਆਰਾ ਸਿਰਜਨਾਤਮਕ ਪਹੁੰਚ ਨੂੰ ਹੋਰ ਸੰਚਾਰਦੇ ਹਨ। ਇਉਂ ਡਾ. ਜੱਗੀ ਇਸ ਸੰਚਾਰਤਾ ਨੂੰ ਸ਼ੈਲੀ ਸੰਬੰਧੀ ਬਣਾਈ ਮੌਲਿਕ ਧਾਰਣਾ ਰਾਹੀਂ ਸਪਸ਼ਟ ਕਰਦੇ ਕਹਿੰਦੇ ਹਨ ਕਿ 'ਮਨੁੱਖੀ ਜੀਵਨ ਦੇ ਵਿਕਾਸ ਕ੍ਰਮ ਵਿਚ ਅਨੁਭਵ ਦੀ ਪਹਿਲੀ ਥਾਂ ਹੈ, ਪਰ ਵਿਕਾਸ ਦੇ ਦੂਜੇ ਪੜਾ ਤੇ ਚਿੰਤਨ ਆਪਣੀ ਧਾਕ ਜਮਾਂਦਾ ਹੈ।ਚੇਤਨਾ ਦੇ ਇਹੀ ਦੋ ਰੂਪ ਆਪਣੇ ਕ੍ਰਮਕ ਅਤੇ ਅਧਾਰਗਤ ਭੇਦਾਂ ਕਾਰਣ ਅਭਿਵਿਅਕਤੀ ਦੇ ਖੇਤਰ ਵਿਚ ਸ਼ੈਲੀ ਸੰਬੰਧੀ ਭੇਦਾਂ ਦੀ ਸਥਾਪਨਾ ਕਰਦੇ ਹਨ।'[53]

ਡਾ. ਜੱਗੀ ਮੂਲ ਪਾਠਾਂ ਦੇ ਵਿਸ਼ਲੇਸ਼ਣ ਦੇ ਨਾਲ-ਨਾਲ ਤੁਲਨਾਤਮਕ ਅਧਿਐਨ ਵਿਧੀ

---

[52] *ਪੂਰਵ ਅੰਕਿਤ,* ਪੰ. 347.

[53] *ਪੰਜਾਬੀ ਸਾਹਿਤ ਦਾ ਸਰੋਤ-ਮੂਲਕ ਇਤਿਹਾਸਿਕ (ਮਧਕਾਲ-3),* ਪੰ.90.

ਰਾਹੀਂ ਆਪਣੇ ਤੋਂ ਪੂਰਵਲੇ ਅਤੇ ਸਮਕਾਲੀ ਵਿਦਵਾਨਾਂ ਦੇ ਵਿਚਾਰ ਵੀ ਪੇਸ਼ ਕਰਦੇ ਹੋਏ ਤਰਕਮਈ ਬੁੱਧੀ ਨਾਲ ਸਵੀਕਾਰਦੇ ਅਤੇ ਰੱਦ ਕਰਦੇ ਹਨ। ਇਉਂ ਉਨ੍ਹਾਂ ਵਲੋਂ ਅਪਣਾਇਆ ਹੋਇਆ ਮੂਲ ਪਾਠਾਂ ਅਤੇ ਆਲੋਚਨਾਤਮਕ ਕਾਰਜਾਂ ਨੂੰ ਪਾਰਦਸ਼ਤਾ ਦੀ ਵਿਗਿਆਨਕ ਵਿਧੀ ਰਾਹੀਂ ਪਰਖਣ ਦਾ ਇਕ ਸਾਰਥਕ ਤਰੀਕਾ ਹੈ। ਇਉਂ ਡਾ. ਜੱਗੀ ਨੇ ਮੱਧਕਾਲੀ ਪੰਜਾਬੀ ਵਾਰਤਕ ਵਿਧਾਵਾਂ ਨੂੰ ਨਿਰਪੇਖ-ਆਦਰਸ਼ਮਈ ਰਚਨਾ ਸਮਝਣ ਦੀ ਥਾਂ ਬਹੁ-ਦਿਸ਼ਾਵੀ ਅਤੇ ਬਹੁ-ਪਾਸਾਰੀ ਅਰਥਾਂ ਵਿਚ ਗ੍ਰਹਿਣ ਕਰਨ ਦੀ ਦੱਸ ਪਾਈ।ਉਨ੍ਹਾਂ ਦੀ ਖੋਜ ਮੱਧਕਾਲੀ ਪੰਜਾਬੀ ਵਾਰਤਕ ਸਾਹਿਤ ਦੇ ਮੁਢਲੇ ਸਰੋਤਾਂ ਅਤੇ ਇਤਿਹਾਸ ਲਈ ਉਸਾਰੂ ਖੋਜ ਰੁਚੀ ਨੂੰ ਉਤਸ਼ਾਹਿਤ ਕਰਦੀ ਹੈ।

ਧਰਮ ਅਤੇ ਸਮਾਜ ਮਾਨਵਤਾ ਦੇ ਦੋ ਵਿਸ਼ੇਸ਼ ਅੰਗ ਹਨ। ਸਾਹਿਤਕਾਰ ਆਪਣੇ ਸਮੇਂ ਦੀ ਸਮਾਜਿਕ ਦਸ਼ਾ ਤੋਂ ਚੇਤੰਨ ਰਹਿੰਦਾ ਹੈ। ਡਾ. ਜੱਗੀ ਨੇ ਸਮਾਜਿਕ ਕੁਰੀਤੀਆਂ ਤੋਂ ਸਮਾਜ ਨੂੰ ਮੁਕਤ ਕਰਾਉਣ ਦੀ ਕੋਸ਼ਿਸ਼ ਕੀਤੀ। ਕਿਉਂਕਿ ਸਮਾਜ ਨੂੰ ਨਸ਼ਿਆਂ, ਵਹਿਮਾਂ-ਭਰਮਾਂ, ਫਜ਼ੂਲ ਕਰਮਕਾਂਡਾਂ ਤੋਂ ਮੁਕਤ ਕਰਾਉਣ ਲਈ ਅੱਜ ਵੀ ਉਤਨੀ ਹੀ ਜ਼ਰੂਰਤ ਹੈ, ਜਿਤਨੀ ਲੋੜ ਗੁਰਮਤਿ ਸਾਹਿਤ ਦੇ ਆਰੰਭ ਵੇਲੇ ਸੀ। ਡਾ. ਜੱਗੀ ਨੇ ਕਈ ਇਤਿਹਾਸਕ ਤੱਥਾਂ ਨੂੰ ਸਾਹਮਣੇ ਲਿਆਉਣ ਦਾ ਯਤਨ ਕੀਤਾ। ਉਹ ਖੋਜ ਅਤੇ ਵਿਚਾਰ ਦੁਆਰਾ ਇਸ ਸਿੱਟੇ ਤੇ ਪਹੁੰਚਦੇ ਹਨ ਕਿ ਸਾਨੂੰ ਆਪਣਾ ਇਤਿਹਾਸ ਅਤੇ ਰਹਿਤਨਾਮੇ ਆਦਿ ਪੁਸਤਕਾਂ ਦਾ ਗੁਰਬਾਣੀ ਨਾਲ ਟਾਕਰਾ ਕਰਕੇ ਸੱਚ ਝੂਠ ਦਾ ਨਿਤਾਰਾ ਕਰ ਲੈਣਾ ਚਾਹੀਦਾ ਹੈ। ਇਸ ਤਰ੍ਹਾਂ ਅਸੀਂ ਆਪਣਾ ਇਤਿਹਾਸ ਅਤੇ ਰਹਿਤਨਾਮੇ ਸੋਧ ਕੇ ਸਿੱਖ ਧਰਮ ਦੇ ਨਿਯਮਾਂ ਦਾ ਸੱਚਾ ਪ੍ਰਚਾਰ ਕਰ ਸਕਦੇ ਹਾਂ। ਡਾ.

ਜੱਗੀ ਦੀਆਂ ਲਿਖਤਾਂ ਨੂੰ ਲੈ ਕਿ ਉਨ੍ਹਾਂ ਦੇ ਵਿਰੋਧੀਆਂ ਵਲੋਂ ਉਨ੍ਹਾਂ ਦੀ ਬਹੁਤ ਨਿੰਦਾ ਹੋਈ, ਅਖਬਾਰਾਂ ਵਿਚ ਉਨ੍ਹਾਂ ਦੇ ਵਿਰੁੱਧ ਬਹੁਤ ਕੁਝ ਲਿਖਿਆ ਗਿਆ ਪਰ ਉਨ੍ਹਾਂ ਤੇ ਕੋਈ ਅਸਰ ਨਾ ਹੋਇਆ।ਕਿਉਂਕਿ ਦੂਜੇ ਪਾਸੇ ਉਨ੍ਹਾਂ ਦੇ ਹਿਤੈਸ਼ੀ, ਸਮਕਾਲੀ ਵਿਦਵਾਨਾਂ ਨੇ ਉਨੇ ਹੀ ਜ਼ੋਰ ਨਾਲ ਕਿਹਾ ਕਿ ਉਨ੍ਹਾਂ ਦੀਆਂ ਲਿਖਤਾਂ ਗੁਰਮਤਿ ਨਾਲ ਭਰਪੂਰ ਹਨ।

ਅਜੋਕੇ ਦੌਰ ਵਿਚ ਵਿਆਖਿਆਕਾਰਾਂ ਵਿਚ ਆਪਣੀ ਮੱਤ ਅਨੁਸਾਰ ਪੂਰਵ-ਕਲਪਿਤ ਮਨੌਤਾਂ ਅਨੁਸਾਰ ਵਿਆਖਿਆਕਾਰੀ ਕਰਨ ਦਾ ਰੁਝਾਣ ਕਾਫ਼ੀ ਵਧਿਆ ਹੈ। ਪਰ ਡਾ. ਜੱਗੀ ਨੇ ਗੁਰਮਤਿ ਸਿਧਾਂਤਾਂ ਦਾ ਵਿਲੱਖਣ ਰੂਪ ਨਿਰਧਾਰਤ ਕਰਨ ਲਈ ਕੁਝ ਆਧਾਰਭੂਤ ਧਾਰਨਾਵਾਂ ਮੁੱਖ ਰੱਖੀਆਂ ਹਨ। ਜਿਵੇਂ ਕਿ ਸਿੱਖ ਧਰਮ ਸਦੀਵਕਾਲੀ ਹੈ ਇਸ ਲਈ ਹਰ ਸਮੇਂ ਗੁਰਮਤਿ ਸਿਧਾਤਾਂ ਦੀ ਪੁਨਰ ਵਿਆਖਿਆ ਹੋਣੀ ਚਾਹੀਦੀ ਹੈ। ਇਸ ਸੰਦਰਭ ਵਿਚ ਡਾ. ਜੱਗੀ ਨੇ ਨਵ-ਜਾਗ੍ਰਿਤੀ ਅਨੁਸਾਰ ਗੁਰਮਤਿ ਸਿਧਾਂਤਾਂ ਦੀ ਪੁਨਰ ਸਥਾਪਤੀ ਅਤੇ ਨਵ-ਵਿਆਖਿਆ ਦੀ ਲੋੜ ਨੂੰ ਸਮਝਿਆ ਹੈ। ਗੁਰਬਾਣੀ ਵਿਚ ਗੁਰਮਤਿ ਸਿਧਾਂਤ ਨੂੰ ਬਾਣੀਕਾਰਾਂ ਨੇ ਕੇਵਲ ਦਰਸ਼ਨ ਦੇ ਰੂਪ ਵਿਚ ਹੀ ਨਿਰੂਪਣ ਨਹੀਂ ਕੀਤਾ ਬਲਕਿ ਇਹ ਤਾਂ ਅਨੁਭਵੀ ਬਚਨਾਂ ਦਾ ਵਗਦਾ ਹੋਇਆ ਦਰਿਆ ਹੈ। ਡਾ. ਜੱਗੀ ਕਹਿੰਦੇ ਹਨ ਕਿ 'ਗੁਰੂ ਨਾਨਕ ਦਾ ਵਿਅਕਤਿਤਵ ਇਕ ਅਦਭੁਤ ਵਿਅਕਤਿਤਵ ਸੀ। ਉਹ ਨਬੀ ਵੀ ਸਨ ਤੇ ਲੋਕ-ਨਾਇਕ ਵੀ, ਉਹ ਸਾਧਕ ਵੀ ਸਨ ਤੇ ਉਪਦੇਸ਼ਕ ਵੀ, ਉਹ ਸ਼ਾਇਰ ਵੀ ਸਨ ਤੇ ਢਾਢੀ ਵੀ, ਉਹ ਗਾਇਕ ਵੀ ਸਨ ਅਤੇ ਸੈਲਾਨੀ ਵੀ। ਉਨ੍ਹਾਂ ਦੀ ਸਾਧਨਾ ਵਿਚ ਅਪਾਰ ਸ਼ਕਤੀ ਸੀ। ਸੰਸਕ੍ਰਿਤਿਕ ਪ੍ਰਭਾਵ ਦੇ ਉਮਡੇ ਹੋਏ ਵਿਰਾਟ ਹੜ ਨੂੰ ਉਨ੍ਹਾਂ ਨੇ ਆਪਣੀ ਭੁਜਾ ਉਠਾ ਕੇ ਰੋਕ ਦਿੱਤਾ, ਸਾਰੇ ਦੇਸ਼ ਵਾਸੀਆਂ ਦੇ ਚਿੰਤਨ ਦਾ ਢੰਗ ਹੀ

ਬਦਲ ਦਿੱਤਾ। ਇਤਨੇ ਮਹਾਨ ਯੁਗ ਪ੍ਰਵਰਤਕ ਨੂੰ ਜਾਨਣ ਅਤੇ ਸਮਝਣ ਲਈ ਹੋਰਨਾਂ ਸਾਰਿਆਂ ਸਰੋਤਾਂ ਤੋਂ ਅਧਿਕ ਮਹੱਤਵਪੂਰਣ ਅਤੇ ਵਿਸ਼ਵਸਤ ਸਰੋਤ ਉਨ੍ਹਾਂ ਦੀ ਬਾਣੀ ਅਥਵਾ ਕਾਵਿ ਸਾਧਨਾ ਹੈ। ਫਲਸਰੂਪ, ਗੁਰੂ ਨਾਨਕ ਨੂੰ ਸਹੀ ਰੂਪ ਵਿਚ ਸਮਝਣ ਲਈ ਉਨ੍ਹਾਂ ਦੇ ਵਿਚਾਰਾਂ ਦਾ ਉਚਿਤ ਬੋਧ ਪ੍ਰਾਪਤ ਕਰਨਾ ਅਤਿਅੰਤ ਆਵੱਸ਼ਕ ਹੈ।'[54]

ਧਰਮ ਅਤੇ ਅਧਿਆਤਮ ਚਿਰ-ਕਾਲ ਤੋਂ ਹੀ ਜਗਿਆਸੂਆਂ ਨੂੰ ਪ੍ਰਭਾਵਿਤ ਕਰਦੇ ਆਏ ਹਨ। ਅਜੋਕੇ ਸਮੇਂ ਵਿਚ ਵੀ ਲੋਕਾਈ ਤੇ ਇਨ੍ਹਾਂ ਦਾ ਸਾਰਥਕ ਪ੍ਰਭਾਵ ਹੈ, ਜੋ ਮਨੁੱਖ ਨੂੰ ਭਾਵਨਾਤਮਕ ਅਤੇ ਬੌਧਿਕ ਤੌਰ ਤੇ ਹਲੂਣਾ ਦਿੰਦਾ ਹੈ। ਧਰਮ ਅਤੇ ਅਧਿਆਤਮ ਜਗਤ ਨਾਲ ਸੰਬੰਧਿਤ ਵਿਸ਼ਿਆਂ ਦਾ ਨਿਰੂਪਣ ਕਰਨਾ ਵੀ ਡਾ. ਜੱਗੀ ਦੀ ਵਿਸ਼ੇਸਤਾ ਹੈ। ਇਸ ਤੋਂ ਉਨ੍ਹਾਂ ਦੇ ਮੂਲ ਆਸ਼ੇ ਦਾ ਪਤਾ ਲਗਦਾ ਹੈ ਕਿ ਉਹ ਵਿਅਕਤੀ ਨਿਰਮਾਣ ਲਈ ਸਦਾਚਾਰਕ ਪੱਖ ਦੀ ਵਿਸ਼ੇਸ਼ਤਾ ਨੂੰ ਉਘਾੜਦੇ ਹਨ। ਡਾ. ਜੱਗੀ ਨੇ ਅਧਿਆਤਮ ਜਗਤ ਦੇ ਵਿਸ਼ੇਸ਼ ਪਹਿਲੂਆਂ ਜਿਵੇਂ ਗੁਰਮੁਖ ਜੀਵਨ, ਮੂਲ ਮੰਤਰ ਦਾ ਸਰੂਪ, ਮਨੁੱਖਾ ਜਨਮ, ਕਰਮ ਸਿਧਾਂਤ, ਸਾਧ ਸੰਗਤਿ, ਕੀਤਰਨ, ਸੇਵਾ, ਹਉਮੈ, ਹੁਕਮ, ਪ੍ਰਭੂ ਭੈ, ਸੰਤੋਖ, ਮਾਇਆ, ਖਾਲਸਾ, ਮਨ ਅਤੇ ਜਾਤ ਆਦਿ ਬਾਰੇ ਵਿਚਾਰ ਕੀਤੀ ਗਈ ਹੈ। ਗੁਰੂ ਨਾਨਕ ਦੇਵ, ਗੁਰੂ ਅਮਰਦਾਸ, ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚਲੇ ਪ੍ਰਮੁੱਖ ਵਿਸ਼ੇ ਵੀ ਛੋਹੇ ਗਏ ਹਨ। ਇਨ੍ਹਾਂ ਲੇਖਾਂ ਵਿਚ ਉਨ੍ਹਾਂ ਨੇ ਡੂੰਘੇ ਅਧਿਆਤਮਕ ਭੇਦਾਂ ਨੂੰ ਖੋਲਣ ਦਾ ਸਫ਼ਲਤਾ ਪੂਰਕ ਯਤਨ ਕੀਤਾ ਹੈ। ਉਨ੍ਹਾਂ ਦਾ ਵਿਸ਼ੇ-ਖੇਤਰ ਵਿਸ਼ਾਲ ਅਤੇ ਵਿਸ਼ੇਸ਼ਗ-ਬ੍ਰਿਤੀ ਵਾਲਾ ਹੈ। ਇਨ੍ਹਾਂ ਲੇਖਾਂ ਦੇ ਅਧਿਐਨ ਤੋਂ ਪਤਾ

[54] *ਗੁਰੂ ਨਾਨਕ ਦੀ ਵਿਚਾਰਧਾਰਾ,* ਪੰ.10.

ਲਗਦਾ ਹੈ ਕਿ ਉਹ ਚੁਣੇ ਹੋਏ ਵਿਸ਼ੇ ਦੀ ਤਹਿ ਤੱਕ ਜਾਂਦੇ ਹਨ। ਇਨ੍ਹਾਂ ਪਰੰਪਰਾਗਤ ਵਿਸ਼ਿਆਂ ਵਿਚ ਵੀ ਉਨ੍ਹਾਂ ਨੇ ਮੌਲਿਕਤਾ ਅਤੇ ਪ੍ਰਭਾਵ ਨੂੰ ਬਣਾ ਕੇ ਰੱਖਿਆ ਹੈ। ਇਸ ਪੁਸਤਕ ਵਿਚ ਗੁਰਬਾਣੀ ਦੀਆਂ ਤੁਕਾਂ ਤੇ ਵੀ ਲੇਖ ਉਸਾਰੇ ਗਏ ਹਨ, ਜਿਨ੍ਹਾਂ ਦਾ ਸੰਬੰਧ ਮਨੁੱਖ ਦੀ ਸੁਚੱਜੀ ਜੀਵਨ-ਜਾਂਚ ਨਾਲ ਹੈ। ਇਸ ਰਚਨਾ ਵਿਚ ਉਨ੍ਹਾਂ ਨੇ ਉਸਾਰੂ ਸੇਧ ਦਿੱਤੀ ਹੈ। ਇਸ ਪੁਸਤਕ ਵਿਚ ਭਾਵੇਂ ਕੁਝ ਵਿਸ਼ੇ ਇਕੋ ਜਿਹੇ ਵੀ ਹਨ ਪਰ ਇਸ ਰਚਨਾ ਤੋਂ ਉਨ੍ਹਾਂ ਦੇ ਵਿਸ਼ਾਲ ਗਿਆਨ ਅਤੇ ਉਨ੍ਹਾਂ ਦੇ ਨਿਰੰਤਰ ਚਿੰਤਨਸ਼ੀਲ ਮਨ ਦਾ ਪਤਾ ਲੱਗਦਾ ਹੈ। ਉਨ੍ਹਾਂ ਨੇ ਆਪਣੀ ਰਚਨਾ ਰਾਹੀਂ ਸਿੱਖ ਸੰਪਰਦਾਇ ਦੇ ਸੰਕਲਪਾਤਮਕ ਨੁਕਤਿਆਂ ਨੂੰ ਦਲੀਲ ਸਹਿਤ ਵਿਆਖਿਆ ਦਾ ਰੂਪ ਦਿੱਤਾ ਹੈ। ਉਨ੍ਹਾਂ ਅਨੁਸਾਰ ਗੁਰਮਤਿ ਦਰਸ਼ਨ ਦਾ ਪੂਰਾ ਅਨੰਦ ਲੈਣ ਲਈ ਸਮੁੱਚੇ ਭਾਰਤੀ ਦਰਸ਼ਨ ਦਾ ਗਿਆਨ ਹੋਣਾ ਜ਼ਰੂਰੀ ਹੈ। ਡਾ. ਜੱਗੀ ਦੇ ਵਿਅਕਤਿਤਵ ਵਿਚ ਸੰਤੁਲਨ, ਟਿਕਾਅ, ਧੀਰਜ, ਸਾਹਸ, ਦ੍ਰਿੜਤਾ, ਖੋਜ-ਪ੍ਰਵਿਰਤੀ, ਬੌਧਿਕ-ਆਧਾਰ ਅਤੇ ਸੱਭਿਆਮਈ ਪਾਸਾਰ ਆਦਿ ਵੇਖਣ ਲਈ ਮਿਲਦਾ ਹੈ। ਉਨ੍ਹਾਂ ਨੇ ਆਪਣੀ ਸਮੁੱਚੀ ਰਚਨਾ ਵਿਚ ਕਿਸੇ ਹੋਰ ਵਿਅਕਤੀ ਦੀ ਭਾਵਨਾ ਨੂੰ ਠੇਸ ਨਹੀਂ ਪੁੱਜਦੀ। ਇਸ ਪਿਛੇ ਉਨ੍ਹਾਂ ਦੀ ਸੰਤੁਲਿਤ ਅਤੇ ਸਭਯਮਈ ਦ੍ਰਿਸ਼ਟੀ ਕੰਮ ਕਰਦੀ ਹੈ। ਉਨ੍ਹਾਂ ਦਾ ਦ੍ਰਿਸ਼ਟੀਕੋਣ ਸੁਮੇਲਵਾਦੀ ਹੈ। ਉਹ ਕਿਸੇ ਵੀ ਵਿਸ਼ੇਸ਼ ਧਰਮ ਉਪਰ ਕਟਾਖ ਨਹੀਂ ਕਰਦੇ। ਗੁਰਬਾਣੀ ਦੇ ਮਾਹਰ ਹੋਣ ਕਾਰਨ ਉਨ੍ਹਾਂ ਨੇ ਗੁਰਮਤਿ ਦਾ ਸਾਰ ਤੱਤ ਦਰਸਾਇਆ ਹੈ। ਉਨ੍ਹਾਂ ਕਦੇ ਵੀ ਧਰਮ, ਧਾਰਮਕਿ ਦ੍ਰਿਸ਼ਟੀਕੋਣ ਅਤੇ ਸ਼ਖਸੀਅਤਾਂ ਪ੍ਰਤੀ ਭਾਵੁਕ, ਅੰਧ-ਵਿਸ਼ਵਾਸ ਜਾਂ ਕੱਟੜ ਰਵੱਈਆ ਨਹੀਂ ਅਪਣਾਇਆ। ਇਉਂ ਡਾ. ਜੱਗੀ ਦੀਆਂ ਲਗਪਗ ਸਮੁੱਚੀਆਂ ਰਚਨਾਵਾਂ ਪ੍ਰਚਾਰਾਤਮਕ ਪ੍ਰਭਾਵ ਰਖਦੀਆਂ ਹਨ। ਉਨ੍ਹਾਂ ਨੇ ਆਪਣੀਆਂ

ਰਚਨਾਵਾਂ ਵਿਚ ਗੁਰਮਤਿ ਦੀ ਸਹੀ ਮਰਿਯਾਦਾ ਨੂੰ ਸਪਸ਼ਟ ਅਤੇ ਭਾਵਾਤਮਕ ਦ੍ਰਿਸ਼ਟੀ ਨਾਲ ਧਾਰਮਿਕ/ਅਧਿਆਤਮਕ ਵਿਸ਼ਿਆਂ ਨੂੰ ਨਿਰੂਪਣ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਨੇ ਆਪਣੀਆਂ ਰਚਨਾਵਾਂ ਵਿਚ ਵੀ ਇਹੋ ਪ੍ਰਗਟਾਇਆ ਹੈ ਕਿ ਲੋਕ ਜੀਵਨ ਗੁਰਮਤਿ ਅਨੁਸਾਰ ਉਸਰੇ, ਲੋਕਾਂ ਵਿਚ ਪਿਆਰ ਅਤੇ ਭਾਈਚਾਰਕ ਸਾਂਝ ਵਧੇ। ਉਹ ਕਹਿੰਦੇ ਹਨ ਕਿ 'ਗੁਰੂ ਨਾਨਕ ਆਪਣੇ ਧਰਮ ਨਿਰਪੇਖ ਮਾਨਵ ਧਰਮ ਦੀ ਸਰਬ-ਭੌਮਿਕਤਾ ਬਾਰੇ ਬਿਲਕੁਲ ਸਪਸ਼ਟ ਸਨ। ਉਨ੍ਹਾਂ ਨੇ ਇਸ ਨੂੰ ਕਿਸੇ ਖ਼ਾਸ ਇਲਾਕੇ ਲਈ ਸੀਮਿਤ ਨਹੀਂ ਰਖਿਆ, ਸਗੋਂ ਘਰ ਘਰ ਜਾ ਕੇ ਆਪਣੇ ਗਿਆਨ ਦੀਪ ਦਾ ਪ੍ਰਕਾਸ਼ ਪਹੁੰਚਾਇਆ। ਇਸ ਵਿਚ ਕੋਈ ਸੰਦੇਹ ਨਹੀਂ ਕਿ ਦੁਨੀਆਂ ਦੇ ਅਨੇਕ ਧਰਮਾਂ ਅਤੇ ਦੇਸ਼ਾਂ ਵਿਚ ਸਮੇਂ ਸਮੇਂ ਅਨੇਕ ਮਹਾਂਪੁਰਸ਼ ਹੋਏ ਹਨ, ਜਿਨ੍ਹਾਂ ਨੇ ਮਨੁੱਖਤਾ ਦੇ ਸੁਧਾਰ ਹਿਤ ਅਨੇਕ ਪ੍ਰਕਾਰ ਦੀਆਂ ਘਾਲਾਂ ਘਾਲੀਆਂ, ਆਪਣਾ ਸਭ ਕੁਝ ਨਿਛਾਵਰ ਕੀਤਾ, ਪਰ ਗੁਰੂ ਨਾਨਕ ਦੇ ਚਰਿਤ੍ਰ ਦੀ ਵਿਲਖਣਤਾ ਕੁਝ ਅਨੁਪਮ ਹੈ।'[55]

ਡਾ. ਜੱਗੀ ਗੁਰਬਾਣੀ ਨੂੰ ਜੀਵਨ ਵਿਚ ਕਮਾਉਣ ਤੇ ਬਹੁਤਾ ਜੋਰ ਦਿੰਦੇ ਹਨ। ਸਿੱਖ ਧਰਮ ਦੀ ਵਿਆਖਿਆ, ਸਿੱਖ ਫਿਲਾਸਫ਼ੀ ਅਤੇ ਸਿੱਖ ਸਦਾਚਾਰ ਉਨ੍ਹਾਂ ਦੀ ਹਰ ਰਚਨਾ ਵਿਚ ਸਮੋਇਆ ਹੋਇਆ ਹੈ। ਉਨ੍ਹਾਂ ਦੀ ਰਚਨਾ ਵਿਚ ਕਿਤੇ ਵੀ ਸੰਪਰਦਾਈ ਸੰਕੀਰਨਤਾ ਨਹੀਂ ਆਈ। ਉਨ੍ਹਾਂ ਵਿਚ ਇਹ ਵੀ ਖ਼ੂਬੀ ਹੈ ਕਿ ਉਹ ਗਲ ਨੂੰ ਸਮਝਾਉਣ ਲਈ ਅਨੇਕਾਂ ਉਦਾਹਰਣਾ ਦਿੰਦੇ ਹਨ। ਉਨ੍ਹਾਂ ਨੇ ਸ਼ਰਧਾਮਈ ਵਿਸ਼ਿਆਂ ਦੀ ਵਿਆਖਿਆ ਵਿਵੇਕ-ਬੁੱਧ ਨਾਲ ਕੀਤੀ ਹੈ। ਡਾ. ਜੱਗੀ ਦੀ ਗੁਰਮਤਿ ਚਿੰਤਨ ਸਬੰਧੀ ਇੱਕ ਨਿੱਗਰ ਪਰ ਛੋਟੇ ਆਕਾਰ ਦੀ ਪੁਸਤਕ *ਗੁਰ ਸੰਦੇਸ਼* ਨੂੰ

[55] *ਗੁਰੂ ਨਾਨਕ ਦੀ ਵਿਚਾਰਧਾਰਾ,* ਪੰ. 663.

ਜਦੋਂ ਕੋਈ ਵੀ ਪੜ੍ਹਦਾ ਹੈ ਤਾਂ ਧਾਰਮਕ ਭਾਵਨਾ ਅਨੁਸਾਰ ਉਹ ਗੁਰਮਤਿ ਦੇ ਗੂੜ੍ਹ ਰਹੱਸ ਨੂੰ ਸਮਝਣ ਵਲੋਂ ਰੁਚਿਤ ਹੋਣ ਦਾ ਯਤਨ ਕਰਦਾ ਹੈ। ਕਿਉਂਕਿ ਡਾ. ਜੱਗੀ ਨੇ ਕੇਵਲ ਉਦਮ ਹੀ ਨਹੀਂ ਕੀਤਾ ਬਲਕਿ ਪੂਰੀ ਸਹਿਨਸ਼ੀਲਤਾ, ਤਪੱਸਿਆ, ਸਹਿਜ ਅਤੇ ਦ੍ਰਿੜਤਾ ਨਾਲ ਗੁਰਮਤਿ ਦੇ ਵੱਖ-ਵੱਖ ਪਹਿਲੂਆਂ ਦਾ ਅਧਿਐਨ ਕੀਤਾ ਅਤੇ ਹਰ ਵਿਸ਼ੇ ਦੀ ਸੂਖਮ ਤੋਂ ਸੂਖਮ ਤਹਿ ਨੂੰ ਪਰਤਿਆ ਹੈ। ਉਨ੍ਹਾਂ ਵਲੋਂ ਰਚਿਤ ਪੁਸਤਕਾਂ ਉਨ੍ਹਾਂ ਦੇ ਜੀਵਨ, ਸਾਹਿਤ-ਸਾਧਨਾ ਅਤੇ ਅਧਿਆਤਮ-ਸਾਧਨਾ ਦੀ ਉਤਮ ਉਦਾਹਰਣ ਹੈ। ਇਹੋ ਕਾਰਣ ਹੈ ਕਿ ਉਨ੍ਹਾਂ ਵਿਚੋਂ ਕਾਹਲ, ਬੇਪ੍ਰਵਾਹੀ ਜਾਂ ਹੋਰ ਕੋਈ ਚਿੰਨ੍ਹ ਲੱਭਣਾ ਕਠਿਨ ਹੈ। ਉਹ ਹਰ ਵਿਸ਼ੇ ਨੂੰ ਸੰਸਕ੍ਰਿਤ ਵਿਦਵਾਨਾਂ ਦੀ ਤਰ੍ਹਾਂ ਕਿਸੇ ਪਹਿਲੂ ਨੂੰ ਉਪ-ਭਾਗਾਂ ਜਾਂ ਸ੍ਰੇਣੀਆਂ ਵਿਚ ਵੰਡ ਕੇ ਹੀ ਨਹੀਂ ਲੈਂਦੇ ਸਗੋਂ ਹਰ ਨੁਕਤੇ ਨੂੰ ਬੜੀ ਸੂਖਮਤਾ ਨਾਲ ਵਿਚਾਰਦੇ ਤੇ ਵਿਸਥਾਰਦੇ ਹੋਏ ਨਜ਼ਰ ਆਉਂਦੇ ਹਨ। ਜਿਵੇਂ 'ਆਨੰਦ' ਸ਼ਬਦ ਦੇ ਬਾਰੇ ਗੱਲ ਕਰਦਿਆਂ ਉਹ ਉਪਨਿਸ਼ਦਾਂ ਵਿਚੋਂ ਉਦਾਹਰਣਾਂ ਪੇਸ਼ ਕਰਕੇ 'ਅਨੰਦ' ਦੀਆਂ ਕਿਸਮਾਂ ਅਤੇ ਅਧਿਆਤਮਕ 'ਅਨੰਦ' ਬਾਰੇ ਸਪਸ਼ਟ ਕਰਦਿਆਂ ਕਹਿੰਦੇ ਹਨ ਕਿ 'ਗੁਰੂ ਅਮਰਦਾਸ ਦਾ ਆਨੰਦ ਪਰੰਪਰਾਗਤ 'ਆਨੰਦਵਾਦੀ' ਸਿਧਾਂਤ ਨਾਲ ਸੰਬੰਧਿਤ ਹੈ, ਪਰ ਗੁਰੂੁ ਜੀ ਨੇ ਇਸ ਦੇ ਕਈ ਨਵੇਂ ਪੱਖ ਵੀ ਪੇਸ਼ ਕੀਤੇ ਹਨ। ਇਹ ਆਨੰਦ ਗੁਰੂ ਦੁਆਰਾ ਪ੍ਰਾਪਤ ਹੁੰਦਾ ਹੈ। ਇਸ ਦੇ ਕਈ ਪ੍ਰਯਾਯ ਹਨ-ਅੰਮ੍ਰਿਤ, ਹਰਿ-ਰਸ ਅਤੇ ਸਹਿਜ-ਅਵਸਥਾ।ਇਸ ਦੀ ਪ੍ਰਾਪਤੀ ਦਾ ਸਾਧਨ ਹੈ ਸ਼ਬਦ ਜਾਂ ਨਾਮ ਦੀ ਅਰਾਧਨਾ। ਸ਼ਬਦ ਹੀ ਗੁਰਬਾਣੀ ਹੈ।'[56]

ਡਾ. ਜੱਗੀ ਨੇ ਚਰਚਾ ਅਧੀਨ ਵਿਸ਼ੇ ਦੀ ਸਪਸ਼ਟਤਾ ਤੇ ਪ੍ਰੋੜ੍ਹਤਾ ਲਈ ਹੋਰ ਵਿਦਵਾਨਾਂ

---

[56] *ਗੁਰੂ ਗ੍ਰੰਥ ਵਿਸ਼ਵਕੋਸ਼,* ਭਾਗ 1, ਪੰ.1-2.

ਵਾਂਗ ਕਈ ਇਕ ਮਹਾਨ ਲੇਖਕਾਂ ਦੀਆਂ ਟੂਕਾਂ ਅੰਗਰੇਜ਼ੀ, ਹਿੰਦੀ, ਸੰਸਕ੍ਰਿਤ ਤੇ ਉਪਨਿਸ਼ਦਾਂ ਆਦਿ ਵਿਚੋਂ ਦਿਤੀਆਂ ਹਨ। ਇਨ੍ਹਾਂ ਵਿਚੋਂ ਹੀ ਉਨ੍ਹਾਂ ਦੇ ਮਨੋ-ਵਿਗਿਆਨ, ਧਰਮ-ਦਰਸ਼ਨ ਅਤੇ ਉਪਨਿਸ਼ਦਾਂ ਦੇ ਗਿਆਨ ਬਾਰੇ ਪਤਾ ਲਗਦਾ ਹੈ। ਉਨ੍ਹਾਂ ਦੀ ਪੁਸਤਕ *ਗੁਰੂ ਨਾਨਕ ਦੀ ਵਿਚਾਰਧਾਰਾ* ਵਿਚ ਬਹੁਤੇ ਵਿਦਵਾਨਾਂ ਅਤੇ ਇਤਿਹਾਸਕਾਰਾਂ ਦੇ ਹਵਾਲੇ ਪ੍ਰਾਪਤ ਹੋ ਜਾਂਦੇ ਹਨ। ਉਨ੍ਹਾਂ ਨੇ ਇਹ ਵੀ ਦੂਰਦਰਸ਼ੀ ਤੱਥ ਉਘਾੜਿਆ ਹੈ ਕਿ ਗੁਰਬਾਣੀ ਵਿਚ ਦਰਸ਼ਨ (ਫਿਲਾਸਫੀ) ਅਨੁਭਵ ਅਤੇ ਬੌਧਿਕਤਾ ਦਾ ਸੁਮੇਲ ਹੈ। ਧਾਰਮਿਕ (ਅਧਿਆਤਮਕ) ਅਨੁਭਵ ਦੇ ਸੰਦਰਭ ਵਿਚ ਦਸਿਆ ਗਿਆ ਹੈ ਕਿ ਗੁਰਬਾਣੀ ਵਿਚ ਪਰਮ-ਆਤਮਾ ਦੀ ਸਿੱਧੀ ਜਾਣ ਪਹਿਚਾਣ ਹੈ, ਇਹ ਨਿੱਜ ਅੰਤਰ-ਆਤਮੇ ਹੋਣ ਕਰਕੇ ਅਕੱਥ ਹੈ। ਡਾ. ਜੱਗੀ ਨੇ ਗੁਰਬਾਣੀ ਦੀ ਵਿਲੱਖਣਤਾ ਸਮਝਾਉਣ ਲਈ ਕਿਹਾ ਹੈ ਕਿ 'ਇਸ ਬਾਣੀ ਵਿਚ ਸਾਰੇ ਸੰਸਾਰ, ਸਾਰੀ ਮਨੁਖਤਾ, ਸਾਰੀ ਪਕ੍ਰਿਤੀ, ਸਾਰੇ ਜੜ੍ਹ-ਚੇਤਨ, ਸਾਰੇ ਬ੍ਰਹਮੰਡ ਦੀ ਭਾਵ-ਤੰਤ੍ਰੀ ਡ਼ੰਕ੍ਰਿਤ ਹੋ ਰਹੀ ਹੈ।ਇਹ ਬਾਣੀ ਸੂਖਮ ਅਤੇ ਸਥੂਲ, ਪਰੋਖ ਅਤੇ ਪ੍ਰਤੱਖ, ਬਾਹਰਲੀਆਂ ਅਤੇ ਅੰਦਰਲੀਆਂ ਅਨਭੂਤੀਆਂ ਨਾਲ ਭਰਪੂਰ ਇਕ ਪ੍ਰਤਾਪੀ ਲੋਕ ਨਾਇਕ ਦਾ ਪ੍ਰਭੂ ਪ੍ਰਤਿ ਆਤਮ-ਨਿਵੇਦਨ ਸੀ, ਜਿਸ ਨੇ 'ਕੂੜ ਦੀ ਪਾਲਿ' ਤੋੜਨ ਲਈ ਹਰ ਨਰ-ਨਾਰੀ ਨੂੰ ਸੁਚੇਤ ਕਰ ਦਿੱਤਾ।'[57] ਇਸ ਤਰ੍ਹਾਂ ਵਿਦਵਾਨ ਖੋਜਕਾਰ ਡਾ. ਜੱਗੀ ਨੇ ਗੁਰਬਾਣੀ ਦਾ ਵਿਆਪਕ ਵਿਵੇਚਨ ਕਰਦਿਆਂ ਕਈ ਸ਼ੰਕਿਆਂ ਅਤੇ ਅਧਿਐਨਕਾਰਾਂ ਦੇ ਕਈ ਕਿੰਤੂਆਂ ਦਾ ਤਰਕਸ਼ੀਲ ਸਮਰਥਨ ਅਤੇ ਖੰਡਨ ਕੀਤਾ ਹੈ। ਇਉਂ ਡਾ. ਜੱਗੀ ਦੀ ਗੁਰਬਾਣੀ ਆਧਾਰਿਤ ਸਾਰੀ ਕ੍ਰਿਤ ਧਾਰਮਿਕ, ਪ੍ਰਮਾਣੀਕ, ਸਵਿਸਥਾਰ ਸਹਿਤ

---

[57] *ਗੁਰੂ ਨਾਨਕ ਬਾਣੀ,* ਪੰ. 1.

ਨਵੀਂਨ ਦਿਸ਼ਾ ਵੱਲ ਗੰਭੀਰ ਚਿੰਤਨ ਦਾ ਫਲ ਹੈ। ਡਾ. ਜੱਗੀ ਨੇ *ਗੁਰੂ ਨਾਨਕ ਦੀ ਵਿਚਾਰਧਾਰਾ* ਪੁਸਤਕ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁੱਖ-ਮੁੱਖ ਵਿਸ਼ਿਆਂ ਦਾ ਨਿਚੋੜ ਪਾਠਕਾਂ ਸਾਹਮਣੇ ਰੱਖ ਦਿੱਤਾ ਹੈ। ਗੁਰੂ ਨਾਨਾਕ ਸਾਹਿਬ ਜੀ ਦੇ ਪ੍ਰਮਾਣੀਕ ਬਾਣੀ ਬਾਰੇ ਦੱਸ ਕੇ ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਜੀ ਦੇ ਸਿਧਾਂਤਾਂ ਨੂੰ ਵਿਆਖਿਆ ਦਾ ਰੂਪ ਦਿੱਤਾ ਹੈ। ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਨੂੰ 4 ਅਧਿਆਇਆਂ ਵਿਚ ਕ੍ਰਮਵਾਰ (1) ਵਿਚਾਰਧਾਰਾ ਵਿਸ਼ਲੇਸ਼ਣ ਦੀ ਆਧਾਰ ਸਾਮਗ੍ਰੀ (2) ਆਧਿਆਤਮਿਕ ਵਿਚਾਰਧਾਰਾ (3) ਸਾਧਨਾਤਮਕ ਵਿਚਾਰਧਾਰਾ ਅਤੇ (4) ਫੁਟਕਲ ਵਿਚਾਰਧਾਰਾ, ਵਿਚ ਗੁਰਮਤਿ ਦੀਆਂ ਵਿਸ਼ੇਸ਼ਤਾਵਾਂ ਦਾ ਵਿਸਤਾਰ ਹੀ ਨਹੀਂ, ਸਗੋਂ ਵਿਗਿਆਨਿਕ ਢੰਗ ਨਾਲ ਉਲੇਖ ਵੀ ਕੀਤਾ ਗਿਆ ਹੈ। ਉਹ ਗੁਰੂ ਨਾਨਕ ਸਾਹਿਬ ਜੀ ਦੀ ਦੇਣ ਬਾਰੇ ਕਹਿੰਦੇ ਹਨ ਕਿ 'ਗੁਰੂ ਨਾਨਕ ਮੱਧ ਯੁਗ ਦੇ ਇਕ ਮਹਾਨ ਲੋਕ ਨਾਇਕ ਸਨ। ਉਨ੍ਹਾਂ ਦੀ ਕਥਨੀ ਅਤੇ ਕਰਨੀ ਵਿਚ ਕੋਈ ਅੰਤਰ ਨਹੀਂ ਸੀ। ਉਨ੍ਹਾਂ ਨੇ ਆਪਣੇ ਹਰ ਉਪਦੇਸ਼ ਨੂੰ ਪਹਿਲਾਂ ਆਪਣੇ ਤੇ ਲਾਗੂ ਕੀਤਾ, ਉਸ ਅਨੁਸਾਰ ਜੀਵਨ ਢਾਲਿਆ ਅਤੇ ਜਦੋਂ ਉਸ ਤੋਂ ਉਦਿਸ਼ਟ ਫਲ ਦੀ ਪ੍ਰਾਪਤੀ ਹੋਣੀ ਸਿਧ ਹੋ ਗਈ, ਤਾਂ ਉਸ ਦੇ ਉਪਯੋਗ ਲਈ ਪ੍ਰਸਾਰਿਤ ਕੀਤਾ। ਉਨ੍ਹਾਂ ਦੇ ਉਪਦੇਸ਼ਾਂ ਦਾ ਕੀ ਪ੍ਰਭਾਵ ਸੀ, ਪੂਰਵਵਰਤੀ ਇਤਿਹਾਸ ਇਸ ਦਾ ਗਵਾਹ ਹੈ। ਵਰਤਮਾਨ ਯੁਗ ਵਿਚ ਉਸ ਦੀ ਕਿਤਨੀ ਉਪਯੋਗਤਾ ਹੈ? ਇਸ ਦਾ ਉੱਤਰ ਕਥਨ ਕਰਨ ਨਾਲੋਂ ਗੁਰੂ-ਉਪਦੇਸ਼ ਤੇ ਅਮਲ ਕਰਨ ਦੁਆਰਾ ਵਧੇਰੀ ਯਥਾਰਕਤਾ ਸਹਿਤ ਪ੍ਰਾਪਤ ਕੀਤਾ ਜਾ ਸਕਦਾ ਹੈ।'[58] ਇਸ ਪੁਸਤਕ ਵਿਚ ਉਨ੍ਹਾਂ ਨੇ ਗੁਰੂ ਸਾਹਿਬ ਜੀ ਦੇ ਦਾਰਸ਼ਨਿਕ ਸਿਧਾਤਾਂ ਦੀ

[58] *ਗੁਰੂ ਨਾਨਕ ਦੀ ਵਿਚਾਰਧਾਰਾ,* ਪੰ.463.

ਅਜਿਹੀ ਵਿਆਖਿਆ ਕੀਤੀ ਜਿਸ ਕਰਕੇ ਬਹੁਤ ਸਾਰੇ ਖੋਜੀਆਂ ਨੂੰ ਗੁਰਬਾਣੀ ਉੱਤੇ ਖੋਜ ਕਰਨ ਦੀ ਸੇਧ ਪ੍ਰਾਪਤ ਹੋਈ।

ਉਨ੍ਹਾਂ ਦਾ ਸਿੱਖ ਧਰਮ ਵਿਚ ਕੇਵਲ ਵਿਸ਼ਵਾਸ ਹੀ ਨਹੀਂ ਬਲਕਿ ਉਨ੍ਹਾ ਨੇ ਆਪਣਾ ਜੀਵਨ ਗੁਰਮਤਿ ਅਨੁਸਾਰ ਢਾਲਣ ਦੀ ਕੋਸ਼ਿਸ਼ ਵੀ ਕੀਤੀ ਹੈ। ਦੁਖ-ਸੁਖ ਵਿਚ ਰੱਬੀ ਭਾਣੇ ਵਿਚ ਜਿਊਣਾ, ਗੁਰਮਤਿ ਦਾ ਵਿਵਹਾਰਕ ਤੱਤ ਹੈ, ਜਿਸ ਉਤੇ ਉਨ੍ਹਾਂ ਨੇ ਅਮਲ ਕਰਕੇ ਵਿਖਾਇਆ ਹੈ। ਉਨ੍ਹਾਂ ਦਾ ਨਿਰੋਆ ਦ੍ਰਿਸ਼ਟੀਕੋਣ ਉਨ੍ਹਾਂ ਵਲੋਂ ਲਿਖੇ ਲੇਖਾਂ, ਸਵੈ-ਜੀਵਨੀ ਅਤੇ ਗੁਰੂ ਸਾਹਿਬਾਨ ਦੇ ਜੀਵਨ ਬ੍ਰਿਤਾਤਾਂ ਦੇ ਅਧਿਐਨ ਤੇ ਅਧਿਆਪਨ ਵਿਚੋਂ ਵੇਖਿਆ, ਸਮਝਿਆ, ਮਾਣਿਆ ਅਤੇ ਅਪਣਾਇਆ ਜਾ ਸਕਦਾ ਹੈ।

ਡਾ. ਜੱਗੀ ਦੇ ਸਮਕਾਲੀ ਵਿਦਵਾਨਾਂ ਦੀ ਜੇ ਗੱਲ ਕਰੀਏ ਜਿਨ੍ਹਾਂ ਨੇ ਗੁਰਬਾਣੀ/ਗੁਰਮਤਿ ਨੂੰ ਆਪਣੀ ਖੋਜ, ਅਧਿਐਨ ਅਤੇ ਅਧਿਆਪਨ ਦਾ ਆਧਾਰ ਬਣਾਇਆ ਹੈ। ਉਨ੍ਹਾਂ ਵਿਚੋਂ ਪ੍ਰੋ. ਸਾਹਿਬ ਸਿੰਘ, ਭਾਈ ਜੋਧ ਸਿੰਘ, ਡਾ. ਤਾਰਨ ਸਿੰਘ, ਡਾ. ਹਰਿਭਜਨ ਸਿੰਘ, ਡਾ. ਸੁਰਿੰਦਰ ਸਿੰਘ ਕੋਹਲੀ ਅਤੇ ਡਾ. ਮਹਿੰਦਰ ਕੌਰ ਆਦਿ ਦਾ ਨਾਮ ਲਿਆ ਜਾ ਸਕਦਾ ਹੈ। ਡਾ. ਜੱਗੀ ਦੇ ਜੀਵਨ, ਸਖਸ਼ੀਅਤ, ਰਚਨਾਵਾਂ ਅਤੇ ਬਹੁ-ਪੱਖੀ ਪ੍ਰਾਪਤੀਆਂ ਨੂੰ ਮੁੱਖ ਰੱਖ ਕੇ ਕਿਹਾ ਜਾ ਸਕਦਾ ਹੈ ਕਿ ਡਾ. ਜੱਗੀ ਨੇ ਗੁਰਬਾਣੀ ਦੀ ਜੋ ਵਿਆਖਿਆ ਕੀਤੀ ਉਹ ਬੜੀ ਸਹੀ ਅਤੇ ਤੱਥ ਆਧਾਰਿਤ ਹੈ। ਉਹ ਗੁਰਬਾਣੀ ਦੇ ਨੇੜੇ ਰਹਿ ਕੇ ਵਿਆਖਿਆ ਕਰਨ ਦੇ ਹੱਕ ਵਿਚ ਹਨ।ਉਹ ਗੁਰੂ ਆਸੇ ਨੂੰ ਆਧੁਨਿਕ ਵਿਦਿਆ ਦੇ ਅਨੁਕੂਲ ਦਰਸਾਉਣ ਲਈ ਰੁਚਿਤ ਰਹੇ ਹਨ।ਕਿਉਂਕਿ ਗੁਰਮਤਿ ਦੀ ਮਹਾਨਤਾ ਵਿਗਿਆਨ ਨਾਲ ਇਕ-ਰੂਪਤਾ ਕਰਕੇ ਨਹੀਂ ਸਗੋਂ

ਅਧਿਆਤਮਿਕ ਅਤੇ ਨੈਤਿਕ ਪ੍ਰਭਾਵ ਕਰਕੇ ਹੈ। ਸੰਨ 1968 ਵਿਚ ਉਨ੍ਹਾਂ ਨੇ *ਗੁਰੂ ਨਾਨਕ ਬਾਣੀ* ਪੁਸਤਕ ਦੀ ਸੰਪਾਦਨਾ ਕਰਕੇ ਆਪਣੀ ਤੀਖਣ ਅਤੇ ਉਜਲ ਬੁੱਧੀ ਅਤੇ ਸਪਸ਼ਟ ਵਿਚਾਰਧਾਰਾ ਦਾ ਸਬੂਤ ਦਿੱਤਾ। ਇਸ ਪੁਸਤਕ ਵਿਚ ਉਨ੍ਹਾ ਨੇ ਗੁਰੁੂ ਨਾਨਕ ਸਾਹਿਬ ਜੀ ਦੇ ਮੁਢਲੇ ਅਸੂਲਾਂ ਦੀ ਅਤਿਅੰਤ ਸਪਸ਼ਟ ਵਿਆਖਿਆ ਕੀਤੀ। ਗੁਰੂ ਨਾਨਕ ਬਾਣੀ ਵਿਚੋਂ ਅਨੇਕਾਂ ਉਦਾਹਰਣਾਂ ਦੇ ਕੇ ਉਨ੍ਹਾਂ ਨੇ ਗੁਰਮਤਿ ਦਾ ਸਾਰ ਤੱਤ ਦੱਸਿਆ ਹੈ। ਇਸ ਕਰਕੇ ਹੀ ਡਾ. ਜੱਗੀ ਦਾ ਨਾਮ ਸਿੱਖ ਧਰਮ ਦੇ ਪ੍ਰਮਾਣੀਕ ਵਿਦਵਾਨਾਂ ਵਿਚ ਬੜੇ ਆਦਰ ਨਾਲ ਲਿਆ ਜਾਂਦਾ ਹੈ। ਡਾ. ਜੱਗੀ ਨੇ ਭਾਈ ਗੁਰਦਾਸ ਜੀ ਦਾ ਜੀਵਨ ਅਤੇ ਵਿਅਕਤਿਤਵ ਬਾਰੇ ਗੱਲ ਕਰਦਿਆਂ ਉਨ੍ਹਾਂ ਵਲੋਂ ਕੱਢੇ ਹੋਏ ਗੁਰਮਤਿ ਦੇ ਸਿੱਟਿਆਂ ਨੂੰ ਵੱਖ-ਵੱਖ ਵਿਸ਼ੇ ਬਣਾ ਕੇ ਪੇਸ਼ ਕੀਤਾ ਹੈ। ਉਨ੍ਹਾਂ ਨੇ ਵੱਖ-ਵੱਖ ਵਾਰਾਂ ਅਤੇ ਸਵੱਈਆਂ ਵਿਚੋਂ ਇਕੋ ਮੰਤਵ ਨੂੰ ਪੂਰਾ ਕਰਨ ਵਾਲੀਆਂ ਪੰਕਤੀਆਂ ਲੈ ਕੇ ਇਕੋ ਸਿਰਲੇਖ ਹੇਠ ਇਕੱਠਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਭਾਈ ਸਾਹਿਬ ਜੀ ਦੀ ਰਚਨਾ ਬਾਰੇ ਉਹ ਕਹਿੰਦੇ ਹਨ ਕਿ ‘ਭਾਈ ਗੁਰਦਾਸ ਦੀ ਬੋਲੀ ਉਤੇ ਔਖਾ ਹੋਣ ਦਾ ਜੋ ਦੋਸ਼ ਲਗਾਇਆ ਜਾਂਦਾ ਹੈ, ਉਹ ਅਸਲੋਂ ਨਿਰਮੂਲ ਹੈ। ਭਾਈ ਸਾਹਿਬ ਦੀਆਂ ਰਚਨਾਵਾਂ ਤੋਂ ਬਾਅਦ ਠੇਠ ਅਤੇ ਆਪਣੇ ਵਿਰਸੇ ਨਾਲ ਸੰਬੰਧਿਤ ਪੰਜਾਬੀ ਵਿਚ ਸਾਹਿਤ ਰਚਣ ਦੀ ਰੁਚੀ ਲਗਭਗ ਖ਼ਤਮ ਹੁੰਦੀ ਗਈ ਅਤੇ ਆਧੁਨਿਕ ਯੁੱਗ ਤਕ ਤਿੰਨ ਸੌ ਸਾਲ ਤੋਂ ਵਧ ਸਮਾਂ ਸਾਨੂੰ ਆਪਣੀ ਮੂਲ ਅਤੇ ਪਰੰਪਰਾ ਤੋਂ ਚਲੀ ਆ ਰਹੀ ਪੰਜਾਬੀ ਤੋਂ ਨਾਵਾਕਫ਼ ਕਰ ਬੈਠਾ। ਸੱਚ ਤਾਂ ਇਹ ਹੈ ਕਿ ਜੇ ਪੁਰਾਤਨ ਸ਼ੁੱਧ ਪੰਜਾਬੀ ਦਾ ਮੁਹਾਂਦਰਾ ਵੇਖਣ ਦੀ ਲੋੜ ਪਵੇ ਤਾਂ ਭਾਈ ਗੁਰਦਾਸ ਦੀਆਂ ਵਾਰਾਂ ਤੋਂ ਭਿੰਨ ਕਿਤੇ ਹੋਰ ਨਹੀਂ ਮਿਲਦਾ। ਉਨ੍ਹਾਂ ਦੀ ਬੋਲੀ ਦੀ ਔਖਿਆਈ ਦੇ ਕੁਝ ਕਾਰਣ ਹਨ। ਇਕ ਤਾਂ ਇਹ ਕਿ

ਉਸ ਵਿਚ ਧਾਰਮਿਕ ਖੇਤਰਾਂ ਨਾਲ ਸੰਬੰਧਿਤ ਪਰਿਭਾਸ਼ਿਕ ਸ਼ਬਦਾਵਲੀ ਦੀ ਬਹੁਤਾਤ ਹੈ, ਜਿਸ ਤੋਂ ਆਪਣਾ ਵੱਖਰਾ ਰਾਹ ਅਪਨਾ ਲੈਣ ਕਰਕੇ ਅੱਜ ਦੀ ਪੰਜਾਬੀ ਬਹੁਤ ਦੂਰ ਹਟ ਗਈ ਹੈ। ਦੂਜੀ ਗੱਲ ਇਹ ਹੈ ਕਿ ਪਿਛਲੇ 400 ਵਰ੍ਹਿਆਂ ਵਿਚ ਮੁਸਲਮਾਨ ਕਿੱਸਾਕਾਰਾਂ ਅਤੇ ਸੂਫ਼ੀ ਫ਼ਕੀਰਾਂ ਦੀ ਹੱਥੀ ਚੜ੍ਹ ਕੇ ਅਜੋਕੀ ਪੰਜਾਬੀ ਆਪਣੇ ਅਪਭ੍ਰੰਸ਼ ਵਿਰਸੇ ਤੋਂ ਸੱਖਣੀ ਹੋ ਗਈ ਹੈ। ਇਸ ਲਈ ਭਾਈ ਗੁਰਦਾਸ ਦੀ ਬੋਲੀ, ਜੋ ਆਪਣੇ ਵਿਰਸੇ ਨਾਲ ਪੂਰਾ ਸੰਬੰਧ ਕਾਇਮ ਰਖਦੀ ਹੈ, ਕੁਝ ਓਪਰੀ ਅਤੇ ਔਖੀ ਪ੍ਰਤੀਤ ਹੋਣ ਲੱਗ ਪਈ।'[59]

ਮਨੁੱਖ ਦੇ ਜੀਵਨ ਦਾ ਧੁਰਾ ਸਦਾਚਾਰ ਹੈ।ਇਸ ਲਈ ਗੁਰਬਾਣੀ ਵਿਚ ਸੁਝਾਏ ਸਿਧਾਤਾਂ ਅਤੇ ਵਿਚਾਰਾਂ ਨੂੰ ਅਮਲੀ ਜਾਮਾ ਪਹਿਨਾਉਣ ਦੀ ਲੋੜ ਹੈ। ਭਾਰਤ ਦੀਆਂ ਮੱਧ-ਕਾਲੀ ਸਾਹਿਤ ਦੀਆਂ ਪ੍ਰਮੁੱਖ ਧਾਰਾਵਾਂ ਵਿਚੋਂ ਗੁਰਬਾਣੀ ਦਾ ਵਿਸ਼ੇਸ਼ ਥਾਂ ਹੈ। ਗੁਰਬਾਣੀ ਨੇ ਭਰਮ ਭੁਲੇਖਿਆਂ ਵਿਚ ਭਰੇ ਉਸ ਦੌਰ ਵਿਚ ਮਨੁੱਖ ਨੂੰ ਨਵਾਂ ਅਤੇ ਨਿਵੇਕਲਾ ਜੀਵਨ ਪ੍ਰਦਾਨ ਕੀਤਾ। ਦੇੇਵੀ ਦੇਵਤਿਆਂ, ਮੜੀਆਂ, ਕਬਰਾਂ, ਜੜ-ਪਦਾਰਥਾਂ ਦੀ ਪੂਜਾ ਨਾ ਕਰੇ। ਕਿਉਂਕਿ ਇਕ ਅਕਾਲ ਪੁਰਖ ਦੀ ਉਪਾਸ਼ਨਾ ਨਾਲ ਹੀ ਨਿਰਮਲ ਬੁੱਧੀ ਦੀ ਪ੍ਰਾਪਤੀ ਹੁੰਦੀ ਹੈ। ਸ਼ੁਧ ਮਨ ਅਤੇ ਸ਼ਰਧਾ ਸਹਿਤ ਕੀਤੀ ਉਪਾਸ਼ਨਾ ਫਲਦਾਇਕ ਹੁੰਦੀ ਹੈ। ਵਿਕਾਰਾਂ ਅਤੇ ਹਉਮੇ ਤੋਂ ਰਹਿਤ ਮਨੁੱਖ ਵਿਚ ਭਗਤੀ ਅਤੇ ਸ਼ਰਧਾ ਪਕੇਰੀ ਹੁੰਦੀ ਹੈ। ਪਦਾਰਥਵਾਦ ਅਤੇ ਮਾਇਆ ਦੀ ਖਿੱਚ ਮਨੁੱਖ ਨੂੰ ਮਾਇਆ-ਪ੍ਰਸਤ ਬਣਾਉਂਦੀ ਹੈ। ਮਾਇਆ ਮਨੁੱਖ ਦਾ ਮੰਤਵ ਨਹੀਂ ਸਗੋਂ ਸਾਧਨ ਹੈ। ਸਿਖ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਗੁਰੂ ਸਾਹਿਬਾਨ ਅਤੇ ਸਿੱਖ ਧਰਮ ਦੇ ਪੈਰੋਕਾਰ ਸੱਚ

---

[59] *ਭਾਈ ਗੁਰਦਾਸ: ਜੀਵਨ ਤੇ ਰਚਨਾ,* ਪੰ.109-10.

ਲਈ ਆਵਾਜ਼ ਉਠਾਉਂਦੇ ਰਹੇ। ਸੱਚ ਸਿਰਜਨ ਲਈ ਜਾਨਾਂ ਵੀ ਵਾਰਦੇ ਰਹੇ। ਡਾ. ਜੱਗੀ ਸਦਾਚਾਰ ਬਾਰੇ ਕਹਿੰਦੇ ਹਨ ਕਿ 'ਗੁਰੂ ਜੀ ਨੇ ਆਪਣੀ ਧਰਮ ਸਾਧਨਾ ਵਿਚ ਸਦਾਚਰਣ ਨੂੰ ਵਿਸ਼ੇਸ਼ ਸਥਾਨ ਦਿੱਤਾ ਹੈ। ਸਦਾਚਰਣ ਦੇ ਵੀ ਅਗੇ ਦੋ ਭਾਗ ਕੀਤੇ ਜਾ ਸਕਦੇ ਹਨ-ਇਕ ਨੈਤਿਕ ਆਚਰਣ, ਜਿਵੇਂ ਧੀਰਜ, ਸੰਤੋਖ, ਸੰਜਮ, ਪਰੋਪਕਾਰ, ਦਇਆ, ਦਾਨ, ਖਿਮਾ, ਸ਼ੀਲ, ਸਮਦਰਸ਼ਿਤਾ, ਨਿਰਭੈਅਤਾ, ਨਿਰਵੈਰਤਾ, ਪਰਸਪਰ ਪ੍ਰੇਮ-ਭਾਵ, ਉਦਾਰਤਾ, ਸਹਿਨਸ਼ੀਲਤਾ ਆਦਿ ਅਤੇ ਦੂਜਾ ਨਿਸ਼ਿਧ ਆਚਰਣ ਦਾ ਤਿਆਗ, ਜਿਵੇਂ ਕਾਮ ਆਦਿਕ ਵਾਸਨਾਵਾਂ, ਮਾਨ, ਕਪਟ, ਤ੍ਰਿਸ਼ਣਾ ਆਦਿ ਦਾ ਨਿਸ਼ੇਧ। ਗੁਰੂ ਜੀ ਨੇ ਆਪਣੀ ਬਾਣੀ ਵਿਚ ਸਰਬਤ੍ਰ ਨੈਤਿਕ ਆਚਰਣਾਂ ਦੀ ਪਾਲਨਾ ਉਤੇ ਬਲ ਦਿੱਤਾ ਹੈ ਅਤੇ ਨਿਸ਼ਿੱਧ ਕਰਮਾਂ ਦੇ ਤਿਆਗ ਵਿਚ ਹੀ ਮਨੁੱਖਤਾ ਦਾ ਕਲਿਆਣ ਦਸਿਆ ਹੈ। ਇਸ ਲਈ ਗੁਰੂ ਨਾਨਕ ਦੇ ਸਹਿਜ ਧਰਮ ਦੀ ਆਧਾਰ ਭੂਮੀ ਸੱਚੀ ਨੈਤਿਕਤਾ ਹੈ। ਇਸੇ ਦਾ ਨਾਮਾਤਰ 'ਰਹਿਣੀ ਜਾਂ 'ਰਹਿਤ' ਹੈ।'[60] ਸਿੱਖ ਧਰਮ ਦੀ ਨੀਂਹ ਉਚ ਆਚਰਣ ਅਤੇ ਨਾਮ ਸਿਮਰਣ ਤੇ ਟਿਕੀ ਹੋਈ ਹੈ। ਸਿੱਖ ਧਰਮ ਵਿਚ ਨਾਮ ਹੀ ਪ੍ਰਮੁੱਖ ਵਸੀਲਾ ਹੈ ਜੋ ਜਗਿਆਸੂ ਨੂੰ ਪਰਮਾਤਮਾ ਨਾਲ ਜੋੜਦਾ ਹੈ। ਭਗਤੀ ਕਰਨ ਸ਼ੁਭ ਕਰਮ ਕਰਨ ਦੀ ਲੋੜ ਹੈ। ਨਾਮ ਦੀ ਸਮੁੱਚੀ ਗੁਰਬਾਣੀ ਵਿਚ ਭਰਪੂਰ ਮਹਿਮਾ ਹੈ। ਪਰ ਨਾਮ ਬਾਰੇ ਅਨੇਕਾਂ ਭਰਮ-ਭੁਲੇਖੇ ਵੀ ਹਨ। ਨਾਮ ਬਾਰੇ ਵਿਦਵਾਨਾਂ ਨੇ ਵੱਖ ਵੱਖ ਵਿਚਾਰ ਦਿੱਤੇ ਹਨ। ਭਾਈ ਕਾਨ੍ਹ ਸਿੰਘ ਨਾਭਾ ਦੇ ਅਨੁਸਾਰ ਗੁਰਬਾਣੀ ਵਿਚ 'ਨਾਮ' ਕਰਤਾਰ ਅਤੇ ਉਸਦਾ ਬੋਧਕ ਸ਼ਬਦ

---

[60] *ਗੁਰੂ ਨਾਨਕ: ਜੀਵਨ ਅਤੇ ਵਿਅਕਿਤਤਵ,* ਪੰ.255-56.

ਹੈ।'[61] ਭਾਈ ਜੋਧ ਸਿੰਘ ਅਨੁਸਾਰ 'ਨਾਮ ਨਿਰੰਕਾਰ ਦਾ ਉਹ ਸਰੂਪ ਹੈ, ਜਿਸ ਦੁਆਰਾ ਉਹ ਸਾਰੇ ਬ੍ਰਹਮੰਡ ਵਿਚ ਵਿਆਪਕ ਹੋ ਕੇ ਉਸ ਨੂੰ ਧਾਰ ਰਿਹਾ ਹੈ।'[62] ਡਾ. ਤ੍ਰਿਲੋਚਨ ਸਿੰਘ ਅਨੁਸਾਰ 'ਸੱਚਾ ਨਾਮ ਕੇਵਲ ਲਫ਼ਜ ਨਹੀਂ ਜੋ ਕਿਸੇ ਵਸਤੂ ਦਾ ਸੰਕੇਤ ਦਿੰਦਾ ਹੈ ਨਾਮ ਤਾਂ ਪਰਮ-ਸਤਿ ਦੀ ਸਮੁੱਚੀ ਸ਼ਕਤੀ, ਗੁਣ ਅਤੇ ਪ੍ਰਕਿਰਤੀ ਹੈ।'[63] ਪ੍ਰਿੰ. ਤੇਜਾ ਸਿੰਘ ਅਨੁਸਾਰ 'ਇਹ ਨਾਮ ਸਾਰੀ ਸ੍ਰਿਸਟੀ ਵਿਚ ਸਮਾ ਰਿਹਾ ਹੈ। ਉਸ ਤੋਂ ਭਿੰਨ ਕੁਝ ਨਹੀਂ। ਇਹ ਵਖੇਵੇਂ ਜੋ ਦਿਸ ਰਹੇ ਹਨ ਤਦ ਹੀ ਹਨ ਜਦ ਤਕ ਸਭ ਦੇ ਅੰਦਰ ਵੱਸ ਰਹੇ ਨਾਮ ਵੱਲ ਧਿਆਨ ਨਹੀਂ ਜਾਂਦਾ।'[64] ਭਾਈ ਵੀਰ ਸਿੰਘ ਅਨੁਸਾਰ 'ਨਾਮ ਜਾਪ ਹੈ। ਨਾਮ ਸਿਮਰਨ ਹੈ। ਨਾਮ ਲਿਵ ਹੈ, ਨਾਮ ਵਿਆਪਕ ਨਾਮ ਵਿਚ ਪਹੁੰਚ ਕੇ ਤਦਰੂਪ ਹੁੰਦਾ ਹੈ ਅਤੇ ਨਾਮ ਅਤੇ ਨਾਮੀ ਦੀ ਅਭੇਦਤਾ ਹੈ। ਅਰਥਾਤ ਨਾਮ-ਪ੍ਰੇਮੀ ਨਾਮ=ਵਾਹਿਗੁਰੂ ਨੂੰ ਪ੍ਰਾਪਤ ਹੋ ਜਾਂਦਾ ਹੈ।'[65] ਇੰਝ ਹੀ ਸਿਮਰਨ ਬਾਰੇ ਵੀ ਪ੍ਰੋ. ਸਾਹਿਬ ਸਿੰਘ ਕਹਿੰਦੇ ਹਨ ਕਿ 'ਸਿੱਖ ਧਰਮ ਦਾ ਮੁੱਖ ਨਿਸ਼ਾਨਾ ਹੈ ਸਿਮਰਨ। ਸਿਮਰਨ ਮਾਨੋ ਇਕ ਅਜਿਹੀ ਕੇਂਦ੍ਰੀ ਨੀਂਹ ਹੈ ਜਿਸ ਉਪਰ ਧਰਮ ਦੀ ਇਮਾਰਤ ਦੀ ਉਸਾਰੀ ਕੀਤੀ ਗਈ ਹੈ।'[66] ਡਾ. ਜੱਗੀ ਕਹਿੰਦੇ ਹਨ ਕਿ 'ਗੁਰਮਤਿ ਸਾਧਨਾ ਵਿਚ ਨਾਮ ਸਿਮਰਨ ਦਾ ਮਹੱਤਵ ਰੀੜ੍ਹ ਦੀ ਹੱਡੀ ਵਾਂਗ ਆਧਾਰਭੂਤ ਹੈ। ਨਾਮ-ਸਿਮਰਨ ਤੋਂ ਬਿਨਾ ਗੁਰਮਤਿ ਦੀ

[61] *ਮਹਾਨ ਕੋਸ਼,* ਪੰ.699.

[62] *ਗੁਰੂ ਨਾਨਕ ਬਾਣੀ,* ਪੰ. 25.

[63] *Sikhiism: Theological concepts of Sikhism,* p.64.

[64] *ਸ਼ਬਦਾਰਥ,*ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 292-93.

[65] *ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ, (ਪੋਥੀ ਪਹਿਲੀ),*ਪੰ. 2-4.

[66] *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ,* ਭਾਗ ਪਹਿਲਾ, ਪੰ. 29.

ਕਲਪਨਾ ਹੀ ਨਹੀਂ ਕੀਤੀ ਜਾ ਸਕਦੀ।'[67] ਇਕ ਥਾਂ ਹੋਰ ਉਹ ਇਸ ਸ਼ਬਦ ਦੀ ਵਿਸਥਾਰ ਨਾਲ ਵਿਆਖਿਆ ਕਰਦੇ ਕਹਿੰਦੇ ਹਨ ਕਿ 'ਨਾਮ' ਤੋਂ ਭਾਵ ਹੈ ਉਹ ਸੰਗਿਆ ਜਿਸ ਰਾਹੀਂ ਕਿਸੇ ਵਸਤੂ, ਸਥਾਨ ਜਾਂ ਵਿਅਕਤੀ ਦਾ ਪਰਿਚਯ ਪ੍ਰਾਪਤ ਹੋਵੇ। ਸਾਧਾਰਣ ਤੌਰ 'ਤੇ ਨਾਮ ਦੀ ਵਰਤੋਂ ਕਿਸੇ ਗੁਣ, ਸੁਭਾ ਜਾਂ ਸਰੂਪ ਨੂੰ ਪ੍ਰਗਟ ਕਰਨ ਲਈ ਕੀਤੀ ਜਾਂਦੀ ਹੈ।....ਪਰ ਉਂਜ ਅੰਤਰਯਾਮੀ ਪਰਮਾਤਮਾ ਨੂੰ ਭਾਸ਼ਿਕ ਪ੍ਰਤੀਕਾਂ ਰਾਹੀਂ ਸਮਝਣ ਸਮਝਾਉਣ ਦੀ ਲੋੜ ਨਹੀਂ ਉਹ ਕਿਸੇ ਨਾਮ ਦੀ ਸੀਮਾ ਵਿਚ ਬੰਨ੍ਹਿਆ ਨਹੀਂ ਜਾ ਸਕਦਾ। ਗੁਰਬਾਣੀ ਅਨੁਸਾਰ ਪਰਮਾਤਮਾ ਦਾ ਅਸਲ ਨਾਮ ਉਹ ਹੈ ਜਿਸ ਤੋਂ ਉਸ ਦੀ ਹੋਂਦ ਦਾ ਬੋਧ ਬਣਿਆ ਰਹਿੰਦਾ ਹੈ। ਅਜਿਹਾ ਨਾਮ ਜੇ ਕੋਈ ਹੈ ਤਾਂ ਉਹ 'ਸਤਿ' ਹੈ-*ਤੇਰਾ ਸਚੁ ਨਾਮੁ ਪਰਮੇਸੁਰਾ*(ਗੁ.ਗ੍ਰੰ.1168) ਇਹ ਨਾਮ ਇਸ਼ਟ ਸੰਬੰਧੀ ਸਾਰੀਆਂ ਸੰਪ੍ਰਦਾਇਕ ਅਥਵਾ ਧਾਰਮਿਕ ਭਾਵਨਾਵਾਂ ਅਤੇ ਰੁਚੀਆਂ ਤੋਂ ਮੁਕਤ ਅਤੇ ਸਾਰੀਆਂ ਆਸਤਿਕ ਪਰੰਪਰਾਵਾਂ ਦੁਆਰਾ ਸਵੀਕ੍ਰਿਤ ਹੈ। ਹੋਰ ਨਾਂ ਬਨਾਵਟੀ ਹਨ, ਵਾਸਤਵਿਕ ਅਤੇ ਬੁਨਿਆਦੀ ਨਾਮ ਸਤਿ ਹੈ।...ਨਾਮ ਇਕ ਸਰਬ ਵਿਆਪਕ ਸ਼ਕਤੀ ਹੈ,ਇਸ ਤੋਂ ਬਾਹਰ ਕੁਝ ਵੀ ਨਹੀਂ ਹੈ-*ਜੇਤਾ ਕੀਤਾ ਤੇਤਾ ਨਾਉ।ਵਿਣੁ ਨਾਵੈ ਨਾਹੀ ਕੋ ਥਾਉ।*(ਗੁ.ਗ੍ਰੰ.4) ਨਾਮ ਦੀ ਉਤਪਤੀ ਨਾਮੀ ਦੁਆਰਾ ਹੀ ਹੁੰਦੀ ਹੈ-*ਆਪੀਨੈ੍ਹ ਰਚਿਓ ਨਾਉ।*(ਗੁ.ਗ੍ਰੰ.463) ਪ੍ਰਭੂ ਦੁਆਰਾ ਨਿਰਮਿਤ ਅਤੇ ਉਸ ਦੇ ਵਾਚਕ ਨਾਮ ਦੇ ਅਧੀਨ ਸਾਰੀਆਂ ਜਾਗਤਿਕ ਸ਼ਕਤੀਆਂ ਹਨ-*ਸਰਬ ਜੋਤਿ ਨਾਮੈ ਕੀ ਚੇਰਿ।*(ਗੁ.ਗ੍ਰੰ.1127)'[68]

[67] *ਅਮਲ ਜਿ ਕੀਤੇ ਦੁਨੀ ਵਿਚਿ,* ਪ. 224.

[68] *ਗੁਰੂ ਗ੍ਰੰਥ ਵਿਸ਼ਵਕੋਸ਼,* ਪੰ.165-66.

ਗੁਰਮਤਿ ਵਿਚ ਇਸਤਰੀ ਦੇ ਸਤਿਕਾਰ ਵਿਚ ਅਵਾਜ਼ ਉਠਾਈ ਗਈ ਹੈ। ਡਾ. ਜੱਗੀ ਕਹਿੰਦੇ ਹਨ ਕਿ 'ਨਾਰੀ ਦੀ ਸਥਿਤੀ ਸੰਬੰਧੀ ਚੇਤਨਾ ਗੁਰੂ ਗ੍ਰੰਥ ਸਾਹਿਬ ਦੀ ਇਸਤਰੀ ਜਾਤਿ ਪ੍ਰਤਿ ਵਿਵੇਕਸ਼ੀਲਤਾ ਨੂੰ ਦਰਸਾਉਂਦੀ ਹੈ। ਇਸ ਸੰਬੰਧ ਵਿਚ ਗੁਰਬਾਣੀ ਦੀ ਪਹੁੰਚ ਉਸ ਯੁਗ ਦੇ ਧਰਮ-ਸਾਧਕਾਂ ਤੋਂ ਵੱਖਰੀ ਕਿਸਮ ਦੀ ਹੈ। ਗੁਰੂ ਨਾਨਕ ਦੇਵ ਜੀ ਨੇ 'ਆਸਾ ਕੀ ਵਾਰ' ਵਿਚ ਅਕੱਟ ਪ੍ਰਮਾਣਾਂ ਦੁਆਰਾ ਮਨੁੱਖੀ ਸਮਾਜ ਵਿਚ ਨਾਰੀ ਦੇ ਅਰਧਾਂਨਗੀ ਰੂਪ ਵਾਲੇ ਸਥਾਨ ਨੂੰ ਸਪਸ਼ਟ ਕੀਤਾ ਹੈ ਕਿ-*ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ।*(ਗੁ.ਗ੍ਰੰ.473) ਪਰੰਤੂ ਇਸਤਰੀ ਦੇ ਕਾਮਿਨੀ ਰੂਪ ਪ੍ਰਤਿ ਆਦਰ ਨੂੰ ਘਟਾਇਆ ਨਹੀਂ ਗਿਆ ਹੈ। ਉਦਾਸੀਆਂ ਦੌਰਾਨ ਕਾਮ ਬਾਣਾਂ ਨਾਲ ਵਸ ਵਿਚ ਕਰਨ ਵਾਲੀਆਂ ਰਾਜਾ ਸ਼ਿਵਨਾਭ ਦੁਆਰਾ ਭੇਜੀਆਂ ਕਾਮਿਨੀਆਂ ਨੂੰ ਪੁਤਰੀਆਂ ਅਤੇ ਰਾਜਕੁਮਾਰੀਆਂ ਕਹਿ ਕੇ ਨਿਵਾਜਿਆ ਹੈ-*ਗਾਛਹੁ ਪੁਤ੍ਰੀ ਰਾਜ ਕੁਆਰਿ।ਨਾਮੁ ਭਣਹੁ ਸਚੁ ਦੋਤੁ ਸਵਾਰਿ।ਪ੍ਰਿਉ ਸੇਵਹੁ ਪ੍ਰਭ ਪ੍ਰੇਮ ਅਧਾਰਿ।ਗੁਰ ਸਬਦੀ ਬਿਖ ਤਿਆਸ ਨਿਵਾਰਿ।*(ਗੁ.ਗ੍ਰੰ.1187)'[69]

ਗੁਰਮਤਿ ਵਿਚ ਜਾਤ-ਪਾਤ ਦਾ ਬਹੁਤ ਸਖਤ ਸ਼ਬਦਾਂ ਵਿਚ ਖੰਡਨ ਕੀਤਾ ਗਿਆ ਹੈ। ਉਸ ਬਾਰੇ ਡਾ. ਜੱਗੀ ਕਹਿੰਦੇ ਹਨ ਕਿ 'ਮਨੁੱਖਤਾ ਦੇ ਵਿਕਾਸ ਵਿਚ ਜਾਤਿ ਜਾਂ ਵਰਣ-ਗੋਤ ਭੇਦ ਨਿਰਾਧਾਰ ਹੈ। ਅਸਲੋਂ ਸੰਸਾਰ ਵਿਚ ਕੋਈ ਵੀ ਉੱਚਾ ਜਾਂ ਨੀਵਾਂ ਨਹੀਂ ਹੈ-*ਨਾਨਕ ਉਤਮੁ ਨੀਚੁ ਨ ਕੋਇ।*(ਗੁ.ਗ੍ਰੰ.7)। ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ ਕਿ ਜਾਤੀਆਂ ਜਾਂ ਉਨ੍ਹਾਂ ਦੇ ਨਾਂ ਵਿਅਰਥ ਹਨ। ਸਾਰੇ ਮਨੁੱਖ ਇਕੋ ਸੱਤਾ ਦੀ ਸਰਪ੍ਰਸਤੀ ਦੇ ਅਧੀਨ ਹਨ। ਜੇ ਕੋਈ ਉੱਚੀ ਕੁਲ

---

[69] *ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰ.204.

ਵਿਚੋਂ ਹੋਣ ਕਰਕੇ ਆਪਣੇ ਆਪ ਨੂੰ ਮਹਾਨ ਕਹਿੰਦਾ ਹੈ, ਉਹ ਅਸਲ ਵਿਚ ਤਾਂ ਹੀ ਮਹਾਨ ਹੋ ਸਕਦਾ ਹੈ ਜੇ ਈਸ਼ਵਰੀ ਦਰਗਾਹ ਵਿਚ ਪ੍ਰਤਿਸ਼ਠਾ ਪ੍ਰਾਪਤ ਕਰਦਾ ਹੈ-*ਫਕੜ ਜਾਤੀ ਫਕੜੁ ਨਾਉ।ਸਭਨਾ ਜੀਆ ਇਕਾ ਛਾਉ।ਆਪਹੁ ਜੇ ਕੋ ਭਲਾ ਕਹਾਏ।ਨਾਨਕ ਤਾ ਪਰੁ ਜਾਪੈ ਜਾ ਪਤਿ ਲੇਖੈ ਪਾਇ।*(ਗੁ.ਗ੍ਰੰ.83)[70] ਉਹ ਕਹਿੰਦੇ ਹਨ ਕਿ ਗੁਰਬਾਣੀ ਵਿਚ ਉਸ ਮਨੁੱਖ ਨੂੰ ਹੀ ਨੀਵੀਂ ਜਾਤ ਵਾਲਾ ਮੰਨਿਆ ਗਿਆ ਹੈ ਜੋ ਪਰਮਾਤਮਾ ਨੂੰ ਭੁੱਲ ਕੇ ਸੰਸਾਰ ਵਿਚ ਪ੍ਰਵਿਰਤ ਹੋ ਗਿਆ ਹੈ।ਉਹ ਅੱਗੇ ਕਹਿੰਦੇ ਹਨ ਕਿ 'ਗੁਰੂ ਸਾਹਿਬਾਨ ਨੇ ਸਮਾਜ ਅਤੇ ਧਰਮ ਦੇ ਖੇਤਰ ਵਿਚ ਇਕਰੂਪਤਾ ਜਾਂ ਸਮਦਰਸ਼ਤਾ ਵਾਲਾ ਦ੍ਰਿਸ਼ਟੀਕੋਣ ਅਪਣਾ ਕੇ ਨਵੇਂ ਨਰੋਏ ਧਰਮ-ਆਧਾਰਿਤ ਸਮਾਜ ਨੂੰ ਜਨਮ ਦਿੱਤਾ ਜੋ ਸੱਚੇ ਅਰਥਾਂ ਵਿਚ 'ਮਨੁੱਖ-ਸਮਾਜ' ਕਿਹਾ ਜਾ ਸਕਦਾ ਹੈ। ਜਾਤਿ ਭੇਦ-ਭਾਵ ਤੋਂ ਉਚਾ ਉਠਣ ਵਾਲਾ ਮਨੁੱਖ ਹੀ ਸੱਚਾ ਮਨੁੱਖ ਹੈ। ਉਹ ਬ੍ਰਹਮ-ਗਿਆਨੀ ਅਥਵਾ ਗੁਰਮੁਖ ਹੈ। ਉਹ ਮਨੁੱਖ ਨੂੰ ਮਨੁੱਖ ਨੇੜੇ ਲਿਆਉਣ ਵਾਲਾ ਕਿਰਦਾਰ ਕਰਦਾ ਹੈ।'[71]

'ਸੇਵਾ' ਸ਼ਬਦ ਦੀ ਡਾ. ਜੱਗੀ ਨੇ ਬੜੀ ਭਾਵਪੂਰਤ ਵਿਆਖਿਆ ਕੀਤੀ ਹੈ।ਉਹ ਲਿਖਦੇ ਹਨ ਕਿ 'ਪ੍ਰੀਤਮ' ਦੀ ਸਭ ਤੋਂ ਵੱਡੀ ਸੇਵਾ ਉਸ ਨੂੰ ਪ੍ਰਸੰਨ ਕਰ ਕੇ ਉਸਦਾ ਸੰਯੋਗ ਪ੍ਰਾਪਤ ਕਰਨਾ ਹੈ। ਇਸੇ ਸੰਸਾਰਿਕ ਰੂਪਕ ਦੁਆਰਾ ਗੁਰੂ ਨਾਨਕ ਨੇ ਗੁਰ ਸੇਵਾ ਦੁਆਰਾ ਪ੍ਰਭੂ ਮਿਲਣ ਦੇ ਆਨੰਦ ਦਾ ਵਿਸ਼ਲੇਸ਼ਣ ਕਰਦਿਆਂ ਕਿਹਾ ਹੈ ਕਿ ਜਿਵੇਂ ਇਸਤਰੀ ਆਪਣੇ ਪ੍ਰੀਤਮ ਨੂੰ ਲੁਭਾਣ ਲਈ ਆਪਣੇ ਆਪ ਨੂੰ ਸੰਵਾਰਦੀ ਹੈ, ਉਸ ਨੂੰ ਸੇਜ 'ਤੇ ਆਇਆ ਵੇਖ ਕੇ ਸੰਤੁਸ਼ਟ ਹੁੰਦੀ ਹੈ ਅਤੇ

---

[70] *ਉਹੀ.*

[71] *ਉਹੀ.*

ਪਰਸਪਰ ਮਿਲਣ ਦੁਆਰਾ ਇਕਾਤਮਕਤਾ ਪ੍ਰਾਪਤ ਕਰਨਾ ਚਾਹੁੰਦੀ ਹੈ, ਉਸੇ ਤਰ੍ਹਾਂ ਆਤਮਾ ਹਰੀ ਰੂਪੀ ਪਤੀ ਨੂੰ ਪ੍ਰਾਪਤ ਕਰਨ ਲਈ ਗੁਰੂ ਸੇਵਾ ਦਾ ਸਹਿਜ ਸ਼ਿੰਗਾਰ ਕਰਦੀ ਹੈ।[72]

ਭਾਰਤੀ ਦਰਸ਼ਨ ਦੀ ਪਰੰਪਰਾ ਬਹੁਤ ਪੁਰਾਣੀ ਹੈ ਜਿਸ ਵਿਚ ਸਿਧਾਂਤਕ ਸ਼ਬਦਾਵਲੀ ਦਾ ਉਲੇਖ ਮਿਲਦਾ ਹੈ ਜਿਵੇਂ ਕਿ ਬ੍ਰਹਮ, ਈਸ਼ਵਰ, ਹਰਿ, ਹਰੀ, ਪਰਮਾਤਮਾ, ਨਾਰਾਇਣ, ਮਾਇਆ, ਜੀਵ, ਆਤਮਾ, ਜਗਤ, ਬ੍ਰਹਮੰਡ, ਖੰਡ, ਪ੍ਰੇਮ, ਕੀਰਤ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਗਿਆਨ, ਅਗਿਆਨ, ਗੁਰੂ੍ਹ, ਨਾਮ, ਸਤਿ, ਗ੍ਰਹਿਸਤ, ਕਰਮ, ਆਵਾਗਵਨ, ਮੁਕਤਿ, ਭਵਜਲ, ਮਨ, ਬੁੱਧ, ਚਿਤ ਅਤੇ ਆਨੰਦ ਆਦਿ। ਭਾਵੇਂ ਇਹ ਵਿਸ਼ੇ ਭਾਰਤੀ ਦਰਸ਼ਨ ਵਿਚ ਮਿਲਦੇ ਹਨ ਪਰ ਗੁਰਮਤਿ ਵਿਚ ਇਨ੍ਹਾਂ ਦਾ ਵਿਸ਼ਲੇਸ਼ਣ ਨਵੀਨ ਹੈ। ਜੇਕਰ ਗੰਭੀਰਤਾ ਨਾਲ ਵੇਖਿਆ ਜਾਵੇ ਤਾਂ ਇਹ ਵਿਚਾਰ ਸਪਸ਼ਟ ਹੁੰਦਾ ਹੈ ਕਿ ਵਿਸ਼ਵ ਦਾ ਸਾਹਿੱਤ, ਗਿਆਨ-ਵਿਗਿਆਨ ਅਤੇ ਦਰਸ਼ਨ ਇਨ੍ਹਾਂ ਹੀ ਤਿੰਨਾਂ ਮੂਲ ਵਿਸ਼ਿਆਂ ਉਤੇ ਕੇਂਦਰਿਤ ਹੈ। ਮੂਲ-ਮੰਤਰ ਗੁਰਮਤਿ ਦਰਸ਼ਨ ਦਾ ਮੂਲ ਆਧਾਰ ਹੈ। ਸਿੱਖ ਧਰਮ-ਦਰਸ਼ਨ ਅਨੁਸਾਰ ਪਰਮਾਤਮਾ ਦਾ ਸੰਪੂਰਨ ਅਤੇ ਨਿਸ਼ਚਿਤ ਸਰੂਪ ਇਸ ਰਚਨਾ ਵਿਚ ਸਾਕਾਰ ਹੋਇਆ ਹੈ। ਡਾ. ਜੱਗੀ ਨੇ ਗੁਰਬਾਣੀ ਵਿਆਖਿਆ ਨੂੰ ਆਧਾਰ ਬਣਾ ਕੇ ਵਿਗਿਆਨਕ ਆਧਾਰ ਤੇ ਸਭ ਕੁਤਰਕਾਂ ਦਾ ਤਰਕ ਸੰਗਤ ਜਵਾਬ ਦੇ ਕੇ ਰੂੜ੍ਹ ਧਾਰਨਾਵਾਂ ਨੂੰ ਰੱਦ ਕੀਤਾ ਹੈ। ਡਾ. ਜੱਗੀ ਨੇ ਗੁਰਮਤਿ ਫਿਲਾਸਫ਼ੀ ਦੇ ਗੁੱਝੇ ਭੇਦਾਂ ਤੋਂ ਪਰਿਚਿਤ ਕਰਾਉਂਦਿਆਂ ਪਰਮਾਤਮਾ, ਜੀਵਾਤਮਾ ਅਤੇ ਜਗਤ ਸੰਬੰਧੀ ਆਪਣੀ ਵਿਚਾਰਧਾਰਾ ਨੂੰ ਸਪਸ਼ਟ ਕੀਤਾ। ਭਾਰਤੀ ਧਰਮਾਂ ਵਿਚ ਪਰਮ-ਸੱਤਾ ਨੂੰ ਤਿੰਨ

[72] *ਗੁਰੂ ਨਾਨਕ ਦੀ ਵਿਚਾਰਧਾਰਾ,* ਪੰ. 342.

ਇਕਾਈਆਂ ਵਿਚ ਵਿਭਾਜਤ ਕੀਤਾ ਗਿਆ ਹੈ। ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਦੇ ਰੂਪ ਵਿਚ ਪਰਮਾਤਮਾ ਦੀ ਉਪਾਸ਼ਨਾ ਕੀਤੀ ਜਾਂਦੀ ਹੈ ਪ੍ਰੰਤੂ ਗੁਰਮਤਿ ਦਰਸ਼ਨ ਅਨੁਸਾਰ ਪਰਮਾਤਮਾ ਨਿਰਾਕਾਰ ਅਤੇ ਅਦ੍ਰਿਸ਼ਟ ਹੈ। ਗੁਰਮਤਿ ਅਨੁਸਾਰ ਪਰਮਸੱਤਾ ਦੇ ਸਰੂਪ ਦਾ ਮੂਲ ਆਧਾਰ ਵਰਨਣ ਮੂਲ ਮੰਤਰ ਹੈ। ਇਹ ਮੂਲ ਮੰਤਰ ਗੁਰੂ ਨਾਨਕ ਦੇਵ ਜੀ ਦੇ ਰੱਬੀ ਅਨੁਭਵ ਦੁਆਰਾ ਪ੍ਰਾਪਤ ਹੋਇਆ। ਇਹ ਮੂਲ ਮੰਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਈ ਵਾਰ ਆਇਆ ਹੈ ਪ੍ਰੰਤੂ ਇਸਦਾ ਪਹਿਲਾ ਤੇ ਸੰਪੂਰਨ ਰੂਪ ਇਸ ਪ੍ਰਕਾਰ ਹੈ।

*ੴ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰ*

*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥*[73]

*ਗੁਰੂ ਨਾਨਕ ਦੀ ਵਿਚਾਰਧਾਰਾ* ਪੁਸਤਕ ਨੂੰ ਆਧਾਰ ਬਣਾ ਕੇ ਜੇ ਵੇਖਿਆ ਜਾਵੇ ਤਾਂ ਡਾ.ਜੱਗੀ 'ਮੂਲ ਮੰਤ੍ਰ' ਦੀ ਸਿਧਾਂਤਕ ਵਿਆਖਿਆ ਕਰਦੇ ਹਨ। ਸਮੁੱਚੇ ਰੂਪ ਵਿਚ ਉਨ੍ਹਾਂ ਨੇ ਪਰਮਾਤਮਾ (ਬ੍ਰਹਮ) ਦੇ ਸਰੂਪ ਬਾਰੇ ਇਉਂ ਕਿਹਾ ਹੈ 'ਗੁਰੂ ਨਾਨਕ ਦਾ ਬ੍ਰਹਮ ਅਰੂਪ ਅਤੇ ਨਿਰਗੁਣ ਹੁੰਦੇ ਹੋਇਆਂ ਵੀ ਕ੍ਰਿਆਹੀਨ ਨਹੀਂ, ਕਰਤਾ ਪੁਰਖ ਅਤੇ ਆਪਣੇ ਆਪ ਹੋਂਦ ਵਿਚ ਆਣ ਵਾਲਾ ਹੈ। ਸਾਰੀ ਸ੍ਰਿਸ਼ਟੀ ਦੀ ਉਤਪਤੀ, ਸਥਿਤੀ ਅਤੇ ਨਾਸ਼ ਦਾ ਕਾਰਨ ਹੈ।ਉਹ ਓਅੰਕਾਰ-ਸ਼ਬਦ ਰੂਪ, ਨਿਰਭਉ, ਨਿਰਵੈਰ, ਅਜੂਨੀ ਅਤੇ ਲਾ-ਸ਼ਰੀਕ ਹੈ। ਉਹ ਕਾਲ ਦੇ ਸ਼ਾਸਨ ਤੋਂ ਮੁਕਤ ਅਤੇ ਸਤਿ ਨਾਮ ਵਾਲਾ ਹੈ। ਉਹ ਜੋਤਿ ਸਰੂਪ, ਨਿਰੰਜਨ, ਸੁੰਨ ਅਤੇ ਅਗਮ ਅਗੋਚਰ ਹੈ। ਗੁਰੂ ਜੀ ਅਨੁਸਾਰ ਸਤਿ ਇਕ ਹੈ, ਇਸ ਲਈ ਦਵੈਤ ਨੂੰ ਅਪਣਾਉਣ ਦਾ ਪ੍ਰਸ਼ਨ

---

[73] *ਸ਼ਬਦਾਰਥ,* ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1.

ਹੀ ਨਹੀਂ ਉਠਦਾ। ਇਕ ਬ੍ਰਹਮ ਦੀ ਭਗਤੀ ਅਤੇ ਏਕਤਵ ਦੀ ਸਾਧਨਾ ਗੁਰੂ ਨਾਨਕ ਦੇ ਬ੍ਰਹਮ ਨਿਰੂਪਣ ਦਾ ਮੂਲ ਆਧਾਰ ਹੈ। ਗੁਰੁ ਜੀ ਦਾ ਨਿਰੰਕਾਰ ਬ੍ਰਹਮ ਅਨਿਰਵਚਨੀਯ ਹੈ, ਉਹ ਵਰਨਣ ਦਾ ਵਿਸ਼ਾ ਨਹੀਂ ਬਣ ਸਕਦਾ। ਉਹ ਜੋ ਕੁਝ ਹੈ, ਉਹੀ ਕੁਝ ਹੈ, ਵਿਅਰਥ ਦੇ ਤਰਕ ਵਿਤਰਕ ਵਿਚ ਸਮਾਂ ਗੰਵਾਣਾ ਉਚਿਤ ਨਹੀਂ ਹੈ। ਉਸ ਵਿਚ ਵਿਸ਼ਵਾਸ ਰਖਣਾ ਠੀਕ ਹੈ।'[74] ਉਨ੍ਹਾਂ ਨੇ ਬ੍ਰਹਮ ਦੇ ਨਿਰਗੁਣ ਤੇ ਸਰਗੁਣ ਦੋਹਾਂ ਸਰੂਪਾਂ ਦੀ ਵਿਆਖਿਆ ਬੜੇ ਕਲਾਮਈ ਢੰਗ ਨਾਲ ਕੀਤੀ ਹੈ।

ਇਉਂ ਹੀ ਉਨ੍ਹਾਂ ਨੇ ਗੁਰਬਾਣੀ ਦੇ ਹੋਰ ਕਈ ਸੂਖਮ ਸੰਕਲਪਾਂ ਦੀ ਦਾਰਸ਼ਨਿਕ ਤੇ ਸਿੱਧਾਂਤਿਕ ਵਿਆਖਿਆ ਪ੍ਰਸਤੁਤ ਕੀਤੀ ਹੈ। ਜਿਵੇਂ ਹਉਮੈ ਅਤੇ ਹੁਕਮ, ਭਗਤੀ, ਭਗਤੀ ਮਾਰਗ, ਨਾਮ ਭਗਤੀ, ਗੁਰੂ ਭਗਤੀ, ਸ਼ਬਦ ਸ਼ਕਤੀ, ਮੁਕਤੀ, ਅਨੰਦ, ਮਨੁੱਖ, ਮਾਇਆ ਆਦਿ। ਗੁਰਬਾਣੀ ਦੇ ਇਨ੍ਹਾਂ ਸੂਖਮ ਤੇ ਦਾਰਸ਼ਨਿਕ ਸੰਕਲਪਾਂ ਦਾ ਵਿਸ਼ਲੇਸ਼ਣ ਵੀ ਕਈ ਪੁਸਤਕਾਂ ਵਿਚ ਹੋਇਆ ਹੈ।

**ਜੀਵ (ਆਤਮਾ):** ਡਾ. ਜੱਗੀ ਨੇ 'ਜੀਵ' (ਆਤਮਾ) ਬਾਰੇ ਵਿਆਖਿਆ ਨੂੰ ਵੀ ਬੜੇ ਭਾਵਪੂਰਤ ਸ਼ਬਦਾਂ ਵਿਚ ਪੇਸ਼ ਕੀਤਾ ਹੈ। ਉਹ ਕਹਿੰਦੇ ਹਨ ਕਿ 'ਜੀਵ, ਸਰੀਰ ਸਥਿਤ ਪਰਮਾਤਮਾ ਦਾ ਅੰਸ਼ ਹੈ, ਪਰ ਆਪਣੀਆਂ ਅਸਮਰਥਾਵਾਂ ਕਰਕੇ ਪਰਮਾਤਮਾ ਤੋਂ ਭਿੰਨ ਵੀ ਹੈ। ਤੱਤਵ ਸੰਬੰਧੀ ਅਭੇਦਤਾ ਕਰਕੇ ਉਸ ਵਿਚ ਪਰਮ ਸ਼ਕਤੀ ਵਿਚ ਲੀਨਤਾ ਦੀ ਵਿਸ਼ਿਸ਼ਟਤਾ ਤਾਂ ਮੌਜੂਦ ਹੈ, ਪਰ ਉਸ ਵਿਚ ਪਰਮ ਸੱਤਾ ਦੀਆਂ ਨਿਜੀ ਵਿਸ਼ੇਸ਼ਤਾਵਾਂ ਨੂੰ ਗ੍ਰਹਿਣ ਕਰਨ ਦੀ ਸਮਰਥਾ ਨਹੀਂ ਹੈ।

---

[74] *ਗੁਰੂ ਨਾਨਕ ਦੀ ਵਿਚਾਰਧਾਰਾ,* ਪੰ. 180.

ਉਸ ਦੀਆਂ ਸਾਰੀਆਂ ਕ੍ਰਿਆਵਾਂ, ਇਛਾਵਾਂ ਅਤੇ ਪ੍ਰਵ੍ਰਿਤੀਆਂ ਪਰਮਾਤਮਾ ਦੇ ਹੁਕਮ ਅਧੀਨ ਹਨ। ਜਦ ਤਕ ਉਹ ਹਉਮੈ ਗ੍ਰਸਤ ਹੈ, ਤਦ ਤਕ ਉਹ ਕਰਮ ਚਕਰ ਵਿਚ ਪੈਂਦਾ ਰਹਿੰਦਾ ਹੈ। ਇਕ ਸਰੀਰ ਦੇ ਨਸ਼ਟ ਹੋਣ ਤੋਂ ਬਾਦ ਦੂਜਾ ਸਰੀਰ ਧਾਰਨ ਕਰਦਾ ਹੈ।ਇਸ ਤਰ੍ਹਾਂ ਉਹ ਅਲਪੱਗ ਅਤੇ ਪਰਵਸ਼ ਹੈ, ਪਰ ਜਦੋਂ ਉਸ ਦੀ ਪ੍ਰਵ੍ਰਿਤੀ ਨਿਸ਼ਕਾਮ ਹੋ ਜਾਂਦੀ ਹੈ ਤਾਂ ਉਹ ਮੁਕਤੀ ਦਾ ਅਧਿਕਾਰੀ ਬਣਦਾ ਹੈ।' [75]

ਇਸ ਤਰ੍ਹਾਂ ਡਾ. ਜੱਗੀ ਗਹਿਰ ਗੰਭੀਰ ਦ੍ਰਿਸ਼ਟੀ ਨਾਲ ਗੁਰੂ ਨਾਨਕ ਸਾਹਿਬ ਦੇ 'ਆਤਮ-ਦਰਸ਼ਨ' ਬਾਰੇ ਕਹਿੰਦੇ ਹਨ ਕਿ 'ਗੁਰੂ ਨਾਨਕ ਸਾਧਕ ਅਤੇ ਚਿੰਤਕ ਦੋਵੇਂ ਹਨ। ਗੁਰੂ ਨਾਨਕ ਦੇ ਆਤਮ ਨਿਰੂਪਣ ਦਾ ਆਧਾਰ ਨਾ ਤਾਂ ਕੋਈ ਪੁਰਾਤਨ ਦਰਸ਼ਨ ਹੈ ਨਾ ਹੀ ਉਹਨਾਂ ਦੇ ਪ੍ਰਤੀਪਾਦਿਤ ਸਿਧਾਂਤ ਕਿਸੇ ਨਿਸ਼ਚਿਤ ਆਤਮ-ਦਰਸ਼ਨ ਦਾ ਨਿਰਮਾਣ ਕਰਦੇ ਹਨ। ਸਗੋਂ ਉਹਨਾਂ ਨੇ ਆਤਮ-ਅਨੁਭੂਤੀ ਦੀ ਅਭਿਵਿਅਕਤੀ ਲਈ ਕਿਤੇ-ਕਿਤੇ ਜੋ ਵਿਚਾਰ ਪ੍ਰਗਟ ਕੀਤੇ ਹਨ, ਉਹਨਾਂ ਉਕਤੀਆਂ ਨੂੰ ਇਕੱਠਾ ਕਰਕੇ ਜੋ ਰੂਪ-ਰੇਖਾ ਤਿਆਰ ਹੁੰਦੀ ਹੈ, ਉਹੀ ਉਹਨਾਂ ਦਾ ਆਤਮ-ਦਰਸ਼ਨ ਹੈ।'[76]

ਗੁਰੂ ਨਾਨਕ ਸਹਿਬ ਜੀ ਇਕ ਅਜਿਹੇ ਮਹਾਨ ਕ੍ਰਾਂਤੀਕਾਰੀ ਧਾਰਮਿਕ ਆਗੂ ਸਨ ਜਿਨ੍ਹਾਂ ਦੀ ਵਿਚਾਰਧਾਰਾ ਸਮੇਂ, ਸਥਾਨ ਅਤੇ ਵਿਸ਼ੇ-ਵਸਤੂ ਦੇ ਪੱਖੋਂ ਬਹੁਤ ਵਿਸ਼ਾਲ ਤੇ ਵਿਸ਼ਵ ਵਿਆਪੀ ਹੈ। ਗੁਰੂ ਸਾਹਿਬ ਜੀ ਨੇ ਸਾਰੀ ਲੋਕਾਈ ਨੂੰ ਇਕ ਮੁਕੰਮਲ ਫ਼ਲਸਫਾ ਦਿੱਤਾ ਹੈ, ਜਿਨ੍ਹਾਂ

---

[75] *ਉਹੀ,* ਪ.200.

[76] *ਉਹੀ,* ਪੰ. 187.

ਦੀ ਵਿਚਾਰਧਾਰਾ ਮਹਾਨ ਸ਼ਕਤੀਸ਼ਾਲੀ, ਨਿਰੰਤਰ ਵਿਕਾਸਸ਼ੀਲ ਤੇ ਸੰਘਰਸ਼ਸ਼ੀਲ ਹੈ। ਗੁਰੂ ਨਾਨਕ ਸਾਹਿਬ ਜੀ ਦੇ ਅਧਿਆਤਮਕ ਚਿੰਤਨ ਬਾਰੇ ਗੱਲ ਕਰਦਿਆਂ ਡਾ. ਜੱਗੀ ਕਹਿੰਦੇ ਹਨ ਕਿ 'ਗੁਰੂ ਨਾਨਕ ਦੇ ਅਧਿਆਤਮਕ ਚਿੰਤਨ ਦੇ ਵਿਸ਼ਾਲ ਖੇਤਰ ਵਿਚ ਅਨੇਕ ਮਤ-ਮਤਾਂਤਰਾਂ ਦੇ ਅੰਸ਼ ਮੂਲ ਜਾਂ ਪਰਿਵਰਤਿਤ, ਕਿਸੇ ਨਾ ਕਿਸੇ ਰੂਪ ਵਿਚ ਮਿਲ ਜਾਂਦੇ ਹਨ।'[77] ਇਉਂ ਡਾ. ਜੱਗੀ ਇਹ ਕਹਿਣ ਦਾ ਯਤਨ ਕਰਦੇ ਹਨ ਕਿ ਗੁਰੂ ਸਾਹਿਬ ਜੀ ਨੇ ਕਿਸੇ ਵੀ ਪੁਰਾਤਨ ਧਾਰਮਿਕ ਪਰੰਪਰਾ ਨੂੰ ਸੰਪੂਰਣ ਪ੍ਰਵਾਨ ਨਹੀਂ ਕਰਦੇ ਹਨ। ਇਕ ਥਾਂ ਉਹ ਕਹਿੰਦੇ ਹਨ ਕਿ 'ਗੁਰੂ ਨਾਨਕ ਦਰਸ਼ਨ ਦੇ ਕਿਸੇ ਨਵੇਂ ਸਕੂਲ ਨੂੰ ਜਨਮ ਨਹੀਂ ਦਿੰਦੇ। ਪੁਰਾਤਨਤਾ ਵਿਚੋਂ ਹੀ ਯੁਗ ਦੀਆਂ ਪਰਿਸਥਿਤੀਆਂ ਅਨੁਕੂਲ ਅਜੇਹੀ ਨਵੀਨਤਾ ਨੂੰ ਜਨਮ ਦਿੰਦੇ ਹਨ ਜੋ ਕੋਰਾ ਦਰਸ਼ਨ ਜਾਂ ਵਿਤਰਕ ਨਹੀਂ, ਸਗੋਂ ਮਨੁੱਖੀ ਜੀਵਨ ਨੂੰ ਵਿਵਸਥਿਤ ਅਤੇ ਧਾਰਮਿਕ ਬਣਾਉਣ ਵਾਲਾ ਕਿਰਿਆਸ਼ੀਲ ਜੀਵਨ ਦਰਸ਼ਨ ਹੈ।'[78]

ਵਿ**ਕਾਰ:** ਜੀਵਾਤਮਾ ਅਤੇ ਪਰਮਾਤਮਾ ਦੀ ਦੂਰੀ ਦਾ ਬੁਨਿਆਦੀ ਕਾਰਣ ਆਤਮਾ ਉਤੇ ਪਿਆ ਵਿਕਾਰਾਂ ਦਾ ਬੋਝ ਹੈ। ਗੁਰਬਾਣੀ ਇਸੇ ਇਕ ਸਮੱਸਿਆ ਦਾ ਸਮਾਧਾਨ ਢੂੰਡਣ ਵਿਚ ਪ੍ਰਯਤਨਸ਼ੀਲ ਹੈ। ਗੁਰਬਾਣੀ ਵਿਚ ਮਨ ਨੂੰ ਮਾਰਨਾ, ਵਿਕਾਰਾਂ ਉਤੇ ਕਾਬੂ ਰਖਣਾ ਆਦਿਕ ਦ੍ਰਿਸ਼ਟਾਂਤ ਵਰਤ ਕੇ ਜੀਵਾਤਮਾ ਨੂੰ ਉਚਾ ਉਠਣ ਦੀ ਪ੍ਰੇਰਣਾ ਕੀਤੀ ਹੈ। ਡਾ. ਜੱਗੀ ਨੇ ਵੀ ਇਨ੍ਹਾਂ ਵਿਕਾਰਾਂ ਦੀ ਸਪਸ਼ਟ ਰੂਪ ਵਿਚ ਆਲੋਚਨਾ ਨਹੀਂ ਕੀਤੀ ਪਰ ਅਪ੍ਰਤੱਖ ਰੂਪ ਵਿਚ ਉਹ ਨੀਵਾਂ

---

[77] *ਉਹੀ,* ਪੰ.113.

[78] *ਉਹੀ.*

ਹੋਣ, ਤ੍ਰਿਸ਼ਨਾ ਮਾਰਨ, ਅਭਿਮਾਨ ਦੀ ਸਮਾਪਤੀ ਆਦਿਕ ਨੈਤਿਕ ਮਾਨਤਾਵਾਦੀ ਵਿਆਖਿਆ ਕਰਦੇ ਕਹਿੰਦੇ ਹਨ ਕਿ ਗੁਰੂ ਨਾਨਕ ਸਾਹਿਬ ਪਰਮਾਤਮਾ ਅਤੇ ਆਤਮਾ ਵਿਚ ਕੋਈ ਫਰਕ ਨਹੀਂ ਸਮਝਦੇ। ਜਗਤ ਦੀ ਉਤਪਤੀ ਬਾਰੇ ਗੁਰੂ ਨਾਨਕ ਸਾਹਿਬ ਦੇ ਵਿਚਾਰਾਂ ਬਾਰੇ ਕਹਿੰਦੇ ਹਨ ਕਿ 'ਗੁਰੂ ਨਾਨਕ ਦੇ ਤਿੰਨ ਸਿਧਾਂਤ ਹਨ- ਹੁਕਮ ਦੁਆਰਾ ਸ੍ਰਿਸ਼ਟੀ ਰਚਨਾ, ਓਅੰਕਾਰ ਦੁਆਰਾ ਸ੍ਰਿਸ਼ਟੀ ਰਚਨਾ ਅਤੇ ਹਉਮੈ ਦੁਆਰਾ ਸ੍ਰਿਸ਼ਟੀ ਰਚਨਾ।[79]

**ਮੁਕਤੀ**: 'ਮੁਕਤੀ' ਬਾਰੇ ਗੁਰੂ ਸਾਹਿਬ ਜੀ ਦੇ ਵਿਚਾਰ ਪੇਸ਼ ਕਰਦਿਆਂ ਡਾ. ਜੱਗੀ ਕਹਿੰਦੇ ਹਨ ਕਿ 'ਗੁਰੂ ਸਾਹਿਬਾਨ ਕੋਈ ਦਰਸ਼ਨ ਅਚਾਰੀਆ ਨਹੀਂ ਸਨ, ਇਸ ਲਈ ਉਹਨਾਂ ਦੀਆਂ ਕੁਝ ਕੁ ਉਕਤੀਆਂ ਮੁਕਤੀ ਸੰਬੰਧੀ ਕਿਸੇ ਕਿਸਮ ਦੇ ਸ਼ਾਸਤਰੀ ਵਿਵੇਚਨ ਨੂੰ ਪੇਸ਼ ਨਹੀਂ ਕਰਦੀਆਂ ਹਨ।'[80] ਗੁਰੂ ਦਾ ਕਰਮ ਹੀ ਜੀਵ ਅਤੇ ਈਸ਼ਵਰ ਦੀ ਅਭੇਦਤਾ ਕਰਾਉਣੀ ਹੈ। ਪਰ ਇਸ ਮੁਕਤੀ ਦੀ ਪ੍ਰਾਪਤੀ ਲਈ ਮਨੁੱਖ ਨੂੰ ਕੀ ਕਰਨਾ ਚਾਹੀਦਾ ਹੈ ਉਸ ਬਾਰੇ ਡਾ. ਜੱਗੀ ਕਹਿੰਦੇ ਹਨ ਕਿ 'ਬ੍ਰਹਮ ਦੀ ਅਨੁਭੂਤੀ ਹੀ ਮੋਕਸ਼ ਹੈ। ਇਹ ਸਿਧਾਂਤ ਅਦਵੈਤ ਵੇਦਾਂਤ ਦੇ ਅਨੁਕੂਲ ਹੈ। ਗੁਰੂ ਨਾਨਕ ਦੀ ਮੁਕਤੀ ਦਾ ਇਹੀ ਸਰੂਪ ਹੈ ਅਤੇ ਇਸਦੀ ਪ੍ਰਾਪਤੀ ਲਈ ਪਰਮਾਤਮਾ ਦੇ ਹੁਕਮ, ਪਰਮਾਤਮਾ ਦੀ ਕਿਰਪਾ, ਗੁਰੂ ਦੀ ਆਵਸ਼ੱਕਤਾ ਅਤੇ ਸੱਚੇ ਸ਼ਬਦ ਦੀ ਕਮਾਈ ਕਰਨਾ ਹੈ।' [81]

ਗੁਰਮਤਿ ਦੇ ਵਿਚਾਰਧਾਰਕ ਸੰਕਲਪਾਂ ਅਤੇ ਸਿਧਾਂਤਾਂ ਬਾਰੇ ਚਿੰਤਨ ਪੇਸ਼ ਕਰਦਿਆਂ

---

[79] *ਉਹੀ,* ਪੰ. 248.

[80] *ਉਹੀ,* ਪੰ. *307.*

[81] *ਉਹੀ,* ਪੰ.313-14.

ਡਾ. ਜੱਗੀ ਕਹਿੰਦੇ ਹਨ ਕਿ 'ਸੰਸਾਰ ਵਿਚ ਕੋਈ ਅਜੇਹਾ ਮਤ ਨਹੀਂ ਹੁੰਦਾ ਜੋ ਅਤੀਤ ਨਾਲ ਆਪਣਾ ਨਾਤਾ ਤੋੜ ਕੇ ਇਕਦਮ ਨਵਾਂ ਰੂਪ ਪੇਸ਼ ਕਰੇ। ਹਰ ਇਕ ਆਗੂ ਪੁਰਾਣੀਆਂ ਪਰੰਪਰਾਵਾਂ ਦੇ ਗਲਤ ਅੰਸ਼ਾਂ ਨੂੰ ਛੱਡ ਕੇ, ਉਹਨਾਂ ਦੇ ਸਾਰਭੂਤ ਅਤੇ ਨਰੋਏ ਪੱਖਾਂ ਨੂੰ ਆਪਣੇ ਨਵੀਨ ਦ੍ਰਿਸ਼ਟੀਕੋਣ ਦੀ ਸਾਣ ਚੜ੍ਹਾ ਕੇ ਜਾਂ ਆਪਣੇ ਯੋਗਦਾਨ ਨਾਲ ਉਹਨਾਂ ਦਾ ਮੂੰਹ ਮੱਥਾ ਸੰਵਾਰਦਾ ਅਤੇ ਨਵੇਂ ਯੁਗ ਵਿਚ ਗ੍ਰਹਿਣ ਕਰਨ ਯੋਗ ਬਣਾਂਦਾ ਹੈ।' [82]

**ਹਉਮੈ**: ਗੁਰਮਤਿ ਵਿਚ ਹਉਮੈ ਦੇ ਭਿਆਨਕ ਸਰੂਪ ਨੂੰ ਚਿਤਰਿਆ ਗਿਆ ਹੈ। ਇਸ ਨੂੰ ਗੁਰਬਾਣੀ ਵਿਚ ਦੀਰਘ ਰੋਗ ਕਿਹਾ ਗਿਆ ਹੈ। ਹਉਮੈ ਸ਼ਬਦ 'ਹਉ' ਤੇ 'ਮੈ' ਦੇ ਸੁਮੇਲ ਤੋਂ ਬਣਿਆ ਹੈ। ਜਿਸ ਦੇ ਅਰਥ ਅਹੰਕਾਰ, ਅਹੰਭਾਵ, ਗਰਬ, ਅਭਿਮਾਨ ਆਦਿ ਲਏ ਗਏ ਹਨ। ਹਉਮੈ ਵਿਚ ਗ੍ਰਸ਼ਤ ਮਨੁੱਖ ਦਾ ਪਰਮਾਤਮਾ ਨਾਲ ਮਿਲਾਪ ਅਸੰਭਵ ਹੈ। ਡਾ. ਜੱਗੀ ਕਹਿੰਦੇ ਹਨ ਕਿ 'ਹਉਮੈ' ਅਤੇ 'ਨਾਮ' ਵਿਚ ਪਰਸਪਰ ਵਿਰੋਧ ਹੈ। ਹਉਮੈ ਏਕਤਾ ਤੋਂ ਅਨੇਕਤਾ ਅਤੇ ਅਦਵੈਤ ਤੋਂ ਦਵੇਤ ਵੱਲ ਲੈ ਜਾਂਦੀ ਹੈ। ਨਾਮ ਅਦਵੈਤ ਅਤੇ ਸਰਵ ਏਕਤਾ ਦਾ ਪ੍ਰਤੀਕ ਹੈ।'[83] ਇਉਂ ਜਦੋਂ ਤੱਕ ਮਨੁੱਖ ਹਉਮੈ ਨੂੰ ਸਮਝਦਾ ਉਦੋਂ ਤੱਕ ਇਹ ਦੁੱਖ ਪ੍ਰਾਪਤ ਕਰਦਾ ਰਹਿੰਦਾ ਹੈ।'ਆਸਾ ਦੀ ਵਾਰ' ਦੇ ਆਧਾਰ ਤੇ ਗੱਲ ਕਰਦਿਆਂ ਉਹ ਹਉਮੈ ਦੀਆਂ ਕਿਸਮਾਂ ਬਾਰੇ ਕਹਿੰਦੇ ਹਨ ਕਿ 'ਧਾਰਮਿਕ ਜਾਂ ਅਧਿਆਤਮਕ ਹਉਮੈ, ਵਿਦਿਆ ਸਬੰਧੀ ਹਉਮੈ, ਕਰਮ-ਕਾਂਡ ਅਤੇ ਵੇਸ ਸਬੰਧੀ ਹਉਮੈ, ਜਾਤੀ ਸਬੰਧੀ ਹਉਮੈ ਅਤੇ ਧਨ, ਸੰਪਤੀ, ਸਰੀਰ ਤੇ ਰਿਸ਼ਤਿਆਂ ਸਬੰਧੀ

---

[82] ਵਿਚਾਰਧਾਰਾ, ਪੰ.37.

[83] *ਉਹੀ,* ਪੰ.142.

ਹਉਮੈ।'[84]

**ਜਗਤ:** ਗੁਰਬਾਣੀ ਵਿਚ ਹੋਏ ਜਗਤ ਦੇ ਚਿਤਰਣ ਬਾਰੇ ਉਹ ਕਹਿੰਦੇ ਹਨ ਕਿ 'ਗੁਰੂ ਨਾਨਕ ਬਾਣੀ ਵਿਚ ਦੋ ਪ੍ਰਕਾਰ ਦੀਆਂ ਉਕਤੀਆਂ ਮਿਲਦੀਆਂ ਹਨ-ਜਗਤ ਅਸਤਿ ਹੈ, ਜਗਤ ਸਤਿ ਹੈ।ਇਹਨਾਂ ਦੋਹਾਂ ਵਿਚੋਂ ਪਹਿਲੇ ਪ੍ਰਕਾਰ ਦੀਆਂ ਉਕਤੀਆਂ ਦੀ ਬਹੁਤਾਤ ਹੈ। ਜਗਤ ਸਤਿ ਹੈ- ਇਸ ਸਬੰਧੀ ਕੇਵਲ ਦੋ ਚਾਰ ਤਾਂ 'ਤੇ ਹੀ ਉਲੇਖ ਹੋਏ ਹਨ।'[85] ਇਸ ਜਗਤ ਨੂੰ ਸਤਿ ਮੰਨਣ ਵਾਲੀ ਧਾਰਣਾ ਬਾਰੇ ਗੱਲ ਕਰਦਿਆਂ ਉਹ ਕਹਿੰਦੇ ਹਨ ਕਿ 'ਗੁਰੂ ਨਾਨਕ ਬਾਣੀ ਵਿਚ ਆਈਆਂ ਕੁਝ ਕੁ ਉਕਤੀਆਂ ਦੇ ਆਧਾਰ 'ਤੇ ਇਹ ਸਿੱਟਾ ਕੱਢ ਲੈਣਾ ਕਿ ਗੁਰੂ ਨਾਨਕ ਨੇ ਜਗਤ ਨੂੰ ਸਤਿ ਮੰਨਿਆਂ ਹੈ, ਠੀਕ ਨਹੀਂ ਹੈ। ਕਿਸੇ ਸਿਧਾਂਤ ਦੇ ਵਿਵੇਚਨ ਲਈ ਸਦਾ ਕਿਸੇ ਕ੍ਰਿਤੀ ਦੇ ਸਮੁੱਚੇ ਰੂਪ ਨੂੰ ਗ੍ਰਹਿਣ ਕੀਤਾ ਜਾਂਦਾ ਹੈ।'[86]

**ਗੁਰੂ:** ਗੁਰਬਾਣੀ ਵਿਚ 'ਗੁਰੂ' ਦਾ ਦਰਜਾ ਬਹੁਤ ਉਤਮ ਦਰਸਾਇਆ ਗਿਆ ਹੈ। ਗੁਰਬਾਣੀ ਵਿਚ ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ਪਰਮਾਤਮਾ ਦੀ ਪ੍ਰਾਪਤੀ ਗੁਰੁੂ ਦੀ ਕਿਰਪਾ ਤੋਂ ਬਿਨਾਂ ਨਹੀਂ ਹੋ ਸਕਦੀ। ਡਾ. ਜੱਗੀ 'ਗੁਰੂ' ਸ਼ਬਦ ਬਾਰੇ ਬੜੇ ਸੁੰਦਰ ਵਿਚਾਰ ਦਿੰਦੇ ਕਹਿੰਦੇ ਹਨ ਕਿ 'ਗੁਰੂ ਸਿੱਖ ਸੰਪਰਦਾਇ ਦੀ ਸਿਧਾਂਤਗਤ ਵਿਵਸਥਾ ਦਾ ਇਤਨਾ ਮਹੱਤਵਪੂਰਣ ਅੰਗ ਹੈ ਕਿ ਇਸ ਬਿਨਾਂ ਸਿੱਖ ਮਤ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਗੁਰੂ ਪਦ ਸਿੱਖ ਧਰਮ ਵਿਚ ਉਹਨਾਂ ਅਰਥਾਂ ਵਿਚ ਵਰਤਿਆ ਗਿਆ ਹੈ ਜਿੰਨਾਂ ਵਿਚ ਪਹਿਲਾਂ ਅਵਤਾਰ

---

[84] *ਉਹੀ,* ਪੰ.143-44.

[85] *ਗੁਰੂ ਨਾਨਕ ਦੀ ਵਿਚਾਰਧਾਰਾ,* ਪੰ.266.

[86] *ਉਹੀ,* ਪੰ. 271.

ਵਰਤਿਆ ਜਾਂਦਾ ਸੀ। ਇਸ ਪ੍ਰਕਾਰ ਸਿੱਖ ਮਤ ਵਿਚ ਗੁਰੂ ਸਿਧਾਂਤਗਤ ਵਿਵਸਥਾ ਦੇ ਨਾਲ-ਨਾਲ ਸੰਸਥਾਗਤ ਵਿਵਸਥਾ ਦਾ ਵੀ ਅੰਗ ਬਣ ਗਿਆ।'[87]

**ਕਰਮਕਾਂਡ**: ਡਾ. ਜੱਗੀ ਕਰਮਕਾਂਡਾਂ ਬਾਰੇ ਕਹਿੰਦੇ ਹਨ ਕਿ 'ਮੱਧ ਯੁਗ ਦੇ ਸਾਰੇ ਸੰਤ ਇਹ ਵੇਖ ਚੁੱਕੇ ਸਨ ਕਿ ਕਰਮ ਕਾਂਡ ਹੀ ਜਨਤਾ ਨੂੰ ਵਾਸਤਵਿਕ ਮਾਰਗ ਤੋਂ ਦੂਰ ਲੈ ਜਾ ਰਹੇ ਸਨ। ਇਹਨਾਂ ਦਾ ਬਖੇੜਾ ਸਾਰਿਆਂ ਧਰਮਾਂ ਨੂੰ ਖੋਖਲਾ ਕਰ ਚੁੱਕਿਆ ਸੀ ਅਤੇ ਧਾਰਮਿਕ ਤੇ ਸਮਾਜਕ ਜੀਵਨ ਵਿਚ ਅਮਰਯਾਦਤਾ ਪਸਰ ਗਈ ਸੀ। ਇਸ ਲਈ ਇਹਨਾਂ ਤੋਂ ਜਨਤਾ ਨੂੰ ਹਟਾਉਣ ਦੀ ਭਾਵਨਾ ਦਾ ਸਵਰ ਨੇ ਸੰਤਾਂ ਦੀ ਬਾਣੀ ਵਿਚ ਪ੍ਰਮੁੱਖ ਸਥਾਨ ਪ੍ਰਾਪਤ ਕਰ ਲਿਆ।'[88]

**ਸਤਿਸੰਗਤ**: ਗੁਰਮਤਿ ਵਿਚ 'ਸਤਿਸੰਗਤ' ਦੀ ਬਹੁਤ ਮਹਾਨਤਾ ਹੈ। ਜਿਸ ਬਾਰੇ ਡਾ.ਜੱਗੀ ਦਾ ਕਹਿਣਾ ਹੈ ਕਿ 'ਗੁਰੂ ਨਾਨਕ ਨੇ ਵੀ ਬ੍ਰਹਮ ਗਿਆਨ ਪੁਸਤਕਾਂ ਤੋਂ ਪ੍ਰਾਪਤ ਨਹੀਂ ਕੀਤਾ ਸੀ।ਉਸਦੀ ਪ੍ਰਾਪਤੀ ਉਹਨਾ ਨੂੰ ਸਤਿ ਸੰਗਤ ਤੋਂ ਹੀ ਹੋਈ ਸੀ।'[89]

ਮਨੁੱਖੀ ਹੋਂਦ ਬਾਰੇ ਵੀ ਵਿਆਖਿਆਕਾਰਾਂ ਨੇ ਵੱਖ-ਵੱਖ ਰਾਵਾਂ ਪੇਸ਼ ਕੀਤੀਆਂ ਹਨ। ਕਿ ਮਨੁੱਖ ਨਿਮਾਣਾ ਹੈ, ਨਿਤਾਣਾ ਹੈ। ਸਭ ਕੁਝ ਪਰਮਾਤਮਾ ਦੇ ਵਸ ਵਿਚ ਹੈ, ਮਨੁੱਖ ਦੇ ਹੱਥ ਵਿਚ ਕੁਝ ਵੀ ਨਹੀਂ ਹੈ। ਵਿਆਖਿਆਕਾਰ ਦਾ ਫ਼ਰਜ ਹੈ ਕਿ ਇਹ ਵੀ ਦੱਸਿਆ ਜਾਵੇ ਕਿ ਮੁਨੱਖ ਇਸ ਧਰਤੀ ਦਾ ਸਿਕਦਾਰ ਹੈ। ਮਨੁੱਖ ਪਰਮਾਤਮਾ ਦੀ ਉਤਮ ਕਿਰਤ ਹੈ। ਗੁਰਬਾਣੀ ਅਨੁਸਾਰ

---

[87] *ਵਿਚਾਰਧਾਰਾ*, ਪੰ. 126.

[88] *ਗੁਰੂ ਨਾਨਕ ਦੀ ਵਿਚਾਰਧਾਰਾ*, ਪੰ.388.

[89] *ਉਹੀ*, ਪੰ 434.

ਮਨੁੱਖ ਜਨਮ ਤੋਂ ਹੀ ਦੋਸ਼ੀ ਨਹੀਂ ਹੈ। ਮਨੁੱਖ ਸਮਾਜ ਦਾ ਮਹੱਤਵਪੂਰਣ ਅੰਗ ਹੈ। ਮਨੁੱਖ ਵਿਚ ਜਨਮ ਜਨਮਾਂਤਰਾਂ ਤੋਂ ਦੋਸ਼ ਨਹੀਂ ਹੁੰਦੇ ਬਲਕਿ ਇਹ ਤਾਂ ਪਰਸਥਿਤੀਆਂ ਦੀ ਦੇਣ ਹੁੰਦੇ ਹਨ। ਮਨੋਵਿਗਿਆਨ ਵੀ ਮਨੁੱਖ ਦੇ ਪੈਦਾ ਹੋਣ ਤੋਂ ਲੈ ਕੇ ਮਰਨ ਤੱਕ ਦੇ ਸਮੇਂ ਤੱਕ ਚਰਚਾ ਕਰਦਿਆਂ ਇਹੋ ਵਿਚਾਰ ਪੇਸ਼ ਕਰਦਾ ਹੈ। ਡਾ. ਜੱਗੀ ਇਸ ਸੰਦਰਭ ਵਿਚ ਵਿਆਖਿਆ ਕਰਦਿਆਂ ਗੁਰਮਤਿ ਅਤੇ ਅਨਮੱਤਾਂ ਦੇ ਖਿਆਲ ਪੇਸ਼ ਕਰਦਿਆਂ ਹਿੰਦੇ ਹਨ ਕਿ 'ਸ੍ਰਿਸ਼ਟੀ ਦੇ ਅਨੰਤ ਜੀਵਾਂ ਵਿਚੋਂ ਮਨੁਖ ਵੀ ਇਕ ਹੈ, ਪਰ ਬਾਕੀਆਂ ਨਾਲੋਂ ਇਹ ਅਧਿਕ ਸਚੇਤ ਅਤੇ ਮਹੱਤਵਪੂਰਣ ਹੈ। ਇਸ ਲਈ ਮਨੁਖ ਦੀ ਜੂਨ ਨੂੰ ਬਾਕੀਆਂ ਸਾਰੀਆਂ ਜੂਨਾਂ ਨਾਲੋਂ ਉਤਮ ਸਮਝਿਆ ਜਾਂਦਾ ਹੈ। ਇਹੀ ਇਕੋ ਜੂਨ ਹੈ ਜਿਸ ਵਿਚ ਮਨੁਖ ਆਤਮ ਗਿਆਨ ਦੀ ਅੰਤਿਮ ਪੌੜੀ ਤਕ ਪਹੁੰਚ ਕੇ ਮੁਕਤੀ ਪ੍ਰਾਪਤ ਕਰ ਸਕਦਾ ਹੈ। ਜੈਨ ਮਤ ਵਾਲੇ ਮੁਕਤੀ ਨਿਮਿਤ ਦੇਵਤਿਆਂ ਨੂੰ ਵੀ ਇਹ ਜੂਨ ਪ੍ਰਾਪਤ ਕਰਨ ਲਈ ਚਾਹਵਾਨ ਦਸਦੇ ਹਨ। ਸ੍ਰੀਮਦ ਭਾਗਵਤ ਪੁਰਾਣ ਵਿਚ ਦਤਾਤ੍ਰੇਯ ਨੇ ਰਾਜਾ ਯਦੁ ਨਾਲ ਸੰਵਾਦ ਕਰਦਿਆਂ ਉਸ ਨੂੰ ਦਸਿਆ ਹੈ ਕਿ ਭਾਵੇਂ ਇਹ ਮਨੁਖੀ ਸਰੀਰ ਅਨਿਤ ਹੈ ਅਤੇ ਮ੍ਰਿਤੂ ਸਦਾ ਇਸ ਦੇ ਪਿਛੇ ਲਗੀ ਰਹਿੰਦੀ ਹੈ, ਪਰ ਇਹ ਜਨਮ ਦੁਰਲਭ ਹੈ ਅਤੇ ਕੇਵਲ ਇਸ ਵਿਚ ਹੀ ਪਰਮ ਪੁਰਸ਼ਾਰਥ ਦੀ ਪ੍ਰਾਪਤੀ ਹੋ ਸਕਦੀ ਹੈ। ਸਾਮੀ ਚਿੰਤਕ ਇਸ ਨੂੰ 'ਅਸ਼ਰਫੁਲ ਮਖ਼ਲੂਕਾਤ' ਆਖਦੇ ਹਨ। ਸਾਰੇ ਸੰਤਾਂ, ਭਗਤਾਂ ਨੇ ਇਸ ਜੂਨ ਨੂੰ ਦੁਰਲਭ ਮੰਨਿਆ ਹੈ। ਇਸ ਦੀ ਪ੍ਰਾਪਤੀ ਪਰਮਾਤਮਾ ਦੀ ਕ੍ਰਿਪਾ ਦਾ ਪ੍ਰਮਾਣ ਹੈ। ਇਸ ਵਿਚ ਚੈਤਨਯ ਦਾ ਸਭ ਤੋਂ ਅਧਿਕ ਅੰਸ਼ ਹੈ। ਇਹ ਇਕ ਪ੍ਰਕਾਰ ਦਾ ਪਦਾਰਥ ਅਤੇ ਚੈਤਨਯ ਦਾ ਸਮਨਵੈ ਹੈ।'[90]

---

[90] *ਉਹੀ*, ਪੰ. 200-01.

**ਸ੍ਰਿਸ਼ਟੀ**: ਹਿੰਦੂ ਫ਼ਿਲਾਸਫੀ ਵਿਚ ਸ੍ਰਿਸ਼ਟੀ ਨੂੰ ਮਾਇਆ ਕਹਿ ਕੇ ਉਸਦਾ ਖੰਡਨ ਕੀਤਾ ਗਿਆ ਹੈ। ਜਗਤ ਨੂੰ ਅਸਤ ਅਤੇ ਮਿਥਿਆ ਮੰਨਿਆ ਗਿਆ ਹੈ। ਗੁਰਮਤਿ ਵਿਚਾਰਧਾਰਾ ਵਿਚ ਸ੍ਰਿਸ਼ਟੀ ਨੂੰ ਮਿਥਿਆ ਹੀ ਸਿੱਧ ਨਹੀਂ ਕੀਤਾ ਗਿਆ ਬਲਕਿ ਗੁਰੂ ਸਾਹਿਬਾਨ ਜੀ ਨੇ 'ਸਚੇ ਤੇਰੇ ਖੰਡ ਸਚੇ ਬ੍ਰਹਮੰਡ' ਕਹਿ ਕੇ ਸ੍ਰਿਸ਼ਟੀ ਦੀ ਵਾਸਤਵਿਕਤਾ ਨੂੰ ਸਵੀਕਾਰ ਕੀਤਾ ਹਿਆ ਹੈ। ਕੁਦਰਤ ਵਿਚ ਕਾਦਰ ਦਾ ਸੰਮਿਲਤ ਹੋਣਾ, ਗੁਰਮਤਿ ਵਿਚਾਰਧਾਰਾ ਦਾ ਇੱਕ ਪ੍ਰਮੁੱਖ ਵਿਸ਼ਾ ਰਿਹਾ ਹੈ। ਕੁਦਰਤ ਦੀ ਅਨੰਤਤਾ, ਵਿਵਿਧਤਾ ਅਤੇ ਰੂਪਾਤਮਿਕਤਾ ਨੂੰ ਦੇਖ ਕੇ ਮਨੁੱਖ ਦੇ ਮਨ ਵਿਚ ਵਿਸਮਾਦ ਆ ਜਾਂਦਾ ਹੈ। ਡਾ. ਜੱਗੀ ਇਸ ਸੰਕਪਲ ਦੀ ਭਾਵਪੂਰਤ ਵਿਆਖਿਆ ਕਰਦੇ ਕਹਿੰਦੇ ਹਨ ਕਿ 'ਯਾਦ ਰੱਖਣ ਵਾਲੀ ਇਹ ਗਲ ਹੈ ਕਿ ਕਾਰਜ ਜਗਤ ਅਜਿਹਾ ਸਤਿ ਨਹੀਂ, ਜਿਹੋ ਜਿਹਾ ਉਪਾਦਾਨ ਕਾਰਨ ਸਤਿ ਹੈ। ਅਸਲ ਵਿਚ, ਪਰਮਾਤਮਾ ਪਰਮਾਰਤਿਕ ਸਤਿ ਹੈ ਅਤੇ ਜਗਤ ਵਿਵਹਾਰਿਕ ਸਤਿ ਹੈ। ਗੁਰੂ ਨਾਨਕ ਦਾ ਮਾਰਗ ਨਿਵ੍ਰਿੱਤੀ ਦਾ ਮਾਰਗ ਨਹੀਂ ਸੀ। ਵਿਵਹਾਰ ਦੇ ਖੇਤਰ ਵਿਚ ਉਹ ਨਿਸ਼ਕਾਮ ਕਰਮ ਦੇ ਸਿੱਧਾਂਤਾਂ ਵਿਚ ਵਿਸ਼ਵਾਸ ਰਖਦੇ ਸਨ। ਬੋਧੀਆਂ ਅਤੇ ਸ਼ੰਕਰ ਵਾਂਗ ਉਹ ਗ੍ਰਿਹਸਤ ਨੂੰ ਛਡਣ ਵਿਚ ਵੀ ਵਿਸ਼ਵਾਸ ਨਹੀਂ ਰਖਦੇ ਸਨ। ਗੁਰੂ ਨਾਨਕ ਨੇ ਜਾਗਤਿਕ ਜੀਵਨ ਬਿਤਾਂਦੇ ਹੋਇਆਂ ਮੋਹ ਮਾਇਆ ਤੋਂ ਉਪਰ ਰਹਿਣ ਦੀ ਗਲ ਬਾਰ ਬਾਰ ਕਹੀ ਹੈ। ਜਗਤ ਉਨ੍ਹਾਂ ਲਈ ਕਰਮ-ਭੂਮੀ ਹੈ, ਇਸ ਲਈ ਕਰਮ ਖੇਤਰ ਦੇ ਨਾਤੇ ਹੀ ਉਨ੍ਹਾਂ ਨੇ ਇਸ ਨੂੰ ਸਤਿ, ਅਰਥਾਤ ਵਿਵਹਾਰਿਕ ਸਤਿ ਕਿਹਾ ਹੈ।'[91]

**ਕਰਮ**: ਗੁਰਮਤਿ ਵਿਚ 'ਕਰਮ' ਫਿਲਾਸਫ਼ੀ ਨੂੰ ਬਹੁਤ ਮਹੱਤਵਪੂਰਣ ਮੰਨਿਆ ਗਿਆ ਹੈ।

---

[91] *ਉਹੀ,* ਪੰ 273.

ਗੁਰਬਾਣੀ ਵਿਚ ਇਹ ਸ਼ਬਦ ਜਿਆਦਾਤਰ ਫ਼ਾਰਸੀ ਭਾਸ਼ਾ ਵਲੋਂ ਆਇਆ ਹੈ, ਜਿਸ ਦੇ ਅਰਥ ਮਿਹਰ ਜਾਂ ਬਖਸ਼ਿਸ ਹਨ। ਜਪੁਜੀ ਸਾਹਿਬ ਵਿਚ ਕਰਮ-ਖੰਡ ਦੀ ਕੀਤੀ ਵਿਚਾਰ ਇਸੇ ਮਿਹਰ ਜਾਂ ਬਖਸ਼ਿਸ ਦਾ ਵੇਰਵਾ ਹੈ।'ਕਰਮ' ਨਾਲ ਜੁੜਿਆ ਦੂਜਾ ਸੰਕਲਪ ਸੰਸਕ੍ਰਿਤ ਅਰਥਾਂ ਵਿਚ ਪ੍ਰਯੁਕਤ ਹੁੰਦਾ ਹੈ। ਸੰਸਕ੍ਰਿਤ ਵਿਚ 'ਕਰਮ' ਦੇ ਅਰਥ ਕੰਮ, ਮਿਹਨਤ, ਸਾਧਨਾ ਆਦਿ ਹਨ। ਰੱਬੀ ਭਾਣੇ ਵਿਚ ਜਿਊਣ ਵਾਲੇ ਆਪਣੀ ਸੰਸਾਰਿਕ ਯਾਤਰਾ ਸਫ਼ਲ ਕਰ ਜਾਂਦੇ ਹਨ।ਮਨੁੱਖ ਦੀ ਮਿਹਨਤ ਦਾ ਰਾਜ਼ ਇਹ ਹੈ ਕਿ ਉਹ ਪਰਮਾਤਮਾ ਦੇ ਨਾਮ ਨਾਲ ਜੁੜ ਕੇ ਜੀਵਨ ਸਕਾਰਥ ਬਣਾਏ। ਸਮੇਂ ਦੇ ਸਦ-ਉਪਯੋਗ ਬਾਰੇ ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ:

*ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥*

*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥*[92]

'ਕਰਮ' ਫਿਲਾਸਫ਼ੀ ਦੇ ਪ੍ਰਸੰਗ ਵਿਚ ਡਾ. ਜੱਗੀ ਦੀ ਵਿਆਖਿਆ ਵਰਨਣਯੋਗ ਹੈ। ਉਹ ਕਹਿੰਦੇ ਹਨ ਕਿ 'ਗੁਰੂ ਨਾਨਕ ਦਾ ਕਰਮ ਸਿੱਧਾਂਤ ਵੈਦਿਕ ਕਰਮ ਕਾਂਡ ਨਾਲ ਮੇਲ ਨਹੀਂ ਖਾਂਦਾ ਅਤੇ ਨਾ ਹੀ ਬੋਧੀਆਂ ਦੇ ਕਰਮ ਸਿੱਧਾਂਤ ਦਾ ਅਨੁਸਰਣ ਕਰਦਾ ਹੈ। ਕਿਉਂਕਿ ਬੁੱਧ ਮਤ ਵਿਚ ਕਰਮ ਸਿੱਧਾਂਤ ਪੁਨਰ-ਜਨਮ ਦਾ ਹੇਤੂ ਮੰਨਿਆ ਗਿਆ ਹੈ, ਨਾਲੇ ਇਸ ਧਰਮ ਵਾਲੇ ਕਰਮਾਂ ਦਾ ਫਲ ਪ੍ਰਦਾਨ ਕਰਨ ਵਾਲੀ ਸ਼ਕਤੀ ਪਰਮਾਤਮਾ ਵਿਚ ਵਿਸ਼ਵਾਸ ਨਹੀਂ ਰਖਦੇ। ਹਾਂ, ਉਪਨਿਸ਼ਦਾਂ, ਗੀਤਾ ਅਤੇ ਅਦਵੈਤ-ਵੇਦਾਂਤ ਦੇ ਕਰਮ ਸੰਬੰਧੀ ਸਿੱਧਾਤਾਂ ਨਾਲ ਗੁਰੂ ਨਾਨਕ ਦੇ ਕਰਮ ਸਿੱਧਾਂਤ ਦਾ ਕਿਸੇ ਨਾ ਕਿਸੇ ਰੂਪ ਵਿਚ ਮੇਲ ਅਵੱਸ਼ ਹੈ। ਗੁਰੂ ਜੀ ਨੇ ਅਧਿਆਤਮ ਕਰਮ

[92] *ਸ਼ਬਦਾਰਥ,* ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ..7.

ਕਰਨ ਤੇ ਬਲ ਦਿੱਤਾ ਹੈ। ਇਸ ਤਰ੍ਹਾਂ ਗੁਰੂ ਜੀ ਕਰਮਾਂ ਪ੍ਰਤਿ ਉਦਾਸੀਨ ਨਹੀਂ, ਪਰ ਉਹ ਮੰਦ ਕਰਮਾਂ ਨੂੰ ਛਡਣ ਲਈ ਬਲ ਦਿੰਦੇ ਹਨ। ਉਹ ਕਰਮ ਵਿਚ ਲੀਨ ਪ੍ਰਾਣੀ ਨੂੰ ਨਿਰਲਿਪਤ ਭਾਵ ਨਾਲ ਨਿਸ਼ਕਾਮ ਕਰਮ ਕਰਨ ਦੀ ਪ੍ਰੇਰਨਾ ਦਿੰਦੇ ਹਨ। ਵਾਸਤਵ ਵਿਚ, ਗੁਰੂ ਨਾਨਕ ਬਾਣੀ ਵਿਚ ਕਰਮ, ਗਿਆਨ, ਯੋਗ ਅਤੇ ਭਗਤੀ ਇਕ ਦੂਜੇ ਦੇ ਪੂਰਕ ਹਨ।'[93]

**ਏਕਤਾ:** ਗੁਰਬਾਣੀ ਵਿਚ ਆਏ ਏਕਤਾਵਾਦੀ ਵਿਸ਼ਵ-ਸਿਧਾਂਤ ਦਾ ਜਾਇਜ਼ਾ ਲਿਆ ਜਾਵੇ ਤਾਂ ਗੁਰਬਾਣੀ ਵਿਚ ਇਸ ਅਦਵੈਤਵਾਦੀ ਜਾਂ ਵਿਸ਼ਵਵਾਦੀ ਦ੍ਰਿਸ਼ਟੀ ਨੂੰ ਥਾਂ-ਥਾਂ ਅਪਣਾਇਆ ਗਿਆ ਹੈ। ਗੁਰਮਤਿ ਵਿਚਾਰਧਾਰਾ ਦੀ ਇਹ ਪ੍ਰਮੁੱਖ ਵਿਸ਼ੇਸ਼ਤਾ ਹੈ ਕਿ ਇਹ ਅਦਵੈਤ ਜਾਂ ਏਕਤਾ ਦੀ ਪ੍ਰਤੀਕ ਹੈ। ਇਸ਼ਟ ਦੀ ਏਕਤਾ, ਗੁਰੂ ਦੀ ਏਕਤਾ, ਮਨੁੱਖ ਜਾਤੀ ਦੀ ਏਕਤਾ, ਧਰਮਾਂ ਦੀ ਏਕਤਾ ਅਤੇ ਬ੍ਰਹਮੰਡ ਮਾਤਰ ਦੀ ਏਕਤਾ ਇਸਦੇ ਮੁਖ ਅੰਗ ਹਨ। ਗੁਰਬਾਣੀ ਵਿਚ ਅਜਿਹੀ ਕਿਸੇ ਗੱਲ ਦੀ ਚਰਚਾ ਨਹੀਂ ਜਿਸ ਦੁਆਰਾ ਕਿਸੇ ਵੀ ਤਰ੍ਹਾਂ ਦੀ ਦੂਜਾਇਗੀ ਜਾਂ ਦਵੈਤ ਅਥਵਾ ਬੇਗਾਨਗੀ ਪੈਦਾ ਹੁੰਦੀ ਹੋਵੇ। ਗੁਰਬਾਣੀ ਮਨੁੱਖੀ ਰੂਹ ਨੂੰ ਸਰਬਤਵਾਦੀ ਤੇ ਭਾਣਾਵਾਦੀ ਹੋ ਕੇ ਸਹੀ ਜੀਵਨ ਬਸਰ ਕਰਨ ਦੀ ਜਾਂਚ ਸਿਖਾਉਂਦੀ ਹੈ। ਇਸ ਦੇ ਆਧਾਰ 'ਤੇ ਡਾ. ਜੱਗੀ ਦੀ ਕਲਮ ਵੀ ਤੁਰਦੀ ਹੈ। ਉਹ ਕਹਿੰਦੇ ਹਨ ਕਿ 'ਗੁਰੂ ਜੀ ਨੇ ਭੇਖਾਂ, ਰੂੜ੍ਹ ਪਾਖੰਡਾਂ ਤੀਰਥ ਇਸ਼ਨਾਨ, ਧਾਰਮਿਕ ਗ੍ਰੰਥਾਂ ਦਾ ਪਠਨ-ਪਾਠਨ, ਸੁਚਮ ਅਤੇ ਵਖ-ਵਖ ਧਰਮਾਂ ਦੇ ਅਨੁਯਾਈਆਂ ਦੁਆਰਾ ਅਪਣਾਏ ਕੁਮਾਰਗਾਂ, ਮੁਸਮਮਾਨਾਂ ਦੁਆਰਾ ਕੀਤੀਆਂ ਹਿੰਦੂਆਂ ਤੇ ਸਖਤੀਆਂ, ਉਨ੍ਹਾਂ ਦੇ ਇਸ਼ਟ-ਦੇਵ ਤੇ ਕਰ ਲਗਾਣਾ ਆਦਿ ਅਨੇਕ ਪੱਖਾਂ ਤੇ ਗੁਰੁੂ ਨਾਨਕ ਦੀ ਤੀਬਰ ਦ੍ਰਿਸ਼ਟੀ ਪਈ ਹੈ। ਗੁਰੂ

[93] *ਗੁਰੂ ਨਾਨਕ ਦੀ ਵਿਚਾਰਧਾਰਾ*, ਪੰ. 273.

ਨਾਨਕ ਦੇ ਵਿਚਾਰ ਹਰ ਖੇਤਰ ਵਿਚ ਬੜੇ ਸਪਸ਼ਟ, ਪ੍ਰਗਤਿਸ਼ੀਲ ਅਤੇ ਲੋਕ-ਕਲਿਆਣਕਾਰੀ ਹਨ। ਉਹ ਕਿਸੇ ਵੀ ਅਜਿਹੀ ਗਲ ਨੂੰ ਸਹਿਨ ਨਹੀਂ ਕਰਦੇ ਜੋ ਮਾਨਵਤਾ ਦੀ ਆਧਿਆਤਮਿਕ ਅਤੇ ਕੁਝ ਸੀਮਾ ਤਕ ਭੌਤਿਕ ਉਨਤੀ ਵਿਚ ਰੁਕਾਵਟ ਪਾਵੇ।'[94]

**ਪ੍ਰੇਮ:** ਗੁਰਬਾਣੀ ਅਨੁਸਾਰ ਵਿਸ਼ਾਲ ਵਿਸ਼ਵਵਾਦੀ ਦ੍ਰਿਸ਼ਟੀ ਸਿਰਜਣ ਲਈ ਪ੍ਰੇਮ ਸਭ ਤੋਂ ਵਡੀ ਚੀਜ਼ ਹੈ। ਕਰਤਾ ਅਤੇ ਕਿਰਤ ਨਾਲ ਪ੍ਰੇਮ ਕਰਨਾ ਗੁਰਮਤਿ ਦਾ ਸੁਨਿਹਰੀ ਅਸੂਲ ਹੈ। ਮਨੁੱਖੀ ਸਖਸ਼ੀਅਤ ਦੇ ਵਿਕਾਸ ਵਿਚ 'ਪ੍ਰੇਮ' ਇਕ ਅਹਿਮ ਤੱਤ ਹੈ। ਇਸ ਦੁਆਰਾ ਮਨੁੱਖੀ ਵਿਕਾਸ, ਮਨੁੱਖੀ ਖੁਦੀ ਅਤੇ ਵਿਅਕਤਿਤਵ ਮਜ਼ਬੂਤ ਬਣਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਪਰਮਾਤਮਾ ਨੂੰ ਪ੍ਰੇਮ ਸਰੂਪ ਹੋ ਕੇ ਵਿਆਪਕ ਹੁੰਦਾ ਦੱਸਿਆ ਹੈ। ਉਨ੍ਹਾਂ ਨੇ ਪਰਮਾਤਮਾ ਦੇ ਮਿਲਾਪ ਦੀ ਵਿਧੀ ਵੀ ਪ੍ਰੇਮ ਹੀ ਦੱਸਿਆ ਹੈ।

*ਜਤ੍ਰ ਤਤ੍ਰ ਦਿਸਾ ਵਿਸਾ ਹੋਇ ਫੈਲਿਓ ਅਨੁਰਾਗ॥* [95]

ਡਾ. ਜੱਗੀ ਲਿਖਦੇ ਹਨ ਕਿ 'ਕਾਮ ਦਾ ਸ਼ੁੱਧ ਰੂਪ ਪ੍ਰੇਮ ਹੈ, ਇਸ਼ਕ ਹੈ। ਹਰ ਪ੍ਰਕਾਰ ਦੀ ਪ੍ਰਗਤੀ, ਪ੍ਰੇਮ ਦੀ ਬਰਕਤ ਦਾ ਫਲ ਹੈ। ਪ੍ਰੇਮ ਕੀਤਿਆਂ ਹੀ ਪ੍ਰਭੂ ਦੀ ਪ੍ਰਾਪਤੀ ਸੰਭਵ ਹੈ। ਸੂਫ਼ੀਆਂ ਨੇ ਇਸ਼ਕ ਦੀ ਸੁਭਾਵਿਕ ਰੁਚੀ ਨੂੰ ਹੀ ਮਾਨਵ ਜੀਵਨ ਦੀ ਪੂਰਣਤਾ ਅਤੇ ਉਤਕਰਸ਼ ਮੰਨਿਆ ਹੈ। ਇਸ਼ਕ ਇਲਾਹੀ ਦਾਤ ਹੈ।'[96]

ਵੀਹਵੀਂ ਸਦੀ ਵਿਚ ਮਨੁੱਖੀ ਸੋਚ-ਵਿਚਾਰ ਅਤੇ ਇਸਦੇ ਜੀਵਨ-ਢੰਗ ਵਿਚ ਕਾਫ਼ੀ

---

[94] *ਉਹੀ,* ਪੰ.459-60.

[95] *ਦਸਮ ਗ੍ਰੰਥ,* ਪੰ.4.

[96] *ਅਮਲ ਜਿ ਕੀਤੇ ਦੁਨੀ ਵਿਚਿ,* ਪੰ.218.

ਅੰਤਰ ਆਇਆ ਹੈ। ਮਨੁੱਖੀ ਜੀਵਨ ਧਰਮ ਤੋਂ ਦੂਰ ਹੋ ਕੇ ਨਾਸਿਕਤਾ ਦੇ ਪ੍ਰਭਾਵ ਹੇਠ ਜੀਵਨ ਬਤੀਤ ਕਰ ਰਿਹਾ ਹੈ। ਡਾ. ਜੱਗੀ ਦੁਆਰਾ ਅਜੋਕੇ ਸਮੇਂ ਵਿਚ ਗੁਰਮਤਿ ਸਾਹਿਤ ਦੀ ਵਿਆਖਿਆ ਕਰਨੀ, ਧਰਮ ਅਤੇ ਅਧਿਆਤਮਕ ਵਿਸ਼ਿਆਂ ਦਾ ਪ੍ਰਸਤੁਤੀਕਰਨ ਕਰਨਾ ਪ੍ਰਭਾਵਸ਼ੀਲ ਹੈ। ਉਨ੍ਹਾਂ ਨੇ ਭਾਰਤੀ ਦਰਸ਼ਨ, ਵਿਗਿਆਨ, ਇਤਿਹਾਸ, ਮਿਥਿਹਾਸ ਦੁਆਰਾ ਆਪਣੇ ਵਿਚਾਰਾਂ ਨੂੰ ਸਪਸ਼ਟ ਕਰਨ ਦਾ ਸਫ਼ਲਤਾ ਪੂਰਵਕ ਯਤਨ ਕੀਤਾ। ਇਸ ਕਾਰਜ ਲਈ ਉਨ੍ਹਾਂ ਨੇ ਕਈ ਭਾਸ਼ਾਵਾਂ ਦੇ ਸ਼ਬਦਾਂ ਨੂੰ ਵਰਤਿਆ ਹੈ। ਉਨ੍ਹਾਂ ਦੀ ਲਿਖਤ ਇੰਨੀ ਸਮਰੱਥ ਹੁੰਦੀ ਹੈ ਕਿ ਉਹ ਸੰਖੇਪ ਸ਼ਬਦਾਂ ਵਿਚ ਬਹੁਤ ਕੁਝ ਕਹਿ ਦਿੰਦੇ ਹਨ। ਉਹ ਆਪਣੇ ਵਿਚਾਰਾਂ ਅਤੇ ਦ੍ਰਿਸ਼ਟੀਕੋਣ ਵਿਚ ਬਿਲਕੁਲ ਸਪਸ਼ਟ ਹਨ। *ਦਸਮ ਗ੍ਰੰਥ* ਵਿਚਲੀ ਬਾਣੀ ਦੀ ਪਰਖ ਕਰਕੇ ਗੁਝੇ ਭੇਦਾਂ ਦੀ ਪਹਿਚਾਣ ਕਰਾਉਣਾ ਕੋਈ ਸੌਖਾ ਕੰਮ ਨਹੀਂ ਸੀ। ਇਸ ਰਚਨਾ ਦੀ ਸਾਹਿਤਕ ਦ੍ਰਿਸ਼ਟੀ ਦੀ ਸਹੀ ਪਹਿਚਾਣ ਕਰਕੇ ਇੰਨੀ ਸਪਸ਼ਟਤਾ ਨਾਲ ਲਿਖਣਾ ਉਨ੍ਹਾਂ ਦੀ ਵੱਡੀ ਪ੍ਰਾਪਤੀ ਹੈ। ਉਨ੍ਹਾਂ ਦੀਆਂ ਜੀਵਨੀ ਸਾਹਿਤ ਨਾਲ ਸੰਬੰਧਿਤ ਰਚਨਾਵਾਂ ਵਿਚ ਵੀ ਇਹ ਗੁਣ ਵਿਖਾਈ ਦਿੰਦਾ ਹੈ। ਡਾ. ਜੱਗੀ ਨੇ ਵਿਗਿਆਨਿਕ ਵਿਉਂਤਬੰਦੀ ਨਾਲ ਗੁਰਮਤਿ ਸਾਹਿਤ ਦੀ ਵਿਆਖਿਆ ਕਰਦਿਆਂ ਆਪਣੀ ਹਰੇਕ ਰਚਨਾ ਦਾ ਵਿਭਾਜਨ ਆਰੰਭ, ਮੱਧ ਅਤੇ ਅੰਤ ਬਹੁਤ ਮਹੱਤਵਪੂਰਣ ਰੱਖਿਆ ਹੈ। ਉਨ੍ਹਾਂ ਦੀ ਹਰ ਰਚਨਾ ਦਾ ਅਧਿਐਨ ਦੱਸ ਪਾਉਂਦਾ ਹੈ ਕਿ ਇਨ੍ਹਾਂ ਰਚਨਾਵਾਂ ਪਿਛੇ ਉਨ੍ਹਾਂ ਦੀ ਵਿਗਿਆਨਕ ਚੇਤਨਾ ਕੰਮ ਕਰ ਰਹੀ ਹੈ। ਇੰਝ ਪ੍ਰਤੀਤ ਹੁੰਦਾ ਹੈ ਕਿ ਉਹ ਭਾਵਾਤਮਕ ਵਿਸ਼ਿਆਂ ਦਾ ਖੁਲਾਸਾ ਵਿਗਿਆਨਕ ਢੰਗ ਨਾਲ ਕਰਨ ਦੇ ਚਾਹਵਾਨ ਹਨ। ਉਨ੍ਹਾਂ ਦੀ ਰਚਨਾ ਵਿਚ ਆਏ ਸੰਕੇਤਾਂ ਅਤੇ ਪ੍ਰਸੰਗਾਂ ਤੋਂ ਉਨ੍ਹਾਂ ਦੀ ਸੁਲਝੀ ਹੋਈ ਵਿਉਂਤ ਪਰਦਰਸ਼ਿਤ ਹੁੰਦੀ ਹੈ। ਜਿਵੇਂ ਉਹ

'ਨੂਰ' ਸ਼ਬਦ ਨੂੰ ਪ੍ਰੀਭਾਸ਼ਿਤ ਕਰਦਿਆਂ ਕਹਿੰਦੇ ਹਨ ਕਿ 'ਅਰਬੀ ਭਾਸ਼ਾ ਦੇ ਇਸ ਸ਼ਬਦ ਦਾ ਅਰਥ ਹੈ ਜੋਤਿ, ਚਮਕ, ਪ੍ਰਕਾਸ਼। ਪਰ ਪਰਿਭਾਸ਼ਿਕ ਰੂਪ ਵਿਚ ਇਸ ਦਾ ਸੰਬੰਧ ਸੂਫ਼ੀਮਤ ਨਾਲ ਜੁੜਦਾ ਹੈ। ਸੂਫ਼ੀਆਂ ਦਾ ਦਾਵਾ ਹੈ ਕਿ ਜਦੋਂ ਪਰਮਾਤਮਾ ਨੂੰ ਸ੍ਰਿਸ਼ਟੀ ਰਾਹੀਂ ਆਪਣੇ ਆਪ ਨੂੰ ਪ੍ਰਗਟਾਉਣ ਦੀ ਇੱਛਾ ਪੈਦਾ ਹੋਈ, ਤਾਂ ਉਸ ਨੇ ਆਪਣੇ ਹੀ ਨੂਰ ਤੋਂ ਇਕ ਨੂਰ ਦੀ ਸਿਰਜਣਾ ਕੀਤੀ।...ਉਸ ਨੂੰ ਸਿਧਾਂਤਿਕ ਤੌਰ 'ਤੇ 'ਨੂਰਵਾਦ' ਕਿਹਾ ਜਾਂਦਾ ਹੈ।'[97]

ਡਾ. ਜੱਗੀ ਦੀ ਰਚਨਾ ਵਿਚ ਗਿਆਨ ਅਤੇ ਤਰਕ ਦੋਵੇਂ ਹੀ ਸੰਮਿਲਤ ਹਨ। ਇਸੇ ਲਈ ਕਿਸੇ ਵਿਸ਼ੇ 'ਤੇ ਆਪਣੇ ਤਰਕ ਪ੍ਰਸਤੁਤ ਕਰਨ ਲੱਗਿਆਂ ਉਹ ਆਪਣੇ ਗਿਆਨ ਦੇ ਪ੍ਰਕਾਸ਼ ਨਾਲ ਸਭ ਨੂੰ ਪ੍ਰਭਾਵਿਤ ਕਰਨ ਦਾ ਯਤਨ ਕਰਦੇ ਹਨ। ਉਨ੍ਹਾਂ ਦੀ ਗੁਰਮਤਿ ਸਾਹਿਤ ਦੀ ਵਿਆਖਿਆ ਦਾ ਇਕ ਪਹਿਲੂ ਇਹ ਵੀ ਹੈ ਕਿ ਉਹ ਸੰਕਲਪਾਤਮਕ ਨੁਕਤਿਆਂ ਨੂੰ ਪੇਸ਼ ਸਪਸ਼ਟ ਕਰਨ ਲਈ ਕਥਾ ਪ੍ਰਸਤੁਤ ਕਰਦੇ ਹਨ। ਡਾ. ਜੱਗੀ ਹਰੇਕ ਰਚਨਾ ਕਰਨ ਤੋਂ ਪਹਿਲਾਂ ਗੁਰਮਤਿ ਦੀ ਕਸੌਟੀ 'ਤੇ ਪਰਖ ਕੇ, ਸਿੱਖੀ ਦੀਆਂ ਪ੍ਰਚਲਿਤ ਰਹੁ-ਰੀਤਾਂ ਨੂੰ ਪੜਚੋਲ ਕੇ, ਉਨ੍ਹਾਂ ਦੀ ਵਿਆਖਿਆ ਨੂੰ ਆਪਣਾ ਆਦਰਸ਼ ਥਾਪ ਕੇ ਲਿਖਦੇ, ਵਿਚਾਰਦੇ ਅਤੇ ਉਸਦੀ ਪਰਖ ਕਰਦੇ ਹਨ। ਗੁਰਮਤਿ ਦੇ ਵਿਚਾਰਧਾਰਕ ਸੰਕਲਪਾਂ ਅਤੇ ਸਿਧਾਤਾਂ ਬਾਰੇ ਜ਼ਿਕਰ ਕਰਦਿਆਂ ਡਾ. ਜੱਗੀ ਪਰੰਪਰਾਗਤ ਵਿਚਾਰਾਂ ਅਤੇ ਦਰਸ਼ਨ ਸ਼ਾਸਤਰਾਂ ਨੂੰ ਚੰਗੀ ਤਰ੍ਹਾਂ ਘੋਖ ਕੇ ਕਹਿੰਦੇ ਹਨ ਕਿ 'ਸੰਸਾਰ ਵਿਚ ਕੋਈ ਅਜੇਹਾ ਮਤ ਨਹੀਂ ਹੁੰਦਾ ਜੋ ਅਤੀਤ ਨਾਲ ਆਪਣਾ ਨਾਤਾ ਤੋੜ ਕੇ ਇਕਦਮ ਨਵਾਂ ਰੂਪ ਪੇਸ਼ ਕਰੇ। ਹਰ ਇਕ ਆਗੂ ਪੁਰਾਣੀਆਂ ਪਰੰਪਰਾਵਾਂ ਦੇ ਗਲਤ ਅੰਸ਼ਾਂ ਨੂੰ

---

[97] *ਗੁਰੂ ਗ੍ਰੰਥ ਵਿਸ਼ਵਕੋਸ਼, (ਭਾਗ ਦੂਜਾ),* ਪੰ.199-200.

ਛੱਡ ਕੇ, ਉਹਨਾਂ ਦੇ ਸਾਰਭੂਤ ਅਤੇ ਨਰੋਏ ਪੱਖਾਂ ਨੂੰ ਆਪਣੇ ਨਵੀਨ ਦ੍ਰਿਸ਼ਟੀਕੋਣ ਦੀ ਸਾਣ ਤੇ ਚੜ੍ਹਾ ਕੇ ਜਾਂ ਆਪਣੇ ਯੋਗਦਾਨ ਨਾਲ ਉਹਨਾਂ ਦਾ ਮੂੰਹ ਮੱਥਾ ਸੰਵਾਰਦਾ ਅਤੇ ਨਵੇਂ ਯੁਗ ਵਿਚ ਗ੍ਰਹਿਣ ਕਰਨ ਯੋਗ ਬਣਾਂਦਾ ਹੈ।'[98] ਵਿਰੋਧ ਵਾਲੇ ਮਸਲਿਆਂ 'ਤੇ ਗੱਲ ਕਰਦਿਆਂ ਉਨ੍ਹਾਂ ਦੇ ਸ਼ਬਦਾਂ ਵਿਚ ਲੋਚ, ਨਿੰਮ੍ਰਤਾ ਅਤੇ ਵਿਸ਼ਵਾਸਾਂ ਦੀ ਦ੍ਰਿੜ੍ਹਤਾ ਹੁੰਦੀ ਹੈ। ਫ਼ਾਰਸੀ, ਸੰਸਕ੍ਰਿਤ, ਅੰਗਰੇਜ਼ੀ, ਹਿੰਦੀ ਅਤੇ ਪੰਜਾਬੀ ਦੇ ਵਿਦਵਾਨ ਹੋਣ ਕਰਕੇ ਉਹ ਵੇਦਾਂ, ਪੁਰਾਣਾਂ, ਸਾਸਤ੍ਰਾਂ ਅਤੇ ਹੋਰ ਧਾਰਮਿਕ ਗ੍ਰੰਥਾਂ ਦੇ ਹਵਾਲੇ ਵਰਤਦੇ ਹਨ। ਪਰ ਕਿਧਰੇ ਇਹ ਨਹੀਂ ਭਾਸਦਾ ਕਿ ਪੂਰਬ ਜਾਂ ਪੱਛਮ ਦਾ ਫ਼ਲਸਫਾ ਉਨ੍ਹਾਂ 'ਤੇ ਛਾਇਆ ਹੋਵੇ।ਗੁਰੂ *ਨਾਨਕ ਬਾਣੀ* ਵਿਚ 'ਬ੍ਰਹਮ' ਬਾਰੇ ਗੱਲ ਕਰਦਿਆਂ ਡਾ. ਜੱਗੀ ਪਹਿਲਾਂ ਬ੍ਰਹਮ ਦੇ ਪਿਛੋਕੜ ਵਾਲੀ ਧਾਰਨਾ ਦਾ ਜ਼ਿਕਰ ਕਰਦਿਆਂ ਵੇਦਾਂ, ਉਪਨਿਸ਼ਦਾਂ, ਗੀਤਾ, ਬੁੱਧ ਧਰਮ, ਨਿਆਇ, ਵੈਸ਼ੇਖਿਕ, ਸਾਂਖ ਦਰਸ਼ਨ, ਯੋਗ ਦਰਸ਼ਨ, ਵੇਦਾਂਤ, ਇਸਲਾਮ ਅਤੇ ਸੂਫ਼ੀਅਤ ਆਦਿ ਦੇ 'ਬ੍ਰਹਮ' ਬਾਰੇ ਪਰੰਪਰਾਗਤ ਵਿਚਾਰਾਂ ਨੂੰ ਪੇਸ਼ ਕਰਦੇ ਹਨ। ਉਪਰੰਤ ਡਾ. ਜੱਗੀ ਬ੍ਰਹਮ ਭਾਵਨਾ ਨੂੰ ਆਧਿਭੌਤਿਕ, ਆਧਿਦੈਵਿਕ ਅਤੇ ਅਧਿਆਤਮਕ ਤਿੰਨ ਤਰ੍ਹਾਂ ਕਰਕੇ ਕਹਿੰਦੇ ਹਨ। ਇਸ ਜੜ੍ਹ ਜਗਤ ਨੂੰ ਜੋ ਠੀਕ ਉਹੋ ਜਿਹਾ ਸਮਝਦੇ ਹਨ ਜਿਹੋ ਜਿਹਾ ਇਹ ਦਿਸਦਾ ਹੈ, ਉਹ ਜੜ੍ਹਵਾਦੀ ਜਾਂ ਭੌਤਿਕਵਾਦੀ ਹਨ ਅਤੇ ਉਨ੍ਹਾਂ ਦੀ ਬ੍ਰਹਮ ਭਾਵਨਾ ਆਧਿਭੌਤਿਕ ਹੈ। ਆਧਿਦੈਵਿਕ ਬ੍ਰਹਮ ਭਾਵਨਾ ਵਾਲੇ ਸਾਧਕ ਪਰਮ ਸੱਤਾ ਦਾ ਦੈਵੀਕਰਨ ਕਰਕੇ ਉਸ ਨੂੰ ਸਾਕਾਰ ਸਰਗੁਣ ਰੂਪ ਵਿਚ ਚਿਤਰਦੇ ਹਨ। ਆਧਿਆਤਮਕ ਬ੍ਰਹਮ ਭਾਵਨਾ ਵਿਚ ਪਰਮ ਸੱਤਾ ਦਾ ਅਨੁਭਵ ਨਿਰਗੁਣ, ਨਿਰਾਕਾਰ ਅਤੇ ਅਨਿਰਵਚਨਿਯ

[98] *ਵਿਚਾਧਾਰਾ,* ਪੰ. 37.

ਰੂਪ ਵਿਚ ਹੁੰਦਾ ਹੈ। ਡਾ. ਜੱਗੀ ਦਾ ਕਹਿਣਾ ਹੈ ਕਿ 'ਗੁਰੂ ਨਾਨਕ ਦੀ ਬ੍ਰਹਮ ਭਾਵਨਾ ਆਧਿਆਤਮਕ ਹੈ। ਉਨ੍ਹਾਂ ਨੇ ਜੜ੍ਹ ਜਗਤ ਨੂੰ ਪਰਮ ਸੱਤਾ ਦਾ ਖੇਲ ਮੰਨਿਆ ਹੈ ਅਤੇ ਅਵਤਾਰਵਾਦ ਦਾ ਡਟ ਕੇ ਵਿਰੋਧ ਕੀਤਾ ਹੈ।'[99] ਡਾ. ਜੱਗੀ ਗੁਰਬਾਣੀ ਵਿਚ ਵਰਣਿਤ ਜਗਤ, ਮਾਇਆ ਅਤੇ ਕੁਦਰਤ ਆਦਿ ਦੇ ਸੰਬੰਧ ਵਿਚ ਗੱਲ ਕਰਦਿਆਂ ਕਹਿੰਦੇ ਹਨ ਕਿ 'ਗੁਰੂਸਾਹਿਬਾਨ ਦਰਸ਼ਨ ਦੇ ਖਿਲਾਰੇ ਵਿਚ ਨਹੀਂ ਪਏ, ਰਹੱਸਵਾਦੀ ਸਾਧਕ ਹੋਣ ਕਰਕੇ ਉਹ ਵਾਸਤਵਿਕਤਾ ਨੂੰ ਅਧਿਕ ਨੇੜਿਉਂ ਵੇਖ ਚੁੱਕੇ ਸਨ ।'[100] ਡਾ. ਜੱਗੀ ਦੀ ਗੁਰਮਤਿ ਦਰਸ਼ਨ ਬਾਰੇ ਸਪਸ਼ਟ ਧਾਰਨਾ ਹੈ ਜਿਸ ਤੋਂ ਉਹ ਕਦੇ ਲਾਂਭੇ ਨਹੀਂ ਜਾਂਦੇ। ਉਹ ਭਾਵੇਂ ਕੋਈ ਕੋਸ਼ ਤਿਆਰ ਕਰਦੇ ਹੋਣ ਜਾਂ ਕਿਸੇ ਕ੍ਰਿਤ ਨੂੰ ਸੰਪਾਦਤ ਕਰਦੇ ਹੋਣ ਜਾਂ ਫਿਰ ਕਿਸੇ ਸ਼ਬਦ ਦੀ ਵਿਆਖਿਆ ਕਰਦੇ ਹੋਣ ਗੁਰਮਤਿ ਸਿਧਾਤਾਂ ਤੋਂ ਉਹ ਅੱਖੋਂ ਪਰੋਖੇ ਨਹੀਂ ਕਰਦੇ ਪੁਸਤਕ *ਗੁਰੂ ਨਾਨਕ ਦੀ ਵਿਚਾਰਧਾਰਾ* ਵਿਚ ਗੁਰੂ ਨਾਨਕ ਫ਼ਲਸਫ਼ੇ ਬਾਰੇ ਉਹ ਕਹਿੰਦੇ ਹਨ 'ਗੁਰੂ ਨਾਨਕ ਉਦਾਰ ਵ੍ਰਿੱਤੀ ਵਾਲੇ ਚਿੰਤਕ ਸਨ। ਉਦਾਰ ਇਸ ਲਈ ਕਿ ਉਨ੍ਹਾਂ ਨੇ ਪੂਰਬਵਰਤੀ ਸਾਰੇ ਦਰਸ਼ਨਾਂ, ਧਰਮਾਂ ਅਤੇ ਸੰਪਰਦਾਵਾਂ ਤੋਂ, ਆਪਣੀ ਵਿਵੇਕ ਬੁੱਧੀ ਅਤੇ ਸਵ-ਅਨਭੂਤੀ ਦੀ ਕਸਵੱਟੀ ਤੇ ਪਰਖ ਕੇ, ਬਿਨਾ ਕਿਸੇ ਭੇਦ-ਭਾਵ ਜਾਂ ਵਿਤਕਰੇ ਉਹ ਸਭ ਕੁਝ ਗ੍ਰਹਿਣ ਕਰ ਲਿਆ ਜੋ ਸਦੀਵੀ ਸੀ, ਜਿਸ ਨਾਲ ਮਨੁੱਖਤਾ ਦੀ ਉੱਨਤੀ ਸੰਭਵ ਸੀ ਅਤੇ ਜੋ ਹਰ ਯੁਗ ਲਈ ਚਿਰ-ਨਵੀਨ ਸੀ। ਇਹੀ ਕਾਰਨ ਹੈ ਕਿ 500 ਵਰ੍ਹੇ ਬਾਅਦ ਵੀ ਉਨ੍ਹਾਂ ਦੀ ਵਿਚਾਰਧਾਰਾ ਵਰਤਮਾਨ ਯੁਗ ਦੇ

---

[99] *ਗੁਰੂ ਨਾਨਕ ਦੀ ਵਿਚਾਰਧਾਰਾ,* ਪੰ.111.

[100] *ਉਹੀ,* ਪੰ. 461.

ਬਿਲਕੁਲ ਅਨੁਕੂਲ ਹੈ ਅਤੇ ਭਵਿਸ਼ ਵਿਚ ਇਸ ਦੇ ਨਾ ਅਨੁਕੂਲ ਰਹਿਣ ਦਾ ਵੀ ਕੋਈ ਕਾਰਨ ਪ੍ਰਤੀਤ ਨਹੀਂ ਹੁੰਦਾ।'[101] ਡਾ. ਜੱਗੀ ਨੇ ਇਸੇ ਪੁਸਤਕ ਦੇ ਅੰਤ ਵਿਚ ਕੁਝ ਕੇਂਦਰੀ ਨੁਕਤੇ ਉਠਾਏ ਹਨ ਜੋ ਗੁਰੂ ਸਾਹਿਬਾਨ ਤੋਂ ਪਹਿਲਾਂ ਦੇ ਮੱਤ-ਮਤਾਂਤਰਾਂ ਦਾ ਅਧਾਰ ਸਨ।ਜਿਨ੍ਹਾਂ ਵਿਚ ਬਹੁਦੇਵਵਾਦ ਸੰਸਾਰ ਨੂੰ ਮਾਇਆ ਦੱਸਣਾ, ਕਰਮਕਾਂਡਾਂ ਦੀ ਪੂਜਾ, ਖਾਣ-ਪੀਣ ਤੇ ਜਿੰਦਗੀ ਦੇ ਹੋਰ ਰਸਾਂ-ਕਸਾਂ ਤੋਂ ਅੰਤਾਂ ਦਾ ਪ੍ਰਹੇਜ਼, ਗ੍ਰਿਹਸਥ ਦਾ ਤਿਆਗ, ਵਰਣ-ਆਸ਼ਰਮ, ਜਾਤਪਾਤ ਅਤੇ ਵਹਿਮ-ਭਰਮ ਆਦਿ। ਡਾ. ਜੱਗੀ ਅਨੁਸਾਰ ਗੁਰੂ ਜੀ ਨੇ ਇਨ੍ਹਾਂ ਸਾਰਿਆਂ ਨੁਕਤਿਆਂ ਨੂੰ ਮੂਲੋਂ ਹੀ ਰੱਦ ਕਰ ਦਿੱਤਾ ਤਾਂ ਜੋ ਮਨੁੱਖੀ ਸਮਾਜ ਵਿਚ ਇਕ ਸੰਤੁਲਨ ਕਾਇਮ ਕੀਤਾ ਜਾ ਸਕੇ। ਉਨ੍ਹਾਂ ਦਾ ਕਹਿਣਾ ਹੈ ਕਿ 'ਗੁਰੂ ਨਾਨਕ ਦਾ ਜੀਵਨ ਦਰਸ਼ਨ ਸਹਿਜ ਸਾਧਨਾ ਦਾ ਦਰਸ਼ਨ ਸੀ। ਇਹ ਕਰਮ-ਕਾਂਡਾਂ ਤੋਂ ਮੁਕਤ, ਪੂਜਾ ਵਿਧੀਆਂ ਤੋਂ ਰਹਿਤ, ਤਰਕ ਵਿਤਰਕ ਦੀ ਹੁੰਮਸ ਤੋਂ ਦੂਰ, ਚਿੱਤ-ਵ੍ਰਿਤੀ ਦੇ ਨਿਰੋਧ ਤੋਂ ਖਲਾਸ ਅਤੇ ਧਾਰਮਿਕ ਸੰਕੀਰਣਤਾ ਤੋਂ ਬਰੀ ਇਕ ਅਜਿਹੀ ਜੀਵਨ ਜਾਂਚ ਸੀ ਜਿਸ ਨੂੰ ਵਰਗ, ਜਾਤਿ, ਸੰਪਰਦਾਇ, ਧਰਮ, ਦੇਸ਼ ਅਥਵਾ ਰਾਸ਼ਟਰ ਦੀਆਂ ਬਨਾਵਟੀ ਹੱਦ-ਬੰਦੀਆਂ ਆਪਣੇ ਤਕ ਸੀਮਿਤ ਨਹੀਂ ਰੱਖ ਸਕਦੀਆਂ। ਇਸ ਦਾ ਮਹੱਤਵ ਅਤੇ ਸਵੀਕ੍ਰਿਤੀ ਸਰਬ-ਭੌਮਿਕ ਹੈ।ਸਚਮੁਚ ਇਹ ਮਨੁੱਖਤਾ ਵਾਸਤੇ ਨਵਾਂ ਸੰਦੇਸ਼ ਸੀ। ਉਦੋਂ 'ਧਰਮ' ਸ਼ਬਦ ਸੰਪ੍ਰਦਾਇਕ ਆਚਾਰ ਲਈ ਰੂੜ੍ਹ ਹੋ ਗਿਆ ਸੀ। ਗੁਰੂ ਜੀ ਦੁਆਰਾ ਪਤਿਪਾਦਿਤ [102]ਧਰਮ ਪ੍ਰਚਲਿਤ 'ਧਰਮ' ਸ਼ਬਦ ਤੋਂ ਭਿੰਨ ਸੀ। ਉਹ ਮੰਦਿਰਾਂ, ਮੱਠਾਂ, ਠਾਕੁਰ-ਦੁਆਰਿਆਂ,

---

[101] *ਉਹੀ,* ਪੰ. 461.

[102] *ਉਹੀ,* ਪੰ. 462.

ਮਸਜਿਦਾਂ ਆਦਿ ਤੋਂ ਬਾਹਰ ਨਿਕਲ ਕੇ ਜਨ-ਜੀਵਨ ਵਿਚ ਆ ਰਚਿਆ ਮਿਚਿਆ ਸੀ। ਅਸਲ ਵਿਚ, ਉਹ ਧਰਮ-ਅਤੀਤ ਮਾਨਵ ਧਰਮ ਸੀ।ਇਸ ਲਈ,ਹਿੰਦੂਆਂ ਅਤੇ ਮੁਸਲਮਾਨਾਂ ਨੇ ਗੁਰੂ ਨਾਨਕ ਨੂੰ ਇਕ-ਸਮਾਨ ਸ਼ਰਧਾ ਅਰਪਿਤ ਕੀਤੀ।'

ਵੀਹਵੀਂ ਸਦੀ ਦੇ ਪੰਜਾਬੀ ਸਾਹਿਤ ਖਾਸ ਕਰਕੇ ਮੱਧਕਾਲੀ ਪੰਜਾਬੀ ਵਾਰਤਕ ਨੂੰ ਸੰਵਾਰਨ, ਸਿੰਗਾਰਨ ਅਤੇ ਸਨਮਾਨਯੋਗ ਬਣਾਉਣ ਵਿਚ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਗੁਰਬਖਸ਼ ਸਿੰਘ ਪ੍ਰੀਤਲੜੀ, ਪ੍ਰਿੰ. ਤੇਜਾ ਸਿੰਘ ਆਦਿ ਵਿਦਵਾਨਾਂ ਵਾਂਗ ਡਾ. ਜੱਗੀ ਦਾ ਆਪਣੀ ਵਿਲੱਖਣ ਸ਼ੈਲੀ ਸਦਕਾ ਵਿਸ਼ੇਸ਼ ਸਥਾਨ ਹੈ। ਡਾ. ਜੱਗੀ ਪਹਿਲ ਦੇ ਆਧਾਰ ਤੇ ਮੱਧਕਾਲੀ ਪੰਜਾਬੀ ਵਾਰਤਕ ਦੀ ਪ੍ਰਮਾਣਿਕਤਾ ਸਥਾਪਿਤ ਕਰਦੇ ਹਨ। ਕਿਉਂਕਿ ਮੱਧਕਾਲ ਸਾਹਿਤ ਬਿਰਤਾਂਤਾਂ, ਦੰਦ-ਕਥਾਵਾਂ, ਲੋਕ-ਕਥਾਵਾਂ ਮਿਥਾਂ ਆਦਿ ਨਾਲ ਭਰਪੂਰ ਹੈ। ਡਾ. ਜੱਗੀ *ਪੁਰਾਤਨ ਜਨਮਸਾਖੀ, 'ਮਿਹਰਬਾਨ ਜਨਮਸਾਖੀ, ਬਾਲਾ ਜਨਮਸਾਖੀ* ਅਤੇ *ਭਾਈ ਮਨੀ ਸਿੰਘ ਵਾਲੀ ਜਨਮਸਾਖੀ* ਆਦਿ ਸਰੋਤਾਂ ਦੀ ਤਹਿ ਤੱਕ ਪਹੁੰਚਦਿਆਂ ਕਹਿੰਦੇ ਹਨ ਕਿ 'ਗੁਰੂੁ ਨਾਨਕ ਦੇ ਅਵਤਰਣ-ਕਾਲ ਤਕ ਬੁੱਧ ਦੇਵ ਦੀਆਂ ਜਾਤਕ ਕਥਾਵਾਂ ਅਤੇ ਅਵਦਾਨ ਆਖਿਆਨ ਜਨ-ਜੀਵਨ ਵਿਚ ਪ੍ਰਸਿੱਧੀ ਕਰ ਚੁੱਕੇ ਸਨ...ਦਾਤਾਗੰਜ ਬਖਸ਼ ਹੁਜਵੀਰੀ (1009-1027 ਈ.) ਕ੍ਰਿਤ 'ਕਸ਼ਫੁਲ-ਮਹਿਜੂਬ' ਵਿਚ ਸੁੱਤੇ ਹੋਏ ਅਬਦੁੱਲਾ ਨਾਂ ਦੇ ਵਲੀ ਨੂੰ ਇਕ ਸੱਪ ਦੁਆਰਾ ਝਾੜ ਲੈ ਕਿ ਪੱਖਾ ਝਲਣ ਦਾ ਪ੍ਰਸੰਗ ਦਰਜ ਹੈ।... 'ਵੇਈ ਨਦੀ ਵਿਚ' ਪ੍ਰਵੇਸ਼ ਸਿਰਲੇਖ ਵਾਲੀ ਸਾਖੀ ਹਜ਼ਰਤ ਮੁਹੰਮਦ ਦੇ ਨਾਲ ਸੰਬੰਧਿਤ ਮੇਅਰਾਜ (ਆਸਮਾਨੀ ਸਫਰ) ਦੀ ਘਟਨਾ ਦਾ ਰੂਪਾਂਤਰ ਹੈ ਅਤੇ ਰਾਜਾ ਸ਼ਿਵਨਾਥ ਵਾਲੀ ਸਾਖੀ ਵਿਚ ਰਾਜਾ ਮੋਰਧੁਜ (ਮਯੂਰ ਧਜ) ਦੇ ਪੁੱਤਰ ਦੀ

ਬਲੀ ਦਾ ਪਰਿਵਰਤਿਤ ਰੂਪ ਵੇਖਿਆ ਜਾ ਸਕਦਾ ਹੈ।ਮੱਕਾ ਫੇਰਨ ਵਾਲੀ ਸਾਖੀ ਵਿਚ ਮਰਾਠੀ ਸੰਤ ਵਿਸੋਬਾ ਖੇਚਰ ਦੁਆਰਾ ਦੇਹਰਾ ਫੇਰਨ ਦੀਆਂ ਘਟਨਾਵਾਂ ਦੀ ਪਰਛਾਈ ਵੇਖੀ ਜਾ ਸਕਦੀ ਹੈ।'[103] ਇਉਂ ਡਾ. ਜੱਗੀ ਨੇ ਵਰਣਾਤਮਿਕ ਅਤੇ ਵਿਸ਼ਲੇਸ਼ਣਾਤਮਕ ਆਦਿ ਸ਼ੈਲੀਆਂ ਨੂੰ ਵਰਤ ਕੇ ਘਟਨਾਵਾਂ, ਦ੍ਰਿਸਾਂ ਅਤੇ ਦਰਸ਼ਨ ਦੇ ਦਾਰਸ਼ਨਿਕ ਨੁਕਤਿਆਂ ਨੂੰ ਸਪਸ਼ਟ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਦੀ ਸਮੁੱਚੀ ਸ਼ੈਲੀ ਸਰਲ, ਸੁਹਿਰਦ ਅਤੇ ਸੰਵੇਦਨਸ਼ੀਲ ਕੇ ਵੱਖਰੇ ਹਸਤਾਖਰ ਵਜੋਂ ਨਿੱਖਰਦੀ ਹੈ।

ਸਿੱਖ ਧਰਮ ਦੇ ਸਾਧਨਾਤਮਕ ਪੱਖਾਂ ਬਾਰੇ ਜੋ ਵਿਚਾਰ ਪਹਿਲੇ ਵਿਦਵਾਨਾਂ ਦੀਆਂ ਰਚਨਾਵਾਂ ਵਿਚ ਆਏ, ਡਾ. ਜੱਗੀ ਉਨ੍ਹਾਂ ਵਿਚਾਰਾਂ ਨੂੰ ਆਪਣੇ ਲੇਖਾਂ ਵਿਚ ਵਰਤ ਕੇ ਵਿਚਾਰ ਅਧੀਨ ਵਿਸ਼ੇ ਨੂੰ ਹੋਰ ਪ੍ਰੋੜ੍ਹਤਾ ਦਿੰਦੇ ਹਨ। ਉਨ੍ਹਾਂ ਦੀ ਰੁਚੀ ਗੁਰਮਤਿ ਸਿਧਾਤਾਂ ਨੂੰ ਸਵੀਕਾਰ ਕਰਕੇ ਨਵੀਨ ਵਿਆਖਿਆ ਅਨੁਸਾਰ ਪੇਸ਼ ਕਰਨਾ ਹੈ। ਜਿਵੇਂ ਕਿ 'ਹੁਕਮ' ਸ਼ਬਦ ਬਾਰੇ ਜਾਣੂੰ ਕਰਾਉਂਦੇ ਹੋਏ ਕਹਿੰਦੇ ਹਨ ਕਿ 'ਇਹ ਸ਼ਬਦ ਮੁਸਲਮਾਨ ਹਮਲਾਵਰਾਂ ਦੁਆਰਾ ਭਾਰਤ ਵਿਚ ਆਇਆ। ਉਨ੍ਹਾਂ ਦੇ 'ਹੁਕਮਾਂ' ਨੇ ਭਾਰਤੀ ਧਰਮ ਸਭਿਅਤਾ ਅਤੇ ਸੰਸਕ੍ਰਿਤੀ ਨੂੰ ਕਾਫ਼ੀ ਹੱਦ ਤਕ ਪ੍ਰਭਾਵਿਤ ਕੀਤਾ। ਪਰ ਗੁਰੂ ਨਾਨਕ ਦੇਵ ਜੀ ਨੇ ਇਸ ਸ਼ਬਦ ਦੀ ਵਰਤੋਂ ਅਧਿਆਤਮਿਕ ਚਿੰਤਨ ਅਤੇ ਭਗਤੀ ਭਾਵਨਾ ਦੇ ਖੇਤਰ ਵਿਚ ਹੀ ਕੀਤੀ। ਗੁਰਮਤਿ ਅਨੁਸਾਰ ਜਿਵੇਂ ਪ੍ਰਮਾਤਮਾ 'ਅਨੰਤ' ਹੈ ਉਸ ਦਾ ਹੁਕਮ ਵੀ ਬਿਆਨ ਤੋਂ ਬਾਹਰ ਹੈ।'[104]

---

[103] *ਪੁਰਾਤਨ ਪੰਜਾਬੀ ਵਾਰਤਕ:* ਵਿਕਾਸ ਅਤੇ ਵਿਸ਼ਲੇਸ਼ਣ, ਪੰ.12-14.

[104] *ਗੁਰ ਸੰਦੇਸ਼,* ਪੰ. 11.

ਵਿਆਕਰਨ ਦੇ ਪੱਖ ਤੋਂ ਜੇ ਗੱਲ ਕਰੀਏ ਤਾਂ ਉਨ੍ਹਾਂ ਦੀ ਰਚਨਾ ਵਿਚ ਵਾਕ-ਬਣਤਰ ਛੋਟੀ ਵੀ ਹੈ ਅਤੇ ਵੱਡੀ ਵੀ। ਇਨ੍ਹਾਂ ਦੋਵਾਂ ਦੀ ਵਰਤੋਂ ਕਰਕੇ ਹੀ ਉਨ੍ਹਾਂ ਨੇ ਆਪਣੇ ਭਾਵਾਂ ਦੀ ਅਭਿਵਿਅਕਤੀ ਕੀਤੀ ਹੈ। ਛੋਟੇ ਵਾਕਾਂ ਤੋਂ ਇਹ ਪਤਾ ਲਗਦਾ ਹੈ ਕਿ ਉਨ੍ਹਾਂ ਨੇ ਆਪਣੇ ਵਿਚਾਰਾਂ ਨੂੰ ਇਕ ਨਿਸ਼ਚਿਤ ਤਰਤੀਬ ਵਿਚ ਢਾਲਿਆ ਹੋਇਆ ਹੈ। ਜੋ ਤਰਤੀਬ ਇਕ ਲੰਮੀ ਸਾਧਨਾ ਵਿਚੋਂ ਪ੍ਰਾਪਤ ਹੁੰਦੀ ਹੈ।*ਭਾਈ ਗੁਰਦਾਸ: ਜੀਵਨ ਅਤੇ ਰਚਨਾ* ਚਿਤਰਦਿਆਂ ਉਹ ਛੋਟੇ ਵਾਕ ਵਰਤ ਕੇ ਆਪਣਾ ਮਨੋਰਥ ਪੂਰਾ ਕਰਦੇ ਹਨ। ਉਹ ਭਾਈ ਗੁਰਦਾਸ ਜੀ ਦੀ 'ਅਲੰਕ੍ਰਿਤ ਕਵਿਤਾ ਦੀ ਪਰੰਪਰਾ ਦਾ ਪ੍ਰਚਲਨ' ਬਾਰੇ ਕਹਿੰਦੇ ਹਨ ਕਿ 'ਭਾਈ ਗੁਰਦਾਸ ਦੀਆਂ ਰਚਨਾਵਾਂ ਵਿਚ ਅਲੰਕਾਰਾਂ ਦੀ ਬਹੁਤਾਤ ਹੈ। ਇਹ ਉਸ ਦੀ ਪੰਜਾਬੀ ਸਾਹਿਤ ਨੂੰ ਵਡਮੁਲੀ ਦੇਣ ਹੈ।ਅਸਲ ਵਿਚ, ਪੰਜਾਬੀ ਸਾਹਿਤ ਵਿਚ ਅਰਥ ਅਤੇ ਕਾਵਿ ਦੇ ਗੌਰਵ ਨੂੰ ਵਧਾਉਣ ਵਾਸਤੇ ਸਭ ਤੋਂ ਪਹਿਲਾਂ ਭਾਈ ਗੁਰਦਾਸ ਨੇ ਯਤਨ ਕੀਤਾ ਹੈ। ਆਦਿ ਕਾਲ ਦੇ ਸਾਹਿਤ ਵਿਚ ਅਵਲ ਤਾਂ ਪੰਜਾਬੀ ਅੰਸ਼ ਹੀ ਬਹੁਤ ਘੱਟ ਹੈ। ਦੂਜੇ, ਨਾਥਾਂ-ਯੋਗੀਆਂ ਅਤੇ ਸੂਫ਼ੀ ਫ਼ਕੀਰਾਂ ਦੀਆਂ ਰਚਨਾਵਾਂ 'ਬਾਣੀਆਂ' ਹੀ ਕਹੀਆਂ ਜਾ ਸਕਦੀਆਂ ਹਨ, ਕਵਿਤਾ ਨਹੀਂ। ਗੁਰੂ ਨਾਨਕ ਕਾਲ ਵਿਚ ਵੀ ਸਾਹਿਤਿਕ ਰਚਨਾਵਾਂ ਅਧਿਕਤਰ ਬਾਣੀ ਰੂਪ ਵਿਚ ਵੀ ਸਾਹਮਣੇ ਆਈਆਂ ਸਨ। ਉਹ ਪਹਿਲਾਂ ਬਾਣੀ ਸਨ, ਕਵਿਤਾ ਪਿਛੋਂ। ਹਾਂ, ਕਿਤੇ ਕਿਤੇ ਕੋਈ ਕਿੱਸਾਕਾਰ ਮਿਲ ਜਾਂਦਾ ਹੈ, ਜਿਸ ਨੇ ਕਵਿਤਾ ਨੂੰ ਕਾਵਿਤਾ ਲਈ ਵਰਤਿਆ, ਪਰ ਭਾਈ ਸਾਹਿਬ ਤਕ ਕੋਈ ਪ੍ਰਤਿਭਾਵਾਨ ਕਿੱਸਾਕਾਰ ਪੈਦਾ ਨਾ ਹੋਇਆ, ਅਤੇ ਜੋ ਕਿੱਸਾਕਾਰ ਮੌਜੂਦ ਸਨ, ਉਨ੍ਹਾਂ ਦਾ ਕਹਾਣੀ ਕਹਿਣ ਤੇ ਜ਼ੋਰ ਸੀ,

ਕਾਵਿ ਗੁਲਦਸਤੇ ਸਜਾਣਾ ਸ਼ਾਇਦ ਉਨ੍ਹਾਂ ਦੇ ਵਸ ਦੀ ਗੱਲ ਨਹੀਂ ਸੀ।'[105] ਉਨ੍ਹਾਂ ਨੇ ਕਈ ਥਾਵਾਂ ਤੇ ਛੋਟੇ ਵਾਕ ਵਰਤ ਕੇ ਵਡਮੁੱਲੀ ਸੂਚਨਾ ਦਿੱਤੀ ਹੈ। ਜਦੋਂ ਵੀ ਉਹ ਕਿਸੇ ਵਿਸ਼ੇ ਬਾਰੇ ਲਿਖਦੇ ਹਨ ਤਾਂ ਵਿਚਾਰਾਂ ਦਾ ਇਕ ਲੰਮੇਰਾ ਪ੍ਰਵਾਹ ਉਨ੍ਹਾਂ ਦੇ ਅੰਦਰੋਂ ਵਹਿੰਦਾ ਹੈ। ਇਨ੍ਹਾਂ ਸਤਰਾਂ ਤੋਂ ਪਤਾ ਲਗਦਾ ਹੈ ਕਿ ਕਿਵੇਂ ਵਿਚਾਰਾਂ ਦਾ ਇਕ ਪ੍ਰਵਾਹ ਉਨ੍ਹਾਂ ਦੇ ਅੰਦਰੋਂ ਚਲਦਾ ਹੈ।ਇਸ ਸੰਦਰਭ ਵਿਚ ਜੇ ਡਾ. ਜੱਗੀ ਦੀ ਗੱਲ ਕਰੀਏ ਤਾਂ ਉਹ ਜਿਨ੍ਹਾਂ ਧਾਰਮਿਕ ਅਤੇ ਅਧਿਆਤਮਕ ਵਿਸ਼ਿਆਂ ਦਾ ਨਿਰੂਪਣ ਆਪਣੀ ਰਚਨਾ ਵਿਚ ਕਰਦੇ ਹਨ ਉਨ੍ਹਾਂ ਨਾਲ ਉਹ ਭਾਵਤਾਮਕ ਤੌਰ ਤੇ ਜੁੜੇ ਹੋਏ ਹਨ। ਪਰ ਇਨ੍ਹਾਂ ਵਿਸ਼ਿਆਂ ਨੂੰ ਵਿਸ਼ਲੇਸ਼ਿਤ ਕਰਦਿਆਂ ਉਹ ਆਪਣਾ ਬੌਧਿਕ ਆਧਾਰ ਬਣਾ ਕੇ ਰੱਖਦੇ ਹਨ। ਉਨ੍ਹਾਂ ਦੀ ਸਮੁੱਚੀ ਰਚਨਾ ਤਰਕ ਦੇ ਮੂਲ ਧੁਰੇ ਨਾਲ ਵੀ ਜੁੜੀ ਹੋਈ ਹੈ ਅਤੇ ਉਹ ਦ੍ਰਿਸ਼ਟੀਕੋਣ ਪੱਖੋਂ ਵੀ ਨਿਯਮ ਵਿਚ ਰਹਿੰਦੇ ਹਨ। ਗੁਰਮਤਿ ਸਾਹਿਤ ਦੇ ਵਿਦਵਾਨ ਡਾ. ਹਰਿਭਜਨ ਸਿੰਘ ਦਿੱਲੀ ਅਤੇ ਭਾਈ ਜੋਧ ਸਿੰਘ ਆਦਿ ਤੋਂ ਪ੍ਰੇਰਣਾ ਲੈ ਕੇ ਵੀ ਉਹ ਆਪਣਾ ਵੱਖਰਾ ਅਸਤਿਤਵ ਬਣਾਉਣ ਵਿਚ ਸਫ਼ਲ ਹੋਏ ਹਨ।

ਡਾ. ਜੱਗੀ ਨੇ ਕੇਵਲ ਸਿੱਖ ਧਰਮ ਬਾਰੇ ਲਿਖਿਆ ਹੀ ਨਹੀਂ ਹੈ ਬਲਕਿ ਉਨ੍ਹਾਂ ਨੇ ਸਿੱਖ ਧਰਮ ਨਾਲ ਹਿਤ ਵੀ ਕੀਤਾ ਹੈ। ਸੰਨ 1999 ਈ. ਨੂੰ ਖਾਲਸੇ ਦੀ ਤ੍ਰੈ ਸ਼ਤਾਬਦੀ ਵੱਡੇ ਪੱਧਰ 'ਤੇ ਮਨਾਈ ਜਾਣੀ ਸੀ। ਉਸ ਸਮੇਂ ਪੰਜਾਬ ਵਿਚ ਸਰਕਾਰ ਅਕਾਲੀ-ਭਾਜਪਾ ਗੱਠਜੋੜ ਦੀ ਸੀ। ਸ਼ਤਾਬਦੀ ਤੋਂ ਪਹਿਲਾਂ ਬਹੁਤ ਕੁਝ ਕਰਨ ਦੇ ਵੱਡੇ-ਵੱਡੇ ਐਲਾਨ ਹੋਏ। ਪਰ ਉਸ ਸਮੇਂ ਸ੍ਰ. ਪ੍ਰਕਾਸ ਸਿੰਘ ਬਾਦਲ (ਮੁੱਖ ਮੰਤਰੀ) ਅਤੇ ਸ੍ਰ. ਗੁਰਚਰਨ ਸਿੰਘ ਟੌਹੜਾ ਇਕ ਦੂਜੇ ਤੋਂ ਅਲੱਗ

[105] *ਭਾਈ ਗੁਰਦਾਸ: ਜੀਵਨ ਅਤੇ ਰਚਨਾ,* ਪੰ. 105.

ਹੋ ਗਏ।ਉਸ ਸ਼ਤਾਬਦੀ ਤੋਂ ਸਿੱਖ ਕੌਮ ਦੇ ਪੱਲੇ ਕੀ ਪਿਆ, ਉਸ ਬਾਰੇ ਜ਼ਿਕਰ ਕਰਦਿਆਂ ਡਾ. ਜੱਗੀ ਕਹਿੰਦੇ ਹਨ ਕਿ 'ਕੇਂਦਰੀ ਸਰਕਾਰ ਨੇ ਵੀ ਚੌਖਾ ਧਨ ਦੇਣ ਦਾ ਬਚਨ ਦਿੱਤਾ। ਬੜੇ ਜਾਹੋ-ਜਲਾਲ ਨਾਲ ਪ੍ਰੋਗ੍ਰਾਮਾਂ ਦਾ ਆਰੰਭ ਹੋਇਆ। ਅਨੰਦਪੁਰ ਸਾਹਿਬ ਦੇ ਵਿਕਾਸ ਦੀਆਂ ਕਈ ਯੋਜਨਾਵਾਂ ਬਣਾਈਆਂ ਗਈਆਂ। ਉੱਚੀ ਸੋਚ, ਮੇਲ-ਮਿਲਾਪ ਅਤੇ ਨਿਸ਼ਕਾਮ ਸੇਵਾ ਦੀ ਭਾਵਨਾ ਜੋ ਖਾਲਸੇ ਨੂੰ ਗੁੜ੍ਹਤੀ ਵਿਚ ਮਿਲੀ ਸੀ, ਉਹ ਅੱਜ ਦੀ ਲੀਡਰਸ਼ਿਪ ਤੋਂ ਸੰਗਣ ਲਗ ਗਈ ਹੈ ਕਿ ਕਿਤੇ ਬੇਪਤੀ ਹੀ ਨ ਕਰਾ ਲਏ। ਕੁਝ ਪ੍ਰੋਗ੍ਰਾਮਾਂ ਦੀਆਂ ਮੀਟਿੰਗਾਂ ਵਿਚ ਮੈਨੂੰ ਵੀ ਬੁਲਾਇਆ ਗਿਆ। ਨੋਡਲ ਆਫ਼ੀਸਰ ਤੋਂ ਸ਼ਤਾਬਦੀ ਦੇ ਪ੍ਰੋਗ੍ਰਾਮਾਂ ਬਾਰੇ ਜੋ ਅੰਦਰੂਨੀ ਝਲਕ ਮਿਲੀ, ਉਹ ਵਾਸਤਵਿਕਤਾ ਤੋਂ ਸਖਣੀ ਸੀ। ਬਸ ਸਭ ਲਫ਼ਾਫ਼ੇਬਾਜ਼ੀ। ਆਨੰਦਪੁਰ ਵਿਚ ਕੀ ਬਣਿਆ, ਕੀ ਉਸਰਿਆ, ਸਿੱਖੀ ਦਾ ਕਿੰਨਾ ਵਿਕਾਸ ਹੋਇਆ, ਸਭ ਦੇ ਸਾਹਮਣੇ ਹੈ।'[106] ਉਸ ਸਮੇਂ ਦੀ ਅਕਾਲੀ ਲੀਡਰਸ਼ਿਪ ਨੇ ਜੋ ਹਾਲਾਤ ਕੌਮ ਦੇ ਕੀਤੇ ਉਸ ਬਾਰੇ ਉਨ੍ਹਾਂ ਨੇ ਬੇਬਾਕ ਲਿਖਿਆ ਹੈ। ਉਹ ਕਹਿੰਦੇ ਹਨ ਕਿ 'ਮੁੱਖ ਸਮਾਗਮ ਤੋਂ ਕੁੱਝ ਮਹੀਨੇ ਪਹਿਲਾਂ ਹੀ ਬਾਦਲ ਅਤੇ ਟੌਹੜੇ ਧੜੇ ਦੀ ਖੜਕ ਗਈ। ਅਕਾਲੀ ਦਲ ਫਟ ਗਿਆ। ਗੁਰਦੁਆਰਿਆਂ ਵਿਚ ਆਪਸੀ ਪ੍ਰੇਮ-ਭਾਵ ਦੇ ਅਨੇਕ ਬੋਲ ਸੁਣੇ, ਪਰ ਲੀਡਰਸ਼ਿਪ ਨੇ ਖਾਲਸੇ ਦੇ ਸਰੂਪ, ਕਰਮ ਅਤੇ ਆਚਾਰ ਦੀ ਆਭਾ ਮਲੀਨ ਕਰ ਦਿੱਤੀ।ਅਜਿਹੇ ਨਮੂਨੇ ਸਿੱਖ ਇਤਿਹਾਸ ਵਿਚ ਪਹਿਲਾਂ ਹੀ ਕਾਫ਼ੀ ਸਨ, ਪਰ ਇਸ ਮੌਕੇ ਉਤੇ ਤਾਂ ਸਿਖਰਾਂ ਹੀ ਛੋਹ ਦਿੱਤੀਆਂ। ਕਹਿੰਦੇ ਹਨ ਕਿ ਅੰਮ੍ਰਿਤ ਸੰਚਾਰ ਵੇਲੇ ਪਰਸਪਰ ਪਿਆਰ ਨੂੰ ਕਾਇਮ ਰਖਣ ਲਈ ਮਾਤਾ ਸਾਹਿਬ ਕੌਰ ਜੀ ਨੇ ਅੰਮ੍ਰਿਤ ਦੇ ਬਾਟੇ ਵਿਚ ਪਤਾਸੇ

---

[106] *ਉਹੀ,* ਪੰ.195-96.

ਪਾਏ ਸਨ, ਪਰ ਲਗਦਾ ਹੈ ਕਿ ਉਨ੍ਹਾਂ ਦੀ ਮਿਠਾਸ ਦਾ ਅਸਰ ਘਟ ਗਿਆ ਹੈ। ਫਲਸਰੂਪ ਮਰਯਾਦਾ ਦਾ ਉਲੰਘਣ ਕਰਨ ਵਿਚ ਅਜ ਦੇ ਆਗੂ ਪਿਛੇ ਨਹੀਂ ਰਹਿੰਦੇ। ਜਿਸ ਪ੍ਰਧਾਨ ਨੇ ਚਾਹਿਆ ਅਕਾਲ ਤਖ਼ਤ ਦੀ ਦੁਹਾਈ ਦੇ ਦਿੱਤੀ। ਹੁਕਮਨਾਮਿਆਂ ਅਤੇ ਤਨਖ਼ਾਹਨਾਮਿਆਂ ਦਾ ਹੜ੍ਹ ਆ ਗਿਆ।ਕੁਰਸੀਆਂ ਨੂੰ ਕਾਬੂ ਕਰਨ ਲਈ ਇਕ ਦੂਜੇ ਦੇ ਮਰਨ ਦੇ ਸੁਖਣੇ ਸੁਖੇ ਜਾਣ ਲੱਗੇ।'[107]

ਇਸ ਵਿਸ਼ਲੇਸ਼ਣ ਦੀ ਰੌਸ਼ਨੀ ਵਿਚ ਡਾ. ਜੱਗੀ ਗੁਰਮਤਿ ਦੇ ਪ੍ਰੌਢ ਵਿਆਖਿਆਕਾਰ ਸਿੱਧ ਹੁੰਦੇ ਹਨ। ਉਨ੍ਹਾਂ ਨੇ ਬਾਖੂਬੀ ਗੁਰਮਤਿ ਦੇ ਦਾਰਸ਼ਨਿਕ ਸੰਕਲਪਾਂ ਦੀ ਵਿਆਖਿਆ ਕੀਤੀ ਹੈ। ਉਨ੍ਹਾਂ ਦੀਆਂ ਰਚਨਾਵਾਂ ਦਾ ਮੂਲ ਉਦੇਸ਼, ਗੁਰਮਤਿ ਦੀ ਪ੍ਰਤਿਸ਼ਠਾ ਅਤੇ ਉਤਮਤਾ ਨੂੰ ਸਥਾਪਿਤ ਕਰਨ ਲਈ ਹੈ। ਉਹ ਗੁਰਬਾਣੀ ਦੀ ਸੇਧ ਤੋਂ ਇਧਰ-ਉਧਰ ਨਹੀਂ ਜਾਂਦੇ, ਇੰਜ ਉਨ੍ਹਾਂ ਦੀ ਵਿਆਖਿਆ ਸਾਹਿਤਕਾਰੀ ਦਾ ਮੂਲ ਧੁਰਾ ਹੈ।

ਡਾ. ਜੱਗੀ ਦੀ ਜੇ ਵਿਚਾਰਧਾਰਾ ਦੀ ਗੱਲ ਕਰੀਏ ਤਾਂ ਉਹ ਨਿਰੋਲ ਧਾਰਮਿਕ ਹੈ। ਭਾਵੇਂ ਉਹ ਸਾਹਿਤ ਦੇ ਕਿਸੇ ਰੂਪ ਬਾਰੇ ਵੀ ਲਿਖ ਰਹੇ ਹੋਣ, ਉਨ੍ਹਾਂ ਦੀ ਵਿਚਾਰਧਾਰਾ ਹਮੇਸ਼ਾਂ ਧਾਰਮਿਕ ਹੀ ਹੁੰਦੀ ਸੀ। ਹਰ ਮਨੁੱਖ ਨੂੰ ਮੂਲ ਰੂਪ ਵਿਚ 'ਵਿਚਾਰਧਾਰਾ' ਜਨਮ ਤੋਂ ਹੀ ਪ੍ਰਾਪਤ ਹੁੰਦੀ ਹੈ। ਉਨ੍ਹਾਂ ਨੂੰ 'ਧਾਰਮਿਕ ਵਿਚਾਰਧਾਰਾ' ਬਚਪਨ ਵਿਚ ਹੀ ਇਨ੍ਹਾਂ ਦੇ ਪਰਿਵਾਰ ਤੋਂ ਪ੍ਰਾਪਤ ਹੋਈ। 'ਸ੍ਰੀ ਗੁਰੁੂ ਗ੍ਰੰਥ ਸਾਹਿਬ', *ਦਸਮ ਗ੍ਰੰਥ* ਦੀ ਵਿਆਖਿਆ ਤੋਂ ਛੁਟ *ਜਨਮਸਾਖੀਆਂ* ਉਨ੍ਹਾਂ ਦੀ ਰਚਨਾ ਦਾ ਕਾਰਜ ਖੇਤਰ ਹੈ।ਇਸ ਗੁਰਬਾਣੀ-ਵਿਆਖਿਆ ਤੋਂ ਉਨ੍ਹਾਂ ਦੀ ਬੁੱਧੀ, ਸ਼ੁਧ

---

107 *ਉਹੀ.*

ਬਿਰਤੀ ਅਤੇ ਪ੍ਰਤਿਭਾ ਤੋਂ ਪਤਾ ਲੱਗਦਾ ਹੈ। ਉਨ੍ਹਾਂ ਦੀ ਵਿਚਾਰਧਾਰਾ ਵਿਚ ਵਿਵੇਕ, ਨਿਆਇ, ਦਲੀਲ ਅਤੇ ਪ੍ਰੇਮ ਆਦਿ ਦਾ ਅੰਸ਼ ਵੀ ਉਭਰਦਾ ਹੈ। ਸ਼ੰਕਾਮਈ ਜਾਂ ਵਿਵਾਦਮਈ ਤੱਥਾਂ ਬਾਰੇ ਉਹ ਬਹੁਤ ਗੰਭੀਰਤਾ ਅਤੇ ਨਿਜ ਪ੍ਰਤੀਤੀ ਨਾਲ ਗੱਲ ਕਰਦੇ ਹਨ। ਡਾ. ਜੱਗੀ ਨੂੰ ਭਾਈ ਵੀਰ ਸਿੰਘ, ਪ੍ਰਿੰ. ਤੇਜਾ ਸਿੰਘ ਅਤੇ ਭਾਈ ਕਾਨ੍ਹ ਸਿੰਘ ਨਾਭਾ ਆਦਿ ਵਿਦਵਾਨਾਂ ਦੀ ਪੱਧਤੀ ਵਿਚ ਸਥਾਨ ਦਿੱਤਾ ਜਾ ਸਕਦਾ ਹੈ। ਲਗਭਗ ਹਰ ਵਿਆਖਿਆਕਾਰ ਦੀ ਵਿਆਖਿਆ ਦਾ ਪੱਧਰ, ਪ੍ਰਤਿਭਾ ਅਤੇ ਅਨੁਭਵ ਆਦਿ ਆਪੋ-ਆਪਣਾ ਹੈ। ਪਰ ਡਾ. ਜੱਗੀ ਨੇ ਆਪਣੇ ਸਮਕਾਲੀ ਵਿਦਵਾਨਾਂ ਪ੍ਰੋ. ਸਾਹਿਬ ਸਿੰਘ, ਭਾਈ ਜੋਧ ਸਿੰਘ, ਡਾ. ਹਰਿਭਜਨ ਸਿੰਘ ਆਦਿ ਦਾ ਪ੍ਰਭਾਵ ਨਹੀਂ ਕਬੂਲਿਆ। ਡਾ. ਜੱਗੀ ਦੀਆਂ ਰਚਨਾਵਾਂ ਦੀ ਵਿਉਂਤਬੰਦੀ, ਨਿਬੰਧਾਂ ਦੇ ਸਿਰਲੇਖ ਅਤੇ ਸਾਮਗ੍ਰੀ ਦੇ ਸ੍ਰੋਤ ਬਾ-ਕਮਾਲ ਹਨ। ਡਾ. ਜੱਗੀ ਨੇ ਗੁਰਬਾਣੀ ਵਿਆਖਿਆ ਨੂੰ 'ਸ਼ਬਦਾਰਥ' ਅਤੇ 'ਭਾਵਾਰਥ' ਦੇ ਘੇਰੇ ਵਿਚੋਂ ਕੱਢ ਕੇ 'ਵਿਸ਼ਲੇਸ਼ਣਾਤਮਕ' ਪੱਧਰ ਤੇ ਲਿਆਉਣ ਦਾ ਵੀ ਯਤਨ ਕੀਤਾ। ਡਾ. ਜੱਗੀ ਨੇ ਗੁਰਬਾਣੀ ਵਿਆਖਿਆ ਦੇ ਹੁਣ ਤੱਕ ਦੇ ਅਧਿਐਨ ਕਰਦਿਆਂ *ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ* ਪੁਸਤਕ ਵਿਚ ਵੇਰਵਾ ਦਿੱਤਾ ਹੈ।[108] ਇਸ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਡਾ. ਜੱਗੀ ਨੇ ਬੜੇ ਸਾਵਧਾਨ ਅਤੇ ਸੁਚੇਤ ਹੋ ਕੇ ਸਮੇਂ ਦੀ ਲੋੜ ਨੂੰ ਸਮਝਦਿਆਂ ਗੁਰਬਾਣੀ ਵਿਆਖਿਆ ਦੇ ਖੇਤਰ ਵਿਚ ਪ੍ਰਵੇਸ਼ ਕੀਤਾ। ਡਾ. ਜੱਗੀ ਵਲੋਂ ਕੀਤੀ ਵਿਆਖਿਆ ਇਸ ਪੱਖੋਂ ਵੀ ਵਿਸ਼ੇਸ਼ਤਾ ਰੱਖਦੀ ਹੈ ਕਿ ਉਨ੍ਹਾਂ ਨੇ ਗੁਰਬਾਣੀ ਦੇ ਸਤੁੰਤਰ ਵਿਅਕਤਿਤਵ ਨੂੰ ਸਵੀਕਾਰ ਤੇ ਸਥਾਪਿਤ ਕੀਤਾ ਹੈ। ਕਿਉਂਕਿ 'ਉਦਾਸੀ' ਤੇ 'ਨਿਰਮਲੇ' ਵਿਦਵਾਨਾਂ ਨੇ ਆਪਣੀਆਂ

[108] ਪੰ. 209-20.

ਰਚਨਾਵਾਂ ਵਿਚ ਕਈ ਥਾਵਾਂ ਤੇ ਗੁਰਬਾਣੀ ਨੂੰ ਵੇਦ-ਬਾਣੀ ਦੇ ਸਮਾਨ ਕਿਹਾ ਹੈ। ਇਨ੍ਹਾਂ ਤੱਥਾਂ ਦੇ ਆਧਾਰਿਤ ਕਿਹਾ ਜਾ ਸਕਦਾ ਹੈ ਕਿ ਡਾ. ਜੱਗੀ ਨੇ ਗੁਰਬਾਣੀ ਵਿਆਖਿਆ ਦੁਆਰਾ ਗੁਰਮਤਿ ਸਾਹਿਤ ਦੀ ਮਹਾਨ ਸੇਵਾ ਕੀਤੀ। ਉਨ੍ਹਾਂ ਨੇ ਗੁਰਮਤਿ-ਪਰੰਪਰਾ ਵਿਚ ਗੁਰੁ੍ਰੂ ਸਾਹਿਬਾਨ ਦੁਆਰਾ ਪ੍ਰਸਤੁਤ ਕੀਤੇ ਗਏ ਸਿਧਾਂਤਾਂ ਦੀ ਪੁਸ਼ਟੀ ਕਰਦਿਆਂ ਗੁਰਮਤਿ ਦੇ ਸੰਕਲਪਾਂ ਤੇ ਸਾਧਨਾਤਮਕ ਪੱਖਾਂ ਨੂੰ ਵਿਆਖਿਆ ਦਾ ਰੂਪ ਦਿੱਤਾ ਹੈ। ਉਹ ਗੁਰਮਤਿ ਦੇ ਦਾਰਸ਼ਨਿਕ ਮੰਡਲ ਤੋਂ ਬਾਹਰ ਹੋ ਕਿਸੇ ਨਵੇਂ ਸੰਕਲਪ ਦੀ ਪੇਸ਼ਕਾਰੀ ਪ੍ਰਤਿ ਰੁਚਿਤ ਨਹੀਂ ਹਨ। ਉਨ੍ਹਾਂ ਦਾ ਸਮੁੱਚਾ ਅਧਿਐਨ ਗੁਰਮਤਿ ਦੇ ਸਿਧਾਂਤਾਂ ਨੂੰ ਸਾਧਾਰਨ ਜਨ-ਜੀਵਨ ਦੀ ਸਮਝ ਗੋਚਰੇ ਕਰਨਾ ਹੈ। ਕਿਉਂਕਿ ਗੁਰਬਾਣੀ ਵਿਚਲੇ ਸਿਧਾਂਤ ਸੰਕਲਪਾਤਮਕ ਸ਼ਬਦਾਵਲੀ ਵਿਚ ਹੋਣ ਕਰਕੇ ਜਨ-ਸਾਧਾਰਨ ਨੂੰ ਕਠਿਨ ਲੱਗਦੇ ਹਨ। ਹਰ ਸੰਸਥਾ ਨੂੰ 'ਸਿਧਾਤਾਂ' ਦੇ ਸਪੱਸ਼ਟੀਕਰਨ ਦੀ ਜ਼ਰੂਰਤ ਪੈਂਦੀ ਹੈ। 'ਸਿਧਾਂਤ' ਵਿਆਖਿਆ ਚਾਹੁੰਦਾ ਹੈ ਅਤੇ ਵਿਸ਼ਵਾਸ ਦੀ ਭਾਵਨਾ ਨੂੰ ਦ੍ਰਿੜ ਤੇ ਪਰਿਪੱਕ ਕਰਨ ਦੀ ਲੋੜ ਹੁ੍ੁੰਦੀ ਹੈ। ਡਾ. ਜੱਗੀ ਦੀ ਰਚਨਾ ਇਸ ਕਾਰਜ ਨੂੰ ਨਿਭਾਉਂਦੀ ਹੈ।

ਸ਼ੈਲੀ ਲੇਖਕ ਦੀ ਰਚਨਾ ਦਾ ਉਹ ਨਿੱਜਪਨ ਹੁੰਦਾ ਹੈ ਜਿਸ ਤੋਂ ਕਰਤੇ ਦੀ ਸਹਿਜੇ ਹੀ ਪਹਿਚਾਣ ਹੋ ਜਾਂਦੀ ਹੈ। ਡਾ. ਜੱਗੀ ਦਾ ਕਥਨ ਹੈ 'ਸ਼ੈਲੀ ਆਪ ਮੁਹਾਰੀ ਕਥਨ-ਸ਼ਕਤੀ ਹੈ ਜੋ ਕਿਸੇ ਪ੍ਰਕਾਰ ਦੇ ਅਭਿਆਸ ਜਾਂ ਸਿਖਲਾਈ ਦੀ ਲੋੜ ਨਹੀਂ ਸਮਝਦੀ। ਉਹ ਆਪਣੇ ਆਪ ਹੀ ਆਪਣੇ ਨਿਵੇਕਲੇਪਣ ਦੀ ਪਹਿਚਾਣ ਹੈ। ਸੱਚ ਤਾਂ ਇਹ ਹੈ ਕਿ ਸ਼ੈਲੀ ਕਿਸੇ ਲੇਖਕ ਦੀ ਅਜਿਹੀ ਸਦੀਵੀ ਦ੍ਰਿਸ਼ਟੀ ਹੈ, ਜਿਸ ਵਿਚ ਉਸਦੀਆਂ ਵਿਦਿਅਕ ਅਤੇ ਕਲਾਤਮਕ ਪ੍ਰਾਪਤੀਆਂ, ਭਾਵਨਾਵਾਂ, ਸਭਿਆਚਾਰਕ ਮਾਨਤਾਵਾਂ ਅਤੇ ਸੰਭਾਵਨਾਵਾਂ ਦਾ ਪ੍ਰਤਿਬਿੰਬ ਮਿਲਦਾ ਹੈ।' ਇਉਂ

ਲੇਖਕ ਦੇ ਵਿਅਕਤੀਗਤ ਲਿਖਣ-ਢੰਗ ਨੂੰ ਸ਼ੈਲੀ ਦਾ ਨਾਮ ਦਿੱਤਾ ਜਾਂਦਾ ਹੈ। ਜਿਵੇਂ ਹਰੇਕ ਮਨੁੱਖ ਦਾ ਬੋਲਣ ਦਾ ਤਰੀਕਾ, ਵਿਵਹਾਰ, ਕਿਰਦਾਰ, ਲਿਬਾਸ ਆਦਿ ਵੱਖੋ-ਵੱਖਰਾ ਹੁੰਦਾ ਹੈ ਉਵੇਂ ਹੀ ਹਰ ਲਿਖਾਰੀ ਦਾ ਲਿਖਣ ਢੰਗ ਵੀ ਵੱਖੋ-ਵੱਖਰਾ ਹੁੰਦਾ ਹੈ। ਲੇਖਕ ਦੇ ਵਿਚਾਰ, ਭਾਸ਼ਾ ਦਾ ਲਿਬਾਸ ਪਾ ਕੇ ਸ਼ੈਲੀ ਦਾ ਰੂਪ ਧਾਰਨ ਕਰਦੇ ਹਨ। ਇਸ ਕਰਕੇ ਹੀ 'ਸ਼ੈਲੀ' ਨੂੰ 'ਸ਼ਖਸੀਅਤ' ਕਿਹਾ ਜਾਂਦਾ ਹੈ ਕਿਉਂਕਿ ਸ਼ੈਲੀ ਵਿਚ ਹੀ ਲੇਖਕ ਦੀ ਸਖਸ਼ੀਅਤ ਲੁਪਤ ਹੁੰਦੀ ਹੈ। ਸ਼ੈਲੀ ਦੁਆਰਾ ਹੀ ਲੇਖਕ ਦਾ ਨਿਜਪਨ ਉਘੜਦਾ ਹੈ, ਜੋ ਉਸਨੂੰ ਦੂਜੇ ਲਿਖਾਰੀਆਂ ਤੋਂ ਨਿਖੇੜਦਾ ਹੈ। ਕਿਸੇ ਵੀ ਲੇਖਕ ਦੀ ਸ਼ੈਲੀ ਦਾ ਮੂਲ-ਆਧਾਰ ਉਸ ਦੀ ਵਾਕ 'ਵਾਕਾਂਸ਼-ਬਣਤਰ' ਹੀ ਹੁੰਦੀ ਹੈ। ਉਨ੍ਹਾਂ ਦੁਆਰਾ ਸਿਰਜੇ ਗਏ ਵਾਕਾਂਸ਼ ਸਜਰੇ ਅਤੇ ਨਿਰੋਏ ਹਨ ਜੋ ਉਨ੍ਹਾਂ ਦੇ ਨਿਜਤਵ ਨੂੰ ਉਘਾੜਦੇ ਹਨ। ਉਨ੍ਹਾਂ ਦੀ ਸ਼ੈਲੀ ਦਾ ਅਗਲਾ ਪੱਖ ਪੈਰ-ਟਿਪਣੀਆਂ ਤੋਂ ਵਿਮੁਕਤੀ ਹੈ।ਉਨ੍ਹਾਂ ਨੇ ਬਹੁਤ ਘੱਟ ਦੂਜੇ ਵਿਦਵਾਨਾਂ ਦੀਆਂ ਖੋਜਾਂ ਤੇ ਪ੍ਰਾਪਤੀਆਂ ਦੇ ਹਵਾਲੇ ਦਿੱਤੇ ਹਨ। ਇਹ ਵੀ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਵਲੋਂ ਕੀਤੀ ਬਹੁਤੀ ਵਿਆਖਿਆ ਉਨ੍ਹਾਂ ਦੀ ਨਿਜ ਦੀ ਹੈ। ਡਾ. ਜੱਗੀ ਦੇ ਵਿਸ਼ੇ ਚੋਣ ਵਿਚ ਵੰਨ-ਸੁਵੰਨਤਾ ਹੈ ਤਿਵੇਂ ਹੀ ਉਸਦੀ ਲਿਖਣ-ਸ਼ੈਲੀ ਵੀ ਵੰਨਗੀਆਂ ਦਾ ਭੰਡਾਰ ਹੈ। ਉਹ ਆਪਣੀ ਕਲਮ ਉਪਰ ਪਕੜ ਬਣਾਉਦਿਆਂ, ਨੁਕਤਾ ਉਘਾੜ ਕੇ, ਵਿਸ਼ੇ ਨੂੰ ਸੰਖੇਪ ਸ਼ਬਦਾਂ ਵਿਚ ਸਮੇਟ ਲੈਂਦੇ ਹਨ। ਉਨ੍ਹਾਂ ਦੀ ਸ਼ੈਲੀ ਸਪਸ਼ਟ, ਨਿਸ਼ੰਗ, ਸਰਲ, ਸੁਭਾਵਿਕ, ਦਲੇਰ ਅਤੇ ਰੌਚਕ ਹੈ। ਇਹ ਵੀ ਉਨ੍ਹਾਂ ਦੀ ਪ੍ਰਸਿੱਧੀ ਅਤੇ ਕਾਮਯਾਬੀ ਦਾ ਇਕ ਰਹੱਸ ਹੈ। ਡਾ. ਜੱਗੀ ਦੀ ਬੋਲੀ ਟਕਸਾਲੀ ਪੰਜਾਬੀ ਹੈ ਕਿਉਂਕਿ ਉਨ੍ਹਾਂ ਦਾ ਬਚਪਨ ਪਿੰਡੀਘੇਬ (ਪਾਕਿਸਤਾਨ) ਵਿਚ ਬਤੀਤ ਹੋਇਆ ਹੈ। ਪਰਿਭਾਸ਼ਕ ਅਤੇ ਸਿਧਾਂਤਕ ਸ਼ਬਦਾਂ ਦੀ ਚੋਣ ਸਮੇਂ ਉਨ੍ਹਾਂ ਨੇ ਪ੍ਰਾਥਮਿਕਤਾ

ਹਿੰਦੀ-ਸੰਸਕ੍ਰਿਤ ਦੇ ਤਦਭਵੀ ਰੂਪ ਨੂੰ ਹੀ ਦਿਤੀ ਹੈ। ਉਨ੍ਹਾਂ ਦੀਆਂ ਰਚਨਾਵਾਂ ਵਿਚ ਸ਼ਰਧਾ ਭਰਪੂਰ ਪ੍ਰਗਟਾ ਕਈ ਥਾਵਾਂ ਤੇ ਮਿਲਦਾ ਹੈ। ਗੁਰੂ ਸਾਹਿਬਾਨਾਂ ਅਤੇ ਸਿੱਖ ਧਰਮ ਨਾਲ ਸੰਬੰਧਿਤ ਵਿਅਕਤੀਆਂ ਨਾਲ ਉਹ ਸਤਿਕਾਰਮਈ ਵਿਸ਼ੇਸ਼ਣਾ ਦੀ ਭਰਪੂਰ ਵਰਤੋਂ ਕਰਦੇ ਹਨ। ਇਨ੍ਹਾਂ ਸ਼ਬਦਾਂ ਤੋਂ ਉਨ੍ਹਾਂ ਦੀ ਸ਼ਰਧਾ ਅਤੇ ਗੌਰਵ ਦਾ ਪ੍ਰਭਾਵ ਜਰੂਰ ਪਤਾ ਲਗਦਾ ਹੈ। ਉਹ ਥਾਂ-ਥਾਂ 'ਤੇ ਗੁਰਬਾਣੀ ਅਤੇ ਇਸ ਸੰਬੰਧੀ ਸਾਹਿਤ ਅਤੇ ਇਤਿਹਾਸ ਰਾਹੀਂ ਆਪਣੇ ਵਿਚਾਰਾਂ ਦੀ ਪੁਸ਼ਟੀ ਕਰਦੇ ਹਨ। ਉਨ੍ਹਾਂ ਦਾ ਮਨੋਰਥ ਸੀ ਕਿ ਗੁਰਬਾਣੀ ਦੀ ਕੀਮਤ ਤੋਂ ਲੋਕਾਂ ਨੂੰ ਜਾਣੂੰ ਕਰਵਾਉਣ ਅਤੇ ਮਨੁੱਖੀ ਜੀਵਨ ਵਿਚ ਇਸਦਾ ਮਹੱਤਵ ਦਰਸਾ ਕਿ ਲੋਕਾਂ ਨੂੰ ਇਸ ਵੱਲ ਪ੍ਰੇਰਿਆ ਜਾਵੇ। ਇਸ ਕਰਕੇ ਉਨ੍ਹਾਂ ਗੁਰਬਾਣੀ ਵਿਚੋਂ ਬਹੁਤੀਆਂ ਮਿਸਾਲਾਂ ਦੇਣ ਦਾ ਯਤਨ ਕੀਤਾ ਹੈ। ਡਾ. ਕਿਰਪਾਲ ਸਿੰਘ ਕਸੇਲ ਡਾ. ਜੱਗੀ ਦੀ ਰਚਨਾ ਅਤੇ ਸ਼ੈਲੀ ਬਾਰੇ ਕਹਿੰਦੇ ਹਨ ਕਿ 'ਰਤਨ ਸਿੰਘ ਜੱਗੀ ਜਿਨ੍ਹਾਂ ਦਸਮ ਗ੍ਰੰਥ, ਗੁਰੂ ਨਾਨਕ ਬਾਣੀ, ਭਾਈ ਗੁਰਦਾਸ ਦੀ ਰਚਨਾ ਬਾਰੇ ਵਰਨਣਯੋਗ ਤੇ ਮਹੱਤਵਪੂਰਣ ਕੰਮ ਕੀਤਾ ਹੈ। ਜਿਨ੍ਹਾਂ ਵਿਚ ਉਸਦੀ ਸੁਹਿਰਦ ਲਗਨ ਤੇ ਡੂੰਘਾ ਪ੍ਰੀਸ਼ਰਮ ਥਾਂ ਪਰ ਥਾਂ ਝਲਕਦਾ ਦਿਖਾਈ ਦਿੰਦਾ ਹੈ। ਉਸਦੀ ਸ਼ੈਲੀ ਵਿਚ ਤਤਸਮ ਸ਼ਬਦਾਵਲੀ ਦੀ ਚੋਖੀ ਭਰਮਾਰ ਹੁੰਦੀ ਹੈ। ਪਰ ਉਸਦੇ ਸਿੱਟੇ ਪ੍ਰਮਾਣੀਕ ਖੋਜ ਉਤੇ ਆਧਾਰਿਤ ਹੁੰਦੇ ਹਨ। ਉਸਦੀਆਂ ਪ੍ਰਮੁੱਖ ਰਚਨਾਵਾਂ ਗੁਰਮਤਿ ਸਾਹਿਤ ਦੇ ਭਿੰਨ-ਭਿੰਨ ਪੱਖਾਂ ਉਤੇ ਪ੍ਰਕਾਸ਼ ਪਾਉਂਦੀਆਂ ਹਨ। ਇਹਨਾਂ ਵਿਚ ਉਹ ਸੁਯੋਗ ਸੰਪਾਦਕ ਤੇ ਪਾਠਾਤਮਕ ਆਲੋਚਨਾ ਪਧਤੀ ਵਿਚ ਪਰਬੀਨ ਲੇਖਕ ਸਿੱਧ ਹੁੰਦਾ ਹੈ।'

ਆਧੁਨਿਕ ਗੁਰਮਤਿ ਸਾਹਿਤ ਵਿਚ ਡਾ. ਜੱਗੀ ਦਾ ਸਥਾਨ ਬਹੁਤ ਸਤਿਕਾਰਯੋਗ ਹੈ।

ਉਨ੍ਹਾਂ ਦੀ ਸਮੁੱਚੀ ਰਚਨਾਵਲੀ ਦਾ ਮੁਲੰਕਨ ਕਰਦਿਆਂ ਇਹ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਦਾ ਕੇਵਲ ਕੋਸ਼ਕਾਰੀ ਵਿਚ ਹੀ ਨਹੀਂ ਬਲਕਿ ਟੀਕਾਕਾਰੀ, ਜੀਵਨੀ-ਸਾਹਿਤ, ਅਨੁਵਾਦ ਅਤੇ ਸੰਪਾਦਨਾ ਦੇ ਖੇਤਰ ਵਿਚ ਵੀ ਉਨ੍ਹਾਂ ਦਾ ਮਹੱਤਵਪੂਰਣ ਸਥਾਨ ਹੈ। ਉਨ੍ਹਾਂ ਕੇਵਲ ਆਪ ਹੀ ਇਸ ਮਹਾਨ ਸਾਹਿਤ ਵਿਚ ਯੋਗਦਾਨ ਹੀ ਨਹੀਂ ਪਾਇਆ ਸਗੋਂ ਹੋਰ ਕਈ ਸਮਕਾਲੀ ਸਾਹਿਤਕਾਰਾਂ ਨੂੰ ਪ੍ਰੇਰਨਾ ਦੇ ਕੇ ਸਾਹਿਤ ਰਚਣ ਲਈ ਉਤਸ਼ਾਹ ਦਿੱਤਾ ਹੈ। ਉਨ੍ਹਾਂ ਨੂੰ ਸਾਹਿਤਕਾਰਾਂ ਦਾ ਸਾਹਿਤਕਾਰ ਕਹਿਣਾ ਬਿਲਕੁਲ ਜਾਇਜ਼ ਹੈ। ਵਰਤਮਾਨ ਸਮੇਂ ਦੇ ਪੰਜਾਬੀ ਸਾਹਿਤ ਵਿਚ ਵੀ ਉਨ੍ਹਾਂ ਦਾ ਸਥਾਨ ਉਤਮ ਹੈ, ਮਾਤ-ਭਾਸ਼ਾ ਪੰਜਾਬੀ ਦੇ ਅਕਾਸ਼ ਵਿਚ ਵਰਨਣਯੋਗ ਸਥਾਨ ਪ੍ਰਾਪਤ ਕਰ ਚੁੱਕੇ ਹਨ। ਕਿਸੇ ਵੀ ਸਾਹਿਤਕਾਰ ਦੇ ਯੋਗਦਾਨ ਦਾ ਮੁਲਾਂਕਣ ਕਰਦਿਆਂ ਕੇਵਲ ਇਹੀ ਦੇਖਣਾ ਜਾਇਜ਼ ਨਹੀਂ ਹੁੰਦਾ ਕਿ ਉਸ ਨੇ ਕੀ ਕੁਝ ਨਹੀਂ ਕੀਤਾ ਸਗੋਂ ਇਹ ਪਰਖਣਾ ਜ਼ਰੂਰੀ ਹੁੰਦਾ ਹੈ ਕਿ ਉਸਨੇ ਕੀ ਕੁਝ ਕੀਤਾ ਹੈ। ਸਮੁੱਚੇ ਗੁਰਮਤਿ ਅਤੇ ਪੰਜਾਬੀ ਸਾਹਿਤ ਵਿਚ ਆਧੁਨਿਕ ਰੂਪ ਵਿਚ ਵਿਸ਼ੇਸ਼ ਦੇਣ ਹੈ। ਇਸ ਤਰ੍ਹਾਂ ਦਾ ਬਹੁ-ਪੱਖੀ ਸਾਹਿਤਕਾਰ ਕਦੇ-ਕਦੇ ਜਨਮ ਲੈਂਦਾ ਹੈ। ਉਨ੍ਹਾਂ ਦਾ ਸਮੁੱਚਾ ਖੋਜ-ਕਾਰਜ ਸੰਸਥਾਮਈ ਨਾ ਹੁੰਦਾ ਹੋਇਆ ਨਿਰਪੇਖ ਖੋਜ ਦਾ ਪ੍ਰਤਿਫਲ ਹੈ। ਉਨ੍ਹਾਂ ਦੀ ਖੋਜ ਦਾ ਧੁਰਾ ਮੂਲ ਹੱਥ-ਲਿਖਤਾਂ ਦੇ ਖਰੜਿਆਂ, ਪਾਠ-ਪੁਸਤਕਾਂ, ਖੋਜ ਅਤੇ ਆਲੋਚਾਨਤਮਕ ਰਚਨਾਵਾਂ ਨੂੰ ਦ੍ਰਿਸ਼ਟਮਾਨ ਕਰਦੀ ਹੈ। ਰਚਨਾਵਾਂ ਰਚਦਿਆਂ ਉਨ੍ਹਾਂ ਦੀ ਚੇਤਨਤਾ ਅੰਦਰ ਮੱਧਕਾਲੀ ਵਾਰਤਕ ਨੂੰ ਵਿਗਿਆਨਕ ਲੀਹਾਂ ਤੇ ਲਿਆਉਣਾ ਸੀ। ਉਨ੍ਹਾਂ ਨੇ ਜਿਥੇ ਮੱਧਕਾਲੀ ਵਾਰਤਕ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਨੂੰ ਪੇਸ਼ ਕੀਤਾ ਹੈ, ਉਥੇ ਉਨ੍ਹਾਂ ਨੇ ਇਨ੍ਹਾਂ ਰਚਨਾਵਾਂ ਦੇ ਮੂਲ-ਪਾਠ ਦੀ ਰਚਨਾ-ਦ੍ਰਿਸ਼ਟੀ ਨੂੰ ਪਾਠ-

ਵਿਧੀ ਦੇ ਨਿਯਮਾਂ ਅਨੁਸਾਰ ਬਹੁਤ ਹੀ ਤੀਬਰਤਾ ਤੇ ਵਿਵੇਕਮਈ ਦ੍ਰਿਸ਼ਟੀ ਨਾਲ ਪਰਖਿਆ ਹੈ। ਡਾ. ਜੱਗੀ ਦੀਆਂ ਲਿਖਤਾਂ ਵਿਚੋਂ ਉਪਰੋਕਤ ਉਦਾਹਰਣਾਂ ਭਲੀ-ਭਾਂਤ ਸਾਬਤ ਕਰਦੀਆਂ ਹਨ ਕਿ ਉਹ ਗੁਰਮਤਿ ਦੇ ਪ੍ਰਬੁੱਧ ਵਿਆਖਿਆਕਾਰ ਹਨ। ਦਰਸ਼ਨ ਨਾਲ ਸੰਬੰਧਿਤ ਲਿਖਤਾਂ ਆਮ ਕਰਕੇ ਨੀਰਸ ਅਤੇ ਅਕਾਊ ਹੁੰਦੀਆਂ ਹਨ ਪਰ ਉਨ੍ਹਾਂ ਦੀ ਵਿਸ਼ੇਸ਼ਤਾ ਹੈ ਕਿ ਉਹ ਬਿਆਨ ਦੇ ਅੰਦਾਜ਼ ਨੂੰ ਰਸਦਾਇਕ ਬਣਾ ਦਿੰਦੇ ਹਨ। ਡਾ. ਜੱਗੀ ਦਾ ਸਮੁੱਚਾ ਸਾਹਿਤ ਪੜ੍ਹ ਕੇ ਇਹ ਆਖਿਆ ਜਾ ਸਕਦਾ ਹੈ ਕਿ ਉਨ੍ਹਾਂ ਨੇ ਗੁਰਮਤਿ ਦੀ ਵਿਆਖਿਆ ਕਰਨ ਲਈ ਸਾਧਨਾ ਕੀਤੀ ਹੈ। ਉਨ੍ਹਾਂ ਦੁਆਰਾ ਸਿਰਜੀਆਂ ਰਚਨਾਵਾਂ ਦਾ ਅਜੋਕੇ ਗੁਰਮਤਿ ਸਾਹਿਤ ਵਿਚ ਮਹੱਤਵਪੂਰਨ ਸਥਾਨ ਹੈ। ਡਾ. ਜੱਗੀ ਦੀਆਂ ਰਚਨਵਾਂ ਵਿਚੋਂ ਇਹ ਗੱਲ ਵੀ ਜ਼ਾਹਰ ਹੁੰਦੀ ਹੈ ਕਿ ਉਨ੍ਹਾਂ ਨੇ ਰੂੜ੍ਹ ਨਿਯਮਾਂ ਵਾਲੀ ਸੰਕਲਪੀ ਸ਼ਬਦਾਵਲੀ ਨੂੰ ਮਹੱਤਤਾ ਨਹੀਂ ਦਿੱਤੀ ਸਗੋਂ ਇਸ ਸੰਕਲਪਮਈ ਸ਼ਬਦਾਵਲੀ ਦੀਆਂ ਦਾਰਸ਼ਨਿਕ ਰਮਜ਼ਾਂ ਨੂੰ ਨਿਜ-ਭਾਸ਼ਾ ਅਨੁਸਾਰ ਪੇਸ਼ ਕੀਤਾ ਹੈ। ਡਾ. ਜੱਗੀ ਨੇ ਮੱਧਕਾਲ ਵਾਰਤਕ ਰਚਨਾਵਾਂ ਦਾ ਅਧਿਐਨ ਗੁਰਮਤਿ ਵਿਚਾਰਧਾਰਾ ਦੇ ਸਮਾਨਾਂਤਰ ਭਾਵੇਂ ਲਘੂ ਰੂਪ ਵਿਚ ਕੀਤਾ ਹੈ ਪਰ ਇਸ ਅਧਿਐਨ ਤੋਂ ਉਨ੍ਹਾਂ ਦੇ ਸਿੱਖ ਧਰਮ ਅਤੇ ਸੱਭਿਆਚਾਰ ਨਾਲ ਜੁੜੀ ਹੋਈ ਭਾਵਨਾ ਦਾ ਪਤਾ ਲੱਗਦਾ ਹੈ। ਡਾ. ਜੱਗੀ ਦਾ ਖੋਜ ਕਾਰਜ ਨਿਰੰਤਰ ਸਾਧਨਾ, ਨਿਰਪੱਖਤਾ, ਉਦਾਰਤਾ ਅਤੇ ਨਿਰਵਿਵਾਦਤਾ ਆਦਿ ਨਾਲ ਜੁੜਿਆ ਹੋਇਆ ਹੈ।ਉਨ੍ਹਾਂ ਦੀ ਖੋਜ ਦ੍ਰਿਸ਼ਟੀ ਬਹੁਤ ਹੀ ਸੂਖਮ ਅਤੇ ਗਹਿਰ ਗੰਭੀਰ ਹੋ ਕੇ ਰਚਨਾਵਾਂ ਦੇ ਨਵੇਂ ਅਤੇ ਬੌਧਿਕ ਅਰਥਾਂ ਨੂੰ ਪੇਸ਼ ਕਰਦੀ ਹੈ। ਉਨ੍ਹਾਂ ਦੀ ਸਮੁੱਚੀ ਸਾਹਿਤ ਰਚਨਾ ਨੂੰ ਵਿਗਿਆਨਕ ਖੋਜ-ਵਿਧੀ ਕਿਹਾ ਜਾ ਸਕਦਾ ਹੈ। ਉਨ੍ਹਾਂ ਦੀਆਂ ਰਚਨਾਵਾਂ ਵਿਚੋਂ ਇਹ ਗੱਲ ਪ੍ਰਤੱਖ ਹੋ ਜਾਂਦੀ ਹੈ ਕਿ ਉਹ ਖੋਜੀ

ਬਿਰਤੀ ਵਾਲੇ ਵਿਦਵਾਨ ਹਨ। ਜਿਨ੍ਹਾਂ ਨੇ ਵਿਗਿਆਨਕ ਦ੍ਰਿਸ਼ਟੀਕੋਣ ਅਨੁਸਾਰ ਧਰਮ ਨੂੰ ਸਮਝਿਆ ਹੈ। ਉਨ੍ਹਾਂ ਦਾ ਇਹੀ ਯਤਨ ਰਿਹਾ ਹੈ ਕਿ ਧਰਮ ਅਤੇ ਵਿਗਿਆਨ ਦੇ ਸੁਮੇਲ ਨਾਲ ਹੀ ਗੁਰਮਤਿ ਦੀ ਗੱਲ ਸਮਝਾਈ ਜਾਵੇ।

ਡਾ. ਜੱਗੀ ਗੁਰਮਤਿ ਦੇ ਵਿਆਖਿਆਕਾਰ ਹਨ, ਉਹ ਕੋਈ ਨਵੇਂ ਮੱਤ ਦੇ ਸੰਸਥਾਪਕ ਨਹੀਂ। ਉਨ੍ਹਾਂ ਇਹ ਵੀ ਦੱਸਿਆ ਕਿ ਗੁਰਮਤਿ ਕੋਈ ਨਿਰੀ-ਪੁਰੀ ਅਧਿਆਤਮ ਫਿਲਾਸਫ਼ੀ ਹੀ ਨਹੀਂ ਸਗੋਂ ਗੁਰਮਤਿ ਨੇ ਮਨੁੱਖ ਨੂੰ ਉਸਦੇ ਸਮਾਜਿਕ, ਰਾਜਨੀਤਕ ਧਰਾਂਤਲਾਂ ਨਾਲ ਜੂਝਣ ਦੀ ਕਲਾ ਸਿਖਾਈ ਹੈ। ਗੁਰਮਤਿ ਵਿਚਲੀ ਸਿਧਾਂਤਕ ਸੰਕਲਪਾਤਮਕ ਸ਼ਬਦਾਵਲੀ ਦਾ ਅਧਿਐਨ ਪੇਸ਼ ਕਰਦਿਆਂ ਉਨ੍ਹਾਂ ਨੇ ਗੁਰਬਾਣੀ ਦੇ ਤੱਤ ਗਿਆਨ ਨੂੰ ਸਮਝਣ ਦਾ ਯਤਨ ਕੀਤਾ ਹੈ। ਗੁਰਬਾਣੀ ਵਿਚ ਆਏ ਸੰਕਲਪਾਂ ਦੀ ਵਿਆਖਿਆ ਕਰਦੇ ਹੋਏ ਉਹ ਗੁਰਬਾਣੀ ਦੇ ਸੰਕੇਤਕ ਅਰਥਾਂ ਨੂੰ ਖੋਲ੍ਹਦੇ ਹਨ। ਇਸ ਸਮੁੱਚੇ ਕਾਰਜ ਵਿਚ ਉਹ ਹੋਰ ਧਰਮਾਂ ਦੀ ਵਿਚਾਰਧਾਰਾ ਨਾਲ ਤੁਲਨਾਤਮਕ ਰੂਪ ਵਿਚ ਗੁਰਮਤਿ ਵਿਚਾਰਧਾਰਾ ਦਾ ਅਧਿਐਨ ਕਰਦੇ ਹਨ। ਇਹ ਵੀ ਉਨ੍ਹਾਂ ਦੇ ਗੁਰਮਤਿ ਦੇ ਅਧਿਐਨ ਦੀ ਇਕ ਵੱਡੀ ਵਿਸ਼ੇਸ਼ਤਾ ਹੈ। ਆਧੁਨਿਕ ਦੌਰ ਵਿਚ ਗੁਰਮਤਿ ਫਿਲਾਸਫ਼ੀ ਨੂੰ ਆਧੁਨਿਕ ਵਿਅਕਤੀ ਦੇ ਜੀਵਨ ਦਾ ਮੂਲ ਆਧਾਰ ਬਣਾਉਣ ਦੀ ਜੋ ਚੇਸ਼ਟਾ ਡਾ. ਜੱਗੀ ਨੇ ਕੀਤੀ ਉਹ ਪ੍ਰਸ਼ੰਸਨੀਯ ਹੈ।

ਡਾ. ਜੱਗੀ ਦੀ ਸਖਸ਼ੀਅਤ ਬਾਰੇ ਪ੍ਰੋ. ਸਤਿੰਦਰ ਸਿੰਘ ਲਿਖਦੇ ਹਨ ‘ਕਿਸੇ ਤਪੋਬਨ ਦਾ ਰਿਸ਼ੀ-ਮੁਨੀ, ਕਿਸੇ ਵਿਦਿਆਪੀਠ ਦਾ ਕੋਈ ਪ੍ਰਕਾਂਡ ਗੁਰੂ, ਕਿਸੇ ਗੁਰੂ ਕੁਲ ਦਾ ਕੋਈ ਆਚਾਰਯ, ਕਿਸੇ ਮੱਠ ਦਾ ਕੋਈ ਮਠਾਧੀਸ਼, ਕਿਸੇ ਆਸ਼ਰਮ ਦਾ ਕੋਈ ਤਪੱਸਵੀ, ਕਿਸੇ

ਅਮਰਾਵਤੀ ਦਾ ਕੋਈ ਸੁਆਮੀ, ਕਿਸੇ ਇੰਦਰਪ੍ਰਸਥ ਦਾ ਕੋਈ ਕਰਮਯੋਗੀ,ਕਿਸੇ ਇੰਦਰਲੋਕ ਦਾ ਕੋਈ ਸਿੱਧ ਪੁਰਸ਼, ਅਜਿਹਾ ਹੀ ਹੈ ਡਾ. ਰਤਨ ਸਿੰਘ ਜੋ ਪੰਜਾਬੀ ਅਤੇ ਗੁਰਮਤਿ ਸਾਹਿਤ ਵਿਚ ਅੱਧੀ ਸਦੀ ਤੋਂ ਜਿਆਦਾ ਸਮੇਂ ਤੋਂ ਫੈਲਿਆ ਹੋਇਆ ਨਾਮ ਹੈ।ਉਨ੍ਹਾਂ ਦਾ ਜੀਵਨ ਨਿਰੰਤਰ ਸਾਧਨਾ ਦੀ ਵਿਥਿਆ ਹੈ, ਜੋ ਕਦੇ ਨਹੀਂ ਰੁਕੇਗੀ, ਕਿਉਂਕਿ ਉਨ੍ਹਾਂ ਅਨੇਕਾਂ ਵਿਦਵਾਨ, ਲੇਖਕ ਤੇ ਆਲੋਚਕ ਪੈਦਾ ਕੀਤੇ ਹਨ।'[109]

[109] *ਆਲੋਚਨਾ: ਸਨਮਾਨ ਅੰਕ,* ਪੰ. 26.

## ਸਾਰ ਅਤੇ ਸਥਾਪਨਾਵਾਂ

ਡਾ.ਰਤਨ ਸਿੰਘ ਜੱਗੀ ਨਾਲ ਸੰਬੰਧਿਤ ਇਸ ਖੋਜ ਪ੍ਰਬੰਧ ਦੇ ਆਧਾਰ 'ਤੇ ਨਿਮਨਲਿਖਤ ਸਾਰ ਸਾਹਮਣੇ ਆਉਂਦਾ ਹੈ।ਇਸ ਦੇ ਨਾਲ ਕੁਝ ਸਥਾਪਨਾਵਾਂ ਵੀ ਹੋ ਜਾਂਦੀਆਂ ਹਨ:

1. ਡਾ.ਰਤਨ ਸਿੰਘ ਜੱਗੀ ਉਸ ਪੀੜ੍ਹੀ ਦੇ ਲੇਖਕਾਂ ਵਿਚੋਂ ਹਨ, ਜਿਨ੍ਹਾਂ ਉਪਰ 19ਵੀਂ ਸਦੀ ਦੀ ਸਿੱਖ ਪੁਨਰ ਜਾਗਰਤੀ ਦਾ ਪ੍ਰਭਾਵ ਪਿਆ। ਜਿਸ ਲਹਿਰ ਨੇ ਬੁਧੀਜੀਵੀ ਵਰਗ ਨੂੰ ਸਭ ਤੋਂ ਪ੍ਰਭਾਵਿਤ ਕੀਤਾ, ਉਹ ਸਿੰਘ ਸਭਾ ਲਹਿਰ ਸੀ। ਇਹ ਲਹਿਰ 1873 ਈ. ਵਿਚ ਜਥੇਬੰਦ ਹੋ ਕੇ ਕਾਰਜਸ਼ੀਲ ਹੋਈ। ਇਸ ਨੇ ਬਹੁਤ ਚੰਗੇ ਵਿਦਵਾਨ ਸਿੱਖ ਜਗਤ ਨੂੰ ਦਿਤੇ। ਇਨ੍ਹਾਂ ਵਿਚ ਪ੍ਰੋ. ਗੁਰਮੁਖ ਸਿੰਘ, ਗਿ. ਦਿੱਤ ਸਿੰਘ, ਡਾ. ਚਰਨ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਭਾਈ ਵੀਰ ਸਿੰਘ ਆਦਿ ਪ੍ਰਮੁੱਖ ਹਨ। ਇਨ੍ਹਾਂ ਨਾਲ ਹੀ ਸਿੱਖ ਵਿਦਵਾਨਾਂ ਦੀ ਦੂਜੀ ਪੀੜ੍ਹੀ ਜਿਸ ਵਿਚ ਡਾ. ਗੰਡਾ ਸਿੰਘ, ਪ੍ਰਿੰ. ਤੇਜਾ ਸਿੰਘ, ਭਾਈ ਜੋਧ ਸਿੰਘ, ਕਰਮ ਸਿੰਘ ਹਿਸਟੋਰੀਅਨ, ਪ੍ਰੋ. ਸਾਹਿਬ ਸਿੰਘ ਆਦਿ ਆਉਂਦੇ ਹਨ। ਸਿੰਘ ਸਭਾ ਲਹਿਰ ਦਾ ਮੁੱਖ ਮੰਤਵ ਪੰਜਾਬੀ ਬੋਲੀ ਦਾ ਪ੍ਰਚਾਰ, ਪ੍ਰਸਾਰ ਕਰਨਾ ਅਤੇ ਸਿੱਖ ਇਤਿਹਾਸਿਕ ਗ੍ਰੰਥਾਂ ਦੀ ਖੋਜ ਅਤੇ ਸੰਪਾਦਨ ਕਰਨਾ ਸੀ। ਇਸੇ ਲਹਿਰ ਤੋਂ ਸਿੱਖਾਂ ਵਿਚ ਗੁਰਬਾਣੀ ਦੀ ਵਿਆਖਿਆਕਾਰੀ ਦੀ ਨਵੀਂ ਪ੍ਰਣਾਲੀ ਜਿਸ ਨੂੰ ਡਾ. ਤਾਰਨ ਸਿੰਘ ਨੇ 'ਸਿੰਘ ਸਭਾਈ ਪ੍ਰਣਾਲੀ' (ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ) ਕਿਹਾ ਹੈ, ਹੋਂਦ ਵਿਚ ਆਈ। ਡਾ. ਜੱਗੀ ਨੇ ਇਨ੍ਹਾਂ ਸਭ ਦਾ ਪ੍ਰਭਾਵ ਕਬੂਲਿਆ।

2. ਡਾ. ਰਤਨ ਸਿੰਘ ਜੱਗੀ ਦੇ ਜੀਵਨ ਦੀ ਉਸਾਰੀ ਵਿਚ ਉਨ੍ਹਾਂ ਦੇ ਪਰਿਵਾਰ, ਪਿਤਾ ਜੀ

ਲੋੜੀਂਦਾ ਮੱਲ ਅਤੇ ਨਿਰਮਲੇ ਸੰਤ ਬਾਬਾ ਸੁੱਚਾ ਸਿੰਘ ਤੋਂ ਇਲਾਵਾ ਅਖੰਡ ਕੀਰਤਨੀਏ ਭਾਈ ਰਣਧੀਰ ਸਿੰਘ ਦਾ ਯੋਗਦਾਨ ਰਿਹਾ ਹੈ। ਇਨ੍ਹਾਂ ਨੇ ਪੰਜਾਬ ਦੀ ਵੰਡ ਦਾ ਸੰਤਾਪ ਭੋਗਿਆ। ਛੋਟੀਆਂ-ਵੱਡੀਆਂ ਨੌਕਰੀਆਂ ਕੀਤੀਆਂ ਪ੍ਰੰਤੂ ਪੜ੍ਹਨ ਦੀ ਚੇਟਕ ਨਾਲ ਹਮੇਸ਼ਾਂ ਅਗੇ ਵਧਦੇ ਗਏ। ਪੜ੍ਹਾਈ ਵਿਚ ਇਹ ਬਹੁਤ ਹੁਸ਼ਿਆਰ ਨਹੀਂ ਸਨ ਪਰ ਸਮੇਂ-ਸਮੇਂ ਮਿਲਦੀ ਅਧਿਆਪਕਾਂ ਦੀ ਝਿੜਕ ਅਤੇ ਹੱਲਾਸ਼ੇਰੀ ਨੂੰ ਇਹ ਚੁਣੌਤੀ ਵਜੋਂ ਅਪਣਾਉਂਦੇ ਰਹੇ। ਜਿਸ ਨਾਲ ਇਨ੍ਹਾਂ ਨੇ ਜੀਵਨ ਦੀਆਂ ਡੂੰਘੀਆਂ ਘਾਟੀਆਂ ਨੂੰ ਪਾਰ ਕੀਤਾ। ਜੀਵਨ ਵਿਚ ਖਾਧੀਆਂ ਸੱਟਾਂ ਨਾਲ ਇਹ ਕਮਜ਼ੋਰ ਨਹੀਂ ਪਏ ਬਲਕਿ ਸਿਰੜ ਅਤੇ ਮਿਹਨਤ ਦਾ ਪੱਲਾ ਹੋਰ ਘੁੱਟ ਕੇ ਫੜ ਲਿਆ।

3. ਇਨ੍ਹਾਂ ਨੇ ਆਪਣੀ ਖੋਜ ਦਾ ਵਿਸ਼ਾ ਗੁਰੂ ਨਾਨਕ ਅਤੇ ਉਨ੍ਹਾਂ ਦੀ ਬਾਣੀ ਨੂੰ ਬਣਾਇਆ। ਇਸ ਲਈ ਇਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਵੱਖ-ਵੱਖ ਥਾਵਾਂ ਦੀ ਯਾਤਰਾ ਕੀਤੀ ਅਤੇ ਬਹੁਤ ਕੁਝ ਖੋਜਿਆ। ਜਿਸ ਨੂੰ ਇਨ੍ਹਾਂ ਨੇ ਆਪਣੀਆਂ ਲਿਖਤਾਂ ਵਿਚ ਪ੍ਰਗਟ ਕੀਤਾ। *ਗੁਰੂ ਨਾਨਕ ਵਿਚਾਰਧਾਰਾ* ਅਤੇ *ਗੁਰੂ ਨਾਨਕ ਬਾਣੀ* ਵਿਚ ਇਨ੍ਹਾਂ ਦੁਆਰਾ ਖੋਜੇ ਤੱਥ ਵਿਸ਼ੇਸ਼ ਥਾਂ ਰੱਖਦੇ ਹਨ।

4. ਇਨ੍ਹਾਂ ਨੇ ਆਪਣੇ ਜੀਵਨ ਦਾ ਵਿਸ਼ੇਸ਼ ਹਿੱਸਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸੇਵਾ ਵਿਚ ਲਾਇਆ। ਇਥੇ ਇਹ ਵੱਖ-ਵੱਖ ਅਹੁਦਿਆਂ ’ਤੇ ਸੇਵਾ ਕਰਦੇ ਰਹੇ। ਮੁੱਖ ਰੂਪ ਵਿਚ ਅਧਿਐਨ ਅਤੇ ਅਧਿਆਪਨ ਨਾਲ ਜੁੜ ਕੇ ਕਈ ਪ੍ਰਾਜੈਕਟਾਂ ਉਪਰ ਇਨ੍ਹਾਂ ਨੇ ਕਾਰਜ ਕੀਤਾ। ਇਥੇ ਸਭ ਤੋਂ ਵੱਡਾ ਜਾਂ ਲੰਮਾ ਕੰਮ ਯੂਨੀਵਰਸਿਟੀ ਦੇ ਖੋਜ ਮੈਗਜ਼ੀਨ *ਖੋਜ ਪਤ੍ਰਿਕਾ* ਦੀ ਸੰਪਾਦਨਾ ਕਰਨਾ ਰਿਹਾ। ਇਨ੍ਹਾਂ ਨੇ ਵੀਹ ਅੰਕਾਂ ਦੀ ਸੰਪਾਦਨਾ ਕੀਤੀ।

5. ਇਨ੍ਹਾਂ ਦਾ ਵੱਡਾ ਕਾਰਜ ਸਾਡੇ ਸਾਹਮਣੇ *ਦਸਮ ਗ੍ਰੰਥ* ਸੰਬੰਧੀ ਕੀਤੀ ਖੋਜ ਹੈ। ਜਿਸ ਵਿਚ ਇਸ ਗ੍ਰੰਥ ਵਿਚਲੇ ਪੌਰਾਣਿਕ ਤੱਥਾਂ ਉਪਰ ਇਨ੍ਹਾਂ ਨੇ ਵਿਦਵਾਨਾਂ ਅਤੇ ਸਿੱਖ ਜਗਤ ਦਾ ਧਿਆਨ ਦਿਵਾਇਆ। ਇਸ ਖੋਜ ਦੀ ਆਲੋਚਨਾ ਵੀ ਭਰਪੂਰ ਹੋਈ ਪ੍ਰੰਤੂ ਇਹ ਆਪਣੇ ਨਿਰਣਿਆਂ ’ਤੇ ਟਿਕੇ ਰਹੇ। ਇਸ ਤੋਂ ਇਲਾਵਾ ਸਿੱਖ ਜਗਤ ਦੇ ਅਧਿਐਨ ਖੇਤਰ ਲਈ ਮੀਲ ਪੱਥਰ ਦਾ ਕਾਰਜ ਸਿੱਧ ਹੋਏ ਦੋ ਵਿਸ਼ਵਕੋਸ਼ ਦਿਤੇ, ਜਿਨ੍ਹਾਂ ਦੇ ਨਾਮ ਕ੍ਰਮਵਾਰ *ਗੁਰੂ ਗ੍ਰੰਥ ਵਿਸ਼ਵਕੋਸ਼ (ਦੋ ਭਾਗ), ਸਿੱਖ ਪੰਥ ਵਿਸ਼ਵਕੋਸ਼* (ਪਹਿਲਾਂ ਦੋ ਭਾਗ, ਫਿਰ ਵਾਧੇ ਕਰਕੇ ਚਾਰ ਭਾਗ) ਹਨ। ਇਨ੍ਹਾਂ ਵਿਚ ਗੁਰੂ ਗ੍ਰੰਥ ਸਾਹਿਬ, ਸਿੱਖ ਇਤਿਹਾਸ, ਸਿੱਖ ਸੱਭਿਆਚਾਰ ਆਦਿ ਨਾਲ ਸੰਬੰਧਿਤ ਬਹੁਤ ਸਾਰੀ ਸਾਮੱਗ੍ਰੀ ਗੁਰਮੁਖੀ ਅੱਖਰ ਕ੍ਰਮ ਅਨੁਸਾਰ ਦਿੱਤੀ ਹੈ।ਭਾਈ ਕਾਨ੍ਹ ਸਿੰਘ ਨਾਭਾ ਦੇ *ਗੁਰਸ਼ਬਦ ਰਤਨਾਕਰ ਮਹਾਨ ਕੋਸ਼* ਤੋਂ ਬਾਅਦ ਕੋਈ ਵੱਡੀ ਰਚਨਾ ਹੈ।ਇਸ ਤੋਂ ਇਲਾਵਾ ਅੰਗਰੇਜ਼ੀ ਵਿਚ ਡਾ. ਹਰਬੰਸ ਸਿੰਘ ਦੇ *ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ* ਨਾਲੋਂ ਵੀ ਇਹ ਵਿਸ਼ੇਸ਼ ਥਾਂ ਰੱਖਦਾ ਹੈ।ਇਸ ਵਿਚ ਇਨ੍ਹਾਂ ਦੋਹਾਂ ਕੋਸ਼ਾਂ ਵਿਚਲੀ ਸਾਮਗ੍ਰੀ ਦਾ ਸਮੇਂ ਅਨੁਸਾਰ ਸੁਧਾਰ ਕਰਕੇ ਨਵੇਂ ਵਾਧੇ ਕੀਤੇ ਗਏ ਹਨ।ਇਸ ਦੇ ਨਾਲ ਨਵੇਂ ਇੰਦਰਾਜ ਸ਼ਾਮਿਲ ਕੀਤੇ ਗਏ ਹਨ।

6. ਗੁਰਬਾਣੀ ਟੀਕਾਕਾਰੀ ਵਿਚ ਇੰਨ੍ਹਾਂ ਨੇ ਤਿੰਨ ਟੀਕੇ ਸਿੱਖ ਜਗਤ ਦੀ ਝੋਲੀ ਪਾਏ ਹਨ।ਇੰਨ੍ਹਾਂ ਵਿਚ ਇਕ ਟੀਕਾ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਹੈ ਅਤੇ ਦੂਜੇ ਦੋ ਟੀਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਨ।ਇੰਨ੍ਹਾਂ ਦੀ ਭਾਸ਼ਾ ਸਰਲ ਅਤੇ ਸਟੀਕ ਹੈ।ਇਕ ਸ਼ਬਦ ਦੇ ਇਕ ਹੀ ਅਰਥ ਦੇਣ ਦੀ ਪਰਿਪਾਟੀ ਜੋ ਸਿੰਘ ਸਭਾਈ ਪ੍ਰਣਾਲੀ ਦੀ ਦੇਣ ਹੈ, ਅਪਣਾਈ ਗਈ ਹੈ। ਪ੍ਰੋ ਸਾਹਿਬ ਸਿੰਘ

ਦੁਆਰਾ 'ਰਹਾਉ' ਨੂੰ ਕੇਂਦਰ ਮੰਨ ਕਿ ਅਰਥ ਕਰਨ ਦੀ ਵਿਧੀ ਨਾਲ ਇਹ ਆਪਣੇ ਟੀਕੇ ਵਿਚ ਪੂਰਨ ਰੂਪ ਵਿਚ ਸਹਿਮਤ ਨਹੀਂ। ਗੁਰੁ ਗ੍ਰੰਥ ਸਾਹਿਬ ਦੇ ਪਹਿਲੇ ਟੀਕੇ ਜਿਸ ਦਾ ਨਾਮ *ਅਰਥ ਬੋਧ ਸ੍ਰੀ ਗੁਰੂ ਗ੍ਰੰਥ ਸਾਹਿਬ* ਹੈ, ਵਿਚ ਬਹੁਤ ਸਰਲ ਅਰਥ ਕੀਤੇ ਹਨ।ਜੋ ਜਗਿਆਸੂ ਨੂੰ ਸਹਿਜ ਤ੍ਰਿਪਤੀ ਕਰਵਾਉਂਦੇ ਹਨ। ਦੂਜਾ ਟੀਕਾ ਜਿਸਦਾ ਨਾਮ *ਭਾਵ ਪ੍ਰਬੋਧਨੀ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ* ਹੈ, ਵਿਚ ਪਹਿਲੇ ਟੀਕੇ ਦਾ ਵਿਸਥਾਰ ਕੀਤਾ ਗਿਆ ਹੈ।ਇਸ ਟੀਕੇ ਵਿਚ ਪਹਿਲਾਂ ਸ਼ਬਦ ਦੇ ਪਦ ਅਰਥ, ਅਰਥ ਅਤੇ ਭਾਵ ਅਰਥ ਦਿਤੇ ਹਨ। ਇਸ ਨਾਲ ਸ਼ਬਦ ਦੇ ਭਾਵ ਦੀ ਸਹੀ ਸਮਝ ਆ ਜਾਂਦੀ ਹੈ। ਪਹਿਲਾਂ ਹੋਏ ਟੀਕਿਆਂ ਨਾਲੋਂ ਇਸ ਟੀਕੇ ਦੀ ਵਿਲੱਖਣਤਾ ਇਹ ਕਿ ਇਸ ਟੀਕੇ ਵਿਚ, ਗੁਰਬਾਣੀ ਵਿਚ ਆਏ ਇਤਿਹਾਸਿਕ, ਮਿਥਿਹਾਸਿਕ ਅਤੇ ਨਾਮ, ਥਾਂ ਆਦਿ ਦਾ ਵੇਰਵਾ ਅੰਤਿਕਾ ਰੂਪੀ ਕੋਸ਼ ਵਜੋਂ ਦਿਤਾ ਹੈ। ਦਸਮ ਗ੍ਰੰਥ ਦੇ ਟੀਕੇ ਵਿਚ ਗੁਰੁ ਗ੍ਰੰਥ ਸਾਹਿਬ ਦੇ ਅਰਥ ਬੋਧ ਟੀਕੇ ਵਾਲੀ ਹੀ ਸ਼ੈਲੀ ਅਪਣਾਈ ਗਈ ਹੈ।

7. ਡਾ. ਜੱਗੀ ਦਾ ਸੰਪਾਦਨਾ ਦਾ ਘੇਰਾ ਬਹੁਤ ਵਿਸ਼ਾਲ ਹੈ।ਉਨ੍ਹਾਂ ਦੁਆਰਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਭਾਗ ਦਾ ਮੁਖੀ ਹੋਣ ਸਮੇਂ ਬਹੁਤ ਸਾਰੀਆਂ ਰਚਨਾਵਾਂ ਦਾ ਸੰਪਾਦਨ ਕੀਤਾ ਗਿਆ।ਇਨ੍ਹਾਂ ਰਚਨਾਵਾਂ ਵਿਚ ਮੁੱਖ ਤੌਰ 'ਤੇ ਗੁਰੁ ਨਾਨਕ ਬਾਣੀ, ਬੰਸਾਵਲੀਨਾਮਾ ਦਸਾਂ ਪਾਤਸਾਹੀਆਂ ਕਾ ਅਤੇ ਪੁਰਾਤਨ ਜਨਮਸਾਖੀ, ਟੀਕੇ: ਆਨੰਦਘਨ, ਆਸਾ ਦੀ ਵਾਰ ਦਾ ਟੀਕਾ ਆਦਿ ਸ਼ਾਮਿਲ ਹਨ। ਸੰਪਾਦਨ ਸਮੇਂ ਸੰਬੰਧਿਤ ਰਚਨਾ ਨਾਲ ਜੁੜੀ ਬਹੁ-ਪੱਖੀ ਜਾਣਕਾਰੀ ਜਿਸ ਵਿਚ ਰਚਨਾ ਦਾ ਕਰਤ੍ਰਿਤਵ, ਰਚਨਾਕਾਰ ਦਾ ਜੀਵਨ, ਰਚਨਾ ਦੀ ਭਾਸ਼ਾ, ਰਚਨਾ ਦੀ ਵਿਧਾ, ਰਚਨਾ ਵਿਚਲੇ ਸਿੱਖ ਧਰਮ ਸੰਬੰਧੀ ਆਏ ਪ੍ਰਮੁੱਖ ਸੰਕਲਪ,

ਰਚਨਾ ਦੇ ਸਰੋਤ, ਰਚਨਾ ਉਪਰ ਹੋਰ ਰਚਨਾਵਾਂ ਦਾ ਪ੍ਰਭਾਵ ਅਤੇ ਰਚਨਾ ਦੀ ਸੰਪਾਦਨ ਜੁਗਤ ਦੱਸਦੇ ਹਨ। ਇਸ ਨਾਲ ਸੰਪਾਦਨ ਤਕਨੀਕ ਨੂੰ ਵਿਗਿਆਨਕ ਬਣਾਉਣ ਦਾ ਹਰ ਸੰਭਵ ਝਲਕਾਰਾ ਇਨ੍ਹਾਂ ਦੁਆਰਾ ਕੀਤੇ ਸੰਪਾਦਨ ਕਾਰਜਾਂ ਵਿਚੋਂ ਪੈਂਦਾ ਹੈ। ਮੱਧਕਾਲੀਨ ਗ੍ਰੰਥਾਂ ਤੋਂ ਇਲਾਵਾ ਕੋਸ਼ਾਂ ਜਿਵੇਂ *ਸਾਹਿਤ ਕੋਸ਼, ਪੰਜਾਬੀ ਸਾਹਿਤ ਸੰਦਰਭ ਕੋਸ਼, ਭਾਈ ਗੁਰਦਾਸ ਦੀਆਂ ਵਾਰਾਂ ਦਾ ਅਨੁਕ੍ਰਮਣਿਕਾ ਕੋਸ਼* ਆਦਿ ਬਹੁਤ ਹੀ ਪ੍ਰੋਢ ਯਤਨ ਹਨ। ਇਨ੍ਹਾਂ ਤੋਂ ਇਲਾਵਾ ਬਹੁਤ ਸਾਰੀਆਂ ਪੁਸਤਕਾਂ ਜਿਨ੍ਹਾਂ ਵਿਚ *ਪੰਜਾਬ ਦੇ ਪ੍ਰਮੁੱਖ ਸਾਹਿਤਕਾਰ, ਮੋਇਆਂ ਦੀ ਜਾਗ, ਜੰਗਨਾਮਾ ਸਿੰਘਾਂ ਤੇ ਫਿਰੰਗੀਆਂ, ਸਾਹਿਤ ਅਧਿਐਨ ਵਿਧੀਆਂ* ਆਦਿ ਇਨ੍ਹਾਂ ਦੁਆਰਾ ਸੰਪਾਦਿਤ ਹਨ। ਸੰਪਾਦਨ ਦੇ ਖੇਤਰ ਵਿਚ ਉਨ੍ਹਾਂ ਦਾ ਲੰਮਾ ਤੇ ਵਿਸ਼ਾਲ ਤਜ਼ਰਬਾ *ਖੋਜ ਪਤ੍ਰਿਕਾ* ਦਾ ਸੰਪਾਦਨ ਹੈ।ਇਸ ਦੀ ਗਵਾਹੀ *ਖੋਜ ਪਤ੍ਰਿਕਾ* ਦੇ ਵੀਹ ਅੰਕ ਭਰਦੇ ਹਨ।

8. ਉਨ੍ਹਾਂ ਨੇ ਜੀਵਨੀ ਸਾਹਿਤ ਵਿਚ ਵੀ ਆਪਣੇ ਹਸਤਾਖਰ ਕੀਤੇ ਹਨ।ਜੀਵਨੀ ਸਾਹਿਤ ਵਿਚ *ਗੁਰੂ ਨਾਨਕ: ਜੀਵਨ ਅਤੇ ਵਿਅਕਤਿਤਵ, ਭਾਈ ਮਨੀ ਸਿੰਘ: ਜੀਵਨ ਅਤੇ ਰਚਨਾ ਅਤੇ ਭਾਈ ਗੁਰਦਾਸ: ਜੀਵਨੀ ਅਤੇ ਰਚਨਾ* ਮੁੱਖ ਹਨ। ਇਹੋ ਤਿੰਨੇ ਮਹਾਂਪੁਰਖ ਸਿੱਖ ਜਗਤ ਵਿਚ ਅਤਿ ਸਨਮਾਨ ਦੇ ਪਾਤਰ ਹਨ। ਗੁਰੂ ਨਾਨਕ ਸਾਹਿਬ ਨਾਲ ਜੁੜੀਆਂ ਮਿੱਥਾਂ ਦੀ ਉਹ ਪੜਚੋਲ ਕਰਕੇ ਗੁਰੂ ਸਾਹਿਬ ਨੂੰ ਪੌਰਾਣਿਕ ਚਮਤਕਾਰੀ ਸਖਸ਼ੀਅਤ ਤੋਂ ਵੱਖਰੇ ਰੂਪ ਵਿਚ ਇਕ ਇਤਿਹਾਸਿਕ ਮਹਾਂਪੁਰਸ਼ ਵਜੋਂ ਪੇਸ਼ ਕਰਨ ਦਾ ਜਤਨ ਕਰਦੇ ਹਨ। ਭਾਈ ਮਨੀ ਸਿੰਘ ਵਾਲੀ ਪੁਸਤਕ ਵਿਚ ਇਨ੍ਹਾਂ ਨੇ ਗਿਆਨੀ ਗਰਜਾ ਸਿੰਘ ਦੀਆਂ ਸਥਾਪਨਾਵਾਂ ਦਾ ਅਨੁਸਰਣ ਕੀਤਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਇਸ ਮਿੱਥ ਦਾ ਵੀ ਖੰਡਨ ਕੀਤਾ ਹੈ ਕਿ ਭਾਈ ਸਾਹਿਬ ਦੇ ਬੰਦ-ਬੰਦ

ਕੱਟਣ ਦੀ ਘਟਨਾ ਸਿੱਖ ਪੰਥ ਦੇ ਸਰਾਪ ਕਾਰਨ ਹੋਈ ਹੈ। ਭਾਈ ਗੁਰਦਾਸ ਜੀ ਦੇ ਜੀਵਨ ਵਿਚ ਉਨ੍ਹਾਂ ਦੁਆਰਾ ਕੀਤੀ ਗੁਰਮਤਿ ਦੀ ਵਿਆਖਿਆ ਦਾ ਵਿਸ਼ਲੇਸ਼ਣ ਕੀਤਾ ਹੈ।

9. ਡਾ. ਜੱਗੀ ਦੇ ਉਪਰੋਕਤ ਰਚਨਾ ਸੰਸਾਰ ਨੂੰ ਦੇਖਣ ਤੋਂ ਬਾਅਦ ਸਾਨੂੰ ਇਨ੍ਹਾਂ ਦੁਆਰਾ ਮੱਧਕਾਲੀਨ ਸਾਹਿਤ ਦੇ ਸੰਦਰਭ ਵਿਚ ਕੀਤੇ ਕਾਰਜਾਂ ਵਿਚੋਂ ਕੁਝ ਮਹੱਤਵਪੂਰਣ ਤੱਥ ਦ੍ਰਿਸ਼ਟੀਗੋਚਰ ਹੋਏ ਹਨ। ਉਨ੍ਹਾਂ ਦੀ ਖੋਜ ਦ੍ਰਿਸ਼ਟੀ ਦਾ ਇਕ ਪੱਖ ਇਹ ਹੈ ਕਿ ਉਹ ਮੱਧਕਾਲੀਨ ਸ੍ਰੋਤ ਸਾਮਗ੍ਰੀ ਨੂੰ ਪ੍ਰਮਾਣਿਕਤਾ ਕਸਵੱਟੀ ਉਤੇ ਪਰਖਦੇ ਹਨ। ਇਸ ਲਈ ਉਹ ਰਚਨਾ ਦੇ ਮੂਲ ਤੱਥਾਂ ਦੀ ਨਿਸ਼ਨਦੇਹੀ ਕਰਦੇ ਹਨ। ਫਿਰ ਉਹ ਰਚਨਾਵਾਂ ਦਾ ਆਦਿ ਬਿੰਦੂ ਲੱਭਣ ਲਈ ਪਾਠ ਦੇ ਅੰਦਰੂਨੀ ਅਤੇ ਬਾਹਰੀ ਪ੍ਰਸੰਗਾਂ ਨੂੰ ਕਾਲਗਤ ਵੇਰਵਿਆਂ ਦੇ ਆਧਾਰਿਤ ਅਧਿਐਨ ਦਾ ਵਿਸ਼ਾ ਬਣਾਉਂਦੇ ਹਨ। ਉਹ ਭਾਸ਼ਾ ਦੇ ਅਧਿਐਨ ਸਦਕਾ ਆਪਣੀ ਖੋਜ ਦਾ ਆਧਾਰ ਬਣਾਈਆਂ ਰਚਨਾਵਾਂ ਦੀ ਭਾਸ਼ਾਈ ਬਣਤਰ ਦੀ ਪੜਤਾਲ ਕਰਦੇ ਹਨ। ਇਸ ਨਾਲ ਸੰਬੰਧਿਤ ਰਚਨਾ ਦੇ ਰਚਨਾਕਾਰ ਦੇ ਮੂਲ ਸਥਾਨ ਜਾਂ ਉਹ ਕਿਥੋਂ ਦਾ ਰਹਿਣ ਵਾਲਾ ਹੈ, ਦੀ ਨਿਸ਼ਾਨਦੇਹੀ ਕੀਤੀ ਜਾਂ ਸਕਦੀ ਹੈ। ਇਸ ਤੋਂ ਇਲਾਵਾ ਉਹ ਰਚਨਾ ਜਾਂ ਮੂਲ-ਪਾਠ ਵਿਚ ਆਈਆਂ ਘਟਨਾਵਾਂ ਦੇ ਆਧਾਰ ’ਤੇ ਮੂਲ ਪਾਠ ਦਾ ਰਚਨਾ ਕਾਲ ਨਿਸ਼ਚਿਤ ਕਰਦੇ ਹਨ। ਮੱਧਕਾਲੀ ਸਾਹਿਤ ਦੋ ਰੂਪਾਂ ਕਾਵਿ ਅਤੇ ਵਾਰਤਕ ਵਿਚ ਮਿਲਦਾ ਹੈ। ਡਾ. ਜੱਗੀ ਨੇ ਦੋਨਾਂ ਰੂਪਾਂ ਵਾਲਾ ਸਾਹਿਤ ਸੰਪਾਦਨ ਕੀਤਾ ਹੈ। *ਬੰਸਾਵਲੀਨਾਮਾ* ਦੇ ਸੰਪਾਦਨ ਦੇ ਸਮੇਂ ਉਨ੍ਹਾਂ ਦਾ ਸੰਬੰਧ ਕਾਵਿ ਨਾਲ ਅਤੇ ਜਨਮਸਾਖੀ ਦੇ ਸੰਪਾਦਨ ਸਮੇਂ ਵਾਰਤਕ ਨਾਲ ਜੁੜਿਆ। ਕਾਵਿ ਅਤੇ ਵਾਰਤਕ ਦੋਵੇਂ ਵੱਖ-ਵੱਖ ਵਿਧਾਵਾਂ ਹਨ ਜਿਨ੍ਹਾਂ ਨੂੰ ਅੱਗੇ ਸਾਖੀਆਂ, ਗੋਸ਼ਟਾਂ, ਪਰਚੀਆਂ ਆਦਿ ਦੇ ਰੂਪ ਵਿਚ ਵੰਡਿਆ

ਜਾਂਦਾ ਹੈ। ਇਨ੍ਹਾਂ ਦਾ ਅਧਿਐਨ ਕਰਨ ਸਮੇਂ ਡਾ. ਜੱਗੀ ਨੇ ਰਚਨਾ ਦੀ ਵਿਧਾ ਅਨੁਸਾਰ ਹੀ ਉਸ ਸੰਬੰਧੀ ਕੋਈ ਨਿਰਣਾ ਕਰਨ ਦੀ ਕੋਸ਼ਿਸ ਕੀਤੀ ਹੈ।

10. ਡਾ. ਜੱਗੀ ਗੁਰਮਤਿ ਦੇ ਇਕ ਪ੍ਰੌਢ ਸਾਹਿਤਕਾਰ ਹਨ। ਜਿਨ੍ਹਾਂ ਨੇ ਗਿਣਤੀ ਦੇ ਪਖੋਂ ਲਗਪਗ 200 ਦੇ ਕਰੀਬ ਪੁਸਤਕਾਂ ਦੀ ਰਚਨਾ, ਸੰਪਾਦਨਾ, ਅਨੁਵਾਦ, ਟੀਕੇ, ਜੀਵਨੀ ਆਦਿ ਦੇ ਰੂਪ ਵਿਚ ਕੀਤੀ। ਇਨ੍ਹਾਂ ਦੇ ਅਧਿਐਨ ਉਪਰੰਤ ਇਹ ਇਕ ਲੜੀ ਵਿਚ ਪਰੋਈਆਂ ਹੋਈਆਂ ਹਨ। ਉਦਾਹਰਣ ਵਜੋਂ ਇਨ੍ਹਾਂ ਦਾ ਟੀਕਾ ਪੜ੍ਹਦੇ ਸਮੇਂ ਇਨ੍ਹਾਂ ਦੇ ਕੋਸ਼, ਟੀਕੇ ਦੇ ਪੂਰਕ ਜਾਪਦੇ ਹਨ।ਇਸ ਦਾ ਕਾਰਨ ਟੀਕੇ ਵਿਚਲੇ ਕਈ ਇਤਿਹਾਸਿਕ, ਮਿਥਿਹਾਸਕ ਵਿਚਾਰਾਂ ਦੀ ਬੱਝਵੀਂ ਜਾਣਕਾਰੀ ਕੋਸ਼ਾਂ ਵਿਚ ਪ੍ਰਾਪਤ ਹੁੰਦੀ ਹੈ। ਇਨ੍ਹਾਂ ਦੀ ਸਵੈ-ਜੀਵਨੀ ਇਨ੍ਹਾਂ ਦੇ ਰਚਨਾ ਸੰਸਾਰ ਦੀ ਉਥਾਨਕਾ ਜਾਂ ਪਿਛੋਕੜ ਦੱਸਦੀ ਹੈ।ਇਨ੍ਹਾਂ ਦੀਆਂ ਰਚਨਾਵਾਂ ਵਿਚ ਇਕ ਪੁਸਤਕ ਜਾਂ ਰਚਨਾ ਦੀਆਂ ਗੱਲਾਂ ਦੂਜੀ ਰਚਨਾ ਵਿਚ ਵੇਖਣ ਨੂੰ ਮਿਲ ਜਾਂਦੀਆਂ ਹਨ। ਜੋ ਸਾਨੂੰ ਦੁਹਰਾਅ ਵਜੋਂ ਖਟਕਦੀਆਂ ਹਨ। ਪ੍ਰੰਤੂ ਇਕ ਵਿਸ਼ੇ ਉਪਰ ਜਾਂ ਸਖਸ਼ੀਅਤ ਉਪਰ ਦੁਬਾਰਾ ਲਿਖਣ ਸਮੇਂ ਨਵੀਂ ਗੱਲ ਦੇ ਪਿਛੋਕੜ ਵਿਚ ਪੁਰਾਣੇ ਵਿਚਾਰ ਦੇਣਾ ਠੀਕ ਲਗਦਾ ਹੈ। ਇਸ ਨਾਲ ਨਵੀਂ ਕਹੀ ਗੱਲ ਦਾ ਆਧਾਰ ਤਿਆਰ ਹੋ ਜਾਂਦਾ ਹੈ।

# ਪੁਸਤਕ ਸੂਚੀ


ਅਜਮੇਰ ਸਿੰਘ (ਡਾ.), *ਪੰਜਾਬੀ ਸਾਹਿਤ ਦਾ ਆਲੋਚਨਾਤਮਿਕ ਅਧਿਐਨ,(1801-1850 ਈ.),* ਭਾਸ਼ਾ ਵਿਭਾਗ, ਪੰਜਾਬ, ਪਹਿਲੀ ਵਾਰ 1983.

ਅਤਰ ਸਿੰਘ (ਡਾ.), *ਸਮਦਰਸ਼ਨ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 1982.

____________, *ਦ੍ਰਿਸ਼ਟੀਕੋਣ*, ਲਾਹੌਰ ਬੁਕ ਸ਼ਾਪ, ਲੁਧਿਆਣਾ, 1963.

ਸਤਿੰਦਰ ਸਿੰਘ (ਸੰਪਾ.), *ਭਾਈ ਵੀਰ ਸਿੰਘ : ਜੀਵਨ ਅਤੇ ਰਚਨਾ,* ਪੰਜਾਬੀ ਯੂਨੀਵਰਸਿਟੀ,ਪਟਿਆਲਾ, 1994.

ਸਰਦੂਲ ਸਿੰਘ ਕਵੀਸ਼ਰ,*ਸਿੱਖ ਧਰਮ ਦਰਸ਼ਨ,* ਵਜ਼ੀਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਤਾਰਨ ਸਿੰਘ (ਸੰਪਾ.), ਤੀਜੀ ਵਾਰ, 1993.

ਸਾਹਿਬ ਸਿੰਘ (ਪ੍ਰੋ.), *ਧਰਮ ਤੇ ਸਦਾਚਾਰ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਅੱਠਵੀਂ ਵਾਰ, 2002.

_____, *ਬੁਰਾਈ ਦਾ ਟਾਕਰਾ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਬਾਰਵੀਂ ਵਾਰ, 2003.

______, *ਗੁਰਬਾਣੀ ਵਿਆਕਰਨ,* ਖਾਲਸਾ ਕਾਲਜ ਅੰਮ੍ਰਿਤਸਰ, 1951.

ਹਰਨਾਮ ਸਿੰਘ ਸ਼ਾਨ *ਗੁਰੂ ਨਾਨਕ ਦਾ ਸ਼ਾਹਕਾਰ ਜਪੁਜੀ,* ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1993.

*ਹੀਰਾ ਸਿੰਘ (ਗਿ.), ਪੰਜਾਬੀ ਸਾਹਿਤ ਦਾ ਇਤਿਹਾਸ,* ਸੁੰਦਰ ਬੁਕ ਡਿਪੂ, ਜਲੰਧਰ, ਦਸਵੀਂ ਵਾਰ, 1989.

ਹੀਰਾ ਸਿੰਘ, 'ਦਰਦ' *ਆਲੋਚਕ ਦੇ ਕਰਤੱਵ ਤੇ ਵਰਤਮਾਨ ਪੰਜਾਬੀ ਆਲੋਚਨਾ* ਅਵਾਮੀ ਪ੍ਰਿੰਟਿੰਗ ਪ੍ਰੈਸ,ਜਲੰਧਰ,1961.

ਹਰਿਭਜਨ ਸਿੰਘ, *ਅਧਿਐਨ ਤੇ ਅਧਿਆਪਨ,* ਆਰਸੀ ਪਬਲਿਸ਼ਰਜ਼, ਦਿੱਲੀ, 1990.

ਕਾਨ੍ਹ ਸਿੰਘ ਨਾਭਾ (ਭਾ.), *ਗੁਰਮਤਿ ਸੁਧਾਕਰ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਚੌਥੀ ਵਾਰ, 1970.

________, *ਗੁਰਮਤਿ ਪ੍ਰਭਾਕਰ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰਜਵੀਂ ਵਾਰ, 1988.

________, ਗੁਰਮਤਿ ਮਾਰਤੰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਛੇਵਾਂ ਸੰਸਕਰਣ, 1999.

ਕਿਰਪਾਲ ਸਿੰਘ ਕਸੇਲ, *ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ,* ਲਾਹੌਰ ਬੁਕ ਸ਼ਾਪ, ਲੁਧਿਆਣਾ, ਅੱਠਵਾਂ ਪਰਮਿੰਦਰ ਸਿੰਘ ਲਾਂਬਾ, ਸੰਸਕਰਣ,1998.

ਕ੍ਰਿਪਾਲ ਸਿੰਘ (ਗਿ.) *ਸਿੱਖ ਮਤ ਦਰਸ਼ਨ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 1990.

ਗੁਰਮੁਖ ਸਿੰਘ (ਸੰਪਾ.) *ਗਿਆਨੀ ਗਰਜਾ ਸਿੰਘ ਦੀ ਇਤਿਹਾਸਿਕ ਖੋਜ,* ਸਿੰਘ ਬ੍ਰਦਰਜ਼,ਅੰਮ੍ਰਿਤਸਰ,2010.

______, *ਸੇਵਾ ਪੰਥੀਆਂ ਦੀ ਪੰਜਾਬੀ ਸਾਹਿਤ ਨੂੰ ਦੇਣ,* ਭਾਸ਼ਾ ਵਿਭਾਗ, ਪੰਜਾਬ, 2012.

ਗੁਰਸ਼ਰਨ ਕੌਰ, ਜੱਗੀ, *ਵਾਰਾਂ ਭਾਈ ਗੁਰਦਾਸ (ਸੰਪਾਦਨ ਅਤੇ ਪਾਠ ਨਿਰਧਾਰਨ),* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987.

ਗੋਪਾਲ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਿਕ ਵਿਸ਼ੇਸ਼ਤਾ,* ਪੰਜਾਬੀ ਸਾਹਿਤ ਅਕਾਡਮੀ,ਦਿੱਲੀ, 1958.

ਜਸਵੰਤ ਸਿੰਘ ਕੰਵਲ, *ਸਿੱਖ ਜਦੋ ਜਹਿਦ,* ਸੰਗਮ ਪਬਲੀਕੇਸ਼ਨਜ਼, ਸਮਾਣਾ, 2010.

ਜਸਵੀਰ ਕੌਰ (ਡਾ.) (ਸੰਪਾ.), *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਿੰਨ ਪਰਿਪੇਖ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005.

ਜਗਬੀਰ ਸਿੰਘ,*ਗੁਰਬਾਣੀ : ਵਿਸ਼ਵ ਦ੍ਰਿਸ਼ਟੀ ਤੇ ਵਿਚਾਰਧਾਰਾ,* ਵੈਲਵਿਸ਼ ਪਬਲਿਸ਼ਰਜ਼,ਦਿੱਲੀ.

ਜੋਧ ਸਿੰਘ, ਭਾਈ, *ਜਪੁਜੀ ਸਟੀਕ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1980

______, ਗੁਰੂ ਨਾਨਕ ਦਰਪਣ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970.

______, *ਗੁਰਮਤਿ ਨਿਰਣੈ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਦੂਜੀ ਵਾਰ, 1990.

ਜੋਧ ਸਿੰਘ (ਡਾ.) *ਸਿੱਖ ਸਿਧਾਂਤ : ਸਰੂਪ ਤੇ ਸਮਰੱਥਾ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 1991.

ਤਾਰਨ ਸਿੰਘ, *ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਿਕ ਇਤਿਹਾਸ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1963.

______, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ,* ਪੰਜਾਬੀ ਯੂਨੀਵਰਸਿਟੀ ਪਟਿਆਲਾ,(ਪਹਿਲੀ ਵਾਰ) 1980.

ਤੇਜਾ ਸਿੰਘ ਅਤੇ ਹੋਰ, *ਸ਼ਬਦਾਰਥ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ, ਕਮੇਟੀ, ਸ੍ਰੀ ਅੰਮ੍ਰਿਤਸਰ, 1996.

ਦੀਵਾਨ ਸਿੰਘ, *ਗੁਰਮਤਿ ਸਿਧਾਂਤ,* ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ

ਲੁਧਿਆਣਾ,1988.

________, *ਗੁਰਬਾਣੀ ਚਿੰਤਨ,* ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ ਲੁਧਿਆਣਾ,1988.

ਨਰਿੰਦਰ ਕਪੂਰ *ਰਾਹ ਰਸਤੇ,* ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010.

ਪਰਮਜੀਤ ਸਿੰਘ ਸਿੱਧੂ *ਕੋਸ਼ਕਾਰੀ ਕਲਾ ਅਤੇ ਪੰਜਾਬੀ ਕੋਸ਼ਕਾਰੀ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.

ਪੂਰਨ ਸਿੰਘ, (ਪ੍ਰੋ.), *ਖੁਲੇ ਲੇਖ,* ਲਾਹੌਰ ਬੁਕ ਸ਼ਾਪ, ਲੁਧਿਆਣਾ, 1972.

ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ,* ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, 1981.

_______, ਸਿੱਖ ਫਲਸਫੇ ਦੀ ਰੂਪ ਰੇਖਾ, ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ, 1995.

ਪ੍ਰੋ. ਪ੍ਰੀਤਮ ਸਿੰਘ (ਐਮ. ਏ.), *ਸਿੱਖ ਵਿਚਾਰਧਾਰਾ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਜਵੀਂ ਵਾਰ 1997.

ਬਲਕਾਰ ਸਿੰਘ (ਡਾ.), *ਗੁਰਮਤਿ ਵਿਵੇਚਨ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982.

ਭਗਤ ਸਿੰਘ ਹੀਰਾ, *ਗੁਰਮੱਤ ਵਿਚਾਰਧਾਰਾ,* ਨੈਸ਼ਨਲ ਬੁਕ ਸ਼ਾਪ, ਦਿੱਲੀ, 1969.

ਮਦਨ ਲਾਲ ਹਸੀਜਾ (ਸੰਪਾ.) *ਗੁਰਮਤਿ ਸਾਹਿਤ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1975.

ਮਨਮੋਹਣ ਸਿੰਘ, (ਡਾ.), *ਦਸਮ ਗ੍ਰੰਥ ਵਿਚ ਮਿਥ ਰੂਪਾਂਤਰ,* ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1997.

ਮਨੀ ਸਿੰਘ (ਗਿ., ਸਿੰਘ ਸਾਹਿਬ), *ਅਨਮੋਲ ਬਚਨ,* ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 1975.

ਮੋਹਣ ਸਿੰਘ ਉਬਰਾ, 'ਦੀਵਾਨਾ'(ਡਾ.), *ਪੰਜਾਬੀ ਭਾਖਾ ਵਿਗਿਆਨ ਅਤੇ ਗੁਰਮਤਿ ਗਿਆਨ,* ਕਸਤੂਰੀ ਲਾਲ ਐਂਡ ਸੰਨਜ਼, ਅੰਮ੍ਰਿਤਸਰ, 1952.

ਧਰਮ ਸਿੰਘ, *ਮੱਧਕਾਲੀਨ ਪੰਜਾਬੀ ਸਾਹਿਤ (ਤੱਥ ਅਤੇ ਸਰੋਤ),* ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ,1998.

ਵੀਰ ਸਿੰਘ (ਭਾ.), *ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ,* (7 ਭਾਗ), ਭਾਸ਼ਾ ਵਿਭਾਗ ਪੰਜਾਬ,

ਬਲਵੀਰ ਸਿੰਘ (ਸੰਪਾ.) ਪਟਿਆਲਾ, 1995.

**ਟੀਕੇ**

ਸਾਹਿਬ ਸਿੰਘ, (ਪ੍ਰੋ.), *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ,* ਰਾਜ ਪਬਲਿਸ਼ਰਜ਼, ਜਲੰਧਰ (ਰਜਿ.) 1964.

ਕ੍ਰਿਪਾਲ ਸਿੰਘ (ਗਿ.), *ਸੰਪ੍ਰਦਾਈ ਟੀਕਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਅਮੀਰ ਭੰਡਾਰ),* ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2002

ਗਿਆਨੀ ਬਦਨ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ, (ਫ਼ਰੀਦਕੋਟੀ ਟੀਕਾ),* ਭਾਸ਼ਾ ਵਿਭਾਗ ਪੰਜਾਬ, 1989.

**ਕੋਸ਼**

ਕਾਨ੍ਹ ਸਿੰਘ, ਨਾਭਾ, *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ ਪੰਜਾਬ, 1960.

ਰਾਮ ਚੰਦ੍ਰ ਵਰਮਾ, (ਸੰਪਾ.) *ਮਾਨਕ ਹਿੰਦੀ ਕੋਸ਼,* (ਪਾਂਚਵਾਂ ਖੰਡ),ਹਿੰਦੀ ਸਾਹਿਤਯ, ਪ੍ਰਯਾਗ,1966.

**ਪਤ੍ਰਿਕਾਵਾਂ**

*ਖੋਜ ਪਤ੍ਰਿਕਾ: ਬਾਣੀ ਸੰਪਾਦਨਾ ਵਿਸ਼ੇਸ਼ ਅੰਕ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਾਰਚ, 2004, ਅੰਕ 59, 2010.

*ਨਾਨਕ ਪ੍ਰਕਾਸ਼ ਪਤ੍ਰਿਕਾ: ਗੁਰੂ ਮਾਨਿਓ ਗ੍ਰੰਥ ਵਿਸ਼ੇਸ਼ ਅੰਕ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜੂਨ 2008.

*ਨਾਨਕ ਪ੍ਰਕਾਸ਼ ਪਤ੍ਰਿਕਾ: ਵਿਆਖਿਆ-ਸ਼ਾਸਤਰ ਅਤੇ ਵਿਆਖਿਆਕਾਰੀ ਵਿਸ਼ੇਸ਼ ਅੰਕ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜੂਨ 2012, ਅੰਕ ਪਹਿਲਾ, 2015.

*ਆਲੋਚਨਾ : ਸਨਮਾਨ ਅੰਕ,* ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 1999-2000.

**ਅਖ਼ਬਾਰ**

*Times of India*

*The Tribune*

**ਡਾ. ਰਤਨ ਸਿੰਘ ਜੱਗੀ ਰਚਨਾਵਲੀ**

*ਦਸਮ ਗ੍ਰੰਥ ਦਾ ਪੌਰਾਣਿਕ ਅਧਿਐਨ,* ਨਿਊ ਬੁਕ ਕੰਪਨੀ, ਜਲੰਧਰ, 1965.

*ਵਿਚਾਰਧਾਰਾ,* ਮਦਾਨ ਪਬਲਿਸ਼ਰਜ਼, ਪਟਿਆਲਾ, 1966.

*ਦਸਮ ਗ੍ਰੰਥ ਦਾ ਕਰਤ੍ਰਿਤਵ,* ਪੰਜਾਬੀ ਸਾਹਿਤ ਸਭਾ, ਨਿਊ ਦਿੱਲੀ, 1966.

*ਗੁਰੂ ਗੋਬਿੰਦ ਸਿੰਘ ਦੀ ਬਾਣੀ ਵਿਚ ਸੁਤੰਤਰਤਾ ਦੀ ਭਾਵਨਾ',* ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, ਚੰਡੀਗੜ੍ਹ,1967.

*ਗੁਰੂ ਨਾਨਕ ਬਾਣੀ,* ਮਦਾਨ ਪਬਲਿਸ਼ਰਜ਼, ਪਟਿਆਲਾ, 1968.

*ਗੁਰੂ ਨਾਨਕ ਦੀ ਵਿਚਾਰਧਾਰਾ,* ਨਵਯੁਗ ਪਬਲਿਸ਼ਰਜ਼, ਦਿੱਲੀ, 1969.

ਗੁਰਬਾਣੀ ਟੀਕੇ: ਅਨੰਦਘਨ, ਭਾਸ਼ਾ ਵਿਭਾਗ, ਪਟਿਆਲਾ, 1970.

*ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ,* ਪੰਜਾਬ ਯੂਨੀਵਰਸਿਟੀ(ਪਰਖ),ਚੰਡੀਗੜ੍ਹ, 1972.

*ਭਾਈ ਗੁਰਦਾਸ: ਜੀਵਨੀ ਅਤੇ ਰਚਨਾ,* ਪੰਜਾਬੀ ਯੂਨੀਵਿਰਸਟੀ, ਪਟਿਆਲਾ, 1974.

*ਗੁਰੂ ਨਾਨਕ: ਜੀਵਨੀ ਅਤੇ ਵਿਅਕਤਿਤਵ,* ਪੰਜਾਬੀ ਸਾਹਿਤ ਸਭਾ, ਨਿਊ ਦਿੱਲੀ, 1974.

*ਬਾਣੀ ਸ਼ੇਖ ਫਰੀਦ,* ਪੈਪਸ ਬੁਕ ਡਿਪੋ, ਪਟਿਆਲਾ, 1976.

*ਸਾਹਿਤ ਸੌਰਭ,* ਪੈਪਸ ਬੁਕ ਡਿਪੋ, ਪਟਿਆਲਾ, 1976.

*ਪੁਰਾਤਨ ਪੰਜਾਬੀ ਵਾਰਤਕ ਵਿਕਾਸ ਅਤੇ ਵਿਸ਼ਲੇਸ਼ਣ,* ਪੰਜਾਬ ਸਟੇਟ ਯੂਨੀਵਿਰਸਿਟੀ ਟੈਕਸਟ ਬੁਕ ਬੋਰਡ, ਚੰਡੀਗੜ੍ਹ, 1984.

*ਗੁਰ ਸੰਦੇਸ਼,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 1991.

*ਪੰਜਾਬੀ ਸਾਹਿਤ ਦਾ ਇਤਿਹਾਸ (1701-1850),* ਪੰਜਾਬੀ ਯੂਨੀਵਿਰਸਟੀ, ਪਟਿਆਲਾ, 1976; ਸੋਧਿਆ ਹੋਇਆ (1701-1900), 1992.

*ਪੁਰਾਤਨ ਜਨਮਸਾਖੀ ਦਾ ਵਿਸ਼ਲੇਸ਼ਣਾਤਮਕ ਅਧਿਐਨ,* ਪੈਪਸ ਬੁਕ ਡਿਪੋ, ਪਟਿਆਲਾ, 1977.

*ਵਿਚਾਰ ਵਿਸ਼ਲੇਸ਼ਣ,* ਪੈਪਸੂ ਬੁਕ ਡਿਪੋ, ਪਟਿਆਲਾ, 1977.

*ਮੋਇਆਂ ਦੀ ਜਾਗ,* (ਭਾਗ II ਅਤੇ III), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982.

*ਮੋਇਆਂ ਦੀ ਜਾਗ,* (ਭਾਗ I), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1983.

*ਜੰਗਨਾਮਾ ਸਿੰਘਾਂ ਅਤੇ ਫਰੰਗੀਆਂ: ਅਧਿਐਨ ਅਤੇ ਸੰਪਾਦਨ,* ਪੰਜਾਬ ਯੂਨੀਵਰਸਿਟੀ, ਪਟਿਆਲਾ, 1983.

*ਭਾਈ ਮਨੀ ਸਿੰਘ: ਜੀਵਨੀ ਤੇ ਰਚਨਾ,* ਪੰਜਾਬੀ ਯੂਨੀਵਿਰਸਟੀ, ਪਟਿਆਲਾ, 1983.

*ਪੁਰਾਤਨ ਪੰਜਾਬੀ ਵਾਰਤਕ: ਸਰੂਪ ਅਤੇ ਵਿਕਾਸ,* ਪੰਜਾਬੀ ਸਟੇਟ ਯੂਨੀਵਿਰਸਿਟੀ ਟੈਕਸਟ ਬੁਕ ਬੋਰਡ, ਚੰਡੀਗੜ੍ਹ, 1984.

*ਪੁਰਾਤਨ ਜਨਮਸਾਖੀ: ਮੂਲ-ਪਾਠ ਅਤੇ ਵਿਸ਼ਲੇਸ਼ਣ,* ਪਵਿਤਰ ਪ੍ਰਮਾਣਿਕ ਪ੍ਰਕਾਸ਼ਕ, ਪਟਿਆਲਾ, 1984.

*ਬਾਣੀ ਗੁਰੂ ਰਵੀਦਾਸ,* ਭਾਸ਼ਾ ਵਿਭਾਗ, ਪਟਿਆਲਾ, 1984.

*ਪੰਜਾਬ ਦੇ ਪ੍ਰਮੁਖ ਸਾਹਿਤਕਾਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987.

*ਮਾਲਵੇ ਦੀ ਕਵੀਸ਼ਰੀ ਪਰੰਪਰਾ,* (ਸਹਿ ਸੰਪਾ.),ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988.

*ਸਾਹਿਤ ਅਧਿਐਨ ਵਿਧੀਆਂ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988.

*ਪੰਜਾਬ ਦੇ ਪ੍ਰਸਿਧ ਸਾਹਿਤਕਾਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989.

*ਆਸਾ ਦੀ ਵਾਰ ਦਾ ਟੀਕਾ,* ਪੰਜਾਬੀ ਯੂਨੀਵਿਰਸਟੀ, ਪਟਿਆਲਾ, 1990.

*ਦਸਮ ਗ੍ਰੰਥ ਪਰਿਚਯ,* ਗੋਬਿੰਦ ਸਦਨ, ਨਿਊ ਦਿੱਲੀ, 1990.

*ਦਸਮ ਗ੍ਰੰਥ: ਬਾਣੀ ਬਿਊਰਾ,* ਪੰਜਾਬੀ ਯੂਨੀਵਿਰਸਟੀ, ਪਟਿਆਲਾ, 1991.

*ਸ੍ਰੀ ਗੁਰੂ ਗ੍ਰੰਥ ਪਰਿਚਯ,* ਗੋਬਿੰਦ ਸਦਨ, ਨਿਊ ਦਿੱਲੀ, 1991.

*ਗੁਰ ਸੰਦੇਸ਼,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 1991.

*ਪੁਰਾਤਨ ਕਾਵਿ ਰਮਜ਼ਾਂ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1991.

*ਸਾਹਿਤ ਦੇ ਰੂਪ,* ਪੰਜਾਬੀ ਯੂਨੀਵਿਰਸਟੀ, ਪਟਿਆਲਾ, 1991.

*ਡਾ. ਮੋਹਨ ਸਿੰਘ ਕਵਿਤਾਵਲੀ,* ਪੰਜਾਬੀ ਯੂਨੀਵਿਰਸਟੀ, ਪਟਿਆਲਾ, 1994.

*ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਪ੍ਰਤੀਨਿਧ ਲੇਖ,* ਭਾਗ-I, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996.

*ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਪ੍ਰਤੀਨਿਧ ਲੇਖ,* ਭਾਗ-II, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.

*ਪੰਜਾਬੀ ਸਾਹਿਤ ਦਾ ਸਰੋਤ-ਮੂਲਕ ਇਤਿਹਾਸ,* ਭਾਗ-I, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.

*ਪੰਜਾਬੀ ਸਾਹਿਤ ਦਾ ਸਰੋਤ-ਮੂਲਕ ਇਤਿਹਾਸ,* ਭਾਗ-II, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.

*ਪੰਜਾਬੀ ਸਾਹਿਤ ਦਾ ਸਰੋਤ-ਮੂਲਕ ਇਤਿਹਾਸ,* ਭਾਗ-III, ਪੰਜਾਬੀ ਯੂਨੀਵਰਸਿਟੀ,

ਪਟਿਆਲਾ, 1999.

*ਪੰਜਾਬੀ ਸਾਹਿਤ ਦਾ ਸਰੋਤ-ਮੂਲਕ ਇਤਿਹਾਸ,* ਭਾਗ-IV, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001.

*ਪੰਜਾਬੀ ਸਾਹਿਤ ਦਾ ਸਰੋਤ-ਮੂਲਕ ਇਤਿਹਾਸ,* ਭਾਗ-V, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

*ਜਾਪੁ ਸਾਹਿਬ ਦਾ ਗੌਰਵ*, ਗੋਬਿੰਦ ਸਦਨ, ਨਿਊ ਦਿੱਲੀ, 1999.

*ਅਮਲ ਜਿ ਕੀਤੇ ਦੁਨੀ ਵਿਚਿ,* ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005.

*ਗੁਰੂ ਮਾਨਿਓ ਗ੍ਰੰਥ,* ਤਖ਼ਤ ਸਚਖੰਡ, ਹਜ਼ੂਰ ਸਾਹਿਬ, ਨਾਂਦੇੜ, 2008.

*ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008.

*ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ,* ਆਰਸੀ ਪਬਲਿਸ਼ਰਜ਼, ਦਿੱਲੀ, 2009.

*ਜਪੁਜੀ: ਅਨੁਭੂਤੀ ਅਤੇ ਅਭਿਵਿਅਕਤੀ,* ਆਰਸੀ ਪਬਲਿਸ਼ਰਜ਼, ਦਿੱਲੀ, 2009.

*ਸ਼ੇਖ ਫ਼ਰੀਦ: ਜੀਵਨ, ਚਿੰਤਨ ਅਤੇ ਬਾਣੀ,* ਆਰਸੀ ਪਬਲਿਸ਼ਰਜ਼, ਦਿੱਲੀ, 2009.

*ਗੁਰੂ ਤੇਗ ਬਹਾਦਰ: ਬਾਣੀ ਵਿਸ਼ਲੇਸ਼ਣ,* ਗੁਰਮਤਿ ਪ੍ਰਕਾਸ਼ਨ, ਪਟਿਆਲਾ, 2011.

*ਸ੍ਰੀ ਗੁਰੂ ਗ੍ਰੰਥ ਸਾਹਿਬ: ਸਾਧਨਾ ਦਾ ਸਰੂਪ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.

*ਸੇਵਾ ਪੰਥ: ਸਾਧਨਾ ਅਤੇ ਸਾਹਿਤ,* ਨੈਸ਼ਨਲ ਬੁਕ ਟ੍ਰਸਟ, ਇੰਡੀਆ, 2013.

*ਜੰਗਨਾਮਾ ਸਿੰਘਾਂ ਅਤੇ ਫਰੰਗੀਆਂ,* ਨੈਸ਼ਨਲ ਬੁਕ ਟ੍ਰਸਟ, ਇੰਡੀਆ, 2013.

*ਹਰੀ ਸਿੰਘ ਨਲਵਾ,* ਨੈਸ਼ਨਲ ਬੁਕ ਟ੍ਰਸਟ, ਇੰਡੀਆ, 2013.

*ਚੰਡੀ ਦੀ ਵਾਰ: ਸਾਹਿਤਕ ਅਧਿਐਨ,* ਗੁਰਮਤਿ ਪ੍ਰਕਾਸ਼ਨ, ਪਟਿਆਲਾ, 2013.

*ਆਸਾ ਕੀ ਵਾਰ: ਵਿਸ਼ਲੇਸ਼ਣ ਅਤੇ ਵਿਆਖਿਆ,* ਗੁਰਮਤਿ ਪ੍ਰਕਾਸ਼ਨ, ਪਟਿਆਲਾ, 2013.

*ਪ੍ਰੋ. ਪੂਰਨ ਸਿੰਘ: ਇਕ ਅਧਿਐਨ,* ਗੁਰਮਤਿ ਪ੍ਰਕਾਸ਼ਨ, ਪਟਿਆਲਾ, 2013.

**ਹਿੰਦੀ ਰਚਨਾਵਾਂ**

*ਦਸਮ ਗ੍ਰੰਥ ਕੀ ਪੌਰਾਣਿਕ ਪ੍ਰਿਸ਼ਠਭੂਮੀ,* ਭਾਰਤੀ ਸਾਹਿਤਯਦਿੱਲੀ, 1965.

*ਗੁਰੂ ਨਾਨਕ ਰਚਨਾਵਲੀ,* ਭਾਸ਼ਾ ਵਿਭਾਗ, ਪਟਿਆਲਾ, 1970.

*ਪਰਾਤਨ ਜਨਮਸਾਖੀ,* ਭਾਸ਼ਾ ਵਿਭਾਗ, ਪਟਿਆਲਾ, ਪਟਿਆਲਾ ,1970.

*ਬਾਣੀ ਸ਼ੇਖ ਫਰੀਦ,* ਬਾਬਾ ਫ਼ਰੀਦ ਮੈਮੋਰੀਅਲ ਸੋਸਾਇਟੀ, ਪਟਿਆਲਾ,1974.

*ਗੁਰੂ ਨਾਨਕ: ਵਿਅਕਤਿਤ, ਕ੍ਰਿਤਿਤਵ ਔਰ ਚਿੰਤਨ,* ਭਾਸ਼ਾ ਵਿਭਾਗ, ਪਟਿਆਲਾ, 1975.

*ਗੁਰੂ ਪ੍ਰਤਾਪ ਸੂਰਜ,* ਭਾਗ -7, ਭਾਸ਼ਾ ਵਿਭਾਗ, ਪਟਿਆਲਾ, 1976.

*ਗੁਰੂ ਅਮਰਦਾਸ ਰਚਨਾਵਲੀ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982.

*ਗੁਰੂ ਮਾਨਿਓ ਗ੍ਰੰਥ,* ਤਖ਼ਤ ਸਚਖੰਡ, ਹਜ਼ੂਰ ਸਾਹਿਬ, ਨਾਂਦੇੜ, 2008.

**ਅੰਗਰੇਜ਼ੀ ਰਚਨਾਵਾਂ**

*Perspective of Guru Amardass* (Co-ed.), Punjabi University,Patiala, 1982.

*The Holy Granth* (ed.), Punjabi University, Patiala, 1985.

*Essays in Sikhism* (ed.), Languages Deptt., Patiala, 1988.

**ਅਨੁਵਾਦ**

*ਆਬੇ ਹਯਾਤ* (ਉਰਦੂ ਤੋਂ ਪੰਜਾਬੀ), ਭਾਸ਼ਾ ਵਿਭਾਗ, ਪਟਿਆਲਾ 1965.

*ਰਾਜਨੀਤੀ ਵਿਗਿਆਨ ਅਤੇ ਸੰਗਠਨ ਦੇ ਸਿਧਾਂਤ* (ਅੰਗਰੇਜੀ ਤੋਂ ਪੰਜਾਬੀ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1965.

*ਸਿੱਖ ਇਤਿਹਾਸ ਕੀ ਝਾਕੀਆਂ*-ਭਾਗ 2 (ਅੰਗਰੇਜੀ ਤੋਂ ਹਿੰਦੀ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976.

*ਪੰਜਾਬੀ ਰਾਮ ਕਾਵਿ* (ਪੰਜਾਬੀ ਤੋਂ ਹਿੰਦੀ), ਭਾਸ਼ਾ ਵਿਭਾਗ, ਪਟਿਆਲਾ, 1977.

*ਤੁਲਸੀ ਰਾਮਾਇਣ: ਅਧਿਐਨ, ਸੰਪਾਦਨ ਅਤੇ ਵਿਆਖਿਆ* (ਹਿੰਦੀ ਤੋਂ ਪੰਜਾਬੀ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1977.

*ਨਾਨਕ ਸਿੰਘ* (ਮੋਨੋਗ੍ਰਾਫ) (ਅੰਗਰੇਜ਼ੀ ਤੋਂ ਪੰਜਾਬੀ), ਸਾਹਿਤ ਅਕਾਦਮੀ, ਨਿਊ ਦਿੱਲੀ, 1992.

*ਉਪਨਿਸ਼ਦਾਂ ਦੀਆਂ ਕਹਾਣੀਆਂ ,* (ਹਿੰਦੀ ਤੋਂ ਪੰਜਾਬੀ), ਨੈਸ਼ਨਲ ਬੁਕ ਟ੍ਰਸਟ,ਦਿੱਲੀ, 1977

*ਸ੍ਰੀ ਦਸਮ ਗ੍ਰੰਥ : ਸੰਪਾਦਨ ਅਤੇ ਵਿਆਖਿਆ* (ਪੰਜਾਬੀ ਤੋਂ ਹਿੰਦੀ, 1-5), ਗੋਬਿੰਦ ਸਦਨ ਨਿਊ, ਦਿੱਲੀ, 2000.

**ਟੀਕਾਕਾਰੀ**

*ਸ੍ਰੀ ਦਸਮ ਗ੍ਰੰਥ: ਸੰਪਾਦਨ ਅਤੇ ਵਿਆਖਿਆ,*(ਪੰਜ ਜਿਲਦਾਂ), ਗੋਬਿੰਦ ਸਦਨ, ਨਿਊ ਦਿੱਲੀ, 1992.

*ਸ੍ਰੀ ਦਸਮ ਗ੍ਰੰਥ : ਸੰਪਾਦਨ ਅਤੇ ਵਿਆਖਿਆ* (ਪੰਜਾਬੀ ਤੋਂ ਹਿੰਦੀ, 1-5), ਗੋਬਿੰਦ ਸਦਨ ਨਿਊ, ਦਿੱਲੀ, 2000.

*ਅਰਥ ਬੋਧ : ਸ੍ਰੀ ਗੁਰੂ ਗ੍ਰੰਥ ਸਾਹਿਬ,* (ਪੰਜ ਜਿਲਦਾਂ), ਆਰਸੀ ਪਬਲਿਸ਼ਰਜ਼, ਪਟਿਆਲਾ, 2007.

*ਭਾਵ ਪ੍ਰਬੋਧਨੀ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ,* (ਅਠ ਜਿਲਦਾਂ+ ਅੰਤਿਕਾ),ਪੰਜਾਬੀ ਯੂਨੀਵਰਸਿਟੀ, ਪਟਿਆਲਾ, 2015.

**ਕੋਸ਼ਕਾਰੀ**

*ਸਾਹਿਤ ਕੋਸ਼ (ਪਰਿਭਾਸ਼ਿਕ ਸ਼ਬਦਾਵਲੀ)*, ਪੰਜਾਬੀ ਯੂਨੀਵਿਰਸਟੀ, ਪਟਿਆਲਾ, 1989.

ਭਾਈ ਵੀਰ ਸਿੰਘ ਸਾਹਿਤ-ਕੋਸ਼, ਪੰਜਾਬੀ ਯੁਨੀਵਿਰਸਟੀ, ਪਟਿਆਲਾ, 1988.

*ਪੰਜਾਬੀ ਸਾਹਿਤ ਸੰਦਰਭ ਕੋਸ਼,* ਪੰਜਾਬੀ ਯੂਨੀਵਿਰਸਟੀ, ਪਟਿਆਲਾ, 1994.

*ਗੁਰੂ ਗ੍ਰੰਥ ਵਿਸ਼ਵਕੋਸ਼,* (ਦੋ ਭਾਗ), ਪੰਜਾਬੀ ਯੂਨੀਵਿਰਸਟੀ, ਪਟਿਆਲਾ, 2002.

*ਸਿੱਖ ਪੰਥ ਵਿਸ਼ਵਕੋਸ਼,* (ਚਾਰ ਭਾਗ) ਗ੍ਰੇਸ਼ੀਅਸ ਪਬਲਿਸ਼ਰਜ਼, ਪਟਿਆਲਾ, 2014.

**ਖੋਜ ਪਤ੍ਰਿਕਾ**

ਸਾਧਾਰਨ ਅੰਕ: 4 ਅਤੇ 'ਵਿਸ਼ੇਸ਼ ਅੰਕ' (16):

*ਗੁਰੂ ਅਮਰਦਾਸ* ਨੰ: 14, 1979.

*ਮਹਾਰਾਜਾ ਰਣਜੀਤ ਸਿੰਘ* (ਸਮ੍ਰਿਤੀ) ਨੰ: 16, 1980.

*ਪੂਰਨ ਸਿੰਘ* ਨੰ: 17, 1981.

*ਭਾਈ ਮੋਹਨ ਸਿੰਘ ਵੈਦ* (ਸਮ੍ਰਿਤੀ ਅੰਕ) ਨੰ: 18, 1981.

*ਗਲਪ,* ਨੰ: 1982.

*ਭਾਈ ਜੋਧ ਸਿੰਘ* (ਸਮ੍ਰਿਤੀ ਅੰਕ) ਨੰ:20, 1982.

*ਪੁਰਾਤਨ ਵਾਰਤਕ*, ਨੰ: 21, 1983.

*ਆਧੁਨਿਕ ਕਾਵਿ* ਨੰ: 22, 1983.

*ਸਾਈਂ ਬੁੱਲ੍ਹੇ ਸ਼ਾਹ*, ਨੰ: 23, 1984.

*ਨਾਟਕ*, ਨੰ: 26, 1985.

*ਗੁਰਮਤਿ ਕਾਵਿ,* ਨੰ: 26, 1985.

*ਕਿੱਸਾ ਕਾਵਿ*, ਨੰ: 27, 1986.

*ਨਿਬੰਧ,* ਨੰ: 29, 1987.

*ਸਾਹਿਤਕ ਵਾਦ* ਭਾਗ-1 ਨੰ: 31, 1988.

*ਸਾਹਿਤਕ ਵਾਦ* ਭਾਗ-2 ਨੰ: 32, 1988.

*ਸੂਫ਼ੀ ਕਾਵਿ,* ਨੰ:33, 1989.

## Abstract

Dr. Rattan Singh Jaggi is an eminent scholar of Sikhism. We have worked our Ph.D. thesis based on his works, especially in Sikhism. The title of our thesis is "Dr. Rattan Singh Jaggi Di Gurmat Sahit Sambandhi Khoj : Ik Adhyan"(The Research of Dr. Rattan Singh Jaggi in Gurmat Literature: A Study) in Punjabi language and Gurmukhi Script. In this work we concentrate on facts of his personality and works these are:

1. His Life story based on his auto-biography in Punjabi (Amal je keete Duni vich).
2. Extensive introduction of his work.
3. Analysis the forms of his work like Teekakari (exegetical work), koshkari (lexicography) etc.
4. His position in contemporary Sikh- Scholars.

   Dr. Jaggi gives us the new ideas in translation, transliteration, lexicography, editing and research in Sikh-Literature. We have tried to follow them and discussed in our work.


**Supervisor** **Researcher**

## ਘੋਸ਼ਣਾ-ਪੱਤਰ

ਮੈਂ ਇਹ ਬਿਆਨ ਕਰਦਾ ਹਾਂ ਕਿ *ਡਾ. ਰਤਨ ਸਿੰਘ ਜੱਗੀ ਦੀ ਗੁਰਮਤਿ ਸੰਬੰਧੀ ਖੋਜ: ਇਕ ਅਧਿਐਨ* ਵਿਸ਼ੇ ਉੱਤੇ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ। ਇਸ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਿਲ ਨਹੀਂ, ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿਤਾ ਜਾ ਚੁੱਕਾ ਹੋਵੇ।

ਡਾ. ਅਬਨੀਸ਼ ਕੌਰ
ਨਿਗਰਾਨ
ਅਸਿਸਟੈਂਟ ਪ੍ਰੋਫ਼ੈਸਰ
ਡਿਸਟੈਂਸ ਐਜੂਕੇਸ਼ਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਬਲਵਿੰਦਰ ਸਿੰਘ
ਖੋਜਾਰਥੀ

# ਭੂਮਿਕਾ

ਪੰਜਾਬ ਉਪਰ ਅੰਗਰੇਜ਼ਾਂ ਦਾ ਕਬਜ਼ਾ ਹੋਣ ਨਾਲ 19ਵੀਂ ਸਦੀ ਸਿੱਖ ਪੰਥ ਲਈ ਨਵੀਆਂ ਚੁਣੌਤੀਆਂ ਲੈ ਕੇ ਆਈ ਜਿਸ ਕਰਕੇ ਪੰਜਾਬ ਵਿਚ ਪੱਛਮੀ ਵਿਦਿਆ ਦਾ ਪਾਸਾਰ ਹੋਇਆ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਟੁੱਟ ਗਿਆ। ਨਵਾਂ ਧਰਮ (ਈਸਾਈ) ਆਉਣ ਨਾਲ ਪੰਜਾਬ ਵਿਚ ਪਹਿਲਾਂ ਮੌਜੂਦ ਧਰਮਾਂ ਦੇ ਚੌਖਟੇ ਵਿਚ ਹਿਲ-ਜੁਲ ਹੋਣ ਲਗੀ। ਪੁਰਾਣੀਆਂ ਸੰਸਥਾਵਾਂ (ਧਾਰਮਿਕ, ਰਾਜਨੀਤਿਕ ਅਤੇ ਸਮਾਜਿਕ) ਨਵੀਂ ਸਭਿਅਤਾ ਦੀ ਰੌਸ਼ਨੀ ਵਿਚ ਪੁਨਰ-ਵਿਆਖਿਆ ਦੀ ਲੋੜ ਮਹਿਸੂਸ ਕਰਨ ਲਗੀਆਂ। ਹਿੰਦੂ ਅਤੇ ਮੁਸਲਮਾਨ ਜੋ ਭਾਰਤ ਦੀ ਵੱਡੀ ਗਿਣਤੀ ਨਾਲ ਜੁੜੇ ਹੋਏ ਸਨ, ਨੇ ਆਪਣੀ ਹੋਂਦ ਬਰਕਰਾਰ ਰਖਣ ਲਈ ਪਹਿਲਾਂ ਹੀ ਯਤਨ ਸ਼ੁਰੂ ਕਰ ਦਿਤੇ ਸਨ। ਇਸ ਦੇ ਸਿੱਟੇ ਵਜੋਂ ਉਨ੍ਹਾਂ ਵਿਚ ਨਵੀਂ ਵਿਦਿਅਕ ਪ੍ਰਣਾਲੀ ਅਤੇ ਧਾਰਮਿਕ ਪੁਨਰ-ਸੁਰਜੀਤੀ ਹੋਣੀ ਸ਼ੁਰੂ ਹੋ ਚੁੱਕੀ ਸੀ। ਪਰੰਤੂ ਪੰਜਾਬ ਉਪਰ ਅੰਗਰੇਜ਼ਾਂ ਦਾ ਕਬਜ਼ਾ ਬਾਅਦ ਵਿਚ ਹੋਣ ਕਾਰਨ ਸਿੱਖ ਪੰਥ, ਜਿਸਦਾ ਕੇਂਦਰ ਪੰਜਾਬ ਸੀ, ਵਿਚ ਪੁਨਰ-ਜਾਗਿਤ੍ਰੀ ਬਾਅਦ ਵਿਚ ਆਈ।

ਇਸ ਪੁਨਰ-ਜਾਗ੍ਰਿਤੀ ਦਾ ਆਰੰਭ ਸਿੰਘ ਸਭਾ ਲਹਿਰ ਦੇ ਰੂਪ ਵਿਚ 1873 ਈ. ਵਿਚ ਹੋਇਆ। ਇਸ ਲਹਿਰ ਦੇ ਮੁੱਖ ਉਦੇਸ਼ ਪੰਜਾਬੀ ਬੋਲੀ ਦਾ ਪ੍ਰਸਾਰ, ਸਿੱਖ ਸਾਹਿਤ ਦੀ ਸੰਪਾਦਨਾ, ਸਿੱਖਾਂ ਵਿਚ ਵਿਦਿਆ ਦੀ ਪ੍ਰਵਿਰਤੀ ਦਾ ਵਾਧਾ ਆਦਿ ਸਨ। ਇਸ ਲਹਿਰ ਨੇ ਸਿੱਖਾਂ ਵਿਚ ਆ ਰਹੇ ਨਿਘਾਰ ਨੂੰ ਰੋਕਣ ਦੀਆਂ ਸਫ਼ਲ ਕੋਸ਼ਿਸ਼ਾਂ ਕੀਤੀਆਂ। ਇਸ ਕਰਕੇ ਸਿੱਖਾਂ ਨੂੰ ਖ਼ਾਲਸਾ ਕਾਲਜ ਵਰਗੇ ਵਡੇ ਵਿਦਿਅਕ ਅਦਾਰੇ ਅਤੇ ਭਾਈ ਗੁਰਮੁਖ ਸਿੰਘ, ਗਿ. ਦਿਤ ਸਿੰਘ, ਭਾਈ ਵੀਰ ਸਿੰਘ, ਕਰਮ ਸਿੰਘ ਹਿਸਟੋਰੀਅਨ, ਭਾਈ ਜੋਧ ਸਿੰਘ, ਡਾ. ਗੰਡਾ ਸਿੰਘ, ਭਾਈ

ਰਣਧੀਰ ਸਿੰਘ, ਪ੍ਰਿੰ. ਤੇਜਾ ਸਿੰਘ ਵਰਗੇ ਵਿਦਵਾਨ ਹਾਸਿਲ ਹੋਏ। ਇਸ ਨਾਲ ਚੀਫ਼ ਖ਼ਾਲਸਾ ਦੀਵਾਨ ਅਤੇ ਸਿੱਖ ਐਜੂਕੇਸ਼ਨਲ ਕਾਨਫਰੰਸ ਆਦਿ ਅਦਾਰੇ ਹੋਂਦ ਵਿਚ ਆਏ। ਇਹ ਸਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਨੀਂਹ ਰਖਣ ਦਾ ਜਰੀਆ ਬਣੇ। ਉਪਰੋਕਤ ਤੋਂ ਇਲਾਵਾ ਸਿੱਖ ਸਾਹਿਤ ਦੀ ਪੁਨਰ-ਸੁਰਜੀਤੀ ਦਾ ਕੰਮ ਜੋਰ-ਸ਼ੋਰ ਨਾਲ ਹੋਇਆ। ਗੁਰਬਾਣੀ ਦੀ ਨਵੇਂ ਸੰਦਰਭ ਵਿਚ ਵਿਆਖਿਆ ਹੋਈ।

1947 ਈ. ਵਿਚ ਪੰਜਾਬ ਦੀ ਵੰਡ ਹੋਈ ਇਸ ਦਾ ਵਡਾ ਨੁਕਸਾਨ ਸਿੱਖਾਂ ਨੂੰ ਹੋਇਆ। ਉਨ੍ਹਾਂ ਦੇ ਗੁਰਧਾਮ, ਅਦਾਰੇ, ਸਰਮਾਇਆ ਅਤੇ ਬਹੁਤ ਵਡੀਆਂ ਲਾਇਬ੍ਰੇਰੀਆਂ ਪਾਕਿਸਤਾਨ ਵਿਚ ਰਹਿ ਗਈਆਂ। ਜਾਨੀ-ਮਾਲੀ ਨੁਕਸਾਨ ਦਾ ਵੇਰਵਾ ਅਣਗਿਣਤ ਹੈ ਅਤੇ ਕੁਝ ਵਖ-ਵਖ ਸਰੋਤਾਂ (ਸਰਕਾਰੀ ਰਿਕਰਾਡਾਂ ਅਤੇ ਇਤਿਹਾਸ ਦੀਆਂ ਪੁਸਤਕਾਂ ਖਾਸਕਰ ਡਾ. ਕਿਰਪਾਲ ਸਿੰਘ ਦੀਆਂ) ਤੋਂ ਮਿਲ ਜਾਂਦਾ ਹੈ।

ਪੂਰਬੀ ਪੰਜਾਬ ਵਿਚ ਸਿੰਘ ਸਭਾਈ ਵਿਦਵਾਨਾਂ ਨੇ ਆਪਣੇ ਕਾਰਜਾਂ ਨੂੰ ਨਿਰੰਤਰਤਾ ਦਿਤੀ। ਇੰਨ੍ਹਾਂ ਵਿਚ ਪ੍ਰੋ. ਸਾਹਿਬ, ਭਾਈ ਜੋਧ ਸਿੰਘ, ਭਾਈ ਵੀਰ ਸਿੰਘ, ਪ੍ਰਿੰ. ਤੇਜਾ ਸਿੰਘ ਆਦਿ ਨੇ ਹੋਰ ਸਾਹਿਤਿਕ ਕਿਰਤਾਂ ਤੋਂ ਇਲਾਵਾ ਗੁਰਬਾਣੀ ਵਿਆਖਿਆਕਾਰੀ ਨੂੰ ਆਪਣੇ ਅਧਿਐਨ ਦਾ ਖੇਤਰ ਬਣਾਇਆ। ਡਾ. ਗੰਡਾ ਸਿੰਘ, ਕਰਮ ਸਿੰਘ ਹਿਸਟੋਰੀਅਨ ਆਦਿ ਨੇ ਇਤਿਹਾਸਕਾਰੀ ਨੂੰ ਚੁਣਿਆ। ਇਨ੍ਹਾਂ ਨਾਲ ਭਾਈ ਕਾਨ੍ਹ ਸਿੰਘ ਨਾਭਾ ਨੇ ਕੋਸ਼ਕਾਰੀ ਦੇ ਖੇਤਰ ਵਿਚ ਵਿਸ਼ੇਸ਼ ਯੋਗਦਾਨ ਦਿਤਾ। ਇਥੇ ਜ਼ਿਕਰਯੋਗ ਹੈ ਕਿ ਇਹ ਵਿਦਵਾਨਾਂ ਦੇ ਨਾਮ ਸਿਰਫ ਉਦਾਹਰਨ ਵਜੋਂ ਦਿਤੇ ਗਏ

ਹਨ। ਇਨ੍ਹਾਂ ਤੋਂ ਇਲਾਵਾ ਹੋਰ ਵੀ ਅਨੇਕਾਂ ਵਿਦਵਾਨ ਹਨ, ਜਿਨ੍ਹਾਂ ਨੇ ਆਉਣ ਵਾਲੀ ਪੀੜ੍ਹੀ ਲਈ ਮੌਲਿਕ ਪੈੜਾਂ ਸਿਰਜੀਆਂ।

ਉਪਰੋਕਤ ਵਿਦਵਾਨਾਂ ਤੋਂ ਬਾਅਦ ਇਸ ਲਹਿਰ ਤੋਂ ਪ੍ਰੇਰਿਤ ਨਵੀਂ ਪੀੜ੍ਹੀ ਦਾ ਆਗਮਨ ਵਿਦਵਤਾ ਦੇ ਖੇਤਰ ਵਿਚ ਹੋਇਆ। ਇਸ ਪੀੜ੍ਹੀ ਵਿਚ ਪ੍ਰੋ. ਪ੍ਰੀਤਮ ਸਿੰਘ, ਡਾ. ਜੀਤ ਸਿੰਘ ਸੀਤਲ, ਡਾ. ਮੋਹਨ ਸਿੰਘ ਦੀਵਾਨਾ, ਪ੍ਰੋ ਪਿਆਰਾ ਸਿੰਘ ਪਦਮ, ਡਾ. ਭਗਤ ਸਿੰਘ, ਸ਼ਮਸ਼ੇਰ ਸਿੰਘ ਅਸ਼ੋਕ ਆਦਿ ਤੋਂ ਇਲਾਵਾ ਡਾ. ਰਤਨ ਸਿੰਘ ਜੱਗੀ ਦਾ ਨਾਮ ਵਿਸ਼ੇਸ਼ ਹੈ। ਹਥਲਾ ਖੋਜ-ਕਾਰਜ ਡਾ. ਜੱਗੀ ਦੀ ਰਚਨਾਂ ਨਾਲ ਸੰਬੰਧਿਤ ਹੈ।

ਡਾ. ਰਤਨ ਸਿੰਘ ਜੱਗੀ ਵੀਹਵੀਂ ਅਤੇ ਇਕੀਵੀਂ ਸਦੀ ਦੇ ਸਿੱਖ ਧਰਮ ਚਿੰਤਕਾਂ ਵਿਚ ਵਿਸ਼ੇਸ਼ ਥਾਂ ਰੱਖਦੇ ਹਨ। ਇਨ੍ਹਾਂ ਨੇ ਸਾਹਿਤ ਦੇ ਕਈ ਰੂਪਾਂ ਆਲੋਚਨਾ, ਟੀਕਾਕਾਰੀ, ਕੋਸ਼ਕਾਰੀ, ਸੰਪਾਦਨਾ, ਅਨੁਵਾਦ, ਜੀਵਨੀ, ਸ੍ਵੈ-ਜੀਵਨੀ ਆਦਿ ਵਿਚ ਆਪਣੀ ਰਚਨਾ ਦੁਆਰਾ ਭਰਪੂਰ ਯੋਗਦਾਨ ਪਾਇਆ ਹੈ। ਉਨ੍ਹਾਂ ਦੀਆਂ ਰਚਨਾਵਾਂ ਦੀ ਕੁਲ ਗਿਣਤੀ 200 ਤੋਂ ਵੀ ਵੱਧ ਹੈ। ਇਸ ਤੋਂ ਇਲਾਵਾ ਉਹ ਅਧਿਐਨ/ਅਧਿਆਪਨ ਨਾਲ ਜੁੜੇ ਕਈ ਅਹੁਦਿਆਂ 'ਤੇ ਬਿਰਾਜਮਾਨ ਰਹੇ ਹਨ। ਹੁਣ ਵੀ ਉਹ ਉਮਰ ਦਾ ਲੰਮਾ ਪੈਂਡਾ ਤੈਅ ਕਰਨ ਉਪਰੰਤ ਨਿਰੰਤਰ ਸਾਹਿਤ ਸਾਧਨਾ ਵਿਚ ਲੀਨ ਹਨ।

ਅਸੀਂ ਉਨ੍ਹਾਂ ਦੀ ਲੰਮੀ ਸਾਹਿਤਿਕ ਘਾਲਨਾ ਨੂੰ ਦੇਖਦੇ ਹੋਏ ਉਨ੍ਹਾਂ ਦੀਆਂ ਕ੍ਰਿਤਾਂ ਨੂੰ ਡੂੰਘਾਈ ਵਿਚ ਵਾਚਣ ਦਾ ਮਨ ਬਣਾ ਕੇ ਉਨ੍ਹਾਂ ਸੰਬੰਧੀ ਖੋਜ-ਕਾਰਜ ਕਰਨ ਲਈ ਪ੍ਰੇਰਿਤ ਹੋਏ।

ਉਨ੍ਹਾਂ ਦੇ ਸਾਹਿਤ ਦਾ ਦਾਇਰਾ ਬਹੁਤ ਵਿਸ਼ਾਲ ਹੈ, ਜਿਥੇ ਤਕ ਸਾਡੀ ਅਕਾਦਮਿਕ ਸਮਰਥਾ ਨਹੀਂ ਜਾ ਸਕਦੀ ਸੀ। ਇਸ ਤੋਂ ਇਲਾਵਾ ਵਿਸ਼ੇਸ਼ਗਤਾ ਦੀਆਂ ਸੀਮਾਵਾਂ ਨੇ ਸਾਡਾ ਘੇਰਾ ਨਿਸ਼ਚਿਤ ਕਰ ਦਿਤਾ। ਮੁੱਖ ਰੂਪ ਵਿਚ ਉਨ੍ਹਾਂ ਦੀਆਂ ਰਚਨਾਵਾਂ ਪੰਜਾਬੀ ਸਾਹਿਤ ਦੇ ਘੇਰੇ ਵਿਚ ਸ਼ਾਮਿਲ ਕੀਤੀਆਂ ਜਾਂਦੀਆਂ ਹਨ। ਪ੍ਰੰਤੂ ਧਾਰਮਿਕ ਤੌਰ 'ਤੇ ਉਨ੍ਹਾਂ ਵਿਚੋਂ ਬਹੁਤ ਸਾਰੀਆਂ ਸਿੱਖ ਧਰਮ ਜਾਂ ਸਾਹਿਤ ਨਾਲ ਸੰਬੰਧਿਤ ਹਨ। ਦੂਜੇ ਪਾਸੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਸਾਹਿਤ ਜਾਂ ਸਿੱਖ ਸਾਹਿਤ ਵਿਚ ਬਹੁਤਾ ਫਰਕ ਨਹੀਂ। ਇਹ ਇਕ ਦੂਜੇ ਨਾਲ ਜੁੜੇ ਹੋਏ ਹਨ। ਇਸ ਲਈ ਗੁਰਮਤਿ ਨਾਲ ਸੰਬੰਧਿਤ ਰਚਨਾਵਾਂ ਤੋਂ ਇਲਾਵਾ ਇਨ੍ਹਾਂ ਦੀਆਂ ਪੰਜਾਬੀ ਸਾਹਿਤਕ ਕ੍ਰਿਤਾਂ ਨੂੰ ਵੀ ਅਸਿਧੇ ਰੂਪ ਵਿਚ ਆਪਣੇ ਖੋਜ-ਕਾਰਜ ਵਿਚ ਸ਼ਾਮਿਲ ਕਰ ਲਿਆ। ਇਹ ਖੋਜ-ਕਾਰਜ ਇਕ ਵੱਡੇ ਸਾਹਿਤ ਰਿਸ਼ੀ ਲਈ ਨਿਕੀ ਜਿਹੀ ਭੇਟ ਵਜੋਂ ਕਰਨ ਦਾ ਯਤਨ ਹੈ।

ਡਾ. ਜੱਗੀ ਦੇ ਸਾਹਿਤ ਨੂੰ ਕਈ ਦ੍ਰਿਸ਼ਟੀਕੋਣਾਂ ਤੋਂ ਪਰਖਿਆ ਜਾ ਸਕਦਾ ਹੈ। ਆਲੋਚਨਾ ਦੀ ਦ੍ਰਿਸ਼ਟੀ ਤੋਂ ਇਹ ਭਾਵੇਂ ਪੂਰੀ ਤਰ੍ਹਾਂ ਪ੍ਰਸ਼ੰਸ਼ਾਂ ਦਾ ਪਾਤਰ ਨਾ ਹੋਵੇ ਕਿਉਂਕਿ ਹਰ ਇਕ ਸਾਹਿਤ ਦੀਆਂ ਆਪਣੀਆਂ ਕੁਝ ਸੀਮਾਵਾਂ ਅਤੇ ਵਿਸ਼ੇਸ਼ਤਾਵਾਂ ਹੁੰਦੀਆਂ ਹਨ। ਪ੍ਰੰਤੂ ਰਚਨਾ ਵਿਧਾਵਾਂ ਦੀ ਦ੍ਰਿਸ਼ਟੀ ਤੋਂ ਇਹ ਬਹੁਤ ਵਿਸਤ੍ਰਿਤ ਨਜ਼ਰੀਂ ਪਵੇਗਾ। ਇਸ ਖੋਜ ਕਾਰਜ ਦੀ ਵੰਡ ਅਸੀਂ ਚਾਰ ਅਧਿਆਇਆਂ ਵਿਚ ਕੀਤੀ ਹੈ। ਜਿਨ੍ਹਾਂ ਦਾ ਵੇਰਵਾ ਨਿਮਨਲਿਖਤ ਹੈ:

**ਅਧਿਆਇ ਪਹਿਲਾ** : ਇਸ ਅਧਿਆਇ ਦਾ ਸਿਰਲੇਖ "ਡਾ.ਰਤਨ ਸਿੰਘ ਜੱਗੀ : ਜੀਵਨ ਅਤੇ ਰਚਨਾ" ਹੈ। ਇਸ ਵਿਚ ਉਨ੍ਹਾਂ ਦੀ ਸ੍ਵੈ-ਜੀਵਨੀ *ਅਮਲ ਜੇ ਕੀਤੇ ਦੁਨੀ ਵਿਚਿ* ਅਤੇ

ਉਨ੍ਹਾਂ ਨਾਲ ਕੀਤੀ ਮੁਲਾਕਾਤ ਦੇ ਆਧਾਰ 'ਤੇ ਉਨ੍ਹਾਂ ਦੇ ਜੀਵਨ ਉਪਰ ਚਾਨਣਾ ਪਾਉਣ ਦਾ ਜਤਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਉਨ੍ਹਾਂ ਦੀਆਂ ਰਚਨਾਵਾਂ ਦਾ ਵੇਰਵਾ ਦਿਤਾ ਗਿਆ ਹੈ। ਇਸ ਵਿਚ ਰਚਨਾਵਾਂ ਨਾਲ ਸੰਬੰਧਿਤ ਵਿਸਤ੍ਰਿਤ ਜਾਣਕਾਰੀ ਨਹੀਂ ਦਿਤੀ ਗਈ।

**ਅਧਿਆਇ ਦੂਜਾ** : ਇਹ ਅਧਿਆਇ "ਡਾ. ਰਤਨ ਸਿੰਘ ਜੱਗੀ ਦੀਆਂ ਗੁਰਮਤਿ ਸਾਹਿਤ ਨਾਲ ਸੰਬੰਧਿਤ ਰਚਨਾਵਾਂ ਦੀ ਜਾਣਕਾਰੀ" ਨਾਲ ਸੰਬੰਧਿਤ ਹੈ। ਇਸ ਵਿਚ ਸਿਰਫ਼ ਉਨ੍ਹਾਂ ਰਚਨਾਵਾਂ ਨੂੰ ਸ਼ਾਮਿਲ ਕੀਤਾ ਗਿਆ ਹੈ ਜੋ ਸਿੱਧੇ ਰੂਪ ਵਿਚ ਸਿੱਖ ਧਰਮ ਨਾਲ ਜੁੜੀਆਂ ਹੋਈਆਂ ਹਨ। ਇਨ੍ਹਾਂ ਵਿਚ ਉਨ੍ਹਾਂ ਵਲੋਂ ਰਚੀਆਂ ਮੁੱਖ ਪੁਸਤਕਾਂ ਜਿਵੇਂ *ਗੁਰੂ ਗ੍ਰੰਥ ਪਰਿਚਯ, ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ ਪਰਿਚਯ, ਗੁਰੂ ਨਾਨਕ ਦੀ ਵਿਚਾਰਧਾਰਾ, ਸਾਹਿਤ ਸੌਰਭ* ਆਦਿ ਦੀ ਵਿਸ਼ਲੇਸ਼ਣਾਤਮਿਕ ਜਾਣਕਾਰੀ ਦਿਤੀ ਗਈ ਹੈ।

**ਅਧਿਆਇ ਤੀਜਾ** : ਇਸ ਅਧਿਆਇ ਦਾ ਸਿਰਲੇਖ "ਡਾ. ਰਤਨ ਸਿੰਘ ਜੱਗੀ ਵਲੋਂ ਗੁਰਮਤਿ ਸਾਹਿਤ ਵਿਚ ਵਰਤੀਆਂ ਵਿਧਾਵਾਂ" ਹੈ। ਇਸ ਵਿਚ ਉਨ੍ਹਾਂ ਦੁਆਰਾ ਆਪਣੀਆਂ ਰਚਨਾਵਾਂ ਦੀ ਸਿਰਜਣਾ ਲਈ ਵਰਤੀਆਂ ਵੱਖ-ਵੱਖ ਵਿਧਾਵਾਂ ਦੀ ਜਾਣਕਾਰੀ, ਉਨ੍ਹਾਂ ਰਚਨਾਵਾਂ ਦੇ ਸੰਦਰਭ ਵਿਚ ਦਿਤੀ ਗਈ ਹੈ। ਇਨ੍ਹਾਂ ਵਿਧਾਵਾਂ ਵਿਚ ਉਨ੍ਹਾਂ ਦੁਆਰਾ ਕੀਤੀ ਟੀਕਾਕਾਰੀ, ਕੋਸ਼ਕਾਰੀ, ਅਨੁਵਾਦ, ਸੰਪਾਦਨ ਆਦਿ ਨੂੰ ਮੁੱਖ ਵਿਸ਼ਾ ਬਣਾਇਆ ਗਿਆ।

**ਅਧਿਆਇ ਚੌਥਾ** : ਇਹ ਅਧਿਆਇ "ਡਾ. ਰਤਨ ਸਿੰਘ ਜੱਗੀ ਦਾ ਗੁਰਮਤਿ ਸਾਹਿਤ ਵਿਚ ਯੋਗਦਾਨ" ਨੂੰ ਆਪਣਾ ਵਿਸ਼ਾ ਬਣਾਉਂਦਾ ਹੈ। ਇਸ ਵਿਚ ਪਿਛਲੇ ਤਿੰਨਾਂ ਅਧਿਆਇਆਂ ਦੇ

ਆਧਾਰ 'ਤੇ ਸਮੁੱਚੀ ਸਮੱਗਰੀ ਨੂੰ ਗੁਰਮਤਿ ਸਾਹਿਤ ਦੇ ਅਧਿਐਨ ਵਿਚ ਡਾ. ਜੱਗੀ ਦੀ ਥਾਂ ਨਿਸ਼ਚਿਤ ਕਰਨ ਲਈ ਵਿਚਾਰਿਆ ਗਿਆ ਹੈ। ਇਸ ਵਿਚ ਉਨ੍ਹਾਂ ਦੀ ਸਮੁੱਚੀ ਸਾਹਿਤਿਕ ਦੇਣ ਦਾ ਮੁਲਾਂਕਣ ਕੀਤਾ ਗਿਆ ਹੈ।

ਖੋਜ-ਕਾਰਜ ਦੇ ਅੰਤ ਵਿਚ ਸਾਰ ਸਿਰਲੇਖ ਅਧੀਨ ਖੋਜ-ਕਾਰਜ ਵਿਚ ਕੀਤੇ ਅਧਿਐਨ ਦੌਰਾਨ ਬਣੀਆਂ ਧਾਰਨਾਵਾਂ ਦਾ ਜ਼ਿਕਰ ਕਰ ਦਿਤਾ ਗਿਆ ਹੈ।

ਇਸ ਖੋਜ-ਕਾਰਜ ਵਿਚ ਵਿਸ਼ਲੇਸ਼ਣਾਤਮਕ ਵਿਧੀ ਦਾ ਸਹਾਰਾ ਲਿਆ ਗਿਆ ਹੈ। ਇਸ ਤੋਂ ਇਲਾਵਾ ਟੀਕਾਕਾਰੀ ਦੇ ਅਧਿਐਨ ਸਮੇਂ ਤੁਲਨਾਤਮਕ ਵਿਧੀ ਦੀ ਵਰਤੋਂ ਕੀਤੀ ਗਈ ਹੈ। ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਦਾ ਅਧਿਐਨ ਕਰਦੇ ਸਮੇਂ ਵਿਆਖਿਆਤਮਕ ਤੇ ਇਤਿਹਾਸਿਕ ਵਿਧੀਆਂ ਦੀ ਵਰਤੋਂ ਕੀਤੀ ਹੈ।

ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਮੇਰੇ ਖੋਜ-ਪ੍ਰਬੰਧ ਦਾ ਵਿਸ਼ਾ ਜੋ ਇਕ ਵਡੇ ਸਾਹਿਤਕਾਰ ਦੀ ਸਖ਼ਸ਼ੀਅਤ ਨਾਲ ਜੁੜਿਆ ਹੋਇਆ ਹੈ। ਸਮੁੱਚਾ ਖੋਜ-ਕਾਰਜ ਅਕਾਲ ਪੁਰਖ ਵਾਹਿਗੁਰੂ ਦੀ ਕਿਰਪਾ ਨਾਲ ਨੇਪਰੇ ਚੜ੍ਹਿਆ ਹੈ। ਮੇਰੇ ਧੰਨਵਾਦ ਦੇ ਵਿਸ਼ੇਸ਼ ਪਾਤਰ ਮੇਰੇ ਨਿਗਰਾਨ ਡਾ. ਅਬਨੀਸ਼ ਕੌਰ ਜੀ ਹਨ, ਜਿਨ੍ਹਾਂ ਦੀ ਯੋਗ ਅਗਵਾਈ ਸਦਕਾ ਮੈਂ ਇਹ ਕਾਰਜ ਕਰ ਸਕਿਆ ਹਾਂ। ਇਸ ਤੋਂ ਇਲਾਵਾ ਡਾ. ਰਤਨ ਸਿੰਘ ਜੱਗੀ ਅਤੇ ਡਾ. ਗੁਰਸ਼ਰਨ ਕੌਰ ਜੱਗੀ ਦਾ ਵੀ ਵਿਸ਼ੇਸ਼ ਧੰਨਵਾਦ, ਜਿੰਨ੍ਹਾਂ ਨੇ ਮੈਨੂੰ ਆਪਣੇ ਬਾਰੇ ਲੋੜੀਂਦੀ ਜਾਣਕਾਰੀ ਮੁਹਈਆ ਕਰਵਾਈ। ਹੋਰ ਅਨੇਕ ਸਜਣਾਂ, ਲਾਇਬ੍ਰੇਰੀਆਂ, ਪੁਸਤਕਾਂ, ਜਿਨ੍ਹਾਂ ਤੋਂ ਸਹਾਇਤਾ ਜਾਂ ਸਮੱਗਰੀ ਲਈ ਗਈ ਹੈ, ਦਾ ਵੀ ਧੰਨਵਾਦ।

ਦਿਲਵਿੰਦਰ ਸਿੰਘ

## ਖੋਜ-ਪ੍ਰਬੰਧ ਦਾ 'ਤੱਤ-ਸਾਰ' (Abstract)

ਡਾ. ਰਤਨ ਸਿੰਘ ਜੱਗੀ ਸਿੱਖ-ਸਾਹਿਤ ਦੇ ਪ੍ਰੌਢ ਵਿਦਵਾਨ ਹਨ। ਇਨ੍ਹਾਂ ਦੀ ਰਚਨਾ ਨੂੰ ਅਧਾਰ ਬਣਾ ਕੇ ਅਸੀਂ ਆਪਣੀ ਪੀਐਚ-ਡੀ ਦੀ ਉਪਾਧੀ ਖੋਜ-ਕਾਰਜ ਕੀਤਾ ਹੈ। ਸਾਡੇ ਖੋਜ-ਪ੍ਰਬੰਧ ਦਾ ਵਿਸ਼ਾ **'ਡਾ. ਰਤਨ ਸਿੰਘ ਜੱਗੀ ਦੀ ਗੁਰਮਤਿ ਸਾਹਿਤ ਸੰਬੰਧੀ ਖੋਜ: ਇਕ ਅਧਿਐਨ'** ਹੈ। ਇਸ ਵਿਚ ਅਸੀਂ ਇਨ੍ਹਾਂ ਦੀ ਸਖ਼ਸ਼ੀਅਤ ਅਤੇ ਰਚਨਾ ਨਾਲ ਜੁੜੇ ਨਿਮਨਲਿਖਤ ਪਹਿਲੂਆਂ ਦੀ ਚਰਚਾ ਕੀਤੀ ਹੈ:

1. ਇਨ੍ਹਾਂ ਦੇ ਜੀਵਨ ਦਾ ਵੇਰਵਾ, ਜੋ ਇਨ੍ਹਾਂ ਦੀ ਸ੍ਵੈ-ਜੀਵਨੀ *ਅਮਲ ਜੋ ਕੀਤੇ ਦੁਨੀ ਵਿਚਿ* ਅਤੇ ਉਨ੍ਹਾਂ ਨਾਲ ਕੀਤੀ ਮੁਲਾਕਾਤ ਦੇ ਆਧਾਰਿਤ ਹੈ, ਬਾਰੇ ਚਰਚਾ ਕੀਤੀ ਹੈ। ਇਸ ਦੇ ਨਾਲ ਇਨ੍ਹਾਂ ਦੀਆਂ ਰਚਨਾਵਾਂ ਦਾ ਪਿਛੋਕੜ ਉਘੜਦਾ ਹੈ।
2. ਦੂਸਰਾ ਪਹਿਲੂ ਇਨ੍ਹਾਂ ਦੀ ਰਚਨਾਵਾਂ ਦੀ ਵਿਸਤ੍ਰਿਤ ਜਾਣਕਾਰੀ ਨਾਲ ਸੰਬੰਧਿਤ ਹੈ। ਇਥੇ ਸਿਧੇ ਰੂਪ ਵਿਚ ਸਿੱਖ ਧਰਮ ਨਾਲ ਜੁੜੀਆਂ ਰਚਨਾਵਾਂ ਨੂੰ ਸ਼ਾਮਿਲ ਕੀਤਾ ਗਿਆ ਹੈ।
3. ਇਨ੍ਹਾਂ ਨੇ ਸਾਹਿਤ ਦੀਆਂ ਕਈ ਵਿਧਾਵਾਂ ਜਿਵੇਂ, ਟੀਕਾਕਾਰੀ, ਕੋਸ਼ਕਾਰੀ, ਅਨੁਵਾਦ, ਸੰਪਾਦਨ ਆਦਿ ਨੂੰ ਸਾਹਿਤ ਰਚਨਾ ਲਈ ਵਰਤਿਆ ਹੈ। ਅਸੀਂ ਇਨ੍ਹਾਂ ਵਿਧਾਵਾਂ ਦੇ ਰੂਪ ਦੇ ਅਧਾਰ 'ਤੇ ਇਨ੍ਹਾਂ ਦੀ ਰਚਨਾ ਦਾ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਹੈ।
4. ਗੁਰਮਤਿ ਸਾਹਿਤ ਵਿਚ ਬਹੁਤ ਸਾਰੇ ਵਿਦਵਾਨਾਂ ਨੇ ਆਪਣਾ ਯੋਗਦਾਨ ਪਾਇਆ ਹੈ। ਅਸੀਂ ਇਹ ਵੀ ਦੇਖਣ ਦੀ ਕੋਸ਼ਿਸ਼ ਕੀਤੀ ਹੈ ਕਿ ਆਪਣੇ ਸਮਕਾਲੀਆਂ ਵਿਚ ਰਚਨਾ ਪਖੋਂ ਡਾ. ਜੱਗੀ ਦਾ ਕੀ ਸਥਾਨ ਹੈ?

**ਨਿਗਰਾਨ** 

**ਖੋਜਾਰਥੀ**